# ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਜ਼ ਫੈਕਲਟੀ ਅਧੀਨ
ਪੀਐਚ.ਡੀ. ਡਿਗਰੀ ਦੀ ਉਪਾਧੀ ਲਈ ਪ੍ਰਸਤੁਤ

## ਖੋਜ-ਪ੍ਰਬੰਧ

**2020**


ਨਿਗਰਾਨ:

**ਡਾ. ਮਲਕਿੰਦਰ ਕੌਰ**
ਪ੍ਰੋਫ਼ੈਸਰ

ਖੋਜਾਰਥਣ:

**ਸਿਮਰਜੀਤ ਕੌਰ**

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**147002**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਸਿਮਰਜੀਤ ਕੌਰ ਨੇ **"ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ"** ਵਿਸ਼ੇ 'ਤੇ ਪੀਐੱਚ. ਡੀ. ਦੀ ਡਿਗਰੀ ਲਈ ਖੋਜ ਕਾਰਜ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜ ਕਾਰਜ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫ਼ਲ ਹੈ। ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਇਸ ਤੋਂ ਪਹਿਲਾਂ ਇਹ ਹੱਥਲਾ ਖੋਜ ਕਾਰਜ ਕਿਸੇ ਵੀ ਉਪਾਧੀ ਲਈ ਕਿਤੇ ਵੀ ਪੇਸ਼ ਨਹੀਂ ਕੀਤਾ ਗਿਆ ਹੈ। ਮੈਂ ਇਸ ਖੋਜ ਕਾਰਜ ਨੂੰ ਪੀਐੱਚ. ਡੀ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫਾਰਸ਼ ਕਰਦੀ ਹਾਂ।

ਮਲਕਿੰਦਰ ਕੌਰ

**ਮਲਕਿੰਦਰ ਕੌਰ (ਡਾ.),**

(ਨਿਗਰਾਨ)

**ਮਿਤੀ:** 11.... / 03. / 2020

## ਅਧਿਆਇ ਪਹਿਲਾ

# ਪ੍ਰਾਪਤ ਸਾਹਿਤ ਦਾ ਸਰਵੇਖਣ

ਸਿੱਖ ਕੌਮ ਦਾ ਇਤਿਹਾਸ ਬਹੁਤ ਹੀ ਗੌਰਵਮਈ ਅਤੇ ਮਹਾਨ ਇਤਿਹਾਸ ਹੈ। ਸਿੱਖ ਗੁਰੂਆਂ ਅਤੇ ਅਣਗਿਣਤ ਸਿੱਖਾਂ ਨੇ ਸੂਰਬੀਰਤਾ, ਬਹਾਦਰੀ, ਸਿਦਕ ਅਤੇ ਸ਼ਹੀਦੀ ਦੀਆਂ ਬੇਮਿਸਾਲ ਉਦਾਹਰਣਾਂ ਪੇਸ਼ ਕੀਤੀਆਂ ਹਨ, ਜੋ ਹੋਰ ਕਿਸੇ ਵੀ ਕੌਮ ਦੇ ਇਤਿਹਾਸ ਵਿੱਚ ਨਹੀਂ ਮਿਲਦੀਆਂ। ਅਠਾਰ੍ਹਵੀਂ ਸਦੀ ਦਾ ਇਤਿਹਾਸ ਦਰਸਾਉਂਦਾ ਹੈ ਕਿ ਇਹ ਸਦੀ ਸਿੱਖ ਪੰਥ ਲਈ ਸਭ ਤੋਂ ਜ਼ਿਆਦਾ ਸੰਘਰਸ਼ਮਈ ਅਤੇ ਔਕੜਾਂ ਨਾਲ ਭਰਪੂਰ ਰਹੀ। ਅਸ਼ਾਂਤੀ ਅਤੇ ਅਰਾਜ਼ਕਤਾ ਭਰੇ ਇਸ ਮਾਹੌਲ ਨੇ ਸਭ ਕੁਝ ਬਰਬਾਦ ਕਰ ਦਿੱਤਾ ਸੀ। ਐਨੇ ਭਿਆਨਕ ਦੌਰ ਵਿੱਚ ਕਿਸੇ ਸਿੱਖ ਨੇ ਵੀ ਕਲਮ ਫ਼ੜ ਕੇ ਇਤਿਹਾਸ ਲਿਖਣ ਵੱਲ ਨਹੀਂ, ਬਲਕਿ ਤਲਵਾਰ ਉਠਾ ਕੇ ਇਤਿਹਾਸ ਸਿਰਜਣ ਵੱਲ ਜ਼ਿਆਦਾ ਧਿਆਨ ਦਿੱਤਾ। ਉਨ੍ਹਾਂ ਸੂਰਬੀਰ ਸਿੱਖਾਂ ਜਾਂ ਸਿੰਘਾਂ ਨੂੰ ਵੀ ਉਸ ਵੇਲੇ ਇਹ ਅੰਦਾਜ਼ਾ ਨਹੀਂ ਹੋਣਾ ਕਿ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਲਾਸਾਨੀ ਸ਼ਹਾਦਤਾਂ ਦੀਆਂ ਉਦਾਹਰਣਾਂ ਰਹਿੰਦੀ ਦੁਨੀਆਂ ਤੱਕ, ਥਾਂ-ਥਾਂ ਦਿੱਤੀਆਂ ਜਾਣਗੀਆਂ। ਜੰਗਾਂ-ਯੁੱਧਾਂ ਵਿੱਚ ਉਲਝਣ ਕਰ ਕੇ ਜੋ ਵੀ ਥੋੜ੍ਹਾ-ਬਹੁਤ ਇਤਿਹਾਸ ਸਾਨੂੰ ਮਿਲਦਾ ਹੈ, ਉਸ ਵਿੱਚ ਵੀ ਮਿਲਾਵਟ ਹੋਣ ਕਰ ਕੇ ਦਿੱਕਤਾਂ ਪੇਸ਼ ਆਉਂਦੀਆਂ ਹਨ। ਜਨਮਸਾਖੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਸ੍ਰੀ ਗੁਰਸੋਭਾ, ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਹਿਮਾ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰ ਪੰਥ ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼ ਆਦਿ ਅਜਿਹੇ ਮਹਾਨ ਗ੍ਰੰਥ ਹਨ, ਜੋ ਬੇਮਿਸਾਲ ਸਿੱਖ ਇਤਿਹਾਸ ਦੀ ਕਹਾਣੀ ਪੇਸ਼ ਕਰਦੇ ਹਨ ਅਤੇ ਸਾਨੂੰ ਸਾਡੇ ਵਿਰਸੇ ਤੋਂ ਜਾਣੂ ਕਰਵਾਉਂਦੇ ਹਨ।

ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਧਰਮ ਦਾ ਇੱਕ ਅਤਿ ਮਹਤੱਵਪੂਰਨ ਇਤਿਹਾਸਿਕ ਸ੍ਰੋਤ ਹੈ। ਇਸ ਗ੍ਰੰਥ ਦੀ ਰਚਨਾ ਰਤਨ ਸਿੰਘ ਭੰਗੂ ਦੁਆਰਾ ਕੀਤੀ ਗਈ। ਇਹ ਪ੍ਰਾਚੀਨ ਪੰਥ ਪ੍ਰਕਾਸ਼ ਦਸਾਂ ਪਾਤਸ਼ਾਹੀਆਂ ਬਾਰੇ, ਸਿੱਖ ਗੁਰੂਆਂ ਦੀਆਂ ਸ਼ਹੀਦੀਆਂ, ਸਿੱਖ-ਅਫ਼ਗਾਨ ਸੰਘਰਸ਼, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਸਮੇਂ ਦੇ ਮਹਾਨ ਯੋਧਿਆਂ ਦੀਆਂ ਸ਼ਹੀਦੀਆਂ ਅਤੇ ਉਸ ਸਮੇਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਪਹਿਲੂਆਂ ਬਾਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦਾ ਹੈ। ਅਠਾਰ੍ਹਵੀਂ ਸਦੀ ਦਾ ਪੰਜਾਬ ਜੰਗਾਂ-ਯੁੱਧਾਂ ਦਾ ਹੀ ਅਖਾੜਾ ਬਣਿਆ ਰਿਹਾ। ਉਸ ਸਮੇਂ ਦੇ ਹੁਕਮਰਾਨਾਂ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਮੁਸ਼ਕਿਲ ਘੜੀ ਵਿੱਚ ਸਿੱਖਾਂ ਨੂੰ ਆਪਣੀ ਹੋਂਦ ਬਚਾਉਣ ਲਈ ਘਰ-ਬਾਰ ਛੱਡਣੇ ਪਏ

ਅਤੇ ਲੁਕਣ ਲਈ ਜੰਗਲਾਂ ਦਾ ਆਸਰਾ ਲੈਣਾ ਪਿਆ। ਇਸ ਭੱਜ ਦੌੜ ਦੇ ਸਮੇਂ ਵਿੱਚ ਇੱਕ ਤਾਂ ਸਿੱਖਾਂ ਨੂੰ ਆਪਣਾ ਇਤਿਹਾਸ ਲਿਖਣ ਦਾ ਮੌਕਾ ਨਹੀਂ ਮਿਲਿਆ। ਇਸ ਤੋਂ ਇਲਾਵਾ ਬ੍ਰਾਹਮਣਵਾਦ ਦਾ ਸਮਾਜ ਵਿੱਚ ਉੱਚਾ ਰੁਤਬਾ ਹੋਣ ਕਰ ਕੇ ਉਹ ਮਨਮਰਜ਼ੀ ਨਾਲ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਸਨ। ਅਜਿਹੇ ਸਮੇਂ ਵਿੱਚ ਰਤਨ ਸਿੰਘ ਭੰਗੂ ਨੇ ਬਹੁਤ ਹੀ ਸਮਝਦਾਰੀ ਅਤੇ ਚੁਸਤੀ ਨਾਲ ਸਿੱਖ ਇਤਿਹਾਸ ਲਿਖਣ ਦਾ ਬੀੜਾ ਆਪਣੇ ਉੱਪਰ ਲਿਆ ਤਾਂ ਜੋ ਸਹੀ ਅਤੇ ਨਿਰਪੱਖ ਸਿੱਖ ਇਤਿਹਾਸ ਲਿਖਿਆ ਜਾ ਸਕੇ। ਕਈ ਸਿੱਖ ਵਿਦਵਾਨਾਂ ਦੇ ਮਤ ਅਨੁਸਾਰ ਰਤਨ ਸਿੰਘ ਭੰਗੂ ਨੇ ਬਿਨਾਂ ਕਿਸੇ ਦਬਾਅ ਜਾਂ ਕਿਸੇ ਅਧੀਨ ਨਾ ਹੋ ਕੇ ਪੰਥ ਪ੍ਰਕਾਸ਼ ਨੂੰ ਸੰਪੂਰਨ ਕੀਤਾ। ਖਾਮੀਆਂ ਹੋਣ ਦੇ ਬਾਵਜੂਦ ਵੀ ਇਹ ਗ੍ਰੰਥ ਬੀਤੇ ਵੇਲੇ ਦੇ ਪੰਜਾਬ ਦੀ ਇਤਿਹਾਸਿਕ, ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਸਥਿਤੀ ਅਤੇ ਹਾਲਾਤਾਂ ਨੂੰ ਜਾਣਨ ਦਾ ਮੁੱਢਲਾ ਆਧਾਰ ਹੈ। ਮੌਲਵੀ ਬੂਟੇ ਸ਼ਾਹ, ਜੋ ਕਿ ਇੱਕ ਸਿੱਖ ਲਿਖਾਰੀ ਨਾ ਹੋਕੇ ਅੰਗਰੇਜ਼ਾਂ ਦਾ ਖ਼ਾਸ ਸਲਾਹਕਾਰ ਸੀ। ਜੇ ਕਿਧਰੇ ਸਿੱਖ ਇਤਿਹਾਸ ਲਿਖਣ ਦਾ ਮੌਕਾ ਮੌਲਵੀ ਬੂਟੇ ਸ਼ਾਹ ਨੂੰ ਮਿਲ ਜਾਂਦਾ ਤਾਂ ਅੱਜ ਜੋ ਇਤਿਹਾਸ ਸਾਨੂੰ ਮਿਲਦਾ ਹੈ, ਹੋ ਸਕਦੈ ਅਸੀਂ ਇਸ ਤੋਂ ਵੀ ਵਿਰਵੇ ਰਹਿ ਜਾਂਦੇ।

ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ ਦਲ ਖ਼ਾਲਸਾ, ਸਰਬੱਤ ਖ਼ਾਲਸਾ, ਰਾਖੀ ਸਿਸਟਮ, ਗੁਰਮਤਾ, ਅਰਦਾਸ, ਤਨਖ਼ਾਹ ਦੀ ਪ੍ਰੰਪਰਾ, ਸ਼ਹੀਦੀਆਂ, ਸਿੱਖ ਯੁੱਧ ਕਲਾ, ਮਿਸਲਾਂ ਦਾ ਪ੍ਰਬੰਧ ਅਤੇ ਸੰਗਠਨ ਆਦਿ ਬਾਰੇ ਯਥਾਯੋਗ ਜਾਣਕਾਰੀ ਪ੍ਰਦਾਨ ਕਰਦਾ ਹੈ। ਸਿੱਖ ਵਿਰੋਧੀ ਰਹੇ ਸੁਲਤਾਨੀਏ, ਹਿੰਦਾਲੀਏ, ਰਾਮਰਾਈਏ, ਗੰਗੂਸ਼ਾਹੀਏ, ਮਸੰਦ, ਕੱਟੜ ਸੁੰਨੀ ਮੁਸਲਮਾਨਾਂ ਆਦਿ ਬਾਰੇ ਵੀ ਚਾਨਣਾ ਪਾਉਂਦਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਸਰਦਾਰਾਂ ਦੇ ਆਪਸੀ ਸੰਬੰਧ, ਸਿੱਖਾਂ ਦੇ ਮੁਗਲਾਂ, ਅਫ਼ਗਾਨਾਂ, ਮਰਹੱਟਿਆਂ ਨਾਲ ਸਬੰਧਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਦੀ ਸਿੱਖ ਇਤਿਹਾਸ ਵਿੱਚ ਬਹੁਤ ਮਹੱਤਤਾ ਹੈ। ਸਿੱਖ ਇਤਿਹਾਸ ਦੇ ਮੁੱਖ ਸੋਮਿਆਂ ਵਿੱਚ ਇਸ ਗ੍ਰੰਥ ਦਾ ਅਹਿਮ ਸਥਾਨ ਹੈ। ਸਿੱਖ ਇਤਿਹਾਸ ਦੇ ਪ੍ਰਸਿੱਧ ਇਤਿਹਾਸਕਾਰਾਂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਡੂੰਘੀ ਮਹੱਤਤਾ ਬਾਰੇ ਪ੍ਰਸੰਸਾ ਕੀਤੀ ਹੈ। ਕਰਮ ਸਿੰਘ ਹਿਸਟੋਰੀਅਨ ਨੇ ਪ੍ਰਾਚੀਨ ਪੰਥ ਪ੍ਰਕਾਸ਼ ਸਬੰਧੀ ਇਸ ਤਰ੍ਹਾਂ ਪ੍ਰਗਟਾਇਆ ਹੈ, "ਮੈ ਹੱਥ ਚੁੰਮ ਲਵਾਂ ਉਸ ਸਰਦਾਰ ਦੇ, ਜਿਸ ਨੇ 'ਪੰਥ ਪ੍ਰਕਾਸ਼' ਲਿਖਿਆ। ਮੈਂ ਸੱਚ ਕਹਿੰਦਾ ਹਾਂ ਕਿ ਜੇ ਇਹ ਪੰਥ ਪ੍ਰਕਾਸ਼ ਨਾ ਹੁੰਦਾ ਤਾਂ ਅੱਜ ਸਾਡਾ ਇਤਿਹਾਸ ਨਾ ਹੁੰਦਾ। ਕੋਈ ਸਿੱਖ ਜੋ ਸਿੱਖ ਅਖਵਾਉਣ ਦਾ ਹੱਕਦਾਰ ਹੈ, ਇਸ ਪੰਥ ਪ੍ਰਕਾਸ਼ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ।"[1]

---

1 ਕਰਮ ਸਿੰਘ ਹਿਸਟੋਰੀਅਨ, *ਇਤਿਹਾਸਕ ਖੋਜ-ਭਾਗ ਪਹਿਲਾ,* (ਸੰਪਾ. ਹੀਰਾ ਸਿੰਘ ਦਰਦ), ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 2004, ਪੰਨਾ 65.

ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਪ੍ਰਾਚੀਨ ਪੰਥ ਪ੍ਰਕਾਸ਼ ਦੀ ਮਹਿਮਾ ਕਰਦਾ ਹੋਇਆ ਲਿਖਦਾ ਹੈ, "ਜੇ ਕਿਧਰੇ ਅਜਿਹੀ ਇੱਕ ਹੋਰ ਪੁਸਤਕ ਸਿੱਖ ਇਤਿਹਾਸ ਬਾਰੇ ਹੁੰਦੀ ਤਾਂ ਸਿੱਖ ਇਤਿਹਾਸ ਵਿੱਚ ਕੋਈ ਰਲਾ ਨਹੀਂ ਸੀ ਪਾ ਸਕਦਾ। ਇਹ ਪੰਥ ਪ੍ਰਕਾਸ਼ ਸਭ ਪ੍ਰਸ਼ਨਾਂ ਦਾ ਉੱਤਰ ਹੈ, ਜੋ ਹੁਣ ਵੀ ਕਈ ਵਾਰੀ ਅਣਜਾਣ ਪੁਰਸ਼ ਨਿਰਮਲ ਸਿੱਖ ਇਤਿਹਾਸ ਨੂੰ ਮਲੀਨ ਕਰਨ ਲਈ ਉਠਾਉਂਦੇ ਹਨ। ਅਠਾਰ੍ਹਵੀਂ ਸਦੀ ਵਿੱਚ ਸਿੱਖ ਸੰਘਰਸ਼ ਦਾ ਇਸ ਨੂੰ ਅੱਜ ਦੀ ਬੋਲੀ ਵਿੱਚ ਪਹਿਲਾ ਪ੍ਰਮਾਣਿਕ ਥੀਸਸ ਕਹਿ ਸਕਦੇ ਹਾਂ।"[2]

ਡਾ. ਜੋਗੇਸ਼ਵਰ ਸਿੰਘ ਪ੍ਰਾਚੀਨ ਪੰਥ ਪ੍ਰਕਾਸ਼ ਦੀ ਮਹੱਤਤਾ ਦੱਸਦੇ ਹੋਏ ਲਿਖਦੇ ਹਨ, "ਰਤਨ ਸਿੰਘ ਭੰਗੂ ਕ੍ਰਿਤ ਪੰਥ ਪ੍ਰਕਾਸ਼ ਅਜਿਹਾ ਇੱਕੋ ਇੱਕ ਇਤਿਹਾਸਕ ਸ੍ਰੋਤ ਹੈ, ਜੋ ਸਿੱਖ ਸੰਘਰਸ਼ ਨੂੰ ਸਿੱਖ ਨਜ਼ਰੀਏ ਤੋਂ ਪ੍ਰਸਤੁਤ ਕਰਦਾ ਹੈ।"[3] ਪੰਜਾਬੀ ਦੇ ਸਿਰਮੌਰ ਕਵੀ ਭਾਈ ਵੀਰ ਸਿੰਘ ਪ੍ਰਾਚੀਨ ਪੰਥ ਪ੍ਰਕਾਸ਼ ਦੀ ਮਹੱਤਤਾ ਦਾ ਗੁਣਗਾਣ ਇਸ ਤਰ੍ਹਾਂ ਕਰਦੇ ਹਨ, "ਜਿਤਨੇ ਪੰਥ ਪ੍ਰਕਾਸ਼, ਇਤਿਹਾਸ, ਤਵਾਰੀਖ਼ਾਂ, ਸ਼ਹੀਦ ਗੰਜ, ਸ਼ਹੀਦੀ ਪ੍ਰਸੰਗ ਅਤੇ ਸਿੱਖਾਂ ਦੇ ਹਾਲਾਤ ਨਵੇਂ ਨਵੇਂ ਰੂਪਾਂ ਵਿੱਚ ਛਪੇ, ਉਹ ਯਾ ਤਾਂ ਸਾਰੇ ਯਾ ਬਹੁਤੇ ਇਸੇ ਲੁਕੇ ਪਏ ਖਜ਼ਾਨੇ ਤੋਂ ਆਪਣਾ ਭੰਡਾਰ ਭਰਕੇ ਪ੍ਰਗਟ ਹੁੰਦੇ ਜਾਪਦੇ ਹਨ।"[4]

ਗਿਆਨੀ ਗਿਆਨ ਸਿੰਘ ਪਹਿਲੇ ਸਿੱਖ ਵਿਦਵਾਨ ਹਨ, ਜਿਨ੍ਹਾਂ ਨੇ 40 ਸਾਲ ਘੁੰਮ ਫਿਰ ਕੇ, ਏਧਰੋਂ ਓਧਰੋਂ ਸਿੱਖ ਇਤਿਹਾਸ ਦੀ ਵੱਡਮੁੱਲੀ ਸਮੱਗਰੀ ਇਕੱਠੀ ਕੀਤੀ ਅਤੇ ਫ਼ੇਰ ਹਿੰਦੀ ਅਤੇ ਪੰਜਾਬੀ ਵਿੱਚ ਸੰਪੂਰਨ ਸਿੱਖ ਇਤਿਹਾਸ ਲਿਖਿਆ। ਗਿਆਨੀ ਗਿਆਨ ਸਿੰਘ ਨੇ ਸਿੱਖ ਧਰਮ ਦੀ ਤਵਾਰੀਖ਼ ਵੀ ਲਿਖੀ ਅਤੇ ਸ੍ਰੀ ਗੁਰ ਪ੍ਰੰਥ ਪ੍ਰਕਾਸ਼ ਵਿੱਚ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਪਣੇ ਸਵਰਗਵਾਸ ਹੋਣ ਤੱਕ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਹਰ ਪੱਖ ਨੂੰ ਸੁੰਦਰ ਛੰਦਬੰਦੀ ਵਿੱਚ ਕਲਮਬੱਧ ਕਰਨ ਦਾ ਨਿਰਸਵਾਰਥ ਅਤੇ ਸੁਯੋਗ ਉਪਰਾਲਾ ਕੀਤਾ। ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਸਾਰੇ ਸਿੱਖ ਇਤਿਹਾਸ ਨੂੰ ਸਿਲਸਿਲੇਵਾਰ ਕਲਮਬੱਧ ਕੀਤਾ। ਗਿਆਨੀ ਗਿਆਨ ਸਿੰਘ ਦਾ ਸ੍ਰੀ ਗੁਰ ਪੰਥ ਪ੍ਰਕਾਸ਼ ਇੱਕੋ ਇੱਕ ਅਜਿਹੀ ਲਿਖਤ ਹੈ, ਜੋ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ, ਸਿੱਖਾਂ ਦਾ ਸੰਘਰਸ਼ਮਈ ਸਮਾਂ, ਮਿਸਲ ਕਾਲ, ਉਦਾਸੀ ਪ੍ਰੰਪਰਾ, ਨਿਰਮਲ ਸੰਪ੍ਰਦਾਇ, ਅਕਾਲੀ ਨਿਹੰਗ ਸਿੰਘਾਂ ਅਤੇ

---

[2] ਗੁਰਬਚਨ ਸਿੰਘ ਨਈਅਰ, *ਮੌਖਿਕ ਇਤਿਹਾਸ: ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿੱਚ,* ਨੈਸ਼ਨਲ ਬੁੱਕ ਆਰਗਨਾਈਜੇਸ਼ਨ, ਨਵੀਂ ਦਿੱਲੀ, 1990, ਪੰਨਾ 227.

[3] ਜੋਗੇਸ਼ਵਰ ਸਿੰਘ, *ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼: ਸਿੱਖ ਇਤਿਹਾਸ ਦਾ ਸ੍ਰੋਤ,* ਪੰਜਾਬ ਹਿਸਟਰੀ ਕਾਨਫ਼ਰੰਸ 2003, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 121.

[4] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਡਾ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2004, ਪੰਨਾ ੳ.

ਨਾਮਧਾਰੀ ਲਹਿਰ ਬਾਰੇ ਯਥਾਯੋਗ ਅਤੇ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। 1878 ਈ. ਵਿੱਚ ਗਿਆਨੀ ਗਿਆਨ ਸਿੰਘ ਦਾ ਰਚਿਆ ਸ੍ਰੀ ਗੁਰ ਪੰਥ ਪ੍ਰਕਾਸ਼ ਦਿੱਲੀ ਤੋਂ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। 1889 ਈ. ਵਿੱਚ ਲਾਹੌਰ ਤੋਂ ਇਸ ਦੀ ਦੂਜੀ ਅਡੀਸ਼ਨ, 1895 ਈ. ਵਿੱਚ ਚੌਥੀ ਅਡੀਸ਼ਨ ਵਜ਼ੀਰ ਹਿੰਦ ਪ੍ਰੈੱਸ ਅੰਮ੍ਰਿਤਸਰ ਤੋਂ ਛਪੀ। ਇਸ ਅਡੀਸ਼ਨ ਦੇ ਛਪਣ ਨਾਲ ਸ੍ਰੀ ਗੁਰ ਪ੍ਰੰਥ ਪ੍ਰਕਾਸ਼ 60-70 ਅਧਿਆਇ ਤੋਂ ਵੱਧ ਕੇ 114 ਨਿਵਾਸ ਦਾ ਹੋ ਗਿਆ। ਇਹ ਵਾਧਾ ਗਿਆਨੀ ਗਿਆਨ ਸਿੰਘ ਦੇ ਕੰਮ ਕਰਨ ਦੀ ਸਮਰੱਥਾ, ਨਿਰੰਤਰ ਸੋਧ, ਲਗਨ ਨਾਲ ਹੀ ਸੰਭਵ ਹੋ ਸਕਿਆ। ਗਿਆਨੀ ਗਿਆਨ ਸਿੰਘ ਨੇ ਇਸ ਵੱਡੇ ਖੋਜ ਕਾਰਜ ਨੂੰ ਡੂੰਘੀ ਸੂਝ-ਬੂਝ ਮਿਹਨਤ ਅਤੇ ਘਾਲਣਾ ਨਾਲ ਅੰਜਾਮ ਦਿੱਤਾ।

ਗਿਆਨੀ ਗਿਆਨ ਸਿੰਘ ਪਿੰਡ ਲੌਂਗੋਵਾਲ ਦਾ ਵਸਨੀਕ ਸੀ। ਉਸ ਨੇ ਰਤਨ ਸਿੰਘ ਭੰਗੂ ਵਾਲਾ ਪੰਥ ਪ੍ਰਕਾਸ਼ ਅਤੇ ਹੋਰ ਸਿੱਖਾਂ ਅਤੇ ਗੈਰ ਸਿੱਖ ਲਿਖਾਰੀ ਗ੍ਰੰਥਾਂ ਦਾ ਅਧਿਐਨ ਕਰ ਕੇ, ਬੁਜ਼ਰਗਾਂ ਤੋਂ ਸਿੱਖ ਨਾਲ ਸੰਬੰਧਿਤ ਗਾਥਾਵਾਂ ਸੁਣਕੇ ਇਕੱਤਰ ਕੀਤੀ ਸਾਰੀ ਜਾਣਕਾਰੀ ਨੂੰ ਪ੍ਰੰਥ ਪ੍ਰਕਾਸ਼ ਦੇ ਰੂਪ ਵਿੱਚ ਪ੍ਰਗਟ ਕੀਤਾ।[5] ਗਿਆਨੀ ਗਿਆਨ ਸਿੰਘ ਸਿੱਖ ਇਤਿਹਾਸ ਲਿਖਣ ਲਈ ਉਤਸ਼ਾਹਿਤ ਹੋਣ ਬਾਰੇ ਲਿਖਦੇ ਹਨ ਕਿ *"ਜਦੋਂ ਮੈਂ ਪੰਥ ਪ੍ਰਕਾਸ਼ ਰਚਣ ਦੇ ਸਮੇਂ ਤਾਰੀਖ਼ ਉਰਦੂ ਬਹੁਤ ਦੇਖਿਆ ਕਰਦਾ ਸੀ। ਤਦ ਸਬ ਸੈ ਜ਼ਯਾਦੇ ਏਸ ਗ੍ਰੰਥ ਦੇ ਰਚਣ ਦਾ ਸੌਂਕ ਪੈਦਾ ਹੋ ਗਿਆ। ਕਾਹੇ ਤੇ? ਹੋਰ ਸਭਨਾਂ ਮਜ਼ਬਾਂ ਪੰਥਾਂ ਦੀਆਂ ਤਵਾਰੀਆਂ ਦੇਖਣ ਵਿੱਚ ਆਈਆਂ, ਪਰ 'ਖਾਲਸੇ ਮਜ਼ਬ' ਦੀ ਕੋਈ ਨਾ ਦੇਖੀ। ਤੇ ਜੋ ਕੁਝ ਕਿਸੇ ਕਿਤਾਬ ਵਿੱਚ, ਕਿਸੇ ਗੈਰ-ਮਜ਼ਬ ਵਾਲੇ ਨੇ ਥੋੜ੍ਹਾ ਥੋੜ੍ਹਾ ਹਵਾਲ ਖਾਲਸੇ ਦਾ ਲਿਖਿਆ ਭੀ ਹੈ। ਸੋ ਨਿੰਦਾ ਤੇ ਬੇ-ਅਦਬੀ ਦਾ ਭਰਿਆ ਹੋਇਆ, ਝੂਠ ਬਹੁਤ ਲਿਖਿਆ ਹੈ। ਉਹ ਭੀ ਸੱਚੇ ਹੈ। ਕਾਹੇ ਤੇ? ਇਕ ਤਾਂ ਦੂਸਰੇ ਮਜ਼ਬ ਦਾ ਆਦਮੀ ਦੂਸਰੇ ਮਜ਼ਬ ਦਾ ਗਿਆਤਾ ਨਹੀਂ ਹੁੰਦਾ। ਇਸ ਵਾਸਤੇ ਉਨ੍ਹਾਂ ਨੇ ਅਟ-ਵਟ ਸੁਣਕੇ ਅਲਮ-ਗਲਮ ਲਿਖ ਰਖਿਆ ਹੈ। ਦੂਸਰੇ ਜਦ 'ਪੰਥ ਖਾਲਸਾ' ਹਿੰਦੂ ਤੁਰਕ ਦੇ ਨੇਤਰਾਂ ਵਿੱਚ ਗਣ ਦੀ ਤਰ੍ਹਾਂ ਰੜਕਦਾ ਹੈ, ਤਾਂ ਫੇਰ ਕਿਉਂ ਨਾ ਮਤਸਰ ਦੇ ਭਰੇ ਹੋਏ ਬਚਨ ਖਾਲਸੇ ਦੇ ਬਾਬਤ ਲਿਖਣ? ਸੱਚ ਲਿਖਣਾਂ ਤਾਂ ਕਿਸੇ ਸਚੇ ਸਤ ਪੁਰਖ ਦਾ ਹੀ ਕੰਮ ਹੈ।"*[6]

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਦੀ ਤਾਰੀਫ਼ ਕਰਦਾ ਹੋਇਆ ਪਿਆਰਾ ਸਿੰਘ ਪਦਮ ਲਿਖਦਾ ਹੈ, "ਸ੍ਰੀ ਗੁਰ ਪੰਥ ਪ੍ਰਕਾਸ਼ ਖ਼ਾਲਸਾ ਪੰਥ ਦੀ ਮਹਿਮਾ ਦਾ ਗ੍ਰੰਥ ਹੈ। ਖ਼ਾਲਸੇ ਦੀ ਕਾਰਗੁਜ਼ਾਰੀ ਦਾ

---

5 ਗਿਆਨੀ ਗੁਰਚਰਨ ਸਿੰਘ ਮੁਕਤਸਰ, *ਪੰਥ ਪ੍ਰਕਾਸ਼: ਭਾਈ ਰਤਨ ਸਿੰਘ ਭੰਗੂ ਅਤੇ ਗਿ: ਗਿਆਨ ਸਿੰਘ ਅਨੁਸਾਰ 1709 ਈਸਵੀ ਤੋਂ 1760 ਈਸਵੀ ਤੱਕ ਦਾ ਇਤਿਹਾਸ,* ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਮਈ 1981, ਪੰਨਾ 86.

6 ਭਗਤ ਸਿੰਘ, *ਗਿਆਨੀ ਗਿਆਨ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 48.

ਗ੍ਰੰਥ ਹੈ। ਇਸ ਵਿੱਚ ਜਿੱਥੇ ਵਿਰੋਧੀ ਤੁਰਕਾਂ ਨੇ ਖ਼ਾਲਸੇ ਦੀ ਤਾਰੀਫ਼ ਕੀਤੀ ਹੈ, ਉਹ ਵਿਸ਼ੇਸ਼ ਤੌਰ 'ਤੇ ਧਿਆਨ ਯੋਗ ਹੈ। ਸੱਚਮੁੱਚ ਹੀ 19ਵੀਂ ਸਦੀ ਦੇ ਵਿੱਚ ਇਹ ਇੱਕ ਕਰਾਮਾਤ ਕਹੇ ਜਾਣ ਦੇ ਲਾਇਕ ਹੈ ਤੇ ਇਸ ਦਾ ਕੋਈ ਸਾਨ੍ਹੀ ਨਹੀਂ।"[7]

ਕਿਰਪਾਲ ਸਿੰਘ ਦੇ ਅਨੁਸਾਰ, "ਗਿਆਨੀ ਗਿਆਨ ਸਿੰਘ ਦਾ ਪ੍ਰੰਥ ਪ੍ਰਕਾਸ਼ ਸਿੱਖ ਇਤਿਹਾਸ ਦਾ ਆਖ਼ਰੀ ਮਹਾਂਕਾਵਿ ਹੈ। ਗਿਆਨੀ ਗਿਆਨ ਸਿੰਘ ਜੀ ਦੇ ਪਿੱਛੋਂ ਕਿਸੇ ਨੇ ਸਾਰਾ ਸਿੱਖ ਇਤਿਹਾਸ ਸਮੁੱਚੇ ਤੌਰ 'ਤੇ ਨਿਗਰ, ਨਰੋਈ ਕਵਿਤਾ ਵਿੱਚ ਨਹੀਂ ਲਿਖਿਆ।"[8]

ਪ੍ਰੋਫ਼ੈਸਰ ਪ੍ਰਕਾਸ਼ ਸਿੰਘ ਲਿਖਦਾ ਹੈ, "ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਨੂੰ ਲਿਖਣ ਦਾ ਮੁੱਖ ਉਦੈਸ਼ ਇਤਿਹਾਸ ਰੱਖਿਆ, ਹੋਰਨਾਂ ਗ੍ਰੰਥਾਂ ਵਾਂਗ ਇਹ ਕਲਪਨਾ ਤੋਂ ਪਰ੍ਹੇ ਨਹੀਂ, ਪਰ ਇਸ ਵਿੱਚ ਇਤਿਹਾਸ ਵਧੇਰੇ ਹੈ।"[9]

ਅਵਤਾਰ ਸਿੰਘ ਆਜ਼ਾਦ ਲਿਖਦਾ ਹੈ, "ਇਸ ਗੱਲ ਵਿੱਚ ਰਤੀ ਜਿੰਨਾ ਵੀ ਸੰਦੇਹ ਨਹੀਂ ਕਿ ਕਥਾਵਸਤੂ ਦੇ ਪੱਖ ਤੋਂ ਗਿਆਨੀ ਜੀ ਦਾ ਪੰਥ ਪ੍ਰਕਾਸ਼ ਇੱਕ ਮਹਾਨ ਰਚਨਾ ਹੈ। ਭਾਵੇਂ ਇਸ ਵਿੱਚ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਕੁਝ ਉਕਾਈਆਂ ਜਾਂ ਥੋੜਾਂ ਵੀ ਹਨ, ਪਰ ਇਸ ਦੀ ਕਥਾਵਸਤੂ ਵਿੱਚ ਉਹ ਸਭ ਕੁਝ ਆ ਗਿਆ ਹੈ। ਜਿਸ ਨੂੰ ਬਿਆਨਣ ਦਾ ਇਕਰਾਰ ਗਿਆਨੀ ਜੀ ਨੇ ਕੀਤਾ ਹੈ।[10] ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਨਿਰੀਆਂ ਸਾਖੀਆਂ, ਤਾਰੀਖ਼ਾਂ ਜਾਂ ਹੀ ਨਹੀਂ ਲਿਖੇ, ਸਗੋਂ ਹਰ ਪ੍ਰਸੰਗ ਵਿੱਚ ਉਹ ਜਜ਼ਬਾ ਵੀ ਜਿਉ ਦਾ ਤਿਉਂ ਭਰਪੂਰ ਰੂਪ ਵਿੱਚ ਮੌਜੂਦ ਹੈ, ਜਿਸ ਦੇ ਪੈਰੋਂ ਖ਼ਾਲਸਾ ਅਜਿੱਤ ਬਣਿਆ। ਮਹਾਨ ਸਿੱਖ ਸ਼ਹੀਦਾਂ ਦੇ ਸਿੱਖੀ ਸਿਦਕ ਦੀਆਂ ਸਾਖੀਆਂ ਹੋਰ ਲੇਖਕਾਂ ਨੇ ਵੀ ਦਿੱਤੀਆਂ ਹਨ ਅਤੇ ਗਿਆਨੀ ਜੀ ਨੇ ਵੀ। ਪਰ ਜਿਹੜਾ ਜਜ਼ਬਾ ਗਿਆਨੀ ਜੀ ਦੀ ਰਚਨਾ ਵਿੱਚ ਥਾਂ ਪਰ ਥਾਂ ਵਿਦਮਾਨ ਹੈ। ਉਹ ਸਚਮੁੱਚ ਅਲੌਕਿਕ ਹੈ। ਨਵੀਨ ਸਿੱਖ ਇਤਿਹਾਸ ਖੋਜੀ ਵੀ ਗਿਆਨੀ ਜੀ ਦੇ ਗ੍ਰੰਥਾਂ ਦੀ ਸਹਾਇਤਾ ਲਏ ਬਿਨ੍ਹਾਂ ਅੱਗੇ ਨਹੀਂ ਚੱਲ ਸਕੇ ਅਤੇ ਅਸੀਂ ਇਹ ਕਹਿਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਸਾਡੇ ਕੋਲ ਗਿਆਨੀ ਜੀ ਦੀਆਂ

---

[7] ਪਿਆਰਾ ਸਿੰਘ ਪਦਮ, *ਪੰਥ ਪ੍ਰਕਾਸ਼: ਖ਼ਾਲਸਾਈ ਆਚਰਣ ਅਤੇ ਖ਼ਾਲਸਾਈ ਬੋਲੇ,* ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਜੂਨ 1979, ਪੰਨਾ 40.

[8] ਪ੍ਰੋ.ਕ੍ਰਿਪਾਲ ਸਿੰਘ "ਗਿਆਨੀ ਗਿਆਨ ਸਿੰਘ ਜੀਵਨ ਤੇ ਰਚਨਾ ਬਾਰੇ" ਪੁਸਤਕ *ਗਿਆਨੀ ਗਿਆਨ ਸਿੰਘ ਅਧਿਐਨ,* (ਸੰਪਾ. ਸੰਤ ਇੰਦਰ ਸਿੰਘ ਚੱਕਰਵਰਤੀ) ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, 1960, ਪੰਨਾ 75.

[9] ਪ੍ਰੋ. ਪ੍ਰਕਾਸ਼ ਸਿੰਘ, *ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ,* ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਜੂਨ, 1979, ਪੰਨੇ 66-67.

[10] ਅਵਤਾਰ ਸਿੰਘ ਅਜ਼ਾਦ, "ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼" *ਗਿਆਨੀ ਗਿਆਨ ਸਿੰਘ,* (ਸੰਪਾ. ਸੰਤ ਇੰਦਰ ਸਿੰਘ ਚੱਕਰਵਰਤੀ), ਲੁਧਿਆਣਾ, ਬੁੱਕ ਸ਼ਾਪ, 1960, ਪੰਨਾ 95.

ਰਚਨਾਵਾਂ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖਾਲਸਾ ਤੋਂ ਬਿਨ੍ਹਾਂ ਸਿੱਖਾਂ ਦਾ ਦੂਜਾ ਕੋਈ ਵੀ ਸੰਪੂਰਨ ਇਤਿਹਾਸ ਨਹੀਂ ਹੈ।"[11]

ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਰਾਹੀਂ ਵਿਸਥਾਰਪੂਰਵਕ ਰੂਪ ਵਿੱਚ ਸਿੱਖ ਇਤਿਹਾਸ ਦੇ ਉਦੈ ਕਾਲ ਤੋਂ ਲੈ ਕੇ ਆਪਣੀ ਜਿੰਦਗੀ ਦੇ ਅਖ਼ੀਰਲੇ ਸਾਲਾਂ ਤੱਕ ਦੀ ਸਿੱਖ ਇਤਿਹਾਸ ਨਾਲ ਸੰਬੰਧਿਤ ਲਗਭਗ ਸੰਪੂਰਨ ਅਤੇ ਯਥਾਯੋਗ ਜਾਣਕਾਰੀ ਦਿੱਤੀ ਹੈ। ਉਸ ਨੇ ਖ਼ਾਲਸਾ ਪੰਥ ਦੇ ਪਸਾਰੇ ਦਾ ਸਾਰਾ ਇਤਿਹਾਸ ਇਸ ਇਕੱਲੀ ਰਚਨਾ ਵਿੱਚ ਸਮੇਟ ਦਿੱਤਾ ਹੈ। ਜਿਸ ਉੱਤੇ ਹਰ ਸਿੱਖ ਮਾਣ ਕਰ ਸਕਦਾ ਹੈ। ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਇਤਿਹਾਸ ਦੇ ਨਾਲ-ਨਾਲ ਕਵਿਤਾ ਦਾ ਵੀ ਸਰਵੋਤਮ ਗ੍ਰੰਥ ਹੈ। ਇਹ ਮਹਾਨ ਗੌਰਵਮਈ ਗ੍ਰੰਥ ਇੱਕ ਅਜਿਹੀ ਅਮਰ ਕ੍ਰਿਤ ਹੈ, ਜੋ ਆਪਣੇ ਕਰਤਾ ਗਿਆਨੀ ਗਿਆਨ ਸਿੰਘ ਜੀ ਦੇ ਨਾਮ ਨੂੰ ਅਨੰਤ ਸਮਿਆਂ ਤੱਕ ਜਿਊਂਦਾ ਰੱਖੇਗੀ।[12]

ਇਸ ਤਰ੍ਹਾਂ ਪੰਥ ਪ੍ਰਕਾਸ਼ਾਂ ਸੰਬੰਧੀ ਮਹਾਨ ਇਤਿਹਾਸਕਾਰਾਂ ਦੇ ਵਿਚਾਰਾਂ ਨੂੰ ਘੋਖਣ ਤੋਂ ਇਹ ਭਲੀ ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖ ਇਤਿਹਾਸ ਵਿੱਚ ਇਨ੍ਹਾਂ ਦੋਵੇਂ ਲੇਖਕਾਂ ਵੱਲੋਂ ਰਚੇ ਪੰਥ ਪ੍ਰਕਾਸ਼ਾਂ ਦੀ ਕਿੰਨੀ ਜ਼ਿਆਦਾ ਮਹੱਤਤਾ ਹੈ। ਜ਼ਿਆਦਾਤਰ ਸਿੱਖ ਇਤਿਹਾਸ ਨੂੰ ਲਿਖਣ ਲਈ ਪਹਿਲਾਂ ਵੀ ਅਤੇ ਹੁਣ ਵੀ ਇਨ੍ਹਾਂ ਪੰਥ ਪ੍ਰਕਾਸ਼ਾਂ ਨੂੰ ਹੀ ਆਧਾਰ ਬਣਾਇਆ ਜਾਂਦਾ ਹੈ।

ਬੀ ਸ਼ੇਖ ਅਲੀ ਅਨੁਸਾਰ, "ਹਿਸਟੋਰੀਓਗ੍ਰਾਫ਼ੀ ਇਤਿਹਾਸ ਦਾ ਇਤਿਹਾਸ ਹੈ। ਇਸ ਨੂੰ ਇਤਿਹਾਸ ਦੀ ਆਪਣੇ ਆਪ ਵਿੱਚ ਆਜ਼ਾਦ ਸ਼ਾਖਾ ਵੀ ਕਿਹਾ ਜਾ ਸਕਦਾ ਹੈ। ਇਹ ਨਾ ਤਾਂ ਪੂਰਨ ਤੌਰ 'ਤੇ ਰਾਜਨੀਤਿਕ, ਨਾ ਹੀ ਸਮਾਜਿਕ, ਸੱਭਿਆਚਾਰਕ, ਮੌਖਿਕ ਜਾਂ ਲਿਖਤ ਇਤਿਹਾਸ ਹੈ। ਪਰ ਸਾਰਿਆਂ ਦਾ ਖ਼ਾਸ ਸੁਮੇਲ ਹੈ।"[13]

ਈ. ਸ੍ਰੀ ਧਰਨ ਦੇ ਸ਼ਬਦਾਂ ਵਿੱਚ "ਹਿਸਟੋਰੀਓਗ੍ਰਾਫ਼ੀ ਇਤਿਹਾਸਿਕ ਲਿਖਾਈ ਦੀ ਕਲਾ ਹੈ। ਇਹ ਇਤਿਹਾਸ ਲਿਖਣ ਨਾਲ ਸੰਬੰਧਿਤ ਵਿਚਾਰਾਂ ਅਤੇ ਤਕਨੀਕਾਂ ਦੇ ਵਿਕਾਸ ਨੂੰ ਸੰਮਲਿਤ ਕਰਨ ਲਈ ਬਣੀ ਹੈ ਅਤੇ ਇਤਿਹਾਸ ਦੇ ਆਪਣੇ ਹੀ ਸੁਭਾਅ ਪ੍ਰਤੀ ਇਸ ਦਾ ਰਵੱਈਆ ਬਦਲ ਰਹੀ ਹੈ।"[14]

---

11 ਅਵਤਾਰ ਸਿੰਘ ਅਜ਼ਾਦ, "ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼", *ਗਿਆਨੀ ਗਿਆਨ ਸਿੰਘ,* (ਸੰਪਾ. ਸੰਤ ਇੰਦਰ ਸਿੰਘ ਚੱਕਰਵਰਤੀ), ਪੰਨਾ 98.

12 ਅਵਤਾਰ ਸਿੰਘ ਅਜ਼ਾਦ, *ਉ. ਲੇ.,* ਪੰਨਾ 103.

13 B. Sheikh Ali, *History: its theory and method,* (Second ed.) Macmillan, New Delhi, 1981, p.180.

14 E. Sree Dharan, *A Text books Historiography (500. B.C. To 2000 A.D.),* Orient Longman, New Delhi, 2004, p.16.

ਫ਼ੌਜਾ ਸਿੰਘ ਦੇ ਲਿਖਣ ਅਨੁਸਾਰ, "ਸਿੱਖ ਇਤਿਹਾਸ ਲੇਖਣ ਨੇ ਹਾਲ ਹੀ ਵਿੱਚ ਵੱਡੀਆਂ ਤਰੱਕੀਆਂ ਨੂੰ ਛੋਹਿਆ ਹੈ। ਪੁਰਾਣੇ ਕਥਾਤਮਕ ਅਤੇ ਵਿਆਖਿਆਤਮਕ ਕਿਸਮ ਦੀ ਇਤਿਹਾਸਿਕ ਲਿਖਾਈ ਵਾਲੇ ਪਾਸਿਓਂ ਪ੍ਰਭਾਵ ਬੜੀ ਤੇਜੀ ਨਾਲ ਇਤਿਹਾਸਿਕ ਘਟਨਾਵਾਂ ਦੀ ਮਹੱਤਵਪੂਰਨ ਅਤੇ ਵਿਆਖਿਆਤਮਕ ਪ੍ਰਦਸ਼ਨੀ ਵੱਲ ਬਦਲ ਰਿਹਾ ਹੈ। ਇਸੇ ਤਰ੍ਹਾਂ ਇਤਿਹਾਸ ਦੇ ਸਮਾਜਿਕ ਅਤੇ ਆਰਥਿਕ ਪਹਿਲੂ ਹੁਣ ਹੋਰ ਜ਼ਿਆਦਾ ਧਿਆਨ ਖਿੱਚ ਰਹੇ ਹਨ।"[15]

ਪੰਜਾਬ ਦਾ ਇਤਿਹਾਸ ਅਸਲ ਵਿੱਚ ਸਿੱਖਾਂ ਦਾ ਇਤਿਹਾਸ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਕੋਈ ਅਜਿਹਾ ਪੰਜਾਬੀ ਪੈਦਾ ਨਹੀਂ ਹੋਇਆ, ਜਿਸ ਨੇ ਇਤਿਹਾਸ ਦੇ ਪੰਨਿਆਂ 'ਤੇ ਕੋਈ ਸਥਾਈ ਛਾਪ ਛੱਡੀ ਹੋਵੇ। ਪਰ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਜਾਬੀ ਸੰਤਾਂ, ਯੋਧਿਆਂ, ਸੂਰਬੀਰਾਂ ਅਤੇ ਸੰਤ-ਸਿਪਾਹੀਆਂ ਦੀ ਇੱਕ ਲੰਮੀ ਕਤਾਰ ਹੈ, ਜਿਨ੍ਹਾਂ ਨੂੰ ਭਾਰਤੀ ਇਤਿਹਾਸ ਵਿੱਚ ਦਗ-ਦਗ ਚਮਕਦੇ ਨਗੀਨਿਆਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਤੇ ਨਾਲ ਭਾਰਤੀ ਨਸਲ ਤੇ ਸੱਭਿਆਚਾਰ ਦੇ ਰਖਵਾਲਿਆਂ ਵਜੋਂ ਉਨ੍ਹਾਂ ਨੂੰ ਪ੍ਰਚਾਰਿਤ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਸ ਸਿੱਖ ਗੁਰੂਆਂ ਦੇ ਹੱਥੋਂ ਸਿੱਖ ਕੌਮ ਦੇ ਪੜਾਅ ਦਰ ਪੜਾਅ ਨਿਰਮਾਣ ਅਤੇ ਵਿਕਾਸ ਨੂੰ ਵੀ ਪ੍ਰਦਰਸ਼ਿਤ ਕਰਦਾ ਹੈ। ਇਹ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਅਤੇ ਸਿਧਾਂਤਾਂ ਦੁਆਰਾ ਫੂਕੀ ਗਈ ਰੂਹ ਦੀ ਗੱਲ ਵੀ ਕਰਦਾ ਹੈ। ਇਸ ਕਾਲ ਦੀ ਜਾਣਕਾਰੀ ਮੁਹੱਈਆ ਕਰਵਾਉਂਦੀ ਅਸਲ ਸਮੱਗਰੀ ਸਿਰਫ਼ ਗੁਰਮੁਖੀ ਤੇ ਫ਼ਾਰਸੀ ਲਿਖਤਾਂ ਵਿੱਚ ਹੀ ਮਿਲਦੀ ਹੈ। ਇਹਨਾਂ ਲਿਖਤਾਂ ਵਿੱਚ ਪ੍ਰਦਰਸ਼ਿਤ ਇਹ ਸਮੱਗਰੀ ਵੀ ਆਟੇ ਵਿੱਚ ਲੂਣ ਸਮਾਨ ਹੈ ਅਤੇ ਜ਼ਿਆਦਾ ਇਤਿਹਾਸਿਕ ਸਬੂਤ ਵੀ ਉਪਲੱਬਧ ਨਹੀਂ ਕਰਵਾਉਂਦੀ। ਸਿੱਖਾਂ ਦੇ ਇਤਿਹਾਸਿਕ ਸ੍ਰੋਤ ਪ੍ਰਵਿਰਤੀ ਤੋਂ ਧਾਰਮਿਕ ਹਨ, ਪਰ ਸਿੱਖ ਇਤਿਹਾਸ ਲੇਖਣ ਨਾਲ ਕਾਫ਼ੀ ਸ੍ਰੋਤ ਸੰਬੰਧਿਤ ਹਨ। ਸਭ ਤੋਂ ਮਹੱਤਵਪੂਰਨ ਸਿੱਖਾਂ ਦਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸ ਨੂੰ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਕਲਿਤ ਕਰ ਕੇ ਭਾਈ ਗੁਰਦਾਸ ਤੋਂ 1604 ਈ. ਵਿੱਚ ਲਿਖਵਾਇਆ ਗਿਆ।

ਸਿੱਖ ਇਤਿਹਾਸ ਦੀ ਅਸਲ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਹੀ ਹੋ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਜਿੰਨਾ ਵੀ ਪ੍ਰਚਾਰ ਕੀਤਾ ਗਿਆ, ਸਾਧੂ-ਸੰਤਾਂ, ਪੀਰਾਂ-ਫ਼ਕੀਰਾਂ, ਸਿਧਾਂ-ਨਾਥਾਂ

---

[15] Fauja Singh, *Historian and Historiography in the Sikhs*, Orient Publishers and Distributors, New Delhi, 1978, pp.7-8.

ਆਦਿ ਨਾਲ ਜੋ ਗੋਸ਼ਟਾਂ, ਸੰਵਾਦ, ਵਾਰਤਾਲਾਪ, ਵਿਚਾਰ ਚਰਚੇ ਹੋਏ, ਚਾਰੇ ਦਿਸ਼ਾਵਾਂ ਵਿੱਚ ਜੋ ਯਾਤਰਾਵਾਂ ਕੀਤੀਆਂ ਗਈਆਂ, ਗੁਰੂ ਸਾਹਿਬ ਦੇ ਪਵਿੱਤਰ ਮੁਖਾਰਬਿੰਦ 'ਚੋਂ ਜਿਹੜੇ ਅਲੌਕਿਕ ਬਚਨਾਂ ਦਾ ਪ੍ਰਵਾਹ ਵਗਿਆ, ਇਹਨਾਂ ਸਭਨਾਂ ਦਾ ਤੱਤਸਾਰ ਪਵਿੱਤਰ ਗੁਰਬਾਣੀ ਵਿੱਚ ਸਮੋਇਆ ਪਿਆ ਹੈ। ਇਸ ਵਰਤਾਰੇ ਤੋਂ ਮਾਲੂਮ ਹੁੰਦਾ ਹੈ ਕਿ ਸਿੱਖ ਸੰਗਤਾਂ ਵਿੱਚ ਲਿਖਣ-ਪੜ੍ਹਨ ਅਤੇ ਅਧਿਐਨ ਦੀ ਪ੍ਰੰਪਰਾ ਪਹਿਲੇ ਗੁਰੂ ਸਾਹਿਬਾਨ ਦੇ ਸਮਕਾਲ ਵਿੱਚ ਹੀ ਵਿਕਸਤ ਹੋਣੀ ਸ਼ੁਰੂ ਹੋ ਗਈ ਸੀ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸੰਪੂਰਨ ਕਰਨ ਦੇ ਬਾਅਦ ਆਪਣੇ ਅਖ਼ੀਰਲੇ ਪੜਾਅ ਵਿੱਚ ਕਰਤਾਰਪੁਰ ਵਿਖੇ ਨਿਵਾਸ ਕਰ ਲਿਆ ਅਤੇ ਉੱਥੇ ਸਿੱਖ ਸੰਗਤ ਨੂੰ ਗੁਰਬਾਣੀ ਦਾ ਉਪਦੇਸ਼ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਲੋਕਾਂ ਦੇ ਅੰਦਰੋਂ ਹਨ੍ਹੇਰਾ ਖਤਮ ਕਰ ਕੇ ਉਨ੍ਹਾਂ ਦਾ ਅੰਦਰ ਗਿਆਨ ਨਾਲ ਪ੍ਰਕਾਸ਼ਵਾਨ ਕਰਨ ਲੱਗੇ। ਕਰਤਾਰਪੁਰ ਵਿਖੇ ਰੋਜ਼ਾਨਾ ਤੜਕਸਾਰ ਜਪੁਜੀ ਸਾਹਿਬ ਅਤੇ ਸ਼ਾਮ ਨੂੰ ਸੂਰਜ ਅਸਤ ਹੋਣ ਉਪਰੰਤ ਸੋਦਰੁ ਦਾ ਪਾਠ ਹੁੰਦਾ।[16] ਇਸ ਤਰ੍ਹਾਂ ਸਿੱਖ ਸੰਗਤਾਂ ਵਿੱਚ ਗੁਰਬਾਣੀ ਸੁਣਨ, ਪੜ੍ਹਨ ਅਤੇ ਵਿਚਾਰ ਕਰਨ ਦਾ ਰੁਝਾਨ ਪਨਪਨਾ ਸ਼ੁਰੂ ਹੋ ਗਿਆ।

ਪਹਿਲੇ ਪਾਤਿਸ਼ਾਹ ਵੇਲੇ ਲਿਖਣ ਪੜ੍ਹਨ ਦੀ ਵਧ ਫੁਲ ਰਹੀ ਪ੍ਰੰਪਰਾ ਨੂੰ ਗੁਰੂ ਅੰਗਦ ਦੇਵ ਜੀ ਹੋਰ ਸਿਖਰ ਵੱਲ ਲੈ ਗਏ। ਗਿਆਨੀ ਗਿਆਨ ਸਿੰਘ ਦੇ ਦੱਸਣ ਅਨੁਸਾਰ ਗੁਰੂ ਅੰਗਦ ਜੀ ਦੇ ਸਮੇਂ ਪੜ੍ਹਾਈ ਲਿਖਾਈ ਦੀ ਪ੍ਰੰਪਰਾ ਦੇ ਵਿਕਾਸ ਦੇ ਨਾਲ-ਨਾਲ ਗੁਰਮੁਖੀ ਲਿਪੀ ਵੀ ਹੋਂਦ ਵਿੱਚ ਆ ਗਈ।[17] ਕੇਸਰ ਸਿੰਘ ਛਿੱਬਰ ਵੱਲੋਂ ਆਪਣੀ ਲਿਖਤ ਵਿੱਚ ਦਿੱਤੀ ਇਤਿਹਾਸਿਕ ਜਾਣਕਾਰੀ ਅਨੁਸਾਰ ਗੁਰੂ ਅੰਗਦ ਜੀ ਨਾਲ ਇਹ ਧਾਰਨਾ ਵੀ ਜੁੜੀ ਹੈ ਕਿ ਉਨ੍ਹਾਂ ਦੇ ਕਹਿਣ 'ਤੇ ਭਾਈ ਬਾਲੇ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਜਨਮਸਾਖੀ ਵੀ ਤਿਆਰ ਕੀਤੀ, ਜੋ ਸਿੱਖ ਸੰਗਤਾਂ ਵਿੱਚ 'ਬਾਲੇ ਵਾਲੀ ਜਨਮ ਸਾਖੀ' ਦੇ ਨਾਂ ਨਾਲ ਪ੍ਰਸਿੱਧ ਹੈ।[18]

ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਜੀ ਦੇ ਵੇਲੇ ਦੀਆਂ ਪ੍ਰਾਪਤ ਹੋਈਆਂ ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਸਿੱਖਾਂ ਵਿੱਚ ਲਿਖਣ ਪੜ੍ਹਨ ਦੇ ਕੰਮ ਦਾ ਵਿਕਾਸ ਇਸ ਸਮੇਂ ਵੀ ਨਿਰੰਤਰ ਅਤੇ ਨਿਰਵਿਘਨ ਜਾਰੀ ਸੀ। ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਨੇ ਵੀ ਇਸ ਪ੍ਰੰਪਰਾ ਵਿੱਚ ਕੋਈ ਖੜੋਤ ਨਾ

---

16 ਭਾਈ ਗੁਰਦਾਸ ਜੀ, *ਵਾਰਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1977, ਪੰਨਾ 19; ਵਾਰ॥ ਪਉੜੀ 38 *ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ।*

17 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 81.

18 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾਂ ਦਸਾਂ ਪਾਤਿਸ਼ਾਹੀਆਂ ਕਾ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005, ਪੰਨੇ 53-54.

ਆਉਣ ਦਿੱਤੀ ਅਤੇ ਇਸ ਕਾਰਜ ਨੂੰ ਸ਼ਿੱਦਤ ਨਾਲ ਨਿਰੰਤਰ ਅੱਗੇ ਤੋਰੀ ਰੱਖਿਆ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਕੇ ਸਿੱਖਾਂ ਵਿੱਚ ਲਿਖਣ-ਪੜ੍ਹਨ ਦੇ ਕੰਮ ਨੂੰ ਸੰਪੂਰਨ ਤੌਰ 'ਤੇ ਕਿਰਿਆਸ਼ੀਲ ਅਤੇ ਸਥਾਪਿਤ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਂਦ ਵਿੱਚ ਆਉਣ ਨਾਲ ਇੱਕ ਤਾਂ ਸਿੱਖ ਕੌਮ ਨੂੰ ਆਪਣਾ ਧਾਰਮਿਕ ਗ੍ਰੰਥ ਪ੍ਰਾਪਤ ਹੋ ਗਿਆ, ਦੂਸਰਾ ਇਸ ਰਚਨਾ ਨੇ ਸਿੱਖ ਧਰਮ ਵਿੱਚ ਸਾਹਿਤ ਸਿਰਜਣਾ ਦਾ ਮੁੱਢ ਬੰਨ੍ਹ ਦਿੱਤਾ। ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੇਕ ਕੰਮ ਨੂੰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਜਰੀਏ ਨਿਰਵਿਘਨ ਅੱਗੇ ਵਧਾਇਆ। ਛੇਵੇਂ ਗੁਰੂ ਸਾਹਿਬ ਦੇ ਸਮੇਂ ਢਾਡੀ ਪ੍ਰੰਪਰਾ ਦੁਆਰਾ ਵਿਕਸਿਤ ਕੀਤੀਆਂ ਵੀਰ ਸਾਹਿਤ ਦੀਆਂ ਵੰਨਗੀਆਂ ਨੇ ਇੱਕ ਵੱਖਰੀ ਕਿਸਮ ਦੀ ਰਚਨਾ ਦਾ ਮੁੱਢ ਬੰਨ੍ਹਿਆ। ਭਾਈ ਗੁਰਦਾਸ ਜੀ ਨੇ ਛੇਵੇਂ ਗੁਰੂ ਸਾਹਿਬ ਦੇ ਕਾਲ ਵਿੱਚ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦਾ ਬ੍ਰਿਤਾਂਤ ਲਿਖਿਆ। ਇੱਕ ਤਰ੍ਹਾਂ ਨਾਲ ਹੁਣ ਸਿੱਖ ਧਰਮ ਵਿੱਚ ਇਹ ਸਾਹਿਤ ਸਿਰਜਣਾ ਦੇ ਯੁੱਗ ਦੀ ਸ਼ੁਰੂਆਤ ਸੀ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਨੂੰ ਸਿੱਖ ਧਰਮ ਵਿੱਚ ਸਾਹਿਤ ਸਿਰਜਨਾ ਦਾ ਸੁਨਿਹਰੀ ਕਾਲ ਜਾਂ ਸਿਖ਼ਰ ਮੰਨਿਆ ਜਾ ਸਕਦਾ ਹੈ। ਦਸਮ ਪਿਤਾ ਕੋਲ 52 ਦਰਬਾਰੀ ਕਵੀ ਸਨ। ਗੁਰੂ ਜੀ ਕੋਲ 52 ਦਰਬਾਰੀ ਕਵੀ ਹੋਣ ਦੇ ਕਈ ਇਤਿਹਾਸਿਕ ਸਬੂਤ ਮਿਲਦੇ ਹਨ। ਇਹ ਸਾਰੇ ਕਵੀ ਗੁਰੂ ਸਾਹਿਬ ਨੇ ਸਿੱਖ ਸਾਹਿਤ ਦੀ ਸਿਰਜਨਾ ਲਈ ਹੀ ਨਿਯੁਕਤ ਕੀਤੇ ਹੋਏ ਸਨ। ਗੁਰੂ ਜੀ ਦੇ ਕਈ ਦਰਬਾਰੀ ਕਵੀਆਂ ਜਿਵੇਂ ਕਵੀ ਸੈਨਾਪਤਿ ਅਤੇ ਨੰਦ ਲਾਲ ਗੋਯਾ ਦੀਆਂ ਰਚਨਾਵਾਂ ਅੱਜ ਵੀ ਉਪਲੱਬਧ ਹਨ। ਸੈਨਾਪਤਿ ਦੀ ਰਚਨਾ 'ਸ੍ਰੀ ਗੁਰਸੋਭਾ' ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਅਹਿਮ ਰਚਨਾ ਹੈ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ।[19]

ਸਿੱਖ ਇਤਿਹਾਸ ਨਾਲ ਸੰਬੰਧਿਤ ਮੁੱਢਲੀ ਜਾਣਕਾਰੀ ਦਾ ਮੁੱਖ ਸ੍ਰੋਤ ਜਨਮਸਾਖੀਆਂ ਹਨ। ਜਨਮਸਾਖੀਆਂ ਕੇਵਲ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨਾਲ ਹੀ ਸੰਬੰਧਿਤ ਹਨ। ਜਨਮਸਾਖੀਆਂ ਵਿੱਚੋਂ ਭਾਈ ਬਾਲੇ ਵਾਲੀ ਜਨਮਸਾਖੀ, ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਪੁਰਾਤਨ ਜਨਮਸਾਖੀ, ਗਿਆਨ ਰਤਨਾਵਲੀ ਆਦਿ ਗੁਰੂ ਨਾਨਕ ਦੇਵ ਜੀ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਮਹੱਤਵਪੂਰਨ ਜਨਮਸਾਖੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਕੋਈ ਵੀ ਜਨਮਸਾਖੀ ਖੁਦ ਨਹੀਂ ਲਿਖੀ ਤੇ ਨਾ ਹੀ ਦੂਜੇ ਪਾਤਿਸ਼ਾਹ ਗੁਰੂ ਅੰਗਦ ਜੀ ਨੇ ਸ੍ਰੀ ਗੁਰੂ ਨਾਨਕ ਬਾਰੇ ਕੁੱਝ ਲਿਖਿਆ। ਇਹ ਜਨਮਸਾਖੀਆਂ ਸੋਲ੍ਹਵੀਂ ਸਦੀ ਦੇ ਅੰਤਲੇ ਸਾਲਾਂ ਅਤੇ ਸਤਾਰ੍ਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿੱਚ ਲਿਖੀਆਂ ਮਿਲਦੀਆਂ ਹਨ।

---

19 ਸੈਨਾਪਤਿ, *ਸ੍ਰੀ ਗੁਰਸੋਭਾ,* (ਸੰਪਾ. ਗੰਡਾ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗੁਰੂ ਨਾਨਕ ਦੇਵ ਜੀ ਦੇ ਨਾਲ ਸੰਬੰਧਿਤ ਤਕਰੀਬਨ ਦਰਜਨ ਦੇ ਕਰੀਬ ਜਨਮਸਾਖੀਆਂ ਮਿਲਦੀਆਂ ਹਨ। ਸਭ ਤੋਂ ਮਹੱਤਵਪੂਰਨ ਪੁਰਾਤਨ ਜਨਮਸਾਖੀ ਨੂੰ ਮੰਨਿਆ ਜਾਂਦਾ ਹੈ। ਇਸ ਦੀ ਪਹਿਲੀ ਕਾਪੀ ਜਰਮਨ ਇਸਾਈ ਮਿਸ਼ਨਰੀ ਅਰਨੈਸਟ ਟਰੰਪ ਨੂੰ ਇੰਡੀਆ ਆਫ਼ਿਸ ਲਾਇਬ੍ਰੇਰੀ, ਲੰਡਨ ਵਿੱਚੋਂ 1872 ਈ. ਵਿੱਚ ਮਿਲੀ, ਜਿਸ ਕਰ ਕੇ ਇਸ ਨੂੰ 'ਵਲੈਤ ਵਾਲੀ ਜਨਮਸਾਖੀ' ਵੀ ਕਿਹਾ ਜਾਂਦਾ ਹੈ। ਇਹ ਜਨਮਸਾਖੀ ਸਤਾਰ੍ਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਦੇ ਵਿੱਚ ਲਿਖੀ ਗਈ ਅਤੇ ਇਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਿਤ ਕਰ ਕੇ 1926 ਈ. ਵਿੱਚ ਪੁਰਾਤਨ ਜਨਮਸਾਖੀ ਦੇ ਸਿਰਲੇਖ ਹੇਠ ਛਪਵਾਇਆ। ਇਸ ਜਨਮਸਾਖੀ ਦੇ ਦੋ ਹੋਰ ਹੱਥ ਲਿਖਤ ਉਤਾਰੇ ਕਾਲਬਰੁੱਕ ਅਤੇ ਹਾਫ਼ਿਜ਼ਾਬਾਦ ਵਾਲੇ ਵੀ ਹਨ। ਕਾਲਬਰੁੱਕ ਵਾਲੀ ਹੱਥ ਲਿਖਤ ਈਸਟ ਇੰਡੀਆ ਹਾਊਸ ਦੀ ਲਾਇਬ੍ਰੇਰੀ ਨੂੰ 1815-16 ਈ. ਵਿੱਚ ਐੱਚ.ਟੀ.ਕਾਲਬੁਰੱਕ ਦੁਆਰਾ ਦਿੱਤੀ ਗਈ, ਜਿਸ ਕਰ ਕੇ ਇਸ ਨੂੰ ਵਲੈਤ ਵਾਲੀ ਜਨਮਸਾਖੀ ਦੇ ਨਾਂ ਨਾਲ ਜਾਇਆ ਜਾਂਦਾ ਹੈ।[20] ਪੁਰਾਤਨ ਜਨਮਸਾਖੀ ਦਾ ਹਾਫ਼ਿਜ਼ਾਬਾਦ ਵਾਲਾ ਉਤਾਰਾ ਔਰੀਐਂਟਲ ਕਾਲਜ ਦੇ ਗੁਰਮੁੱਖ ਸਿੰਘ ਨੂੰ ਪ੍ਰਾਪਤ ਹੋਇਆ। ਉਸ ਨੇ ਇਹ ਹੱਥ ਲਿਖਤ ਮੈਕਾਲਿਫ਼ ਨੂੰ ਭੇਜ ਦਿੱਤੀ। ਮੈਕਾਲਿਫ਼ ਨੇ ਇਸ ਹੱਥ ਲਿਖਤ ਉਤਾਰੇ ਨੂੰ 1885-86 ਈ. ਵਿੱਚ ਛਪਵਾਇਆ। ਇਸ ਦੀ ਭੂਮਿਕਾ ਵੀ ਖੁਦ ਗੁਰਮੁੱਖ ਸਿੰਘ ਨੇ ਲਿਖੀ। ਹਾਫ਼ਿਜ਼ਾਬਾਦ 'ਚੋਂ ਪ੍ਰਾਪਤ ਹੋਣ ਕਰ ਕੇ ਇਹ ਜਨਮਸਾਖੀ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਦੇ ਨਾਂ ਨਾਲ ਹੀ ਜਾਣੀ ਜਾਣ ਲੱਗੀ, ਪਰ ਕਿਤੇ-ਕਿਤੇ ਇਸ ਨੂੰ ਮੈਕਾਲਿਫ਼ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ। ਗੁਰਮੁੱਖ ਸਿੰਘ ਨੇ ਇਸ ਜਨਮਸਾਖੀ ਦੇ ਪੱਥਰ-ਛਾਪ ਅੰਕ ਦੇ ਜਾਣ-ਪਛਾਣ ਵਾਲੇ ਭਾਗ ਵਿੱਚ ਦੱਸਿਆ ਹੈ ਕਿ ਇਸ ਹੱਥ ਲਿਖਤ ਦੇ ਪਿਛਲੇ ਕੁੱਝ ਪੰਨੇ ਗੁੰਮ ਸਨ। ਜਿਸ ਕਰ ਕੇ ਮੈਕਾਲਿਫ਼ ਨੇ ਇਸ ਨੂੰ ਪੂਰੀ ਕਰਨ ਲਈ 'ਵਲੈਤ ਵਾਲੀ ਜਨਮਸਾਖੀ' ਦੀ ਵਰਤੋਂ ਕੀਤੀ। ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਨੂੰ ਪੂਰਾ ਕਰਨ ਲਈ ਇਨ੍ਹਾਂ ਦੋਵਾਂ ਹੱਥ ਲਿਖਤਾਂ ਦੀ ਵਰਤੋਂ ਕੀਤੀ। ਪੁਰਾਤਨ ਜਨਮਸਾਖੀ ਦੀ ਸ਼ਲਾਘਾ ਕਰਦੇ ਹੋਏ ਸਿੱਖ ਵਿਦਵਾਨ ਕ੍ਰਿਪਾਲ ਸਿੰਘ ਲਿਖਦਾ ਹੈ ਕਿ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨੂੰ ਜਾਣਨ ਅਤੇ ਸਮਝਣ ਲਈ ਇਤਿਹਾਸਿਕ ਤੌਰ 'ਤੇ ਪੁਰਾਤਨ ਜਨਮਸਾਖੀ ਬਹੁਤ ਹੀ ਲਾਭਦਾਇਕ ਅਤੇ ਢੁੱਕਵੀਂ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।[21]

ਗੁਰੂ ਕਾਲ ਦੇ ਦੌਰਾਨ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਪੁੱਤਰ

---

20 W.H. Macleod, *Guru Nanak and the Sikh Religion*, Oxford University, Delhi, 1968, p.16.

21 Kirpal Singh, *Janamsakhi Tradition: An Analytical Study*, Singh Brother, Amritsar, 2004, p.38.

ਮਨੋਹਰ ਦਾਸ ਮਿਹਰਬਾਨ ਨੇ ਵੀ ਸਿੱਖ ਸਾਹਿਤ ਲਿਖਣ ਦੀ ਪ੍ਰੰਪਰਾ ਸ਼ੁਰੂ ਕਰ ਦਿੱਤੀ ਸੀ। ਉਸ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਲਿਖੀ ਜੋ 'ਮਿਹਰਬਾਨ ਵਾਲੀ ਜਨਮਸਾਖੀ' ਦੇ ਨਾਂ ਕਰ ਕੇ ਜਾਣੀ ਜਾਂਦੀ ਹੈ। ਮਿਹਰਬਾਨ ਵਾਲੀ ਜਨਮਸਾਖੀ ਦੋ ਭਾਗਾਂ ਵਿੱਚ ਵੰਡੀ ਹੋਈ ਹੈ। ਪਹਿਲੇ ਭਾਗ ਦਾ ਨਾਂ 'ਪੋਥੀ ਸੱਚਖੰਡ' ਅਤੇ ਦੂਜੇ ਭਾਗ ਦਾ ਨਾਂ 'ਪੋਥੀ ਹਰਿ ਜੀ' ਹੈ। ਪੋਥੀ ਸੱਚਖੰਡ 1640 ਈ. ਤੋਂ 1650 ਈ. ਦੇ ਦੌਰਾਨ ਲਿਖੀ ਮੰਨੀ ਜਾਂਦੀ ਹੈ, ਪਰ ਇਸ ਦੀ ਪਹਿਲੀ ਅਤੇ ਸਭ ਤੋਂ ਪੁਰਾਣੀ ਕਾਪੀ 1828 ਈ. ਵਿੱਚ ਹੱਥ ਲੱਗੀ। ਪੋਥੀ ਸੱਚਖੰਡ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੀ ਹੈ, ਜਦੋਂ ਕਿ ਪੋਥੀ ਹਰਿ ਜੀ ਗੁਰੂ ਨਾਨਕ ਦੇਵ ਜੀ ਦੁਆਰਾ ਕਰਤਾਰਪੁਰ ਵਿੱਚ ਰਚੀ ਗਈ ਬਾਣੀ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਸੰਗੀ ਭਾਈ ਬਾਲੇ ਦੁਆਰਾ ਵੀ ਪਹਿਲੇ ਪਾਤਿਸ਼ਾਹ ਦੇ ਜੀਵਨ ਕਾਲ ਨਾਲ ਸੰਬੰਧਿਤ ਜਨਮਸਾਖੀ ਲਿਖੀ ਗਈ। ਜਿਸ ਨੂੰ ਭਾਈ ਬਾਲੇ ਵਾਲੀ ਜਨਮਸਾਖੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਈ ਬਾਲੇ ਵਾਲੀ ਜਨਮਸਾਖੀ ਪੈੜਾ ਮੋਖਾ ਨਾਂ ਦੇ ਇੱਕ ਸਿੱਖ ਨੇ ਲਿਖੀ ਅਤੇ ਗੁਰੂ ਅੰਗਦ ਨੂੰ ਪੜ੍ਹਕੇ ਸੁਣਾਈ। ਭਾਈ ਗੁਰਦਾਸ ਦੀਆਂ ਵਾਰਾਂ, ਵਲੈਤ ਵਾਲੀ ਜਨਮਸਾਖੀ ਅਤੇ ਮਿਹਰਬਾਨ ਵਾਲੀ ਜਨਮਸਾਖੀ ਗੁਰੂ ਨਾਨਕ ਨਾਲ ਭਾਈ ਬਾਲੇ ਦੀ ਸੰਗਤ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੀਆਂ। ਇਹ ਵੀ ਮੰਨਿਆ ਜਾਂਦਾ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਸਤਾਰ੍ਹਵੀਂ ਸਦੀ ਵਿੱਚ ਹੰਦਾਲ ਦੀ ਪਰਚੀ ਦੇ ਪਿੱਛੋਂ ਲਿਖੀ ਗਈ। ਇਹ ਜਨਮਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਵੀ ਮੰਨੀ ਜਾਂਦੀ ਹੈ। ਕਰਮ ਸਿੰਘ ਹਿਸਟੋਰਨੀਅਨ ਵੀ ਬਾਲੇ ਨੂੰ ਕਾਲਪਨਿਕ ਸਿੱਧ ਕਰਨ ਦਾ ਯਤਨ ਕਰਦਾ ਹੈ। ਭਾਈ ਸੰਤੋਖ ਸਿੰਘ ਨੇ ਬਾਲੇ ਵਾਲੀ ਜਨਮਸਾਖੀ ਵਿੱਚੋਂ ਗੁਰੂ ਨਿੰਦਿਆ ਵਾਲੀਆਂ ਸਾਖੀਆਂ ਕੱਢ ਕੇ ਇਸ ਨੂੰ ਸੰਵਾਰਨ ਦਾ ਯਤਨ ਵੀ ਕੀਤਾ। ਤਰੁੱਟੀਆਂ ਦੇ ਬਾਵਜੂਦ ਵੀ ਗੁਰੂ ਨਾਨਕ ਦੇਵ ਜੀ ਸੰਬੰਧੀ ਇਹ ਜਨਮਸਾਖੀ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।[22]

ਇਕ ਹੋਰ ਮਹੱਤਵਪੂਰਨ ਜਨਮਸਾਖੀ 'ਗਿਆਨ ਰਤਨਾਵਲੀ' ਹੈ, ਜੋ ਕਿ ਭਾਈ ਮਨੀ ਸਿੰਘ ਦੁਆਰਾ ਲਿਖੀ ਮੰਨੀ ਜਾਂਦੀ ਹੈ। ਇਹ ਭਾਈ ਮਨੀ ਸਿੰਘ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸੀ। ਸਿੱਖ ਪ੍ਰੰਪਰਾ ਅਨੁਸਾਰ ਕਈ ਗੁਰਸਿੱਖ ਇਕੱਠੇ ਹੋ ਕੇ ਭਾਈ ਮਨੀ ਸਿੰਘ ਕੋਲ ਗਏ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਲਿਖਣ ਲਈ ਕਿਹਾ। ਇਹ ਜਨਮਸਾਖੀ ਭਾਈ ਗੁਰਦਾਸ ਵੱਲੋਂ ਲਿਖੀ

---

[22] ਕ੍ਰਿਪਾਲ ਸਿੰਘ, *ਜਨਮ ਸਾਖੀ ਪਰੰਪਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪ੍ਰਵੇਸ਼ਿਕਾ ਪੰਨਾ XXVIII-XXXV.

ਪਹਿਲੀ ਵਾਰ ਦੀ ਵਿਆਖਿਆ ਉੱਪਰ ਆਧਾਰਿਤ ਹੈ। ਇਸ ਜਨਮਸਾਖੀ ਉੱਤੇ ਵੀ 'ਵਲਾਇਤ ਵਾਲੀ ਜਨਮਸਾਖੀ' ਤੇ 'ਭਾਈ ਬਾਲੇ ਵਾਲੀ ਜਨਮਸਾਖੀ' ਦਾ ਪ੍ਰਭਾਵ ਸਾਫ਼ ਨਜ਼ਰ ਆਉਂਦਾ ਹੈ।[23]

ਜਨਮਸਾਖੀਆਂ ਤੋਂ ਇਲਾਵਾ ਗੁਰੂ ਘਰ ਨਾਲ ਸੰਬੰਧਿਤ ਭੱਟਾਂ ਵੱਲੋਂ ਲਿਖੀਆਂ ਗਈਆਂ 'ਭੱਟ ਵਹੀਆਂ' ਵੀ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੀ ਔਲਾਦ ਦੀਆਂ ਜਨਮ ਮਿਤੀਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ ਅਤੇ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਦਾ ਵੇਰਵਾ ਵੀ ਦਿੰਦੀਆਂ ਹਨ। ਇਹ ਸਿੱਖਾਂ ਵੱਲੋਂ ਲੜੀਆਂ ਗਈਆਂ ਕੁਝ ਕੁ ਲੜਾਈਆਂ ਦਾ ਵੀ ਵੇਰਵਾ ਦਿੰਦੀਆਂ ਹਨ। ਇਹ ਭੱਟ ਵਹੀਆਂ ਮੂਲ ਰੂਪ ਵਿੱਚ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ।[24]

ਹੁਕਮਨਾਮੇ ਵੀ ਸਿੱਖ ਸਾਹਿਤ ਦਾ ਅਨਿੱਖੜਵਾਂ ਅੰਗ ਹਨ । ਬਿਨਾਂ ਸ਼ੱਕ, ਸਿੱਖ ਸਾਹਿਤ ਦੀ ਸਿਰਜਣਾ ਦਾ ਇੱਕ ਹੋਰ ਰੂਪ ਸਾਡੇ ਤੱਕ ਗੁਰੂ ਸਾਹਿਬਾਨ ਦੇ ਲਿਖੇ ਹੋਏ ਹੁਕਮਨਾਮਿਆਂ ਰਾਹੀਂ ਵੀ ਅਪੜਦਾ ਹੈ। ਇਹ ਹੁਕਮਨਾਮੇ ਨੌਵੇਂ ਗੁਰੂ ਤੇਗ ਬਹਾਦਰ ਜੀ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਹਨ। ਦਸਵੇਂ ਗੁਰੂ ਸਾਹਿਬ ਦੇ ਸਮੇਂ ਤਾਂ ਹੁਕਮਨਾਮਿਆਂ ਨੂੰ ਬਾਕਾਇਦਾ ਨੰਬਰ ਲਾ ਕੇ ਪੂਰੀ ਤਰਤੀਬ ਨਾਲ ਅਤੇ ਮਿਤੀਆਂ ਪਾ ਕੇ ਲਿਖਿਆ ਜਾਂਦਾ ਸੀ। ਜਿਸ ਇਲਾਕੇ ਦੀ ਸਿੱਖ ਸੰਗਤ ਨੂੰ ਹੁਕਮਨਾਮੇ ਭੇਜੇ ਜਾਂਦੇ ਸਨ, ਸੰਬੰਧਿਤ ਹੁਕਮਨਾਮੇ ਵਿੱਚ ਉਸ ਇਲਾਕੇ ਦੇ ਮੁਖੀ ਦਾ ਨਾਮ ਵੀ ਬਾਕਾਇਦਾ ਲਿਖਿਆ ਜਾਂਦਾ ਸੀ।[25]

ਗੁਰੂ ਕਾਲ ਤੋਂ ਬਾਅਦ ਸਿੱਖ ਇਤਿਹਾਸ ਨਾਲ ਸੰਬੰਧਿਤ ਮੁੱਢਲੀ ਅਤੇ ਪਲੇਠੀ ਲਿਖਤ 'ਗੁਰ ਬਿਲਾਸ ਪਾਤਸ਼ਾਹੀ ਛੇਂਵੀ' ਮਿਲਦੀ ਹੈ, ਜੋ ਕਿ 1715-18 ਈ. ਵਿੱਚ ਲਿਖੀ ਗਈ। ਬੁਨਿਆਦੀ ਰੂਪ ਵਿੱਚ ਇਹ ਲਿਖਤ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਹੈ, ਪਰ ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੱਕ ਦੇ ਵੇਰਵੇ ਵੀ ਨਸ਼ਰ ਕੀਤੇ ਹੋਏ ਹਨ। ਇਸ ਨੂੰ ਘੋਖਣ 'ਤੇ ਮਾਲੂਮ ਪੈਂਦਾ ਹੈ ਕਿ ਇਸ ਵਿੱਚ ਨਸ਼ਰ ਕੀਤੇ ਗਏ ਕਈ ਵੇਰਵੇ ਸਿੱਖ ਧਰਮ ਜਾਂ ਸਿੱਖ ਪ੍ਰੰਪਰਾ ਦੇ ਅਨੁਕੂਲ ਨਹੀਂ ਹਨ। ਇਸ ਕਰ ਕੇ ਗੁਰੂ ਕਾਲ ਦੇ ਸਭ ਤੋਂ ਨੇੜੇ ਦੀ ਲਿਖਤ ਹੋਣ ਦੇ ਬਾਵਜੂਦ ਵੀ ਇਸ ਸੰਗ੍ਰਹਿ ਤੋਂ ਇਤਿਹਾਸਿਕ ਅਤੇ ਭਰੋਸੇਯੋਗ ਜਾਣਕਾਰੀ ਨਹੀਂ

---

23 W.H. Macleod, *Guru Nanak and Sikh Religion,* p. 24-25; Kirpal Singh, *Janamsakhi Traditions: An Analytical Study,* 2004, p. 45.

24 ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* (ਸੰਪਾ. ਪਿਆਰਾ ਸਿੰਘ ਪਦਮ), ਕਲਮ ਮੰਦਿਰ, ਪਟਿਆਲਾ, 1986, ਪੰਨੇ 01-216.

25 ਸਮਸ਼ੇਰ ਸਿੰਘ ਅਸ਼ੋਕ (ਸੰਪਾ.) *ਗੁਰੂ ਖ਼ਾਲਸਾ ਦੇ ਨਿਸ਼ਾਨ ਅਤੇ ਹੁਕਮਨਾਮੇ,* ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 1967; ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨੇ 01-252.

ਲਈ ਜਾ ਸਕਦੀ।[26]

1716 ਈ. ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਦਾ ਸਮਾਂ ਸਿੱਖਾਂ ਲਈ ਕਾਫ਼ੀ ਸੰਘਰਸ਼ਮਈ ਸੀ। ਇਸ ਮੁਸ਼ਕਿਲ ਘੜੀ ਦੌਰਾਨ ਸਿੱਖਾਂ ਨੂੰ ਆਪਣੀ ਹੋਂਦ ਨੂੰ ਬਚਾਈ ਰੱਖਣਾ ਹੀ ਇੱਕ ਵੱਡੀ ਪ੍ਰਾਪਤੀ ਸੀ। ਖ਼ਤਰਿਆਂ ਭਰੇ ਅਜਿਹੇ ਕਾਲੇ ਦੌਰ ਵਿੱਚ ਸਿੱਖਾਂ ਲਈ ਆਪਣਾ ਇਤਿਹਾਸ ਲਿਖਣਾ ਜਾਂ ਸਾਂਭਣਾ ਮੁਸ਼ਕਿਲ ਹੀ ਨਹੀਂ, ਨਾ-ਮੁਮਕਿਨ ਵੀ ਸੀ। ਜ਼ਕਰੀਆਂ ਖਾਂ, ਮੀਰ ਮਨੂੰ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਜ਼ਾਲਮ ਹਾਕਮਾਂ ਨੇ ਸਿੱਖਾਂ ਦਾ ਬੀਜ ਨਾਸ਼ ਕਰਨ ਦੀ ਠਾਣੀ ਹੋਈ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾ ਰਹੇ ਸਨ। ਸਿੱਖ ਬੱਚਿਆਂ ਦੇ ਟੋਟੇ ਕਰ ਕੇ, ਫ਼ੇਰ ਉਨ੍ਹਾਂ ਟੋਟਿਆਂ ਦੇ ਹਾਰ ਬਣਾ ਕੇ ਮਾਵਾਂ ਦੇ ਗਲਾਂ ਵਿੱਚ ਪਾਏ ਜਾਂਦੇ ਸਨ। ਸਿੱਖਾਂ ਨੂੰ ਜਿਊਂਦਿਆਂ ਚਰਖ਼ੜੀਆਂ 'ਤੇ ਚੜ੍ਹਾਇਆ ਜਾਂਦਾ, ਖੋਪੜੀਆਂ ਲਾਹੀਆਂ ਜਾਂਦੀਆਂ, ਸਰੀਰ ਦੇ ਬੰਦ ਬੰਦ ਕੱਟਕੇ ਸ਼ਹੀਦ ਕੀਤਾ ਜਾਂਦਾ। ਸਿੱਖਾਂ ਲਈ ਘਰਾਂ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ। ਸਿੱਖਾਂ ਦਾ ਘਰ-ਬਾਰ ਜੰਗਲ ਬਣ ਚੁੱਕੇ ਸਨ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ ਇਸ ਸਮੇਂ ਦੌਰਾਨ ਸਿੱਖ ਖਾਂਦੇ ਵੀ ਘੋੜਿਆਂ 'ਤੇ ਸਨ ਅਤੇ ਸੌਂਦੇ ਵੀ ਘੋੜਿਆਂ 'ਤੇ ਸਨ। ਇਹਨਾਂ ਸੱਤਰਾਂ ਤੋਂ ਸਾਬਿਤ ਹੁੰਦਾ ਹੈ ਕਿ ਸਿੱਖਾਂ ਲਈ ਇਹ ਸਮਾਂ ਕਿੰਨੀ ਔਖ ਦਾ ਸਮਾਂ ਸੀ। ਪਰ ਸੁੱਖਾ ਸਿੰਘ-ਮਹਿਤਾਬ ਸਿੰਘ ਅਤੇ ਗਰਜਾ ਸਿੰਘ-ਬੋਤਾ ਸਿੰਘ ਵਰਗੇ ਅਨੇਕਾਂ ਹੀ ਸਿੱਖ ਸੂਰਬੀਰਾਂ ਨੇ ਆਪਣੀ ਬਹਾਦਰੀ ਅਤੇ ਕੁਰਬਾਨੀਆਂ ਨਾਲ ਸਿੱਖ ਪੰਥ ਨੂੰ ਇਸ ਢਹਿੰਦੇ ਸਮੇਂ ਵਿੱਚ ਵੀ ਚੜ੍ਹਦੀਕਲਾ ਵਿੱਚ ਰੱਖਿਆ ਤੇ ਆਪਣੀ ਹੋਂਦ ਨੂੰ ਵੀ ਬਚਾਈ ਰੱਖਿਆ। ਜ਼ਾਲਮਾਂ ਨਾਲ ਨਿਰੰਤਰ ਲੜਦੇ-ਭਿੜਦੇ, ਜੂਝਦੇ, ਜੰਗਲਾਂ ਵਿੱਚ ਦੂਰ-ਦੁਰਾਡੇ ਖਿੰਡੇ-ਪੁੰਡੇ ਇਹ ਸਿਦਕੀ ਤੇ ਸਿਰੜੀ ਸਿੱਖ 1733-34 ਈ. ਵਿੱਚ ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਮੁੜ ਜਥੇਬੰਦ ਹੋਣਾ ਸ਼ੁਰੂ ਹੋ ਗਏ। 1748 ਈ. ਤੱਕ ਸਿੱਖ ਸੰਪੂਰਨ ਸੰਘਰਸ਼ ਲਈ ਇੱਕ ਸੁਤੰਤਰ ਹੋਂਦ ਅਖਤਿਆਰ ਕਰ ਗਏ। 1748 ਈ. ਦੇ ਸਰਬੱਤ ਖ਼ਾਲਸਾ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਿੱਖਾਂ ਨੇ ਸੁਤੰਤਰਤਾ ਦੀ ਜੰਗ ਦਾ ਬਿਗਲ ਵਜਾ ਦਿੱਤਾ। ਸੰਘਰਸ਼ ਭਰਪੂਰ ਇਸ ਅਠਾਰ੍ਹਵੀਂ ਸਦੀ ਦੇ ਇਸ ਚੌਥੇ ਪੰਜਵੇਂ ਦਹਾਕੇ ਦੌਰਾਨ ਸਿੱਖਾਂ ਦੀ ਜੱਦੋ-ਜਹਿਦ ਦਾ ਵਰਣਨ ਕਰਦੀ ਕੋਈ ਲਿਖਤ ਨਹੀਂ ਮਿਲਦੀ। ਜੇ ਖਾਫ਼ੀ ਖਾਂ ਜਾਂ ਮੁਨਸ਼ੀ ਗੁਲਾਮ ਹੁਸੈਨ ਦੀਆਂ ਫ਼ਾਰਸੀ ਲਿਖਤਾਂ ਦੀ ਗੱਲ ਕਰੀਏ ਤਾਂ ਉਹ ਵੀ ਜ਼ਿਆਦਾਤਰ ਬਾਬਾ ਬੰਦਾ ਸਿੰਘ ਬਹਾਦਰ ਦਾ ਬਿਰਤਾਂਤ ਹੀ ਪੇਸ਼ ਕਰਦੀਆਂ ਹਨ।

ਭਾਈ ਚਉਪਾ ਸਿੰਘ ਦਾ ਰਹਿਤਨਾਮਾ, ਜੋ ਤਾਰੀਖ਼ ਜਾਂ ਮਿਤੀ ਤੋਂ ਸੱਖਣਾ ਹੈ, ਪਰ ਸਿੱਖ ਰਹਿਤ

---

[26] ਭਗਤ ਸਿੰਘ (ਸੰਪਾ.), *ਗੁਰਬਿਲਾਸ ਪਾਤਿਸ਼ਾਹੀ ਛੇਵੀਂ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨੇ 01-836.

ਮਰਯਾਦਾ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ। ਇਹ ਰਹਿਤਨਾਮਾ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦੇਣ ਦੀ ਗਵਾਹੀ ਤੋਂ ਨਾਦਰ ਸ਼ਾਹ ਦੇ 1739 ਈ. ਦੇ ਹਮਲੇ ਵੇਲੇ ਤੱਕ ਦਾ ਹੋਣ ਦਾ ਪ੍ਰਭਾਵ ਛੱਡਦਾ ਹੈ। ਜੇ ਇਹ ਰਹਿਤਨਾਮਾ ਬਾਅਦ ਦਾ ਹੁੰਦਾ ਤਾਂ 1746 ਈ. ਦੇ ਪਹਿਲੇ ਘੱਲੂਘਾਰੇ ਜਾਂ ਅਫ਼ਗਾਨ ਹਾਕਮ ਅਹਿਮਦ ਸ਼ਾਹ ਅਬਦਾਲੀ ਬਾਰੇ ਕੋਈ ਜਾਣਕਾਰੀ ਜਰੂਰ ਮੁਹੱਈਆ ਕਰਵਾਉਂਦਾ।[27] ਚਉਪਾ ਸਿੰਘ ਪਹਿਲਾ ਉਹ ਲੇਖਕ ਸੀ, ਜਿਸ ਨੇ ਸਿੱਖ ਜਗਤ ਵਿੱਚ ਰਹਿਤਨਾਮੇ ਦੀ ਪ੍ਰੰਪਰਾ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਹੀ ਭਾਈ ਨੰਦ ਲਾਲ ਦਾ ਰਹਿਤਨਾਮਾ, ਤਨਖ਼ਾਹਨਾਮਾ, ਸਾਖੀ ਰਹਿਤ ਕੀ ਮਿਲਦੀ ਹੈ, ਪਰ ਇਹ ਤਿੰਨੇ ਖਰੜੇ ਵੀ ਤਾਰੀਖ਼ ਅਤੇ ਸਾਲ ਤੋਂ ਰਹਿਤ ਹਨ। ਇਸ ਨੰਦ ਲਾਲ ਨੂੰ ਬਹੁਤੇ ਵਿਦਵਾਨ ਗੁਰੂ ਦਾ ਦਰਬਾਰੀ ਕਵੀ ਭਾਈ ਨੰਦ ਲਾਲ ਗੋਯਾ ਹੀ ਮੰਨਦੇ ਹਨ। ਪਰ ਇਸ ਦੀ ਲਿਖਤ ਉੱਤੇ ਭਾਈ ਨੰਦ ਲਾਲ ਗੋਯਾ ਦੀ ਲਿਖਣ ਸ਼ੈਲੀ ਅਤੇ ਸ਼ਬਦਾਵਲੀ ਦਾ ਕੋਈ ਪ੍ਰਭਾਵ ਨਹੀਂ ਝਲਕਦਾ। ਇਸ ਕਰ ਕੇ ਇਹ ਕੋਈ ਹੋਰ ਨੰਦ ਲਾਲ ਹੋ ਸਕਦਾ ਹੈ।

1748 ਈ. ਤੋਂ ਬਾਅਦ ਦੇ ਖ਼ੂਨੀ ਸੰਘਰਸ਼ ਵਿੱਚ ਅਫ਼ਗਾਨਾਂ ਵੱਲੋਂ ਵੀ ਮੁਗਲਾਂ ਵਾਂਗ ਸਿੱਖ ਇਨਕਲਾਬ ਨੂੰ ਦਰੜ ਦੇਣ ਅਤੇ ਸਿੱਖਾਂ ਦਾ ਮਲੀਆਮੇਟ ਕਰਨ ਦੀ ਹਰ ਸੰਭਵ ਕੋਸ਼ਿਸ਼ ਹੋਈ। ਪਰ ਸਿੱਖਾਂ ਦੇ ਸਿਰੜ ਅਤੇ ਦ੍ਰਿੜ ਇਰਾਦਿਆਂ ਨੇ ਬੁਰੀ ਤਰ੍ਹਾਂ ਲਿਤਾੜੇ ਜਾਣ ਦੇ ਬਾਵਜੂਦ ਆਪਣੀ ਹੋਂਦ ਅਤੇ ਵਜ਼ੂਦ ਨੂੰ ਬਣਾਈ ਰੱਖਿਆ। ਚੜ੍ਹਤ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਕਰੋੜਸਿੰਘੀਆ, ਜੱਸਾ ਸਿੰਘ ਰਾਮਗੜ੍ਹੀਆ ਆਦਿ ਸਿਰਲੱਥ ਸਿੱਖ ਸੂਰਮਿਆਂ ਨੇ ਮੁਗਲਾਂ ਅਤੇ ਅਫ਼ਗਾਨਾਂ ਨੂੰ ਕਦੇ ਵੀ ਸੁੱਖ ਦਾ ਸਾਹ ਨਾ ਲੈਣ ਦਿੱਤਾ। ਪਰ ਇਸ ਸੰਘਰਸ਼ ਭਰਪੂਰ ਸ਼ਹੀਦੀਆਂ ਭਰੇ ਅਤੇ ਮਹਾਨ ਕਾਰਨਾਮਿਆਂ ਨਾਲ ਓਤਪੋਤ ਬਿਰਤਾਂਤ ਅਤੇ ਸਮੇਂ ਦੀ ਜਾਣਕਾਰੀ ਦਿੰਦੀ ਵੀ ਕੋਈ ਲਿਖਤ ਸਾਹਮਣੇ ਨਹੀਂ ਆਈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਕੋਇਰ ਸਿੰਘ ਦੀ ਰਚਨਾ ਗੁਰਬਿਲਾਸ ਪਾਤਸ਼ਾਹੀ ਦਸਵੀਂ 1751 ਈ. ਵਿੱਚੀ ਲਿਖੀ ਗਈ। ਇਸ ਲਿਖਤ ਦਾ ਆਧਾਰ ਮੌਖਿਕ ਸ੍ਰੋਤ ਹੈ। ਕੋਇਰ ਸਿੰਘ ਦੀ ਦਸਮੇਸ਼ ਪਿਤਾ ਨਾਲ ਸੰਬੰਧਿਤ ਇਹ ਲਿਖਤ ਅਸਲ ਵਿੱਚ ਭਾਈ ਮਨੀ ਸਿੰਘ ਦੁਆਰਾ ਦਿੱਤੇ ਵਿਖਿਆਨਾਂ ਦਾ ਸਮੂਹ ਹੈ। ਗੁਰੂ ਗੋਬਿੰਦ ਸਿੰਘ ਦੇ ਸਮੁੱਚੇ ਜੀਵਨ ਨਾਲ ਸੰਬੰਧਿਤ ਹੋਣ ਅਤੇ ਭਾਈ ਮਨੀ ਸਿੰਘ ਦੀ ਗਵਾਹੀ ਉੱਤੇ ਅਧਾਰਿਤ ਹੋਣ ਕਰ ਕੇ ਇਸ ਲਿਖਤ ਦੀ ਮਹੱਤਤਾ ਵੱਧ ਜਾਂਦੀ ਹੈ। ਕਿਉਂਕਿ ਭਾਈ ਮਨੀ ਸਿੰਘ ਗੁਰੂ ਘਰ ਨਾਲ ਗੁਰੂ ਹਰਿ ਰਾਇ ਜੀ ਦੇ ਵੇਲੇ ਤੋਂ ਜੁੜਿਆ ਹੋਇਆ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਹ

---

27 ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ*, ਕਲਮ ਮੰਦਰ, ਪਟਿਆਲਾ 1984, ਪੰਨੇ 80-133.

ਕਾਫ਼ੀ ਨੇੜੇ ਰਿਹਾ। ਉਸ ਨੇ ਭੰਗਾਣੀ ਅਤੇ ਨਦੌਣ ਦੀਆਂ ਲੜਾਈਆਂ ਵਿੱਚ ਭਾਗ ਵੀ ਲਿਆ, ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ ਅਤੇ ਦਮਦਮੀ ਬੀੜ ਦੀ ਤਿਆਰੀ ਵਿੱਚ ਕਾਫ਼ੀ ਮਦਦ ਕੀਤੀ। ਹਾਲਾਂਕਿ ਹੋਰਨਾਂ ਲਿਖਤਾਂ ਵਾਂਗ ਕੋਇਰ ਸਿੰਘ ਦੀ ਰਚਨਾ ਵੀ ਕਾਲਪਨਿਕ ਅਤੇ ਮਨਘੜਤ ਜਾਣਕਾਰੀ ਤੋਂ ਸੱਖਣੀ ਨਹੀਂ, ਪਰ ਉਸ ਵੱਲੋਂ ਭਾਈ ਮਨੀ ਸਿੰਘ ਦੀ ਸ਼ਾਹਦੀ ਤੋਂ ਇਲਾਵਾ 'ਬਚਿੱਤਰ ਨਾਟਕ', ਅਨੀ ਰਾਇ ਦਾ 'ਜੰਗਨਾਮਾ', ਸੈਨਪਤਿ ਦੀ 'ਗੁਰਸੋਭਾ', ਭਾਈ ਨੰਦ ਲਾਲ ਦੀ 'ਕੁਲਿਯਾਤ' ਆਦਿ ਸ੍ਰੋਤਾਂ ਦੀ ਵਰਤੋਂ ਕਰਨ ਕਰ ਕੇ ਉਸ ਦੀ ਲਿਖਤ ਦੀ ਇਤਿਹਾਸਿਕ ਮਹੱਤਤਾ ਹੋਰ ਵੱਧ ਜਾਂਦੀ ਹੈ।[28]

ਸਿੱਖ ਇਤਿਹਾਸ ਦੇ ਅਗਲੇ ਪੜਾਅ ਦੌਰਾਨ 1769 ਈ. ਦੀ ਲਿਖਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਸਾਹਮਣੇ ਆਉਂਦੀ ਹੈ। ਇਹ ਲਿਖਤ ਗੁਰੂ ਘਰ ਨਾਲ ਪੀੜ੍ਹੀਆਂ ਤੋਂ ਜੁੜੇ ਖ਼ਾਨਦਾਨ ਵਿੱਚ ਪੈਦਾ ਹੋਏ ਕੇਸਰ ਸਿੰਘ ਛਿੱਬਰ ਦੁਆਰਾ ਲਿਖੀ ਗਈ। ਕੇਸਰ ਸਿੰਘ ਛਿੱਬਰ ਦੀ ਇਹ ਲਿਖਤ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੇਂ ਗੁਰੂ ਸਾਹਿਬਾਨ ਤੱਕ, ਬਾਬਾ ਬੰਦਾ ਸਿੰਘ ਬਹਾਦਰ, ਮਾਤਾ ਸਾਹਿਬ ਦੇਵਾ ਕੌਰ ਅਤੇ ਸਮਕਾਲੀ ਸਿੱਖਾਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਕੇਸਰ ਸਿੰਘ ਛਿੱਬਰ ਦੇ ਬ੍ਰਾਹਮਣ ਖ਼ਾਨਦਾਨ ਨਾਲ ਸੰਬੰਧਿਤ ਹੋਣ ਕਾਰਨ ਉਸ ਦੀ ਲਿਖਤ ਉੱਪਰ ਵੀ ਬ੍ਰਾਹਮਣਵਾਦ ਦਾ ਪ੍ਰਭਾਵ ਸਪੱਸ਼ਟ ਝਲਕਦਾ ਹੈ। ਇਹ ਗੱਲ ਸਰਵਪ੍ਰਵਾਨਿਤ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਜਾਤ-ਪਾਤ, ਊਚ-ਨੀਚ ਹਮੇਸ਼ਾ ਹੀ ਖੰਡਨ ਕੀਤਾ ਹੈ। ਗੁਰੂ ਘਰ ਵਿੱਚ ਜਾਤ-ਪਾਤ ਨਾ ਹੋਣ ਦੇ ਬਾਵਜੂਦ ਵੀ ਕੇਸਰ ਸਿੰਘ ਛਿੱਬਰ ਬ੍ਰਾਹਮਣਾਂ ਨੂੰ ਗੁਰੂ ਸਾਹਿਬਾਨ ਵੱਲੋਂ ਮਿਲੇ ਵਿਸ਼ੇਸ਼ ਅਧਿਕਾਰਾਂ ਦੀ ਗੱਲ ਕਰਦਾ ਹੈ ਜੋ ਕਿ ਇਸ ਲਿਖਤ ਦੀ ਇਤਿਹਾਸਿਕ ਮਹੱਤਤਾ ਉੱਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦੀ ਹੈ। ਕੇਸਰ ਸਿੰਘ ਛਿੱਬਰ ਦੇ ਬ੍ਰਾਹਮਣ ਪਰਿਵਾਰ ਨਾਲ ਸੰਬੰਧਿਤ ਹੋਣ ਕਰ ਕੇ ਉਸ ਦੀ ਲਿਖਤ 'ਬੰਸਾਵਲੀ ਨਾਮਾ ਦਸਾਂ ਪਾਤਿਸ਼ਾਹੀਆਂ ਕਾ' ਵਿੱਚ ਕਈ ਗੱਲਾਂ ਗੁਰਮਤਿ ਦੇ ਵਿਰੁੱਧ ਹਨ। ਉਸ ਨੇ ਕਈ ਥਾਂ 'ਤੇ ਤਾਰੀਖ਼ਾਂ ਜਾਂ ਸਾਲਾਂ ਬਾਰੇ ਇਤਿਹਾਸਿਕ ਗਲਤੀਆਂ ਕੀਤੀਆਂ ਹਨ। ਹਾਲਾਂਕਿ ਇਹ ਲਿਖਤ 1769 ਈ. ਵਿੱਚ ਲਿਖੀ ਗਈ ਹੈ। ਪਰ 1745 ਈ. ਤੱਕ ਦੇ ਹਾਲਾਤਾਂ ਬਾਰੇ ਹੀ ਚਾਨਣਾ ਪਾਉਂਦੀ ਹੈ।[29] ਇਸ ਰਚਨਾ ਵਿੱਚ ਗੁਰੂ ਸਾਹਿਬਾਨ ਦੀ ਬੰਸਾਵਲੀ ਤੋਂ ਇਲਾਵਾ ਉਸ ਸਮੇਂ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪ੍ਰਸਥਿਤੀਆਂ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਦਰਜ ਹੈ। ਵੱਖੋ-ਵੱਖਰੇ ਛੰਦਾਂ ਵਿੱਚ ਰਚੇ ਗਏ ਇਸ ਦੇ ਕੁੱਲ 14 ਪਾਠਾਂ ਵਿੱਚੋਂ ਪਹਿਲੇ ਦਸ ਪਾਠ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ ਅਤੇ ਆਖ਼ਰੀ ਦੇ 4 ਪਾਠ ਬਾਬਾ ਬੰਦਾ ਸਿੰਘ ਬਹਾਦਰ, ਮੁਤਬੰਨੇ ਜੀਤ ਸਿੰਘ, ਮਾਤਾ

---

[28] ਗੁਰਬਚਨ ਸਿੰਘ ਨਈਅਰ, *ਮੌਖਿਕ ਇਤਿਹਾਸ,* ਨੈਸ਼ਨਲ ਬੁੱਕ ਆਰਗਨਾਈਜ਼ੇਸ਼ਨ, ਨਵੀਂ ਦਿੱਲੀ, 1990, ਪੰਨਾ 187.

[29] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ,* (ਸੰਪਾ. ਪਿਆਰਾ ਸਿੰਘ ਪਦਮ), ਅੰਮ੍ਰਿਤਸਰ, 2005.

ਸਾਹਿਬ ਦੇਈ ਅਤੇ ਹੋਰ ਸਮਕਾਲੀ ਸਿੱਖ ਸਮਾਚਾਰਾਂ ਨਾਲ ਸੰਬੰਧਿਤ ਹਨ। ਕੇਸਰ ਸਿੰਘ ਛਿੱਬਰ ਦੇ ਖੁਦ ਦੇ ਦੱਸਣ ਅਨੁਸਾਰ ਉਸ ਨੇ ਇਹ ਗ੍ਰੰਥ ਸੰਮਤ 1826 ਬਿਕ੍ਰਮੀ ਸਾਵਣ ਸੁਦੀ 10 ਨੂੰ ਸ਼ੁਰੂ ਕਰ ਕੇ ਸੰਮਤ 1826 ਬਿਕ੍ਰਮੀ ਅੱਸੂ ਸੁਦੀ 11 ਨੂੰ ਦੋ ਮਹੀਨਿਆਂ ਦੇ ਸਮੇਂ ਵਿੱਚ ਪੂਰਾ ਕੀਤਾ। ਹਾਲਾਂਕਿ ਗੁਰੂ ਕਾਲ ਸੰਬੰਧੀ ਇਤਿਹਾਸਿਕ ਤੌਰ 'ਤੇ ਭਰੋਸੇਯੋਗ ਨਾ ਹੋਣ ਕਰ ਕੇ ਇਹ ਲਿਖਤ ਨੂੰ ਖ਼ਾਸ ਮਹਤੱਵ ਨਹੀਂ ਦਿੱਤਾ ਜਾਂਦਾ, ਪਰ ਫ਼ੇਰ ਵੀ ਇਸ ਰਚਨਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਅਤੇ ਕੁਝ ਕੁ ਸਮਕਾਲੀ ਸਿੱਖਾਂ ਸੰਬੰਧੀ ਦਿੱਤੇ ਵੇਰਵੇ ਇਤਿਹਾਸਿਕ ਮਹੱਤਤਾ ਰੱਖਦੇ ਹਨ। ਗੁਰੂ ਕਾਲ ਦੇ ਸਭ ਤੋਂ ਨੇੜੇ ਦੀ ਲਿਖਤ ਹੋਣ ਕਾਰਨ ਉਸ ਸਮੇਂ ਦੀਆਂ ਪ੍ਰਸਥਿਤੀਆਂ ਦੀ ਜਾਣਕਾਰੀ ਲਈ ਮੁੱਢਲੀ ਗਵਾਹੀ ਦੇ ਤੌਰ 'ਤੇ ਇਹ ਲਿਖਤ ਇੱਕ ਖ਼ਾਸ ਇਤਿਹਾਸਿਕ ਮਹੱਤਤਾ ਰੱਖਦੀ ਹੈ।

1765 ਈ. ਤੱਕ ਸਿੱਖ ਮਿਸਲਾਂ ਦੇ ਰੂਪ ਵਿੱਚ ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਮਾਲਕ ਬਣ ਚੁੱਕੇ ਸਨ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਸਾਸ਼ਨ ਕਾਲ ਦੇ ਦੌਰਾਨ ਹਿੰਦੋਸਤਾਨ ਉੱਪਰ ਕੀਤੇ ਹਰ ਹਮਲੇ ਦੌਰਾਨ ਇੱਥੋਂ ਦੇ ਹਾਕਮਾਂ ਨੂੰ ਬੁਰੀ ਤਰ੍ਹਾਂ ਹਰਾਇਆ, ਪਰ ਉਸ ਦੀ ਤ੍ਰਾਸਦੀ ਇਹ ਰਹੀ ਕਿ ਉਹ ਹਰ ਵਾਰੀ ਸਿੱਖਾਂ ਹੱਥੋਂ ਹਾਰ ਕੇ ਜਾਂ ਲੁੱਟ ਖਸੁੱਟ ਕਰਵਾ ਕੇ ਪੱਲੇ ਨਿਰਾਸ਼ਤਾ ਲੈ ਕੇ ਵਾਪਸ ਮੁੜਦਾ ਰਿਹਾ। ਉਸ ਨੇ ਸਿੱਖਾਂ ਨੂੰ ਨੇਸਤੋਨਾਬੂਦ ਕਰਨ ਲਈ ਆਪਣੀ ਪੂਰੀ ਵਾਹ ਲਾਈ, ਹਰ ਹੀਲਾ ਵਸੀਲਾ ਵਰਤਿਆ, ਪਰ ਉਹ ਨਾ ਤਾਂ ਸਿੱਖਾਂ ਨੂੰ ਕਾਬੂ ਕਰ ਸਕਿਆ ਤੇ ਨਾ ਹੀ ਖ਼ਤਮ ਕਰ ਸਕਿਆ। 1772 ਈ. ਵਿੱਚ ਅਬਦਾਲੀ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਉਸ ਦੇ ਵਾਰਿਸਾਂ ਤੈਮੂਰ ਸ਼ਾਹ ਅਤੇ ਸ਼ਾਹ ਜ਼ਮਾਨ ਦੇ ਵੀ ਪੰਜਾਬ ਵਿੱਚ ਪੈਰ ਨਾ ਲੱਗਣ ਦਿੱਤੇ ਅਤੇ 1798-99 ਈ. ਤੱਕ ਜਾਂਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਜਮਾਨ ਨੂੰ ਲਾਹੌਰ ਵਿੱਚੋਂ ਖਦੇੜ ਕੇ ਅਫ਼ਗਾਨਿਸਤਾਨ ਭਜਾ ਦਿੱਤਾ ਅਤੇ ਲਾਹੌਰ ਨੂੰ ਆਪਣੀ ਰਾਜਧਾਨੀ ਘੋਸ਼ਿਤ ਕਰ ਕੇ ਖ਼ਾਲਸਾ ਰਾਜ ਸਥਾਪਿਤ ਕਰ ਲਿਆ। ਤਹਿਮਸ ਖਾਨ ਜਾਂ ਕਾਜ਼ੀ ਨੂਰ ਮੁਹੰਮਦ ਵਰਗਿਆਂ ਦੀਆਂ ਫ਼ਾਰਸੀ ਲਿਖਤਾਂ ਵੀ ਉਸ ਸਮੇਂ ਦੀਆਂ ਸਮਕਾਲੀ ਪ੍ਰਸਥਿਤੀਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ। ਕੋਈ ਹੋਰ ਗੁਰਮੁਖੀ ਜਾਂ ਫ਼ਾਰਸੀ ਦੀ ਲਿਖਤ ਨਹੀਂ ਮਿਲਦੀ।

1776 ਈ. ਵਿੱਚ ਸਰੂਪ ਦਾਸ ਭੱਲਾ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਲਿਖਤ 'ਮਹਿਮਾ ਪ੍ਰਕਾਸ਼ ਵਾਰਤਕ' ਅਤੇ 'ਮਹਿਮਾ ਪ੍ਰਕਾਸ਼ ਕਵਿਤਾ' ਲਿਖੀ ਗਈ। ਮਹਿਮਾ ਪ੍ਰਕਾਸ਼ ਵਾਰਤਕ ਸਿਰਫ਼ ਗੁਰੂ ਨਾਨਕ ਦੇਵ ਜੀ ਦਾ ਹੀ ਜੀਵਨ ਬਿਰਤਾਂਤ ਹੈ, ਜਦੋਂ ਕਿ ਮਹਿਮਾ ਪ੍ਰਕਾਸ਼ ਕਵਿਤਾ ਦਾ ਪਹਿਲਾ ਭਾਗ ਪਹਿਲੇ ਗੁਰੂ ਸਾਹਿਬ ਅਤੇ ਦੂਜਾ ਭਾਗ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਬਿਰਤਾਂਤ

ਦੱਸਦਾ ਹੈ। ਸਰੂਪ ਦਾਸ ਦੀ ਇਹ ਰਚਨਾ ਦਸਾਂ ਪਾਤਸ਼ਾਹੀਆਂ ਦੇ ਜੀਵਨ ਨੂੰ ਕਾਵਿ-ਰੂਪ ਵਿੱਚ ਪੇਸ਼ ਕਰਦੀ ਹੈ। ਸਰੂਪ ਦਾਸ ਦੀ ਇਸ ਲਿਖਤ ਉੱਪਰ ਸਨਾਤਨੀ ਹਿੰਦੂ ਵਿਚਾਰਧਾਰਾ ਕਾਫ਼ੀ ਹਾਵੀ ਹੈ। ਹਾਲਾਂਕਿ ਸਰੂਪ ਦਾਸ ਭੱਲਾ ਗੁਰੂ ਅਮਰਦਾਸ ਜੀ ਦੇ ਖ਼ਾਨਦਾਨ ਨਾਲ ਸੰਬੰਧਿਤ ਸੀ, ਪਰ ਉਸ ਦੇ ਨਾਂ ਤੋਂ ਹੀ ਸਾਬਿਤ ਹੋ ਜਾਂਦਾ ਹੈ ਕਿ ਉਹ ਗੈਰ ਅੰਮ੍ਰਿਤਧਾਰੀ ਸੀ। ਗੁਰੂ ਅਮਰਦਾਸ ਦੀ ਵੰਸ਼ ਵਿੱਚੋਂ ਹੋਣ ਕਰ ਕੇ ਉਹ ਆਪਣੇ-ਆਪ ਨੂੰ ਵੱਖਰਾ ਤੇ ਦੂਸਰੇ ਸਿੱਖਾਂ ਨਾਲੋਂ ਉੱਤਮ ਸਮਝਦਾ ਸੀ। ਉਸ ਵੱਲੋਂ ਦਿੱਤਾ ਬਿਰਤਾਂਤ ਇਤਿਹਾਸਿਕ ਮਹੱਤਤਾ ਦੇ ਪੱਖੋਂ ਊਣਾ ਹੀ ਸਾਬਿਤ ਹੁੰਦਾ ਹੈ। ਉਸ ਵੱਲੋਂ ਦੱਸੀਆਂ ਗਈਆਂ ਕਾਫ਼ੀ ਗੱਲਾਂ ਇਤਿਹਾਸਿਕ ਕਸੌਟੀ 'ਤੇ ਖਰੀਆਂ ਨਹੀਂ ਉੱਤਰਦੀਆਂ। ਸਰੂਪ ਦਾਸ ਭੱਲਾ ਦਾ 'ਜਨਮਸਾਖੀ ਪ੍ਰੰਪਰਾ ਦੀ ਲੜੀ ਵਿੱਚ ਆਉਂਦਾ ਇਹ ਗ੍ਰੰਥ 237 ਸਾਖੀਆਂ ਵਿੱਚ ਸੰਪੂਰਨ ਗੁਰੂ ਕਾਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਸਰੂਪ ਦਾਸ ਭੱਲਾ ਆਪਣੀ ਇਸ ਲਿਖਤ ਵਿੱਚ ਆਪਣੇ ਖ਼ਾਨਦਾਨ ਦੀ ਉਪਮਾ ਅਤੇ ਪ੍ਰਸੰਸਾ ਹਿੱਤ ਸਿੱਖ ਇਤਿਹਾਸ ਨੂੰ ਛੁਠਲਾਉਂਦਾ ਵੀ ਪ੍ਰਤੀਤ ਹੁੰਦਾ ਹੈ। ਇਸ ਰਚਨਾ ਦੀਆਂ ਲਗਭਗ 65 ਸਾਖੀਆਂ ਗੁਰੂ ਨਾਨਕ ਨਾਲ ਹੀ ਸੰਬੰਧਿਤ ਹਨ। ਉਸ ਨੇ ਆਪਣੀ ਇਸ ਰਚਨਾ ਦੀ ਆਧਾਰ ਸਮੱਗਰੀ ਮੌਖਿਕ ਪ੍ਰੰਪਰਾਵਾਂ, ਜਨਮਸਾਖੀਆਂ ਅਤੇ ਗੁਰੂ ਕਾਲ ਦੇ ਸਮਕਾਲੀ ਵਿਸ਼ੇਸ਼ ਵਿਅਕਤੀਆਂ ਨੂੰ ਬਣਾਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਉਹ ਥੋੜ੍ਹੀ ਜਿਹੀ, ਪਰ ਪੱਖਪਾਤੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। 1776 ਈ. ਤੱਕ ਸਿੱਖ ਮਿਸਲਾਂ ਦਾ ਮੁਕੰਮਲ ਪੰਜਾਬ ਉੱਤੇ ਰਾਜ ਸਥਾਪਿਤ ਹੋ ਚੁੱਕਿਆ ਸੀ, ਪਰ ਸਰੂਪ ਦਾਸ ਭੱਲਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਦੇ ਸਿੱਖ ਸੰਘਰਸ਼ ਤੋਂ ਲੈ ਕੇ ਮਿਸਲਾਂ ਦੀ ਸਥਾਪਨਾ ਤੱਕ ਦੇ ਸਿੱਖ ਇਤਿਹਾਸ ਦੇ ਅਤਿ ਮਹੱਤਵਪੂਰਨ ਕਾਲ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਉਂਦਾ।

ਅਠਾਰ੍ਹਵੀਂ ਸਦੀਂ ਦੇ ਅਖ਼ੀਰਲੇ ਸਮੇਂ ਤਕਰੀਬਨ 1790 ਈ. ਦੇ ਨੇੜੇ ਤੇੜੇ ਸਰੂਪ ਸਿੰਘ ਕੌਸ਼ਿਸ਼ ਨੇ ਗੁਰੂ ਕੀਆਂ ਸਾਖੀਆਂ ਲਿਖੀਆਂ। ਭਾਈ ਸਰੂਪ ਸਿੰਘ ਕੌਸ਼ਿਸ਼ ਭੱਟਾਂ ਦੇ ਖ਼ਾਨਦਾਨ ਨਾਲ ਸੰਬੰਧਿਤ ਸੀ। ਇਸਨੇ ਆਪਣੇ ਵੱਡੇ-ਵਡੇਰਿਆਂ ਵੱਲੋਂ ਲਿਖੀਆਂ ਭੱਟ ਵਹੀਆਂ ਦੇ ਆਧਾਰ 'ਤੇ ਹੀ ਗੁਰੂ ਕੀਆਂ ਸਾਖੀਆਂ ਲਿਖੀਆਂ, ਜੋ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਚਾਨਣਾ ਪਾਉਂਦੀਆਂ ਹਨ। ਸਿੱਖ ਇਤਿਹਾਸ ਦੇ ਇਸ ਮਹੱਤਵਪੂਰਨ ਸ੍ਰੋਤ ਦਾ ਉਤਾਰਾ ਭੱਟ ਅੱਖਰੀ ਤੋਂ ਗੁਰਮੁਖੀ ਵਿੱਚ ਭੱਟ ਛੱਜੂ ਸਿੰਘ ਨੇ 1868 ਈ. ਵਿੱਚ ਕੀਤਾ। ਜਿਸ ਖਰੜੇ ਨੂੰ ਬਾਅਦ ਵਿੱਚ ਗਿਆਨੀ ਗਰਜਾ ਸਿੰਘ ਨੇ ਲੱਭਕੇ ਸੰਪਾਦਿਤ ਕੀਤਾ ਅਤੇ ਡਾ. ਪਿਆਰਾ ਸਿੰਘ ਪਦਮ ਨੇ 1986 ਈ. ਵਿੱਚ ਦੁਬਾਰਾ ਇਸੇ ਖਰੜੇ ਨੂੰ ਗਿਆਨੀ ਗਰਜਾ ਸਿੰਘ ਅਤੇ ਪਿਆਰਾ ਸਿੰਘ ਪਦਮ ਸਾਂਝੇ ਨਾਂਵਾਂ ਹੇਠ ਛਾਪਿਆ। ਇਸ ਤੋਂ ਇਲਾਵਾ ਭਾਈ

ਸਰੂਪ ਸਿੰਘ ਕੌਸ਼ਿਸ਼ ਦੇ ਛੋਟੇ ਭਰਾ ਸੇਵਾ ਸਿੰਘ ਭੱਟ ਨੇ ਭੱਟ ਵਹੀਆਂ ਦੇ ਆਧਾਰ 'ਤੇ ਹੀ 1803 ਈ. ਵਿੱਚ ਭਾਈ ਮਨੀ ਸਿੰਘ ਦਾ ਜੀਵਨ ਬਿਰਤਾਂਤ 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਦੇ ਸਿਰਲੇਖ ਹੇਠ ਕਵਿਤਾਮਈ ਰੂਪ ਵਿੱਚ ਲਿਖਿਆ ਅਤੇ ਭੱਟ ਛੱਜੂ ਸਿੰਘ ਨੇ ਇਸ ਦਾ ਵੀ 1870 ਈ. ਵਿੱਚ ਗੁਰਮੁਖੀ ਵਿੱਚ ਉਲੱਥਾ ਕੀਤਾ ਅਤੇ ਗਿਆਨੀ ਗਰਜਾ ਸਿੰਘ ਨੇ 1961 ਈ. ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੋਂ ਪ੍ਰਕਾਸ਼ਿਤ ਕਰਵਾਇਆ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦੇ ਨੇੜੇ-ਤੇੜੇ ਜਾਂ ਅਠਾਰ੍ਹਵੀਂ ਸਦੀ ਦੇ ਅਖ਼ੀਰਲੇ ਦੋ ਦਹਾਕਿਆਂ ਦੌਰਾਨ ਕੁਝ ਯੂਰਪੀਨ ਯਾਤਰੀ ਵੀ ਪੰਜਾਬ ਆਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਨਾਲ ਸੰਬੰਧਿਤ ਸਨ। ਉਸ ਸਮੇਂ ਦੌਰਾਨ ਈਸਟ ਇੰਡੀਆ ਕੰਪਨੀ ਦੀਆਂ ਹੱਦਾਂ ਤਕਰੀਬਨ ਦਿੱਲੀ ਦੇ ਗੁਆਂਢ ਤੱਕ ਅੱਪੜ ਚੁੱਕੀਆਂ ਸਨ। ਦੂਜੇ ਬੰਨੀਂ ਸਿੱਖ ਵੀ ਪੰਜਾਬ ਵਿੱਚ ਇੱਕ ਸ਼ਕਤੀਸ਼ਾਲੀ ਧਿਰ ਵਜੋਂ ਉੱਭਰ ਰਹੇ ਸਨ ਅਤੇ ਦਿੱਲੀ, ਅਵਧ ਦੇ ਇਲਾਕਿਆਂ ਵਿੱਚ ਵੀ ਆਪਣਾ ਹੋਂਦ ਦਾ ਅਹਿਸਾਸ ਕਰਵਾਉਂਦੇ ਸਨ। ਜਿਸ ਕਰ ਕੇ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਸਿੱਖਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਸਨ। ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਸਿੱਖਾਂ ਸੰਬੰਧੀ ਜਾਣਕਾਰੀ ਲੋਕਾਂ ਤੋਂ ਪੁੱਛ-ਪੁਛਾ ਕੇ ਇਕੱਠੀ ਕੀਤੀ ਅਤੇ ਸੰਤੁਲਿਤ ਰੂਪ ਵਿੱਚ ਪੇਸ਼ ਕੀਤਾ। ਪਰ ਪੰਜਾਬ ਅਤੇ ਸਿੱਖ ਸਭਿਆਚਾਰ ਤੋਂ ਅਣਜਾਣ ਹੋਣ ਕਰ ਕੇ ਅਤੇ ਪੰਜਾਬੀ ਬੋਲੀ ਦੀ ਸਮਝ ਨਾ ਹੋਣ ਕਰ ਕੇ, ਉਨ੍ਹਾਂ ਦੀਆਂ ਲਿਖਤਾਂ ਵਿੱਚ ਅਨੇਕਾਂ ਤਰੁੱਟੀਆਂ/ਗਲਤੀਆਂ ਪਾਈਆਂ ਜਾਂਦੀਆਂ ਹਨ। ਜੇਮਜ਼ ਬਰਾਊਨ, ਫਾਦਰ ਜ਼ੈਰੋਮ ਜ਼ੇਵੀਅਰ, ਜੌਹਨ ਸਰਮਨ ਅਤੇ ਐਡਵਰਡ ਸਟੀਫ਼ਨਸਨ, ਕਰਨਲ ਏ. ਐੱਲ. ਪੋਲੀਅਰ, ਚਾਰਲਸ ਵਿਲਿਕਿਨਜ਼, ਜਾਰਜ ਫ਼ੌਸਟਰ, ਵਿਲੀਅਮ ਫਰੈਂਕਲਿਨ ਆਦਿ ਪ੍ਰਸਿੱਧ ਯੂਰਪੀਨ ਲੇਖਕ ਸਨ, ਜਿਨ੍ਹਾਂ ਦੀਆਂ ਲਿਖਤਾਂ ਜਾਂ ਚਿੱਠੀ ਪੱਤਰਾਂ ਨੂੰ ਡਾ. ਗੰਡਾ ਸਿੰਘ ਨੇ 1962 ਈ. ਵਿੱਚ ਇਕੱਠਿਆਂ ਸੰਪਾਦਿਤ ਕਰ ਕੇ 'Early Accounts of the Sikhs' ਦੇ ਸਿਰਲੇਖ ਹੇਠ ਛਪਵਾਇਆ। ਇਸ ਤੋਂ ਇਲਾਵਾ ਜੇਮਜ਼ ਬਰਾਊਨ **ਵੀ** ਆਪਣੀ ਲਿਖਤ History of the Origin and Progress of Sikhs ਵਿੱਚ ਸਿੱਖ ਇਤਿਹਾਸ ਦੇ ਮਿਸਲ ਕਾਲ ਦੇ ਸਮੇਂ ਬਾਰੇ ਮਹੱਤਵਪੂਰਨ ਜਾਣਕਾਰੀ ਦੇ ਰਿਹਾ ਹੈ। ਜੇਮਜ਼ ਬਰਾਊਨ ਜੱਸਾ ਸਿੰਘ ਅਹਲੂਵਾਲੀਏ ਦੀ ਪ੍ਰਸਿੱਧਤਾ ਅਤੇ ਉਸ ਦੁਆਰਾ ਚਲਾਏ ਗਏ ਸਿੱਕੇ ਦਾ ਵੀ ਖ਼ਾਸ ਤੌਰ 'ਤੇ ਜ਼ਿਕਰ ਕਰਦਾ ਹੈ। ਜੇਮਜ਼ ਬਰਾਊਨ ਮਿਸਲ ਕਾਲ ਦੇ ਸਮੇਂ ਲਾਹੌਰ ਸ਼ਹਿਰ ਬਾਰੇ ਵੀ ਕਾਫ਼ੀ ਜਾਣਕਾਰੀ ਪ੍ਰਦਾਨ ਕਰਦਾ ਹੈ। ਉਹ ਮਿਸਲ ਕਾਲ ਦੇ ਸਮੇਂ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਨੂੰ

ਵੀ ਖ਼ਾਸ ਤਵੱਜੋ ਦਿੰਦਾ ਹੈ। ਜੇਮਜ਼ ਬ੍ਰਾਊਨ ਦੀ ਇਹ ਰਚਨਾ ਅਠਾਰ੍ਹਵੀਂ ਸਦੀਂ ਦੇ ਸਿੱਖਾਂ ਬਾਰੇ ਕਿਸੇ ਅੰਗਰੇਜ਼ ਲਿਖਾਰੀ ਦੁਆਰਾ ਲਿਖਿਆ ਗਿਆ ਪਹਿਲਾ ਬਾਕਾਇਦਾ ਵਿਵਸਥਿਤ ਪ੍ਰਬੰਧ ਹੈ।

ਸਿੱਖਾਂ ਬਾਰੇ ਜਾਣਕਾਰੀ ਦਿੰਦਾ 'The Sicques' ਨਾਂ ਦਾ ਇੱਕ ਖੋਜ ਪੱਤਰ ਮਿਲਦਾ ਹੈ, ਜੋ ਕਿ ਲਗਭਗ 1780 ਈ. ਵਿੱਚ ਲਿਖਿਆ ਗਿਆ ਤੇ 20 ਦਸੰਬਰ 1787 ਈ. ਨੂੰ ਕਲਕੱਤਾ ਵਿਖੇ ਏਸ਼ੀਆਟਕ ਸੁਸਾਇਟੀ ਆਫ਼ ਬੰਗਾਲ ਦੀ ਮੀਟਿੰਗ ਵਿੱਚ ਪੜ੍ਹਿਆ ਗਿਆ। ਇਹ ਖੋਜ ਪੱਤਰ ਯੂਰਪੀਅਨ ਲੇਖਕ ਕਰਨਲ ਪੋਲੀਅਰ ਦੀ ਰਚਨਾ ਹੈ। ਇਸ ਖੋਜ ਪੱਤਰ ਸਿੱਖ ਇਤਿਹਾਸ ਸੰਬੰਧੀ ਸਿਲਸਿਲੇਵਾਰ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਸਿੱਖ-ਰੁਹੇਲੇ, ਸਿੱਖ-ਮਰਹੱਟੇ, ਸਿੱਖ-ਰਾਜਪੂਤ ਆਦਿ ਦੇ ਸੰਬੰਧਾਂ ਬਾਰੇ ਵੀ ਜਾਣਕਾਰੀ ਦੇ ਰਿਹਾ ਹੈ। ਪੋਲੀਅਰ ਨੇ ਆਪਣੀ ਇਸ ਰਚਨਾ ਦਾ ਆਧਾਰ ਫ਼ਾਰਸੀ, ਅਰਬੀ ਅਤੇ ਸੰਸਕ੍ਰਿਤ ਭਾਸ਼ਾ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਪਹਿਲਾਂ ਲਿਖੇ ਜਾ ਚੁੱਕੇ ਖਰੜਿਆਂ ਨੂੰ ਬਣਾਇਆ ਹੈ। ਹਾਲਾਂਕਿ ਪੋਲੀਅਰ ਨੇ ਸਿੱਖ ਇਤਿਹਾਸ ਸੰਬੰਧੀ ਕਈ ਤੱਥਾਂ ਨੂੰ ਲੈ ਕੇ ਗਲਤੀਆਂ ਵੀ ਕੀਤੀਆਂ ਹਨ। ਜਿਸ ਕਰ ਕੇ ਉਸ ਦੀ ਲਿਖਤ ਵਿੱਚ ਸਿੱਖਾਂ ਪ੍ਰਤੀ ਪੱਖਪਾਤ ਅਤੇ ਪ੍ਰਤੀਭਾਵ ਦੇਖਣ ਨੂੰ ਮਿਲਦਾ ਹੈ। ਪਰ ਫ਼ੇਰ ਵੀ ਪੋਲੀਅਰ ਦੇ ਇਸ ਹੱਥਲੇ ਖੋਜ ਪੱਤਰ ਨੇ ਸਮਕਾਲੀ ਸਿੱਖ ਸਮਾਜ ਦੇ ਮਹੱਤਵਪੂਰਨ ਪੱਖਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸ ਪੱਤਰ ਵਿੱਚ ਸਿੱਖਾਂ ਦੇ ਆਗਮਨ ਅਤੇ ਵਿਕਾਸ, ਸੁਤੰਰਤਾ ਲਈ ਸੰਘਰਸ਼, ਫ਼ੌਜੀ ਰੁਝੇਵੇਂ, ਸਿੱਖ ਆਚਰਣ, ਸਿੱਖ ਰਾਜਨੀਤੀ ਪ੍ਰਬੰਧ, ਰਹਿਣੀ-ਬਹਿਣੀ, ਭੋਜਨ ਅਤੇ ਕੁੱਝ ਸਿੱਖ ਅਦਾਰਿਆਂ ਦਾ ਵਰਣਨ ਸ਼ਾਮਿਲ ਹੈ। ਉਹ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸਾਰੇ ਸਿੱਖ ਗੁਰੂਆਂ ਬਾਰੇ ਸੰਖੇਪ ਵਿੱਚ ਦੱਸਦਾ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ। ਉਸ ਦੁਆਰਾ ਸਿੱਖ ਅਫ਼ਗਾਨ-ਸੰਘਰਸ਼ ਬਾਰੇ ਜਾਣਕਾਰੀ ਤੋਂ ਇਲਾਵਾ ਗੁਰਮਤੇ ਬਾਰੇ ਚਾਨਣਾ ਪਾਉਂਦਿਆਂ ਅਠਾਰ੍ਹਵੀਂ ਸਦੀ ਦੇ ਸਿੱਖ ਜੱਥਿਆਂ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

1797 ਈ. ਵਿੱਚ 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਦੇ ਸਿਰਲੇਖ ਹੇਠ ਇਕ ਲਿਖਤ ਭਾਈ ਸੁੱਖਾ ਸਿੰਘ ਵੱਲੋਂ ਵੀ ਲਿਖੀ ਗਈ। ਪ੍ਰਾਪਤ ਜਾਣਕਾਰੀ ਮੁਤਾਬਿਕ ਉਨ੍ਹਾਂ ਸਮਿਆਂ ਦੇ ਵਿੱਚ ਗ੍ਰੰਥੀ ਸਿੰਘਾਂ ਦੇ ਅਹੁਦਿਆਂ ਦਾ ਨਿਯਮ ਪ੍ਰਚਲਿਤ ਨਾ ਹੋਣ ਕਰ ਕੇ ਭਾਈ ਸੁੱਖਾ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੀ ਸੇਵਾ ਸੰਭਾਲ ਕਰਦਾ ਸੀ। ਆਪਣੀ ਇਸ ਲਿਖਤ ਵਿੱਚ ਭਾਈ ਸੁੱਖਾ ਸਿੰਘ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਨੂੰ ਪੇਸ਼ ਕੀਤਾ ਹੈ। ਭਾਈ ਸੁੱਖਾ ਸਿੰਘ ਵੱਲੋਂ ਪੇਸ਼ ਕੀਤਾ ਦਸਵੇਂ ਗੁਰੂ ਸਾਹਿਬ ਦਾ ਇਹ ਬਿਰਤਾਂਤ ਬਿਲਕੁਲ ਵੀ ਇਤਿਹਾਸਿਕ ਨਹੀਂ ਜਾਪਦਾ, ਸਗੋਂ ਨਿਰਾ ਮਨੋਕਲਪਿਤ,

ਮਿਥਿਹਾਸਿਕ ਅਤੇ ਪੌਰਾਣਿਕ ਕਥਾਵਾਂ ਨਾਲ ਭਰਪੂਰ ਹੈ। ਭਾਈ ਸੁੱਖਾ ਸਿੰਘ ਗੁਰੂ ਸਾਹਿਬ ਨੂੰ ਦੇਵੀ ਦਾ ਪੁਜਾਰੀ ਦੱਸਦਾ ਹੈ ਅਤੇ ਗੁਰੂ ਜੀ ਵੱਲੋਂ ਦੇਵੀ ਪ੍ਰਗਟ ਕਰਨ ਲਈ ਹਵਨ ਕਰਨ ਦਾ ਜ਼ਿਕਰ ਵੀ ਕਰਦਾ ਹੈ। ਇਸ ਤਰ੍ਹਾਂ ਇਸ ਲੇਖਕ ਨੇ ਖ਼ਾਲਸਾਈ ਰਹਿਤ ਮਰਯਾਦਾ ਨੂੰ ਵਿਗਾੜ ਕੇ ਪੇਸ਼ ਕੀਤਾ ਹੈ। ਇਸ ਵਿੱਚ ਦੱਸੇ ਸੰਨ-ਸੰਮਤ, ਮਹੀਨੇ ਤਕਰੀਬਨ ਗਲਤ ਹਨ ਅਤੇ ਘਟਨਾਵਾਂ ਵੀ ਸਿਲਸਿਲੇਵਾਰ ਨਹੀਂ ਦਿੱਤੀਆਂ ਹੋਈਆਂ ਹਨ।[30] ਭਾਈ ਸੁੱਖਾ ਸਿੰਘ ਵੱਲੋਂ ਇਹ ਲਿਖਤ 1797 ਈ. ਪੂਰੀ ਕੀਤੀ ਗਈ, ਪਰ ਵੇਲੇ ਦੀਆਂ ਸਮਕਾਲੀ ਘਟਨਾਵਾਂ, ਸਿੱਖ ਮਿਸਲਾਂ, ਸਿੱਖ ਰਾਜ, ਉਸ ਸਮੇਂ ਤੱਕ ਸਿੱਖਾਂ ਵੱਲੋਂ ਲੜੀਆਂ ਲੜਾਈਆਂ ਸੰਬੰਧੀ ਜਾਣਕਾਰੀ ਤੋਂ ਇਹ ਲਿਖਤ ਬਿਲਕੁਲ ਸੱਖਣੀ ਹੈ। ਇਸ ਲਿਖਤ ਦੇ ਅੱਖਰ ਬੇਸ਼ੱਕ ਗੁਰਮੁਖੀ ਦੇ ਹਨ, ਪਰ ਬੋਲੀ ਸਾਧਵੀ ਜਾਂ ਹਿੰਦੀ ਹੈ, ਜਿਸ ਨੂੰ ਬ੍ਰਜ ਭਾਸ਼ਾ ਵੀ ਕਿਹਾ ਜਾਂਦਾ ਹੈ।

ਭਾਈ ਸੁੱਖਾ ਸਿੰਘ ਦੀ ਲਿਖਤ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਰਗੀ ਇੱਕ ਹੋਰ ਲਿਖਤ 'ਸਿੰਘ ਸਾਗਰ' ਵੀ ਗੁਰੂ ਗੋਬਿੰਦ ਸਿੰਘ ਦਾ ਜੀਵਨ ਬਿਰਤਾਂਤ ਦਿੰਦੀ ਹੈ। ਇਹ ਲਿਖਤ 1827 ਈ. ਵਿੱਚ ਵੀਰ ਸਿੰਘ ਬੱਲ ਨਾਂ ਦੇ ਲੇਖਕ ਵੱਲੋਂ ਲਿਖੀ ਗਈ।[31] 1832-33 ਈ. ਵਿੱਚ ਭਾਈ ਵੀਰ ਸਿੰਘ ਬੱਲ ਨੇ 'ਸ੍ਰੀ ਗੁਰਕੀਰਤ ਪ੍ਰਕਾਸ਼' ਨਾਂ ਦੀ ਦਸ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਦਿੰਦੀ ਪੁਸਤਕ ਵੀ ਲਿਖੀ। ਇਸ ਪੁਸਤਕ ਦੀ ਭਾਸ਼ਾ ਵੀ ਬ੍ਰਜ ਅਤੇ ਸ਼ਬਦਾਵਲੀ ਕਠਿਨ ਸੀ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੂੰ ਵਿਦਵਾਨ ਰੱਖਣ ਦਾ ਅਤੇ ਉਨ੍ਹਾਂ ਪਾਸੋਂ ਸਿੱਖ ਇਤਿਹਾਸ ਅਤੇ ਸਿੱਖ ਧਰਮ ਬਾਰੇ ਲਿਖਵਾਉਣ ਦਾ ਕਾਫ਼ੀ ਸ਼ੌਂਕ ਸੀ। ਭਾਈ ਵੀਰ ਸਿੰਘ ਬੱਲ ਨੇ ਵੀ ਆਪਣੀ ਰਚਨਾਵਾਂ ਮਹਾਰਾਜਾ ਕਰਮ ਸਿੰਘ ਨੂੰ ਕੁਝ ਕਰ ਦਿਖਾਉਣ ਦੀ ਹੋੜ ਵਿੱਚ ਲਿਖੀਆਂ ਜਾਪਦੀਆਂ ਹਨ।

ਭਾਈ ਵੀਰ ਸਿੰਘ ਬੱਲ ਦੇ ਹੋਰ ਵੀ ਕਈ ਸਮਕਾਲੀ ਲੇਖਕ ਸਨ, ਪਰ ਇਹਨਾਂ ਦੀਆਂ ਲਿਖਤਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਆਪਸ ਵਿੱਚ ਕੋਈ ਰਾਬਤਾ ਨਹੀਂ ਸੀ। ਇਹ ਸਮਕਾਲੀ ਲੇਖਕ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਸਨ। ਰਤਨ ਸਿੰਘ ਭੰਗੂ ਨੇ 1841 ਈ. ਵਿੱਚ 33 ਸਾਲਾਂ ਦੀ ਕਠਿਨ ਮਿਹਨਤ ਨਾਲ ਸ੍ਰੀ ਗੁਰ ਪੰਥ ਪ੍ਰਕਾਸ਼ ਰਚਿਆ, ਜਿਸ ਵਿੱਚ ਉਸ ਨੇ ਖ਼ਾਸ ਕਰ ਸ਼ਹੀਦ ਸਿੰਘਾਂ ਦਾ ਜੀਵਨ ਅਤੇ ਘਟਨਾਕ੍ਰਮ ਵਿਸਥਾਰ ਨਾਲ ਬਿਆਨ ਕੀਤਾ। ਉਸ ਨੇ ਆਪਣੀ ਲਿਖਤ ਵਿੱਚ ਸਿੱਖ ਪੰਥ ਦੀ ਬੇਮਿਸਾਲ ਘਾਲਣਾ ਨੂੰ ਦਰਸਾਇਆ। ਰਤਨ ਸਿੰਘ ਭੰਗੂ ਨੇ ਇਹ ਕੰਮ ਅੰਗਰੇਜ਼ ਅਫ਼ਸਰ ਕਪਤਾਨ ਮਰੇ ਦੇ ਕਹਿਣ 'ਤੇ

---

[30] ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ (1797),* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989 (ਮੁੜ ਪ੍ਰਕਾਸ਼ਿਤ).

[31] ਭਾਈ ਵੀਰ ਸਿੰਘ ਬੱਲ, *ਸਿੰਘ ਸਾਗਰ,* (ਸੰਪਾ. ਕ੍ਰਿਸ਼ਨਾ ਕੁਮਾਰੀ ਕਾਂਸਲ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਅੰਗਰੇਜ਼ਾਂ ਨੂੰ ਆਪਣੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਲਈ 'ਸ੍ਰੀ ਗੁਰ ਪੰਥ ਪ੍ਰਕਾਸ਼' ਲਿਖ ਕੇ ਕੀਤਾ। ਗੁਰਬਚਨ ਸਿੰਘ ਨਈਅਰ ਦੇ ਵਿਚਾਰ ਅਨੁਸਾਰ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕੁਝ ਕੁ ਲਿਖਤੀ ਨੁਸਖੇ ਹਨ। ਉਹ ਇਸ ਦਾ ਸਭ ਤੋਂ ਪਹਿਲਾਂ ਖਰੜਾ ਪਿੰਡ ਮੀਰਾਂਕੋਟ ਵਿਖੇ 1842 ਈ. ਵਿੱਚ ਲਿਖਿਆ ਮੰਨਦਾ ਹੈ, ਜਿਸ ਦਾ ਆਕਾਰ ਉਹ 9''x7½'' ਦੱਸਦਾ ਹੈ। ਉਸ ਅਨੁਸਾਰ ਇਸ ਪੁਸਤਕ ਦੀ ਦੂਸਰੀ ਕਾਪੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬ੍ਰੇਰੀ ਵਿੱਚ ਹੈ ਅਤੇ ਤੀਸਰੀ ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਸੁਰੱਖਿਅਤ ਹੈ। ਗੁਰਬਚਨ ਸਿੰਘ ਨਈਅਰ ਇਹ ਵੀ ਦਾਅਵਾ ਕਰਦਾ ਹੈ ਕਿ ਇਹਨਾਂ ਪਲੇਠੀਆਂ ਕਾਪੀਆਂ ਨਾਲ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਕੀਤੀ ਗਈ ਪੋਥੀ ਦਾ ਵਿਸ਼ਾ ਵਸਤੂ ਅਤੇ ਪਾਠਾਂਤਰ, ਵਾਧ-ਘਾਟ ਮਿਲਦੇ ਹਨ। ਉਸ ਅਨੁਸਾਰ ਇਸ ਗ੍ਰੰਥ ਦਾ ਇਕ ਉਤਾਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਵੀ ਮੌਜੂਦ ਹੈ।[32] ਸ੍ਰੀ ਗੁਰ ਪੰਥ ਪ੍ਰਕਾਸ਼ ਦਾ ('ਪ੍ਰਾਚੀਨ' ਸ਼ਬਦ ਅੱਗੇ ਲਾਕੇ) ਸਭ ਤੋਂ ਪਹਿਲਾ ਪ੍ਰਕਾਸ਼ਨ ਭਾਈ ਵੀਰ ਸਿੰਘ ਨੇ ਸੰਪਾਦਿਤ ਕਰ ਕੇ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ 1914 ਈ. ਵਿੱਚ ਪ੍ਰਕਾਸ਼ਿਤ ਕਰਵਾਇਆ। ਇਸ ਗ੍ਰੰਥ ਦੇ ਅਗਲੇ ਅਡੀਸ਼ਨ ਜਿਵੇਂ ਕਿ 1939 ਈ. ਵਿੱਚ ਦੂਜਾ, 1952 ਈ. ਵਿੱਚ ਤੀਜਾ, 1962 ਈ. ਵਿੱਚ ਚੌਥਾ, 1982 ਈ. ਵਿੱਚ ਪੰਜਵਾਂ, 1993 ਈ. ਵਿੱਚ ਛੇਵਾਂ, 1998 ਈ. ਵਿੱਚ ਸੱਤਵਾਂ ਪ੍ਰਕਾਸ਼ਿਤ ਕਰਵਾਏ ਗਏ। ਪ੍ਰਾਚੀਨ ਪੰਥ ਪ੍ਰਕਾਸ਼ ਦਾ ਅੱਠਵਾਂ ਅਡੀਸ਼ਨ 2008 ਈ. ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ, ਜੋ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਸੀ। ਇਨ੍ਹਾਂ ਅਡੀਸ਼ਨਾਂ ਤੋਂ ਇਲਾਵਾ ਡਾ. ਜੀਤ ਸਿੰਘ ਸੀਤਲ ਦੁਆਰਾ, ਸਿੱਖ ਇਤਿਹਾਸ ਰਿਸਰਚ ਬੋਰਡ ਅੰਮ੍ਰਿਤਸਰ ਵੱਲੋਂ 1984 ਈ. ਵਿੱਚ ਰਤਨ ਸਿੰਘ ਭੰਗੂ ਵਾਲੇ ਪੰਥ ਪ੍ਰਕਾਸ਼ ਨੂੰ ਪ੍ਰਕਾਸ਼ਿਤ ਕਰਵਾਇਆ ਗਿਆ। ਡਾ. ਜੀਤ ਸਿੰਘ ਸੀਤਲ ਨੇ ਇਸ ਦੀ ਸੰਪਾਦਨਾ ਲਈ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪ੍ਰਾਚੀਨ ਪੰਥ ਪ੍ਰਕਾਸ਼ ਨੂੰ ਹੀ ਆਧਾਰ ਬਣਾਇਆ। ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਨੇ 2000 ਈ. ਇਸ ਗ੍ਰੰਥ ਨੂੰ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਰਾਹੀਂ ਤੀਜੇ ਪ੍ਰਕਾਸ਼ਨ ਦੇ ਰੂਪ 'ਚ ਦੋ ਜ਼ਿਲਦਾਂ ਵਿੱਚ ਪ੍ਰਕਾਸ਼ਿਤ ਕਰਵਾਇਆ। ਇਸ ਦਾ ਆਧਾਰ ਵੀ ਭਾਈ ਵੀਰ ਸਿੰਘ ਵਾਲੇ ਪ੍ਰਾਚੀਨ ਪੰਥ ਪ੍ਰਕਾਸ਼ ਨੂੰ ਹੀ ਬਣਾਇਆ ਗਿਆ, ਪਰ ਫ਼ਰਕ ਸਿਰਫ਼ ਏਨਾ ਹੈ ਕਿ ਹਰੇਕ ਬੰਦ ਦੇ ਸਰਲ ਅਰਥ 'ਤੇ ਵਿਆਖਿਆ ਨਾਲੋ ਨਾਲ ਕੀਤੀ ਗਈ ਹੈ। ਰਤਨ ਸਿੰਘ ਭੰਗੂ ਵਾਲੇ ਪੰਥ ਪ੍ਰਕਾਸ਼ ਨੂੰ ਪ੍ਰੋਫ਼ੈਸਰ ਬਲਵੰਤ ਸਿੰਘ ਢਿੱਲੋਂ ਦੁਆਰਾ 2004 ਈ. ਵਿੱਚ ਸ੍ਰੀ ਗੁਰ ਪੰਥ ਪ੍ਰਕਾਸ਼ ਦੇ ਨਾਂ ਹੇਠ ਪਦ ਟਿੱਪਣੀਆਂ ਅਤੇ ਤਤਕਰੇ ਸਮੇਤ ਸਿੰਘ ਬ੍ਰਦਰਜ਼ ਅੰਮ੍ਰਿਤਸਰ ਪਾਸੋਂ ਪ੍ਰਕਾਸ਼ਿਤ ਕਰਵਾਇਆ ਗਿਆ। ਕੁਲਵੰਤ

---

[32] ਗੁਰਬਚਨ ਸਿੰਘ ਨਈਅਰ, *ਮੌਖਿਕ ਇਤਿਹਾਸ,* ਨੈਸ਼ਨਲ ਬੁੱਕ ਆਰਗਨਾਈਜ਼ੇਸ਼ਨ, ਨਵੀਂ ਦਿੱਲੀ, 1990, ਪੰਨਾ 187.

ਸਿੰਘ ਦੁਆਰਾ 2006 ਈ. ਵਿੱਚ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਸੰਪਾਦਨ ਅਤੇ ਅੰਗਰੇਜ਼ੀ ਵਿੱਚ ਅਨੁਵਾਦ ਕਰ ਕੇ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਗਿਆ। ਸਿੱਖ ਗੁਰੂ ਸਾਹਿਬਾਨ ਬਾਰੇ ਲੇਖਕ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡਕੇ ਬਾਕੀ ਗੁਰੂ ਸਾਹਿਬਾਨ ਬਾਰੇ ਬਹੁਤ ਹੀ ਸੰਖੇਪ ਜਾਣਕਾਰੀ ਦਿੱਤੀ ਅਤੇ ਅਠਾਰ੍ਹਵੀਂ ਸਦੀ ਦੇ ਸਿੱਖਾਂ ਨਾਲ ਸੰਬੰਧਿਤ ਖ਼ਾਸ ਕਰ ਕੇ ਆਪਣੇ ਖ਼ਾਨਦਾਨ ਨਾਲ ਸੰਬੰਧਿਤ ਧਿਰਾਂ ਨੂੰ ਹੀ ਉਭਾਰਿਆ ਹੈ।

ਸਿੱਖ ਇਤਿਹਾਸ ਸੰਬੰਧੀ ਮੱਹਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਅਗਲਾ ਮਹੱਤਵਪੂਰਨ ਸ੍ਰੋਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਹੈ, ਜਿਸ ਦੀ ਰਚਨਾ ਭਾਈ ਸੰਤੋਖ ਸਿੰਘ ਚੂੜਾਮਣਿ ਨੇ ਕੀਤੀ। ਇਹ 1843 ਈ. ਵਿੱਚ ਸੰਤੋਖ ਸਿੰਘ ਨੇ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਪੂਰਾ ਕੀਤਾ। ਭਾਈ ਸੰਤੋਖ ਸਿੰਘ ਨੇ 1469 ਈ. ਤੋਂ ਲੈ ਕੇ 1716 ਈ. ਤੱਕ ਦੇ 247 ਸਾਲਾ ਦੇ ਸਿੱਖ ਇਤਿਹਾਸ ਨੂੰ ਆਪਣੀ ਇਸ ਲਿਖਤ ਵਿੱਚ ਕਲਮਬੱਧ ਕੀਤਾ। ਲੇਖਕ ਨੇ ਇਸ ਗ੍ਰੰਥ ਵਿੱਚ ਇਤਿਹਾਸ ਦੇ ਨਾਲ-ਨਾਲ ਮਿਥਿਹਾਸਿਕ ਤੇ ਕਾਲਪਨਿਕ ਕਥਾਵਾਂ ਦਾ ਵੀ ਖੂਬ ਪ੍ਰਯੋਗ ਕੀਤਾ ਹੈ। ਪਰ ਫ਼ੇਰ ਵੀ ਇਹ ਗ੍ਰੰਥ ਸਿੱਖ ਗੁਰੂ ਸਾਹਿਬਾਨ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਗ੍ਰੰਥ ਗੁਰੂ ਕਾਲ ਦੇ ਵੇਲੇ ਪੰਜਾਬ ਦੀਆਂ ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਨੂੰ ਵੀ ਉਜਾਗਰ ਕਰਦਾ ਹੈ। ਇਸ ਇਤਿਹਾਸਿਕ ਕਾਵਿ ਨੂੰ ਨਿਰੋਲ ਇਤਿਹਾਸਿਕ ਕਹਿਣਾ ਸਹੀ ਨਹੀਂ ਹੋਵੇਗਾ। ਕਵੀ ਸੰਤੋਖ ਸਿੰਘ ਨੇ ਇਸ ਗ੍ਰੰਥ ਨੂੰ ਇੱਕ ਵਿਚਾਰਧਾਰਾ ਅਨੁਸਾਰ ਵੀਹ ਅਧਿਆਇ, ਗਿਆਰਾਂ ਸੌ ਇਕਵੰਜਾ ਅੰਸ਼ ਤੇ ਇਕਵੰਜਾ ਹਜ਼ਾਰ ਅੱਠ ਸੌ ਉਨੱਤੀ ਛੰਦ ਲਿਖੇ ਹਨ। ਸਿੱਖ ਇਤਿਹਾਸ ਦੀ ਸੰਪੂਰਨ ਕਥਾ ਨੂੰ ਸੂਰਜ ਦੀ ਚਾਲ ਦੇ ਆਧਾਰ 'ਤੇ ਬਾਰਾ ਰਾਸਾਂ, ਛੇ ਰੁੱਤਾਂ ਅਤੇ ਦੋ ਈਨਾਂ ਵਿੱਚ ਵੰਡਿਆ ਹੋਇਆ ਹੈ।[33] ਇਸ ਗ੍ਰੰਥ ਦੀ ਸੰਪਾਦਨਾ ਵੀ ਭਾਈ ਵੀਰ ਸਿੰਘ ਨੇ ਕੀਤੀ। ਇਸ ਰਚਨਾ ਵਿੱਚ ਚਮਤਕਾਰਾਂ ਦਾ ਬੋਲਬਾਲਾ ਹੋਣ ਕਰ ਕੇ ਕਈ ਥਾਂ 'ਤੇ ਇਤਿਹਾਸਿਕ ਤੱਥ ਵੀ ਮਿਥਿਹਾਸ ਦਾ ਰੂਪ ਲੈ ਲੈਂਦੇ ਹਨ। ਇਸ ਗ੍ਰੰਥ ਵਿੱਚ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਕਵੀ ਹਿੰਦੂ ਧਰਮ ਦੀ ਦੇਵੀ-ਦੇਵਤਿਆਂ ਪ੍ਰਤੀ ਸ਼ਰਧਾ ਵੀ ਰੂਪਮਾਨ ਹੋ ਰਹੀ ਹੈ। ਇਸ ਗ੍ਰੰਥ ਵਿੱਚ ਗੁਰੂ ਸਾਹਿਬਾਨ ਸੰਬੰਧੀ ਜਾਂ ਗੁਰੂ ਕਾਲ ਦੀਆਂ ਘਟਨਾਵਾਂ ਸੰਬੰਧੀ ਬਹੁਤ ਹੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਜਾਣਕਾਰੀ ਦਿੰਦਾ ਹੋਇਆ ਕਵੀ, ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਵੀ

---

[33] ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼ ਗ੍ਰੰਥ,* (ਸੰਪਾ. ਭਗਵਾਨ ਗੋਇਲ), ਪੰਜਾਬੀ, ਯੂਨੀਵਰਸਿਟੀ ਪਟਿਆਲਾ, 1972, ਪੰਨੇ 31-36.

ਜਾਣਕਾਰੀ ਪ੍ਰਦਾਨ ਕਰਦਾ ਹੈ। ਭਾਈ ਸੰਤੋਖ ਸਿੰਘ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਸਾਜ ਕੇ ਨਵਾਂ ਪੰਥ ਚਲਾਉਣ ਨੂੰ ਦੇਵੀ ਦਾ ਮਿਲਿਆ ਵਰ ਦੱਸਦਾ ਹੈ ਅਤੇ ਇਸ ਸੰਬੰਧੀ ਇੱਕ ਲੰਮੀ ਭੂਮਿਕਾ ਲਿਖ ਰਿਹਾ ਹੈ। ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਕਵੀ ਦੀ ਜਾਣਕਾਰੀ ਇਤਿਹਾਸਿਕ ਪੱਖੋਂ ਊਣੀ ਹੈ। ਭਾਈ ਸੰਤੋਖ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਘਟਨਾਕ੍ਰਮ ਨੂੰ ਬੜੇ ਹੀ ਵਿਸਥਾਰਮਈ ਰੂਪ ਵਿੱਚ ਪੇਸ਼ ਕੀਤਾ। ਜਿੱਥੇ ਰਤਨ ਸਿੰਘ ਭੰਗੂ ਦੀ ਲਿਖਤ ਦਾ ਮਨੋਰਥ ਅੰਗਰੇਜ਼ਾਂ ਨੂੰ ਸਿੱਖਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਣੀ ਜਾਪਦਾ ਹੈ, ਉੱਥੇ ਭਾਈ ਸੰਤੋਖ ਸਿੰਘ ਦਾ ਮਨੋਰਥ ਗੁਰੂ ਸਾਹਿਬਾਨ ਦੇ ਜੀਵਨ ਦੀ ਉੱਚਮਤਾ ਨੂੰ ਸਿੱਖਾਂ ਦੇ ਮਨਾਂ ਵਿੱਚ ਸਥਾਪਿਤ ਕਰਨਾ ਜਾਪਦਾ ਹੈ। ਭਾਈ ਸੰਤੋਖ ਸਿੰਘ ਦੀ ਲਿਖਤ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸਭ ਤੋਂ ਪਹਿਲਾਂ ਦੀਵਾਨ ਬੂਟਾ ਸਿੰਘ ਨੇ ਲਾਹੌਰ ਤੋਂ ਛਾਪਿਆ, ਜਿਸ ਦੀਆਂ ਕੁਝ ਜਿਲਦਾਂ ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਉਪਲੱਬਧ ਹਨ। ਇਹ ਪੱਥਰ ਛਾਪ ਵਿੱਚ ਹਨ। 1934 ਈ. ਵਿੱਚ ਇਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਿਤ ਕੀਤਾ ਅਤੇ ਖ਼ਾਲਸਾ ਟ੍ਰੈਕਟ ਸੋਸਾਇਟੀ ਨੇ ਦੋ ਵਾਰ 1934 ਈ. ਅਤੇ 1936 ਈ. ਵਿੱਚ ਛਾਪਿਆ। ਫ਼ੇਰ ਇਸ ਗ੍ਰੰਥ ਦੀਆਂ ਪੋਥੀਆਂ ਮਈ 1954 ਈ. ਵਿੱਚ ਅਤੇ ਫ਼ੇਰ ਜੁਲਾਈ 1961 ਈ. ਤੋਂ ਜੁਲਾਈ 1965 ਈ. ਤੱਕ ਵੱਖ-ਵੱਖ ਮਹੀਨਿਆਂ ਵਿੱਚ ਖ਼ਾਲਸਾ ਸਮਾਚਾਰ ਅੰਮ੍ਰਿਤਸਰ ਵੱਲੋਂ ਛਾਪੀਆਂ ਗਈਆਂ। ਭਾਈ ਵੀਰ ਸਿੰਘ ਨੇ 1954 ਈ. ਵਿੱਚ ਇਸ ਦੀ ਮੁੜ ਛਪਾਈ ਕਰਵਾਈ। ਫ਼ੇਰ ਭਾਸ਼ਾ ਵਿਭਾਗ ਪੰਜਾਬ ਨੇ ਇਸ ਨੂੰ 1989 ਈ. ਤੋਂ 1992 ਈ. ਤੱਕ ਛਾਪਿਆ। 1954 ਈ. ਵਾਲੇ ਸੰਸਰਕਣ ਦੇ ਆਧਾਰ 'ਤੇ ਇਸ ਗ੍ਰੰਥ ਦੀ ਪਹਿਲੀ ਜਿਲਦ ਜਿਸ ਦੇ 256 ਪੰਨੇ ਹਨ, ਜੋ ਭਾਈ ਵੀਰ ਸਿੰਘ ਨੇ ਵਿਸਥਾਰਿਤ ਬੰਦ ਵਜੋਂ ਲਿਖੀ ਅਤੇ ਬਾਕੀ ਦੀਆਂ 13 ਜਿਲਦਾਂ ਭਾਈ ਸੰਤੋਖ ਸਿੰਘ ਵੱਲੋਂ ਲਿਖੀਆਂ ਹੋਈਆਂ ਹਨ। ਇਸ ਤਰ੍ਹਾਂ ਭਾਈ ਸੰਤੋਖ ਸਿੰਘ ਦੀ ਇਹ ਲਿਖਤ ਕੁੱਲ 14 ਜਿਲਦਾਂ ਵਿੱਚ ਵੰਡਿਆ 6415 ਪੰਨਿਆ ਦਾ ਇੱਕ ਵਿਸ਼ਾਲ ਸੰਗ੍ਰਹਿ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਛਾਪਿਆ ਗਿਆ ਹੈ।

ਗਿਆਨੀ ਗਿਆਨ ਸਿੰਘ ਦੀ ਲਿਖਤ ਸ੍ਰੀ ਗੁਰ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ਅਤੇ ਭਾਈ ਸੰਤੋਖ ਸਿੰਘ ਤੋਂ ਬਾਅਦ ਦੀ ਲਿਖਤ ਹੈ। ਗਿਆਨੀ ਗਿਆਨ ਸਿੰਘ ਨੇ ਇਹ ਪੰਥ ਪ੍ਰਕਾਸ਼ ਆਪਣੇ ਗੁਰੂ ਤਾਰਾ ਸਿੰਘ ਨਰੋਤਮ ਦੇ ਕਹਿਣ 'ਤੇ ਲਿਖਿਆ। ਸਿੱਖ ਸੰਗਤਾਂ ਤੱਕ ਸਿੱਖ ਇਤਿਹਾਸ ਨੂੰ ਪੂਰਨ ਰੂਪ ਵਿੱਚ ਪਹੁੰਚਾਉਣ ਲਈ ਗਿਆਨੀ ਗਿਆਨ ਸਿੰਘ ਨੇ ਇਹ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿਰਜਣ ਦਾ ਅਣਥੱਕ ਉੱਪਰਾਲਾ ਕੀਤਾ। ਗਿਆਨੀ ਗਿਆਨ ਸਿੰਘ ਪਹਿਲਾ ਸਿੱਖ ਵਿਦਵਾਨ ਸੀ, ਜਿਸ ਨੇ ਤਕਰੀਬਨ 40 ਸਾਲ ਘੁੰਮ ਫਿਰ ਕੇ ਏਧਰੋਂ

ਓਧਰੋਂ ਸਿੱਖ ਇਤਿਹਾਸ ਦੀ ਵੱਡਮੁੱਲੀ ਸਮੱਗਰੀ ਇਕੱਠੀ ਕੀਤੀ ਅਤੇ ਫ਼ੇਰ ਸੰਪੂਰਨ ਸਿੱਖ ਇਤਿਹਾਸ ਦੇ ਰੂਪ ਵਿੱਚ ਇਸ ਨੂੰ ਸੰਕਲਿਤ ਕੀਤਾ। ਗਿਆਨੀ ਗਿਆਨ ਸਿੰਘ ਨੇ ਸਿੱਖ ਧਰਮ ਦੀ ਤਵਾਰੀਖ਼ ਵੀ ਲਿਖੀ ਅਤੇ ਸ੍ਰੀ ਗੁਰ ਪ੍ਰੰਥ ਪ੍ਰਕਾਸ਼ ਵਿੱਚ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਪਣੇ ਸਵਰਗਵਾਸ ਹੋਣ ਤੱਕ ਦੇ ਵੇਲੇ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਹਰ ਪੱਖ ਨੂੰ ਸੁੰਦਰ ਛੰਦਬੰਦੀ ਵਿੱਚ ਕਲਮਬੰਦ ਕੀਤਾ ਹੈ। ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਸਾਰੇ ਸਿੱਖ ਇਤਿਹਾਸ ਨੂੰ ਸਿਲਸਿਲੇਵਾਰ ਕਲਮਬੱਧ ਕੀਤਾ। ਗਿਆਨੀ ਗਿਆਨ ਸਿੰਘ ਦਾ ਸ੍ਰੀ ਗੁਰ ਪੰਥ ਪ੍ਰਕਾਸ਼ ਆਪਣੇ ਸਮੇਂ ਦੀ ਇੱਕੋ ਇੱਕ ਅਜਿਹੀ ਲਿਖਤ ਹੈ, ਜੋ ਸਿੱਖ ਧਰਮ ਦੇ ਉਦੈ ਭਾਵ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ ਦਾ ਵੇਲਾ, ਸਿੱਖਾਂ ਦਾ ਸੰਘਰਸ਼ਮਈ ਸਮਾਂ, ਮਿਸਲ ਕਾਲ, ਖ਼ਾਲਸਾ ਰਾਜ, ਉਦਾਸੀ ਪ੍ਰੰਪਰਾ, ਨਿਰਮਲ ਸੰਪ੍ਰਦਾਇ, ਅਕਾਲੀ ਨਿਹੰਗ ਸਿੰਘ ਅਤੇ ਨਾਮਧਾਰੀ ਲਹਿਰ ਆਦਿ ਬਾਰੇ ਤਾਰੀਖ਼ਾਂ ਜਾਂ ਮਿਤੀਆਂ ਸਮੇਤ ਤਰਤੀਬਵਾਰ ਇਤਿਹਾਸਿਕ ਤੌਰ ‘ਤੇ ਪੂਰਨ ਭਰੋਸੇਮੰਦ, ਯਥਾਯੋਗ ਅਤੇ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। 1878 ਈ. ਤੋਂ 1880 ਈ. ਦੇ ਦੌਰਾਨ ਸ੍ਰੀ ਗੁਰ ਪੰਥ ਪ੍ਰਕਾਸ਼ ਦਿੱਲੀ ਤੋਂ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। 1889 ਈ. ਵਿੱਚ ਲਾਹੌਰ ਤੋਂ ਇਸ ਦਾ ਦੂਜਾ ਅਡੀਸ਼ਨ ਤੇ ਅੰਮ੍ਰਿਤਸਰ ਤੋਂ ਤੀਜਾ ਅਡੀਸ਼ਨ, 1895 ਈ. ਵਿੱਚ ਚੌਥੀ ਅਡੀਸ਼ਨ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਛਪੀ। ਇਸ ਅਡੀਸ਼ਨ ਦੇ ਛਪਣ ਨਾਲ ਸ੍ਰੀ ਗੁਰ ਪ੍ਰੰਥ ਪ੍ਰਕਾਸ਼ 60-70 ਨਿਵਾਸਾਂ ਤੋਂ ਵੱਧਕੇ 114 ਨਿਵਾਸ ਦਾ ਹੋ ਗਿਆ। ਇਹ ਵਾਧਾ ਗਿਆਨੀ ਗਿਆਨ ਸਿੰਘ ਦੇ ਕੰਮ ਕਰਨ ਦੀ ਸਮਰੱਥਾ, ਨਿਰੰਤਰ ਸੋਧ, ਲਗਨ ਨਾਲ ਹੀ ਸੰਭਵ ਹੋ ਸਕਿਆ। ਗਿਆਨੀ ਗਿਆਨ ਸਿੰਘ ਨੇ ਇਸ ਵੱਡੇ ਖੋਜ ਕਾਰਜ ਨੂੰ ਡੂੰਘੀ ਸੂਝ-ਬੂਝ ਮਿਹਨਤ ਅਤੇ ਘਾਲਣਾ ਨਾਲ ਅੰਜਾਮ ਦਿੱਤਾ। ਉਸ ਤੋਂ ਬਾਅਦ 1899 ਈ. ਅਤੇ 1923 ਈ. ਵਿੱਚ ਵੀ ਇਸ ਖਰੜੇ ਦੀ ਪ੍ਰਕਾਸ਼ਨਾ ਕੀਤੀ ਗਈ। 1970 ਈ. ਵਿੱਚ ਇਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪਿਆ ਗਿਆ। 1970-74 ਈ. ਵਿੱਚ ਗਿਆਨੀ ਕ੍ਰਿਪਾਲ ਸਿੰਘ ਨੇ ਤਿੰਨੇ ਪੱਥਰ ਛਾਪ ਖਰੜਿਆਂ ਨੂੰ ਸਾਹਮਣੇ ਰੱਖ ਕੇ ਛੇ ਭਾਗਾਂ ਵਿੱਚ ‘ਸ੍ਰੀ ਗੁਰ ਪੰਥ ਪ੍ਰਕਾਸ਼’ ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ। ਭਾਸ਼ਾ ਵਿਭਾਗ ਪੰਜਾਬ ਵੱਲੋਂ 1970 ਈ. ਵਿੱਚ ਪ੍ਰਕਾਸ਼ਿਤ ਕੀਤੇ ਪੰਥ ਪ੍ਰਕਾਸ਼ ਦੇ ਖਰੜੇ ਨੂੰ ਦੁਬਾਰਾ 1987 ਈ. ਵਿੱਚ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ। ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਨੂੰ ਲਿਖਣ ਲਈ ਆਪਣੇ ਤੋਂ ਪਹਿਲੀਆਂ ਲਿਖਤਾਂ ਦੀ ਕਾਫ਼ੀ ਸੰਜੀਦਗੀ ਨਾਲ ਪੁਣ-ਛਾਣ ਕੀਤੀ ਅਤੇ ਪੰਥ ਪ੍ਰਕਾਸ਼ ਨੂੰ ਰਚਨ ਦਾ ਮੁੱਖ ਉਦੈਸ਼ ਇਤਿਹਾਸ ਰੱਖਿਆ, ਹਾਲਾਂਕਿ ਹੋਰਨਾ ਗ੍ਰੰਥਾਂ ਵਾਂਗ ਇਹ ਲਿਖਤ ਵੀ ਕਲਪਨਾ ਤੋਂ ਪਰ੍ਹੇ ਨਹੀਂ, ਪਰ ਇਸ ਵਿੱਚ ਇਤਿਹਾਸ ਵਧੇਰੇ

ਹੈ ਅਤੇ ਇਸ ਲਿਖਤ ਵਿੱਚੋਂ ਸਿੱਖ ਧਰਮ ਦੀ ਸ਼ਾਨ ਤੇ ਉੱਚਮਤਾ ਡੁੱਲ-ਡੁੱਲ ਪੈਂਦੀ ਹੈ। ਗਿਆਨੀ ਗਿਆਨ ਸਿੰਘ ਦੀ ਇਸ ਲਿਖਤ ਨੇ ਸਿੱਖ ਪੰਥ ਦੀ ਚੜ੍ਹਦੀਕਲਾ ਨੂੰ ਵੀ ਉਭਾਰਿਆ ਹੈ। ਗਿਆਨੀ ਗਿਆਨ ਸਿੰਘ ਦਾ ਇਹ ਪੰਥ ਪ੍ਰਕਾਸ਼ ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਸਿੱਖ ਪੰਥ ਦੀ ਤਰਜ਼ਮਾਨੀ ਕਰਦਾ ਵੀ ਪ੍ਰਤੀਤ ਹੁੰਦਾ ਹੈ। ਗਿਆਨੀ ਗਿਆਨ ਸਿੰਘ ਨੇ ਆਪਣਾ ਕਾਰਜ ਪੂਰੇ ਅਧਿਐਨ ਅਤੇ ਖੋਜ ਪੜਤਾਲ ਕਰ ਕੇ ਸੰਪੂਰਨ ਕੀਤਾ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰ ਪੰਥ ਪ੍ਰਕਾਸ਼ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਤੋਂ ਲੈ ਕੇ ਸਿੱਖ ਮਿਸਲਾਂ, ਅਕਾਲੀ ਨਿਹੰਗ ਸਿੰਘ, ਨਿਰਮਲਾ ਸੰਪਰਦਾਇ ਅਤੇ ਨਾਮਧਾਰੀ ਲਹਿਰ ਤੱਕ ਦੇ ਸਮੇਂ ਦੀ ਯਥਾਯੋਗ ਜਾਣਕਾਰੀ ਵਿਸਥਾਰ ਨਾਲ ਪੇਸ਼ ਕਰਦਾ ਹੈ। ਸ੍ਰੀ ਗੁਰ ਪੰਥ ਪ੍ਰਕਾਸ਼ ਹੁਣ ਤੱਕ ਹੁਣ ਤੱਕ ਦਾ ਇੱਕੋ ਇੱਕ ਰਚਨਾ ਹੈ ਜਿਸ ਵਿੱਚ ਸਾਰਾ ਸਿੱਖ ਇਤਿਹਾਸ ਸਿਲਸਿਲੇਵਾਰ ਦਿੱਤਾ ਗਿਆ।

ਸਿੱਖ ਇਤਿਹਾਸ ਨਾਲ ਸੰਬੰਧਿਤ ਅਗਲੀ ਰਚਨਾ ਅਹਿਮਦ ਸ਼ਾਹ ਬਟਾਲਵੀ ਦੀ ਲਿਖਤ ਤਾਰੀਖ਼-ਏ-ਪੰਜਾਬ ਹੈ। ਉਸ ਦੀ ਇਹ ਰਚਨਾ, ‘ਤਾਰੀਖ਼-ਏ-ਪੰਜਾਬ, ਅਹਿਮਦ ਸ਼ਾਹ ਬਟਾਲਵੀ ਦੀ ਲਿਖੀ ਕਿਤਾਬ-ਏ-ਹਿੰਦ ਦਾ ਪੰਜਾਬ ਨਾਲ ਸੰਬੰਧਿਤ ਇੱਕ ਭਾਗ ਹੈ। ਇਸ ਦੇ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਇਸ ਭਾਗ ਨੂੰ ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਿੱਚ ਅਨੁਵਾਦ ਕਰ ਕੇ 1969 ਈ. ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪਬਲੀਕੇਸ਼ਨ ਬਿਊਰੋ ਵੱਲੋਂ ਪ੍ਰਕਾਸ਼ਿਤ ਕਰਵਾਇਆ। ਅਹਿਮਦ ਸ਼ਾਹ ਬਟਾਲਵੀ ਆਪਣੀ ਲਿਖਤ ਤਾਰੀਖ਼-ਏ-ਪੰਜਾਬ ਵਿੱਚ ਸਿੱਖ ਧਰਮ ਦੇ ਆਰੰਭ, ਵਿਕਾਸ, ਤਾਕਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਉਹ ਆਪਣੀ ਇਹ ਲਿਖਤ ਅੰਗਰੇਜ਼ਾਂ ਵੱਲੋਂ ਮੰਗੀ ਜਾਣਕਾਰੀ ਅਨੁਸਾਰ ਲਿਖਣ ਦੀ ਗੱਲ ਕਰਦਾ ਹੈ। ਅਹਿਮਦਸ਼ਾਹ ਬਟਾਲਵੀ ਵੀ ਰਤਨ ਸਿੰਘ ਭੰਗੂ ਵਾਂਗ ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਰਿਹਾ। ਪਹਿਲਾ ਕੈਪਟਨ ਮਰੇ ਅਤੇ ਫ਼ੇਰ ਕੈਪਟਨ ਵੇਡ ਅਹਿਮਦਸ਼ਾਹ ਬਟਾਲਵੀ ਦੀ ਸਰਪ੍ਰਸਤੀ ਕਰਦਾ ਰਿਹਾ। ਅਹਿਮਦਸ਼ਾਹ ਬਟਾਲਵੀ ਮਹਾਰਾਜਾ ਰਣਜੀਤ ਸਿੰਘ ਦੇ ਵੀ ਨੇੜੇ ਰਿਹਾ। ਇਸ ਰਚਨਾ ਵਿੱਚ ਲੇਖਕ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ, ਬਾਬਾ ਬੰਦਾ ਸਿੰਘ ਬਹਾਦਰ ਬਾਰੇ ਜਾਣਕਾਰੀ ਅਤੇ ਸ਼ੁੱਕਰਚਕੀਆ ਮਿਸਾਲ ਦੇ ਚੜ੍ਹਤ ਸਿੰਘ ਬਾਰੇ ਜਾਣਕਾਰੀ ਦਿੰਦਾ ਹੈ। ਅਹਿਮਦਸ਼ਾਹ ਬਟਾਲਵੀ ਆਪਣੀ ਇਸ ਲਿਖਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਇਤਿਹਾਸ ਬਾਰੇ ਬਹੁਤ ਹੀ ਸੰਖੇਪ, ਪਰ ਵੱਡਮੁਲੀ ਜਾਣਕਾਰੀ ਦੇ ਰਿਹਾ ਹੈ। ਉਸ ਦੇ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਹੋਣ ਕਾਰਨ ਇਸ ਲਿਖਤ ਦੀ ਇਤਿਹਾਸਿਕ ਮਹੱਤਤਾ ਬਹੁਤ ਜ਼ਿਆਦਾ ਹੈ, ਕਿਉਂ ਜੋ ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ ਵੀ ਇਸ ਸਮੇਂ

ਤੱਕ ਕੋਈ ਬਹੁਤਾ ਪੁਰਾਣਾ ਨਹੀਂ ਸੀ ਹੋਇਆ। ਸਿੱਖ ਧਰਮ ਦੀ ਪਿੱਠਭੂਮੀ ਅਤੇ ਰੂਪ-ਰੇਖਾ ਇਸ ਦੀ ਸੰਖੇਪਿਤ ਲਿਖਤ ਵਿੱਚੋਂ ਧਿਆਨ ਨਾਲ ਪੜ੍ਹਿਆਂ ਤੋਂ ਜਰੂਰ ਉੱਭਰ ਕੇ ਸਾਹਮਣੇ ਆਉਂਦੀ ਹੈ। ਹਾਲਾਂਕਿ ਇਸਨੇ ਕੁੱਝ ਕੁ ਸਿੱਖ ਮਿਸਲਾਂ ਦਾ ਵਰਣਨ ਬਹੁਤ ਸੰਖੇਪ ਵਿੱਚ ਰੂਪ ਵਿੱਚ ਕੀਤਾ ਹੈ, ਪਰ ਫ਼ੇਰ ਵੀ ਇਹ ਲਿਖਤ ਸਿੱਖ ਮਿਸਲਾਂ ਬਾਰੇ ਵੱਡਮੁਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਅਹਿਮਸ਼ਾਹ ਬਟਾਲਵੀ ਦਾ ਇਹ ਲਿਖਤ ਉਸ ਨੂੰ ਗੈਰ-ਸਿੱਖ ਹੋਣ ਦੇ ਬਾਵਜੂਦ ਇੱਕ ਨਿਰਪੱਖ ਲੇਖਕ ਸਿੱਧ ਕਰਦੀ ਹੈ। ਸਿੱਖਾਂ ਦੇ ਦੂਜੇ ਧਰਮਾਂ ਪ੍ਰਤੀ ਵਿਸ਼ਾਲ ਰਵੱਈਏ ਅਤੇ ਉਦਾਰਤਾ ਦੀਆਂ ਝਲਕਾਂ ਅਹਿਮਦਸ਼ਾਹ ਦੀ ਬਟਾਲਵੀ ਦੀ ਲਿਖਤ ਵਿੱਚੋਂ ਮਿਲਦੀਆਂ ਹਨ। ਜਿੱਥੇ ਕਿਤੇ ਵੀ ਉਸ ਨੇ ਸਿੱਖ-ਮੁਸਲਮਾਨਾਂ ਦੀ ਲੜਾਈ ਦਾ ਜ਼ਿਕਰ ਕੀਤਾ ਹੈ। ਉਸ ਨੇ ਉੱਥੇ ਵੀ ਆਪਣੇ ਧਰਮ ਦਾ ਪੱਖ ਨਹੀਂ ਲਿਆ, ਸਗੋਂ ਕਈ ਥਾਂ 'ਤੇ ਸਿੱਖਾਂ ਵਿਰੁੱਧ ਲੜ੍ਹਨ ਵਾਲੇ ਪਠਾਣਾਂ ਦੀ ਨਿੰਦਿਆ ਵੀ ਕੀਤੀ ਹੈ। ਪਰ ਹੋਰਾਂ ਮੁਸਲਮਾਨ ਲੇਖਕਾਂ ਦਾ ਵਾਂਗ ਬੀਤੇ ਵੇਲਿਆਂ ਵਿੱਚ ਮੁਸਲਮਾਨਾਂ ਦੁਆਰਾ ਸਿੱਖਾਂ ਨਾਲ ਕੀਤੀਆਂ ਵਧੀਕੀਆਂ ਉੱਪਰ ਉਸ ਨੇ ਵੀ ਕਿਤੇ-ਕਿਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਗੁਰੂ ਅਰਜਨ ਦੇਵ ਜੀ ਸ਼ਹੀਦੀ ਲਈ ਉਹ ਚੰਦੂ ਨੂੰ ਅਤੇ ਤੇਗ ਬਹਾਦਰ ਦੀ ਸ਼ਹੀਦੀ ਲਈ ਰਾਮ ਰਾਏ ਨੂੰ ਦੋਸ਼ੀ ਦੱਸਦਾ ਹੋਇਆ ਮੁਗਲ ਸਲਤਨਤ ਨੂੰ ਇਹਨਾਂ ਘਟਨਾਵਾਂ ਤੋਂ ਬਰੀ ਰੱਖਦਾ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਉੱਪਰ ਦਿੱਲੀ ਵਿੱਚ ਹੋਏ ਜ਼ੁਲਮਾਂ ਦਾ ਕੋਈ ਜ਼ਿਕਰ ਨਹੀਂ ਕਰਦਾ ਹੈ ਤੇ ਨਾ ਹੀ ਛੋਟੇ ਅਤੇ ਵੱਡੇ ਘੱਲੂਘਾਰੇ ਦਾ ਆਪਣੀ ਲਿਖਤ ਵਿੱਚ ਵਰਣਨ ਕਰਦਾ ਹੈ। ਪਰ ਹਾਂ, ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੀ ਪ੍ਰਸ਼ੰਸਾ ਕਰ ਕੇ ਆਪਣੇ ਆਪ ਨੂੰ ਧਰਮ ਨਿਰਪੱਖ ਸਾਬਿਤ ਕਰਨ ਦਾ ਯਤਨ ਜਰੂਰ ਕਰਦਾ ਹੈ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ਾਂ ਤੋਂ ਕੁਝ ਹੀ ਸਮੇਂ ਦੀ ਬਾਅਦ ਦੀ ਲਿਖਤ ਹੋਣ ਕਰ ਕੇ ਇਸ ਨੂੰ ਇਸ ਖੋਜ-ਪ੍ਰਬੰਧ ਵਿੱਚ ਸ਼ਾਮਿਲ ਕੀਤਾ ਗਿਆ।

ਕਨ੍ਹੱਈਆ ਲਾਲ ਦੀ ਲਿਖਤ ਤਾਰੀਖ਼-ਏ-ਪੰਜਾਬ ਇੱਕ ਉਰਦੂ ਰਚਨਾ ਹੈ। ਇਸ ਦਾ ਪੰਜਾਬੀ ਵਿੱਚ ਅਨੁਵਾਦ ਡਾ. ਜੀਤ ਸਿੰਘ ਸੀਤਲ ਨੇ ਕੀਤਾ ਹੈ। ਲਿਖਤ ਵਿੱਚ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਵੇਰਵਾ ਸੰਖੇਪ ਰੂਪ ਵਿੱਚ ਇਸ ਤੋਂ ਬਾਅਦ ਦੂਜੇ ਭਾਗ ਵਿੱਚ ਮਿਸਲਾਂ ਬਾਰੇ ਦੱਸਿਆ ਗਿਆ ਹੈ। ਤੀਜਾ ਭਾਗ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਉਸ ਦੇ ਰਾਜ ਦੇ ਹਾਲ ਬਾਰੇ ਹੈ। ਚੌਥਾ ਭਾਗ, ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ਮਹਾਰਾਜਾ ਖੜਕ ਸਿੰਘ, ਕੰਵਰ ਨੌਹਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਨੂੰ ਬਿਆਨਦਾ ਹੈ। ਇਸ ਤੋਂ ਅਗਲਾ ਭਾਗ ਅੰਗਰੇਜ਼-ਸਿੱਖ ਯੁੱਧਾਂ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧਿਤ ਹੈ। ਛੇਵਾਂ ਭਾਗ, ਅੰਗਰੇਜ਼ਾਂ ਦੇ ਰਾਜ ਸਮੇਂ ਦੇ

ਪੰਜਾਬ ਅਤੇ 1857 ਈ. ਵਿੱਚ ਹੋਏ ਗਦਰ ਬਾਰੇ ਚਾਨਣਾ ਪਾਉਂਦਾ ਹੈ ਅਤੇ ਅੰਤਿਮ ਭਾਗ ਜੰਮੂ ਅਤੇ ਕਸ਼ਮੀਰ ਦੇ ਰਾਜ ਬਾਰੇ ਜਾਣਕਾਰੀ ਦਿੰਦਾ ਹੈ। ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਆਪਣੇ ਸਮੇਂ ਦੀ ਸਿੱਖ ਇਤਿਹਾਸ ਬਾਰੇ ਦੀ ਇਹ ਇੱਕ ਮਹੱਤਵਪੂਰਨ ਲਿਖਤ ਹੈ। ਹਾਲਾਂਕਿ ਇਸ ਲਿਖਤ ਦਾ ਵੱਡਾ ਹਿੱਸਾ ਮਹਾਰਾਜਾ ਰਣਜੀਤ ਸਿੰਘ ਦੇ ਆਲੇ-ਦੁਆਲੇ ਘੁੰਮਦਾ ਹੈ। ਪਰ ਫ਼ੇਰ ਵੀ ਇਹ ਲਿਖਤ ਦੂਜੀਆਂ ਮਿਸਲਾਂ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਕਨ੍ਹੱਈਆ ਲਾਲ ਆਪਣੀ ਲਿਖਤ ਵਿੱਚ ਸਿੱਖ ਗੁਰੂਆਂ ਬਾਰੇ ਵੀ ਕਾਫ਼ੀ ਜਾਣਕਾਰੀ ਦਿੰਦਾ ਹੈ। ਪਰ ਕਿਤੇ-ਕਿਤੇ ਗੁਰੂ ਘਰ ਦੀ ਰਹੁ-ਰੀਤਾਂ ਦੇ ਉਲਟ ਮਨਘੜਤ ਕਹਾਣੀਆਂ ਅਤੇ ਕਰਾਮਾਤਾਂ ਦਾ ਵੀ ਵਰਣਨ ਕਰਦਾ ਹੈ। ਪਰ ਫ਼ੇਰ ਵੀ ਇਸ ਲਿਖਤ ਦੀ ਇਤਿਹਾਸਿਕ ਮਹੱਤਤਾ ਨੂੰ ਦੇਖਦੇ ਹੋਏ ਇਸ ਨੂੰ ਖੋਜ ਕਾਰਜ ਵਿੱਚ ਵਰਤਿਆ ਗਿਆ ਹੈ। ਇਸ ਲਿਖਤ ਦੇ ਪਹਿਲੀ ਵਾਰ ਛਪਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ, ਪਰ ਲੇਖਕ ਇਸ ਲਿਖਤ ਦੀ ਅੰਤਿਕਾ ਵਿੱਚ ਇਸ ਨੂੰ 1881 ਈ. ਵਿੱਚ ਦੂਜੀ ਵਾਰ ਛਪੀ ਹੋਈ ਲਿਖਦਾ ਹੈ ਅਤੇ ਤੀਸਰੀ ਵਾਰ 1886 ਈ. ਵਿੱਚ ਛਪੀ ਦੱਸਦਾ ਹੈ।

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਲਿਖਿਤ 'ਪੰਥ ਪ੍ਰਕਾਸ਼ਾਂ' ਵਿੱਚ ਮਿਸਲ ਕਾਲ ਸੰਬੰਧੀ ਦਿੱਤੀ ਗਈ ਜਾਣਕਾਰੀ ਦੀ ਪ੍ਰਮਾਣਿਕਤਾ ਜਾਂ ਮੌਲਕਿਤਾ ਨੂੰ ਪਰਖਣ ਦੇ ਲਈ ਸੋਹਣ ਸਿੰਘ ਸੀਤਲ, ਅਹਿਮਦਸ਼ਾਹ ਬਟਾਲਵੀ ਅਤੇ ਕਨ੍ਹੱਈਆ ਲਾਲ ਤੋਂ ਇਲਾਵਾ ਅੰਗਰੇਜ਼ ਲਿਖਾਰੀ ਲੈਪਲ ਗ੍ਰਿਫ਼ਨ ਦੀਆਂ ਲਿਖਤਾਂ ਦੀ ਵੀ ਵਰਤੋਂ ਕੀਤੀ ਗਈ ਹੈ। ਉਸ ਦੀਆਂ ਦੋ ਲਿਖਤਾਂ The Punjabi Chiefs ਅਤੇ The Rajas of the Punjab ਨੂੰ ਇਸ ਖੋਜ ਕਾਰਜ ਵਿੱਚ ਸ਼ਾਮਿਲ ਕੀਤਾ ਗਿਆ। ਲੈਪਲ ਗ੍ਰਿਫ਼ਨ ਨੇ ਆਪਣੀ ਲਿਖਤ The Rajas of the Punjab ਵਿੱਚ ਸਿੱਖ ਮਿਸਲਾਂ ਬਾਰੇ ਕਾਫ਼ੀ ਵਿਸਥਾਰਪੂਰਵਕ ਅਤੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਲੈਪਲ ਗ੍ਰਿਫ਼ਨ ਦੀ ਇਹ ਲਿਖਤ ਮੁੱਖ ਤੌਰ 'ਤੇ ਅੰਗਰੇਜ਼ਾਂ ਦੇ ਸਮੇਂ ਦੀਆਂ ਪੰਜਾਬ ਦੀਆਂ ਰਿਆਸਤਾਂ ਅਤੇ ਉਨ੍ਹਾਂ ਦੇ ਅੰਗਰੇਜ ਸਰਕਾਰ ਨਾਲ ਰਾਜਨੀਤਿਕ ਰਿਸ਼ਤਿਆਂ ਬਾਰੇ ਚਾਨਣਾ ਪਾਉਂਦੀ ਹੈ। ਇਸ ਕਿਤਾਬ ਵਿੱਚ ਉਸ ਨੇ ਉਹ ਖ਼ਾਸ ਸਿੱਖ ਪਰਿਵਾਰਾਂ ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਅੰਗਰੇਜ ਸਰਕਾਰ ਨਾਲ ਜੁੜੇ ਹੋਏ ਸਨ, ਉਨ੍ਹਾਂ ਬਾਰੇ ਵੀ ਚਾਨਣਾ ਪਾਇਆ ਗਿਆ। ਲੈਪਲ ਗ੍ਰਿਫ਼ਨ ਨੇ ਇਸੇ ਤਰ੍ਹਾਂ ਆਪਣੀ ਦੂਜੀ ਕਿਤਾਬ The Punjab Chiefs ਵਿੱਚ 1865 ਈ. ਦੇ ਨੇੜੇ-ਤੇੜੇ ਦੇ ਪੰਜਾਬ ਵਿੱਚ ਵੱਸ ਰਹੇ ਇਕ ਸੌ ਬੱਤੀ (132) ਦੇ ਕਰੀਬ ਛੋਟੇ-ਛੋਟੇ ਇਲਾਕਿਆਂ ਤੇ ਰਾਜ ਕਰ ਰਹੇ ਸਰਦਾਰਾਂ ਦੇ ਜੀਵਨ ਅਤੇ ਇਤਿਹਾਸਿਕ ਪਿਛੋਕੜ ਬਾਰੇ ਦੱਸਿਆ ਹੈ। ਇਸ ਲਿਖਤ ਵਿੱਚ ਇਨ੍ਹਾਂ ਸਰਦਾਰਾਂ ਦਾ ਪਰਿਵਾਰਿਕ ਪਿਛੋਕੜ, ਸੈਨਿਕ ਗੁਣ ਅਤੇ ਉਨ੍ਹਾਂ ਦੇ ਨਿੱਜੀ ਜੀਵਨ ਨਾਲ ਸੰਬੰਧਿਤ ਜਾਣਕਾਰੀ

ਮੁਹੱਈਆ ਕਰਵਾਈ ਹੈ। ਇਹ ਕਿਤਾਬ ਸਿੱਖ ਮਿਸਲਾਂ ਅਤੇ ਸਿੱਖ ਰਿਆਸਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੀ ਹੈ। ਹਾਲਾਂਕਿ ਅੰਗਰੇਜ਼ ਪ੍ਰਸ਼ਾਸਕ ਹੋਣ ਕਰ ਕੇ ਉਸ ਨੇ ਇਸ ਲਿਖਤ ਵਿੱਚ ਨਿਰਪੱਖਤਾ ਨਹੀਂ ਵਰਤੀ ਜਿਸ ਕਾਰਨ ਇਸ ਵਿੱਚ ਇਤਿਹਾਸਿਕ ਊਣਤਾਈਆਂ ਜਰੂਰ ਹਨ, ਪਰ ਫ਼ੇਰ ਵੀ ਇਹ ਆਪਣੇ ਸਮੇਂ ਦਾ ਇੱਕ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਹੈ।

ਹਰੀ ਰਾਮ ਗੁਪਤਾ ਦੀ ਲਿਖਤ History of the Sikhs ਜੋ ਕਿ ਪੰਜ ਜਿਲਦਾਂ ਵਿੱਚ ਛਪੀ ਹੈ। ਹਰੀ ਰਾਮ ਗੁਪਤਾ ਆਪਣੀ ਇਸ ਲਿਖਤ ਦੀਆਂ ਜਿਲਦਾਂ ਰਾਹੀਂ ਸਿੱਖ ਗੁਰੂ ਸਾਹਿਬਾਨ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਅਖ਼ੀਰਲੇ ਸਮੇਂ ਤੱਕ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ। ਉਸ ਦੁਆਰਾ ਦਿੱਤੀ ਗੁਰੂ ਸਾਹਿਬਾਨ ਬਾਰੇ ਜਾਣਕਾਰੀ, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਦਾ ਸਿੱਖ ਸੰਘਰਸ਼, ਸਿੱਖ ਮਿਸਲਾਂ ਦਾ ਉਭਾਰ ਅਤੇ ਪਤਨ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਉਦੈ ਅਤੇ ਅੰਤ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਹਰੀ ਰਾਮ ਗੁਪਤਾ ਦੀ ਇਹ ਲਿਖਤ ਸਿੱਖ ਮਿਸਲਾਂ ਨਾਲ ਸੰਬੰਧਿਤ ਉਸ ਸਮੇਂ ਤੱਕ ਦੇ ਫ਼ਾਰਸੀ, ਉਰਦੂ, ਅੰਗਰੇਜ਼ੀ, ਪੰਜਾਬੀ ਆਦਿ ਸ੍ਰੋਤਾਂ ਦਾ ਨਿਚੋੜ ਹੈ। ਹਰ ਰਾਮ ਗੁਪਤਾ ਆਪਣੀ ਲਿਖਤ ਦੀ ਚੌਥੀ ਜਿਲਦ ਵਿੱਚ ਮਿਸਲਾਂ ਦੀ ਉਤਪਤੀ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੰਦਾ ਹੋਇਆ, ਇਨ੍ਹਾਂ ਦੇ ਛੋਟੇ-ਛੋਟੇ ਦੇਸ਼ਾਂ ਦੇ ਰੂਪ ਵਿਚ ਵਿਕਸਤ ਹੋਣ ਦੇ ਨਾਲ-ਨਾਲ, ਇਨ੍ਹਾਂ ਮਿਸਲਾਂ ਦੇ ਧਾਰਮਿਕ, ਰਾਜਨੀਤਿਕ, ਆਰਥਿਕ ਤੇ ਸਮਾਜਿਕ ਹਲਾਤਾਂ ਨੂੰ ਵੀ ਬਿਆਨਦਾ ਹੈ। ਹਰੀ ਰਾਮ ਗੁਪਤਾ ਬੜੀ ਖ਼ੂਬਸੂਰਤੀ ਨਾਲ ਦੱਸਦਾ ਹੈ ਕਿ ਫੂਲਕੀਆਂ ਨੂੰ ਮਿਸਲ ਕਿਉਂ ਨਹੀਂ ਕਿਹਾ ਜਾ ਸਕਦਾ ਹੈ। ਹਰੀ ਰਾਮ ਗੁਪਤਾ ਮਿਸਲਾਂ ਦੀ ਗਿਣਤੀ ਗਿਆਰ੍ਹਾਂ ਮੰਨਦਾ ਹੈ। ਹਰੀ ਰਾਮ ਗੁਪਤਾ ਦੱਸਦਾ ਹੈ ਕਿ ਮੁਗਲ ਬਾਦਸ਼ਾਹ ਉਸ ਦੇ ਪ੍ਰਧਾਨ ਮੰਤਰੀ, ਰੁਹੇਲੇ, ਮਰਾਠੇ ਜਾਟ, ਰਾਜਪੂਤ, ਪਹਾੜੀ ਰਾਜੇ, ਦੁਰਾਨੀ ਆਦਿ ਸਾਰੇ ਹੀ ਸਿੱਖ ਮਿਸਲਾਂ ਦੇ ਅਲੱਗ-ਥਲੱਗ ਹੋਣ ਦੇ ਬਾਵਜੂਦ ਵੀ ਉਨ੍ਹਾਂ ਤੋਂ ਭੈਅ ਖਾਂਦੇ ਸਨ। ਹਰੀ ਰਾਮ ਗੁਪਤਾ ਸਰਦਾਰ ਬਘੇਲ ਸਿੰਘ ਕਰੋੜੀਸਿੰਘੀਆ, ਲਹਿਣਾ ਸਿੰਘ ਭੰਗੀ ਵਰਗਿਆਂ ਸਰਦਾਰਾਂ ਦੀ ਮਹਾਨਤਾ ਅਤੇ ਆਪਣੇ ਧਰਮ ਪ੍ਰਤੀ ਪਿਆਰ ਨੂੰ ਦਰਸਾਉਂਦਾ ਲਿਖਦਾ ਹੈ ਕਿ ਅਜਿਹੇ ਸਿੱਖ ਸਰਦਾਰਾਂ ਨੇ ਆਪਣੇ ਗੁਰੂ ਤੇ ਸਿੱਖੀ ਸਿਦਕ ਲਈ ਮੁਗਲਾਂ ਜਾਂ ਦੁਰਾਨੀਆਂ ਵੱਲੋਂ ਪੇਸ਼ ਕੀਤੇ ਗਏ ਵੱਡੇ-ਵੱਡੇ ਅਹੁਦਿਆਂ ਨੂੰ ਠੋਕਰ ਮਾਰ ਦਿੱਤੀ ਸੀ। ਹਰੀ ਰਾਮ ਗੁਪਤਾ ਲਿਖਦਾ ਹੈ ਕਿ ਮੁੱਠੀ ਭਰ ਸਿੱਖਾਂ ਦੁਆਰਾ ਸਿੰਧ ਨਦੀ ਤੋਂ ਲੈ ਕੇ ਗੰਗਾ ਨਦੀ ਤੱਕ ਅਤੇ ਦੂਜੇ ਪਾਸੇ ਪੁਣਛ ਤੋਂ ਲੈ ਕੇ ਸਿੰਧ ਅਤੇ ਬਲੋਚਿਸਤਾਨ ਦੀਆਂ ਹੱਦਾਂ ਤੱਕ ਕਬਜ਼ੇ 'ਚ ਕਰ ਲੈਣਾ ਕਿਸੇ ਕਰਾਮਤ ਤੋਂ ਘੱਟ ਨਹੀਂ ਸੀ। ਉਹ ਆਪਣੀ ਲਿਖਤ ਦਾ ਅੰਤ ਪੱਛਮੀ ਪਾਸੇ ਦੀਆਂ ਮਿਸਲਾਂ ਮਹਾਰਾਜਾ ਰਣਜੀਤ ਸਿੰਘ

ਦੁਆਰਾ ਖਾ ਜਾਣ ਤੇ ਪੂਰਬੀ ਪਾਸੇ ਦੀਆਂ ਮਿਸਲਾਂ ਨੂੰ ਅੰਗਰੇਜ਼ਾਂ ਦੁਆਰਾ ਖ਼ਤਮ ਕੀਤੇ ਜਾਣ ਨਾਲ ਕਰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹਰੀ ਰਾਮ ਗੁਪਤਾ ਦੀ ਇਹ ਲਿਖਤ ਸਿੱਖ ਮਿਸਲਾਂ ਸੰਬੰਧੀ ਇੱਕ ਮਹੱਤਵਪੂਰਨ ਨਿਚੋੜ ਹੈ। ਇਸ ਲਿਖਤ ਦੀ ਇਤਿਹਾਸਿਕ ਮਹੱਤਤਾ ਅਤੇ ਮੌਲਕਿਤਾ ਨੂੰ ਦੇਖਦੇ ਹੋਏ ਇਸ ਨੂੰ ਤੁਲਨਤਾਮਿਕ ਅਧਿਐਨ ਨਾਲ ਸੰਬੰਧਿਤ ਇਸ ਖੋਜ ਕਾਰਜ ਦਾ ਹਿੱਸਾ ਬਣਾਇਆ ਗਿਆ।

ਡਾ. ਗੰਡਾ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਇਤਿਹਾਸ ਵਿੱਚ ਉਸ ਦਾ ਬਣਦਾ ਥਾਂ ਅਤੇ ਮਾਣ ਸਨਮਾਨ ਦਿਵਾਉਣ ਵਿੱਚ ਬਹੁਤ ਹੀ ਸਲਾਘਾਯੋਗ ਉਪਰਾਲਾ ਕੀਤਾ ਹੈ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਮੌਲਿਕ ਅਤੇ ਯਥਾਯੋਗ ਜਾਣਕਾਰੀ ਸਾਡੇ ਤੱਕ ਪਹੁੰਚਾਉਣ ਲਈ ਇੱਕ ਲੰਬਾ ਖੋਜ ਪੈਂਡਾ ਤੈਅ ਕੀਤਾ। ਸਭ ਤੋਂ ਪਹਿਲਾਂ ਉਸ ਨੇ 1934 ਈ. ਵਿੱਚ *"ਤਜ਼ਕਰਾ-ਏ-ਬਾਬਾ ਬੰਦਾ ਸਿੰਘ ਸ਼ਹੀਦ"* ਦੇ ਸਿਰਲੇਖ ਹੇਠ ਉਰਦੂ ਵਿੱਚ ਸਿੱਖ ਯੂਥ ਲੀਗ, ਅੰਮ੍ਰਿਤਸਰ ਤੋਂ ਛਪਵਾਈ। ਇਸ ਸਾਲ ਡਾ. ਗੰਡਾ ਸਿੰਘ ਦੀ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲਿੱਖੀ ਇਕ ਹੋਰ ਕਿਤਾਬ, *"A Short Life Sketch of Banda Singh: The Martyr"* ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕਰਵਾਈ। ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਹੀ ਡਾ. ਗੰਡਾ ਸਿੰਘ ਦੀ ਅੰਗਰੇਜ਼ੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇੱਕ ਹੋਰ ਰਚਨਾ *"Life of Banda Singh Bahadur"* ਵੀ ਪ੍ਰਕਾਸ਼ਿਤ ਕੀਤੀ ਗਈ। 1960 ਈ. ਵਿੱਚ ਡਾ. ਗੰਡਾ ਸਿੰਘ ਨੇ *"ਬੰਦਾ ਸਿੰਘ ਬਹਾਦਰ"* ਸਿਰਲੇਖ ਹੇਠ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਹੋਰ ਮਹੱਤਵਪੂਰਨ ਜਾਣਕਾਰੀ ਇਕੱਠੀ ਕਰ ਕੇ, ਜੋ ਕਿ ਉਸ ਦੇ ਅੰਮ੍ਰਿਤਧਾਰੀ ਹੋਣ ਦੇ ਠੋਸ ਸਬੂਤ, ਉਸ ਦੇ ਮੁਗਲਾਂ ਖਿਲਾਫ਼ ਸੰਘਰਸ਼ ਸੰਬੰਧੀ ਮਹਤੱਵਪੂਰਨ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਉਸ ਦੀ ਲਾਸਾਨੀ ਸ਼ਹੀਦੀ ਨੂੰ ਵੀ ਉਘਾੜਦੀ ਸੀ, ਬਾਰੇ ਪੰਜਾਬੀ ਭਾਸ਼ਾ ਵਿੱਚ ਇੱਕ ਹੋਰ ਕਿਤਾਬ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਕਾਸ਼ਿਤ ਕਰਵਾਈ। ਇਸ ਦੇ ਚਾਰ ਸਾਲ ਬਾਅਦ 1964 ਈ. ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਂਦੀ ਡਾ. ਗੰਡਾ ਸਿੰਘ ਦੀ ਲਿਖਤ ਨੂੰ *"ਬਾਬਾ ਬੰਦਾ ਸਿੰਘ ਬਹਾਦਰ"* ਦੇ ਸਿਰਲੇਖ ਅਧੀਨ ਪ੍ਰਕਾਸ਼ਿਤ ਕੀਤਾ। ਡਾ. ਗੰਡਾ ਸਿੰਘ ਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲੇ ਖਰੜੇ ਦੇ 1960 ਈ. ਤੋਂ ਬਾਅਦ 1990 ਈ. ਅਤੇ 2008 ਈ. ਵਿੱਚ ਹੋਰ ਸੰਸਕਰਣ ਵੀ ਛਪ ਚੁੱਕੇ ਹਨ। ਡਾ. ਗੰਡਾ ਸਿੰਘ ਵੱਲੋਂ ਕੀਤੇ ਗਏ ਇਸ ਉਪਰਾਲੇ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਉੱਪਰ ਚਾਨਣਾ ਪਾ ਕੇ ਇਤਿਹਾਸਕਾਰਾਂ ਵੱਲੋਂ ਉਸ ਨਾਲ ਕੀਤੇ ਪੱਖਪਾਤ ਨੂੰ ਕਿਨਾਰੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸ਼ਾਨਾਮਤੀ

ਪ੍ਰਾਪਤੀਆਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਲਈ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ 'ਪੰਥ ਪ੍ਰਕਾਸ਼ਾਂ' ਵਿੱਚ ਦਿੱਤੀ ਜਾਣਕਾਰੀ ਦੀ ਪੁੱਛ-ਛਾਣ ਕਰ ਕੇ ਸਹੀ ਨਤੀਜੇ ਤੱਕ ਪਹੁੰਚਣ ਲਈ ਇਸ ਲਿਖਤ ਦੀ ਵਰਤੋਂ ਇਸ ਖੋਜ-ਪ੍ਰਬੰਧ ਵਿੱਚ ਕੀਤੀ ਗਈ ਹੈ।

ਉਪਰੋਕਤ ਦਰਸਾਏ ਗਏ ਸ੍ਰੋਤਾਂ ਤੋਂ ਇਲਾਵਾ ਤੇਜਾ ਸਿੰਘ ਅਤੇ ਗੰਡਾ ਸਿੰਘ ਦੀ ਲਿਖਤ, 'ਸੰਖੇਪ ਸਿੱਖ ਇਤਿਹਾਸ 1469-1765', ਮੈਕਸ ਆਰਥਰ ਮੈਕਾਲਿਫ਼ ਦੀ ਰਚਨਾ 'ਸਿਖ ਇਤਿਹਾਸ ਭਾਗ ਪਹਿਲਾ-ਦੂਜਾ ਤੇ ਤੀਜਾ, ਗੋਕਲ ਚੰਦ ਨਾਰੰਗ ਦੀ ਲਿਖਤ 'Transformation of Sikhism', ਇੰਦੂ ਭੂਸ਼ਨ ਬੈਨਰਜੀ ਦੀ ਲਿਖਤ 'ਖ਼ਾਲਸੇ ਦੀ ਉਤਪਤੀ' ਆਦਿ ਵਿਦਵਾਨਾਂ ਦੀਆਂ ਸਿੱਖ ਇਤਿਹਾਸ ਬਾਰੇ ਚਾਨਣਾ ਪਾਉਂਦੀਆਂ ਲਿਖਤਾਂ ਦਾ ਵੀ ਅਧਿਐਨ ਕੀਤਾ ਗਿਆ। ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਵਰਤੇ ਗਏ ਕਈ ਮੁਸ਼ਕਿਲ ਸ਼ਬਦਾਂ ਨੂੰ ਸਮਝਣ ਲਈ ਡਾ. ਅਮਰ ਸਿੰਘ ਦੀ ਲਿਖਤ 'ਸੰਬੰਧ ਸੂਚਕ ਤਤਕਰਾ' ਸ੍ਰੀ ਗੁਰ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ ਕ੍ਰਿਤ) ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਦੋਵੇਂ ਲਿਖਤਾਂ ਵਿੱਚ ਵਰਤੇ ਸ਼ਬਦਾਂ ਦੇ ਢੁਕਵੇਂ ਅਤੇ ਸੁਯੋਗ ਅਰਥਾਂ ਲਈ ਕਾਨ੍ਹ ਸਿੰਘ ਨਾਭਾ ਦੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੀ ਵਰਤੋਂ ਵੀ ਕੀਤੀ ਗਈ ਹੈ। ਖੋਜ ਕਾਰਜ ਦੀ ਲੋੜ ਅਨੁਸਾਰ ਰਤਨ ਸਿੰਘ ਜੱਗੀ ਦੇ ਸਿੱਖ ਪੰਥ ਵਿਸ਼ਵ ਕੋਸ਼ ਦਾ ਵੀ ਸਹਾਰਾ ਲਿਆ ਗਿਆ ਹੈ।

ਉਪਰੋਕਤ ਇਤਿਹਾਸਿਕ ਲਿਖਤਾਂ ਤੋਂ ਇਲਾਵਾ ਪੰਥ ਪ੍ਰਕਾਸ਼ਾਂ ਜਾਂ ਇਨ੍ਹਾਂ ਦੇ ਲੇਖਕਾਂ ਨਾਲ ਜੁੜਦੇ ਪਹਿਲਾਂ ਸੰਪੰਨ ਹੋ ਚੁੱਕੇ ਖੋਜ ਕਾਰਜ, ਖੋਜ ਪੱਤ੍ਰਿਕਾਵਾਂ, ਮੈਗਜ਼ੀਨ, ਰਸਾਲਿਆਂ, ਸੰਪਾਦਿਤ ਕਿਤਾਬਾਂ, ਕਾਨਫਰੰਸਾਂ ਆਦਿ ਦੇ ਰੂਪ ਵਿੱਚ ਉਪਲੱਬਧ ਸਮੱਗਰੀ ਨੂੰ ਸਰਵੇਖਣ ਵਿੱਚ ਸ਼ਾਮਿਲ ਕੀਤਾ ਗਿਆ ਹੈ। ਪੰਥ ਪ੍ਰਕਾਸ਼ਾਂ ਜਾਂ ਇਨ੍ਹਾਂ ਦੇ ਰਚੇਤੇ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨਾਲ ਸੰਬੰਧਿਤ ਵਿਭਿੰਨ ਯੂਨੀਵਰਸਿਟੀਆਂ ਵਿੱਚ ਸੰਪੰਨ ਹੋਏ ਕੁਝ ਖੋਜ ਕਾਰਜ ਵੀ ਮਿਲਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਇਤਿਹਾਸ ਵਿਭਾਗ ਦੇ ਖੋਜਾਰਥੀ ਹਰਿੰਦਰ ਸਿੰਘ ਚੋਪੜਾ ਦਾ 1990 ਈ. ਵਿੱਚ ਪੀਐੱਚ.ਡੀ. ਲਈ ਸੰਪੰਨ ਖੋਜ ਕਾਰਜ, *'Bhai Vir Singh's Editing of Panth Parkash by Rattan Singh Bhangu'* ਸਾਹਮਣੇ ਆਇਆ ਹੈ। 1992 ਈ. ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ Department of Historical Studies ਤੋਂ ਸੁਖਦਿਆਲ ਸਿੰਘ ਵੱਲੋਂ, *'Giani Gian Singh and His Works: An Historical Analysis'* ਵਿਸ਼ੇ 'ਤੇ ਸੰਪੰਨ ਪੀਐੱਚ. ਡੀ. ਦਾ ਖੋਜ ਕਾਰਜ ਵੀ ਮਿਲਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਤੋਂ ਗੁਰੂ ਨਾਨਕ ਅਧਿਐਨ ਵਿਭਾਗ ਦੇ ਖੋਜਾਰਥੀ ਅਮਰੀਕ ਸਿੰਘ ਨੇ ਵੀ

ਪੀਐੱਚ. ਡੀ. ਡਿਗਰੀ ਲਈ, *'ਗਿਆਨੀ ਗਿਆਨ ਸਿੰਘ ਰਚਿਤ ਗੁਰਧਾਮ ਸੰਗ੍ਰਹਿ-ਅਧਿਐਨ ਅਤੇ ਸੰਪਾਦਨ'* ਵਿਸ਼ੇ ਅਧੀਨ ਖੋਜ ਕਾਰਜ 2006 ਈ. ਵਿੱਚ ਪੂਰਨ ਕੀਤਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਧਰਮ ਅਧਿਐਨ ਵਿਭਾਗ ਤੋਂ ਐਮ. ਫਿਲ. ਦੀ ਡਿਗਰੀ ਲਈ ਖੋਜਾਰਥੀ ਮੱਖਣ ਸਿੰਘ ਨੇ *'ਅਠਾਰ੍ਹਵੀਂ ਸਦੀ ਦੌਰਾਨ ਸਿੱਖਾਂ ਦੇ ਰਾਜਨੀਤਿਕ ਫ਼ੈਸਲੇ (ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਅਨੁਸਾਰ)'* ਖੋਜ ਕਾਰਜ 2009 ਈ. ਵਿੱਚ ਸੰਪੰਨ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਵਿਭਾਗ ਵਿੱਚ ਮੇਰਾ ਖੁਦ ਦਾ ਐਮ. ਫਿਲ. ਦੀ ਡਿਗਰੀ ਲਈ, 'Image of Guru Nanak in the writings of Rattan Singh Bhangu and Giani Gian Singh' ਦੇ ਸਿਰਲੇਖ ਅਧੀਨ 2010 ਈ. ਵਿੱਚ ਸੰਪੂਰਨ ਹੋਇਆ ਖੋਜ ਕਾਰਜ ਵੀ ਉਪਲੱਬਧ ਹੈ। ਇਹ ਸੰਪੰਨ ਹੋ ਚੁੱਕੇ ਖੋਜ ਕਾਰਜ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਵੱਲੋਂ ਸਿੱਖ ਇਤਿਹਾਸ ਲਿਖਣ ਵਿੱਚ ਪਾਏ ਗਏ ਯੋਗਦਾਨ ਦੇ ਨਾਲ ਸ੍ਰੀ ਗੁਰ ਪੰਥ ਪ੍ਰਕਾਸ਼ਾਂ ਦੀ ਗੋਦ ਵਿੱਚ ਸਮਾਏ ਵਿਭਿੰਨ ਪੱਖਾਂ ਨੂੰ ਵੀ ਉਭਾਰਦੇ ਹਨ।

ਖੋਜ ਕਾਰਜਾਂ ਤੋਂ ਛੁੱਟ ਪੰਥ ਪ੍ਰਕਾਸ਼ਾਂ ਨਾਲ ਸੰਬੰਧਿਤ ਕੁਝ ਖੋਜ ਪੱਤ੍ਰਿਕਾਵਾਂ, ਸੰਪਾਦਿਤ ਕਿਤਾਬਾਂ ਅਤੇ ਰਸਾਲਿਆਂ ਵਿੱਚ ਛਪੇ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਵੱਖ ਵੱਖ ਵਿਦਵਾਨਾਂ ਵਲੋਂ ਲਿਖੇ ਪਰਚੇ ਵੀ ਸਾਹਮਣੇ ਆਉਂਦੇ ਹਨ। ਅਗਸਤ 1978 ਦੀ ਸਿੰਘ ਸਭਾ ਪੱਤ੍ਰਿਕਾ ਵਿੱਚ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਨਾਲ ਸੰਬੰਧਿਤ, ਪ੍ਰੋ. ਗੁਰਬਖ਼ਸ਼ ਸਿੰਘ ਦਾ ਪਰਚਾ *'ਰਤਨ ਸਿੰਘ ਭੰਗੂ ਅਤੇ ਸਿੱਖਾਂ ਦੀ ਰਾਜਨੀਤੀ ਦੇ ਮੁੱਢਲੇ ਸਿਧਾਂਤ'*; ਨਾਹਰ ਸਿੰਘ ਐੱਮ. ਏ. ਦਾ ਪਰਚਾ *'ਸਿੱਖ ਇਤਿਹਾਸ ਦੀ ਸਮੱਗਰੀ-ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ'*; ਪਿਆਰਾ ਸਿੰਘ ਪਦਮ ਦਾ ਪਰਚਾ *'ਗੁਰ ਪੰਥ ਪ੍ਰਕਾਸ਼ ਵਿੱਚ ਪੰਥ ਦਾ ਤਸੱਵਰ'*; ਲਾਭ ਸਿੰਘ ਅੰਮ੍ਰਿਤਸਰ ਦਾ ਪਰਚਾ *'ਪ੍ਰਾਚੀਨ ਪੰਥ ਪ੍ਰਕਾਸ਼ ਤੇ ਸਿੱਖ ਲਹਿਰ'*; ਸਰਮੁਖ ਸਿੰਘ ਅਮੋਲ ਦਾ ਪਰਚਾ '*ਪੰਥ ਪ੍ਰਕਾਸ਼ ਵਿੱਚ ਸਿੱਖੀ ਦੀ ਲਹਿਰ'*; ਪ੍ਰਿੰਸੀਪਲ ਹਰਿਭਜਨ ਸਿੰਘ ਦਾ ਪਰਚਾ *'ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਖ਼ਾਲਸਾਈ ਤੱਤ ਦਾ ਨਿਰੂਪਣ'*; ਸ਼ਮਸ਼ੇਰ ਸਿੰਘ ਅਸ਼ੋਕ ਦਾ ਪਰਚਾ *'ਪ੍ਰਾਚੀਨ ਪੰਥ ਪ੍ਰਕਾਸ਼ਾਂ ਦੀ ਰਚਨਾ ਪ੍ਰਸੰਗ ਭੇਦ'*; ਡਾ. ਗੁਰਬਚਨ ਸਿੰਘ ਦਾ ਪਰਚਾ *'ਪ੍ਰਾਚੀਨ ਪੰਥ ਪ੍ਰਕਾਸ਼ ਦਾ ਇਤਿਹਾਸਿਕ ਮੁਲਾਂਕਣ'* ਆਦਿ ਪਰਚੇ ਮਹੱਤਵਪੂਰਨ ਜਾਣਕਾਰੀ ਦਿੰਦੇ ਸਾਹਮਣੇ ਆਉਂਦੇ ਹਨ।

ਸਿੰਘ ਸਭਾ ਪੱਤ੍ਰਿਕਾ ਜੂਨ 1979 ਦੇ ਅੰਕ ਵਿੱਚ ਗਿਆਨੀ ਗਿਆਨ ਸਿੰਘ ਜਾਂ ਉਸ ਦੇ ਪੰਥ ਪ੍ਰਕਾਸ਼ ਨਾਲ ਸੰਬੰਧਿਤ ਵੱਖ ਵੱਖ ਪੱਖਾਂ ਨੂੰ ਉਭਾਰਦੇ, ਗਿਆਨੀ ਕਿਰਪਾਲ ਸਿੰਘ ਦਾ ਪਰਚਾ *'ਗਿਆਨੀ ਗਿਆਨ ਸਿੰਘ ਜੀ ਰਚਿਤ ਪੰਥ ਪ੍ਰਕਾਸ਼ ਦੀ ਰਚਨਾ, ਅਡੀਸ਼ਨਾਂ ਦੇ ਭੇਦ ਤੇ ਕਾਰਨ'*; ਪਿਆਰਾ ਸਿੰਘ ਪਦਮ ਦਾ

ਪਰਚਾ *'ਪੰਥ ਪ੍ਰਕਾਸ਼-ਖ਼ਾਲਸਾਈ ਆਚਰਣ ਤੇ ਖ਼ਾਲਸਾਈ ਬੋਲੇ'*; ਡਾ. ਕਿਰਪਾਲ ਸਿੰਘ ਦਾ ਪਰਚਾ *'ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼'*; ਸ਼ਮਸ਼ੇਰ ਸਿੰਘ ਅਸ਼ੋਕ ਦਾ ਪਰਚਾ *'ਸਾਡਾ ਪਹਿਲਾ ਇਤਿਹਾਸਕਾਰ ਗਿਆਨੀ ਗਿਆਨ ਸਿੰਘ'*; ਪ੍ਰੋ. ਪ੍ਰਕਾਸ਼ ਸਿੰਘ ਦਾ ਪਰਚਾ *'ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ' ਆਦਿ* ਪਰਚੇ ਸਾਹਮਣੇ ਆਉਂਦੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਛਾਪੀ ਗਈ ਅਤੇ ਪ੍ਰੋ. ਪ੍ਰੀਤਮ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਕਿਤਾਬ ਵਿੱਚ, *'ਗਿਆਨੀ ਗਿਆਨ ਸਿੰਘ ਦੀ ਇਤਿਹਾਸ* ਰਚਨਾ' ਸਿਰਲੇਖ ਹੇਠ ਗਿਆਨ ਗਿਆਨ ਸਿੰਘ ਦੀਆਂ ਲਿਖਤਾਂ ਨਾਲ ਸੰਬੰਧਿਤ ਲੇਖ ਸਾਹਮਣੇ ਆਉਂਦਾ ਹੈ। ਸਿੰਘ ਸਭਾ ਪੱਤ੍ਰਿਕਾ ਮਈ 1981 ਦੇ ਅੰਕ ਵਿੱਚ ਗਿਆਨੀ ਗੁਰਚਰਨ ਸਿੰਘ ਮੁਕਤਸਰ ਦਾ ਦੋਵੇਂ ਲੇਖਕਾਂ ਦੇ ਪੰਥ ਪ੍ਰਕਾਸ਼ਾਂ ਵਿੱਚ ਦਰਜ 1709 ਈ. ਤੋਂ ਲੈ ਕੇ 1769 ਈ. ਤੱਕ ਦੇ ਇਤਿਹਾਸ ਦੀ ਜਾਣਕਾਰੀ ਦਿੰਦਾ ਲੇਖ *'ਪੰਥ ਪ੍ਰਕਾਸ਼'* ਛਪਣਾ ਸ਼ੁਰੂ ਹੋਇਆ, ਜੋ ਲੜੀਵਾਰ ਭਾਗਾਂ ਵਿੱਚ ਸਿੰਘ ਸਭਾ ਪੱਤ੍ਰਿਕਾ ਦੇ ਅਗਲੇ ਅਡੀਸ਼ਨਾਂ ਵਿੱਚ ਵੀ ਛਪਿਆ। ਸਿੰਘ ਸਭਾ ਪੱਤ੍ਰਿਕਾ ਫ਼ਰਵਰੀ 1983 ਦੇ ਅੰਕ ਵਿੱਚ ਪ੍ਰੋ. ਗੁਰਬਖ਼ਸ਼ ਸਿੰਘ ਦਾ ਲੇਖ, *'ਰਤਨ ਸਿੰਘ ਭੰਗੂ ਅਤੇ ਸਿੱਖਾਂ ਦੀ ਰਾਜਨੀਤੀ ਦੇ ਮੁਢਲੇ ਸਿਧਾਂਤ'* ਵੀ ਉਪਲੱਬਧ ਹੈ।

ਡਾ. ਸੁਖਦਿਆਲ ਸਿੰਘ ਦੁਆਰਾ ਲਿਖਿਤ ਪਰਚਾ, *'ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦਾ ਸਹੀ ਰੂਪ'* Punjabi History Conference Proceedings, Punjabi University Patiala, March 1992 ਵਿੱਚ ਛਪਿਆ। ਡਾ. ਜੋਗੇਸ਼ਵਰ ਸਿੰਘ ਦਾ *'ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼: ਸਿੱਖ ਇਤਿਹਾਸ ਦਾ ਸ੍ਰੋਤ'* Punjabi History Conference Proceedings, Punjabi University Patiala, March 2003 ਵਿੱਚ ਛਪਿਆ ਪਰਚਾ ਪ੍ਰਾਚੀਨ ਪੰਥ ਪ੍ਰਕਾਸ਼ ਬਾਰੇ ਡੂੰਘੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਮਲਕੀਤ ਸਿੰਘ ਮਾਨ ਦਾ, *'ਬੰਦਾ ਸਿੰਘ ਬਹਾਦਰ ਦਾ ਵਰਨਣ: ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ'* Punjabi History Conference Proceedings, Punjabi University Patiala, March 2010, ਦਾ ਪਰਚਾ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। Punjabi History Conference Proceedings, Punjabi University Patiala, March 2011, ਵਿੱਚ ਅੰਕਿਤ ਖੋਜਾਰਥੀ ਕੁਲਵਿੰਦਰ ਸਿੰਘ ਅਤੇ ਜਸਵੀਰ ਕੌਰ ਦਾ ਪਰਚਾ, *'ਰਤਨ ਸਿੰਘ ਭੰਗੂ ਦੀਆਂ ਲਿਖਤਾਂ: ਬੰਦਾ ਸਿੰਘ ਬਹਾਦਰ ਦੇ ਸੰਦਰਭ ਵਿੱਚ'* ਬਾਬਾ ਬੰਦਾ ਸਿੰਘ ਬਹਾਦਰ ਬਾਰੇ ਮਿਲਦਾ ਇੱਕ ਹੋਰ ਮਹੱਤਵਪੂਰਨ ਵੇਰਵਾ ਹੈ। Punjabi History Conference Proceedings, Punjabi

University Patiala, March 2012, ਵਿੱਚ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨਾਲ ਸੰਬੰਧਿਤ ਹਰਪਾਲ ਸਿੰਘ ਬੁੱਗਾ ਵੱਲੋਂ ਲਿਖਿਆ ਪਰਚਾ, *'ਪ੍ਰਾਚੀਨ ਪੰਥ ਪ੍ਰਕਾਸ਼: ਸ. ਰਤਨ ਸਿੰਘ ਭੰਗੂ (ਸਿੱਖ ਇਤਿਹਾਸ ਦ੍ਰਿਸ਼ਟੀ ਦੇ ਵਿਸ਼ੇਸ਼ ਸੰਦਰਭ 'ਚ)'* ਵੀ ਮਿਲਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪਦੀ ਨਾਨਕ ਪ੍ਰਕਾਸ਼ ਪੱਤ੍ਰਿਕਾ ਦੇ ਜੂਨ 2003 ਦੇ ਅੰਕ ਪਹਿਲਾ ਵਿੱਚ ਡਾ. ਬਲਵਿੰਦਰ ਕੌਰ ਭੱਟੀ ਦਾ ਖੋਜ ਪੱਤਰ, *'ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿੱਚ ਉਦਾਸੀ ਸੰਪ੍ਰਦਾਇ ਦਾ ਇਤਿਹਾਸ'* ਵੀ ਸਾਹਮਣੇ ਆਉਂਦਾ ਹੈ। ਨਾਨਕ ਪ੍ਰਕਾਸ਼ ਪੱਤ੍ਰਿਕਾ ਦੇ ਜੂਨ 2005 ਅੰਕ ਪਹਿਲਾ ਵਿੱਚ ਵੀ 'ਪੰਥ ਪ੍ਰਕਾਸ਼ਾਂ' ਨਾਲ ਸੰਬੰਧਿਤ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦਾ ਖੋਜ ਪੱਤਰ *'ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼';* ਗੁਰਮੇਲ ਸਿੰਘ ਦਾ ਖੋਜ ਪੱਤਰ *'ਸ੍ਰੀ ਗੁਰ ਪੰਥ ਪ੍ਰਕਾਸ਼: ਸਰਦਾਰ ਰਤਨ ਸਿੰਘ ਭੰਗੂ'* ਅਤੇ ਬਲਵਿੰਦਰ ਕੌਰ ਜੋਸ਼ੀ ਦਾ ਖੋਜ ਪੱਤਰ *'ਪ੍ਰਾਚੀਨ ਪੰਥ ਪ੍ਰਕਾਸ਼: ਸ. ਰਤਨ ਸਿੰਘ ਭੰਗੂ: ਇੱਕ ਪਰਿਚਯ'* ਦੇ ਰੂਪ ਵਿੱਚ ਖੋਜ ਪੱਤਰ ਵੀ ਸਾਹਮਣੇ ਆਉਂਦੇ ਹਨ। ਨਾਨਕ ਪ੍ਰਕਾਸ਼ ਪੱਤ੍ਰਿਕਾ ਦੇ ਜੂਨ 2007 ਅੰਕ ਪਹਿਲਾ ਵਿੱਚ ਛਪਿਆ ਗਿਆਨੀ ਗਿਆਨ ਸਿੰਘ ਬਾਰੇ ਜਾਣਕਾਰੀ ਦਿੰਦਾ ਸੁਖਦਿਆਲ ਸਿੰਘ ਦਾ ਖੋਜ ਪੱਤਰ, *'ਗਿਆਨੀ ਗਿਆਨ ਸਿੰਘ'* ਵੀ ਮਿਲਦਾ ਹੈ। ਇਸੇ ਪੱਤ੍ਰਿਕਾ ਵਿੱਚ ਛਪਿਆ ਡਾ. ਗੁਲਜਾਰ ਸਿੰਘ ਕੰਗ ਦਾ ਖੋਜ ਪੱਤਰ, *'ਸ. ਰਤਨ ਸਿੰਘ ਭੰਗੂ'* ਰਤਨ ਸਿੰਘ ਭੰਗੂ ਬਾਰੇ ਜਾਣਕਾਰੀ ਦਿੰਦਾ ਸਾਹਮਣੇ ਆਉਂਦਾ ਹੈ।

ਡਾ. ਸਰਬਜਿੰਦਰ ਸਿੰਘ ਵੱਲੋਂ ਸੰਪਾਦਿਤ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪੀ ਕਿਤਾਬ 'ਸ੍ਰੀ ਗੁਰੂ ਗੋਬਿੰਦ ਸਿੰਘ' ਵਿੱਚ ਡਾ. ਅਮਨਜੋਤ ਕੌਰ ਦਾ ਖੋਜ ਪੱਤਰ, *'ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਸ਼ਖ਼ਸੀਅਤ'* ਵੀ ਸਾਹਮਣੇ ਆਉਂਦਾ ਹੈ, ਜੋ ਕਿ ਰਤਨ ਸਿੰਘ ਭੰਗੂ ਦੀ ਲਿਖਤ ਪ੍ਰਾਚੀਨ ਪੰਥ ਪ੍ਰਕਾਸ਼ 'ਤੇ ਅਧਾਰਿਤ ਹੈ।

ਪੰਜਾਬੀ ਵਿੱਚ ਛਪੇ ਉਪਰੋਕਤ ਖੋਜ ਨਿਬੰਧਾਂ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਵਿੱਚ ਵੀ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਅਤੇ ਉਨ੍ਹਾਂ ਦੀਆਂ ਲਿਖਤਾਂ ਨਾਲ ਸੰਬੰਧਿਤ Bhagat Singh, *Giani Gian Singh*. Punjab History Conference, April 26-27, 1975; Gurtej Singh. *Rise of the Sikh power as seen through the eyes of Ratan Singh Bhangu*. In J.S. Grewal and Indu Banga, (Eds.) *History and ideology: The Khalsa over 300 years*. New Delhi: Tulika Books, 1999, pp. 48-54; Harinder Singh Chopra and Surjit Hans, *The editing of Panth Parkash by Bhai Vir Singh.* Punjab Journal of Politics, 12(1), Jan-

Jun 1988, 51-62; J. S. Grewal, *Sovereignty of the Third Panth: Bhangu's Gur Panth Parkash*. in Book, Centuries of Sikh Tradition, Oxford Press, New Delhi, 2011, p. 253-272; Kirpal Singh, *Sikh Historiography during Early Twentieth Century: Giani Gian Singh, Bhai Karam Singh and Bhai Vir Singh: A Comparative Study*. Studies in Sikhism and Comparative Religion, 3(1), Apr 1984, 28-34; S. S. Hans, *Rattan Singh Bhangu's purpose of writing the Prachin Panth Parkash.* Punjab History Conference, April 26-27, 1975; Sarita Rana, *Giani Gian Singh as a Historian of the Sikhs: A Critique of His Literary Creations*. The Achievers Journal Volume 2, Issue 4 ISSN (ONLINE): 2395-0897/ISSN (PRINT): 2454-2296 October-December, 2016; Satwinder Kooner, *Giani Gian Singh: His contribution to Sikh studies*. Panjab Past and Present, 24(1), April 1990, 83-89; Sukhdial Singh, *Giani Gian Singh Place in Punjab History*. Punjab Past and Present, Punjabi University Patiala, 32(1), April 2001, 66-70; Sulakahan Singh, *Giani Gian Singh's Interpretation of the Khalsa Sikh Tradition.* Punjab History Conference, March 6-8, 2003; ਆਦਿ ਵੱਖ ਵੱਖ ਕਾਨਫਰੰਸਾਂ, ਜਰਨਲਾਂ ਜਾਂ ਸੰਪਾਦਿਤ ਕਿਤਾਬਾਂ ਵਿੱਚ ਛਪੇ ਖੋਜ ਪੱਤਰ ਮਿਲਦੇ ਹਨ।

ਪ੍ਰਾਪਤ ਸਾਹਿਤ ਦਾ ਸਰਵੇਖਣ ਨਾਲ ਸੰਬੰਧਿਤ ਇਹ ਅਧਿਆਇ ਦੇ ਸੰਪੰਨ ਹੋਣ ਉਪਰੰਤ ਅਗਲਾ ਅਧਿਆਇ ਦੋਵੇਂ ਲੇਖਕਾਂ ਦੇ ਜੀਵਨ ਅਤੇ ਰਚਨਾ ਨਾਲ ਸੰਬੰਧਿਤ ਹੈ। ਜਿਸ ਵਿੱਚ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦਾ ਜੀਵਨ ਬਿਓਰਾ, ਪਰਿਵਾਰਕਿ ਪਿਛੋਕੜ, ਰਚਨਾਵਾਂ, ਸ੍ਰੀ ਗੁਰ ਪੰਥ ਪ੍ਰਕਾਸ਼ ਰਚਣ ਦੇ ਕਾਰਨ, ਪੰਥ ਪ੍ਰਕਾਸ਼ਾਂ ਦੀ ਮਹੱਤਤਾ ਆਦਿ ਨੂੰ ਵਿਚਾਰਿਆ ਜਾਵੇਗਾ।

## ਅਧਿਆਇ ਦੂਜਾ

# ਜੀਵਨ ਤੇ ਸਮਕਾਲ: ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ

ਸਿੱਖ ਕੌਮ ਦਾ ਇਤਿਹਾਸ ਬਹੁਤ ਹੀ ਗੌਰਵਮਈ ਅਤੇ ਮਹਾਨ ਇਤਿਹਾਸ ਹੈ। ਸਿੱਖ ਗੁਰੂ ਸਾਹਿਬਾਨ ਅਤੇ ਅਣਗਿਣਤ ਸਿੱਖਾਂ ਨੇ ਸੂਰਬੀਰਤਾ, ਬਹਾਦਰੀ, ਸਿਦਕ ਅਤੇ ਸ਼ਹੀਦੀ ਦੀਆਂ ਬੇਮਿਸਾਲ ਉਦਾਹਰਣਾਂ ਪੇਸ਼ ਕੀਤੀਆਂ ਹਨ, ਜੋ ਹੋਰ ਕਿਸੇ ਵੀ ਕੌਮ ਦੇ ਇਤਿਹਾਸ ਵਿੱਚ ਨਹੀਂ ਮਿਲਦੀਆਂ। ਅਠਾਰ੍ਹਵੀਂ ਸਦੀ ਦਾ ਇਤਿਹਾਸ ਦਰਸਾਉਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਇਹ ਸਦੀ ਸਿੱਖ ਪੰਥ ਲਈ ਸਭ ਤੋਂ ਜ਼ਿਆਦਾ ਸੰਘਰਸ਼ਮਈ ਅਤੇ ਔਕੜਾਂ ਨਾਲ ਭਰਪੂਰ ਰਹੀ। ਅਸ਼ਾਂਤੀ ਅਤੇ ਅਰਾਜ਼ਕਤਾ ਦੇ ਇਸ ਮਾਹੌਲ ਨੇ ਸਭ ਕੁਝ ਬਰਬਾਦ ਕਰ ਦਿੱਤਾ ਸੀ। ਏਨੇ ਭਿਆਨਕ ਦੌਰ ਵਿੱਚ ਕਿਸੇ ਸਿੱਖ ਨੇ ਕਲਮ ਫ਼ੜ ਕੇ ਇਤਿਹਾਸ ਲਿਖਣ ਵੱਲ ਨਹੀਂ, ਬਲਕਿ ਇਤਿਹਾਸ ਸਿਰਜਣ ਵੱਲ ਵੱਧ ਧਿਆਨ ਦਿੱਤਾ। ਸ਼ਾਇਦ ਉਨ੍ਹਾਂ ਸੂਰਬੀਰ ਸਿੱਖਾਂ ਜਾਂ ਸਿੰਘਾਂ ਨੂੰ ਵੀ ਉਸ ਵੇਲੇ ਇਹ ਅੰਦਾਜ਼ਾ ਨਹੀਂ ਹੋਣਾ ਕਿ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਲਾਸਾਨੀ ਸ਼ਹੀਦੀ ਦੀਆਂ ਉਦਾਹਰਣਾਂ ਰਹਿੰਦੀ ਦੁਨੀਆਂ ਤੱਕ, ਥਾਂ-ਥਾਂ ਦਿੱਤੀਆਂ ਜਾਣਗੀਆਂ।

ਜੰਗਾਂ-ਯੁੱਧਾਂ ਵਿੱਚ ਉਲਝਣ ਕਰਕੇ ਜੋ ਵੀ ਥੋੜ੍ਹਾ-ਬਹੁਤ ਇਤਿਹਾਸ ਸਾਨੂੰ ਮਿਲਦਾ ਹੈ, ਉਸ ਵਿੱਚ ਵੀ ਮਿਲਾਵਟ ਹੋਣ ਕਰਕੇ ਕੁਝ ਦਿੱਕਤਾਂ ਪੇਸ਼ ਆਉਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਸ੍ਰੀ ਗੁਰ ਸੋਭਾ, ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਹਿਮਾ ਪ੍ਰਕਾਸ਼, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰ ਪੰਥ ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼, ਤਵਾਰੀਖ਼ ਗੁਰੂ ਖ਼ਾਲਸਾ ਆਦਿ ਅਜਿਹੇ ਅਦਭੁਤ ਗ੍ਰੰਥ ਹਨ, ਜੋ ਬੇਮਿਸਾਲ ਸਿੱਖ ਇਤਿਹਾਸ ਵੱਖ ਵੱਖ ਪੱਖਾਂ ਨੂੰ ਪੇਸ਼ ਕਰਦੇ ਹਨ ਅਤੇ ਸਾਨੂੰ ਸਾਡੇ ਵਿਰਸੇ ਤੋਂ ਜਾਣੂ ਕਰਵਾਉਂਦੇ ਹਨ। ਹਾਲਾਂਕਿ ਕਲਪਨਾ ਅਤੇ ਮਿਥਿਹਾਸ ਦਾ ਰਲੇਵਾਂ ਸਿੱਖਾਂ ਦੀਆਂ ਇਨ੍ਹਾਂ ਇਤਿਹਾਸਿਕ ਲਿਖਤਾਂ ਵਿੱਚ ਵੀ ਮਿਲਦਾ ਹੈ, ਪਰ ਸਿੱਖ ਧਰਮ ਦੀ ਘਾਲਣਾ, ਸਿੱਖਾਂ ਦਾ ਇਤਿਹਾਸ, ਸਿੱਖਾਂ ਦੀ ਬਹਾਦਰੀ, ਸਿਦਕ, ਜ਼ਿੰਦਾਦਿਲੀ, ਉੱਚਾ ਸੁੱਚਾ ਆਚਰਣ, ਚੜ੍ਹਦੀਕਲਾ, ਕੁਰਬਾਨੀਆਂ ਅਤੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਆਪਣੀ ਸਦੀਵੀ ਹੋਂਦ ਲਈ ਸਿੱਖਾਂ ਵੱਲੋਂ ਨਿਰੰਤਰ ਸੰਘਰਸ਼ ਤੇ ਖ਼ਾਲਸੇ ਦਾ ਰਾਜ ਭਾਗ ਦੀ ਸਥਾਪਤੀ ਲਈ ਨਿਰਵਿਘਨ ਜੱਦੋ-ਜਹਿਦ ਸੰਬੰਧੀ ਭਰਪੂਰ ਜਾਣਕਾਰੀ ਵੀ

ਇਨ੍ਹਾਂ ਮਹੱਤਵਪੂਰਨ ਲਿਖਤਾਂ ਰਾਹੀਂ ਹੀ ਸਾਡੇ ਤੱਕ ਪਹੁੰਚੀ ਹੈ।

ਸਿੱਖ ਇਤਿਹਾਸ ਦੀ ਤਰਜ਼ਮਾਨੀ ਕਰਦੇ ਸ਼ਾਨਦਾਰ ਇਤਿਹਾਸਿਕ ਸ੍ਰੋਤ ਲਿਖਣ ਵਾਲੇ ਸਿਰਮੌਰ ਵਿਦਵਾਨਾਂ ਵਿੱਚੋਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦਾ ਨਾਂ ਮੂਹਰਲੀ ਕਤਾਰ ਦੇ ਸਿੱਖ ਵਿਦਵਾਨਾਂ ਵਿੱਚ ਲਿਆ ਜਾਂਦਾ ਹੈ, ਕਿਉਂ ਜੋ ਇਨ੍ਹਾਂ ਦੋਵਾਂ ਲੇਖਕਾਂ ਦੀ ਬਦੌਲਤ ਹੀ ਸਾਨੂੰ ਕਦਮ ਦਰ ਕਦਮ ਰੂਹਾਨੀਅਤ, ਇਖ਼ਲਾਕ, ਬਹਾਦਰੀ ਅਤੇ ਸੂਰਬੀਰਤਾ ਨਾਲ ਲਬਰੇਜ਼ ਸਾਡੇ ਸ਼ਾਨਾਮਤੀ ਇਤਿਹਾਸ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

## ਰਤਨ ਸਿੰਘ ਭੰਗੂ

ਰਤਨ ਸਿੰਘ ਭੰਗੂ ਦੁਆਰਾ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਧਰਮ ਦਾ ਇੱਕ ਬਹੁਤ ਹੀ ਮਹਾਨ ਅਤੇ ਮਹਤੱਵਪੂਰਨ ਇਤਿਹਾਸਿਕ ਸ੍ਰੋਤ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਇਤਿਹਾਸ ਦੇ ਮਹੱਤਵਪੂਰਨ ਸੋਮਿਆਂ ਵਿੱਚ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦਸਾਂ ਪਾਤਸ਼ਾਹੀਆਂ ਬਾਰੇ, ਸਿੱਖ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਸਮੇਂ ਦੇ ਮਹਾਨ ਯੋਧਿਆਂ ਦੀਆਂ ਸ਼ਹੀਦੀਆਂ, ਸਿੱਖ-ਅਫ਼ਗਾਨ ਸੰਘਰਸ਼, ਮਿਸਲਾਂ ਦੀ ਸਥਾਪਤੀ ਅਤੇ ਉਸ ਸਮੇਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਪਹਿਲੂਆਂ ਬਾਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦਾ ਹੈ। ਅਠਾਰਵ੍ਹੀਂ ਸਦੀ ਦਾ ਪੰਜਾਬ ਜੰਗਾਂ-ਯੁੱਧਾਂ ਦਾ ਹੀ ਅਖਾੜਾ ਬਣਿਆ ਰਿਹਾ। ਉਸ ਸਮੇਂ ਦੇ ਹੁਕਮਰਾਨਾਂ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਹਰ ਸੰਭਵ ਕੋਸਿਸ਼ ਕੀਤੀ। ਇਸ ਮੁਸ਼ਕਿਲ ਘੜੀ ਵਿੱਚ ਸਿੱਖਾਂ ਨੂੰ ਆਪਣੀ ਹੋਂਦ ਬਚਾਉਣ ਲਈ ਘਰ-ਬਾਰ ਤੱਕ ਛੱਡਣੇ ਪਏ ਅਤੇ ਲੁਕਣ ਲਈ ਜੰਗਲਾਂ ਦਾ ਆਸਰਾ ਲੈਣਾ ਪਿਆ। ਇਸ ਭੱਜ ਦੌੜ ਦੇ ਸਮੇਂ ਵਿੱਚ ਇੱਕ ਤਾਂ ਸਿੱਖਾਂ ਨੂੰ ਆਪਣਾ ਇਤਿਹਾਸ ਲਿਖਣ ਦਾ ਮੌਕਾ ਨਹੀਂ ਮਿਲਿਆ, ਦੂਜਾ ਬ੍ਰਾਹਮਣਵਾਦ ਦਾ ਸਮਾਜ ਵਿੱਚ ਉੱਚਾ ਰੁਤਬਾ ਹੋਣ ਕਰਕੇ ਉਹ ਮਨਮਰਜ਼ੀ ਨਾਲ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਸਨ। ਅਜਿਹੇ ਸਮੇਂ ਵਿੱਚ ਰਤਨ ਸਿੰਘ ਭੰਗੂ ਨੇ ਬਹੁਤ ਹੀ ਸਮਝਦਾਰੀ ਅਤੇ ਚੁਸਤੀ ਨਾਲ ਸਿੱਖ ਇਤਿਹਾਸ ਲਿਖਣ ਦਾ ਬੀੜਾ ਆਪਣੇ ਉੱਪਰ ਲਿਆ ਤਾਂ ਜੋ ਸਹੀ ਅਤੇ ਨਿਰਪੱਖ ਸਿੱਖ ਇਤਿਹਾਸ ਲਿਖਿਆ ਜਾ ਸਕੇ। ਰਤਨ ਸਿੰਘ ਭੰਗੂ ਨੇ ਬਿਨਾਂ ਕਿਸੇ ਦਬਾਅ ਜਾਂ ਕਿਸੇ ਅਧੀਨ ਨਾ ਹੋ ਕੇ ਪੰਥ ਪ੍ਰਕਾਸ਼ ਨੂੰ ਸੰਪੂਰਨ ਕੀਤਾ। ਹਾਲਾਂਕਿ ਇਸ ਗ੍ਰੰਥ ਵਿੱਚ ਅਨੇਕਾਂ ਖ਼ਾਮੀਆਂ ਪਾਈਆਂ ਜਾਂਦੀਆਂ ਹਨ, ਪਰ ਫ਼ੇਰ ਵੀ ਪ੍ਰਾਚੀਨ ਪੰਥ ਪ੍ਰਕਾਸ਼ ਬੀਤੇ ਵੇਲੇ ਦੇ ਪੰਜਾਬ ਦੀ ਇਤਿਹਾਸਿਕ, ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਸਥਿਤੀ ਅਤੇ ਹਾਲਾਤਾਂ ਨੂੰ ਜਾਣਨ ਦਾ ਮੁੱਢਲਾ ਆਧਾਰ ਹੈ। ਮੌਲਵੀ ਬੂਟੇ ਸ਼ਾਹ, ਜੋ ਕਿ ਇੱਕ ਸਿੱਖ ਲਿਖਾਰੀ ਨਾ ਹੋ ਕੇ

ਅੰਗਰੇਜ਼ਾਂ ਦਾ ਖ਼ਾਸ ਸਲਾਹਕਾਰ ਸੀ। ਜੇ ਕਿਧਰੇ ਸਿੱਖ ਇਤਿਹਾਸ ਲਿਖਣ ਦਾ ਮੌਕਾ ਮੌਲਵੀ ਬੂਟੇ ਸ਼ਾਹ ਨੂੰ ਮਿਲ ਜਾਂਦਾ ਤਾਂ ਅੱਜ ਜੋ ਇਤਿਹਾਸ ਸਾਨੂੰ ਮਿਲਦਾ ਹੈ, ਅਸੀਂ ਇਸ ਤੋਂ ਵੀ ਵਿਰਵੇ ਰਹਿ ਜਾਂਦੇ।

## ਪਰਿਵਾਰਿਕ ਪਿਛੋਕੜ

ਰਤਨ ਸਿੰਘ ਭੰਗੂ ਅਠਾਰਵ੍ਹੀਂ ਸਦੀ ਦੇ ਪ੍ਰਸਿੱਧ ਜਰਨੈਲ ਸਰਦਾਰ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਪੋਤਰਾ ਅਤੇ ਕਰੋੜਸਿੰਘੀਆ ਮਿਸਲ ਦੇ ਮੁਖੀ ਸਰਦਾਰ ਸ਼ਯਾਮ ਸਿੰਘ ਦਾ ਦੋਹਤਰਾ ਸੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਉਸ ਦੇ ਦਾਦਾ ਮਹਿਤਾਬ ਸਿੰਘ ਨੇ ਮਾੜੀ ਕੰਬੋ ਕੀ ਪਿੰਡ ਦੇ ਤਰਖਾਣ ਸਿੱਖ ਭਾਈ ਸੁੱਖਾ ਸਿੰਘ ਨਾਲ ਮਿਲ ਕੇ ਜ਼ਬਰਦਸਤੀ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਕਰਕੇ ਬੈਠੇ ਅਤੇ ਇਸ ਪਵਿੱਤਰ ਅਸਥਾਨ ਦੀ ਬੇਅਦਬੀ ਕਰਨ ਵਾਲੇ ਮੰਢਿਆਲੇ ਪਿੰਡ ਦੇ ਚੌਧਰੀ ਮੱਸਾ ਰੰਘੜ ਦਾ ਸੰਨ 1740 ਈ. ਵਿੱਚ ਕਤਲ ਕਰ ਦਿੱਤਾ ਸੀ।[1]

ਰਤਨ ਸਿੰਘ ਭੰਗੂ ਇਹ ਵੀ ਲਿਖਦਾ ਹੈ ਕਿ ਉਸ ਸਮੇਂ ਮੁਗਲਾਂ ਦੇ ਅੱਤਿਆਚਾਰਾਂ ਤੋਂ ਬਚਣ ਲਈ ਸਿੱਖਾਂ ਨੇ ਆਪਣੇ ਘਰ-ਬਾਰ ਛੱਡ ਕੇ ਜੰਗਲਾਂ ਜਾਂ ਪਹਾੜਾਂ ਵਿੱਚ ਸ਼ਰਨ ਲੈ ਲਈ ਸੀ। ਇਸੇ ਸਥਿਤੀ ਦਾ ਸਾਹਮਣਾ ਕਰਦਾ ਹੋਇਆ ਉਸ ਦਾ ਦਾਦਾ ਮਹਿਤਾਬ ਸਿੰਘ ਜੈ ਨਗਰ (ਜੈਪੁਰ) ਪਹੁੰਚ ਗਿਆ ਅਤੇ ਉਹ ਉੱਥੋਂ ਦੇ ਰਾਜੇ ਦੇ ਮਹਿਲ ਵਿੱਚ ਨੌਕਰੀ ਕਰਨ ਲੱਗਾ।[2] ਇੱਥੇ ਹੀ ਉਸ ਨੂੰ ਮਾਝੇ ਦੇ ਇੱਕ ਸਿੱਖ ਭਾਈ ਬਲਾਕਾ ਸਿੰਘ ਕੰਗ ਤੋਂ, ਜੋ ਕਿ ਪੰਜਾਬ ਤੋਂ ਜੈਪੁਰ ਜਾ ਕੇ ਜਥੇਦਾਰ ਬੁੱਢਾ ਸਿੰਘ ਦੇ ਜੱਥੇ ਦੇ ਵਿੱਚ ਜਾ ਰਲਿਆ ਸੀ, ਮੱਸਾ ਰੰਘੜ ਦੁਆਰਾ ਹਰਿਮੰਦਰ ਸਾਹਿਬ ਦੀ ਕੀਤੀ ਜਾ ਰਹੀ ਬੇਅਦਬੀ ਅਤੇ ਆਪਣੇ ਸਾਥੀ ਸਿੰਘਾਂ ਉੱਪਰ ਹੋ ਰਹੇ ਅੱਤਿਆਚਾਰਾਂ ਦਾ ਪਤਾ ਲੱਗਿਆ। ਜਿਸ ਦਾ ਪ੍ਰਗਟਾਵਾ ਰਤਨ ਸਿੰਘ ਭੰਗੂ ਨਿਮਨਲਿਖਤ ਸਤਰਾਂ ਰਾਹੀਂ ਕੁਝ ਇੰਞ ਕਰਦਾ ਹੈ: -

ਕੀਓ ਉਪਦ੍ਰੱਵ ਤੁਰਕ ਬਡ ਅੰਮ੍ਰਿਤਸਰ ਗੁਰਦਵਾਰ।
ਹਰਿਮੰਦਰ ਮੈ ਕੰਚਨੀ ਰਖੇ ਤੁਰਕਨ ਕੋ ਸਰਦਾਰ
ਮੰਡਿਆਲੇ ਕੋ ਰੰਘੜੋ ਮੱਸਾ ਤਾਕੋ ਨਾਮ
ਕਰੇ ਬਿਅਦਬੀ ਹਰਿਮੰਦਰ ਪਾਪੀ ਬਡੋ ਹਰਾਮ॥[3]

---

1 ਅਮਰ ਸਿੰਘ, *ਸੰਬੰਧ ਸੂਚਕ ਤਤਕਰਾ: ਸ੍ਰੀ ਗੁਰ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ ਕ੍ਰਿਤ),* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 10.

2 ਗੁਰਬਚਨ ਸਿੰਘ ਨਈਅਰ, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸ੍ਰੋਤ (1469-1849): ਅਧਿਐਨ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨੇ 298–299.

3 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨੇ 227–228.

ਇਹ ਸਭ ਸੁਣਨ ਤੇ ਮਹਿਤਾਬ ਸਿੰਘ ਨੇ ਭਾਈ ਬਲਾਕਾ ਸਿੰਘ ਨੂੰ ਕਿਹਾ ਕਿ ਤੂੰ ਉਸ ਦਾ ਸਿਰ ਕਿਉਂ ਨਹੀਂ ਵੱਢ ਲਿਆਇਆ? ਬਲਾਕਾ ਸਿੰਘ ਨੇ ਵੀ ਅੱਗੋਂ ਮੇਹਣਾ ਦਿੱਤਾ ਕਿ ਤੁਸੀਂ ਮਰਨ ਤੋਂ ਡਰਦੇ ਹੋਏ ਪੰਜਾਬ ਛੱਡ ਕੇ ਇੱਥੇ ਕਿਉਂ ਆ ਗਏ? ਭਾਈ ਬਲਾਕਾ ਸਿੰਘ ਦੇ ਮੇਹਣੇ ਨੇ ਮਹਿਤਾਬ ਸਿੰਘ ਨੂੰ ਧੁਰ ਅੰਦਰ ਤੱਕ ਝੰਜੋੜ ਸੁੱਟਿਆ ਅਤੇ ਉਸ ਨੇ ਪੰਜਾਬ ਜਾ ਕੇ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਉਣ ਦਾ ਪ੍ਰਣ ਕਰ ਲਿਆ।[4]

ਮੱਸੇ ਰੰਘੜ ਨੂੰ ਮਾਰਨ ਦੀ ਵਿਉਂਤ ਅਨੁਸਾਰ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਦੋਵਾਂ ਨੇ ਮਾਮਲਾ ਤਾਰਨ ਦਾ ਢੌਂਗ ਰਚਕੇ ਠੀਕਰੀਆਂ ਦੇ ਦੋ ਥੈਲੇ ਭਰ ਲਏ ਅਤੇ ਹਰਿਮੰਦਰ ਸਾਹਿਬ ਪਹੁੰਚ ਗਏ, ਅੱਗੇ ਮੱਸਾ ਰੰਘੜ ਹਰਿਮੰਦਰ ਸਾਹਿਬ ਵਿੱਚ ਪਲੰਘ ਉੱਪਰ ਬੈਠਾ ਕੰਜਰੀਆਂ ਦਾ ਨਾਚ ਵੇਖ ਰਿਹਾ ਸੀ। ਦੋਵਾਂ ਨੇ ਜਦੋਂ ਠੀਕਰੀਆਂ ਦੇ ਭਰੇ ਥੈਲੇ ਪਲੰਘ ਦੇ ਨੇੜੇ ਸੁੱਟੇ ਤਾਂ ਇਸ ਤਰ੍ਹਾਂ ਖੜਾਕ ਹੋਇਆ ਜਿਵੇਂ ਥੈਲੇ ਰੁਪਈਆਂ ਦੇ ਭਰੇ ਹੋਣ। ਜਦੋਂ ਮੱਸਾ ਰੰਘੜ ਝੁੱਕ ਕੇ ਥੈਲਿਆਂ ਵੱਲ ਵੇਖਣ ਲੱਗਾ ਤਾਂ ਮਹਿਤਾਬ ਸਿੰਘ ਨੇ ਫੁਰਤੀ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਫ਼ੇਰ ਦੋਵੇਂ ਜਣੇ ਮੱਸੇ ਰੰਘੜ ਦੇ ਸਿਰ ਨੂੰ ਨੇਜ਼ੇ 'ਤੇ ਟੰਗ ਕੇ ਅੰਮ੍ਰਿਤਸਰ ਤੋਂ ਬੀਕਾਨੇਰ ਪਹੁੰਚੇ ਅਤੇ ਮੱਸੇ ਰੰਘੜ ਦਾ ਸਿਰ ਸਿੱਖ ਸੰਗਤਾਂ ਤੇ ਜਥੇਦਾਰ ਦੇ ਸਾਹਮਣੇ ਰੱਖ ਦਿੱਤਾ।[5]

ਰਤਨ ਸਿੰਘ ਭੰਗੂ ਅੱਗੇ ਲਿਖਦਾ ਹੈ ਕਿ ਮੱਸਾ ਰੰਘੜ ਦੀ ਮੌਤ ਤੋਂ ਲੋਹੇ ਲਾਖੇ ਹੋਏ ਸੂਬੇਦਾਰ ਜ਼ਕਰੀਆਂ ਖਾਂ ਨੇ ਆਪਣੇ ਸਾਰੇ ਮੁਖ਼ਬਰਾਂ ਨੂੰ ਬੁਲਾ ਲਿਆ ਅਤੇ ਤਾੜਨਾ ਕੀਤੀ ਕਿ ਜਲਦੀ ਤੋਂ ਜਲਦੀ ਮੱਸੇ ਰੰਘੜ ਨੂੰ ਮਾਰਨ ਵਾਲੇ ਦਾ ਪਤਾ ਟਿਕਾਣਾ ਦੱਸੋ ਤਾਂ ਜੋ ਛੇਤੀ ਉਸ ਨਾਲ ਨਿਪਟਿਆ ਜਾ ਸਕੇ। ਰਤਨ ਸਿੰਘ ਭੰਗੂ ਦੇ ਅਨੁਸਾਰ ਹਰਿਭਗਤ ਨਿਰੰਜਣੀਆ, ਜੋ ਕਿ ਜੰਡਿਆਲੇ ਦਾ ਰਹਿਣ ਵਾਲਾ ਸੀ, ਨਾਂ ਦੇ ਮੁਖ਼ਬਰ ਨੇ ਮਹਿਤਾਬ ਸਿੰਘ ਦਾ ਠਿਕਾਣਾ ਦੱਸਦਿਆਂ ਹੋਇਆਂ ਕਿਹਾ: -

ਚੌਪਈ

ਹਰਿਭਗਤ ਨਿਰੰਜਨੀ ਐਸੇ ਕਹਯੋ।
ਮਤਾਬ ਸਿੰਘ ਇੱਕ ਭੰਗੂ ਭਯੋ।
ਮੀਰਾਂਕੋਟ ਦੱਸਿਓ ਗ੍ਰਾਮ।
ਅੰਮ੍ਰਿਤਸਰ ਤੈ ਤ੍ਰੈ ਕੋਹ ਠਾਮ।[6]

---

4 ਡਾ. ਗੁਲਜਾਰ ਸਿੰਘ ਕੰਗ, *ਸ. ਰਤਨ ਸਿੰਘ ਭੰਗੂ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ 2007 ਅੰਕ ਪਹਿਲਾ, ਪੰਨਾ 199.

5 ਡਾ. ਗੁਲਜਾਰ ਸਿੰਘ ਕੰਗ, *ਸ. ਰਤਨ ਸਿੰਘ ਭੰਗੂ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ 200.

6 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 231.

ਖ਼ਬਰ ਮਿਲਦਿਆਂ ਹੀ ਜ਼ਕਰੀਆਂ ਖਾਂ ਨੇ ਨੂਰਦੀਨ ਨੂੰ ਫ਼ੌਜੀ ਟੁਕੜੀ ਦੇ ਕੇ ਮੀਰਾਂਕੋਟ ਪਿੰਡ 'ਤੇ ਹਮਲਾ ਕਰਨ ਲਈ ਭੇਜਿਆ। ਪਰ ਮਹਿਤਾਬ ਸਿੰਘ ਆਪਣੇ ਪੁੱਤਰ ਰਾਏ ਸਿੰਘ ਨੂੰ, ਜੋ ਕਿ ਉਸ ਸਮੇਂ 5-6 ਦੀ ਸਾਲ ਦੀ ਉਮਰ ਦਾ ਸੀ, ਪਿੰਡ ਦੇ ਪੈਂਚ ਨੱਥੇ ਖੈਰੇ ਨੂੰ ਸੌਂਪ ਕੇ ਪਹਿਲਾਂ ਹੀ ਪਿੰਡ ਛੱਡ ਕੇ ਚਲਾ ਗਿਆ। ਜਦੋਂ ਫ਼ੌਜ ਮੀਰਾਂਕੋਟ ਪਹੁੰਚੀ ਤਾਂ ਮਹਿਤਾਬ ਸਿੰਘ ਨਾ ਲੱਭਿਆ। ਨੱਥਾ ਖੈਰਾ ਵੀ ਆਪਣੇ ਗੱਭਰੂ ਪੁੱਤਰ ਭਾਣਜਿਆਂ ਸਮੇਤ ਰਾਏ ਸਿੰਘ ਨੂੰ ਚੁੱਕ ਕੇ ਅਜਨਾਲੇ ਵੱਲ ਦੌੜ ਗਿਆ। ਪਿੰਡ ਰਾਮਰੌਣੀ ਵਿਖੇ ਨੱਥਾ ਖੈਰਾ ਉਸ ਦੇ ਭਾਣਜੇ ਅਤੇ ਪਿੰਡ ਦਾ ਮੁਸਲਮਾਨ ਬਰਵਾਰਾ ਜ਼ਕਰੀਆਂ ਖਾਂ ਦੀ ਫ਼ੌਜ ਨਾਲ ਲੜਦੇ ਹੋਏ ਮਾਰੇ ਗਏ। ਬਾਲਕ ਰਾਏ ਸਿੰਘ ਵੀ ਇਸ ਲੜਾਈ ਵਿੱਚ ਬੁਰੀ ਤਰ੍ਹਾਂ ਮਿੱਧਿਆ ਗਿਆ। ਉਸ ਨੂੰ ਏਨੀਆਂ ਜ਼ਿਆਦਾ ਸੱਟਾਂ ਵੱਜੀਆਂ ਕਿ ਵੈਰੀ ਉਸ ਨੂੰ ਮਰਿਆ ਹੋਇਆ ਸਮਝ ਕੇ ਉੱਥੇ ਹੀ ਛੱਡ ਕੇ ਚਲੇ ਗਏ। ਇਸ ਘਟਨਾ ਦੀ ਪ੍ਰੋੜਤਾ ਹੇਠ ਲਿਖੀਆਂ ਪੰਕਤੀਆਂ ਤੋਂ ਭਲੀ ਭਾਂਤ ਹੋ ਜਾਂਦੀ ਹੈ: -

ਤਬ ਬਾਲਕ ਕੋ ਭਈ ਖੁਆਰੀ।
ਬਾਲਕ ਲਾਗੇ ਜਾਨ ਪਿਆਰੀ।
ਜਬ ਘੜਨ ਕੀ ਫੇਟਨ ਗੇਰਾ।
ਗਰਦਨ ਪਰ ਮਾਰੀ ਸ਼ਮਸ਼ੇਰਾ।
ਗਰਦਨ ਕਟ ਕੇ ਘੰਡੀ ਰਹਾਈ।
ਗਲ ਪਰ ਦੂਜੀ ਫ਼ੇਰ ਚਲਾਈ।
ਕਟ ਗਈ ਹੰਸਲੀ ਮੋਢੇ ਤਾਈਂ।
ਤੀਜੀ ਤਿਨ ਤਕ ਸਿਰ ਕੋ ਲਾਈ।
ਕਾਟ ਮੋਢੇ ਤੇ ਜਿਮੀ ਧਸਾਈ।
ਇਮ ਕਰ ਸ਼ਾਹ ਰਗ ਭਈ ਬਚਾਈ।
ਉਨ ਜਾਨਯੋ ਬਾਲਕ ਮਰ ਗਯੋ।
ਧੂੜ ਲਪੇਟਯੋ ਧਰਨੀ ਪਯੋ।[7]

ਵੈਰੀਆਂ ਵੱਲੋਂ ਉਸ ਨੂੰ ਮੋਇਆ ਸਮਝਕੇ ਉੱਥੇ ਹੀ ਛੱਡ ਜਾਣ ਤੋਂ ਬਾਅਦ ਜਦੋਂ ਰਾਏ ਸਿੰਘ ਉਸੇ ਥਾਂ 'ਤੇ ਪਿਆ ਤੜਫ਼ ਰਿਹਾ ਸੀ ਤਾਂ ਸਾਗ ਵੇਚਣ ਵਾਲੀ ਇੱਕ ਕੰਬੋਜ਼ ਔਰਤ ਉੱਥੇ ਪਹੁੰਚੀ। ਉਹ ਰਾਏ ਸਿੰਘ ਨੂੰ

[7] ਰਤਨ ਸਿੰਘ ਭੰਗੂ, *ਉ. ਰ.,* ਪੰਨੇ 233-34.

ਜਿਊਂਦਾ ਵੇਖ ਕੇ ਟੋਕਰੀ ਵਿੱਚ ਲੁਕੋ ਕੇ ਘਰ ਲੈ ਗਈ ਅਤੇ ਉਸ ਔਰਤ ਨੇ ਰਾਏ ਸਿੰਘ ਦੀ ਤਾਈ ਦੇ ਪੇਕੇ ਪਿੰਡ ਰੰਡਿਆਲੇ ਜਾ ਕੇ ਮੋਚੀ ਤੋਂ ਰਾਏ ਸਿੰਘ ਦੇ ਜ਼ਖਮ ਸਿਵਾਏ ਅਤੇ ਅਕਾਲ ਪੁਰਖ ਦੀ ਮਿਹਰ ਸਦਕਾ ਰਤਨ ਸਿੰਘ ਭੰਗੂ ਦਾ ਪਿਤਾ ਰਾਏ ਸਿੰਘ ਬਚ ਗਿਆ। ਇਸ ਘਟਨਾ ਦਾ ਜ਼ਿਕਰ ਰਤਨ ਸਿੰਘ ਭੰਗੂ ਆਪਣੀ ਲਿਖਤ ਵਿੱਚ ਕੁਝ ਇਸ ਤਰ੍ਹਾਂ ਕਰਦਾ ਹੈ: -

ਦੋਹਿਰਾ

ਮਾਰਕੂਟ ਕੇ ਸੋ ਗਏ ਜੀਵਤ ਜਾਨਯੋਂ ਨਾਹਿ।

ਇਕ ਸਾਗ ਕੰਬੋਇਨ ਬੇਚ ਕੈ, ਤਿਹ ਥਾਂ ਪਹੁੰਚੀ ਆਇ।

ਚੌਪਈ

ਮਾਲਣ ਬਾਲਕ ਜੀਵਤ ਜਾਨਯੋਂ।

ਮਧ ਟੋਕਰੀ ਧਰ ਘਰ ਆਨਯੋਂ।

ਪਿਤਾ ਹਮਾਰੇ ਕੀ ਥੀ ਤਾਈ।

ਸੁਣ ਰੁਡਯਾਲੇ ਮੈ ਲੇ ਆਈ।

ਜਖਮ ਸਿਵਾਏ ਮੋਚੀ ਆਨ।

ਇਸ ਬਿਧਿ ਹਮ ਪਿਤ ਬਚੇ ਪਰਾਨ

ਐਸੀ ਬਿਧ ਸਾਖੀ ਯਹ ਭਈ।

ਗੁਰ ਕਿਰਪਾ ਤੇ ਪੂਰਨ ਪਈ।[8]

ਰਤਨ ਸਿੰਘ ਭੰਗੂ ਆਪਣੇ ਦਾਦੇ ਬਾਰੇ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ ਕਿ ਉਸ ਦੇ ਦਾਦੇ ਮਹਿਤਾਬ ਸਿੰਘ ਨੂੰ ਫੜਨ ਲਈ ਹਰਿਭਗਤ ਨਿਰੰਜਣੀਏ ਨੇ ਬਥੇਰੇ ਸੂਹੀਏ ਉਸ ਦੇ ਪਿੱਛੇ ਲਾ ਦਿੱਤੇ। ਉਨ੍ਹਾਂ ਦਿਨਾਂ ਵਿੱਚ ਭਾਈ ਤਾਰੂ ਸਿੰਘ ਨਾਂ ਦੇ ਸਿੱਖ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਜਾਇਆ ਗਿਆ। ਜ਼ਕਰੀਆਂ ਖਾਂ ਨੇ ਜ਼ੁਲਮ ਦੀ ਅੱਤ ਕਰਦਿਆਂ ਉਸ ਦੀ ਖੋਪਰੀ ਤੱਕ ਲੁਹਾ ਦਿੱਤੀ। ਉਹ ਫ਼ੇਰ ਵੀ ਸਿਮਰਨ ਕਰਦਾ ਹੋਇਆ ਕਈ ਦਿਨਾਂ ਤੱਕ ਜਿਊਂਦਾ ਰਿਹਾ। ਮਹਿਤਾਬ ਸਿੰਘ ਤਾਰੂ ਸਿੰਘ ਦੇ ਦਰਸ਼ਨਾਂ ਲਈ ਲਾਹੌਰ ਚਲਾ ਗਿਆ। ਜਿੱਥੇ ਸ਼ਾਹੀ ਫ਼ੌਜ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਮਹਿਤਾਬ ਸਿੰਘ ਨੂੰ ਗੱਡੇ ਉੱਪਰ ਬੰਨ੍ਹ ਕੇ ਉਸ ਦੇ ਹੱਥਾਂ-ਪੈਰਾਂ ਵਿੱਚ ਕਿੱਲ ਠੋਕ ਦਿੱਤੇ ਗਏ। ਅੰਤ ਵਿੱਚ ਉਸ ਨੂੰ ਭਾਈ ਤਾਰੂ ਸਿੰਘ ਦੇ ਦਰਸ਼ਨ ਕਰਵਾ ਕੇ

---

8 ਰਤਨ ਸਿੰਘ ਭੰਗੂ, *ਉਹੀ,* ਪੰਨਾ 234.

ਚਰਖੜੀ ਉੱਤੇ ਚਾੜ੍ਹ ਕੇ 1 ਜੁਲਾਈ ਸੰਨ 1745 ਈ. ਨੂੰ ਸ਼ਹੀਦ ਕਰ ਦਿੱਤਾ ਗਿਆ। ਜਿਸ ਦੀ ਪੁਸ਼ਟੀ ਖੁਦ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ਵਿੱਚ ਇਨ੍ਹਾਂ ਸ਼ਬਦਾਂ ਰਾਹੀਂ ਕੀਤੀ ਹੈ: -

ਹਰਿਭਗਤ ਲਹੌਰਹਿ ਲੈ ਪੁਜਯੋ ਦੀਯੋ ਨਬਾਬ ਸੁਨਾਇ।
ਤਾਰੂ ਸਿੰਘ ਦਿਖਾਲ ਕੇ ਕਹਯੋ ਦੇਹੋ ਚਰਖ ਚੜ੍ਹਾਇ।
ਮਿਥੀ ਜਿਵੇਂ ਥੀ ਸਿੰਘ ਜੀ ਤਿਮ ਚੜ੍ਹਯੋਂ ਚਰਖ ਪਰ ਧਾਇ।
ਧੰਨ ਜਨਮ ਧੰਨ ਕਰਮ ਉਨ ਸਿਖੀ ਰਖੀ ਸਿਰ ਲਾਇ।
ਤਾਰੂ ਸਿੰਘ ਸੁਨ ਖੁਸ਼ ਭਯੋ ਸਿੰਘ ਚੜ੍ਹਯੋ ਚਰਖ ਸ਼ਿਤਾਬ।
ਅਸਾਂ ਨਮਿਤ ਆਪ ਆ ਮਿਲਯੋ ਧੰਨ ਧੰਨ ਸਿੰਘ ਮਤਾਬ।[9]

ਮਹਿਤਾਬ ਸਿੰਘ ਦੀ ਸ਼ਹੀਦੀ ਪਿੱਛੋਂ ਉਸ ਦੇ ਸਾਥੀ ਮਾੜੀ ਕੰਬੋ ਕੀ ਵਾਲੇ ਸੁੱਖਾ ਸਿੰਘ ਨੇ ਰਾਏ ਸਿੰਘ ਨੂੰ ਆਪਣਾ ਪੁੱਤਰ ਬਣਾ ਲਿਆ ਅਤੇ ਉਸ ਦਾ ਪਾਲਣ ਪੋਸ਼ਣ ਕੀਤਾ। ਭਾਈ ਸੁੱਖਾ ਸਿੰਘ ਸ਼ਯਾਮ ਸਿੰਘ ਦੇ ਦਲ ਖ਼ਾਲਸੇ ਦਾ ਮੈਂਬਰ ਸੀ। ਜਦੋਂ ਰਾਏ ਸਿੰਘ ਜਵਾਨ ਹੋਇਆ ਤਾਂ ਸੁੱਖਾ ਸਿੰਘ ਨੇ ਉਸ ਦਾ ਵਿਆਹ ਸ਼ਯਾਮ ਸਿੰਘ ਦੀ ਧੀ ਲੱਛਮੀ ਨਾਲ ਕਰਵਾ ਦਿੱਤਾ। ਇਸ ਜੋੜੀ ਨੇ ਚਾਰ ਪੁੱਤਰਾਂ ਨੂੰ ਜਨਮ ਦਿੱਤਾ, ਜਿਨ੍ਹਾਂ ਵਿੱਚੋਂ ਰਤਨ ਸਿੰਘ ਭੰਗੂ ਤੀਜਾ ਸੀ।

ਉਪਰੋਕਤ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਰਤਨ ਸਿੰਘ ਭੰਗੂ ਦਾ ਦਾਦਕਾ ਅਤੇ ਨਾਨਕਾ ਪਰਿਵਾਰ ਉਨ੍ਹਾਂ ਆਦਰਸ਼ ਸਿੰਘਾਂ ਵਿੱਚੋਂ ਸੀ, ਜਿਨ੍ਹਾਂ ਨੇ ਸਿੱਖ ਸੰਘਰਸ਼ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ।[10] ਰਤਨ ਸਿੰਘ ਭੰਗੂ ਦਾ ਪਰਿਵਾਰਿਕ ਪਿਛੋਕੜ ਜਿੱਥੇ ਬਹਾਦਰ ਸਿੱਖ ਜਰਨੈਲਾਂ ਦੇ ਨਾਲ ਜੁੜਿਆ ਹੋਇਆ ਹੈ, ਉੱਥੇ ਹੀ ਸੰਸਕਾਰ ਅਤੇ ਵਿਦਵਤਾ ਦੇ ਪੱਖੋਂ ਰਤਨ ਸਿੰਘ ਭੰਗੂ ਦਾ ਪਿਛੋਕੜ ਗੁਰੂ ਘਰ ਦੇ ਦਰਬਾਰੀ ਕਵੀ ਸੈਨਾਪਤਿ ਦੇ ਨਾਲ ਵੀ ਜਾ ਜੁੜਦਾ ਹੈ,[11] ਜਿਸ ਦਾ ਜ਼ਿਕਰ ਰਤਨ ਸਿੰਘ ਭੰਗੂ ਖੁਦ ਵੀ ਆਪਣੇ ਹੰਨੂਮਾਨ ਨਾਟਕ ਦੇ ਟੀਕੇ ਵਿੱਚ ਕਰਦਾ ਹੋਇਆ ਲਿਖਦਾ ਹੈ: -

ਸ੍ਰੀ ਗੁਰੂ ਗੋਬਿੰਦ ਸਿੰਘ ਜਿਨ ਕੋ ਬਡ ਪ੍ਰਮਾਨ।
ਰਖੇ ਬਵੰਜਾ ਕਵਿ ਨਿਕਟ, ਅਤਰ ਜੁ ਕਰੈ ਸਨਾਨ
ਅਤ੍ਰ ਅਤ੍ਰ ਤਲਾਉ ਮੇਂ ਤਰ ਤਾਰ ਨਾਵ ਘਾਟ

---

9 *ਉਹੀ,* ਪੰਨਾ 274.

10 ਡਾ. ਗੁਲਜ਼ਾਰ ਸਿੰਘ ਕੰਗ, *ਸ. ਰਤਨ ਸਿੰਘ ਭੰਗੂ,* ਪੰਨਾ 202.

11 ਅਮਰ ਸਿੰਘ, *ਸੰਬੰਧ ਸੂਚਕ ਤਤਕਰਾ: ਸ੍ਰੀ ਗੁਰ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ ਕ੍ਰਿਤ),* ਪੰਨਾ 10.

ਤਿਨ ਮੈ ਸੈਨਾਪਤਿ ਕੀਯੋ ਮਾਝੈ ਕੁ ਜਾਟ।

ਲਿਖਾਰੀ ਹੁਤੋ ਹਜੂਰ ਕੋ ਔਰ ਕਬਿੱਤ ਅਪਾਰ।

ਪਾਹੁਲ ਖੰਡੇ ਕੀ ਦਈ ਸ੍ਰੀ ਸਤਿਗੁਰ ਹਿਤੁਕਾਰ।

ਤਿਨ ਮਾਝੇ ਮੇ ਆਇਕੇ ਲੀਨੋ ਗ੍ਰਾਮ ਬਸਾਇ।

ਜਗਤ ਪੁਰੇ ਕੇ ਢਿਗ ਤਿਨੇ ਲੀਨੋ ਘੋਰ ਬਠਾਇ।

ਜਿਨ ਤਿਨ ਕੀ ਸੰਗਤ ਕਰੀ ਭਏ ਸ ਬਹੁ ਬੁਧਿਵਾਨ।

ਚੰਦਨਿ ਸੈਣਾ ਸਿੰਘ ਜਨੁ ਬਣ ਮਾ ਝੋਰੀ ਧਾਨੁ।

ਤਿਨ ਮੈ ਬਹਮਨ ਥੋ ਪੜਿਓ ਪੰਜਾਬਾ ਤਾਹਿ ਨਾਂਮ।

ਮੀਰ ਕੋਟ ਸੂਆ ਬਸਿਯੋ ਛੋਡਿ ਸਿ ਚੰਦ੍ਰ ਗ੍ਰਾਮ।

ਤਿਨਹਿ ਪੜਾਯੋ ਕੌਰ ਸਿੰਘ, ਹਮਰੇ ਬਡੋ ਸੁ ਭ੍ਰਾਤ।

ਮਤਾਬ ਸਿੰਘ ਜੋ ਪੋਤਰੇ ਰਾਇ ਸਿੰਘ ਕੋ ਤਾਤ।

ਸੋ ਭਾਈ ਤੇ ਹਮ ਪੜੇ, ਇਮ ਚਲੀ ਸੁ ਗੁਰ ਟਕਸਾਲ।

ਸੋ ਸਤਿਗੁਰ ਕੀ ਦਯਾ ਤੇ, ਹਮ ਭੀ ਭਏ ਨਿਹਾਲ।[12]

ਰਤਨ ਸਿੰਘ ਭੰਗੂ ਦੁਆਰਾ ਹੰਨੂਮਾਨ ਨਾਟਕ ਟੀਕਾ ਲਿਖਣ ਅਤੇ ਇਸ ਦੀ ਹੱਥ ਲਿਖਤ ਮਿਲਣ ਦੀ ਪੁਸ਼ਟੀ ਗਿਆਨੀ ਗੁਰਦਿੱਤ ਸਿੰਘ ਨੇ ਵੀ ਕੀਤੀ ਹੈ। ਉਸ ਅਨੁਸਾਰ ਰਤਨ ਭੰਗੂ ਨੇ ਹਨੂੰਮਾਨ ਟੀਕੇ ਤੋਂ 29 ਵਰ੍ਹੇ ਬਾਅਦ ਪੰਥ ਪ੍ਰਕਾਸ਼ ਸੰਪੂਰਨ ਕੀਤਾ।[13]

## ਜੀਵਨ ਬਿਓਰਾ

ਪ੍ਰਾਚੀਨ ਪੰਥ ਪ੍ਰਕਾਸ਼ ਦੇ ਸਿਰਜਣਹਾਰ ਰਤਨ ਸਿੰਘ ਭੰਗੂ ਦੀ ਜਨਮ ਮਿਤੀ ਅਤੇ ਜਨਮ ਸਥਾਨ ਬਾਰੇ ਵਿਦਵਾਨ ਇੱਕਮੱਤ ਨਹੀਂ ਹਨ। ਵੱਖ ਵੱਖ ਇਤਿਹਾਸਕਾਰ ਰਤਨ ਸਿੰਘ ਭੰਗੂ ਦੇ ਜਨਮ ਮਿਤੀ ਅਤੇ ਜਨਮ ਸਥਾਨ ਬਾਰੇ ਵੱਖ ਵੱਖ ਦਲੀਲਾਂ ਦਿੰਦੇ ਹਨ। ਡਾ. ਜੀਤ ਸਿੰਘ ਸੀਤਲ ਰਤਨ ਸਿੰਘ ਭੰਗੂ ਦਾ ਜਨਮ

---

12 ਡਾ. ਗੁਲਜ਼ਾਰ ਸਿੰਘ ਕੰਗ, *ਉ. ਰ.,* ਪੰਨਾ 202.

13 ਗਿਆਨੀ ਗੁਰਦਿੱਤ ਸਿੰਘ (ਸੰਪਾ.), *ਸਿੰਘ ਸਭਾ ਪੱਤ੍ਰਿਕਾ,* (ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਸ. ਰਤਨ ਸਿੰਘ ਭੰਗੂ ਵਿਸ਼ੇਸ਼ ਅੰਕ), ਜਿਲਦ ਅੱਠਵੀਂ, ਅੰਮ੍ਰਿਤਸਰ 1978, ਪੰਨੇ 11-12.

1782-87 ਈ. ਦੇ ਵਿਚਕਾਰ ਹੋਇਆ ਮੰਨਦਾ ਹੈ।[14] ਕੁਝ ਕੁ ਵਿਦਵਾਨ 1777-82[15] ਈ. ਦਰਮਿਆਨ ਅਤੇ ਕਈ ਹੋਰ ਇਤਿਹਾਸਕਾਰ ਰਤਨ ਸਿੰਘ ਭੰਗੂ ਦਾ ਜਨਮ 1785[16] ਈ. ਦੇ ਨੇੜੇ-ਤੇੜੇ ਦਾ ਮੰਨਦੇ ਹਨ। ਰਤਨ ਸਿੰਘ ਭੰਗੂ ਦੇ ਜਨਮ ਸਥਾਨ ਬਾਰੇ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਪਾਈਆਂ ਗਈਆਂ ਹਨ। ਨਾਹਰ ਸਿੰਘ ਐਮ. ਏ. ਲਿਖਦਾ ਹੈ ਕਿ ਉਸ ਨੇ ਸੰਨ 1968 ਈ. ਵਿੱਚ ਭੜੀ ਵਿਖੇ ਰਤਨ ਸਿੰਘ ਭੰਗੂ ਦੀ ਯਾਦ ਵਿੱਚ ਢੱਠਾ ਜਿਹਾ ਥੜ੍ਹਾ ਵੇਖਿਆ ਸੀ। ਰਤਨ ਸਿੰਘ ਭੰਗੂ ਦੇ ਵੰਸ਼ ਵਿੱਚੋਂ ਹਰਚੰਦ ਸਿੰਘ ਦੇ ਘਰੋਂ ਲਿਖਤੀ ਪੱਤਰੀ ਕੋਈ ਚੀਜ਼ ਨਾ ਮਿਲੀ। ਸਰਦਾਰ ਹਰਚੰਦ ਸਿੰਘ ਤੋਂ ਪੁੱਛ ਪੁਛਾ ਕੇ ਨਾਹਰ ਸਿੰਘ ਨੇ ਉਨ੍ਹਾਂ ਦੀ ਬੰਸ਼ਾਵਲੀ ਤਾਂ ਲਿਖੀ, ਪਰ ਜਨਮ ਸਥਾਨ ਸਬੰਧੀ ਕੋਈ ਵੇਰਵਾ ਪ੍ਰਾਪਤ ਨਾ ਹੋਇਆ।[17]

ਭਾਈ ਕਾਨ੍ਹ ਸਿੰਘ ਨਾਭਾ ਵੀ ਰਤਨ ਸਿੰਘ ਭੰਗੂ ਦਾ ਜਨਮ ਸਰਹਿੰਦ ਜਾਂ ਖੰਨੇ ਦੇ ਨੇੜੇ ਭੜੀ ਪਿੰਡ ਵਿੱਚ ਹੋਇਆ ਦਸਦਾ ਹੈ।[18] ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦੇ ਉੱਤਰ-ਪੱਛਮ ਵਾਲੇ ਇਲਾਕੇ ਉੱਪਰ ਆਪਣਾ ਕਬਜ਼ਾ ਜਮਾ ਲਿਆ ਤਾਂ ਭੰਗੂ ਪਰਿਵਾਰ ਮੀਰਾਂਕੋਟ ਛੱਡ ਕੇ ਸਰਹਿੰਦ ਨੇੜੇ ਪਿੰਡ ਭੜੀ ਵਾਲੀ ਜਾਗੀਰ 'ਚ ਆ ਵੱਸਿਆ।[19] ਰਤਨ ਸਿੰਘ ਭੰਗੂ ਦਾ ਵਡੇਰਾ ਰਾਏ ਸਿੰਘ ਸਿੱਖ ਮੁਹਿੰਮਾਂ ਸਮੇਂ ਦਲ ਖ਼ਾਲਸਾ ਅਤੇ ਕਰੋੜਸਿੰਘੀਆ ਮਿਸਲ ਵਿੱਚ ਸਰਗਰਮ ਰਿਹਾ।[20] ਕਰੋੜਸਿੰਘੀਆ ਮਿਸਲ ਦੇ ਮੁਖੀ ਸ਼ਯਾਮ ਸਿੰਘ ਦੀ ਧੀ ਰਾਏ ਸਿੰਘ ਨੂੰ ਵਿਆਹੀ ਹੋਈ ਸੀ। ਇਤਿਹਾਸਕਾਰਾਂ ਦੇ ਮਤ ਅਨੁਸਾਰ ਸਰਹਿੰਦ ਨੇੜੇ ਦੇ ਇਲਾਕੇ ਸ਼ਯਾਮ ਸਿੰਘ ਕਰੋੜਸਿੰਘੀਆ ਨੇ ਆਪਣੀ ਧੀ ਨੂੰ ਦੇ ਦਿੱਤੇ ਸਨ। ਬੀ. ਐਸ. ਦਾਹੀਆ ਵੀ ਆਪਣੀ ਪੁਸਤਕ ਵਿੱਚ ਲਿਖਦਾ ਹੈ ਕਿ 1763 ਈ. ਵਿੱਚ ਜਦੋਂ ਸਿੱਖਾਂ ਨੇ ਸਰਹਿੰਦ ਦਾ ਇਲਾਕਾ ਫ਼ਤਿਹ ਕੀਤਾ ਤਾਂ ਸਰਦਾਰ ਰਾਏ ਸਿੰਘ ਦੇ ਹਿੱਸੇ ਭੜੀ ਅਤੇ ਕੋਟਲਾ ਆਦਿ ਪਿੰਡ ਆਏ।[21] ਅੰਗਰੇਜ਼ ਵਿਦਵਾਨ ਸਰ ਲੈਪਲ ਗ੍ਰਿਫ਼ਨ ਰਤਨ

---

[14] ਡਾ. ਗੁਲਜ਼ਾਰ ਸਿੰਘ ਕੰਗ, *ਉਹੀ.*

[15] ਡਾ. ਬਲਜਿੰਦਰ ਕੌਰ ਜੋਸ਼ੀ, *ਪ੍ਰਾਚੀਨ ਪੰਥ ਪ੍ਰਕਾਸ਼: ਸ. ਰਤਨ ਸਿੰਘ ਭੰਗੂ – ਇੱਕ ਪਰਿਚਯ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2005, ਪੰਨਾ 239.

[16] ਗੁਰਮੇਲ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼: ਸ. ਰਤਨ ਸਿੰਘ ਭੰਗੂ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2005, ਪੰਨਾ 253.

[17] ਨਾਹਰ ਸਿੰਘ ਐਮ. ਏ., *ਸਿੱਖ ਇਤਿਹਾਸ ਦੀ ਸਮੱਗਰੀ- ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ,* ਸਿੰਘ ਸਭਾ ਪੱਤ੍ਰਿਕਾ ਅੰਮ੍ਰਿਤਸਰ, ਅਗਸਤ 1978, ਪੰਨਾ 49.

[18] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, 2006, ਪੰਨਾ 794.

[19] Lepel Griffin, *Chiefs and Families of Note in the Punjab Vol. I,* Civil and Military Gazette Press Lahore, 1909, p.200.

[20] ਡਾ. ਗੁਲਜ਼ਾਰ ਸਿੰਘ ਕੰਗ, *ਉ. ਹ.,* ਪੰਨਾ 203.

[21] ਡਾ. ਗੁਲਜ਼ਾਰ ਸਿੰਘ ਕੰਗ, *ਉਹੀ.*

ਸਿੰਘ ਭੰਗੂ ਦੇ ਪਿਤਾ ਰਾਏ ਸਿੰਘ ਦੀ ਮੌਤ ਦਾ 1809 ਈ. ਦੱਸਦਾ ਹੈ। ਤਕਰੀਬਨ ਇਸ ਸਮੇਂ ਦੌਰਾਨ ਰਤਨ ਸਿੰਘ ਭੰਗੂ ਲੁਧਿਆਣੇ ਵਿਖੇ ਕੈਪਟਨ ਮਰੇ ਨੂੰ ਮਿਲਦਾ ਹੈ, ਜਿਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਸ ਸਮੇਂ ਰਤਨ ਸਿੰਘ ਭੰਗੂ ਦੀ ਉਮਰ ਲਗਭਗ 20-25 ਸਾਲ ਦੀ ਹੋਵੇਗੀ।[22]

ਉਪਰੋਕਤ ਜਾਣਕਾਰੀ ਅਨੁਸਾਰ ਰਤਨ ਸਿੰਘ ਭੰਗੂ ਦਾ ਜਨਮ ਮੀਰਾਂਕੋਟ ਦੀ ਬਜਾਏ ਭੜੀ ਪਿੰਡ ਵਿੱਚ ਹੋਣ ਦਾ ਦਾਅਵਾ ਜ਼ਿਆਦਾ ਪੁਖਤਾ ਜਾਪਦਾ ਹੈ । ਕਿਉਂਕਿ ਇਸ ਸਮੇਂ ਤੱਕ ਰਾਏ ਸਿੰਘ ਨੇ ਆਪਣਾ ਰੈਣ ਬਸੇਰਾ ਭੜੀ ਵਿੱਚ ਹੀ ਕਰ ਲਿਆ ਸੀ ਅਤੇ ਰਤਨ ਸਿੰਘ ਭੰਗੂ ਦਾ ਜਨਮ ਵੀ ਭੜੀ ਵਿੱਚ ਹੀ ਹੋਇਆ। ਲੈਪਲ ਗ੍ਰਿਫ਼ਨ ਦੇ ਅਨੁਸਾਰ ਰਤਨ ਸਿੰਘ ਭੰਗੂ ਦੇ ਪਿਤਾ ਦਾ ਨਾਂ ਰਾਏ ਸਿੰਘ ਸੀ ਅਤੇ ਉਸ ਦੇ ਅੱਗੋਂ ਚਾਰ ਪੁੱਤਰ ਸਨ, ਜਿਨ੍ਹਾਂ ਵਿੱਚੋਂ ਰਤਨ ਸਿੰਘ ਭੰਗੂ ਤੀਜੇ ਨੰਬਰ 'ਤੇ ਸੀ।[23] ਭਾਈ ਕਾਨ੍ਹ ਸਿੰਘ ਨਾਭਾ ਨੇ ਇਹ ਵੀ ਲਿਖਿਆ ਹੈ ਕਿ ਅੰਗਰੇਜ਼ਾਂ ਦੀ ਅਫ਼ਗਾਨਿਸਤਾਨ ਦੀ ਸੰਨ 1839-42 ਈ. ਦੀ ਮੁਹਿੰਮ ਸਮੇਂ ਰਤਨ ਸਿੰਘ ਭੰਗੂ ਨੇ ਅੰਗਰੇਜ਼ ਸੈਨਾ ਨੂੰ ਰਸਦ ਪਹੁੰਚਾਉਣ ਦਾ ਕਾਰਜ ਵੀ ਕੀਤਾ ਸੀ।[24]

ਰਤਨ ਸਿੰਘ ਭੰਗੂ ਦੇ ਦਾਦੀ ਅਤੇ ਮਾਤਾ ਜੀ ਨੂੰ ਵੀ ਦਲ ਖ਼ਾਲਸੇ ਦੀਆਂ ਲੜਾਈਆਂ ਵਿੱਚ ਕਈ ਤਰ੍ਹਾਂ ਦੇ ਕਸ਼ਟ ਝੱਲਣੇ ਪਏ ਅਤੇ ਵੈਰੀਆਂ ਤੋਂ ਬਚਣ ਲਈ ਬਹੁਤ ਹੀ ਹਿੰਮਤ ਅਤੇ ਦਲੇਰੀ ਤੋਂ ਕੰਮ ਲਿਆ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਤਨ ਸਿੰਘ ਭੰਗੂ ਦੇ ਵੱਡੇ-ਵੱਡੇਰਿਆਂ ਨੇ ਸਿੱਖ ਪੰਥ ਦੇ ਇਤਿਹਾਸ ਵਿੱਚ ਵਾਪਰੀਆਂ ਅਨੇਕਾਂ ਘਟਨਾਵਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਰਤਨ ਸਿੰਘ ਭੰਗੂ ਨੂੰ ਸ਼ਹੀਦਾਂ ਦੇ ਘਰ ਜਨਮ ਲੈਣ ਦਾ ਮਾਣ ਪ੍ਰਾਪਤ ਹੈ ਅਤੇ ਨਾਲ ਹੀ ਸੱਚਾ ਸਿੱਖ ਹੋਣ ਦੀ ਗੁੜਤੀ ਵੀ ਮਿਲੀ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਸੰਨ 1846 ਈ. ਵਿੱਚ ਰਤਨ ਸਿੰਘ ਭੰਗੂ ਦੀ ਮੌਤ ਹੋ ਗਈ ਸੀ।[25] ਰਤਨ ਸਿੰਘ ਭੰਗੂ ਦੇ ਸਰਮੁੱਖ ਸਿੰਘ ਅਤੇ ਗੁਰਮੁੱਖ ਸਿੰਘ ਦੋ ਪੁੱਤਰ ਸਨ। ਸਰਦਾਰ ਗਿਆਨ ਸਿੰਘ ਰਾੜੇਵਾਲਾ, ਜੋ ਕਿ ਪੈਪਸੂ ਦਾ ਮੁੱਖ ਮੰਤਰੀ ਸੀ, ਰਤਨ ਸਿੰਘ ਭੰਗੂ ਦੇ ਖ਼ਾਨਦਾਨ ਵਿੱਚੋਂ ਹੀ ਸੀ।[26]

ਇਸ ਤਰ੍ਹਾਂ ਰਤਨ ਸਿੰਘ ਭੰਗੂ ਦੇ ਜੀਵਨ ਬਾਰੇ ਬਹੁਤ ਸੀਮਿਤ ਜਿਹੀ ਜਾਣਕਾਰੀ ਮਿਲਦੀ ਹੈ। ਪਰ ਨਾਲ ਹੀ ਇਹ ਵੀ ਪਤਾ ਲੱਗਦਾ ਹੈ ਕਿ ਕਿ ਰਤਨ ਸਿੰਘ ਭੰਗੂ ਦੇ ਪੁਰਖੇ ਜਾਗੀਰਾਂ ਦੇ ਮਾਲਕ ਚੱਲੇ ਆ ਰਹੇ

---

22 *ਉਹੀ.*

23 Lepel Griffin, *Chiefs and Families of Note in the Punjab Vol. I,* p.200.

24 ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 794.

25 ਭਾਈ ਕਾਨ੍ਹ ਸਿੰਘ ਨਾਭਾ, *ਉ. ਹ..*

26 ਡਾ. ਗੁਲਜ਼ਾਰ ਸਿੰਘ ਕੰਗ, *ਉ. ਹ.,* ਪੰਨਾ 203.

ਸਨ। ਜਿਸ ਕਰਕੇ ਰਤਨ ਸਿੰਘ ਭੰਗੂ ਦਾ ਜੀਵਨ ਬੜੇ ਹੀ ਚੰਗੇ ਹਾਲਾਤਾਂ ਵਿੱਚ ਗੁਜ਼ਰਿਆ। ਉਸ ਸਮੇਂ ਵਿੱਚ ਰਤਨ ਸਿੰਘ ਭੰਗੂ ਪੜ੍ਹਿਆ-ਲਿਖਿਆ ਹੋਣ ਦੇ ਨਾਲ, ਚੰਗਾ ਰਈਸ ਵੀ ਸੀ ਅਤੇ ਨਾਲ ਹੀ ਉਸ ਸਮੇਂ ਅੰਗਰੇਜ਼ ਹਕੂਮਤ ਨਾਲ ਉਸ ਦੇ ਸੰਬੰਧ ਬੜੇ ਨਿੱਘੇ ਸਨ ਅਤੇ ਸਰਕਾਰੇ ਦਰਬਾਰੇ ਉਸ ਦੀ ਬੜੀ ਪੁੱਛ ਪ੍ਰਤੀਤ ਸੀ। ਰਤਨ ਸਿੰਘ ਭੰਗੂ ਦੀ ਗੁਰਮੁਖੀ ਅਤੇ ਉਰਦੂ ਤੋਂ ਤੋਂ ਇਲਾਵਾ ਬ੍ਰਜ਼, ਫ਼ਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਉੱਪਰ ਵੀ ਕਾਫ਼ੀ ਪਕੜ ਸੀ।[27] ਰਤਨ ਸਿੰਘ ਭੰਗੂ ਦੇ ਇਨ੍ਹਾਂ ਗੁਣਾਂ ਕਰਕੇ ਹੀ ਅੰਗਰੇਜ਼ੀ ਦਰਬਾਰ ਵਿੱਚ ਉਸ ਦਾ ਕਾਫ਼ੀ ਅਸਰ ਰਸੂਖ ਸੀ। ਅੰਗਰੇਜ਼ੀ ਦਰਬਾਰ ਵਿੱਚ ਇਸ ਅਸਰ ਰਸੂਖ ਅਤੇ ਚੰਗੇ ਰੁਤਬੇ ਦੀ ਬਦੌਲਤ ਹੀ ਰਤਨ ਸਿੰਘ ਭੰਗੂ ਕੈਪਟਨ ਮਰੇ ਦੇ ਲਈ ਸਿੱਖ ਇਤਿਹਾਸ ਲਿਖਣ ਵਿੱਚ ਸਫ਼ਲ ਰਿਹਾ।

ਸੰਨ 1805 ਈ. ਵਿੱਚ ਜਦੋਂ ਅੰਗਰੇਜ਼ ਫ਼ੌਜ ਮਰਾਠਾ ਸਰਦਾਰ ਜਸਵੰਤ ਰਾਏ ਹੋਲਕਰ ਦਾ ਪਿੱਛਾ ਕਰਦੀ ਹੋਈ ਲੁਧਿਆਣੇ ਆ ਪਹੁੰਚੀ ਤਾਂ ਇਸ ਇਲਾਕੇ ਵਿੱਚ ਨਜ਼ਰਸਾਨੀ ਰੱਖਣ ਦਾ ਹੱਕ ਅੰਗਰੇਜ਼ ਜਰਨੈਲ ਡੇਵਿਡ ਅਖ਼ਤਰਲੋਨੀ ਨੂੰ ਦੇ ਦਿੱਤਾ ਗਿਆ। ਉਹ ਸਿੱਖਾਂ ਦੀ ਸ਼ਕਤੀ ਦੇ ਭੇਦ ਨੂੰ ਜਾਣਨਾ ਚਾਹੁੰਦਾ ਸੀ। ਉਸ ਨੇ ਹੁਣ ਤੱਕ ਸਿੱਖਾਂ ਬਾਰੇ ਜੋ ਵੀ ਜਾਣਕਾਰੀ ਜਾਂ ਵਾਕਫ਼ੀਅਤ ਇੱਕਠੀ ਕੀਤੀ ਸੀ, ਉਸ ਤੋਂ ਇਹ ਭਲੀ-ਭਾਂਤ ਸਪੱਸ਼ਟ ਹੁੰਦਾ ਸੀ ਕਿ ਮੁਗਲ ਹਕੂਮਤ ਨੇ ਸਿੱਖਾਂ ਨੂੰ ਰਾਜ ਨਹੀਂ ਸੀ ਦਿੱਤਾ, ਸਗੋਂ ਇਹ ਤਾਂ ਸਿੱਖਾਂ ਨੇ ਆਪਣੇ ਜ਼ੋਰ ਅਤੇ ਸੰਘਰਸ਼ ਨਾਲ ਮੁਗਲਾਂ ਪਾਸੋਂ ਖੋਹਿਆ ਸੀ। ਇਸ ਗੱਲ ਦੀ ਪੁਸ਼ਟੀ ਰਤਨ ਸਿੰਘ ਭੰਗੂ ਇਨ੍ਹਾਂ ਪੰਕਤੀਆਂ ਰਾਹੀਂ ਕਰਦਾ ਹੈ: -

ਦੋਹਿਰਾ

ਜਬ ਪਾਤਿਸਾਹੈ ਇਮ ਕਹਯੋ ਇਨ ਦਯੋ ਰਾਜ ਕਿਨ ਨਾਹਿ।

ਰੱਯਤ ਆਕੀ ਹਮ ਭਈ ਆਏ ਨਾਦਰ ਅਹਿਮਦ ਸਾਹਿ।

ਚੌਪਈ

ਤਬ ਅੰਗਰੇਜ਼ਨ ਤਿਯੋ ਹੀ ਲਿਖ ਲਯੋ। ਸਿੰਘਨ ਰਾਜ ਨ ਕਿਨਹੂ ਦਯੋ।

ਨਹੀਂ ਪਰਵਾਨੋ ਸਿੰਘਾ ਪਾਹਿ। ਨਹੀਂ ਬਖਸ ਕਿਨ ਕਰੀ ਪਾਤਿਸਾਹਿ।[28]

ਅੰਗਰੇਜ਼ ਜਰਨੈਲ ਅਖ਼ਤਰਲੋਨੀ ਦੇ ਮਨ ਨੂੰ ਇਹ ਗੱਲ ਬੇਚੈਨ ਕਰ ਰਹੀ ਸੀ ਕਿ ਸਿੱਖਾਂ ਵਿੱਚ ਅਜਿਹੀ ਕਿਹੜੀ ਗੈਬੀ ਸ਼ਕਤੀ ਸੀ ਜੋ ਉਨ੍ਹਾਂ ਨੇ ਮੁੱਠੀ ਭਰ ਹੁੰਦੇ ਹੋਏ ਵੀ ਏਨੀ ਵੱਡੀ ਮੁਗਲ ਹਕੂਮਤ ਨੂੰ

---

27 ਡਾ. ਬਲਜਿੰਦਰ ਕੌਰ ਜੋਸ਼ੀ, *ਪ੍ਰਾਚੀਨ ਪੰਥ ਪ੍ਰਕਾਸ਼: ਸ. ਰਤਨ ਸਿੰਘ ਭੰਗੂ- ਇੱਕ ਪਰਿਚਯ,* ਪੰਨਾ 240.

28 ਰਤਨ ਸਿੰਘ ਭੰਗੂ, *ਉ. ਰ.,* ਪੰਨਾ 37.

ਮਾਤ ਦੇ ਦਿੱਤੀ। ਉਸ ਨੇ ਕਪਤਾਨ ਮਰੇ ਨੂੰ ਬੁਲਾ ਕੇ ਉਪਰੋਕਤ ਪ੍ਰਸ਼ਨ ਦੇ ਉੱਤਰ ਨੂੰ ਖੋਜਣ ਲਈ ਹੁਕਮ ਦਿੱਤਾ ਕਿ ਸਿੱਖ ਤਾਂ ਮੁਗਲਾਂ ਦੀ ਪਰਜਾ ਮਾਤਰ ਸਨ, ਬਾਦਸ਼ਾਹਤ ਜਾਂ ਹਕੂਮਤ ਤਾਂ ਮੁਗਲਾਂ ਦੀ ਸੀ। ਫ਼ੇਰ ਸਿੱਖਾਂ ਨੇ ਆਕੀ ਹੋ ਕੇ ਮੁਗਲਾਂ ਤੋਂ ਹਕੂਮਤ ਕਿਵੇਂ ਪ੍ਰਾਪਤ ਕਰ ਲਈ। ਰਤਨ ਸਿੰਘ ਭੰਗੂ ਇਸ ਬਾਬਤ ਲਿਖਦਾ ਹੈ: -

ਚੌਪਈ

ਤਬ ਜਰਨੈਲ ਸੋਚ ਚਿਤ ਆਈ।
ਹੁਤੀ ਜਾ ਬਾਤ ਪਾਤਿਸ਼ਾਹ ਲਿਖਾਈ।
ਜ੍ਰਨੈਲ ਅਗੇ ਥੋ ਮਾਲੀ ਕਪਤਾਨ।
ਜਿਹ ਜਾਨਤ ਹੈ ਬਹੁਤ ਜਹਾਨ।
ਤਿਸਕੋ ਕਹਯੋ ਜ੍ਰਨੈਲ ਬੁਲਾਇ।
ਸਮਝਾਇ ਖੂਬ ਉਸ ਪਾਸ ਬਹਾਇ।
ਸਿੰਘਨ ਕੀ ਉਤਪਤੀ ਲਿਖਾਯੋ।
ਜਿਸ ਕਰ ਖਾਲਸੈ ਰਾਜ ਆਦ ਪਾਯੋ।[29]

ਰਤਨ ਸਿੰਘ ਭੰਗੂ ਦੇ ਅਨੁਸਾਰ ਅਖ਼ਤਰਲੋਨੀ ਜਾਣਨਾ ਚਾਹੁੰਦਾ ਹੈ ਕਿ ਖ਼ਾਲਸੇ ਨੇ ਮੁਗਲ ਬਾਦਸ਼ਾਹ ਦੇ ਰਾਜ ਦੇ ਕਈ ਸੂਬੇ ਆਪਣੇ ਕਬਜ਼ੇ ਵਿੱਚ ਕਿੰਝ ਕਰ ਲਏ। ਮੁਗਲ ਬਾਦਸ਼ਾਹ ਦੀ ਐਨੀ ਵੱਡੀ ਅਤੇ ਸ਼ਕਤੀਸ਼ਾਲੀ ਫ਼ੌਜ ਇਸ ਪਰਜਾ ਕੋਲੋਂ ਕਿਸ ਤਰ੍ਹਾਂ ਹਾਰ ਗਈ: -

ਕਿਮ ਕਰ ਜੱਟਨ ਸ਼ਾਹਿ ਸੂਬੇ ਮਾਰੇ।
ਸ਼ਾਹਿ ਰੱਯਤ ਤੇ ਕਿਮ ਕਰ ਹਾਰੇ।
ਬਾਈ ਸੂਬੇ ਮੂਗਲਨ ਪਾਹਿ।
ਕਈ ਜ਼ਜ਼ੀਰੈ ਸਾਮੁੰਦ੍ਰ ਮਾਹਿ
ਸਾਰੀ ਹਿੰਦ ਥੀ ਚਗੱਤਿਨਿ ਪਾਸ।
ਕੌਣ ਗਜ਼ਬ ਕਰਕੇ ਭਏ ਨਾਸ।
ਰਯਤ ਛੇਲੀ ਸਮ ਹਾਕਮ ਸ਼ੇਰ।

---
[29] ਰਤਨ ਸਿੰਘ ਭੰਗੂ, *ਉਹੀ,* ਪੰਨਾ 39.

ਹਾਕਮ ਬਾਜ ਐ ਰਯਤ ਬਟੇਰ।

ਦੋਹਿਰਾ

ਛੇਲੀਅਨ ਮਾਰੇ ਸ਼ੇਰ ਕਿਮ ਬਟੇਰਨ ਮਾਰੇ ਬਾਜ਼

ਐ ਹਾਕਮ ਮਾਰੇ ਰੱਯਤੈ ਯਹ ਕਰਮਾਤਹਿ ਕਾਜ ।[30]

ਰਤਨ ਸਿੰਘ ਭੰਗੂ ਆਪਣੀ ਲਿਖਤ ਰਾਹੀਂ ਜਾਣਕਾਰੀ ਦਿੰਦਾ ਹੈ ਕਿ ਅੰਗਰੇਜ਼ ਜਰਨੈਲ ਅਖ਼ਤਰਲੋਨੀ ਸੋਚਦਾ ਹੈ ਕਿ ਇਨ੍ਹਾਂ ਸਿੰਘਾਂ ਵਿੱਚ ਜ਼ਰੂਰ ਕੋਈ ਗੈਬੀ ਜਾਂ ਕਰਾਮਾਤੀ ਸ਼ਕਤੀ ਭਰੀ ਹੋਈ ਹੈ, ਜੋ ਸਿੱਖਾਂ ਨੇ ਮੁੱਠੀ ਭਰ ਹੁੰਦਿਆਂ ਹੋਇਆਂ ਵੀ ਏਨੀ ਵੱਡੀ ਸਲਤਨਤ ਨੂੰ ਮਾਰ ਲਿਆ। ਇਸ ਹਕੀਕਤ ਨੂੰ ਸਮਝਣ ਤੇ ਜਾਣਨ ਲਈ ਸਹੀ ਜਾਣਕਾਰੀ ਇਕੱਤਰ ਕੀਤੀ ਜਾਵੇ: -

ਹੈ ਇਨ ਮੈਂ ਕਿਛੁ ਸ਼ਕਤ ਬਲ ਕੈ ਕਿਸ ਡਾਢੇ ਪੰਥ।

ਲਿਖੋ ਹਕੀਕਤ ਇਨ ਸਭੋ ਤੌਂ ਯਹ ਪਈਏ ਅੰਤ।[31]

ਨਾਲ ਹੀ ਜਰਨੈਲ ਅਖ਼ਤਰਲੋਨੀ ਕਪਤਾਨ ਮਰੇ ਨੂੰ ਇਹ ਵੀ ਤਾਕੀਦ ਕਰਦਾ ਹੈ ਕਿ ਸਿੱਖਾਂ ਨੇ ਜਿਵੇਂ ਆਪਣਾ ਰਾਜ ਸਥਾਪਿਤ ਕੀਤਾ ਹੈ ਉਸ ਦਾ ਵੀ ਸਾਰਾ ਵੇਰਵਾ ਭੇਜਿਆ ਜਾਵੇ।

ਦੋਹਿਰਾ

ਜਿਮ ਸਿੰਘਨ ਰਾਜ ਮੱਲਿਓ ਸਭ ਭਾਤਿ ਲਿਖਾਯੋ ਸਾਲ।

ਸੁਨ ਝੇੜੋ ਸਭ ਖਾਲਸੈ ਜਾਨਯੋ ਜੱਗ ਹਵਾਲ ।[32]

ਅੰਗਰੇਜ਼ ਜਰਨੈਲ ਅਖ਼ਤਰਲੋਨੀ ਦਾ ਪੂਰਾ ਨਾਂ ਸਰ ਡੇਵਿਡ ਆਕਟਰਲੋਨੀ ਸੀ ਅਤੇ ਅੰਗਰੇਜ਼ ਹਕੂਮਤ ਨੇ ਉਸ ਨੂੰ ਦਿੱਲੀ ਵਿਖੇ ਪੁਲਿਟੀਕਲ ਰੈਜ਼ੀਡੈਂਟ ਨਿਯੁਕਤ ਕੀਤਾ ਹੋਇਆ ਸੀ ਅਤੇ ਕੈਪਟਨ ਮਰੇ ਨੇ ਲੁਧਿਆਣੇ ਵਿੱਚ ਅੰਗਰੇਜ਼ ਸਰਕਾਰ ਦੀ ਇੱਕ ਏਜੰਸੀ ਕਾਇਮ ਕੀਤੀ ਹੋਈ ਸੀ।[33] ਅੰਗਰੇਜ਼ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਵਿੱਚ ਦਾਖਲ ਹੋ ਚੁੱਕੇ ਸਨ ਅਤੇ ਆਪਣੇ ਆਪ ਨੂੰ ਇੱਥੇ ਪੱਕੇ ਪੈਰੀਂ ਸਥਾਪਿਤ ਕਰਨ ਲਈ ਇਥੋਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਜਾਣਨਾ ਚਾਹੁੰਦੇ ਸਨ। ਅੰਗਰੇਜ਼ ਪੰਜਾਬ ਨੂੰ ਵੀ ਆਪਣੇ ਅਧੀਨ ਕਰਨਾ ਚਾਹੁੰਦੇ ਸੀ। ਇਸ ਮਕਸਦ ਦੀ ਸ਼ੁਰੂਆਤ ਸੰਨ 1809 ਈ. ਦੀ ਅੰਮ੍ਰਿਤਸਰ ਦੀ ਸੰਧੀ ਨਾਲ ਹੋ ਚੁੱਕੀ

30 *ਉਹੀ.*

31 *ਉਹੀ.*

32 *ਉਹੀ,* ਪੰਨਾ 40.

33 *ਉਹੀ,* ਪੰਨਾ ਅ.

ਸੀ। ਅੰਗਰੇਜ਼ ਬਹੁਤ ਚਤੁਰ ਅਤੇ ਕੂਟਨੀਤੀਵਾਨ ਸਨ। ਪੰਜਾਬ ਉੱਪਰ ਪੱਕੇ ਪੈਰੀਂ ਕਬਜ਼ਾ ਕਰਨ ਲਈ ਇੱਥੋਂ ਦਾ ਪਿਛੋਕੜ ਭਾਵ ਇਤਿਹਾਸਿਕ, ਧਾਰਮਿਕ, ਆਰਥਿਕ, ਰਾਜਨੀਤਿਕ ਆਦਿ ਹਾਲਾਤਾਂ ਨੂੰ ਭਲੀ ਪ੍ਰਕਾਰ ਸਮਝਣਾ ਚਾਹੁੰਦੇ ਸੀ।[34] ਉਹ ਇਹ ਵੀ ਜਾਣਨਾ ਚਾਹੁੰਦੇ ਸੀ ਕਿ ਸਿੱਖਾਂ ਦੀ ਉੱਤਪਤੀ, ਰਾਜ ਭਾਗ ਪ੍ਰਾਪਤ ਕਰਨਾ, ਸਿੱਖਾਂ ਦਾ ਸੰਘਰਸ਼ ਅਤੇ ਸ਼ਹੀਦੀਆਂ ਨਾਲ ਭਰਪੂਰ ਇਤਿਹਾਸ ਕੀ ਹੈ? ਇਸ ਮਨੋਰਥ ਦੀ ਪ੍ਰਾਪਤੀ ਲਈ ਕੈਪਟਨ ਮਰੇ ਨੇ ਮੌਲਵੀ ਬੂਟੇ ਸ਼ਾਹ ਨੂੰ ਸਿੱਖਾਂ ਦਾ ਇਤਿਹਾਸ ਲਿਖਣ ਲਈ ਕਿਹਾ: -

ਮਰੀ ਹੁਕਮ ਲੈ ਉਦਮ ਕੀਯੋ॥
ਬੂਟੇ ਸ਼ਾਹਿ ਮੌਲਵੀ ਸੱਦ ਲੀਯੋ॥
ਲਿਖਨਿ ਕਿਤਾਬ ਉਸੈ ਫਰਮਾਯੋ॥
ਸਿੰਘਨ ਕੀ ਉਤਪਤੀ ਲਿਖਾਯੋ॥[35]

ਰਤਨ ਸਿੰਘ ਭੰਗੂ, ਜੋ ਕਿ ਸਿੱਖੀ ਪਿਛੋਕੜ ਨਾਲ ਜੁੜਿਆ ਹੋਇਆ ਤੇ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਇਕ ਦਿਨ ਮਰੇ ਦੀ ਕਚਹਿਰੀ ਵਿੱਚ ਲੁਧਿਆਣੇ ਗਿਆ। ਜਿੱਥੇ ਉਸ ਨੂੰ ਮੌਲਵੀ ਬੂਟੇ ਸ਼ਾਹ ਵੱਲੋਂ ਅੰਗਰੇਜ਼ਾਂ ਦੇ ਲਈ ਸਿੱਖ ਇਤਿਹਾਸ ਲਿਖਣ ਬਾਰੇ ਪਤਾ ਲੱਗਿਆ। ਰਤਨ ਸਿੰਘ ਭੰਗੂ ਨੂੰ ਡੂੰਘੀ ਚਿੰਤਾ ਹੋਈ ਕਿ ਮੌਲਵੀ ਬੂਟੇ ਸ਼ਾਹ ਆਪਣੇ ਪੱਖਪਾਤੀ ਰਵੱਈਏ ਅਤੇ ਮੁਸਲਮਾਨ ਹੋਣ ਕਰਕੇ ਸ਼ਿੱਖ ਇਤਿਹਾਸ ਨਿਰਪੱਖਤਾ ਨਾਲ ਨਹੀਂ ਲਿਖ ਸਕੇਗਾ। ਇਹ ਖਦਸ਼ਾ ਉਸ ਨੇ ਕੈਪਟਨ ਮਰੇ ਨਾਲ ਵੀ ਸਾਂਝਾ ਕੀਤਾ। ਰਤਨ ਸਿੰਘ ਭੰਗੂ ਦੇ ਇਹ ਵਿਚਾਰ ਕਪਤਾਨ ਮਰੇ ਨੂੰ ਜਚ ਗਏ ਅਤੇ ਉਸ ਨੇ ਰਤਨ ਸਿੰਘ ਭੰਗੂ ਨਾਲ ਮਿੱਤਰਤਾ ਕਰ ਲਈ । ਇਸ ਘਟਨਾ ਬਾਰੇ ਰਤਨ ਸਿੰਘ ਭੰਗੂ ਕੁਝ ਇਸ ਤਰ੍ਹਾਂ ਲਿਖਦਾ ਹੈ: -

ਚੌਪਈ

ਉਸੀ ਕਚਹਿਰੀ ਹਮ ਥੇ ਗਏ।
ਸੁਨ ਯਹ ਬਾਤ ਸੁ ਚਿੰਤਤ ਭਏ।
ਯਹਿ ਮੌਲਵੀ ਹੈ ਮੁਸਲਮਾਨ।
ਕਬ ਸਿਖਨ ਜਸ ਕਰੈ ਬਖਾਨ।
ਕਰ ਗੋਸ਼ਟ ਹਮ ਮਰੀ ਸਮਝਾਯੋ।

---

[34] ਡਾ. ਬਲਜਿੰਦਰ ਕੌਰ ਜੋਸ਼ੀ, *ਉ. ਰ.,* ਪੰਨਾ 241.

[35] ਰਤਨ ਸਿੰਘ ਭੰਗੂ, *ਉ. ਰ.,* ਪੰਨਾ 6.

ਉਸ ਕਾ ਲਿਖਿਆ ਹਮਹਿ ਦਿਖਾਯੋ।

ਉਸ ਕੋ ਦੇਖ ਹਮ ਬਾਤ ਉਚਾਰੀ।

ਇਨ ਗਲ ਖਾਲਸੈ ਕਹੀ ਨ ਸਾਰੀ ।

ਦੋਹਿਰਾ

ਸੋ ਮਰੀ ਹਮਾਰੋ ਮਿਤ ਭਯੋ ਮੁਹਿ ਫ਼ੇਰ ਕਹਾਯੋ ਬੁਲਵਾਇ।

ਜਿਸ ਉਤਪਤਿ ਭਈ .ਖ਼ਾਲਸੇ ਤਿਮ ਤੁਮ ਦੇਹੁ ਲਿਖਾਇ।[36]

ਉਪਰੋਕਤ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਤਨ ਸਿੰਘ ਭੰਗੂ ਨੇ ਅੰਗਰੇਜ਼ਾਂ ਦੇ ਕਹਿਣ ‘ਤੇ ਮੌਲਵੀ ਬੂਟੇ ਸ਼ਾਹ ਵੱਲੋਂ ਲਿਖੀ ਤਵਾਰੀਖ਼-ਏ-ਪੰਜਾਬ ਦੇ ਮੁਕਾਬਲੇ ਵਿੱਚ ਇਹ ਪੰਥ ਪ੍ਰਕਾਸ਼ ਲਿਖਿਆ, ਜੋ ਕਿ ਕੈਪਟਨ ਮਰੇ ਜਾਂ ਜਰਨੈਲ ਅਖ਼ਤਰਲੋਨੀ ਦੇ, ਸਿੰਘਾਂ ਦੁਆਰਾ ਰਾਜ ਸਥਾਪਿਤ ਕਰਨ ਜਾਂ ਪਾਤਿਸ਼ਾਹ ਬਣਨ ਬਾਰੇ ਉਪਜੇ ਪ੍ਰਸ਼ਨਾਂ ਦੇ ਦੁਆਲੇ ਕੇਂਦ੍ਰਿਤ ਜਾਪਦਾ ਹੈ ।

ਰਤਨ ਸਿੰਘ ਭੰਗੂ ਵੱਲੋਂ ਦਿੱਤੇ ਤੱਥਾਂ ਦੇ ਆਧਾਰ ‘ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੇ ਉਹ ਲੁਧਿਆਣੇ ਕਚਿਹਰੀ ਵਿੱਚ ਨਾ ਜਾਂਦਾ ਜਾਂ ਕਪਤਾਨ ਮਰੇ ਨਾਲ ਵਾਰਤਾਲਾਪ ਨਾ ਕਰਦਾ ਤਾਂ ਸ਼ਾਇਦ ਇਹ ਪੰਥ ਪ੍ਰਕਾਸ਼ ਹੋਂਦ ਵਿੱਚ ਹੀ ਨਾ ਆਉਂਦਾ। ਰਤਨ ਸਿੰਘ ਭੰਗੂ ਦਾ ਇਹ ਗ੍ਰੰਥ ਮੁੱਖ ਤੌਰ ‘ਤੇ ਉਨ੍ਹਾਂ ਬਿਆਨਾਂ ਉੱਪਰ ਹੀ ਆਧਾਰਿਤ ਹੈ ਜੋ ਰਤਨ ਸਿੰਘ ਭੰਗੂ ਨੇ ਆਪਣੇ ਪੁਰਖਿਆਂ ਤੋਂ ਸੁਣੇ ਸਨ ਜਾਂ ਜੋ ਬਿਆਨ ਉਸ ਦੇ ਅੱਖੀਂ ਦੇਖੇ ਤੇ ਹੱਡ ਬੀਤੇ ਹੋਣ ਕਰਕੇ ਸੱਚਾਈ ਨੂੰ ਪ੍ਰਗਟ ਕਰਦੇ ਸਨ। ਇਸ ਬਾਬਤ ਰਤਨ ਸਿੰਘ ਭੰਗੂ ਕੁਝ ਇਸ ਤਰ੍ਹਾਂ ਦੱਸਦਾ ਹੈ:-

ਚੌਪਈ

ਅਬ ਮੈਂ ਕਹੋਂ ਸਿੰਘਨ ਕੀ ਸਾਖੀ।

ਜਿਹ ਬਿਧ ਬਡਨ ਅਸਾਡਨ ਆਖੀ।

ਔਰ ਪੁਰਾਤਨ ਤੇ ਭੀ ਸੁਨੀ।

ਹੁਤੇ ਜੁ ਬਿਰਧ ਸਿੱਖ ਬਹੁ ਗੁਨੀ।

ਸੋ ਮੈਂ ਕਹੋ ਯਥਾ ਮਤ ਜੇਤੀ।

ਮਨ ਤਨ ਪ੍ਰੀਤ ਔ ਭੈ ਭਾਇ ਸੇਤੀ।

---

[36] ਰਤਨ ਸਿੰਘ ਭੰਗੂ, *ਉਹੀ.*

ਜਿਹ ਬਿਧਿ ਕਹੀ ਅੰਗਰੇਜ਼ਨਿ ਸੰਗ।

ਰਖੋਂ ਉਥਾਨਕਾ ਸੋਊ ਪ੍ਰਸੰਗ।[37]

ਰਤਨ ਸਿੰਘ ਭੰਗੂ ਦੇ ਪਿਤਾ ਰਾਏ ਸਿੰਘ ਨੇ ਮੱਸੇ ਰੰਘੜ ਦੇ ਕਤਲ ਕੀਤੇ ਜਾਣ ਤੋਂ ਲੈ ਕੇ ਸਰਦਾਰੀਆਂ ਕਾਇਮ ਕਰਨ ਤੱਕ ਦੇ ਸਮੇਂ ਦੇ ਸਾਰੇ ਹਾਲ ਅੱਖੀਂ ਡਿੱਠੇ ਸਨ। ਉਸ ਨੇ ਹੱਡ ਬੀਤੀਆਂ, ਅੱਖੀ ਦੇਖੀਆਂ ਜਾਂ ਬਜ਼ੁਰਗਾਂ ਤੋਂ ਸੁਣੀਆਂ ਪਹਿਲਾਂ ਦੀਆਂ ਘਟਨਾਵਾਂ, ਅੱਗੇ ਆਪਣੇ ਪੁੱਤਰ ਰਤਨ ਸਿੰਘ ਭੰਗੂ ਨੂੰ ਦੱਸ ਦਿੱਤੀਆਂ। ਇਸ ਤਰ੍ਹਾਂ ਉਸ ਨੇ ਆਪਣੇ ਪੁਰਖਿਆਂ ਵੱਲੋਂ ਦੱਸੀਆਂ ਘਟਨਾਵਾਂ ਦੇ ਸਾਰੇ ਵਰਣਨ ਨੂੰ ਪੰਥ ਪ੍ਰਕਾਸ਼ ਦੇ ਰੂਪ ਵਿੱਚ ਕਲਮਬੱਧ ਕਰ ਦਿੱਤਾ। ਇਸ ਦਾ ਜ਼ਿਕਰ ਲੇਖਕ ਇਸ ਤਰ੍ਹਾਂ ਕਰਦਾ ਹੈ:-

1. ਰਤਨ ਸਿੰਘ ਸੁਨ ਪਿਤਾ ਤੇ, ਤੈਸੀ ਲਿਖੀ ਸੰਭਾਲ।[38]
2. ਰਤਨ ਸਿੰਘ ਜਿਮ ਸੁਨੀ ਥੀ ਪਿਤਾ ਆਪਨੇ ਪਾਸ।

   ਲਿਖੀ ਸੁ ਖਾਤਰ ਖਾਲਸੈ ਪੜ੍ਹ ਸੁਣ ਕਰੈ ਅਰਦਾਸ।
3. ਸਯਾਮ ਸਿੰਘ ਕੀ ਸੁਨੋ ਕਹਾਨੀ।

   ਜਿਸ ਕਰ ਹਮਰੀ ਮਾਤ ਬਖਾਨੀ।

   ਉਨ ਕੀ ਬੇਟੀ ਥੀ ਹਮਰੀ ਮਾਤਾ।

   ਇਮ ਹਮ ਖੋਜ ਸੁ ਤਿਸ ਕੋ ਜਾਤਾ।[39]

ਰਤਨ ਸਿੰਘ ਭੰਗੂ ਲਿਖਿਤ ਗ੍ਰੰਥ ਦਾ ਨਾਮ 'ਸ੍ਰੀ ਗੁਰ ਪੰਥ ਪ੍ਰਕਾਸ਼' ਸੀ। ਇਸ ਗੱਲ ਦਾ ਜ਼ਿਕਰ ਉਸ ਦੁਆਰਾ ਲਿਖਿਤ 'ਪੰਥ ਪ੍ਰਕਾਸ਼' ਵਿੱਚੋਂ ਹੀ ਮਿਲਦਾ ਹੈ। ਜਿਵੇਂ: -

1. ਤਹਿ ਗੁਰ ਪੰਥ ਪ੍ਰਕਾਸ਼ ਲਿਖਿਯੋ।[40]
2. ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ

   ਜਿਸ ਪੰਥ ਭਯੋ ਤਿਸ ਹੀ ਲਿਖ ਦੇਨਾ॥[41] ਆਦਿ।

'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਨਾਂ ਵਿੱਚ ਭਾਈ ਵੀਰ ਸਿੰਘ ਨੇ 1914 ਈ. ਵਿੱਚ 'ਸ੍ਰੀ ਗੁਰ' ਸ਼ਬਦ ਦੀ

---

37 *ਉਹੀ*, ਪੰਨਾ 01.

38 *ਉਹੀ*, ਪੰਨਾ 354.

39 *ਉਹੀ*, ਪੰਨਾ 404.

40 *ਉਹੀ*, ਪੰਨਾ 436.

41 *ਉਹੀ*.

ਥਾਂ, 'ਪ੍ਰਾਚੀਨ[42]' ਸ਼ਬਦ ਸ਼ਾਮਿਲ ਕਰ ਦਿੱਤਾ। ਕਿਉਂਕਿ ਉਸ ਸਮੇਂ ਤੱਕ ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਲਿਖਿਤ ਗ੍ਰੰਥ ਨੂੰ ਆਧਾਰ ਬਣਾ ਕੇ 'ਸ੍ਰੀ ਗੁਰ ਪੰਥ ਪ੍ਰਕਾਸ਼' ਨਾਂ ਦਾ ਇੱਕ ਹੋਰ ਗ੍ਰੰਥ ਲਿਖ ਦਿੱਤਾ। ਇਸ ਲਈ ਗਿਆਨੀ ਗਿਆਨ ਸਿੰਘ ਲਿਖਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਤੋਂ ਵੱਖਰਾ ਕਰਨ ਲਈ ਭਾਈ ਵੀਰ ਸਿੰਘ ਨੇ ਰਤਨ ਸਿੰਘ ਭੰਗੂ ਲਿਖਿਤ ਇਸ ਗ੍ਰੰਥ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਨਾਂ ਦੇ ਦਿੱਤਾ।

ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਲਈ ਉਸ ਸਮੇਂ ਦੇ ਮੌਜੂਦਾ ਸ੍ਰੋਤਾਂ ਨੂੰ ਆਧਾਰ ਬਣਾ ਕੇ ਇਸ ਗ੍ਰੰਥ ਨੂੰ ਸੰਪੂਰਨ ਕੀਤਾ ਹੈ। ਰਤਨ ਸਿੰਘ ਭੰਗੂ ਨੇ ਇਸ ਅਦਭੁਤ ਲਿਖਿਤ ਨੂੰ ਨੇਪਰੇ ਚਾੜ੍ਹਨ ਲਈ ਮੌਖਿਕ ਸ੍ਰੋਤਾਂ ਅਤੇ ਲਿਖਤੀ ਸ੍ਰੋਤਾਂ, ਦੋਵਾਂ ਦੀ ਹੀ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਹੈ। ਮੌਖਿਕ ਸ੍ਰੋਤਾਂ ਵਿੱਚ ਰਤਨ ਸਿੰਘ ਭੰਗੂ ਨੇ ਆਪਣੇ ਪਿਤਾ ਰਾਏ ਸਿੰਘ, ਨਾਨਾ ਸ਼ਯਾਮ ਸਿੰਘ, ਨਾਨੀ ਅਤੇ ਆਪਣੀ ਮਾਤਾ ਤੋਂ ਸੁਣੀਆਂ ਭਾਵ ਆਪਣੇ ਵੱਡੇ ਵਡੇਰਿਆਂ ਤੋਂ ਸਿੱਖ ਧਰਮ ਦੀ ਮਹਾਨਤਾ ਨੂੰ ਲੈ ਕੇ ਜਿਹੜੀਆਂ ਗੱਲਾਂ ਸੁਣੀਆਂ, ਉਨ੍ਹਾਂ ਨੂੰ ਜਿਉਂ ਦਾ ਤਿਉਂ ਹੀ ਲਿਖ ਦਿੱਤਾ। ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਅੱਪੜੀਆਂ ਇਹ ਗੱਲਾਂ ਸਿੱਖ ਧਰਮ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਹਾਲਾਂਕਿ ਇਸ ਵਿੱਚ ਰਲੇਵੇਂ ਦੀ ਮੌਜੂਦਗੀ ਦਾ ਅਹਿਸਾਸ ਵੀ ਹੁੰਦਾ ਹੈ, ਪਰ ਫ਼ੇਰ ਵੀ ਇਨ੍ਹਾਂ ਮੌਖਿਕ ਸ੍ਰੋਤਾਂ ਤੋਂ ਬਿਨਾਂ ਪ੍ਰਾਚੀਨ ਪੰਥ ਪ੍ਰਕਾਸ਼ ਗ੍ਰੰਥ ਅਧੂਰਾ ਸੀ। ਰਤਨ ਸਿੰਘ ਭੰਗੂ 1762 ਈ. ਵਿੱਚ ਵਾਪਰੇ ਵੱਡੇ ਘੱਲੂਘਾਰੇ ਬਾਰੇ ਆਪਣੇ ਪਿਤਾ ਅਤੇ ਚਾਚੇ ਤੋਂ ਜੋ ਸੁਣਿਆ ਉਸ ਬਾਰੇ ਇਸ ਤਰ੍ਹਾਂ ਲਿਖਦਾ ਹੈ:-

ਲੋਕ ਕਹੈਂ ਸਿੰਘ ਇਕ ਲਖ ਸਾਰਾ।
ਪਚਾਸ ਬਚਯੋ ਔਰ ਸਭ ਗਯੋ ਮਾਰਾ।
ਪਿਤਾ ਹਮਾਰੇ ਤੀਸ ਬਤਾਏ।
ਰਹੇ ਸੁ ਮਰ ਔਰ ਬਚ ਕਰ ਆਏ।
ਪਿਤਾ ਚਾਚੇ ਦੁਇ ਹਮ ਥੇ ਸਾਥ।
ਉਨ ਤੇ ਸੁਨ ਹਮ ਆਖੀ ਬਾਤ।[43]

ਇਸ ਤੋਂ ਬਿਨਾਂ 'ਸਾਖ਼ੀ ਕਪੂਰੇ ਬਿਰਾੜ ਕੀ*' ਵਿੱਚ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਿਸ ਤਰ੍ਹਾਂ

---

42 ਡਾ. ਗੁਲਜ਼ਾਰ ਸਿੰਘ ਕੰਗ, *ਉ. ਰ.,* ਪੰਨਾ 208.

43 ਰਤਨ ਸਿੰਘ ਭੰਗੂ, *ਉ. ਰ.,* ਪੰਨਾ 348.

* ਕਪੂਰੇ ਨਾਂ ਦੇ ਬਰਾੜ ਜੱਟ ਨੇ ਜਿਲ੍ਹਾ ਫ਼ਰੀਦਕੋਟ ਵਿੱਚ ਕੋਟਕਪੂਰਾ ਨਾਂ ਦਾ ਨਗਰ ਆਬਾਦ ਕੀਤਾ। ਇਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਵਜ਼ੀਰ ਖਾਨ ਨਾਲ ਟੱਕਰ ਲੈਣ ਲਈ ਆਪਣਾ ਕਿਲ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਮੈਂ ਬਜ਼ੁਰਗਾਂ ਤੋਂ ਸੁਣਿਆ, ਉਸੇ ਤਰ੍ਹਾਂ ਹੀ ਲਿਖ ਦਿੱਤਾ ਹੈ:-

ਰਤਨ ਸਿੰਘ ਤਿਮ ਹੀ ਲਿਖੀ ਜਿਮ ਸੁਣੀ ਬ੍ਰਿਧਨ ਕੈ ਪਾਸ॥[44]

ਫ਼ੇਰ 'ਸਾਖ਼ੀ ਫੇਰਿ ਸ੍ਰਿਹੰਦ ਕੀ' ਵਿੱਚ ਰਤਨ ਸਿੰਘ ਭੰਗੂ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਜਿਵੇਂ ਮੇਰੇ ਪਿਤਾ ਜੀ ਨੇ ਘਟਨਾ ਸੁਣਾਈ ਮੈਂ ਉਵੇਂ ਹੀ ਲਿਖ ਦਿੱਤੀ:-

ਹੁਤੋ ਬਾਪ ਥੋ ਹਮਰੋ ਸਾਥ।

ਸੋ ਲਿਖੀ ਜੋ ਉਨ ਕਹੀ ਬਾਤ॥[45]

ਇਸ ਤਰ੍ਹਾਂ ਰਤਨ ਸਿੰਘ ਭੰਗੂ ਵੱਲੋਂ ਵਰਤੇ ਗਏ ਮੌਖਿਕ ਸ੍ਰੋਤਾਂ ਸਬੰਧੀ ਬਹੁਤ ਉਦਾਹਰਣਾਂ ਮਿਲਦੀਆਂ ਹਨ। ਰਤਨ ਸਿੰਘ ਭੰਗੂ ਨੇ ਮੌਖਿਕ ਸ੍ਰੋਤਾਂ ਦੇ ਨਾਲ ਨਾਲ ਕੁਝ ਲਿਖਤੀ ਸ੍ਰੋਤਾਂ ਦੀ ਵੀ ਵਰਤੋਂ ਕੀਤੀ ਹੈ ਜਿਵੇਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਜਨਮਸਾਖ਼ੀ ਪ੍ਰੰਪਰਾ ਅਤੇ ਗੁਰਬਿਲਾਸ ਪਾਤਸ਼ਾਹੀ ਦਸਵੀਂ (ਭਾਈ ਸੁੱਖਾ ਸਿੰਘ)। 'ਸਾਖ਼ੀ ਪੈਹਲੇ ਮਹੱਲੇ ਕੀ' ਵਿੱਚ ਰਤਨ ਸਿੰਘ ਭੰਗੂ 'ਪੁਰਾਤਨ ਜਨਮ ਸਾਖ਼ੀ' ਵੱਲ ਇਸ਼ਾਰਾ ਕਰਦਾ ਹੈ ਕਿ ਉਸ ਵੱਲੋਂ ਵਰਤੇ ਤੱਥ ਦੀ ਪੁਸ਼ਟੀ ਪੁਰਾਤਨ ਜਨਮ ਸਾਖ਼ੀ ਵਿੱਚੋਂ ਕੀਤੀ ਜਾ ਸਕਦੀ ਹੈ:-

ਸਭੀ ਹਕੀਕਤ ਉਨੈ ਕੀ ਇਹਾਂ ਲਿਖੀ ਯੋ ਨਾਹਿ।

ਜਨਮ ਸਾਖ਼ੀ ਪੁਰਾਤਨੋ ਦੇਖੋ ਜਿਸ ਹੁਇ ਚਾਹਿ।[46]

ਸਾਖ਼ੀ 'ਕਲਜੁਗ ਔਰ ਬਾਣੀ ਕੀ ਗੋਸਟ ਕਾ ਪ੍ਰਸੰਗ' ਵਿੱਚ ਦੱਸਦਾ ਹੈ ਕਿ ਜੇ ਕੋਈ ਜ਼ਿਆਦਾ ਜਾਣਕਾਰੀ ਚਾਹੁੰਦਾ ਹੈ ਤਾਂ ਉਹ ਹੋਰ ਕਿਤਾਬਾਂ ਵੀ ਪੜ੍ਹ ਸਕਦਾ ਹੈ:-

ਹੁਇ ਸੁ ਕਥਾ ਜਿਸ ਸੁਨੇਨੇ ਲੋਰ

ਲਏ ਦੇਖ ਵਹ ਪੁਸਤਕ ਹੋਰ॥[47]

ਇਹ ਤੱਥ ਸਪੱਸ਼ਟ ਕਰਦੇ ਹਨ ਕਿ ਰਤਨ ਸਿੰਘ ਭੰਗੂ ਨੇ ਮੌਖਿਕ ਅਤੇ ਲਿਖਤੀ ਸ੍ਰੋਤਾਂ ਦੀ ਸਹਾਇਤਾ ਨਾਲ ਇੱਕ ਅਜਿਹਾ ਗ੍ਰੰਥ ਰਚਿਆ ਹੈ, ਜਿਸ ਦਾ ਸਿੱਖ ਧਰਮ ਵਿੱਚ ਬਹੁਤ ਉੱਚਾ ਸਥਾਨ ਹੈ। ਰਤਨ ਸਿੰਘ ਭੰਗੂ ਅਤੇ ਕੈਪਟਨ ਮਰੇ ਸੰਨ 1809 ਈ. (ਸੰਮਤ 1866 ਬਿਕ੍ਰਮੀ) ਵਿੱਚ ਮਿਲੇ ਅਤੇ ਸਿੱਖਾਂ

---

44 ਰਤਨ ਸਿੰਘ ਭੰਗੂ, *ਉਹੀ,* ਪੰਨਾ 355.

45 *ਉਹੀ,* ਪੰਨਾ 380.

46 *ਉਹੀ,* ਪੰਨਾ 16.

47 *ਉਹੀ.*

ਦੇ ਇਤਿਹਾਸ ਬਾਰੇ ਜ਼ੁਬਾਨੀ ਗੱਲਬਾਤ ਹੋਈ। ਰਤਨ ਸਿੰਘ ਭੰਗੂ ਨੇ ਇਸ ਗ੍ਰੰਥ ਨੂੰ ਸੋਧ ਕੇ ਅਤੇ ਛੰਦ-ਬੱਧ ਕਰਕੇ ਸੰਨ 1841 ਈ. (ਸੰਮਤ 1898 ਬਿਕ੍ਰਮੀ) ਵਿੱਚ ਅੰਮ੍ਰਿਤਸਰ ਸਥਿਤ ਆਪਣੇ ਨਾਨਾ ਸ਼ਯਾਮ ਸਿੰਘ ਦੇ ਬੁੰਗੇ 'ਚ ਸੰਪੂਰਨ ਕੀਤਾ। ਪ੍ਰਾਚੀਨ ਪੰਥ ਪ੍ਰਕਾਸ਼ ਦੀ ਲਿਖਾਈ, ਸੁਧਾਈ ਅਤੇ ਸਥਾਨ ਬਾਰੇ ਰਤਨ ਸਿੰਘ ਭੰਗੂ ਇੰਞ ਦੱਸਦਾ ਹੈ:-

ਗਿਰਯੋ ਪੁਰਾਣੋ ਹੁਇ ਬੁੰਗੇ ਸ਼ਯਾਮ ਸਿੰਘ ਜੋ ਵਾਰ।
ਤਹਿ ਗੁਰ ਪੰਥ ਪ੍ਰਕਾਸ਼ ਲਿਖ ਦੋਉ ਕੀਏ ਸੁਧਾਰ॥[48]

ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਦੇ ਅੰਤ ਵਿੱਚ ਗ੍ਰੰਥ ਦੇ ਸੰਪੂਰਨ ਹੋਣ ਦੀ ਮਿਤੀ 'ਤੇ ਗੁਰੂ ਰਾਮਦਾਸ ਜੀ ਦਾ ਸ਼ੁਕਰਾਨਾ ਕਰਦਾ ਹੋਇਆ ਲਿਖਦਾ ਹੈ: -

ਸ੍ਰੀ ਰਾਮਦਾਸ ਦਰਬਾਰ ਢਿਗ, ਮਨ ਤਨ ਚਿਤ ਲਾਇ।
ਟਹਿਲ ਰਤਨ ਸਿੰਘ ਨੈ ਕਰੀ ਗੁਰ ਇਤ ਉਤ ਰਖੈ ਸਹਾਇ।
ਬ੍ਰਿਕਮ ਬਸੁ ਗ੍ਰਹਿ ਅਹਿ ਸਸੀ, ਬੀਤਤ ਭਏ ਸੁ ਸਾਲ।
ਪਾਠਕ ਸ੍ਰੋਤੇ ਨਿਤ ਰਹੈ, ਨਿਹਾਲ, ਨਿਹਾਲ, ਨਿਹਾਲ॥[49]

ਇਸ ਤਰ੍ਹਾਂ ਰਤਨ ਸਿੰਘ ਭੰਗੂ ਨੇ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਸਥਾਨ, ਸ੍ਰੀ ਗੁਰੂ ਰਾਮਦਾਸ ਜੀ ਦੀ ਅਪਾਰ ਕਿਰਪਾ ਅਤੇ ਸੂਰਵੀਰ ਯੋਧੇ ਆਪਣੇ ਨਾਨਾ ਸ਼ਯਾਮ ਸਿੰਘ ਦੇ ਬੁੰਗੇ ਵਿੱਚ ਬੈਠ ਕੇ ਇਸ ਮਹਾਨ ਗ੍ਰੰਥ ਨੂੰ ਸੰਪੂਰਨ ਕੀਤਾ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪ੍ਰਾਚੀਨ ਪੰਥ ਪ੍ਰਕਾਸ਼ ਦੇ ਰੂਪ ਵਿੱਚ ਰਤਨ ਸਿੰਘ ਭੰਗੂ ਨੇ ਸਿੱਖ ਇਤਿਹਾਸ ਨੂੰ ਇੱਕ ਬਹੁਤ ਹੀ ਮਹੱਤਵਪੂਰਨ, ਬੇਸ਼ਕੀਮਤੀ ਅਤੇ ਅਨਮੋਲ ਖਜ਼ਾਨਾ ਭੇਟ ਕੀਤਾ ਹੈ। ਹਾਲਾਂਕਿ ਇਹ ਗ੍ਰੰਥ ਅਥਾਹ ਗੁਣਾਂ ਨਾਲ ਭਰਪੂਰ ਹੈ, ਪਰ ਫ਼ੇਰ ਵੀ ਇਸ ਵਿੱਚ ਕੁਝ ਖਾਮੀਆਂ ਪਾਈਆਂ ਜਾਂਦੀਆਂ ਹਨ। ਮੌਖਿਕ ਸ੍ਰੋਤਾਂ ਨੂੰ ਆਧਾਰ ਬਣਾਉਣ ਕਰਕੇ ਰਤਨ ਸਿੰਘ ਭੰਗੂ ਦੀ ਇਸ ਰਚਨਾ ਵਿੱਚ ਰਲੇਵਾਂ ਹੋਣ ਦੀ ਸ਼ੰਕਾ ਪਾਈ ਜਾਂਦੀ ਹੈ। ਰਤਨ ਸਿੰਘ ਭੰਗੂ ਕਈ ਘਟਨਾਵਾਂ ਬਾਰੇ ਬਹੁਤ ਹੀ ਸੀਮਿਤ ਜਾਣਕਾਰੀ ਦਿੰਦਾ ਹੈ। ਰਤਨ ਸਿੰਘ ਭੰਗੂ ਨੂੰ ਵੱਡੇ ਸਾਹਿਬਜ਼ਾਦਿਆਂ ਦੇ ਨਾਵਾਂ ਬਾਰੇ ਭੁਲੇਖਾ ਹੈ। ਉਸ ਦੁਆਰਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਦਿੱਤੀ ਜਾਣਕਾਰੀ ਵੀ ਸ਼ੰਕੇ ਪੈਦਾ ਕਰਦੀ ਹੈ। ਗੁਰੂ ਨਾਨਕ ਦੇਵ ਜੀ

---

48 *ਉਹੀ,* ਪੰਨਾ 436.

49 *ਉਹੀ.*

ਬਾਰੇ ਜਾਣਕਾਰੀ ਦੇਣ ਤੋਂ ਬਾਅਦ ਦੂਜੇ, ਤੀਜੇ, ਚੌਥੇ, ਪੰਜਵੇਂ, ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਬਾਰੇ ਸੀਮਿਤ ਸਤਰਾਂ ਵਿੱਚ ਹੀ ਲਿਖਦਾ ਹੈ। ਰਤਨ ਸਿੰਘ ਭੰਗੂ ਨੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦਾ ਵੀ ਜ਼ਿਕਰ ਨਹੀਂ ਕੀਤਾ। ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਮਿਸਲ ਕਾਲ ਬਾਰੇ ਵੀ ਰਤਨ ਸਿੰਘ ਭੰਗੂ ਖਿੰਡਵੀ ਜਿਹੀ, ਪਰ ਬਹੁਤ ਹੀ ਸੰਖੇਪ ਜਾਣਕਾਰੀ ਦਿੰਦਾ ਹੈ। ਅਨੇਕਾਂ ਕਮੀਆਂ ਹੋਣ ਦੇ ਬਾਵਜੂਦ ਵੀ ਪ੍ਰਾਚੀਨ ਪੰਥ ਪ੍ਰਕਾਸ਼ ਦੀ ਸਿੱਖ ਇਤਿਹਾਸ ਵਿੱਚ ਬਹੁਤ ਜ਼ਿਆਦਾ ਮਹੱਤਤਾ ਹੈ। ਰਤਨ ਸਿੰਘ ਭੰਗੂ ਜੇ ਕਿਧਰੇ ਇਸ ਗ੍ਰੰਥ ਦੀ ਰਚਨਾ ਨਾ ਕਰਦਾ ਤਾਂ ਸਿੱਖ ਇਤਿਹਾਸ ਦੀ ਜਿੰਨੀ ਕੁ ਜਾਣਕਾਰੀ ਮਿਲਦੀ ਹੈ, ਇਸ ਤੋਂ ਵੀ ਵਾਂਝੇ ਰਹਿ ਜਾਂਦੇ।

## ਗਿਆਨੀ ਗਿਆਨ ਸਿੰਘ

ਰਤਨ ਸਿੰਘ ਭੰਗੂ ਤੋਂ ਬਾਅਦ ਸਿੱਖ ਇਤਿਹਾਸ ਦੀ ਖੋਜ ਬਾਰੇ ਗਿਣੇ-ਚੁਣੇ ਵਿਦਵਾਨਾਂ ਵਿੱਚੋਂ ਗਿਆਨੀ ਗਿਆਨ ਸਿੰਘ ਦਾ ਨਾਂ ਹੀ ਉੱਭਰਕੇ ਸਾਹਮਣੇ ਆਉਂਦਾ ਹੈ। ਜਿਸ ਨੇ ਅੱਜ ਤੋਂ ਲਗਭਗ 150-160 ਸਾਲ ਪਹਿਲਾਂ ਪੁਰਾਤਨ ਪ੍ਰੰਪਰਾ ਅਤੇ ਆਧੁਨਿਕ ਵਿਚਾਰਧਾਰਾ ਦੀਆਂ ਸੀਮਾਵਾਂ ਦੇ ਸੁਮੇਲ ਨਾਲ ਸ਼ਾਨਾਮੱਤੇ ਸਿੱਖ ਇਤਿਹਾਸ ਬਾਰੇ ਲਿਖਿਆ ਹੈ। ਗਿਆਨੀ ਗਿਆਨ ਸਿੰਘ ਦਾ ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਉਹ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਸੀ ਅਤੇ ਉਸ ਦੀ ਜਾਣਕਾਰੀ ਦਾ ਘੇਰਾ ਬਹੁਤ ਹੀ ਵਿਸ਼ਾਲ ਸੀ। ਗਿਆਨੀ ਗਿਆਨ ਸਿੰਘ ਨੂੰ ਆਪਣੇ ਆਰੰਭਕ ਜੀਵਨ ਵਿੱਚ ਬਹੁਤ ਸਾਰੀਆਂ ਮੁਸੀਬਤਾਂ ਅਤੇ ਅੱਤ ਦੀ ਗ਼ਰੀਬੀ ਦਾ ਸਾਹਮਣਾ ਕਰਨਾ ਪਿਆ। ਪਰ ਇਸ ਮਾੜੇ ਸਮੇਂ ਵਿੱਚ ਵੀ ਉਸ ਨੇ ਹਿੰਮਤ ਨਾ ਹਾਰੀ ਅਤੇ ਆਪਣੀਆਂ ਮਹਾਨ ਰਚਨਾਵਾਂ ਨਾਲ ਜਿੱਥੇ ਸਿੱਖ ਇਤਿਹਾਸ ਨੂੰ ਗੌਰਵਮਈ ਬਣਾਇਆ, ਉੱਥੇ ਨਾਲ ਹੀ ਆਪਣੇ ਸਮਕਾਲੀਆਂ ਲਈ ਆਦਰਸ਼ ਬਣ ਗਿਆ।

ਗਿਆਨੀ ਗਿਆਨ ਸਿੰਘ ਇਕ ਬਹੁਗੁਣੀ ਸ਼ਖ਼ਸੀਅਤ ਦਾ ਮਾਲਕ ਸੀ। ਉਹ ਇੱਕ ਧੁਰੰਧਰ ਵਿਦਵਾਨ ਹੋਣ ਤੋਂ ਇਲਾਵਾ ਇੱਕ ਮਹਾਨ ਕਵੀ ਵੀ ਸੀ। ਜੇ ਇਤਿਹਾਸਕਾਰ ਦੇ ਰੂਪ ਵਿੱਚ ਗਿਆਨੀ ਗਿਆਨ ਸਿੰਘ ਨਾਂ ਲਈਏ ਤਾਂ ਉਸ ਦਾ ਨਾਂ ਮੂਹਰਲੀ ਕਤਾਰ ਦੇ ਇਤਿਹਾਸਕਾਰਾਂ ਵਿੱਚ ਬੋਲਦਾ ਹੈ। ਗਿਆਨੀ ਗਿਆਨ ਸਿੰਘ ਦੁਆਰਾ ਬ੍ਰਜ ਭਾਸ਼ਾ ਵਿੱਚ ਲਿਖਿਆ ਪ੍ਰਸਿੱਧ ਗ੍ਰੰਥ 'ਪ੍ਰੰਥ ਪ੍ਰਕਾਸ਼ ਮਹਾਂਕਾਵਿ' ਸਿੱਖ ਇਤਿਹਾਸ ਦਾ ਇੱਕ ਵੱਡਮੁੱਲਾ ਸ੍ਰੋਤ ਹੈ। ਪੰਜਾਬੀ ਵਾਰਤਕ ਵਿੱਚ 'ਤਵਾਰੀਖ ਗੁਰੂ ਖ਼ਾਲਸਾ' ਉਸ ਦੀ ਲੇਖਣੀ ਦਾ ਅਦਭੁਤ ਨਮੂਨਾ ਹੈ। ਉਸ ਨੂੰ ਨਵੀਨ ਪੰਜਾਬੀ ਵਾਰਤਕ ਦੇ ਮੋਢੀ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਨੇ ਪੰਜਾਬੀ ਵਾਰਤਕ ਨੂੰ ਬਾ-ਤਰਤੀਬ ਨਿੱਖ਼ਰਵੇਂ ਸ਼ੁੱਧ ਰੂਪ ਵਿੱਚ ਲਿਖ ਕੇ ਜਨ-

ਸਧਾਰਨ ਲੋਕਾਂ ਨੂੰ ਬਹੁਤ ਲਾਭ ਪਹੁੰਚਾਇਆ ਹੈ।[50]

## ਪਰਿਵਾਰਿਕ ਪਿਛੋਕੜ

ਗਿਆਨੀ ਗਿਆਨ ਸਿੰਘ ਆਪਣੇ ਪਿਛੋਕੜ ਬਾਰੇ ਆਪਣੀ ਮਹਾਨ ਹੱਥ ਲਿਖਤ ਰਚਨਾ 'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਅੰਤ ਵਿੱਚ ਬਹੁਤ ਹੀ ਵਿਸਥਾਰ ਨਾਲ ਦੱਸਦਾ ਹੈ ਕਿ ਉਨ੍ਹਾਂ ਦਾ ਵੰਸ਼ ਚੌਹਾਨ ਖ਼ਾਨਦਾਨ ਦੇ ਪ੍ਰਸਿੱਧ ਰਾਜੇ 'ਪ੍ਰਿਥਵੀ ਰਾਜ ਜਾਂ ਰਾਏ ਪਿਥੌਰਾ ਦੇ ਨਾਲ ਸੰਬੰਧਿਤ ਹੈ। ਦਿੱਲੀ ਦਾ ਰਾਜ ਰਾਏ ਪਿਥੌਰਾ ਦੇ ਅਧੀਨ ਸੀ ਤੇ ਉਸ ਦਾ ਦੂਜਾ ਭਰਾ ਜਿਸ ਦਾ ਨਾਂ ਰਾਏ ਬੀਰਾ ਸੀ, ਉਸ ਦੇ ਅਧੀਨ ਆਗਰਾ ਸੀ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ: -

ਮੈਂ ਅਬ ਅਪਨੀ ਕਥਾ ਸੁਨੈ ਹੋ।
ਗ੍ਰੰਥ ਸਮਾਪਤ ਕਰ ਦਿਖ ਰੈਹੋ।
ਮਹਾਰਾਜ ਜੋ ਰਾਇ ਪਥੌਰਾ।
ਭਯੋ ਚੁਹਾਣ ਛੱਤ੍ਰੀ ਗੌਰਾ।
ਕਿਲੀ ਜਿਸ ਕੀ ਦਿਲੀ ਮਾ ਹੈ।
ਜੋਗ ਮਾਯਾ ਕੇ ਮੰਦਰ ਪਾ ਹੈ।
ਭਾਰਤ ਵਰਸ ਤੇਰ ਪਤਸ਼ਾਹਿ।
ਭਯੋ ਰਾਜ ਬਹੁ ਕੀਨੀ ਤਾਹਿ।
ਬੀਰਾ ਰਾਇ ਤਾਂਹਿ ਲਘੁ ਭਾਈ।
ਰਹਿਤ ਆਗਰੇ ਮਾਹਿ ਸਦਾਈ।[51]

ਰਾਏ ਬੀਰਾ ਆਪਣੀ ਅਦਾਲਤ ਵਿੱਚ ਪੇਸ਼ ਹੋਣ ਵਾਲੇ ਮੁਦਈ ਅਤੇ ਮੁਦਾ-ਅਲਹਿ ਦੋਵਾਂ ਨੂੰ ਹੀ ਲੁੱਟ ਲੈਂਦਾ ਸੀ। ਇੱਕ ਵਾਰ ਰਾਏ ਬੀਰਾ ਆਪਣੇ ਭਰਾ ਨੂੰ ਮਿਲਣ ਲਈ ਦਿੱਲੀ ਆਇਆ, ਤਾਂ ਰਾਏ ਪਿਥੌਰਾ ਨੇ ਹੱਸ ਕੇ ਕਿਹਾ, 'ਆਉ ਦੋ ਲੁੱਟ ਬੀਰ ਹਮਾਰਾ'। ਉਸ ਸਮੇਂ ਤੋਂ ਹੀ ਰਾਏ ਬੀਰਾ ਦਾ ਨਾਂ ਦੋਲੁੱਟ (ਦੋਹਾਂ ਨੂੰ ਲੁੱਟਣ ਵਾਲਾ) ਪੈ ਗਿਆ। ਬਾਅਦ ਵਿੱਚ ਦੋਲੱਟ ਤੋਂ ਦੁਲੱਟ ਪ੍ਰਚੱਲਿਤ ਹੋ ਗਿਆ। ਇਸ ਬਾਬਤ ਗਿਆਨ ਗਿਆਨ

---

50 ਡਾ. ਸਰਬਜਿੰਦਰ ਸਿੰਘ (ਸੰਪਾ.) *ਵਿਸ਼ਵ ਧਰਮਬਾਨੀ ਗ੍ਰੰਥ-ਸੰਪਰਦਾਇ ਅਤੇ ਚਿੰਤਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 204.

51 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 1314.

ਸਿੰਘ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ: -

ਲੁਟਤ ਮੁਦਈ ਮੁਦਾਲੇ ਕੋ ਹੈ।
ਦੋ ਲੁਟ ਪ੍ਰਗਟਾਯੋ ਜਗਮੈਂ ਸੋਹੈ।
ਥਾ ਮਤਲਬ ਉਸਕਾ ਦਿਢ ਏਹੀ।
ਨਾਹਿ ਉਠੈ ਡਗਰਾ ਕਿਤ ਕੇਹੀ
ਇਕ ਦਿਨ ਪ੍ਰਿਥੁ ਰਾਜ ਕੋਪਾ ਹੈ।
ਅਯੋ ਭਰੀ ਕਚੈਰੀ ਮਾਹੈ।
ਮਹਾਰਾਜ ਹਸ ਐਸ ਉਚਾਰਾ
ਆਉ ਦੋਲੁਟ ਬੀਰ ਹਮਾਰਾ।[52]

ਸੰਨ 1192 ਈ. ਵਿੱਚ ਮੁਹੰਮਦ ਗੌਰੀ ਨੇ ਤਰਾਇਣ ਦੀ ਦੂਜੀ ਲੜਾਈ ਵਿੱਚ ਪ੍ਰਿਥਵੀ ਰਾਜ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਰਾਏ ਬੀਰਾ ਉਨ੍ਹਾਂ ਦੇ ਹੱਥ ਨਾ ਆਇਆ। ਉਹ ਆਗਰੇ ਤੋਂ ਭੱਜ ਕੇ ਜੰਗਲ-ਬੇਲਿਆਂ ਵਿੱਚੋਂ ਦੀ ਹੁੰਦਾ ਹੋਇਆ ਸੁਨਾਮ ਪਹੁੰਚ ਗਿਆ। ਸੁਨਾਮ ਦਾ ਕਸਬਾ ਗੁੱਜਰ ਕੌਮ ਦੀ ਇਕ ਰਾਣੀ ਸੁਇਨਾਂ ਨੇ ਆਬਾਦ ਕੀਤਾ ਸੀ। ਰਾਣੀ ਸੁਇਨਾਂ ਬਹੁਤ ਹੀ ਦਲੇਰ ਤੇ ਸਿਆਣੀ ਇਸਤਰੀ ਸੀ। ਆਪਣੇ ਪਤੀ ਦੀ ਮੌਤ ਉਪਰੰਤ ਰਾਜ-ਭਾਗ ਦਾ ਸਾਰਾ ਕੰਮ ਬੜੀ ਹੀ ਜਿੰਮੇਵਾਰੀ ਨਾਲ ਨਿਭਾ ਰਹੀ ਸੀ। ਉਸ ਸਮੇਂ ਜ਼ਿਆਦਾਤਰ ਰਾਜਿਆਂ-ਮਹਾਰਾਜਿਆਂ ਨੂੰ ਦਲੇਰ ਅਤੇ ਸੂਝਵਾਨ ਸੈਨਿਕਾਂ ਦੀ ਲੋੜ ਰਹਿੰਦੀ ਸੀ। ਇਸ ਲਈ ਰਾਣੀ ਸੁਇਨਾਂ ਅਤੇ ਰਾਏ ਬੀਰਾ ਇਕੱਠੇ ਹੋ ਗਏ ਅਤੇ ਰਾਏ ਬੀਰਾ ਨੇ ਹੋਰ ਵੀ ਬਹੁਤ ਸਾਰੇ ਧਾੜਵੀਆਂ ਨੂੰ ਆਪਣੇ ਨਾਲ ਮਿਲਾ ਲਿਆ।

ਗਿਆਨੀ ਗਿਆਨ ਸਿੰਘ ਰਾਏ ਬੀਰਾ ਦੀ ਔਲਾਦ ਅਤੇ ਉਨ੍ਹਾਂ ਦੁਆਰਾ ਵਸਾਏ ਗਏ ਪਿੰਡਾਂ ਬਾਰੇ ਇਸ ਤਰ੍ਹਾਂ ਜ਼ਿਕਰ ਕਰਦਾ ਹੈ: -

ਸਾਤ ਪੂਤ ਦੁਲਟਕੇ ਥੀਏੈ। ਸੂਰ, ਧਾਰ, ਕੈਂਬੋ, ਬਨ, ਲੀਏ।
ਲੌਂਗੋ ਰਾਜਾ ਰਾਣੀ, ਬਡਿਆਣੀ। ਰਾਇ ਨਾਮ ਪ੍ਰਗਟੇ ਬੜ ਜਾਣੀ।
ਪੁੱਤ ਪੌਤ੍ਰ ਭਏ ਊਨੇ ਅਪਾਰੇ । ਜੱਟਨ ਕੇ ਘਰ ਬਯਾਹੇ ਸਾਰੇ।
ਉਨਤੀ ਸੰਤਤਿ ਜੋ ਬਹੁ ਹੋਈ। ਦੁਲੱਟ ਗੋਤ੍ਰ ਪ੍ਰਗਟੇ ਸੋਈ।

52 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* 1987, ਪੰਨੇ 1314-15.

ਚੱਠੇ ਉਪਲੀ, ਕੈਂਬੋਵਾਲ, ਲੌਂਗੋ ਵਾਲਦਿਕ ਬਹੁ ਕਾਲ।[53]

ਇਸ ਤਰ੍ਹਾਂ ਦੁਲੱਟਾਂ ਦੀ ਔਲਾਦ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਫ਼ੈਲ ਗਈ। ਆਲੇ ਦੁਆਲੇ ਦੁਲੱਟਾਂ ਦਾ ਪ੍ਰਭਾਵ ਤੇ ਪ੍ਰਸਾਰ ਕਾਫ਼ੀ ਵੱਧ ਗਿਆ 'ਮਾਈਆ ਤੇ ਮਾਲੀ' ਨਾਂ ਦੇ ਦੁਲੱਟਾਂ ਨੇ ਆਪਣੀ ਜਾਤ ਅਤੇ ਨਾਂ ਕਾਇਮ ਰੱਖਣ ਲਈ ਦੁਲੱਟ ਪਿੰਡ ਵੀ ਵਸਾਇਆ।[54]

ਗਿਆਨੀ ਗਿਆਨ ਸਿੰਘ ਆਪਣੀ ਕ੍ਰਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿੱਚ ਮਾਲਵੇ ਦੇ ਇਲਾਕੇ ਬਾਰੇ ਦੱਸਦਾ ਹੈ ਕਿ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜਦੋਂ ਏਧਰ ਆਏ ਤਾਂ ਬਹੁਤ ਸਾਰੇ ਦੁਲੱਟ ਗੁਰੂ ਜੀ ਦੇ ਸਿੱਖ ਬਣ ਗਏ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਏ ਜੰਗਾਂ-ਯੁੱਧਾਂ ਵਿੱਚ ਇਨ੍ਹਾਂ ਦੁਲੱਟਾਂ ਨੇ ਵੱਧ ਚੜ੍ਹਕੇ ਹਿੱਸਾ ਲਿਆ ਅਤੇ ਨਾਲ ਹੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ। ਇਨ੍ਹਾਂ ਦੁਲੱਟਾਂ ਨੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋ ਕੇ ਪੰਥ ਦੀ ਬਹੁਤ ਸੇਵਾ ਕੀਤੀ। ਔਰੰਗਜ਼ੇਬ ਦੇ ਕਮਜ਼ੋਰ ਉੱਤਰਾਧਿਕਾਰੀਆਂ ਦੇ ਕਾਰਣ ਜਦੋਂ ਪੰਜਾਬ ਵਿੱਚ ਅਰਾਜ਼ਕਤਾ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਦੂਜੇ ਪਾਸੇ ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਵਰਗੇ ਨਿਰਦਈ ਹਮਲਾਵਰਾਂ ਨੇ ਪੰਜਾਬ ਵਿੱਚ ਹਾਹਾਕਾਰ ਮਚਾਈ ਹੋਈ ਸੀ ਤਾਂ ਇਨ੍ਹਾਂ ਦੁਲੱਟਾਂ ਨੇ ਉਸ ਔਖੇ ਵੇਲੇ ਵੀ ਖ਼ਾਲਸਾ ਪੰਥ ਦੀ ਸੇਵਾ ਵਿੱਚ ਵਧ ਚੜ੍ਹਕੇ ਹਿੱਸਾ ਲਿਆ ਜਿਸ ਕਾਰਣ ਇਨ੍ਹਾਂ ਨੂੰ ਕਾਫ਼ੀ ਨੁਕਸਾਨ ਵੀ ਝੱਲਣਾ ਪਿਆ ਅਤੇ ਇਨ੍ਹਾਂ ਦੇ ਕਈ ਪਿੰਡ ਉੱਜੜ ਗਏ।

ਸੰਮਤ 1806 ਬਿਕ੍ਰਮੀ ਵਿੱਚ ਫੂਲਕਿਆਂ ਦੇ ਆਲਾ ਸਿੰਘ ਨੇ ਜਦੋਂ ਆਪਣਾ ਰਾਜ ਭਾਗ ਸਥਾਪਿਤ ਕਰ ਲਿਆ ਤਾਂ ਉਸ ਨੇ ਦੁਲੱਟਾਂ ਨੂੰ ਆਪਣਾ ਪੁਰਾਣਾ ਅਤੇ ਉਜੜਿਆ ਹੋਇਆ ਪਿੰਡ ਲੌਂਗੋਵਾਲ ਮੁੜ ਤੋਂ ਵਸਾਉਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਸੰਮਤ 1806 ਬਿਕ੍ਰਮੀ (1749 ਈ.) ਵਿੱਚ ਦੁਲੱਟਾਂ ਨੇ ਮੁੜ ਲੌਂਗੋਵਾਲ ਵਸਾ ਲਿਆ।[55] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ: -

ਇਨਮੈ ਭਯੋ ਚੌਧਰੀ ਕਾਲਾ

ਤਾਕੋਂ ਦੋ ਸੁਤ ਭਏ ਬਿਸਾਲਾ

ਨਾਮ ਨਗਾਹੀਆ ਸਿੰਘ ਇਕ ਕੋਹੈ।

ਸੁਭਟ ਉਦਾਰ ਭਗਤ ਦਿਬ ਤੋਹੈ।

ਮਨੀ ਸਿੰਘ ਭਾਤਰ ਤਿਸ ਥਾਏ

---

53 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 1316.

54 ਗਿਆਨੀ ਗਿਆਨ ਸਿੰਘ, *ਉਹੀ.*

55 *ਉਹੀ*, ਪੰਨਾ 1317.

ਧਰਮ ਹੇਤ ਜਿਨ ਅੰਗ ਕਟਾਏ।[56]

## ਜੀਵਨ ਬਿਓਰਾ

ਗਿਆਨੀ ਗਿਆਨ ਸਿੰਘ ਅਨੁਸਾਰ ਉਸ ਦਾ ਪੜਦਾਦਾ ਨਗਾਹੀਆ ਸਿੰਘ ਬਹੁਤ ਹੀ ਉਦਾਰ ਚਿਤ ਤੇ ਨੇਕ ਪੁਰਸ਼ ਸੀ।[57] ਅਕਾਲ ਪੁਰਖ ਨੇ ਉਸ ਦੇ ਘਰ ਸੱਤ ਪੁੱਤਰ ਬਖਸ਼ੇ। ਉਨ੍ਹਾਂ ਦੇ ਨਾਂ, ਦਰਗਾਹਾ ਸਿੰਘ, ਅੱਗੜ ਸਿੰਘ, ਬਰਾਜ ਸਿੰਘ, ਮਰਾਝ ਸਿੰਘ, ਰੁਘਾ ਸਿੰਘ, ਬਖਤਾ ਸਿੰਘ ਅਤੇ ਸੁਜਾਨ ਸਿੰਘ ਸਨ। ਇਨ੍ਹਾਂ ਵਿੱਚੋਂ ਅੱਗੜ ਸਿੰਘ ਤੇ ਬਰਾਜ ਸਿੰਘ ਨੇ ਸਿੱਖ ਸੰਘਰਸ਼ ਵਿੱਚ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਇਸ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਵਿੱਚ ਕੁਝ ਇਸ ਤਰ੍ਹਾਂ ਕੀਤਾ ਹੈ: -

ਸਿੰਘ ਨਗਾਹੀਏ ਕੇ ਸੁਤ ਸਾਤ।
ਬੀਰਬਲੀ ਪ੍ਰਗਟੇ ਬਖਿਆਤ।
ਉਨਮੈ ਸੇ ਦਰਗਾਹਾ ਸਿੰਘ।
ਭਯੋ ਨਿਰਮਲਾ ਸਾਧੂ ਧਿੰਗ।
ਸਿੰਘ ਬਰਾਜ ਅਘੜ ਸਿੰਘ ਦੋਈ।
ਭਏ ਸ਼ਹੀਦ ਸਤ੍ਰਹਰ ਸੋਈ।
ਮਰਾਝ ਸਿੰਘ ਰੁਯਾ ਸਿੰਘ ਬਖਤਾ।
ਸੁਜਾਨ ਸਿੰਘ ਚਾਰੋ ਅਨ ਰਕਤਾ।
ਬਖਤਾ ਸਿੰਘ ਕਾ ਭਾਗ ਮਿਗ੍ਰੇਸ।
ਤਿਹ ਸੁਤ ਗਯਾਨ ਸਿੰਘ ਦਰਵੇਸ਼। [58]

ਭਾਗ ਸਿੰਘ ਦਾ ਵਿਆਹ ਪਿੰਡ ਚੀਮਾ ਲਾਗੇ ਸ਼ੇਰੋਂ ਪਿੰਡ ਵਿਖੇ ਤਕੜਾ ਸਿੰਘ ਦੀ ਕੁੜੀ 'ਦੇਸਾਂ' ਦੇ ਨਾਲ ਕਰ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਦਾ ਜਨਮ, ਭਾਗ ਸਿੰਘ ਦੇ ਘਰ ਮਾਤਾ ਦੇਸ਼ਾਂ ਦੀ ਕੁੱਖੋਂ, 5 ਵਿਸਾਖ ਸੰਮਤ 1879 ਬਿਕ੍ਰਮੀ (1822 ਈ.) ਨੂੰ ਪਰਗਣਾ ਸੁਨਾਮ, ਰਿਆਸਤ ਪਟਿਆਲਾ ਦੇ ਪਿੰਡ

---

56 *ਉਹੀ.*

57 *ਉਹੀ.*

58 *ਉਹੀ,* ਪੰਨਾ 1318.

ਲੌਂਗੋਵਾਲ ਵਿੱਚ ਹੋਇਆ।[59] ਗਿਆਨੀ ਗਿਆਨ ਸਿੰਘ ਦੀ ਮਾਤਾ ਬਹੁਤ ਹੀ ਧਾਰਮਿਕ ਪ੍ਰਵਿਰਤੀ ਦੀ ਮਾਲਕ ਸੀ। ਉਨ੍ਹਾਂ ਦੀ ਸ਼ਖ਼ਸੀਅਤ ਬਹੁਤ ਹੀ ਪ੍ਰਭਾਵਸ਼ਾਲੀ ਸੀ। ਸੋ ਨਿਸ਼ਚੇ ਹੀ ਗਿਆਨੀ ਗਿਆਨ ਸਿੰਘ ਦੇ ਜੀਵਨ ਨੂੰ ਸੇਧ ਦੇਣ ਵਿੱਚ ਉਨ੍ਹਾਂ ਦੀ ਮਾਤਾ ਦਾ ਅਹਿਮ ਯੋਗਦਾਨ ਰਿਹਾ।[60] ਇਹੀ ਵਜ੍ਹਾ ਸੀ ਕਿ ਗਿਆਨੀ ਗਿਆਨ ਸਿੰਘ ਬਹੁਤ ਹੀ ਮਿਹਨਤੀ, ਦਿਆਲੂ, ਧਰਮ ਪ੍ਰਤੀ ਪ੍ਰਪੱਕ ਤੇ ਸੂਝਵਾਨ ਵਿਅਕਤੀ ਸੀ। ਗਿਆਨੀ ਗਿਆਨ ਸਿੰਘ ਆਪਣੇ ਮਾਤਾ-ਪਿਤਾ ਦੀ ਚੌਥੀ ਸੰਤਾਨ ਸੀ। ਉਸ ਦੇ ਤਿੰਨ ਭਰਾ ਸਦਾ ਸਿੰਘ, ਸੰਤੋਖ ਸਿੰਘ ਅਤੇ ਅਨੋਖ ਸਿੰਘ ਹੋਰ ਸਨ।[61]

ਅੱਜ ਦੇ ਸਮੇਂ ਵਿੱਚ ਮਾਲਵੇ ਦਾ ਇਲਾਕਾ ਕਾਫ਼ੀ ਉਪਜਾਊ ਅਤੇ ਵਿਕਸਿਤ ਹੋ ਗਿਆ, ਪਰ ਉਸ ਸਮੇਂ ਵਿੱਚ ਮਾਲਵੇ ਦੇ ਇਲਾਕੇ ਪਾਣੀ ਦੀ ਕਾਫ਼ੀ ਘਾਟ ਹੁੰਦੀ ਸੀ। ਰੇਤਲੇ ਟਿੱਬਿਆਂ ਦੀ ਬਹੁਤ ਜ਼ਿਆਦਾ ਭਰਮਾਰ ਹੁੰਦੀ ਸੀ। ਫਸਲਾਂ ਲਈ ਵੀ ਮੀਂਹ ਦੇ ਪਾਣੀ 'ਤੇ ਹੀ ਨਿਰਭਰ ਰਹਿਣਾ ਪੈਂਦਾ ਸੀ। ਆਰਥਿਕ ਪੱਖੋਂ ਹਾਲਾਤ ਬਹੁਤ ਮਾੜੇ ਹੋਣ ਕਾਰਣ ਇਸ ਇਲਾਕੇ ਵਿੱਚ ਗ਼ਰੀਬੀ ਬਹੁਤ ਪਾਈ ਜਾਂਦੀ ਸੀ। ਸਾਰੀ ਆਮਦਨ ਖੇਤੀ 'ਤੇ ਹੀ ਨਿਰਭਰ ਹੁੰਦੀ ਸੀ। ਉਨ੍ਹਾਂ ਸਮਿਆਂ ਵਿੱਚ ਲੋਕਾਂ ਵੱਲੋਂ ਆਪਣੇ ਬੱਚਿਆਂ ਵਿੱਚੋਂ ਇੱਕ ਬੱਚਾ ਸਾਧਾਂ-ਸੰਤਾਂ ਦੇ ਡੇਰਿਆਂ 'ਤੇ ਚੜ੍ਹਾਉਣ ਦਾ ਰਿਵਾਜ ਬਹੁਤ ਪ੍ਰਚੱਲਿਤ ਸੀ। ਇੱਕ ਤਾਂ ਇਸ ਪਿੱਛੇ ਗ਼ਰੀਬੀ ਅਤੇ ਪਰਿਵਾਰ ਦੀ ਆਰਥਿਕ ਹਾਲਤ ਦੇ ਮੰਦੇ ਹੋਣਾ, ਦੂਜਾ ਕਾਰਨ ਇਨ੍ਹਾਂ ਡੇਰਿਆਂ ਵਿੱਚ ਬੈਠੇ, ਸਾਧਾਂ-ਸੰਤਾਂ ਦੇ ਗ੍ਰਿਹਸਥ ਨਾ ਵਸਾਉਣ ਕਰਕੇ ਇਹ ਮੰਨਿਆ ਜਾਂਦਾ ਸੀ ਕਿ ਡੇਰਾ ਚਲਦਾ ਰਹੇਗਾ। ਕਈ ਵਾਰ ਜੇ ਕਿਸੇ ਕੋਲ ਬੱਚਾ ਨਾ ਹੁੰਦਾ ਤਾਂ ਉਹ ਵੀ ਇਹ ਮੰਨਤ ਮੰਗ ਲੈਂਦਾ ਕਿ ਬੱਚੇ ਪੈਦਾ ਹੋਣ 'ਤੇ ਇਕ ਬੱਚਾ ਡੇਰੇ ਨੂੰ ਚੜ੍ਹਾ ਦਿੱਤਾ ਜਾਵੇਗਾ। ਗਿਆਨੀ ਗਿਆਨ ਸਿੰਘ ਬਚਪਨ ਦੇ ਸਮੇਂ ਤੋਂ ਹੀ ਸੰਤ ਭੋਲਾ ਸਿੰਘ ਦੇ ਡੇਰੇ 'ਚ ਰਹਿੰਦਾ ਸੀ। ਗੁਰਮੁਖੀ ਤੇ ਉਰਦੂ ਵਿੱਚ ਉਸ ਨੇ ਬਹੁਤ ਮੁਹਾਰਤ ਹਾਸਿਲ ਕਰ ਲਈ ਸੀ। ਉਸ ਸਮੇਂ ਪੜ੍ਹਾਈ ਦਾ ਹੋਰ ਇੰਤਜ਼ਾਮ ਨਾ ਹੋਣ ਕਰਕੇ ਇਨ੍ਹਾਂ ਡੇਰਿਆਂ ਵਿੱਚ ਹੀ ਮਾੜਾ ਮੋਟਾ ਪੜ੍ਹਾਇਆ ਜਾਂਦਾ ਸੀ।[62]

ਸੰਤ ਭੋਲਾ ਸਿੰਘ ਨੇ ਗਿਆਨੀ ਗਿਆਨ ਸਿੰਘ ਨੂੰ ਸ੍ਰੀ ਆਦਿ ਗ੍ਰੰਥ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ, ਸੱਵਯੇ, ਹਨੂੰਮਾਨ ਨਾਟਕ ਆਦਿ ਗ੍ਰੰਥਾਂ ਨੂੰ ਡੂੰਘੀ ਵਿਆਖਿਆ ਅਤੇ ਅਰਥਾਂ ਦੇ ਨਾਲ

---

59 ਭਗਤ ਸਿੰਘ, *ਗਿਆਨੀ ਗਿਆਨ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 31.

60 ਭਗਤ ਸਿੰਘ, *ਗਿਆਨੀ ਗਿਆਨ ਸਿੰਘ,* ਪੰਨਾ 39.

61 ਗੁਰਮੇਲ ਸਿੰਘ (ਸੰਪਾ.), *ਗੁਰੂ ਅੰਗਦ ਦੇਵ ਸ੍ਰੋਤ ਪੁਸਤਕ,* ਪ੍ਰੋ. ਸਾਹਿਬ ਸਿੰਘ ਗੁਰਮਤ ਟਰੱਸਟ ਪਟਿਆਲਾ, ਅਨੰਦਪੁਰ ਸਾਹਿਬ, 2006, ਪੰਨਾ 356.

62 ਸੁਖਦਿਆਲ ਸਿੰਘ, *ਗਯਾਨੀ ਗਯਾਨ ਸਿੰਘ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਪੰਨਾ 223.

ਪੜ੍ਹਾਇਆ। ਉਨ੍ਹੀਂ ਦਿਨੀਂ ਗਿਆਨੀ ਗਿਆਨ ਸਿੰਘ ਨੇ ਅੰਮ੍ਰਿਤ ਵੀ ਛਕ ਲਿਆ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕਵਿਤਾ ਵਿੱਚ ਰਚੇ ਹੋਰ ਗ੍ਰੰਥਾਂ ਨੂੰ ਆਪਣੀ ਮਨਮੋਹਨ ਆਵਾਜ਼ ਨਾਲ ਗਾ ਕੇ ਪੜ੍ਹਦਾ ਸੀ। ਗਿਆਨੀ ਗਿਆਨ ਸਿੰਘ ਦਾ ਸਰੀਰ ਪਤਲਾ, ਕੱਦ ਛੋਟਾ, ਨੈਣ-ਨਕਸ਼ ਬਹੁਤ ਸੋਹਣੇ ਅਤੇ ਦਿਮਾਗ ਬਹੁਤ ਤੇਜ਼ ਸੀ। ਉਸ ਦੀ ਅਵਾਜ਼ ਵੀ ਬਹੁਤ ਹੀ ਸੁਰੀਲੀ ਅਤੇ ਪ੍ਰਭਾਵਸ਼ਾਲੀ ਸੀ।[63]

ਗਿਆਨੀ ਗਿਆਨ ਸਿੰਘ ਦੇ ਘਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਇਸੇ ਕਰਕੇ ਸ਼ਾਇਦ ਉਸ ਨੇ ਵਿਆਹ ਵੀ ਨਾ ਕਰਵਾਇਆ ਤੇ ਆਪਣੀ ਜ਼ਿੰਦਗੀ ਸਾਰਾ ਸਮਾਂ ਸਿੱਖ ਸਾਹਿਤ ਇਕੱਠਾ ਕਰਨ ਅਤੇ ਸਿੱਖ ਇਤਿਹਾਸ ਨੂੰ ਲਿਖਣ ਵਿੱਚ ਹੀ ਲਗਾ ਦਿੱਤਾ।[64] ਕਰਮ ਸਿੰਘ ਜੋ ਕਿ ਗਿਆਨੀ ਗਿਆਨ ਸਿੰਘ ਦਾ ਮਾਮਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਸੂਬੇਦਾਰ ਸੀ। ਜਦੋਂ ਉਹ ਇੱਕ ਵਾਰ ਗਿਆਨੀ ਗਿਆਨ ਸਿੰਘ ਨੂੰ ਮਿਲਣ ਆਇਆ ਤਾਂ ਉਹ ਉਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ। ਕਰਮ ਸਿੰਘ, ਉਸ ਨੂੰ ਆਪਣੇ ਨਾਲ ਲਾਹੌਰ ਦਰਬਾਰ ਵਿੱਚ ਲੈ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਨਾਇਬ ਡਿਊਢੀਦਾਰ ਧੰਨਾ ਸਿੰਘ ਨੇ ਗਿਆਨੀ ਗਿਆਨ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਾਇਆ। ਮਹਾਰਾਜਾ ਰਣਜੀਤ ਸਿੰਘ ਉਸ ਦੀ ਮਿੱਠੀ ਅਤੇ ਰਸਭਰੀ ਅਵਾਜ਼ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਮਹਾਰਾਜੇ ਨੇ ਗਿਆਨੀ ਗਿਆਨ ਸਿੰਘ ਨੂੰ ਰੋਜ਼ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਸੁਣਨ ਲਈ ਦਰਬਾਰ ਵਿੱਚ ਪੱਕਾ ਹੀ ਰੱਖ ਲਿਆ, ਉਸ ਸਮੇਂ ਗਿਆਨੀ ਗਿਆਨ ਸਿੰਘ ਦੀ ਉਮਰ ਮਸਾਂ 13 ਕੁ ਸਾਲ ਦੀ ਸੀ। ਇਹ ਘਟਨਾ ਸੰਨ 1835 ਈ. ਦੀ ਹੈ।[65]

ਗਿਆਨੀ ਗਿਆਨ ਸਿੰਘ ਨੂੰ ਚਾਰ-ਪੰਜ ਸਾਲ ਲਗਾਤਾਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਰਹਿਣ ਦਾ ਮੌਕਾ ਮਿਲਿਆ। ਲਾਹੌਰ ਦਰਬਾਰ ਦੀ ਠਾਠ-ਬਾਠ ਤੇ ਮਹਾਰਾਜਾ ਰਣਜੀਤ ਸਿੰਘ ਦੇ ਨੇਕ ਰਵੱਈਏ ਤੋਂ ਉਹ ਬਹੁਤ ਪ੍ਰਭਾਵਿਤ ਸੀ। ਸੰਮਤ 1924 ਬਿਕ੍ਰਮੀ ਵਿੱਚ ਮਹਾਰਾਣੀ ਵਿਕਟੋਰੀਆ ਦੇ ਪੁੱਤਰ 'ਪ੍ਰਿੰਸ ਆਫ਼ ਵੇਲਜ਼' ਦੇ ਭਾਰਤ ਆਉਣ 'ਤੇ ਦਿੱਲੀ ਅਤੇ ਮੇਰਠ ਦਰਬਾਰ ਦੀ ਖ਼ੂਬਸੂਰਤੀ ਨੂੰ ਪਹਿਲਾਂ ਨਾਲੋਂ ਵੀ ਵੱਧ ਨਿਖਾਰਿਆ ਗਿਆ, ਪਰ ਗਿਆਨੀ ਗਿਆਨ ਸਿੰਘ ਦੇ ਅਨੁਸਾਰ ਉਹ ਦਰਬਾਰ ਲਾਹੌਰ ਦਰਬਾਰ ਦੀ ਖ਼ੂਬਸੂਰਤੀ ਦੇ ਸਾਹਮਣੇ ਕੁਝ ਵੀ ਨਹੀਂ ਸਨ।

---

63 ਭਗਤ ਸਿੰਘ, *ਉ. ਰ.,* ਪੰਨਾ 04.

64 ਗਿਆਨੀ ਗਿਆਨ ਸਿੰਘ, *ਇਤਿਹਾਸ ਰਿਆਸਤ ਬਾਗੜੀਆਂ,* ਪ੍ਰਕਾਸ਼ਕ ਦਾ ਨਾਂ ਉਪਲੱਬਧ ਨਹੀਂ, ਅੰਮ੍ਰਿਤਸਰ, 1917, ਪੰਨਾ 136.

65 ਭਗਤ ਸਿੰਘ, *ਉ. ਰ.,* ਪੰਨਾ 05.

ਇਸ ਤਰ੍ਹਾਂ ਕੁਝ ਸਮਾਂ ਲਾਹੌਰ ਦਰਬਾਰ ਵਿੱਚ ਰਹਿ ਕੇ ਗਿਆਨੀ ਗਿਆਨ ਸਿੰਘ ਮੁੜ ਆਪਣੇ ਪਿੰਡ ਲੌਂਗੋਵਾਲ ਆ ਗਿਆ।[66] ਸੰਨ 1841 ਈ. ਵਿੱਚ ਗਿਆਨੀ ਗਿਆਨ ਸਿੰਘ ਮਹਾਰਾਜਾ ਕਰਮ ਸਿੰਘ ਪਟਿਆਲਾ ਦੀ ਫ਼ੌਜ ਵਿੱਚ ਭਰਤੀ ਹੋ ਗਿਆ। ਅਸਲ ਵਿੱਚ ਗਿਆਨੀ ਗਿਆਨ ਸਿੰਘ ਦਾ ਤਾਇਆ ਹਰੀ ਸਿੰਘ ਜੋ ਕਿ ਪਟਿਆਲਾ ਰਿਆਸਤ ਦੀ ਫ਼ੌਜ ਵਿੱਚ ਸੀ। ਉਹ ਇਕ ਲੜਾਈ ਦੇ ਦੌਰਾਨ ਮਾਰਿਆ ਗਿਆ ਤਾਂ ਉਸ ਸਮੇਂ ਰਿਆਸਤ ਵੱਲੋਂ ਉਸ ਦੇ ਪਰਿਵਾਰ ਵਿੱਚੋਂ ਕਿਸੇ ਜੀਅ ਨੂੰ ਨੌਕਰੀ ਦੇ ਦਿੱਤੀ ਜਾਂਦੀ ਸੀ। ਗਿਆਨੀ ਗਿਆਨ ਸਿੰਘ ਨੂੰ ਹਰੀ ਸਿੰਘ ਦਾ ਮੁਤਬੰਨਾ ਪੁੱਤਰ ਮੰਨ ਕੇ ਮਹਾਰਾਜਾ ਕਰਮ ਸਿੰਘ ਨੇ ਫ਼ੌਜ ਵਿੱਚ ਨੌਕਰੀ ਦੇ ਦਿੱਤੀ। ਸੰਨ 1845-46 ਈ. ਦੇ ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਹੋਇਆ। ਉਸ ਦੀ ਡਿਊਟੀ ਫ਼ੌਜ ਵਿੱਚ ਡਾਕ ਵੰਡਣ ਦੀ ਸੀ। ਸੰਨ 1849-50 ਈ. ਵਿੱਚ ਜੀਂਦ ਰਿਆਸਤ ਦੇ ਬਾਂਗਰੂਆਂ ਵੱਲੋਂ ਕੀਤੀ ਗਈ ਬਗਾਵਤ ਨੂੰ ਦਬਾਉਣ ਲਈ ਜੀਂਦ ਰਿਆਸਤ ਦੀ ਮਦਦ ਲਈ ਭੇਜੀ ਸੈਨਾ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਸੀ।[67] ਇਸ ਬਗਾਵਤ ਵਿੱਚ ਗਿਆਨੀ ਗਿਆਨ ਸਿੰਘ ਕਾਫ਼ੀ ਜ਼ਖਮੀ ਹੋ ਗਿਆ ਸੀ। ਲੱਤ ਤਾਂ ਬਿਲਕੁਲ ਹੀ ਨਕਾਰਾ ਹੋ ਚੁੱਕੀ ਸੀ। ਜਿਸ ਕਰਕੇ ਨੌਕਰੀ ਤੋਂ ਗੈਰ-ਹਾਜ਼ਰ ਰਹਿਣ ਕਰਕੇ ਗਿਆਨੀ ਗਿਆਨ ਸਿੰਘ ਦਾ ਫ਼ੌਜ ਵਿੱਚੋਂ ਨਾਂ ਕੱਟ ਦਿੱਤਾ ਗਿਆ।[68] ਗਿਆਨੀ ਗਿਆਨ ਸਿੰਘ ਜੀਂਦ ਦੀ ਬਗਾਵਤ ਨੂੰ ਲੈ ਕੇ ਹੋਈ ਲੜਾਈ ਵਿੱਚ ਆਪਣੇ ਜ਼ਖ਼ਮੀ ਹੋਣ ਦਾ ਜ਼ਿਕਰ 'ਗੁਰਧਾਮ ਸੰਗ੍ਰਹਿ' ਵਿੱਚ ਕੁਝ ਇਸ ਤਰ੍ਹਾਂ ਕਰਦਾ ਹੈ: -

ਅਠਾਰਾਂ ਸੈ ਅਠਾਨਵੈ ਪਟਿਆਲੇ ਨ੍ਰਿਪ ਕੇਰ।
ਅਸਵਾਹੋ ਮੇਂ ਨੌਕਰੀ ਕੀਤੀ ਹੋਏ ਦਲੇਰ॥
ਉਨੀ ਸੈ ਦੋ ਮੈਂ ਭਈਓ ਮਹਾਂ ਘੋਰ ਸੰਗ੍ਰਾਮ।
ਅੰਗਰੇਜ਼ੋਂ ਕੀ ਸੇਵ ਹਿਤ ਪਠੀ ਫ਼ੌਜ ਨ੍ਰਿਪ ਆਮ॥
ਤਿਸਮੇਂ ਮੈ ਭੀ ਜਾਇ ਤਬ ਪੇਖਯੋ ਜੰਗ ਨਿਸੰਗ।
ਪੁਨ ਉਨੀ ਸੈ ਖਸ਼ਟ ਵਿੱਚ ਬਿਗੜਿਓ ਮੁਲਕ ਕੁਢੰਗ॥
ਜੀਂਦ ਪਤੀ ਨ੍ਰਿਪ ਕੀ ਪ੍ਰਜਾ ਪੁਰ ਜਲਵਾਣੈ ਮਾਹਿ।

---

66 ਭਗਤ ਸਿੰਘ, *ਉਹੀ,* ਪੰਨਾ 05.

67 ਸੁਖਦਿਆਲ ਸਿੰਘ, *ਗਯਾਨੀ ਗਯਾਨ ਸਿੰਘ,* ਪੰਨਾ 223.

68 ਭਗਤ ਸਿੰਘ, *ਉ. ਰ.,* ਪੰਨਾ 06.

ਪਟਿਆਲੈ ਨੇ ਪਤਿ ਤੋਂ ਲਈ ਮੱਦਦ ਜੰਗੀ ਭੂਰ।

ਜੰਗ ਜੀਤ ਨ੍ਰਿਪਨ ਲਯੋਂ ਕੀਓ ਗਦਰ ਸਭ ਦੂਰ॥

ਉਸ ਲੜਾਈ ਮੈਂ ਲਗੀ ਗੋਲੀ ਮਮ ਲਤਿ ਮਾਹਿ

ਜਿਸ ਕਰ ਸਵਾਰੀ-ਜੰਗ ਕੇ ਜੋਗ ਰਹਿਓ ਮੈਂ ਨਾਹਿ।

ਕੁਲ-ਕਾਰਜ ਮਮ ਦੋਊ ਥੇ ਖੇਤੀ ਔ ਸੰਗ੍ਰਾਮ।

ਲਾਤ ਨਾਕਾਰੀ ਹੋਨ ਤੇ ਛੁਟ ਗਏ ਦੋਨੋ ਕਾਮ।

ਪੈਨਸ਼ਨ ਕਾ ਨਾ ਰਵਾਜ ਥਾ ਇਸ ਹਿਤ ਮਿਲੀ ਨਾ ਵਹਿ।[69]

ਘਰ ਦੀ ਆਰਥਿਕ ਹਾਲਤ ਪਹਿਲਾਂ ਹੀ ਬਹੁਤ ਮੰਦੀ ਸੀ, ਹੁਣ ਤਾਂ ਫ਼ੌਜ ਦੀ ਨੌਕਰੀ ਵੀ ਛੁੱਟ ਗਈ। ਬਾਕੀ ਲੱਤ ਦੇ ਨਕਾਰਾ ਹੋ ਜਾਣ ਕਰਕੇ ਗਿਆਨੀ ਗਿਆਨ ਸਿੰਘ ਤੋਂ ਬਿਲਕੁਲ ਵੀ ਕੋਈ ਕੰਮ ਨਹੀਂ ਸੀ ਹੁੰਦਾ। ਛੇਤੀ ਹੀ ਉਸ ਦੇ ਪਿਤਾ ਦੀ ਵੀ ਮੌਤ ਹੋ ਗਈ ਅਤੇ ਉਹ ਦੂਜੇ ਭਰਾਵਾਂ ਤੋਂ ਅਲੱਗ ਹੋ ਗਿਆ। ਗਿਆਨੀ ਗਿਆਨ ਸਿੰਘ ਕਿਸੇ ਵੀ ਕੰਮ ਨੂੰ ਛੋਟਾ ਜਾਂ ਵੱਡਾ ਨਹੀਂ ਸੀ ਸਮਝਦਾ। ਉਸ ਨੇ ਚੱਕੀ ਪੀਸਣ ਤੇ ਚਰਖਾ ਕੱਤਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹ ਘਰ ਬੈਠੇ ਹੀ ਮਿਹਨਤ ਮਜ਼ਦੂਰੀ ਕਰਨ ਲੱਗ ਪਿਆ। ਪਰ ਨਾਲ ਹੀ ਆਰਥਿਕ ਤੰਗੀ ਅਤੇ ਲੋਕਾਂ ਦੇ ਤਾਅਨੇ-ਮੇਹਣਿਆਂ ਨੇ ਗਿਆਨੀ ਗਿਆਨ ਸਿੰਘ ਦੀ ਮਨੋਵਿਗਿਆਨਿਕ ਅਵਸਥਾ ਨੂੰ ਝੰਜੋੜ ਸੁੱਟਿਆ। ਇੱਕ ਦਿਨ ਦੁਖੀ ਹੋ ਕੇ ਉਹ ਆਤਮ ਹੱਤਿਆ ਕਰਨ ਲਈ ਖੂਹ ਵਿੱਚ ਛਾਲ ਮਾਰਨ ਲੱਗਿਆ, ਪਰ ਕਿਸੇ ਭਲੇ-ਪੁਰਸ਼ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ।

ਗਿਆਨੀ ਗਿਆਨ ਸਿੰਘ ਦਾ ਰਿਸ਼ਤੇਦਾਰ ਪ੍ਰੇਮ ਸਿੰਘ, ਮਹਾਰਾਜਾ ਨਰਿੰਦਰ ਸਿੰਘ ਦੀ ਰਿਆਸਤ ਪਟਿਆਲਾ ਵਿੱਚ ਨੌਕਰੀ ਕਰਦਾ ਸੀ। ਪ੍ਰੇਮ ਸਿੰਘ ਨੇ ਉਸ ਨੂੰ ਵੀ ਗ੍ਰੰਥੀ ਦੀ ਨੌਕਰੀ 'ਤੇ ਰਖਵਾ ਦਿੱਤਾ। ਉੱਥੇ ਗਿਆਨੀ ਗਿਆਨ ਸਿੰਘ ਨੂੰ ਤਿੰਨ ਰੁਪਏ ਤਨਖ਼ਾਹ ਵਜੋਂ ਦਿੱਤੇ ਜਾਂਦੇ ਸਨ, ਜੋ ਕਿ ਉਨ੍ਹਾਂ ਸਮਿਆਂ 'ਚ ਬਹੁਤ ਵਧੀਆ ਤਨਖ਼ਾਹ ਗਿਣੀ ਜਾਂਦੀ ਸੀ। ਉਨ੍ਹਾਂ ਸਮਿਆਂ 'ਚ ਪ੍ਰਿੰਟਿੰਗ ਪ੍ਰੈੱਸਾਂ ਨਹੀਂ ਹੁੰਦੀਆਂ ਸਨ, ਪੱਥਰ ਛਾਪ ਲਈ ਵੀ ਪਹਿਲਾਂ ਹੱਥ ਨਾਲ ਗੁਰਮੁਖੀ 'ਚ ਅੱਖਰ ਲਿਖਣੇ ਪੈਂਦੇ ਸਨ। ਫ਼ੇਰ ਲਿਖੇ ਹੋਏ ਅੱਖਰਾਂ ਦੇ ਠੱਪੇ ਲਗਾ ਕੇ ਛਾਪਿਆ ਜਾਂਦਾ ਸੀ। ਗਿਆਨੀ ਗਿਆਨ ਸਿੰਘ ਨੂੰ ਵਿੱਦਿਆ ਨਾਲ ਖ਼ਾਸ ਪ੍ਰੇਮ ਸੀ ਅਤੇ ਲਿਖਾਈ ਵੀ ਬਹੁਤ ਸਾਫ਼ ਸੀ। ਸਾਫ਼ ਅਤੇ ਸੁੰਦਰ ਲਿਖਾਈ ਹੋਣ ਕਰਕੇ ਪੱਥਰ ਛਾਪ ਤਿਆਰ ਕਰਨ ਲਈ ਗਿਆਨੀ ਗਿਆਨ ਸਿੰਘ ਦੀ ਲੋੜ ਪੈਂਦੀ ਰਹਿੰਦੀ ਸੀ। ਇਸ ਵਜ੍ਹਾ ਕਾਰਣ ਗਿਆਨੀ ਗਿਆਨ ਸਿੰਘ ਨੂੰ ਉਸ ਸਮੇਂ ਮਹੀਨੇ ਦੇ ਦਸ

---

[69] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪ੍ਰਕਾਸ਼ਨ ਸਥਾਨ ਉਪਲੱਬਧ ਨਹੀਂ, 1927, ਪੰਨਾ 06.

ਰੁਪਏ ਮਿਲਣ ਲੱਗ ਪਏ।[70]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਿਆਨੀ ਗਿਆਨ ਸਿੰਘ ਨੇ ਆਪਣੇ ਜੀਵਨ ਵਿੱਚ ਅਨੇਕਾਂ ਹੀ ਉਤਰਾਅ ਚੜ੍ਹਾਅ ਦੇਖੇ। ਬਚਪਨ ਤੋਂ ਹੀ ਆਰਥਿਕ ਤੰਗੀ ਕੱਟੀ ਤੇ ਘੋਰ ਸੰਘਰਸ਼ ਕੀਤਾ। ਲਾਹੌਰ ਦਰਬਾਰ ਤੋਂ ਲੈ ਕੇ ਪਟਿਆਲਾ ਰਿਆਸਤ ਵਿੱਚ ਕੀਤੀ ਗਈ ਨੌਕਰੀ ਨਾਲ ਆਰਥਿਕ ਹਾਲਾਤਾਂ ਵਿੱਚ ਕੁਝ ਸੁਧਾਰ ਤਾਂ ਜ਼ਰੂਰ ਹੋਇਆ, ਪਰ ਗਿਆਨੀ ਗਿਆਨ ਸਿੰਘ ਆਪਣੇ ਜੀਵਨ ਨੂੰ ਇੱਕ ਨਵੀਂ ਦਿਸ਼ਾ ਦੇਣਾ ਚਾਹੁੰਦਾ ਸੀ। ਗਿਆਨੀ ਗਿਆਨ ਸਿੰਘ ਵਿੱਦਿਆ ਪ੍ਰੇਮੀ ਤਾਂ ਹੈ ਹੀ ਸੀ, ਸਾਹਿਤ ਦੇ ਨਾਲ ਵੀ ਉਸ ਦਾ ਉਚੇਚਾ ਲਗਾਅ ਸੀ। ਉਸ ਨੇ 'ਗੁਰਧਾਮ ਸੰਗ੍ਰਹਿ' ਵਿੱਚ ਆਪਣੇ ਵੰਸ਼ ਦੇ ਜੱਦੀ ਕਿੱਤਿਆਂ ਦਾ ਅਤੇ ਹਲ ਤੇ ਤਲਵਾਰ ਦੀ ਥਾਂ ਕਲਮ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:-

ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗ੍ਰਾਮ।
ਲਾਤ ਨਕਾਰੀ ਹੋਨ ਤੇ ਛੁਟ ਗਏ ਦੋਨੋ ਕਾਮ।
ਭੌ 'ਗਯਾਨ ਹਰਿ' ਤੇਗ ਹਲ ਛੁਟੇ ਤੁ ਨਾ ਕਰ ਸ਼ੋਕ।
'ਹਲ ਤਵਾਰੋ' ਬਲੀ ਹੈ ਤੁੱਛ ਕਲਮ ਕੀ ਨੋਕ।
ਕਲਮ ਪਕੜ ਕਰ ਦਾਹਿਨੇ ਵੇਸ ਫਕੀਰੀ ਧਾਰ।
ਦੇਸ਼ਾਟਨ ਕਰ ਪੰਥ ਕੀ ਸੇਵਾ ਕਰ ਦਿਲਠਾਰ।[71]

ਅਸੀਂ ਦੇਖਦੇ ਹਾਂ ਕਿ ਗਿਆਨੀ ਗਿਆਨ ਸਿੰਘ ਇੱਕ ਸੱਚਾ ਸਿੱਖ ਸੀ। ਉਹ ਅਜਿਹੀ ਹੀ ਕਿਸੇ ਸੰਪ੍ਰਦਾਇ 'ਚ ਜਾਣਾ ਚਾਹੁੰਦਾ ਸੀ, ਜਿਸ ਵਿੱਚ ਪਖੰਡਵਾਦ ਭਾਵ ਸੁਆਹ ਮਲਣੀ, ਮੱਥੇ 'ਤੇ ਤਿਲਕ ਲਾਉਣਾ, ਕੰਨਾਂ 'ਚ ਮੁੰਦਰਾ ਪਾਉਣਾ, ਸ਼ੰਖ ਵਜਾਉਣਾ ਆਦਿ ਕੋਈ ਵੀ ਪਾਖੰਡ ਨਾ ਹੋਵੇ। ਅੰਤ ਗਿਆਨੀ ਗਿਆਨ ਸਿੰਘ ਕਾਫ਼ੀ ਸੋਚ ਵਿਚਾਰ ਪਿੱਛੋਂ ਮਹੰਤ ਬੀਰ ਸਿੰਘ ਜੀ, ਡੇਰਾ ਬਾਬਾ ਗਾਂਧਾ ਸਿੰਘ ਬਰਨਾਲੇ ਵਾਲਿਆਂ ਦਾ ਚੇਲਾ ਬਣ ਗਿਆ। ਪ੍ਰਸਿੱਧ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਤੋਂ ਗਿਆਨੀ ਗਿਆਨ ਸਿੰਘ ਨੇ ਵਿੱਦਿਆ ਗ੍ਰਹਿਣ ਕੀਤੀ। ਗਿਆਨੀ ਗਿਆਨ ਸਿੰਘ ਆਪਣੇ ਗੁਰੂ ਭਾਵ ਪੰਡਿਤ ਤਾਰਾ ਸਿੰਘ ਨਰੋਤਮ ਦਾ ਬਹੁਤ ਆਦਰ ਕਰਦਾ ਸੀ ਅਤੇ ਉਹ ਪੰਡਿਤ ਤਾਰਾ ਸਿੰਘ ਨਰੋਤਮ ਸੰਬੰਧੀ ਲਿਖਦਾ ਹੈ:-

---

70 ਸੁਖਦਿਆਲ ਸਿੰਘ, *ਉ. ਰ.,* ਪੰਨਾ 224.

71 ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 07.

ਨਾਮ ਨਖਤ੍ਰ ਮ੍ਰਿਗੇਸ ਮਹਾਨੂੰ।

ਨਿਰਮਲ ਪੰਥ ਬੀਚ ਸਮ ਭਾਨੂੰ।

ਬਿਦਯਾ ਗੁਰਮਮ ਆਹਿ ਉਦਾਰੇ।

ਸੋ ਸਮ ਜਢ ਜਿਨ ਬਹੁ ਭਵ ਤਾਰੇ।

ਤਿੰਨ ਕੇ ਪਦ ਪੰਕਜ ਤੇ ਸਿੱਖਿਆ।

ਪਾਇ, ਹਰੇ ਭਵ ਦੁਖ ਸਮ ਬਿਖਿਆ।

ਨਿਗਮਾਗਮ ਲੈ ਜੇਤਕ ਬਿੱਦਯਾ।

ਹਸਤ ਰੇਖ ਸੀ ਜਿਨੈ ਪ੍ਰਸਿੱਧਯਾ।

ਰਵਿ ਸਮ ਜਾਹਰ ਜਗਤ ਮਝਾਰੇ।

ਕੋਵਿਦ ਕਵੀ ਅਧੀਸ ਉਦਾਰੇ।

ਪੰਥ ਨਿਰਮਲਯੋਂ ਕੇ ਅਬ ਸੋ ਹੈ।

ਸ੍ਰੀ ਮਹੰਤ, ਕੰਤ ਭਵ ਕੋ ਹੈ।

ਗਿਆਨੀ ਗਿਆਨ ਸਿੰਘ ਆਪਣੇ ਗੁਰੂ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਦਾ ਸੀ। ਉਸ ਨੂੰ ਸਾਹਿਤ ਪ੍ਰੇਮ, ਵਿੱਦਿਆ ਪ੍ਰਾਪਤੀ ਭਾਵ ਕਿ ਜੋ ਰੁਤਬਾ ਜਾਂ ਮਾਨ ਸਨਮਾਨ ਪ੍ਰਾਪਤ ਹੋਇਆ ਉਹ ਸਭ ਗੁਰੂ ਦੀ ਬਖ਼ਸ਼ਿਸ਼ ਸਦਕਾ ਹੀ ਸੰਭਵ ਹੋਇਆ। ਪੰਡਿਤ ਤਾਰਾ ਸਿੰਘ ਨਰੋਤਮ ਦੇ ਕਹਿਣ 'ਤੇ ਹੀ ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਵੀ ਕੀਤੀ।[72]

ਸੰਤ ਮਸਤ ਰਾਮ ਜੀ ਜੋ ਕਿ ਮਾਲਵਾ ਇਲਾਕੇ ਵਿੱਚ ਬਹੁਤ ਮਸ਼ਹੂਰ ਸੀ। ਉਸ ਦੀ ਲੋਕਾਂ ਵਿੱਚ ਕਾਫ਼ੀ ਲੋਕਪ੍ਰਿਯਤਾ ਸੀ। ਉਹ ਗਿਆਨੀ ਗਿਆਨ ਸਿੰਘ ਦੇ ਪਿਤਾ ਜੀ ਦਾ ਚੰਗਾ ਮਿੱਤਰ ਸੀ। ਉਹ ਜਦੋਂ ਲੌਂਗੋਵਾਲ ਆਇਆ ਤਾਂ ਗਿਆਨੀ ਗਿਆਨ ਸਿੰਘ ਦੇ ਘਰ ਰੁਕਿਆ। ਜਦੋਂ ਸੰਤ ਮਸਤ ਰਾਮ ਜਾਣ ਲੱਗਿਆ ਤਾਂ ਗਿਆਨੀ ਗਿਆਨ ਸਿੰਘ ਆਪਣੀ ਮਾਤਾ ਨੂੰ ਇਹ ਕਹਿਕੇ ਕਿ ਉਹ ਪਟਿਆਲੇ ਨੌਕਰੀ 'ਤੇ ਜਾ ਰਿਹਾ, ਸੰਤ ਮਸਤ ਰਾਮ ਦੇ ਨਾਲ ਤੁਰ ਗਿਆ।[73] ਗਿਆਨੀ ਗਿਆਨ ਸਿੰਘ, ਸੰਤ ਮਸਤ ਰਾਮ ਨਾਲ ਯਾਤਰਾ

---

[72] ਗਿਆਨੀ ਬਲਵੰਤ ਸਿੰਘ ਕੋਠਾਗੁਰੂ, "ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼", *ਨਾਨਕ ਪ੍ਰਕਾਸ਼ ਪੱਤ੍ਰਿਕਾ-ਅੰਕ ਪਹਿਲਾ,* (ਸੰਪਾ. ਡਾ. ਸਰਬਜਿੰਦਰ ਸਿੰਘ), ਪੰਨਾ 275.

[73] ਸੰਤ ਇੰਦਰ ਸਿੰਘ ਚੱਕਰਵਰਤੀ, "ਗਿਆਨੀ ਜੀ ਦੀ ਵੰਸ਼ ਪਰੰਪਰਾ ਜਾਂ ਕੁਲ ਦਾ ਪਿਛਵਾੜਾ", *ਗਿਆਨੀ ਗਿਆਨ ਸਿੰਘ,* (ਸੰਪਾ. ਸੰਤ ਇੰਦਰ ਸਿੰਘ ਚੱਕਰਵਰਤੀ), ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, 1960, ਪੰਨਾ 27.

ਕਰਦਾ ਹੋਇਆ, ਕਾਸ਼ੀ, ਹਰਿਦੁਆਰ, ਗੰਗੋਤਰੀ, ਰਿਸ਼ੀਕੇਸ਼, ਦੇਹਰਾਦੂਨ, ਪਾਉਂਟਾ ਸਾਹਿਬ ਤੋਂ ਹੁੰਦਾ ਹੋਇਆ ਵਾਪਿਸ ਆਪਣੀ ਮਾਤਾ ਕੋਲ ਲੌਂਗੋਵਾਲ ਆ ਗਿਆ।[74] ਗਿਆਨੀ ਗਿਆਨ ਸਿੰਘ ਨੇ ਸੰਮਤ 1913 ਬਿਕ੍ਰਮੀ (1856 ਈ.) ਨੂੰ ਵਿਸਾਖੀ ਵੇਲੇ ਦਮਦਮਾ ਸਾਹਿਬ ਦੇ ਦਰਸ਼ਨ ਕੀਤੇ। ਉੱਥੇ ਉਸ ਨੂੰ ਸੰਤ ਸਿੰਘ ਦਾਨਗੜ੍ਹੀਆ ਮਿਲ ਗਿਆ, ਇੱਥੇ ਹੀ ਗਿਆਨੀ ਗਿਆਨ ਸਿੰਘ ਨੇ ਸਤੌਜ ਪਿੰਡ ਦੇ ਸੰਤ ਮੁਹੱਬਤ ਸਿੰਘ ਤੋਂ ਵੇਦਾਂਤਿਕ ਵਿੱਦਿਆ ਦਾ ਗਿਆਨ ਵੀ ਹਾਸਿਲ ਕੀਤਾ। ਗਿਆਨੀ ਗਿਆਨ ਸਿੰਘ ਨੇ 1854 ਈ. ਤੋਂ ਲੈ ਕੇ 1895 ਈ. ਤੱਕ ਸਾਰੇ ਦੇਸ਼ ਦਾ ਭ੍ਰਮਨ ਕੀਤਾ।[75] ਸ਼ਾਇਦ ਹੀ ਕੋਈ ਐਸੀ ਥਾਂ ਹੋਵੇ, ਜਿੱਥੇ ਉਹ ਨਾ ਅੱਪੜਿਆ ਹੋਵੇ।

ਗਿਆਨੀ ਗਿਆਨ ਸਿੰਘ ਨੂੰ ਯਾਤਰਾਵਾਂ ਕਰਨਾ ਬਹੁਤ ਦਿਲਚਸਪ ਲੱਗਦਾ ਸੀ। ਇਨ੍ਹਾਂ ਯਾਤਰਾਵਾਂ ਦੌਰਾਨ ਉਸ ਨੂੰ ਕਈ ਤਰ੍ਹਾਂ ਦੇ ਸਾਧੂ ਸੰਤਾਂ ਨਾਲ ਮਿਲਣ ਦਾ ਅਵਸਰ ਪ੍ਰਾਪਤ ਹੋਇਆ, ਜਿਸ ਨਾਲ ਗਿਆਨੀ ਗਿਆਨ ਸਿੰਘ ਨੂੰ ਸਾਹਿਤ ਲਿਖਣ ਵਿੱਚ ਕਾਫ਼ੀ ਸਹਾਇਤਾ ਮਿਲੀ ਅਤੇ ਉਸ ਦੇ ਆਪਣੇ ਨਿੱਜੀ ਗਿਆਨ ਵਿੱਚ ਵੀ ਚੋਖਾ ਵਾਧਾ ਹੋਇਆ।

ਕੁਝ ਦਿਨ ਪਿੰਡ ਰਹਿਣ ਪਿੱਛੋਂ ਗਿਆਨੀ ਗਿਆਨ ਸਿੰਘ ਫ਼ੇਰ ਯਾਤਰਾਵਾਂ 'ਤੇ ਚੱਲ ਪਏ। ਉਹ ਵਾਪਿਸ ਰਿਸ਼ੀਕੇਸ਼ ਚਲੇ ਗਏ। ਕੁਝ ਦਿਨ ਇੱਥੇ ਰਹਿ ਕੇ ਉਸ ਨੇ ਕਿਸ਼ਨ ਸਿੰਘ ਵਿਰੱਕਤ, ਸੰਤ ਸਿੰਘ, ਜੋਗਾ ਨੰਦ ਅਤੇ ਪੰਡਤ ਖ਼ਜ਼ਾਨ ਸਿੰਘ ਠੀਕਰੀਵਾਲਾ ਕੋਲੋਂ ਤੁਲਸੀਦਾਸ ਦੀ ਰਮਾਇਣ ਦੇ ਅਰਥ ਸਮਝੇ ਅਤੇ ਫ਼ੇਰ ਰਿਸ਼ੀਕੇਸ਼ ਤੋਂ ਉਹ ਹਰਿਦੁਆਰ ਚਲਾ ਗਿਆ, ਜਿੱਥੇ ਉਸ ਨੇ ਕਈ ਹੋਰ ਸਾਧਾਂ ਸੰਤਾਂ ਨਾਲ ਮਿਲ ਕੇ ਬ੍ਰਿੰਦਾਬਨ ਅਤੇ ਮਥੁਰਾ ਦੀ ਯਾਤਰਾ ਕੀਤੀ। ਇਹ ਸੰਨ 1857 ਈ. ਦਾ ਸਾਲ ਸੀ। ਸੰਨ 1857 ਈ. ਦੇ ਗਦਰ ਨੇ ਸਾਰੇ ਭਾਰਤ ਵਿੱਚ ਕਹਿਰ ਮਚਾ ਰੱਖਿਆ ਸੀ। ਗਦਰ ਵਿੱਚ ਹਿੱਸਾ ਲੈਣ ਵਾਲੀਆਂ ਰਿਆਸਤਾਂ ਜਾਂ ਸੈਨਿਕ ਇਨ੍ਹਾਂ ਸਾਧਾਂ ਸੰਤਾਂ ਨੂੰ ਅੰਗਰੇਜ਼ ਸਰਕਾਰ ਦੇ ਜਾਸੂਸ ਸਮਝ ਲੈਂਦੇ ਸਨ। ਇਸ ਕਰਕੇ ਗਿਆਨੀ ਗਿਆਨ ਸਿੰਘ ਨੇ ਵਾਪਿਸ ਮੁੜਣਾ ਹੀ ਬਿਹਤਰ ਸਮਝਿਆ, ਪਰ ਫ਼ੇਰ ਵੀ ਉਸ ਨੂੰ ਤੇ ਕਈ ਹੋਰ ਸਾਧਾਂ ਸੰਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਸਿੱਖ ਫ਼ੌਜੀਆਂ ਦੇ ਯਤਨਾਂ ਸਦਕਾ ਗਿਆਨੀ ਗਿਆਨ ਸਿੰਘ ਅਤੇ ਨਾਲ ਦੇ ਸਾਧੂ ਸੰਤ ਛੇਤੀ ਹੀ ਰਿਹਾ ਹੋ ਗਏ।[76]

---

74 ਸੰਤ ਇੰਦਰ ਸਿੰਘ ਚੱਕਰਵਰਤੀ, "ਗਿਆਨੀ ਜੀ ਦੀ ਵੰਸ਼ ਪਰੰਪਰਾ ਜਾਂ ਕੁਲ ਦਾ ਪਿਛਵਾੜਾ", *ਗਿਆਨੀ ਗਿਆਨ ਸਿੰਘ,* (ਸੰਪਾ. ਸੰਤ ਇੰਦਰ ਸਿੰਘ ਚੱਕਰਵਰਤੀ), ਪੰਨੇ 28-29.

75 ਸੁਖਦਿਆਲ ਸਿੰਘ, *ਉ. ਹ.,* ਪੰਨਾ 226.

76 ਸੁਖਦਿਆਲ ਸਿੰਘ, *ਉਹੀ,* ਪੰਨਾ 227.

ਗਦਰ ਦਾ ਦਬਾਅ ਘੱਟ ਹੋ ਜਾਣ 'ਤੇ ਗਿਆਨੀ ਗਿਆਨ ਸਿੰਘ ਮੁੜ ਯਾਤਰਾਵਾਂ ਲਈ ਨਿਕਲ ਪਿਆ। ਸੰਮਤ 1915 ਬਿਕ੍ਰਮੀ (ਸੰਨ 1858 ਈ.) ਦੀ ਵਿਸਾਖੀ ਨੂੰ ਗਿਆਨੀ ਗਿਆਨ ਸਿੰਘ ਤੇ ਹੋਰ ਸਾਧਾਂ ਸੰਤਾਂ ਦਾ ਟੋਲਾ ਦਮਦਮਾ ਸਾਹਿਬ ਵਿਖੇ ਪਹੁੰਚਿਆ। ਫ਼ੇਰ ਅੱਗੇ ਇਹ ਅਨੰਦਪੁਰ ਸਾਹਿਬ ਹੁੰਦੇ ਹੋਏ ਹੁਸ਼ਿਆਰਪੁਰ, ਅੰਬੋਟਾ, ਗੜ੍ਹਦੀਵਾਲਾ, ਦੇਵੀ ਚਿੰਤਪੁਰਨੀ ਅਤੇ ਧਰਮਸ਼ਾਲਾ ਪੁੱਜੇ। ਇੱਥੇ ਗਿਆਨੀ ਗਿਆਨ ਸਿੰਘ ਨੇ ਉੱਘੇ ਵਿਦਵਾਨ ਬਾਬੂ ਰਜਿੰਦਰ ਨਾਥ ਨਾਲ ਮੁਲਾਕਾਤ ਕੀਤੀ। ਗਿਆਨੀ ਗਿਆਨ ਸਿੰਘ ਧਰਮਸ਼ਾਲਾ ਤੋਂ ਚੱਲ ਕੇ ਚੰਬਾ, ਕੁੱਲੂ, ਮਨੀਕਰਨ ਸਾਹਿਬ ਹੁੰਦੇ ਹੋਏ ਲੁਧਿਆਣੇ ਆਇਆ। ਸੰਨ 1860 ਈ. ਵਿੱਚ ਉੱਤਰੀ ਭਾਰਤ ਵਿੱਚ ਭਿਆਨਕ ਕਾਲ ਪੈ ਗਿਆ। ਮੀਂਹ ਨਾ ਪੈਣ ਕਰਕੇ ਉੱਤਰੀ ਭਾਰਤ ਦੇ ਕਈ ਇਲਾਕੇ ਇਸ ਕਾਲ ਤੋਂ ਕਾਫ਼ੀ ਪ੍ਰਭਾਵਿਤ ਹੋਏ, ਜਿਨ੍ਹਾਂ ਵਿੱਚ ਰਾਜਸਥਾਨ ਸਭ ਤੋਂ ਜ਼ਿਆਦਾ ਮਾਰ 'ਚ ਆਇਆ। ਗਿਆਨੀ ਗਿਆਨ ਸਿੰਘ ਨੇ ਪਟਿਆਲਾ ਤੇ ਨਾਭਾ ਰਿਆਸਤਾਂ ਨੂੰ ਲੋੜਵੰਦਾਂ ਦੀ ਸਹਾਇਤਾ ਲਈ ਵੀ ਪ੍ਰੇਰਿਆ। ਫ਼ੇਰ ਉਹ ਜਖੇਪਲ ਪਿੰਡ ਵਿਖੇ ਇੱਕ ਕੁਟੀਆ ਵਿੱਚ ਰਹਿਣ ਲੱਗ ਪਿਆ।[77]

ਸੰਨ 1864 ਈ. ਵਿੱਚ ਕਾਬਲ ਦਾ ਅਮੀਰ ਸ਼ੇਰ ਅਲੀ ਖਾਂ ਭਾਰਤ ਆਇਆ ਹੋਇਆ ਸੀ। ਉਸ ਦੇ ਆਦਰ ਤੇ ਮਾਣ ਸਤਿਕਾਰ ਲਈ ਭਾਰਤ ਸਰਕਾਰ ਵੱਲੋਂ ਅੰਬਾਲੇ ਵਿੱਚ ਬਹੁਤ ਹੀ ਆਲੀਸ਼ਾਨ ਦਰਬਾਰ ਲਗਾਇਆ ਗਿਆ। ਗਿਆਨੀ ਗਿਆਨ ਸਿੰਘ ਨੂੰ ਵੀ ਇਸ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਖ਼ਾਸ ਸੱਦਾ ਦਿੱਤਾ ਗਿਆ ਸੀ। ਇੱਥੇ ਗਿਆਨੀ ਗਿਆਨ ਸਿੰਘ ਨੂੰ 24 ਅਸ਼ਰਫੀਆਂ ਭੇਟਾ ਅਤੇ ਆਦਰ ਸਤਿਕਾਰ ਦੇ ਤੌਰ 'ਤੇ ਦਿੱਤੀਆਂ ਗਈਆਂ।[78]

ਗਿਆਨੀ ਗਿਆਨ ਸਿੰਘ ਨਾਮਧਾਰੀ ਲਹਿਰ ਦੇ ਮੁਖੀ ਬਾਬਾ ਰਾਮ ਸਿੰਘ ਕੂਕਾ ਨੂੰ ਵੀ ਕਈ ਵਾਰੀ ਮਿਲਿਆ ਤੇ ਭਾਈ ਸੰਤੋਖ ਸਿੰਘ ਦੇ ਲਿਖੇ ਹੋਏ ਸੂਰਜ ਪ੍ਰਕਾਸ਼ ਦੀ ਕਥਾ ਵੀ ਬਾਬਾ ਰਾਮ ਸਿੰਘ ਕੂਕਾ ਨੂੰ ਸੁਣਾਈ। ਉਸ ਨੇ ਕੂਕਾ ਲਹਿਰ ਦਾ ਸਮਕਾਲੀ ਹੋਣ ਕਰਕੇ, ਆਪਣੀ ਲਿਖਤ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿੱਚ ਕੂਕਾ ਲਹਿਰ ਦਾ ਵਰਣਨ ਵੀ ਕੀਤਾ ਹੈ: -

ਪੰਥ ਖ਼ਾਲਸੇ ਮੈਂ ਸਾਖ ਕੂਕੇ ਸਿੰਘ ਧਾਰੀ ਮੇਖ
ਨਾਮ ਕੀ ਖੁਮਾਰੀ ਪਾਖ ਰਾਖਤ ਮਹਾਨ ਹੈਂ।
ਕੂਕ ਮਾਰਨੇ ਤੇ ਕੂਕੇ ਭਾਖਤ ਅਚੂਕੇ ਲੋਗ

---

[77] *ਉਹੀ.*

[78] *ਉਹੀ,* ਪੰਨਾ 228.

ਰੂਖੈ ਹੂੰ ਰਹਿਤ ਸਾਧੂ ਬਿੱਪਨ ਤੈ ਜਾਨ ਹੈਂ।
ਅਟਕ ਦਰਿਆਓ ਤਟ ਛੋਈ ਨਾਮ ਗਾਮ ਭਟ
ਬਾਲਕ ਮ੍ਰਿਗੇਸ ਲੀਓ ਜਨਮ ਜਹਾਨ ਹੈਂ।
ਠਾਰਾਸੈਂ ਛਿਪੰਜਾ ਹੋੜਾ ਬਗਤ ਅਮੋੜਾ ਰੋੜਾ
ਕੀਓ ਨ ਭਜਨ ਥੋੜਾ ਜਾਤੈ ਪਾਯੋ ਮਾਨ ਹੈਂ॥[79]

ਸੰਮਤ 1918 ਬਿਕ੍ਰਮੀ (ਸੰਨ 1862 ਈ.) ਵਿੱਚ ਰਿਆਸਤ ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਨੇ 'ਨਿਰਮਲ ਅਖਾੜਾ' ਨਾਂ ਦੇ ਹੇਠ ਨਿਰਮਲੇ ਸੰਤਾਂ ਦਾ ਇੱਕ ਕੇਂਦਰ ਬਣਾਇਆ, ਜਿਸ ਵਿੱਚ ਸਿੱਖ ਧਰਮ ਬਾਰੇ ਅਧਿਐਨ ਕੀਤਾ ਜਾਂਦਾ ਸੀ। ਪੰਡਿਤ ਤਾਰਾ ਸਿੰਘ ਨਰੋਤਮ ਤੇ ਗਿਆਨੀ ਗਿਆਨ ਗਿਆਨ ਸਿੰਘ ਇਸ ਵਿੱਚ ਖ਼ਾਸ ਭਾਗੀਦਾਰ ਸਨ।

ਮਹਾਰਾਜਾ ਮਹਿੰਦਰ ਸਿੰਘ ਇੱਕ ਵਾਰ ਪਾਠ ਕਰ ਰਹੇ ਸਨ। ਉਨ੍ਹਾਂ ਨੂੰ ਕੋਈ ਅਰਥ ਸਮਝ ਨਾ ਆਉਣ 'ਤੇ ਜਦੋਂ ਉਨ੍ਹਾਂ ਨੇ ਗ੍ਰੰਥੀ ਸਿੰਘ ਨੂੰ ਉਸ ਅਰਥ ਬਾਬਤ ਪੁੱਛਿਆ ਤਾਂ ਉਹ ਵੀ ਦੱਸਣ ਤੋਂ ਅਸਮਰੱਥ ਸੀ। ਮਹਾਰਾਜਾ ਮਹਿੰਦਰ ਸਿੰਘ ਨੇ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਟੀਕਾ ਤਿਆਰ ਕਰਨ ਲਈ ਕਿਹਾ ਤਾਂ ਇਸ ਕੰਮ ਲਈ ਗਿਆਨੀ ਗਿਆਨ ਸਿੰਘ ਦਾ ਵੀ ਯੋਗਦਾਨ ਲਿਆ ਗਿਆ। ਗਿਆਨੀ ਗਿਆਨ ਸਿੰਘ ਨੇ ਅੰਮ੍ਰਿਤਸਰ ਜਾ ਕੇ ਇਹ ਕੰਮ ਸ਼ੁਰੂ ਕੀਤਾ। ਉਹ ਹਰ ਰੋਜ਼ ਗਿਆਨੀ ਚੰਦਾ ਸਿੰਘ ਸੂਰਮਾ ਕੋਲੋਂ ਅਰਥ ਸੁਣਕੇ, ਡਾਕ ਰਾਹੀਂ ਆਪਣੇ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਭੇਜਦਾ ਸੀ।[80]

ਹਾਲਾਂਕਿ ਇਹ ਟੀਕਾ ਸੰਪੂਰਨ ਨਾ ਹੋ ਸਕਿਆ ਤੇ ਨਾ ਹੀ ਪ੍ਰਕਾਸ਼ਿਤ ਹੋ ਸਕਿਆ, ਪਰ ਇਹ ਗਿਆਨੀ ਗਿਆਨ ਸਿੰਘ ਦੀ ਸਾਹਿਤ ਵਿੱਚ ਇੱਕ ਵੱਡੀ ਉਪਲੱਬਧੀ ਸੀ। ਜਿਸ ਨਾਲ ਉਸ ਦੇ ਹੱਥੋਂ ਸਾਹਿਤ ਸਿਰਜਣ ਦੀ ਸ਼ੁਰੂਆਤ ਹੋ ਗਈ। ਇਸੇ ਦੌਰਾਨ ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਕਰਨੀ ਵੀ ਸ਼ੁਰੂ ਕਰ ਦਿੱਤੀ।

ਗਿਆਨੀ ਗਿਆਨ ਸਿੰਘ ਸੰਮਤ 1926 ਬਿਕ੍ਰਮੀ (1869 ਈ.) ਨੂੰ ਆਪਣੇ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ, ਮੁਹੱਬਤ ਸਿੰਘ ਮਹੰਤ, ਸਰਦਾਰ ਲਾਲ ਸਿੰਘ ਤੇ ਹਰੀ ਸਿੰਘ ਹਰੀਕਾ ਨਾਲ ਸ੍ਰੀ ਹਜ਼ੂਰ

79 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1266.

80 ਸੰਤ ਇੰਦਰ ਸਿੰਘ ਚੱਕਰਵਰਤੀ, *ਉਹੀ ਲੇਖ,* ਪੰਨਾ 32.

ਸਾਹਿਬ ਨਾਂਦੇੜ ਦੇ ਦਰਸ਼ਨ ਲਈ ਵੀ ਗਏ।[81] ਰਾਹ ਵਿੱਚ ਗਿਆਨੀ ਗਿਆਨ ਸਿੰਘ ਆਪਣੇ ਜਥੇ ਨਾਲੋਂ ਵਿਛੜ ਗਿਆ, ਪਰ ਸੰਨ 1870 ਈ. ਵਿੱਚ ਨਾਂਦੇੜ ਵਿਖੇ ਉਸ ਦਾ ਆਪਣੇ ਜਥੇ ਨਾਲ ਮਿਲਾਪ ਹੋ ਗਿਆ। ਇਸੇ ਖੁਸ਼ੀ ਵਿੱਚ ਪੰਡਿਤ ਤਾਰਾ ਸਿੰਘ ਨਰੋਤਮ ਨੇ ਕੜਾਹ-ਪ੍ਰਸ਼ਾਦ ਦੀ ਦੇਗ ਵੀ ਕਰਵਾਈ। ਇਸ ਤੋਂ ਬਾਅਦ ਗਿਆਨੀ ਗਿਆਨ ਸਿੰਘ ਸ੍ਰੀ ਪਟਨਾ ਸਾਹਿਬ ਤੋਂ ਘੁੰਮਦੇ ਹੋਏ ਕਈ ਸਾਧਾਂ ਸੰਤਾਂ ਨੂੰ ਮਿਲ ਕੇ ਸੰਨ 1876 ਈ. ਵਿੱਚ ਪਟਿਆਲੇ ਮੁੜ ਆਏ।[82]

ਅਸੀਂ ਦੇਖਦੇ ਹਾਂ ਕਿ ਗਿਆਨੀ ਗਿਆਨ ਸਿੰਘ ਨੇ ਕਿੰਨੀਆਂ ਕਠਿਨਾਈਆਂ ਭਰਪੂਰ ਯਾਤਰਾਵਾਂ ਕੀਤੀਆਂ। ਨਾਲ ਹੀ ਉਨ੍ਹਾਂ ਦਾ ਮਕਸਦ ਸਿਰਫ਼ ਘੁੰਮਣਾ ਫ਼ਿਰਨਾ ਹੀ ਨਹੀਂ ਸੀ, ਸਗੋਂ ਉਨ੍ਹਾਂ ਸਥਾਨਾਂ ਨਾਲ ਸੰਬੰਧਿਤ ਹਰੇਕ ਰਾਜੇ ਮਹਾਰਾਜੇ ਜਾਂ ਘਟਨਾ ਸੰਬੰਧੀ ਪੂਰੀ ਜਾਣਕਾਰੀ ਵੀ ਹਾਸਿਲ ਕਰਦਾ ਸੀ। ਉਸ ਨੇ ਜੋ ਵੀ ਮੰਦਰ, ਮਸਜ਼ਿਦ ਜਾਂ ਗੁਰਦੁਆਰੇ ਦੇਖੇ ਨਾਲ ਹੀ ਉੱਥੋਂ ਦੇ ਪੁਜਾਰੀ ਜਾਂ ਗ੍ਰੰਥੀ ਸਿੰਘਾਂ ਤੋਂ ਉਨ੍ਹਾਂ ਥਾਵਾਂ ਨਾਲ ਸੰਬੰਧਿਤ ਸਾਰੀ ਜਾਣਕਾਰੀ ਵੀ ਇਕੱਠੀ ਕੀਤੀ। ਇਹੀ ਵਜ੍ਹਾ ਸੀ ਕਿ ਉਸ ਦੀ ਜਾਣਕਾਰੀ ਦੇ ਭੰਡਾਰ ਬਹੁਤ ਵਿਸ਼ਾਲ ਤੇ ਭਰਪੂਰ ਸਨ। ਜਿਸ ਨਾਲ ਉਸ ਨੇ ਏਨਾ ਵਿਸ਼ਾਲ ਸਾਹਿਤ ਸਿਰਜ ਦਿੱਤਾ। ਗਿਆਨੀ ਗਿਆਨ ਸਿੰਘ ਜਦੋਂ ਵੀ ਯਾਤਰਾ ਤੋਂ ਬਾਅਦ ਪਟਿਆਲੇ ਮੁੜਦਾ ਸੀ ਤਾਂ ਆਪਣੇ ਗੁਰੂ ਪੰਡਤ ਤਾਰਾ ਸਿੰਘ ਨਰੋਤਮ ਨੂੰ ਸਾਰੀ ਜਾਣਕਾਰੀ ਪੇਸ਼ ਕਰਦਾ ਸੀ। ਉਸ ਨੇ 1884 ਈ. ਵਿੱਚ ਇਨ੍ਹਾਂ ਯਾਤਰਾਵਾਂ ਦੀ ਸਾਰੀ ਰਿਪੋਰਟ ਨੂੰ ਅੰਬਾਲਾ ਪ੍ਰਿਟਿੰਗ ਪ੍ਰੈੱਸ ਤੋਂ 'ਸ੍ਰੀ ਗੁਰ ਤੀਰਥ ਸੰਗ੍ਰਹਿ' ਨਾਮੀ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਵੀ ਕਰਵਾਇਆ।[83]

ਗਿਆਨੀ ਗਿਆਨ ਸਿੰਘ ਦੀ ਆਰਥਿਕ ਹਾਲਤ ਬਹੁਤ ਮੰਦੀ ਸੀ, ਪਰ ਸ਼ਾਹੀ ਰਿਆਸਤਾਂ 'ਚ ਨੌਕਰੀ ਕਰਨ ਤੇ ਨਿਰਮਲੇ ਸੰਤ ਬਣਨ ਕਰਕੇ ਇਸ ਵਿੱਚ ਕਾਫ਼ੀ ਸੁਧਾਰ ਆਇਆ। ਸ਼ਾਇਦ ਇਸੇ ਵਜ੍ਹਾ ਕਰਕੇ ਹੀ ਉਹ ਇੰਨੀਆਂ ਲੰਬੀਆਂ ਤੇ ਕਠਿਨਾਈ ਭਰਪੂਰ ਯਾਤਰਾਵਾਂ ਕਰ ਸਕਿਆ। ਸੰਨ 1876 ਈ. ਵਿੱਚ ਗਿਆਨੀ ਗਿਆਨ ਸਿੰਘ ਫ਼ੇਰ ਯਾਤਰਾ 'ਤੇ ਨਿਕਲ ਪਿਆ। ਇਸ ਵਾਰ ਉਹ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਪਹੁੰਚਿਆ ਅਤੇ ਇੱਥੇ ਹੀ ਉਸ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਲਿਖਣ ਦਾ ਪ੍ਰੋਗਰਾਮ ਬਣਾਇਆ।[84]

ਜਦੋਂ ਬਹਾਵਲਪੁਰ ਦੇ ਨਵਾਬ ਦੀ ਗੱਦੀ ਨਸ਼ੀਨੀ ਹੋਣੀ ਸੀ। ਭਾਈ ਤੇਜਾ ਸਿੰਘ ਜੋ ਕਿ ਅਕਾਲ

---

81 ਭਗਤ ਸਿੰਘ, *ਉ. ਰ.,* ਪੰਨੇ 10-11

82 ਸੁਖਦਿਆਲ ਸਿੰਘ, *ਉ. ਰ.,* ਪੰਨਾ 229.

83 ਸੁਖਦਿਆਲ ਸਿੰਘ, *ਉਹੀ,* ਪੰਨਾ 230.

84 ਗਿਆਨੀ ਗਿਆਨ ਸਿੰਘ, *ਰਿਪੁਦਮਨ ਪ੍ਰਕਾਸ਼,* ਭੁਪਿੰਦਰਾ ਸਟੇਟ ਪ੍ਰੈਸ, 1919, ਪੰਨਾ 06.

ਤਖਤ ਸਾਹਿਬ ਦਾ ਸੇਵਾਦਾਰ ਸੀ, ਨੇ ਗੱਦੀ ਨਸ਼ੀਨੀ ਦੀ ਰਸਮ ਵਿੱਚ ਸ਼ਾਮਿਲ ਹੋਣ ਉੱਥੇ ਜਾਣਾ ਸੀ। ਉਹ ਨਾਲ ਗਿਆਨੀ ਗਿਆਨ ਸਿੰਘ ਨੂੰ ਲੈ ਗਿਆ। ਇੱਥੇ ਗੱਦੀ ਨਸ਼ੀਨੀ ਦੀ ਭੇਟਾ ਵਜੋਂ ਇਕਵੰਜਾ (51) ਰੁਪਏ ਗਿਆਨੀ ਗਿਆਨ ਸਿੰਘ ਨੂੰ ਮਿਲੇ। ਉਸ ਨੇ ਇਸ ਦਾ ਹਵਾਲਾ ਪੰਥ ਪ੍ਰਕਾਸ਼ ਵਿੱਚ ਵੀ ਦਿੱਤਾ ਹੈ:-

ਬਾਨਿ ਪਾਲਕੇ ਮਗ ਪਿਡ ਚਤਰੇ
ਵਣਖੰਡੀ ਸਾਧੂ ਇਕ ਤਤਰੇ
ਪਿਖ ਸਮੱਰਥ ਤਾਂਹਿ ਸਬ ਭਾਂਤੈ
ਤਿਸ ਪੈ ਪ੍ਰੀਤਮ ਦਾਸ ਬਖਯਾਤੈਂ। [85]

ਉਹ ਇੱਥੋਂ ਅੱਗੇ ਚੱਲ ਕੇ ਕੋਟਾ, ਕਾਬਲ, ਸ਼ਿਕਾਰਪੁਰ, ਲੜਕਾਣਾ, ਰਾਧਾਪੁਰ, ਕੋਟਲਾ, ਕਰਾਚੀ ਅਤੇ ਮਾਂਡਵੀ ਵਿਖੇ ਪਹੁੰਚਿਆ। ਮਾਂਡਵੀ ਵਿਖੇ ਗੁਰੂ ਨਾਨਕ ਦੀ ਯਾਦ ਵਿੱਚ ਗੁਰਦੁਆਰਾ ਵੀ ਸਥਾਪਿਤ ਹੈ। ਫ਼ੇਰ ਇਸ ਤੋਂ ਅਗਾਂਹ ਉਹ ਸੁਦਾਮਾਪੁਰੀ, ਜੂਨਾਗੜ੍ਹ ਹੁੰਦਾ ਹੋਇਆ ਗਿਰਨਾਰ ਪਰਬਤ ਤੱਕ ਯਾਤਰਾ 'ਤੇ ਗਿਆ। ਗਿਰਨਾਰ ਪਰਬਤ ਤੋਂ ਗਿਆਨੀ ਗਿਆਨ ਸਿੰਘ ਮੁੜ ਪੰਜਾਬ ਨੂੰ ਪਰਤ ਆਇਆ।

ਗਿਆਨੀ ਗਿਆਨ ਸਿੰਘ ਨੂੰ ਯਾਤਰਾਵਾਂ ਕਰਨ ਲਈ ਬਹੁਤ ਲੰਮਾ ਅਰਸਾ ਪ੍ਰਾਪਤ ਹੋਇਆ।[86] ਉਸ ਨੇ ਸੰਨ 1854 ਈ. ਤੋਂ 1895 ਈ. ਤੱਕ ਦੇ 41 ਸਾਲ ਯਾਤਰਾਵਾਂ ਹੀ ਲਗਾ ਦਿੱਤੇ, ਪਰ ਇਹ ਯਾਤਰਾਵਾਂ ਕਰਨ ਦੇ ਨਾਲ ਉਸ ਦਾ ਰਚਨਾਤਮਕ ਪੱਧਰ ਵੀ ਉੱਚਾ ਉੱਠਿਆ। ਉਸ ਨੇ ਬੇਅੰਤ ਅਤੇ ਡੂੰਘਾ, ਸਾਹਿਤ ਦਾ ਭਰਪੂਰ ਖਜ਼ਾਨਾ ਸਾਨੂੰ ਦਿੱਤਾ ਹੈ। ਗਿਆਨੀ ਗਿਆਨ ਸਿੰਘ ਆਪਣੀ ਪੁਸਤਕ 'ਗੁਰਧਾਮ ਸੰਗ੍ਰਹਿ' ਵਿੱਚ ਆਪਣੀਆਂ ਯਾਤਰਾਵਾਂ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ: -

"ਉਨੀ ਸੋ ਗਿਆਰਾਂ ਤੋਂ ਲੈ ਕੇ । ਬਾਵਨ ਲੋ ਵਿਚਰਯੋ ਧਰ ਲੈ ਕੇ॥
ਜ਼ਰ ਜ਼ੋਰੂ ਵ ਜ਼ਮੀਨ ਆਪਣੀ। ਕਰੀ ਨ ਸੰਗ੍ਰਹ ਜਾਨ ਸਾਪਨੀ॥
ਦੇਸ ਬਦੇਸਨ ਮੈਂ ਉਪਦੇਸ਼ । ਸੱਤਯ ਪਰਮ ਗੁਰਮਤ ਕਾ ਵੇਸ॥
ਸੁਨਕਰ ਉਠ ਧਰ ਲਘੁਬਡ ਲੋਗੈ। ਸਰਟੀਫਿਕੇਟ ਦਏ ਜਥ ਜੋਗੈਂ॥
ਸੋਊ ਹਜ਼ਾਰਕੁ ਹੈਂ ਮਮ ਪਾਸ। ਅਨਿਕ ਭਾਂਤਿ ਆਖਰੋਂ ਮੈਂ ਖ਼ਾਸ॥
ਜੋ ਗੁਰਮੁਖ ਨਰ ਪੇਖਯੋ ਚਾਹੈ। ਪਿਖੇ ਨਿਸਕ ਮੋਹਿ ਢਿਗ ਆਹੈ॥

---

85 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1273.

86 ਸੁਖਦਿਆਲ ਸਿੰਘ, *ਉ. ਰ.,* ਪੰਨਾ 232.

ਜੈਸਾ ਜਿਨ ਦੇਖਯਾ ਤਯ ਲਿਖਿਆ। ਨਾਹਿ ਕਿਨੇ ਕੁਛ ਦੀਨੀ ਸਿਖਿਯਾ॥
ਸਾਰੀ ਜੁਵਾ ਐਸ ਫ਼ੇਰ ਟਾਰੀ। ਫ਼ੇਰਨ ਸ਼ਕਿਤ ਜਬ ਰਹੀ ਨ ਭਾਰੀ॥
ਤਬ ਪਟਿਆਲੇ ਪੁਰ ਰਾਜਧਾਨੀ। ਫੂਲ ਬੰਸ ਜਹਿ ਭੂਪ ਮਹਾਨੀ॥
ਅਟਲ ਰਾਜ ਸਤਿਗੁਰ ਕਾ ਦੀਆ। ਕਰਤ ਸੁਤੰਤਰ ਜਬ ਬਹੁ ਥੀਆ॥
ਅਬ ਡਹਿ ਸ੍ਰੀ ਭੁਪਿੰਦ੍ਰ ਮ੍ਰਿਗੇਸ। ਰਾਜ ਧਰਮ ਕਾ ਭਗਤ ਬਸ਼ੇਸ਼॥
ਤਹਾਂ ਮੋਹਿ ਬਿਦਯਾ ਗੁਰ ਰੈਹਾ। ਤਾਰਾ ਹਰਿ ਪੰਡਤ ਬਿਦ ਤੈਹਾ॥
ਉਨਕੇ ਪਾਸ ਖ਼ਾਸ ਮੈਂ ਠਹਿਰਾ। ਫ਼ੇਰਨ ਸਮੇਂ ਜੋ ਸੰਗ੍ਰਹਿ ਗਹਿਰਾ॥
ਕੀਉ ਥਾ ਗੁਰੁਦਵਾਰਨ ਜਯੋ। ਉਠ ਢਿਗ ਤਜ ਦਿਲ ਦਖਣ ਗਯੋ॥
ਸਿੰਧ, ਕਛ, ਕਾਠੀ, ਗੁਜਰਾਤ। ਵੇਖੇ ਦੇਸ ਵੇਸ ਬਖਿਆਤ॥
ਪੁਨ ਗੁਦਾਵਰੀ ਕੁੰਭ ਇਸ਼ਨਾਨ। ਕੀਨੋਂ ਚੀਨੋਂ ਮੁਲਕ ਮਹਾਨ॥[87]

ਇਸ ਤਰ੍ਹਾਂ ਆਪਣੀਆਂ ਯਾਤਰਾਵਾਂ ਦਾ ਅੰਤ ਕਰਕੇ ਗਿਆਨੀ ਗਿਆਨ ਸਿੰਘ ਪਟਿਆਲੇ ਵਾਪਿਸ ਆ ਗਿਆ। ਆਰਥਿਕ ਤੰਗੀ, ਗਰੀਬੀ ਤੇ ਸੰਘਰਸ਼ ਭਰੀ ਜ਼ਿੰਦਗੀ ਬਤੀਤ ਕਰਦਿਆਂ ਉਸ ਦਾ ਸਰੀਰ ਕਾਫ਼ੀ ਬਿਰਧ ਹੋ ਚੁੱਕਾ ਸੀ, ਜੋ ਹੁਣ ਉਸ ਨੂੰ ਹੋਰ ਯਾਤਰਾਵਾਂ ਕਰਨ ਦੀ ਆਗਿਆ ਨਹੀਂ ਸੀ ਦਿੰਦਾ।

ਪਟਿਆਲੇ ਨਾਲ ਗਿਆਨੀ ਗਿਆਨ ਸਿੰਘ ਨੂੰ ਖ਼ਾਸ ਸਨੇਹ ਸੀ। ਉਸ ਦਾ ਵਿੱਦਿਆ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਵੀ ਪਟਿਆਲੇ ਹੀ ਰਹਿੰਦਾ ਸੀ। 'ਭੂਪਿੰਦਰਾ ਨੰਦ' ਪੁਸਤਕ ਵਿੱਚ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਨੇ ਮਹਾਰਾਜਾ ਭੁਪਿੰਦਰ ਸਿੰਘ ਦੀ ਆਨੰਦ ਕਾਰਜ ਦੀ ਰਸਮ ਖੁਦ ਹੱਥੀਂ ਸੰਪੂਰਨ ਕਰਵਾਈ ਸੀ। ਮਹਾਰਾਜਾ ਭੁਪਿੰਦਰ ਸਿੰਘ ਵੀ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਉਹ ਗਿਆਨੀ ਗਿਆਨ ਸਿੰਘ ਤੋਂ ਬਹੁਤ ਕੁਝ ਲਿਖਵਾਉਣਾ ਚਾਹੁੰਦਾ ਸੀ। ਮਹਾਰਾਜਾ ਭੁਪਿੰਦਰ ਸਿੰਘ ਨੇ ਉਸ ਦੀਆਂ ਪੁਸਤਕਾਂ ਛਪਵਾਉਣ ਅਤੇ ਆਮ ਲੋਕਾਂ ਤੱਕ ਪਹੁੰਚਾਉਣ ਲਈ 'ਹਿਸਟਰੀ ਸੁਸਾਇਟੀ' ਨਾਂ ਦਾ ਇੱਕ ਵਿਭਾਗ ਵੀ ਕਾਇਮ ਕੀਤਾ। ਪਰ ਨਾਭਾ ਤੇ ਪਟਿਆਲਾ ਰਿਆਸਤਾਂ ਦੇ ਆਪਸੀ ਸੰਬੰਧ ਚੰਗੇ ਨਾ ਹੋਣ ਕਰਕੇ ਗਿਆਨੀ ਗਿਆਨ ਸਿੰਘ ਦੇ ਸਾਹਿਤ ਨੂੰ ਛਪਵਾਉਣ ਵਾਲਾ ਕੰਮ ਅਧੂਰਾ ਹੀ ਰਹਿ ਗਿਆ।[88]

'ਹਿਸਟਰੀ ਸੁਸਾਇਟੀ' ਦੇ ਉਲੀਕੇ ਹੋਏ ਪ੍ਰੋਗਰਾਮ ਨੂੰ ਸਿਰੇ ਨਾ ਚੜ੍ਹਾਉਣ ਵਿੱਚ ਉਸ ਸਮੇਂ ਦੇ

---

[87] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨੇ 08-09.

[88] ਭਗਤ ਸਿੰਘ, *ਉ. ਰ.,* ਪੰਨਾ 16.

ਅਫਸਰਾਂ ਤੇ ਕੁਝ ਨਾਮੀ ਸਰਦਾਰਾਂ ਦਾ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਵੀ ਸਾਹਮਣੇ ਆਉਂਦਾ ਹੈ।[89] ਭਾਈ ਕਾਨ੍ਹ ਸਿੰਘ ਨਾਭਾ, ਭਾਈ ਸੰਤੋਖ ਸਿੰਘ ਤੇ ਹੋਰ ਅਜਿਹੇ ਲੇਖਕਾਂ ਨੂੰ ਸ਼ਾਹੀ ਘਰਾਣਿਆਂ ਵੱਲੋਂ ਮਾਨ ਸਨਮਾਨ ਹਾਸਿਲ ਸੀ। ਸ਼ਾਹੀ ਰਿਆਸਤਾਂ ਵੱਲੋਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਦਿੱਤੀਆਂ ਹੋਈਆਂ ਸਨ। ਸ਼ਾਹੀ ਸਰਪ੍ਰਸਤੀ ਵਿੱਚ ਇਨ੍ਹਾਂ ਨੇ ਕਾਫ਼ੀ ਚੰਗਾ ਜੀਵਨ ਬਤੀਤ ਕੀਤਾ, ਪਰ ਗਿਆਨੀ ਗਿਆਨ ਸਿੰਘ ਅਜਿਹੀਆਂ ਸਹੂਲਤਾਂ ਤੋਂ ਸਦਾ ਵਾਂਝਾ ਹੀ ਰਿਹਾ।[90]

ਸ਼ਾਇਦ ਇਹੀ ਵਜ੍ਹਾ ਹੋਣ ਕਰਕੇ ਗਿਆਨੀ ਗਿਆਨ ਸਿੰਘ ਦਾ ਸਾਰੇ ਦਾ ਸਾਰਾ ਸਾਹਿਤ ਛਪ ਨਾ ਸਕਿਆ ਅਤੇ ਜਿੰਨਾ ਮਾਨ ਸਨਮਾਨ ਉਸ ਨੂੰ ਮਿਲਣਾ ਚਾਹੀਦਾ ਸੀ, ਉਹ ਉਸ ਤੋਂ ਵੀ ਸੱਖਣਾ ਹੀ ਰਿਹਾ। ਨਿਰਮਲਾ ਸੰਤ ਬਣਨ ਕਰਕੇ ਜਾਂ ਨਾਭਾ ਪਟਿਆਲਾ ਰਿਆਸਤਾਂ ਨਾਲ ਚੰਗੇ ਸੰਬੰਧ ਬਣਨ ਕਰਕੇ ਉਸ ਦੇ ਆਰਥਿਕ ਹਾਲਾਤਾਂ ਵਿੱਚ ਕੁਝ ਸੁਧਾਰ ਤਾਂ ਜ਼ਰੂਰ ਹੋਇਆ, ਪਰ ਬਹੁਤ ਹੀ ਸੰਘਰਸ਼ਮਈ ਤੇ ਔਕੜਾਂ ਭਰਪੂਰ ਜਿੰਦਗੀ ਨੇ ਗਿਆਨੀ ਗਿਆਨੀ ਸਿੰਘ ਨੂੰ ਬਹੁਤ ਹੀ ਮਿਹਨਤੀ ਤੇ ਸੱਚਾ-ਸੁੱਚਾ ਇਨਸਾਨ ਬਣਾ ਦਿੱਤਾ ਸੀ। ਗਿਆਨੀ ਗਿਆਨ ਸਿੰਘ ਨੂੰ ਭਾਈ ਵੀਰ ਸਿੰਘ, ਕਾਨ੍ਹ ਸਿੰਘ ਨਾਭਾ, ਭਾਈ ਸੰਤੋਖ ਸਿੰਘ ਆਦਿ ਵਾਂਗ ਸਾਹਿਤ ਨੂੰ ਛਪਵਾਉਣ ਪ੍ਰਤੀ ਸ਼ਾਹੀ ਰਿਆਸਤਾਂ ਦੀ ਕੋਈ ਖ਼ਾਸ ਮੱਦਦ ਨਾ ਮਿਲੀ।

'ਖ਼ਾਲਸਾ ਟ੍ਰੈਕਟ ਸੁਸਾਇਟੀ' ਅੰਮ੍ਰਿਤਸਰ ਦੀ ਇਕ ਅਜਿਹੀ ਸੰਸਥਾ ਸੀ, ਜਿਸ ਦਾ ਕੰਮ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਵੱਧ ਤੋਂ ਵੱਧ ਸਿੱਖ ਸਾਹਿਤ ਨੂੰ ਛਪਵਾਉਣਾ ਅਤੇ ਲੋਕਾਂ ਤੱਕ ਪਹੁੰਚਾਉਣਾ ਸੀ। ਗਿਆਨੀ ਗਿਆਨ ਸਿੰਘ ਨੇ ਆਪਣਾ ਸਾਰਾ ਸਾਹਿਤ, ਜਿਸ ਵਿੱਚ ਤਿੰਨ ਭਾਗ ਤਵਾਰੀਖ਼ ਗੁਰੂ ਖ਼ਾਲਸਾ, ਗੁਰ ਪ੍ਰਤਾਪ ਸੂਰਜ ਵਾਰਤਕ, ਨਿਰਮਲ ਪੰਥ ਪ੍ਰਦੀਪਕਾ, ਖ਼ਾਲਸਾ ਪਤਿਤ ਪਾਵਨ ਆਦਿ ਅਤੇ ਇਸ ਤੋਂ ਬਿਨਾਂ ਹੋਰ ਵੀ ਕਈ ਹੱਥ ਲਿਖਤ ਖਰੜੇ ਜੋ ਹਾਲੇ ਅਪ੍ਰਕਾਸ਼ਤ ਅਵਸਥਾ ਵਿੱਚ ਸਨ, ਸਮੇਤ ਆਪਣਾ ਸਾਰਾ ਸਾਹਿਤ ਲੈ ਕੇ ਸ੍ਰੀ ਮਾਨ ਮਹੰਤ ਹਰਨਾਮ ਸਿੰਘ ਠਾਕਰ ਕੋਲ ਅੰਮ੍ਰਿਤਸਰ ਆ ਗਏ।[91] ਗਿਆਨੀ ਗਿਆਨ ਸਿੰਘ ਜੀ ਦੀ ਉਮਰ ਵੀ ਕਾਫ਼ੀ ਹੋ ਚੁੱਕੀ ਸੀ ਤੇ ਉਂਝ ਵੀ ਉਹ ਕਾਫ਼ੀ ਖਤਰਨਾਕ ਬੀਮਾਰੀ ਨਾਲ ਜੂਝ ਰਹੇ ਸਨ। ਜਦੋਂ ਗਿਆਨੀ ਗਿਆਨ ਸਿੰਘ ਦੇ ਅੰਮ੍ਰਿਤਸਰ ਆਉਣ ਦੀ ਭਿਣਕ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪ੍ਰਬੰਧਕਾਂ ਨੂੰ ਪਈ ਤਾਂ ਸ੍ਰੀ ਮਾਨ ਚਰਨ ਸਿੰਘ ਅਤੇ ਉਸ ਦੇ ਪਿਤਾ ਸਰਦਾਰ ਵਜ਼ੀਰ ਸਿੰਘ ਜਿਨ੍ਹਾਂ ਦੇ ਨਾਂ 'ਤੇ ਵਜ਼ੀਰ ਹਿੰਦ ਪ੍ਰੈੱਸ ਸੀ, ਭਾਈ ਸੁਰਜਨ ਸਿੰਘ ਤੇ ਸਰਦਾਰ ਤਿਰਨੈਨ ਸਿੰਘ ਸਮੇਤ ਗਿਆਨੀ ਗਿਆਨ ਸਿੰਘ

89 ਭਗਤ ਸਿੰਘ, *ਉਹੀ,* ਪੰਨਾ 17.

90 *ਉਹੀ,* ਪੰਨਾ 23.

91 ਸੰਤ ਇੰਦਰ ਸਿੰਘ ਚੱਕਰਵਤੀ, *ਉ: ਲੇ:,* ਪੰਨਾ 59.

ਕੋਲ ਆਏ ਤੇ ਉਸ ਨੂੰ ਆਪਣਾ ਸਾਰਾ ਛਪਿਆ ਤੇ ਅਣਛਪਿਆ ਸਾਹਿਤ ਸੁਸਾਇਟੀ ਨੂੰ ਦੇਣ ਨੂੰ ਕਿਹਾ। ਗਿਆਨੀ ਜੀ ਇਸ ਬਾਰੇ ਲਿਖਦੇ ਹਨ:-

ਸ੍ਰੀ ਅੰਮ੍ਰਿਤਸਰ ਆਇ ਤਬ ਮੈ ਪੁਨ ਭਯੋ ਬਿਮਾਰ।
ਟ੍ਰੈਕਟ ਸੁਸੈਟੀ ਖ਼ਾਲਸਾ ਹੈ ਤਿਸ ਜਗ ਮਝਾਰ।
ਮਿਲ ਕੇ ਉਨ ਕੇ ਮੈਂਬਰੈਂ ਪ੍ਰੇਰਯੋ ਮੁਝ ਕੋ ਆਇ।
ਤੁਮ ਹੋ ਬ੍ਰਿਧ ਬਿਮਾਰ ਬਹੁ ਪਾਛੋ ਕੈਸੇ ਥਾਇ।
ਪੁਸਤਕ ਰਚੇ ਜੋ ਆਪ ਨੇ ਇਨ ਕਾ ਵਾਰਸ ਨ ਕੋਇ।
ਹੈ ਕਿਸਕੋ ਅਧਿਕਾਰ ਇਹ ਬਾਦ ਸੰਭਾਰੇ ਜੋਇ।
ਜੇ ਅਸਲਾਇਕ ਨ ਨਾਹਿ ਕੋ ਤੋ ਸੁਸਾਇਟੀ ਤਾਇ।
ਲਿਖਵਾ ਦੀਜੈ ਖੁਸ਼ੀ ਮੈਂ ਬਖਸ਼ਸ਼ ਨਾਮਾ ਚਾਇ।
ਚਰਨ ਸਿੰਘ ਥਾ ਡਾਕਟਰ ਅਰ ਵਜ਼ੀਰ ਸਿੰਘ ਵੀਰ
ਸੁਰਜਨ ਸਿੰਘ ਤ੍ਰੈ ਨੈਨ ਸਿੰਘ ਦੋ ਇਤਕ ਸਜਨ ਥੇ ਤੀਰ।[92]

ਗਿਆਨੀ ਗਿਆਨ ਸਿੰਘ ਇਸ ਮਿਲਣੀ ਦੌਰਾਨ ਹੋਈ ਵਾਰਤਾਲਾਪ ਨੂੰ ਕਾਫ਼ੀ ਵਿਸਥਾਰ 'ਚ ਦੱਸਦੇ ਹਨ ਹੋਏ ਇਸ ਬਾਬਤ ਲਿਖਦੇ ਹਨ:-

ਸੁਨ ਇਹ ਕਾਰ ਨਿਹਾਰ ਭਲ ਸਾਰਾ ਸਾਰ ਵਿਚਾਰ।
ਕਰ ਲੀਨੋਂ ਮਨਜੂਰ ਮੈਂ ਦੇਨੋਂ ਦਾਨ ਉਦਾਰ।
ਪੁਸਤਕ ਪਾਂਚ ਹਜ਼ਾਰ ਕੇ ਛਾਪੇ ਪਾਏ ਥੇ ਪਾਸ।
ਹਰਿ ਹਰਨਾਮ ਮਹੰਤ ਕਾ ਕੋਠਾ ਭਰਿਓ ਖ਼ਾਸ।
ਤਵਾਰੀਖ ਕੇ ਭਾਗ ਤ੍ਰੈ ਛਪੈ ਪਏ ਤੇ ਜੋਇ।
ਗੁਰਪ੍ਰਤਾਪ ਸੂਰਜ ਪ੍ਰਕਾਸ਼ ਵਾਰਤਕ ਰਚਨਾ ਸੋਇ।
ਅਰ ਨਿਰਮਲ ਪ੍ਰਦੀਪਕਾ, ਪਤਤ ਪਾਵਨ ਲੋ ਸਾਰ।
ਛਪੇ ਪਏ ਥੇ ਸਬੈ ਦੀਨੇ ਹਿਤ ਉਪਕਾਰ।
ਇਨ ਸਭ ਪਰ ਮੇਰੇ ਲਗੇ ਦਮੜੇ ਪਾਂਚ ਹਜ਼ਾਰ।

---
92 ਗਿਆਨੀ ਗਿਆਨ ਸਿੰਘ, *ਰਿਪੁਦਮਨ ਪ੍ਰਕਾਸ਼,* ਪੰਨੇ 06–07.

ਸੋ ਸਭ ਅਰਪਨ ਕਰ ਦੀਏ ਧਰਮ ਅਰਥ ਲਖ ਸਾਰ।

ਇਸ਼ਤਿਹਾਰ ਅਖਬਾਰ ਕੇ ਦੁਆਰਾ ਉਨ ਭਲ ਦੀਨ।

ਇਸ਼ਤਿਹਾਰ ਕੀ ਨਕਲ ਮੈਂ ਦਿਲਚਸਪੀ ਕੇ ਹੇਤ।

ਐਨ ਅਸਲ ਕੋ ਹੁਬਹੂ ਨੀਚੇ ਛਾਪ ਸੁਦੇਤ।[93]

ਆਪਣੀਆਂ ਸਾਰੀਆਂ ਰਚਨਾਵਾਂ ਖ਼ਾਲਸਾ ਟ੍ਰੈਕਟ ਸੁਸਾਇਟੀ ਨੂੰ ਦੇਣ ਉਪਰੰਤ ਗਿਆਨੀ ਗਿਆਨ ਸਿੰਘ ਦੀ ਉਦਾਰਤਾ ਬਾਰੇ ਖ਼ਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਜੋ ਪ੍ਰਸ਼ੰਸਾ ਪੱਤਰ ਅਖ਼ਬਾਰ ਵਿੱਚ ਛਾਪਿਆ ਗਿਆ ਉਹ ਹੇਠ ਲਿਖੇ ਅਨੁਸਾਰ ਹੈ:-

**ਸੱਚੀ ਉਦਾਰਤਾ**

*"ਇਹ ਇਕ ਆਮ ਸ਼ਿਕਾਇਤ ਸੁਣਦੇ ਹਾਂ ਕਿ ਸਿੱਖਾਂ ਵਿਚ ਹੁਣ ਕੁਰਬਾਨੀ ਵਾਲੇ ਆਦਮੀ ਨਹੀਂ ਰਹੇ, ਇਸੇ ਕਰਕੇ ਕੌਮ ਤਰੱਕੀ ਕਰਨੇ ਰੁਕ ਗਈ ਹੈ। ਇਹ ਗਲ ਹੈ ਤਾਂ ਠੀਕ, ਪਰ ਬੀਜ ਨਾਸ ਨਹੀਂ ਹੈ। ਮਹਾਰਾਜ ਦਾ ਵਾਕ ਹੈ--(ਕੋਈ ਹਰਿਆ ਬੂਟ ਰਹਿਓ ਰੀ) ਸੋ ਹੁਣ ਕੋਈ ਕੋਈ ਵਿਰਲਾ ਹਰਾ ਬ੍ਰਿਛ ਕੁਰਬਾਨੀ ਦੀ ਲਹਿ ਲਹਾਵਟ ਨਾਲ ਝੂਲਦਾ ਨਜ਼ਰ ਪੈਂਦਾ ਹੈ। ਜਿਸ ਕਰਕੇ ਪੰਥ ਦੀ ਤਰੱਕੀ ਦੀ ਉਮੀਦ ਅਜੇ ਤੀਕ ਟੁਟਦੀ ਨਹੀਂ--ਇਸ ਪ੍ਰਸੰਗ ਵਿਚ ਅਸੀਂ ਇਕ ਨਵੀਂ ਕੁਰਬਾਨੀ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ- ਭਾਈ ਗਿਆਨ ਸਿੰਘ ਜੀ ਗਿਆਨੀ ਨੂੰ ਕੌਣ ਨਹੀਂ ਜਾਣਦਾ। ਇਨ੍ਹਾਂ ਦਾ ਜਨਮ ਲੌਂਗੋਵਾਲ ਦੁਲੱਟ ਜ਼ਿਮੀਂਦਾਰ ਸ: ਭਾਗ ਸਿੰਘ ਜੀ ਦੇ ਘਰ ਗਿਆਨੀ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਕੁਲ ਵਿਚ ਸੰਮਤ 1879 ਬਿਕ੍ਰਮੀ ਨੂੰ ਹੋਇਆ। ਬਜ਼ੁਰਗਾਂ ਦੀਆਂ ਕੁਰਬਾਨੀਆਂ ਦਾ ਅਸਰ ਔਲਾਦ ਵਿਚ ਅਕਸਰ ਹੋਇਆ ਹੀ ਕਰਦਾ ਹੈ, ਜੋ ਹੇਠ ਲਿਖੀ ਕੁਰਬਾਨੀ ਦੇ ਕਰਨੇ ਤੋਂ ਭਾਈ ਗਿਆਨ ਸਿੰਘ ਜੀ ਨੇ ਸਾਬਤ ਕਰ ਦਿਖਾਇਆ ਹੈ। ਆਪ ਨੇ ਆਪਣੀ ਉਮਰ ਦਾ ਢੇਰ ਸਾਰਾ ਹਿੱਸਾ ਸਰਗਰਦਾਨ ਮਿਹਨਤ ਕਰ ਕਰ ਕੇ ਗੁਰੂ ਘਰ ਦੀਆਂ ਤਾਰੀਖ਼ਾਂ ਲਿਖਨੇ ਪਰ ਖਰਚ ਕੀਤਾ ਅਤੇ ਦੂਰ ਦੂਰ ਦੇਸਾਂਤਨ ਕਰ ਕੇ ਖ਼ਾਲਸਾ ਤਵਾਰੀਖ਼ ਤਿੰਨ ਭਾਗ, ਪੰਥ ਪ੍ਰਕਾਸ਼, ਪਤਤ ਪਾਵਨ ਆਦਿਕ ਪੁਸਤਕ ਤਿਆਰ ਕਰਕੇ ਛਾਪੇ ਅਰ ਚੌਥੇ ਅਰ ਅੱਗੇ ਪੰਜਵੇਂ ਭਾਗ ਨੂੰ ਹੁਣ ਜੁਟ ਰਹੇ ਸਨ। ਇਨ੍ਹਾਂ ਪੁਸਤਕਾਂ ਦੇ ਲਿਖੇ ਜਾਣ ਤੋਂ ਪਹਿਲੇ ਦਸਮ ਪਾਤਸ਼ਾਹ ਜੀ ਦੇ ਮਗਰਲੇ ਸਮਾਚਾਰ ਆਮ ਲੋਕਾਂ ਨੂੰ ਬਹੁਤ ਘੱਟ ਮਾਲੂਮ ਥੇ, ਪਰ ਇਨ੍ਹਾਂ ਪੁਸਤਕਾਂ ਦੇ ਛਪਣ ਪਰ ਮਾਨੇ-ਵਾਕਫ਼ੀਅਤ ਦਾ ਸੂਰਜ ਚੜ੍ਹ ਪਿਆ। ਵਖਿਆਨ ਦੇਣ ਵਾਲੇ, ਕਥਾ ਕਰਨੇ ਵਾਲੇ ਤੇ ਪੁਸਤਕਾਂ ਰਚਨ ਵਾਲਿਆਂ ਨੂੰ ਬਹੁਤ ਲਾਭ ਇਨ੍ਹਾਂ ਪੁਸਤਕਾਂ ਤੋਂ ਹੁੰਦਾ ਹੈ। ਹੁਣ ਆਪ ਨੇ ਪਰਮ ਉਦਾਰਤਾ ਕਰ ਕੇ ਆਪਣੀਆਂ ਕੁਲ ਤਸਨੀਫਾਂ ਦਾ ਹੱਕ ਕਾਪੀ ਰਾਈਟ ਖਾ: ਟ੍ਰੈ: ਸੁਸਾਇਟੀ ਨੂੰ ਪ੍ਰਦਾਨ ਕਰ ਦਿਤਾ ਹੈ। ਅਰ ਜੋ ਪੁਸਤਕਾਂ ਆਪ ਦੇ ਪਾਸ ਛਪੀਆਂ ਪਈਆਂ ਸਨ, ਜਿਨ੍ਹਾਂ ਦੀ ਲਾਗਤ ਲਗਪਗ 2000) ਗਿਣੀ ਗਈ ਹੈ, ਉਹ ਵੀ ਸੁਸਾਇਟੀ ਨੂੰ ਦਾਨ ਕਰ ਦਿਤੀਆਂ ਹਨ। ਆਪ ਨੇ ਇਹ ਮਹਾਨ ਕੰਮ ਦੋ ਸੋਚਾਂ ਨਾਲ ਕੀਤਾ ਹੈ। ੧. ਸੁਸਾਇਟੀ ਦੇ ਕੰਮ ਨਾਲ ਆਪ ਨੂੰ ਪ੍ਰੇਮ ਹੈ ਅਰ ਸੁਸਾਇਟੀ ਨੂੰ ਆਪ ਪੰਥ ਦੀ ਤਰੱਕੀ ਜਾਣਦੇ ਹਨ, ਇਸ ਕਰਕੇ ਇਹ ਕੁਰਬਾਨੀ ਆਪ ਨੇ ਪੰਥ ਦੇ ਵਾਧੇ ਦਾ ਹੇਤੂ ਜਾਣ ਕੇ ਕੀਤੀ ਹੈ। ਦੂਜੇ ਆਪ ਨੇ ਆਪਣੀਆਂ ਤਸਨੀਫਾਂ ਸੁਸਾਇਟੀ ਦੇ ਹੱਥ ਵਿਚ ਇਸ ਕਰਕੇ ਦਿਤੀਆਂ ਹਨ ਕਿ ਉਹ ਸਦਾ ਹੀ ਜੀਉਂਦੀਆਂ ਰਹਿਣ, ਕਿਉਂਕਿ ਮੁਸੱਨਫ਼ ਦੀ ਜ਼ਿੰਦਗੀ ਦੇ*

---

[93] ਉਹੀ, ਪੰਨਾ 07.

*ਬਾਅਦ ਛਾਪਿਆਂ ਵਾਲੇ ਕਿਤਾਬਾਂ ਦਾ ਨਾਸ ਕਰ ਦਿਆ ਕਰਦੇ ਹਨ। ਗਲ ਕੀ ਆਪ ਨੇ ਜੋ ਕੁਝ ਕੀਤਾ ਹੈ ਸੋ ਸੱਚੀ ਕੁਰਬਾਨੀ ਅਰ ਪਰਮ ਉਦਾਰਤਾ ਤੋਂ ਕੰਮ ਲੀਤਾ। ਸੁਸਾਇਟੀ ਆਪ ਦੀ ਧੰਨਵਾਦੀ ਹੈ ਅਰ ਪੰਥ ਨੂੰ ਵੀ ਆਪ ਦਾ ਧੰਨਵਾਦੀ ਹੋਣੇ ਦਾ ਮੌਕਾ ਹੈ, ਕਿਉਂਕਿ ਨੇਕ ਕੰਮ ਦੇ ਕਰਨੇ ਤੇ ਜੋ ਖੁਸ਼ੀ ਹੁੰਦੀ ਹੈ ਉਹ ਸੱਚੀ ਖੁਸ਼ੀ ਹੁੰਦੀ ਹੈ ਉਹ ਸੱਚੀ ਖੁਸ਼ੀ ਕਹੀ ਜਾਂਦੀ ਹੈ। ਚੂਕਿ ਗਿਆਨੀ ਜੀ ਦਾ ਪਦਾਰਥ ਇਸ ਪਰ ਖਰਚ ਹੋਇਆ ਹੈ, ਅਰ ਆਪ ਦੀ ਬ੍ਰਿਧ ਅਵਸਥਾ ਹੈ ਇਸ ਕਰਕੇ ਸੁਸਾਇਟੀ ਨੇ ਆਪ ਦੇ ਅੰਨ ਬਸਤਰ ਦੇ ਨਿਰਬਾਹ ਵਾਸਤੇ 12 ਰੁਪਏ) ਮਾਹਵਾਰ ਤਾ ਜ਼ਿੰਦਗੀ ਦੇਣ ਦਾ ਜ਼ੁਮਾ ਲੀਤਾ ਹੈ।"*

ਪ੍ਰਾਰਥਕ - ਸਕੱਤ੍ਰ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿੱਚ ਛਪਿਆ।

ਤਯੋ ਹੀ ਮੁਝ ਦਿਸ ਤੇ ਉਨੈ ਬਕਸ਼ਸ਼ ਨਾਮਾ ਲੀਨ।
ਜਯੋ ਚਾਹਿਓ ਤਯੋ ਲਿਖ ਲਯੋ ਮੈਂ ਦਸਖਤ ਕਰ ਦੀਨ।
ਅਸਨ ਬਸਨ ਹਿਤ ਉਨੈ ਮੁਹਿ ਬਾਰਾਂ ਦਮੜੇ ਮਾਸ।
ਨਾਲ ਗੁਰਮਤਾ ਆਪ ਹੀ ਲਿਖ ਦੀਨੇ ਉਨ ਖ਼ਾਸ।
ਜੋ ਪੁਸਤਕ ਗਿਆਨੀ ਰਚੇ ਹਮ ਛਾਪੇਂਗੇ ਸੋਇ।
ਏਹ ਸ਼ਰਤ ਉਨ ਜੋ ਲਿਖੀ ਪਾਲੀ ਨਾਹੀਂ ਕੋਇ।
ਅਤਿ ਅਨਿਯਾਇ ਉਨ ਜ਼ੁਲਮ ਬਡ ਮੁਝ ਸੇ ਕੀਨੋ ਆਪ।
ਨਹਿ ਖਰੜੇ ਮੁੜ ਦੇਤ ਹੈ ਨਹਿ ਛਾਪਤ ਹੈ ਆਪ।
ਵਰਸ ਸਤਾਰਾਂ ਭਏ ਹੈਂ ਉਨ ਕੋ ਦਏ ਬਨਾਇ।
ਖਟੇ ਮੇਂ ਪਾ ਰਖੇ ਹੈਂ ਟਾਲਾ ਕਰਤ ਰਹਾਇ।
ਐਸੋ ਸਿਖਨ ਕੋ ਗੁਰੂ ਬਖਸ਼ੋ ਆਪ ਸੁਮੱਤਿ।
ਕਰੈਂ ਨਾ ਆਗੈ ਔਰ ਸੌ ਮੁਝ ਸੈਂ ਕਰੀ ਕੁਪੱਤ।
ਮਿਹਨਤ ਮੇਰੀ ਬਿਰਧ ਕੀ ਤੀਸ ਬਰਸ ਕੀ ਜ਼ੋਇ।
ਬੇ-ਕਦਰੇ ਨਾ ਸ਼ੁਕਰਿਆ ਬਿਰਥਾ ਰਾਖੀ ਖੋਇ।
ਸੇਵਾ ਜੋ ਮੈਂ ਪੰਥ ਕੀ ਕਰੀ ਲਾਭ ਕੇ ਹੇਤ।
ਗਰੇ ਪਰੇ ਮਤਸਰ ਭਰੇ ਮਰੇ ਮਾਰ ਪਕ ਖੇਤ।
ਮਮ ਰਚਨਾ ਸੇ ਪੰਥ ਕੋ ਹੋਨਾ ਥਾ ਜੋ ਲਾਭ।
ਸੋ ਸੁਸਾਇਟੀ ਨ ਦਯੋ ਪੰਥ ਰਹਿ ਗਯੋ ਅਲਾਭ।

ਸਾਗਰ ਸਮ ਮਮਕ੍ਰਿਤ ਸੈਂ ਟ੍ਰੈਕਟ ਛਾਪ ਅਨੇਕ।

ਧਨ ਅਰ ਨਾਮ ਕਾਮਾ ਰਹੇ ਪੰਥਕ ਆਗੂ ਨੇਕ।[94]

ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਆਪਣਾ ਕੋਈ ਇਕਰਾਰ ਤੋੜ ਨਾ ਚੜ੍ਹਾਇਆ। ਸੁਸਾਇਟੀ ਵਾਲਿਆਂ ਨੇ ਨਾ ਤਾਂ ਗਿਆਨੀ ਗਿਆਨ ਸਿੰਘ ਦਾ ਸਾਹਿਤ ਛਾਪਿਆ ਅਤੇ ਜੋ ਬਾਰਾਂ ਰੁਪਏ ਮਾਸਿਕ ਗਿਆਨੀ ਜੀ ਨੂੰ ਦੇਣ ਦਾ ਫ਼ੈਸਲਾ ਕੀਤਾ ਸੀ, ਖ਼ਾਲਸਾ ਟ੍ਰੈਕਟ ਸੁਸਾਇਟੀ ਉਸ ਤੋਂ ਵੀ ਪੱਲਾ ਝਾੜ ਗਈ । ਜਦੋਂ ਗਿਆਨੀ ਗਿਆਨ ਸਿੰਘ ਦੀ ਸਿਹਤ ਵਿੱਚ ਕੁਝ ਸੁਧਾਰ ਹੋਇਆ ਤਾਂ ਉਸ ਨੇ ਪੁੱਛ ਪੜਤਾਲ ਸ਼ੁਰੂ ਕੀਤੀ, ਪਰ ਉਸ ਦੇ ਹੱਥ ਪੱਲੇ ਕੁਝ ਨਾ ਪਿਆ। ਖ਼ਾਲਸਾ ਟ੍ਰੈਕਟ ਸੁਸਾਇਟੀ ਨੇ 17 ਸਾਲ ਤੱਕ ਨਾ ਹੀ ਕੋਈ ਪੁਸਤਕ ਛਾਪੀ ਤੇ ਨਾ ਹੀ ਕੋਈ ਸਾਹਿਤ ਵਾਪਿਸ ਕੀਤਾ।[95] ਜੋ ਕਿ ਸ਼ਰੇਆਮ ਹੀ ਇੱਕ ਗ਼ਰੀਬ, ਪਰ ਸਿਰਮੌਰ ਵਿਦਵਾਨ ਨਾਲ ਸਰਾਸਰ ਧੱਕਾ ਸੀ।

ਸੰਨ 1917 ਈ. ਵਿੱਚ ਗਿਆਨੀ ਗਿਆਨ ਸਿੰਘ ਨੇ ਮੁੜ ਸਿੱਖ ਇਤਿਹਾਸ ਲਿਖਣ ਦਾ ਵਿਚਾਰ ਕੀਤਾ ਅਤੇ 'ਰਿਪੁਦਮਨ ਪ੍ਰਕਾਸ਼' ਦੀ ਲਿਖਾਈ ਸ਼ੁਰੂ ਕੀਤੀ। ਇਸ ਦੇ ਪੰਜ ਭਾਗ ਲਿਖੇ ਜਾਣੇ ਸਨ। ਇਸ 'ਚ ਸਾਰਾ ਸਿੱਖ ਇਤਿਹਾਸ ਕਾਵਿਮਈ ਰੂਪ 'ਚ 'ਸ੍ਰੀ ਗੁਰ ਪੰਥ ਪ੍ਰਕਾਸ਼' ਵਾਂਗ ਲਿਖਿਆ ਜਾਣਾ ਸੀ। ਗਿਆਨੀ ਗਿਆਨ ਸਿੰਘ ਮਹਾਰਾਜਾ ਰਿਪੁਦਮਨ ਸਿੰਘ ਨੂੰ ਬਹੁਤ ਉੱਚਾ ਸੁੱਚਾ ਆਦਰਸ਼ਵਾਦੀ ਹਾਕਮ ਸਮਝਦਾ ਸੀ। ਇਸ ਕਰਕੇ ਉਸ ਦੇ ਨਾਮ ਨੂੰ ਸਦਾ ਅਮਰ ਰੱਖਣ ਲਈ ਇਸ ਪੁਸਤਕ ਦਾ ਨਾਂ 'ਰਿਪੁਦਮਨ ਪ੍ਰਕਾਸ਼' ਰੱਖਿਆ ਗਿਆ ਸੀ। ਜਿਸ ਦਾ ਮਤਲਬ ਸੀ 'ਦੁਸ਼ਟਾਂ ਦਾ ਨਾਸ਼ ਕਰਨ ਵਾਲਾ'। ਹਾਲੇ ਗਿਆਨੀ ਗਿਆਨ ਸਿੰਘ ਨੇ ਇਸ ਦਾ ਪਹਿਲਾ ਹਿੱਸਾ ਹੀ ਸਪੂੰਰਨ ਕੀਤਾ ਸੀ, ਇਸਦੇ ਚਾਰ ਹਿੱਸੇ ਅਜੇ ਲਿਖਣੇ ਬਾਕੀ ਸਨ।[96]

ਪਟਿਆਲਾ ਰਿਆਸਤ ਦਾ ਮਹਾਰਾਜਾ ਭੁਪਿੰਦਰ ਸਿੰਘ ਗਿਆਨੀ ਗਿਆਨ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ। ਦੂਜੇ ਪਾਸੇ ਗਿਆਨੀ ਗਿਆਨ ਸਿੰਘ ਰਿਆਸਤ ਨਾਭਾ ਦੇ ਸ਼ਾਸਕ ਮਹਾਰਾਜਾ ਰਿਪੁਦਮਨ ਸਿੰਘ ਦੇ ਨਾਨਾ ਜੀ ਦੇ ਥਾਂ ਲੱਗਦਾ ਸੀ। ਕਿਉਂਕਿ ਗਿਆਨੀ ਗਿਆਨ ਸਿੰਘ ਦੇ ਭਰਾ ਅਨੋਖ ਸਿੰਘ ਦੀ ਲੜਕੀ ਹਰਨੂਪ ਕੌਰ (ਜਿਸ ਨੂੰ ਹਰਨੌਲੀ ਵਾਲੀ ਰਾਣੀ ਵੀ ਕਿਹਾ ਜਾਂਦਾ ਸੀ), ਮਹਾਰਾਜਾ ਰਿਪੁਦਮਨ ਸਿੰਘ ਦੀ ਮਾਤਾ ਸੀ। ਗਿਆਨੀ ਗਿਆਨ ਸਿੰਘ ਨੂੰ ਇਨ੍ਹਾਂ ਦੋਵਾਂ ਹਾਕਮਾਂ ਦੇ ਏਨਾ ਜ਼ਿਆਦਾ ਨੇੜੇ ਹੁੰਦਿਆਂ

---

94 ਸੰਤ ਇੰਦਰ ਸਿੰਘ ਚੱਕਰਵਤੀ, *ਉ. ਲੇ.,* ਪੰਨੇ 61-63.

95 ਗਿਆਨੀ ਗਿਆਨ ਸਿੰਘ, *ਰਿਪੁਦਮਨ ਪ੍ਰਕਾਸ਼,* ਪੰਨੇ 07-09.

96 ਸੁਖਦਿਆਲ ਸਿੰਘ, *ਉ. ਰ.,* ਪੰਨਾ 235.

ਹੋਇਆਂ ਵੀ ਕਈ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।[97]

ਉਨ੍ਹਾਂ ਸਮਿਆਂ ਵਿੱਚ 'ਬਾਗੜੀਆਂ ਘਰਾਣੇ' ਦਾ ਬਹੁਤ ਵੱਡਾ ਨਾਂ ਸੀ। ਗਿਆਨੀ ਗਿਆਨ ਸਿੰਘ ਦੇ ਇਸ ਘਰਾਣੇ ਨਾਲ ਚੰਗੇ ਸੰਬੰਧ ਸਨ। ਗਿਆਨੀ ਗਿਆਨ ਸਿੰਘ ਨੇ ਇਸ ਦੇ ਮੁਖੀ ਅਰਜਨ ਸਿੰਘ ਬਾਗੜੀਆਂ ਨੂੰ 'ਖ਼ਾਲਸਾ ਟ੍ਰੈਕਟ ਸੁਸਾਇਟੀ' ਵੱਲੋਂ ਕੀਤੇ ਗਏ ਵਿਸ਼ਵਾਸ਼ਘਾਤ ਬਾਰੇ ਸਾਰੀ ਗੱਲ ਦੱਸੀ ਗਈ। ਇਸ ਉਪਰੰਤ ਅਰਜਨ ਸਿਘ ਬਾਗੜੀਆਂ ਨੇ ਸ਼ਾਹੀ ਰਿਆਸਤਾਂ ਨਾਲ ਮਿਲਕੇ ਗਿਆਨੀ ਗਿਆਨ ਸਿੰਘ ਦੀਆਂ ਪੁਸਤਕਾਂ ਛਪਵਾਉਣ ਦਾ ਉਪਰਾਲਾ ਵੀ ਕੀਤਾ। ਇਸ ਸੰਬੰਧੀ ਰਿਪੁਦਮਨ ਪ੍ਰਕਾਸ਼ ਵਿੱਚ ਗਿਆਨੀ ਜੀ ਲਿਖਦੇ ਹਨ ਕਿ:-

ਧੰਨਵਾਦ ਮੈਂ ਕੋਟਿ ਵਿੱਚ ਸਭ ਤੈ ਆਦਿ ਕਰੇਹੁ।
ਸ੍ਰੀ ਅਰਜਨ ਗ੍ਰਿਸ਼ ਜੂ ਬਾਗੜੈ ਸ ਕੋ ਏਹੁ
ਬਾਰ ਅਨੇਕੇ ਜਤਨ ਕਰ ਉਨਮਨ ਬਾਨੀ ਕਾਇ
ਭੂਪ ਪ੍ਰੇਰੇ ਫੂਲਕੇ ਹਿਤ ਉਪਕਾਰ ਮਹਾਇ।[98]

ਮਹਾਰਾਜਾ ਭੁਪਿੰਦਰ ਸਿੰਘ ਤੇ ਦੂਜੀਆਂ ਰਿਆਸਤਾਂ ਦੇ ਹਾਕਮਾਂ ਨੇ ਸੰਨ 1916 ਈ. ਵਿੱਚ 'ਸਿੱਖ ਹਿਸਟਰੀ ਸੁਸਾਇਟੀ' ਦੀ ਸਥਾਪਨਾ ਕੀਤੀ। ਇਸ ਦੇ ਚਾਰ ਮੈਂਬਰ ਬਣਾਏ ਗਏ ਸਨ:- ਭਾਈ ਕਾਨ੍ਹ ਸਿੰਘ ਨਾਭਾ, ਜਨਰਲ ਗੁਰਨਾਮ ਸਿੰਘ ਸੰਗਰੂਰ, ਸਰਦਾਰ ਸੱਜਣ ਸਿੰਘ ਲੁਧਿਆਣਾ ਅਤੇ ਬਾਗੜੀਆਂ ਘਰਾਣੇ ਦਾ ਮੁਖੀ ਅਰਜਨ ਸਿੰਘ ਬਾਗੜੀਆਂ। ਗਿਆਨੀ ਗਿਆਨ ਸਿੰਘ ਦੇ ਦੋਹਤਰੇ ਭਾਈ ਹਮੀਰ ਸਿਘ ਧਨੌਲਾ ਨੂੰ ਇਸ ਸੰਸਥਾ ਦਾ ਸਕੱਤਰ ਬਣਾਇਆ ਗਿਆ। ਇਸ ਸੁਸਾਇਟੀ ਨੂੰ ਇੱਕ ਲੱਖ ਸੈਂਤੀ ਹਜ਼ਾਰ ਦੀ ਰਕਮ ਨਾਲ ਨਿਵਾਜਿਆ ਗਿਆ ਤਾਂ ਜੋ ਸਾਰਾ ਕੰਮ ਸਫ਼ਲਤਾਪੂਰਵਕ ਪਰਵਾਨ ਚੜ੍ਹ ਸਕੇ।[99] ਇਸ ਰਕਮ ਵਿੱਚੋਂ ਇੱਕ ਛਾਪਾਖਾਨਾ ਅੰਮ੍ਰਿਤਸਰ 'ਚ ਸਥਾਪਿਤ ਕੀਤਾ, ਜਿਸ ਦਾ ਨਾਂ 'ਗੁਰੂ ਖ਼ਾਲਸਾ ਪ੍ਰੈੱਸ' ਰੱਖਿਆ। ਦੂਜਾ ਛਾਪਾਖਾਨਾ ਪਟਿਆਲਾ ਵਿੱਚ ਕਾਇਮ ਕੀਤਾ ਗਿਆ। ਇਸ ਛਾਪੇਖਾਨੇ ਦਾ ਨਾਂ 'ਭੁਪਿੰਦਰਾ ਸਟੇਟ ਪ੍ਰੈਸ' ਰੱਖਿਆ ਗਿਆ। ਇਸ ਪ੍ਰੈੱਸ ਦਾ ਸਾਰਾ ਕੰਟਰੋਲ, ਹੋਮ ਡਿਪਾਰਟਮੈਂਟ ਪਟਿਆਲਾ ਅਧੀਨ ਹੀ ਸੀ ਤੇ ਅੰਮ੍ਰਿਤਸਰ ਦੀ ਗੁਰੂ ਖ਼ਾਲਸਾ ਪ੍ਰੈੱਸ ਦਾ ਇੰਚਾਰਜ ਭਾਈ ਹਮੀਰ ਸਿੰਘ ਧਨੌਲਾ ਅਤੇ ਮੈਨੇਜਰ ਐੱਸ.ਐੱਸ

---

97 ਸੁਖਦਿਆਲ ਸਿੰਘ, *ਉਹੀ,* ਪੰਨਾ 233.

98 ਗਿਆਨੀ ਗਿਆਨ ਸਿੰਘ, *ਰਿਪੁਦਮਨ ਪ੍ਰਕਾਸ਼,* ਪੰਨੇ 15-16.

99 ਸੁਖਦਿਆਲ ਸਿੰਘ, *ਉ. ਰ.,* ਪੰਨਾ 236; ਗਿਆਨੀ ਗਿਆਨ ਸਿੰਘ, *ਭੁਪਿੰਦਰਾ ਨੰਦ,* ਪ੍ਰਕਾਸ਼ਨ ਸਥਾਨ ਉਪਲੱਬਧ ਨਹੀਂ, 1917, ਪੰਨਾ 106.

ਚਰਨ ਸਿੰਘ ਸ਼ਹੀਦ ਸਨ। ਇਨ੍ਹਾਂ ਪ੍ਰੈੱਸਾਂ ਰਾਹੀਂ ਗਿਆਨੀ ਗਿਆਨ ਸਿੰਘ ਤੋਂ ਇਲਾਵਾ ਬਾਕੀ ਦੇ ਵੀ ਜਿੰਨੇ ਵੀ ਲੇਖਕ ਸਨ, ਉਨ੍ਹਾਂ ਸਭ ਦੀਆਂ ਰਚਨਾਵਾਂ ਛਾਪੀਆਂ ਜਾਣੀਆਂ ਸਨ। ਇਸੇ ਕਰਕੇ 15-08-1916 ਈ. ਨੂੰ ਸ਼ਾਹੀ ਰਿਆਸਤ ਪਟਿਆਲਾ ਵੱਲੋਂ ਇੱਕ ਖ਼ਾਸ ਹੁਕਮੇ ਇਜਲਾਸ ਜਾਰੀ ਕੀਤਾ ਗਿਆ ਇਸ ਦੀ ਨਕਲ ਇਸ ਤਰ੍ਹਾਂ ਹੈ:-

*"ਚੂੰਕੀ ਗਿਯਾਨੀ ਗਿਯਾਨ ਸਿਘ ਜੀ ਦੀ ਰਚਨਾ ਅਤੀ ਮਾਨਯੋਗ ਹੈ, ਇਸੀ ਕਰਕੇ ਸਰਕਾਰ ਵੱਲੋਂ ਉਹਦੇ ਪ੍ਰਕਾਸ਼ਤ ਕੀਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਕਿ ਗਯਾਨੀ ਜੀ ਦੀ ਚਿਰਕੋਣ ਮਿਹਨਤ ਪੰਥ ਨੂੰ ਲਾਭਦਾਇਕ ਹੋ ਸਕੇ ਅਰ ਇਤਿਹਾਸ ਵਿੱਚ ਗਯਾਨੀ ਸਾਹਿਬ ਦਾ ਨਾਂਉ ਸਦੀਵ ਲਈ ਅਮਿੱਟ ਰਹੇ। ਗਯਾਨੀ ਸਾਹਿਬ ਜੋ ਕਮੇਟੀ ਦੀ ਤਜ਼ਵੀਜ ਕਰਦੇ ਹਨ। ਉਹ ਸਰਕਾਰ ਨੂੰ ਹਰ ਪ੍ਰਕਾਰ ਨਾਲ ਪਸੰਦ ਹੈ। ਗਯਾਨੀ ਸਾਹਿਬ ਆਪ ਤਾਂ ਤਿਆਗੀ ਹਨ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਲੋੜ ਨਹੀਂ ਪਰ ਉਨ੍ਹਾਂ ਦੀ ਰਚਨਾ ਤੋਂ ਉਨ੍ਹਾਂ ਦੇ ਦੋਹਤਰੇ ਸ. ਹਮੀਰ ਸਿੰਘ, ਨੂੰ ਪੰਜ ਰੁਪੱਈਏ ਸੈਂਕੜਾ ਦਿੱਤਾ ਜਾਣਾ ਚਾਹੀਦਾ ਹੈ ਅਰ ਉਪਰੋਕਤ ਕਮੇਟੀ ਵਿੱਚ ਵੀ ਉਨ੍ਹਾਂ ਨੂੰ ਸਕੱਤਰ ਨੀਯਤ ਕੀਤਾ ਜਾਵੇ ਤਾਂ ਜੋ ਅਗਾਂਹ ਲਈ ਗਯਾਨੀ ਸਾਹਿਬ ਦੀ ਰਚਨਾ ਵਿੱਚ ਵਾਧੇ ਘਾਟੇ ਕਰਨ ਦੀ ਕਮੇਟੀ ਨੂੰ ਸਹਾਇਤਾ ਦਿੰਦਾ ਰਹੇ। ਕਿਉਂਕਿ ਸਾਰੇ ਖਰੜੇ ਉਹਦੇ (ਹਮੀਰ ਸਿੰਘ) ਕੋਲ ਹਨ ਅਰ ਗਯਾਨੀ ਸਾਹਿਬ ਦੇ ਨਾਲ ਕੰਮ ਕਰਨ ਕਰਕੇ ਇਹਨੂੰ ਹੋਰ ਵੀ ਬਹੁਤ ਕੁਝ ਪਤਾ ਹੈ, ਜਿਸ ਤੇ ਲਾਭ ਉਠਾਉਣਾ ਆਵੱਸ਼ਕ ਹੈ। ਹੁਣ ਗਯਾਨੀ ਜੀ ਨੂੰ ਯੋਗ ਹੈ ਕਿ ਆਪਣੀ 95 ਸਾਲ ਦੀ ਅਵਸਥਾ ਭਰ ਦੇ ਯਤਨ ਨੂੰ ਸਫਲ ਕਰਨ ਲਈ ਪੁਸਤਕਾਂ ਦੇ ਛਪਣ ਵਿੱਚ, ਜੋ ਕਮੇਟੀ ਦੀ ਸਹਾਇਤਾ ਚਾਹੀਦੀ ਹੋਵੇ, ਉਹ ਸਮੇਂ-ਸਮੇਂ ਸਿਰ ਲੈਂਦੇ ਰਹਿਣ।"*

*(ਹਸਤਾਖ਼ਰ)*

*ਹੋਮ ਸਕੱਤਰ, ਪਟਿਆਲਾ ਗਵਰਨਮੈਂਟ*

ਇਸ 15-08-1916 ਈ. ਦੇ ਹੁਕਮੇ ਇਜਲਾਸ ਪਾਸ ਹੋਣ ਪਿਛੋਂ ਪਟਿਆਲਾ ਦੇ ਹੋਮ ਡਿਪਾਰਟਮੈਂਟ ਵੱਲੋਂ ਜੋ 11-10-1916 ਨੂੰ ਨੋਟ ਬਣਾ ਕੇ ਗਯਾਨੀ ਗਯਾਨ ਸਿੰਘ ਪਾਸ ਭੇਜਿਆ ਉਸ ਦੀ ਨਕਲ ਇਸ ਤਰ੍ਹਾ ਹੈ:-

ਹੋਮ ਡਿਪਾਰਟਮੈਂਟ 11-10-1916

*"ਸ੍ਰੀ ਮਾਨ ਜੀ ਪੰਥ ਰਤਨ ਗਯਾਨੀ ਗਯਾਨ ਸਿੰਘ ਜੀ ਨੇ ਆਪਣੀ ਜ਼ਿੰਦਗੀ ਨੂੰ ਸੱਚੀ ਕੁਰਬਾਨੀ ਵਿੱਚ ਲਿਆ ਕੇ ਕਲਮ ਦੁਆਰਾ, ਜੋ ਪੰਥ ਸੇਵਾ ਕੀਤੀ ਹੈ, ਉਹ ਗੁੱਝੀ ਨਹੀਂ। ਗਯਾਨੀ ਜੀ ਦੀ ਤਹਿਰੀਰ ਤੋਂ ਸਿੱਖ ਕੌਮ ਨੂੰ ਆਪਾਰ ਲਾਭ ਪਹੁੰਚਿਆ ਹੈ। ਇਹੋ ਜ਼ਿੰਦਗੀ ਹੈ, ਜਿਸ ਨੇ ਦਸੋ ਗੁਰੂ ਸਾਹਿਬਾਨ, ਬੰਦਾ ਬਹਾਦਰ, ਬਾਰਾਂ ਮਿਸਲਾਂ ਆਦਿ ਦੇ ਹਾਲਾਤ ਇਕੱਤਰ ਕਰਕੇ ਤਵਾਰੀਖ਼ ਗੁਰੂ ਕਾ ਖ਼ਾਲਸਾ, ਸ੍ਰੀ ਗੁਰੂ ਪੰਥ ਪ੍ਰਕਾਸ਼ ਆਦਿ ਪੁਸਤਕਾਂ ਦੇ ਰੂਪ ਵਿੱਚ ਖ਼ਾਲਸਾ ਕੌਮ ਨੂੰ ਭੇਟ ਕੀਤੇ ਅਰ ਮਹਾਰਾਜਾ ਗਨ ਫ਼ੂਲ ਅਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨੂੰ ਅੱਖੀਂ ਵੇਖਦੇ ਹੋਏ ਆਪਣੀ ਉਮਰ ਦਾ ਭਾਰਾ ਹਿੱਸਾ ਇਤਿਹਾਸ ਦੀ ਖੋਜ ਵਿੱਚ ਬਿਤਾਇਆ ਅਰ ਵਾਹਿਗੁਰੂ ਦੀ ਕਿਰਪਾ ਕਰਕੇ ਲੰਮੀ ਉਮਰ ਹੋਣ ਕਾਰਨ ਆਪਣੇ ਅੱਖੀਂ ਦੇਖੇ ਪ੍ਰਸੰਗ ਜੋ ਕਲਮਬੰਦ ਕੀਤੇ ਹਨ। ਸੋ ਇਨ੍ਹਾਂ ਸਾਰੀਆਂ ਬਾਤਾਂ ਨੂੰ ਵਿਚਾਰ ਕੇ ਸ੍ਰੀ 108 ਅਟਲ ਪ੍ਰਤਾਪੀ ਮਹਾਰਾਜਾਧਿਰਾਜ ਪਟਿਆਲਾ ਪਤੀ ਜੀ ਨੇ ਪਰਮ ਉਦਾਰਤਾ ਸਹਿਤ ਗਯਾਨੀ ਜੀ ਦੀ ਰਚਨਾ ਨੂੰ ਸਟੇਟ ਪ੍ਰੈਸ ਵਿੱਚ ਪ੍ਰਕਾਸ਼ਤ ਕਰਨ ਦਾ ਹੁਕਮ ਬਖ਼ਸ਼ਿਆ ਹੈ। ਪਰ ਸ੍ਰੀ ਮਾਨ ਗਯਾਨੀ ਗਯਾਨ*

*ਸਿੰਘ ਨੇ ਅਪਣੀ ਰਚਨਾ ਦੇ ਸਦਾ ਪ੍ਰਕਾਸ਼ਤ ਰਹਿਣ ਲਈ ਆਪਣੀ ਨਵੀਂ ਵਸੀਅਤ ਅਨੁਸਾਰ ਇੱਕ ਕਮੇਟੀ ਅਸਥਾਪਨ ਕੀਤੀ ਹੈ।"*[100]

ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਦੀਆਂ ਸਭ ਲਿਖਤਾਂ ਤੇ ਇਨ੍ਹਾਂ ਨੂੰ ਛਾਪਣ ਦਾ ਅਧਿਕਾਰ, ਇਸ ਸਿੱਖ ਹਿਸਟਰੀ ਸੁਸਾਇਟੀ ਨੂੰ ਦਿੱਤੇ ਗਏ। ਸਾਰੀਆਂ ਲਿਖਤਾਂ ਦੀ ਸੂਚੀ ਤਿਆਰ ਕਰਕੇ ਗਿਆਨੀ ਗਿਆਨ ਸਿੰਘ ਦੇ ਅਤੇ ਰਾਮ ਚੰਦ ਭਟਨਾਗਰ ਦੇ ਦਸਖਤ ਕੀਤੇ ਗਏ। ਰਾਮ ਚੰਦ ਭਟਨਾਗਰ ਸ਼ਾਹੀ ਰਿਆਸਤ ਦੇ ਇਜਲਾਸ ਦਾ ਸਕੱਤਰ ਸੀ। ਇਸ ਪ੍ਰਕਾਰ ਸਭ ਪੁਸਤਕਾਂ ਨੂੰ ਟਰੰਕ 'ਚ ਬੰਦ ਕਰਕੇ ਸ਼ਾਹੀ ਮੋਹਰ ਲਾ ਕੇ, ਟਰੰਕ ਮਹਾਰਾਜਾ ਭੁਪਿੰਦਰ ਸਿੰਘ ਨੂੰ ਸੌਂਪ ਦਿੱਤਾ ਗਿਆ। ਇਸ ਦੀ ਰਸੀਦ ਭਾਈ ਹਮੀਰ ਸਿੰਘ ਨੂੰ ਫੜਾ ਦਿੱਤੀ ਗਈ। ਪਰ ਸਿੱਖ ਹਿਸਟਰੀ ਸੁਸਾਇਟੀ ਵੱਲੋਂ ਵੀ ਗਿਆਨੀ ਗਿਆਨ ਸਿੰਘ ਦੀ ਕੋਈ ਵੀ ਪੁਸਤਕ ਛਾਪਣ ਦਾ ਕੋਈ ਉਪਰਾਲਾ ਨਾ ਕੀਤਾ ਗਿਆ। ਮਹਾਰਾਜਾ ਭੁਪਿੰਦਰ ਸਿੰਘ ਤੋਂ ਇਲਾਵਾ ਨਾਭਾ ਰਿਆਸਤ ਦੇ ਰਾਜਾ ਰਿਪੁਦਮਨ ਸਿੰਘ ਵੱਲੋਂ ਵੀ ਇਸ ਸੁਸਾਇਟੀ ਨੂੰ ਆਰਥਿਕ ਮੱਦਦ ਦਿੱਤੀ ਗਈ ਤਾਂ ਜੋ ਗਿਆਨੀ ਗਿਆਨ ਸਿੰਘ ਦੀਆਂ ਪੁਸਤਕਾਂ ਨੂੰ ਛਪਵਾਇਆ ਜਾ ਸਕੇ, ਪਰ ਏਨਾ ਕੁਝ ਕਰਨ ਦੇ ਬਾਵਜੂਦ ਵੀ ਗਿਆਨੀ ਗਿਆਨ ਸਿੰਘ ਦੀ ਕੋਈ ਵੀ ਪੁਸਤਕ ਛਪ ਨਾ ਸਕੀ। ਇਸ ਦੇ ਪਿੱਛੇ ਕੀ ਕਾਰਨ ਸਨ, ਜ਼ਿਆਦਾ ਤਾਂ ਨਹੀਂ ਪਤਾ, ਪਰ ਉਸ ਸਮੇਂ ਦੇ ਹਾਲਾਤਾਂ ਤੋਂ ਕੁਝ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਖ ਹਿਸਟਰੀ ਸੁਸਾਇਟੀ ਵਿੱਚ ਜਿੰਨੇ ਵੀ ਵਿਦਵਾਨ ਸਨ ਉਹ ਘਰੋਂ ਵੀ ਚੰਗੇ ਸਨ ਤੇ ਦਰਬਾਰ ਵਿੱਚ ਵੀ ਉਨ੍ਹਾਂ ਦਾ ਅਸਰ ਰਸੂਖ ਕਾਫ਼ੀ ਵਧੀਆ ਸੀ। ਭਾਈ ਕਾਨ੍ਹ ਸਿੰਘ ਨਾਭਾ ਦਾ ਤਾਂ ਸੰਬੰਧ ਹੀ ਸਿੰਘ ਸਭਾ ਲਹਿਰ ਨਾਲ ਸੀ। ਗਿਆਨੀ ਗਿਆਨ ਸਿੰਘ ਨਿਰਮਲੇ ਸੰਤ ਸੀ ਤੇ ਉਸ ਦੀਆਂ ਲਿਖਤਾਂ ਵਿੱਚ ਵੀ ਇਸ ਦਾ ਕਾਫ਼ੀ ਅਸਰ ਦਿਖਾਈ ਦਿੰਦਾ ਹੈ। ਸ਼ਾਇਦ ਇਹ ਕਾਰਨ ਵੀ ਰਿਹਾ ਹੋਵੇਗਾ।

ਸੰਨ 1919-20 ਈ. ਵਿੱਚ ਮਹਾਰਾਜਾ ਪਟਿਆਲਾ ਤੇ ਨਾਭਾ ਦੇ ਮਹਾਰਾਜਾ ਦੇ ਆਪਸੀ ਸੰਬੰਧ ਵੀ ਵਿਗੜ ਗਏ ਸਨ। ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ ਤੇ ਮਹਾਰਾਜਾ ਪਟਿਆਲਾ ਨੇ ਉਸ ਦੇ ਦੋਹਤਰੇ ਹਮੀਰ ਸਿੰਘ ਨੂੰ ਵੀ ਰਿਪੁਦਮਨ ਸਿੰਘ ਦੇ ਖਿਲਾਫ ਸਾਥ ਦੇਣ ਨੂੰ ਕਿਹਾ, ਪਰ ਉਸ ਨੇ ਅਜਿਹਾ ਨਾ ਕੀਤਾ, ਜਿਸ ਕਰਕੇ ਲੌਂਗੋਵਾਲ ਵਾਲੀ ਜ਼ਮੀਨ ਉਪਰ ਮਹਾਰਾਜਾ ਭੁਪਿੰਦਰ ਸਿੰਘ ਨੇ ਕਬਜ਼ਾ ਕਰ ਲਿਆ ਤੇ ਦੋਹਤਰੇ ਹਮੀਰ ਸਿੰਘ ਨੂੰ ਵੀ ਗੁਰੂ ਖ਼ਾਲਸਾ ਪ੍ਰੈੱਸ ਅੰਮ੍ਰਿਤਸਰ ਦੇ ਸਾਰੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ।[101] ਇਸ ਲਈ ਹੋ ਸਕਦਾ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਗਿਆਨੀ ਗਿਆਨ ਸਿੰਘ ਦੀਆਂ ਪੁਸਤਕਾਂ ਨੂੰ ਛਾਪਣ ਤੋਂ ਰੋਕ ਦਿੱਤਾ ਗਿਆ ਹੋਵੇ। ਕਾਰਨ ਚਾਹੇ ਕੋਈ ਵੀ ਰਿਹਾ ਹੋਵੇ ਪਰ

[100] ਸੁਖਦਿਆਲ ਸਿੰਘ, *ਉਹੀ,* ਪੰਨੇ 236-37.

[101] *ਉਹੀ,* ਪੰਨਾ 238.

ਗਿਆਨੀ ਗਿਆਨ ਸਿੰਘ ਦੀਆਂ ਸਿਰਫ਼ ਚਾਰ ਪੁਸਤਕਾਂ ਰਿਪੁਦਮਨ ਪ੍ਰਕਾਸ਼ ਭਾਗ ਪਹਿਲਾ, ਗੁਰਧਾਮ ਸੰਗ੍ਰਹਿ, ਭੂਪੇਂਦਰ ਨੰਦ ਅਤੇ ਤਵਾਰੀਖ਼ ਸ੍ਰੀ ਅੰਮ੍ਰਿਤਸਰ ਹੀ ਛਪੀਆਂ। ਇਨ੍ਹਾਂ ਦੀ ਛਪਾਈ ਵੀ ਗਿਆਨੀ ਗਿਆਨ ਸਿੰਘ ਦੀ ਮੌਤ ਉਪਰੰਤ ਹੋਈ।[102]

ਗਿਆਨੀ ਬਲਵੰਤ ਸਿੰਘ ਕੋਠਾਗੁਰੂ ਆਪਣੀ ਪੁਸਤਕ ਨਿਰਮਲਾ ਪੰਥ ਦੀ ਗੌਰਵ ਗਾਥਾ ਵਿੱਚ ਲਿਖਦੇ ਹਨ "ਕਿਸੇ ਨੇ ਕੇਵਲ ਦਸਾਂ ਗੁਰੂ ਸਾਹਿਬਾਨ ਤੱਕ ਲਿਖਿਆ ਹੈ, ਕਿਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਤੱਕ, ਕਿਸੇ ਨੇ ਮਿਸਲਾਂ ਤੱਕ, ਕਿਸੇ ਨੇ ਮਹਾਰਾਜਾ ਰਣਜੀਤ ਸਿੰਘ ਤੱਕ ਲਿਖਿਆ ਹੈ, ਪਰ ਗਿਆਨੀ ਗਿਆਨ ਸਿੰਘ ਅਜਿਹੇ ਮਹਾਨ ਵਿਦਵਾਨ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਕਾਲੀ ਲਹਿਰ ਤੱਕ ਪੰਜ ਸੌ ਵਰਸ਼ ਦਾ ਇਤਿਹਾਸ ਲਿਖ ਕੇ ਪੰਥ ਦੀ ਮਹਾਨ ਸੇਵਾ ਕੀਤੀ ਹੈ। ਪਹਿਲੀ ਵਾਰ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ, ਨਿਹੰਗ ਸਿੰਘ, ਨਾਮਧਾਰੀ ਆਦਿਕ ਅਨੇਕ ਸੰਪ੍ਰਦਾਵਾਂ ਦਾ ਇਤਿਹਾਸ ਵਿਸਥਾਰਪੂਰਵਕ ਲਿਖਿਆ ਹੈ। ਇਸ ਗੱਲ ਵਿੱਚ ਵੀ ਗਿਆਨੀ ਗਿਆਨ ਸਿੰਘ ਨੇ ਪਹਿਲ ਕਰਦੇ ਹੋਏ ਪੰਜਾਬ ਦੇ ਸੱਭਿਆਚਾਰ, ਰਹਿਣ-ਸਹਿਣ, ਰਸਮੋ-ਰਿਵਾਜ, ਖਾਣ-ਪੀਣ, ਗਮੀ-ਖੁਸ਼ੀ 'ਤੇ ਵਿਆਖਿਆ ਪੂਰਵਕ ਲਿਖ ਕੇ ਦੱਸਿਆ ਕਿ ਸਾਡੇ ਵਡੇਰੇ ਕਿਸ ਸਥਿਤੀ ਵਿੱਚੋਂ ਦੀ ਗੁਜ਼ਰਦੇ ਹੋਏ ਹੁਣ ਤੱਕ ਪਹੁੰਚੇ ਹਨ। ਤਿੰਨ ਸੌ ਤੋਂ ਉੱਪਰ ਸਿੱਖ ਘਰਾਣਿਆਂ ਦਾ ਇਤਿਹਾਸ ਵੀ ਲਿਖਿਆ ਸੀ, ਜੋ ਕਿ ਗੁੰਮ ਹੋ ਗਿਆ। ਅੰਮ੍ਰਿਤਸਰ ਅਤੇ ਲਾਹੌਰ ਦੀ ਤਵਾਰੀਖ਼ ਵੀ ਪਹਿਲੀ ਵਾਰ ਆਪ ਜੀ ਨੇ ਲਿਖੀ ਹੈ। ਨਿਹੰਗ ਸਿੰਘਾਂ ਦੇ ਬੋਲੇ ਵੀ ਪਹਿਲੀ ਵਾਰ ਆਪ ਜੀ ਨੇ ਇਕੱਠੇ ਕਰ ਲਿਖੇ।[103] ਅਸੀਂ ਗਿਆਨੀ ਬਲਵੰਤ ਸਿੰਘ ਨਾਲ ਬਿਲਕੁਲ ਸਹਿਮਤ ਹਾਂ।

ਗਿਆਨੀ ਗਿਆਨ ਸਿੰਘ ਬਹੁਤ ਹੀ ਤੇਜ਼ ਬੁੱਧੀ ਦੇ ਮਾਲਕ ਸਨ। ਉਸ ਨੇ ਜਿਹੜੇ ਵੀ ਕੰਮ ਨੂੰ ਹੱਥ ਪਾਇਆ ਬਹੁਤ ਹੀ ਲਗਨ ਮਿਹਨਤ ਤੇ ਅਣਥੱਕ ਯਤਨਾਂ ਨਾਲ ਸਿਰੇ ਚੜ੍ਹਾਇਆ। ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ ਨੇ ਬਹੁਤ ਸਾਲ ਯਾਤਰਾਵਾਂ ਵਿੱਚ ਲਗਾ ਦਿੱਤੇ। ਉਸ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ ਦੀਆਂ ਨਿੱਜੀ ਤੌਰ 'ਤੇ ਯਾਤਰਾਵਾਂ ਕਰਕੇ ਸਮੱਗਰੀ ਇੱਕਠੀ ਕੀਤੀ। ਗਿਆਨੀ ਗਿਆਨ ਸਿੰਘ ਤਵਾਰੀਖ਼ ਗੁਰੂ ਖ਼ਾਲਸਾ ਵਿੱਚ ਲਿਖਦਾ ਹੈ:-

*"ਇਸ ਦਾਸ ਨੇ ਪੰਦਰਾਂ -ਸੋਲਾਂ ਬਰਸ, ਦੇਸ਼ ਵਿੱਚ ਫ਼ੇਰ ਫ਼ੇਰ ਕਰਿ, ਵੱਡੀ ਵੱਡੀ ਉਮਰ ਦੇ ਲੋਕਾਂ ਪਾਸੋਂ ਪੁੱਛ ਕੇ ਸਾਖੀਆਂ ਲਿਖੀਆਂ ਹਨ। ਆਪਣੇ ਪਰ ਪਿਤਾਮਾ (ਪੜਦਾਦਾ) ਨਗਾਹੀਆ ਸਿੰਘ ਦੇ ਪਿਤਾਮਾ (ਦਾਦਾ) ਰੁਘਾ ਸਿੰਘ, ਬਖਤਾ ਸਿੰਘ ਆਦਿਕ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜੰਗਾਂ ਯੁੱਧਾਂ ਵਿੱਚ ਰਹੇ ਸੀ, ਫ਼ੇਰ*

---

[102] *ਉਹੀ.*

[103] ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਨਿਰਮਲਾ ਪੰਥ ਦੀ ਗੌਰਵ ਗਾਥਾ,* ਕਨਖਲ, ਹਰਿਦੁਆਰ, ਉਤਰਾਂਚਲ, 2009, ਪੰਨਾ 72.

*ਬਰਾੜ ਸਿੰਘ, ਮਰਾੜ ਸਿੰਘ, ਨਵਾਬ ਕਪੂਰ ਸਿੰਘ ਦੇ ਡੇਰੇ ਨਾਲ ਖ਼ਾਲਸੇ ਵਿੱਚ ਤੇ ਰੁਘਾ ਸਿੰਘ, ਬਖਤਾ ਸਿੰਘ ਮਹਾਰਾਜਾ ਆਲਾ ਸਿੰਘ ਅਤੇ ਅਮਰ ਸਿੰਘ ਦੇ ਨਾਲ ਰਹਿੰਦੇ ਸਨ। ਬਹੁਤ ਸਾਖੀਆਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਤੇ ਕੁਝ ਆਪਣੀ ਦਾਦੀ ਜੀ ਤੋਂ ਸੁਣ ਕੇ ਇਸ ਪੋਥੀ ਵਿੱਚ ਰੱਖੀਆਂ ਹਨ। ਪੀਰੋ ਲੁਹਾਰੀ 117 ਬਰਸ ਦੀ, ਜੋ ਮੌੜ ਪਿੰਡ ਮਾਲਵੇ ਦੇਸ਼ ਮੈਂ ਸੰਮਤ (1882 ਈਸਵੀ) ਨੂੰ ਜਿਉਂਦੀ, ਤਨ ਅਰੋਗ ਦੇਖੀ ਸੀ ਤੇ ਦੂਜਾ ਸੂਰਾ (ਸਾਹਸੀ) ਰੈਤੋਂ ਕੇ ਪਿੰਡ ਮਾਝੇ ਦੇਸ਼ ਮੈਂ 126 ਬਰਸ ਦਾ ਮਸ਼ਹੂਰ ਸੀ, ਤੀਸਰਾ ਭਾਈ ਮੁਕਤਾ ਸਿੰਘ ਨਿਹੰਗ 'ਕਾਉਲਸਰੇ' ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਜੀ ਮੈਂ 134 ਬਰਸ ਦੀ ਉਮਰ ਭੋਗ ਕੇ ਸੰਮਤ 1942 (1885) ਨੂੰ ਗੁਜ਼ਰਿਆ ਹੈ, ਚੌਥਾ ਭਾਈ ਮੁਹਰ ਸਿੰਘ ਕਟਾਈ ਬਿਬੇਕਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਵਿੱਚ ਜੋਗੀਰਾਜ 140 ਬਰਸ ਦੀ ਉਮਰ ਪਾਇਕੇ, ਸੰਮਤ 1911 (1854 ਈ.) ਵਿੱਚ ਚੋਲਾ ਛੱਡ ਗਿਆ। ਪੰਜਵਾਂ ਭਾਈ ਅੱਡਣਸ਼ਾਹੀ ਸਾਧੂ ਅੰਮ੍ਰਿਤਸਰ ਵਿੱਚ 132 ਬਰਸ ਦੀ ਉਮਰ ਭੋਗ 1946 (1889) ਮੇਂ ਮਰਿਆ ਇਤਆਦਿਕ ਬੜੀ ਬੜੀ ਉਮਰ ਦੇ ਬਹੁਤ ਲੋਕਾਂ ਪਾਸੋਂ ਪਿਛਲੇ ਹਾਲ ਜੋ ਪ੍ਰੰਪਰਾ ਉਨਾਂ ਦੇ ਸੁਣੇ ਹੋਏ ਕੁਛ ਦੇਖੇ ਹੋਏ ਸੇ ਪੁਣ ਕੇ ਕਿਤੋ ਕਿਤੋਂ ਲਿਖੇ ਹੋਏ ਜੋ ਮਿਲੇ, ਸੋ ਸਬ ਇਸ ਪੋਥੀ ਵਿੱਚ ਰਖੇ ਹੈ।'*[104]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਨੇ ਕਪੂਰਥਲਾ ਦੇ ਦੀਵਾਨ ਰਾਮਜਸ ਤੇ ਪਟਿਆਲਾ ਦੇ ਦੀਵਾਨ ਗੁਰਮੁੱਖ ਸਿੰਘ ਦੀ ਪ੍ਰੇਰਨਾ ਨਾਲ ਕਾਫ਼ੀ ਸਮੱਗਰੀ ਇੱਕਠੀ ਕੀਤੀ। ਬਨਾਰਸ ਵਿੱਚ ਵੀ ਉਸ ਨੇ ਕਾਫ਼ੀ ਲਿਖਤ ਸਮੱਗਰੀ ਇੱਕਠੀ ਕੀਤੀ।[105] ਜੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵੱਲ ਨਜ਼ਰ ਮਾਰੀਏ ਤਾਂ ਉਸ ਦਾ ਚੋਖਾ ਸਾਹਿਤ ਵਾਚਣ ਤੇ ਪੜ੍ਹਨ ਨੂੰ ਮਿਲਦਾ ਹੈ। ਗਿਆਨੀ ਗਿਆਨ ਸਿੰਘ ਨੇ ਕੁੱਲ 35 ਗ੍ਰੰਥਾਂ ਦੀ ਰਚਨਾ ਕੀਤੀ ਜਿੰਨ੍ਹਾਂ ਵਿੱਚ 28 ਪੰਜਾਬੀ ਵਿੱਚ ਤੇ 9 ਉਰਦੂ ਵਿੱਚ ਮਿਲਦੇ ਹਨ। ਕੁਝ ਛਪੇ ਅਤੇ ਅਣਛਪੇ ਸਾਹਿਤ ਬਾਰੇ ਵੀ ਪਤਾ ਲੱਗਦਾ ਹੈ। ਗਿਆਨੀ ਗਿਆਨ ਸਿੰਘ ਦੀਆਂ ਕੁਝ ਰਚਨਾਵਾਂ ਜੋ ਸਾਨੂੰ ਮਿਲਦੀਆਂ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

| ਲੜੀ ਨੰ. | ਰਚਨਾਵਾਂ | ਛਪਿਆ |
|---|---|---|
| 1. | ਸ੍ਰੀ ਗੁਰ ਪੰਥ ਪ੍ਰਕਾਸ਼ | ਸੰਨ 1881 ਈ. ਨੂੰ ਪੱਥਰ ਛਾਪ, ਦਿੱਲੀ ਵਿਖੇ |
| 2. | ਤਵਾਰੀਖ਼ ਗੁਰੂ ਖ਼ਾਲਸਾ | ਸੰਨ 1891 ਈ.ਭਾਗ ਪਹਿਲਾ |
| 3. | ਸਮਸ਼ੇਰ ਖ਼ਾਲਸਾ | ਸੰਨ 1892 ਈ. ਭਾਗ ਦੂਜਾ |
| 4. | ਰਾਜ ਖ਼ਾਲਸਾ | ਸੰਨ 1894 ਈ. ਭਾਗ ਤੀਜਾ |
| 5. | ਸਰਦਾਰ ਖ਼ਾਲਸਾ | ਗੁੰਮ ਹੋ ਗਿਆ ਹੈ, ਭਾਗ ਚੌਥਾ |
| 6. | ਪੰਥ ਖ਼ਾਲਸਾ | ਗੁੰਮ ਹੋ ਗਿਆ ਹੈ, ਭਾਗ ਪੰਜਵਾਂ |
| 7. | ਨਿਰਮਲ ਪੰਥ ਪ੍ਰਦੀਪਕਾ | ਸੰਨ 1891 ਈ. |
| 8. | ਖ਼ਾਲਸਾ ਪਤਤ ਪਾਵਨ | ਸੰਨ 1892 ਈ. |
| 9. | ਸੂਰਜ ਪ੍ਰਕਾਸ਼ ਵਾਰਤਕ | ਤਿੰਨ ਭਾਗ |

[104] ਭਗਤ ਸਿੰਘ, *ਉ. ਹ.,* ਪੰਨੇ 19-20.

[105] ਭਗਤ ਸਿੰਘ, *ਉਹੀ,* ਪੰਨਾ 20.

| | | |
|---|---|---|
| **10.** | ਗੁਰਧਾਮ ਸੰਗ੍ਰਹਿ | ਸੰਨ 1927 ਈ. |
| **11.** | ਕਥਾ ਪੂਰਨਮਾਸ਼ੀ | ਪਤਾ ਨਹੀਂ |
| **12.** | ਰਿਪੁਦਮਨ ਪ੍ਰਕਾਸ਼ | ਸੰਨ 1919 ਈ. |
| **13.** | ਭੁਪਿੰਦਰਾ ਨੰਦ | ਸੰਨ 1917 ਈ. |
| **14.** | ਤਵਾਰੀਖ਼ ਸ੍ਰੀ ਅੰਮ੍ਰਿਤਸਰ | ਸੰਨ 1919 ਈ. |
| **15.** | ਤਵਾਰੀਖ਼ ਲਾਹੌਰ | ਪਤਾ ਨਹੀਂ |
| **16.** | ਗੁਰਪੁਰਬ ਪ੍ਰਕਾਸ਼ | ਸੰਨ 1883 ਈ. |
| **17.** | ਇਤਿਹਾਸ ਰਿਆਸਤ ਬਾਗੜੀਆਂ | ਸੰਨ 1917 ਈ. |
| **18.** | ਅੰਮ੍ਰਿਤ ਪ੍ਰਕਾਸ਼ | ਮਿਤੀਹੀਣ |
| **19.** | ਨੀਤੀ ਪ੍ਰਕਾਸ਼ | ਮਿਤੀਹੀਣ |
| **20.** | ਅਨਿਕ ਪ੍ਰਕਾਰ | ਮਿਤੀਹੀਣ |
| **21.** | ਦੋਹਾਵਲੀ | ਮਿਤੀਹੀਣ |
| **22.** | ਪ੍ਰਸ਼ਨੋਤਰੀ | ਮਿਤੀਹੀਣ |
| **23.** | ਭੇਖ ਪ੍ਰਭਾਕਰ | ਮਿਤੀਹੀਣ |
| **24.** | ਪੰਜਾਬੀ ਸੀਹਰਫ਼ੀ | ਮਿਤੀਹੀਣ |
| **25.** | ਨਿਰਮਲ ਪੰਥ ਗੁਰੂ ਪ੍ਰਣਾਲਕਾ ਵ੍ਰਿਕਸ | ਮਿਤੀਹੀਣ |
| **26.** | ਇੱਕ ਆਯੁਰਵੇਦ ਗ੍ਰੰਥ | ਮਿਤੀਹੀਣ |
| **27.** | ਸ੍ਵੈ ਜੀਵਨੀ ਕਥਾ | ਮਿਤੀਹੀਣ |
| **28.** | ਬਾਰ੍ਹਾਂ ਪੂਰਬਣਾਂ | ਇਹ ਪੁਸਤਕ ਜਵਾਹਰ ਸਿੰਘ ਕਿਰਪਾਲ ਸਿੰਘ ਐਂਡ ਕੰਪਨੀ, ਮਾਈ ਸੇਵਾ ਬਜ਼ਾਰ, ਅੰਮ੍ਰਿਤਸਰ ਵੱਲੋਂ ਛਾਪੀ ਗਈ ਹੈ। ਇਸ ਦੀ ਇੱਕ ਕਾਪੀ (ਰੈਫ਼. ਨੰ: 28918) ਪੰਜਾਬੀ ਸਾਹਿਤ ਅਕਾਦਮੀ ਰੈਫ਼ਰੈਂਸ ਲਾਇਬ੍ਰੇਰੀ ਲੁਧਿਆਣਾ ਵਿੱਚ ਮੌਜੂਦ ਹੈ ਅਤੇ ਡਿਜ਼ੀਟਲ ਰੂਪ ਵਿੱਚ ਸਿੱਖ ਡਿਜ਼ੀਟਲ ਲਾਇਬ੍ਰੇਰੀ ਨਾਂ ਦੀ ਵੈਬਸਾਈਟ ਉੱਪਰ ਵੀ ਉਪਲੱਬਧ ਹੈ। ਪਰ ਇਸਦੇ ਸ਼ੁਰੂਆਤੀ ਕੁਝ ਪੰਨਿਆਂ ਦੇ ਪਾਟੇ ਹੋਣ ਕਰਕੇ ਇਹ ਪਤਾ ਨਹੀਂ ਲੱਗਦਾ ਕਿ ਇਹ ਪੁਸਤਕ ਕਿਹੜੇ ਸਾਲ ਵਿੱਚ ਛਪੀ। |

**ਉਰਦੂ `ਚ**

1) ਤਵਾਰੀਖ਼ ਗੁਰੂ ਖ਼ਾਲਸਾ (ਹਿੱਸਾ ਪਹਿਲਾ)
2) ਸਮਸ਼ੇਰ ਖ਼ਾਲਸਾ (ਹਿੱਸਾ ਦੂਜਾ)
3) ਰਾਜ ਖ਼ਾਲਸਾ (ਹਿੱਸਾ ਤੀਜਾ)
4) ਸਰਦਾਰ ਖ਼ਾਲਸਾ (ਹਿੱਸਾ ਚੌਥਾ)
5) ਪੰਥ ਖ਼ਾਲਸਾ (ਹਿੱਸਾ ਪੰਜਵਾਂ)
6) ਤਵਾਰੀਖ਼ ਸ੍ਰੀ ਅੰਮ੍ਰਿਤਸਰ
7) ਗੁਰਧਾਮ ਸੰਗ੍ਰਹਿ
8) ਤਵਾਰੀਖ਼ ਲਾਹੌਰ
9) ਸਵਾਨਹਿ ਉਮੀਰ ਗਿਆਨੀ ਗਿਆਨ ਸਿੰਘ[106]

ਉਪਰੋਕਤ ਲਿਖਤਾਂ ਤੋਂ ਬਿਨਾਂ ਕੁਝ ਹੋਰ ਲਿਖਤਾਂ ਬਾਰੇ ਡਾ. ਭਗਤ ਸਿੰਘ ਵੀ ਗਿਆਨੀ ਗਿਆਨ ਸਿੰਘ ਬਾਰੇ ਲਿਖੀ ਆਪਣੀ ਕਿਤਾਬ ਵਿੱਚ ਵਰਣਨ ਕਰਦਾ ਹੈ: -

1) ਇਤਿਹਾਸ ਭਾਈ ਰੂਪ ਚੰਦ
2) ਰਮਾਇਣ ਭਾਈ ਮਨੀ ਸਿੰਘ
3) ਫੂਲ ਮਾਲਾ ਰਮਾਇਣ
4) ਕੇਵਲ ਫੁੱਲ ਮਾਲਾ[107]

ਗਿਆਨੀ ਗਿਆਨ ਸਿੰਘ ਦਾ ਬ੍ਰਜ ਭਾਸ਼ਾ ਦੇ ਕਵੀਆਂ ਵਿੱਚ ਮਹੱਤਵਪੂਰਨ ਸਥਾਨ ਹੈ ਤੇ ਨਾਲ ਹੀ ਉਹ ਆਧੁਨਿਕ ਪੰਜਾਬੀ ਦਾ ਪਹਿਲਾ ਵਾਰਤਕਕਾਰ ਤੇ ਬ੍ਰਜ ਭਾਸ਼ਾ ਦਾ ਅਖੀਰਲਾ ਕਵੀ ਹੋਇਆ ਹੈ।[108] ਗਿਆਨੀ ਗਿਆਨ ਸਿੰਘ ਨੇ ਜਿਸ ਵੀ ਛੰਦ ਦੀ ਰਚਨਾ ਕੀਤੀ, ਉਹ ਛੰਦ ਸ਼ਾਸਤਰ ਦੇ ਨਿਯਮਾਂ ਅਨੁਸਾਰ ਬਿਲਕੁਲ ਪੂਰਾ ਉਤਰਦਾ ਹੈ। ਹਰੇਕ ਛੰਦ ਦੀ ਚਾਲ, ਤੁਕਾਂਤ, ਵਜਨ, ਨਿਯਮਬੱਧ ਤਰੀਕੇ ਨਾਲ ਨਿਭਾਇਆ ਹੈ। ਜਿਵੇਂ ਸੋਨੇ ਵਿੱਚ ਹੀਰੇ ਮੋਤੀ ਜੜ੍ਹਨ ਵਾਂਗ ਕਵਿਤਾ ਨੂੰ ਅਲੰਕਾਰਾਂ ਨਾਲ ਸਜਾਇਆ ਗਿਆ ਹੈ। ਗਿਆਨੀ ਗਿਆਨ ਸਿੰਘ ਦੇ ਸਾਰੇ ਛੰਦਾਂ ਵਿੱਚ ਸ਼ਬਦ ਅਲੰਕਾਰ ਨਜ਼ਰ ਆਉਂਦੇ ਹਨ। ਗਿਆਨੀ ਗਿਆਨ ਸਿੰਘ ਕੋਲ

---

[106] ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ-ਸੰਪਰਦਾਇ ਅਤੇ ਚਿੰਤਕ ਭਾਗ ਤੀਜਾ,* ਪੰਨੇ 205–06.

[107] ਭਗਤ ਸਿੰਘ, *ਉ. ਰ.,* ਪੰਨਾ 21.

[108] ਗਿਆਨੀ ਬਲਵੰਤ ਸਿੰਘ ਕੋਠਾਗੁਰੂ, "ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼", *ਨਾਨਕ ਪ੍ਰਕਾਸ਼ ਪੱਤ੍ਰਿਕਾ-ਅੰਕ ਪਹਿਲਾ* (ਸੰਪਾ. ਡਾ. ਸਰਬਜਿੰਦਰ ਸਿੰਘ), ਪੰਨਾ 278.

ਸ਼ਬਦਾਂ ਦਾ ਅਥਾਹ ਭੰਡਾਰ ਹੋਣ ਕਾਰਣ, ਉਸ ਨੂੰ ਕਦੇ ਵੀ ਭਾਸ਼ਾ 'ਤੇ ਜ਼ੋਰ ਦੇਣ ਦੀ ਜ਼ਰੂਰਤ ਨਹੀਂ ਪਈ।[109]

ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਹਰਿਮੰਦਰ ਸਾਹਿਬ ਦੀ ਮਹਿਮਾ ਬਹੁਤ ਹੀ ਉੱਤਮ ਰੂਪ ਵਿੱਚ ਕਵਿਤਾ ਜ਼ਰੀਏ ਕੀਤੀ ਹੈ, ਜਿਸ ਤੋਂ ਉਸ ਦੇ ਇੱਕ ਉੱਤਮ ਕਵੀ ਹੋਣ ਬਾਰੇ ਪਤਾ ਲੱਗਦਾ ਹੈ:-

ਮੰਦਰ ਰਚਾਯੋ ਅਤਿ ਸੁੰਦਰ ਅਪਾਰ ਗੁਰੁ।
ਮੁਕਤਿ ਚਤੁਰ ਦਾਇ ਜਾਹਿ ਦਵਾਰ ਚਾਰ ਹੈ।
ਚਮਕ ਦਮਕ ਚਾਰੁ ਚਾਰ ਦਿਸਹੂੰ ਤੇ ਚਾਰ,
ਚਾਰ ਹੀ ਬ੍ਰਨ ਆਇ ਪਾਇ ਫਲ ਚਾਰ ਹੈ।
ਚਾਰ ਚਾਰ ਜਾਮ ਚਾਰ ਬ੍ਰਨ ਕੋ ਉਚਾਰ ਨਾਮ
ਆਸ੍ਰਮ ਸੁਹਿ ਚਾਰ ਚੱਕ ਚਾਰ ਕੋ ਵਿਚਾਰ ਹੈ।
ਸੰਪ੍ਰਦਾਇ ਚਾਰ ਚਾਰ ਸੰਪਦਾ ਸਾਧਨ ਚਾਰ
ਚਾਰ ਬੇਦ ਸਾਰ ਚਾਰ ਦਸ ਲੋਕ ਸਾਰ ਹੈਂ।[110]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਿਆਨੀ ਗਿਆਨ ਸਿੰਘ ਆਪਣੇ ਆਪ ਵਿੱਚ ਹੀ ਇੱਕ ਅਮੁੱਕ ਭੰਡਾਰ ਹੈ। ਕੋਈ ਅਜਿਹਾ ਪੱਖ ਨਹੀਂ ਜੋ ਉਸ ਦੀਆਂ ਰਚਨਾਵਾਂ ਵਿੱਚ ਨਾ ਮਿਲਦਾ ਹੋਵੇ, ਗਿਆਨੀ ਗਿਆਨ ਸਿੰਘ ਬੁਝਾਰਤਾਂ ਲਿਖਣ 'ਚ ਵੀ ਬਹੁਤ ਮਾਹਿਰ ਸੀ ਜਿਵੇਂ:-

ਜਤ ਧਾਰਿ ਰਹੇ ਸਦ ਸੰਗ ਤੀਯਾ,
ਚਲ ਹੈ ਸਮ ਪੌਨ ਨ ਗੋਨ ਕਹੈ।
ਸਭ ਹੀ ਜਗ ਕੋ ਪਹਿਰਾਵਤ ਚੀਰ,
ਉਘਾਰੋ ਰਹੈ ਖੁਦ ਨਾਇ ਧਰੈ।
ਸਿਰ ਪਾਂਚ ਉਤੈ ਸ੍ਰਤ ਹਾਥ ਇਕੋ ਮੁੱਖ
ਖੋੜਸ ਪਾਂਖ ਧੁਨੀ ਸੋ ਰਚੈ।
ਬਿਨ ਜਗਯੋ ਪਵੀਤ ਅਚੈ ਨ ਕਛੂ
ਰਦ ਏਕ, ਵਹੈ ਨਰ ਕੌਣ ਵਰੈ।[111]

ਉੱਤਰ: ਚਰਖਾ

---

109 ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਉ. ਲੇ.*, ਪੰਨਾ 278.

110 *ਉਹੀ,* ਪੰਨਾ 279.

111 *ਉਹੀ,* ਪੰਨਾ 281.

ਰਹਿ ਕੂਪ ਤਟੈ ਨਹਿੰ ਦਾਦਰ ਹੈ ਬਰਸੈਜਲ, ਬਾਦਰ ਨਾਹਿ ਵਹੀ
ਯਤ ਚੱਕ ਗਦਾ, ਸਤਨ ਬਜੁਦਾ, ਬ੍ਰਿਖ ਯਾਹਨ ਸੰਭਨ ਥੀਵ ਕਹੀ।
ਸ੍ਰਿਕ ਫ਼ੇਰਤ ਨਾਂਹਿ ਜਪੀ ਤਪਸੀ ਸਲਤਾ ਜਨ ਹੈ ਪੁਨ ਸਿੰਧ ਨਹੀਂ।
ਉਚਰੈ ਯਹੁ ਰਾਗ ਨ ਦੇਵ ਰਿਖੀ ਬੁਧਵਾਨ ਕਹੋ ਵਹਿ ਕੌਨ ਸਹੀ। [112]

ਉੱਤਰ: ਹਰਟ

ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ ਵਿੱਚ ਕੋਈ ਵਿਰਲਾ ਹੀ ਪੱਖ ਹੋਵੇਗਾ ਜਿਸ ਨੂੰ ਆਪਣੀ ਕਲਮ ਦੀ ਧਾਰਾ ਨਾਲ ਨਾ ਚਿਤਰਿਆ ਹੋਵੇ। ਗਿਆਨੀ ਗਿਆਨ ਸਿੰਘ ਦੇ ਸਾਹਿਤ ਭੰਡਾਰ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਉਸ ਨੇ ਜਿੱਥੇ ਪੰਜਾਬੀ ਸੱਭਿਆਚਾਰ ਦੀ ਗੱਲ ਕੀਤੀ ਹੈ, ਨਾਲ ਹੀ ਉਸ ਸਮੇਂ ਦੀ ਖੁਸ਼ਹਾਲੀ ਨੂੰ ਵੀ ਬਿਆਨ ਕੀਤਾ ਹੈ: -

ਨ੍ਰਿਪ ਸਰਦਾਰ ਚਲਾਕ ਭਏ ਕੁਛ, ਬਦਲੀ ਪੌਣ ਜ਼ਮਾਨੇ
ਦਾੜ੍ਹੇ ਚਾੜ੍ਹੇ ਤੁੰਗਲ ਬਾਲੇ ਸੁੰਦਰ ਬਸਨ ਹੰਢਾਨੇ
ਛੱਲੇ, ਛਾਪਾਂ, ਕੰਗਣ, ਕੰਠੇ ਪਹਿਰਨ ਲੱਗੇ ਵਧੇਰੇ,
ਪਗ ਪਰ ਸਾਫ ਕੰਨਾ ਵਾਲੇ ਚੁਸਤ ਪਜਾਮੇ ਹੇਰੇ
ਨਾਰਿਨ ਵੀ ਚੂੰਡੀ ਤਜ ਪਹਿਲੀ ਚੂੰਡੇ ਗਿਠ ਗਿਠ ਸਾਜੇ
ਸੁਖਣ ਸੂਸੀ, ਛੂੰਜੀ ਕੁੜਤੀ ਚੋਪ ਫੁਲਕਾਰੀ ਰਾਜੇ।[113]

ਇਨ੍ਹਾਂ ਸਤਰਾਂ ਨੂੰ ਪੜ੍ਹਨ ਉਪਰੰਤ ਉਸ ਸਮੇਂ ਦੇ ਖੁਸ਼ਹਾਲ ਪੰਜਾਬ ਦੀ ਤਸਵੀਰ ਸਾਹਮਣੇ ਪੇਸ਼ ਹੁੰਦੀ ਹੈ ਤੇ ਨਾਲ ਹੀ ਇੱਕ ਸੁਘੜ-ਸੂਝਵਾਨ ਕਵੀ ਦੀ ਪਹਿਚਾਣ ਵੀ ਦਿਖਾਈ ਦਿੰਦੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਗਿਆਨੀ ਗਿਆਨ ਸਿੰਘ ਨੇ ਉਤਰਾਵਾਂ ਚੜ੍ਹਾਵਾਂ ਵਿੱਚ ਆਪਣੀ ਪੂਰੀ ਜਿੰਦਗੀ ਬਤੀਤ ਕੀਤੀ। ਅੰਤਲੇ ਸਮੇਂ ਦੌਰਾਨ ਮਹਾਰਾਜਾ ਰਿਪੁਦਮਨ ਸਿੰਘ ਦੇ ਸਪੁੱਤਰ ਕੰਵਰਪ੍ਰਤਾਪ ਸਿੰਘ ਦੇ ਨਾਮ ਕਰਨ ਦੀ ਰਸਮ ਲਈ ਗਿਆਨੀ ਗਿਆਨ ਸਿੰਘ ਨਾਭੇ ਗਿਆ ਤੇ ਮੁੜ ਉਸ ਨੇ ਪਟਿਆਲੇ ਵੱਲ ਰੁਖ ਨਾ ਕੀਤਾ।

ਨਾਭਾ ਵਿਖੇ ਮਹਾਰਾਜਾ ਰਿਪੁਦਮਨ ਸਿੰਘ ਨੇ ਗਿਆਨੀ ਗਿਆਨ ਜੀ ਦੀ ਰਿਹਾਇਸ਼ ਲਈ ਅਲੱਗ ਸ਼ਾਨਦਾਰ ਕੋਠੀ ਤੇ ਨੌਕਰ ਵੀ ਮੁਹੱਈਆ ਕਰਵਾ ਦਿੱਤੇ। ਜ਼ੋੜਾਂ ਦੇ ਦਰਦ ਦੀ ਬੀਮਾਰੀ ਨਾਲ ਗਿਆਨੀ ਜੀ ਦੀ ਹਾਲਤ ਕਾਫ਼ੀ ਵਿਗੜ ਚੁੱਕੀ ਸੀ। ਅੰਤ 24 ਸਤੰਬਰ 1921 ਈ. ਨੂੰ ਗਿਆਨੀ ਗਿਆਨ ਸਿੰਘ 99 ਸਾਲ

---

112 *ਉਹੀ,* ਪੰਨੇ 280-81.

113 *ਉਹੀ,* ਪੰਨਾ 276.

ਦੀ ਉਮਰ ਭੋਗ ਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ।[114] ਗਿਆਨੀ ਗਿਆਨ ਸਿੰਘ ਦੀ ਮੌਤ ਬਾਰੇ 5 ਅਕਤੂਬਰ 1921 ਈ. ਦੇ ਰੋਜ਼ਾਨਾ ਪੰਜਾਬੀ ਅਖ਼ਬਾਰ ਪੰਥ ਸੇਵਕ ਵਿੱਚ ਵੀ ਖ਼ਬਰ ਲਗੀ ਜੋ ਕਿ ਇਸ ਪ੍ਰਕਾਰ ਸੀ:-

*"ਸਾਰੇ ਪੰਥ ਵਿੱਚ ਇਹ ਖਬਰ ਡਾਢੇ ਸ਼ੋਕ ਨਾਲ ਸੁਣੀ ਜਾਵੇਗੀ ਕਿ ਪੰਥ ਪ੍ਰਸਿੱਧ ਬਿਰਧ ਇਤਿਹਾਸਕਾਰ ਸ੍ਰੀਮਾਨ ਬਾਬਾ ਗਯਾਨ ਸਿੰਘ ਗਯਾਨੀ ਸੌ (99) ਵਰ੍ਹੇ ਦੀ ਉਮਰ ਭੋਗ ਕੇ 24 ਸਤੰਬਰ 1921 ਨੂੰ ਸਵੇਰੇ ਸਾਢੇ ਅੱਠ ਵਜੇ ਨਾਭੇ ਵਿੱਚ ਗੁਰਪੁਰੀ ਨੂੰ ਸਿਧਾਰ ਗਏ। ਬਾਬਾ ਗਯਾਨ ਸਿੰਘ ਜੀ ਦੀ ਪੰਥ ਸੇਵਾ ਅਜਿਹੀ ਨਹੀਂ, ਜੋ ਕਿਸੇ ਉਪਮਾ ਦੀ ਮੁਥਾਜ ਹੋਵੇ ਜਾਂ ਥੋਹੜੀਆਂ ਜਿਹੀਆਂ ਸਤਰਾਂ ਵਿੱਚ ਆ ਸਕੇ। ਆਪ ਨੇ ਇਤਿਹਾਸ ਸੰਬੰਧੀ ਪੰਥ ਦੀ ਉਹ ਖਿਦਮਤ ਕੀਤੀ ਹੈ, ਜੋ ਸਾਰੀ ਕੌਮ ਵੱਲ ਡਾਢੀ ਕਦਰ ਦੀ ਹੱਕਦਾਰ ਹੈ। ਆਪ ਨੇ ਸਾਰੇ ਹਿੰਦੂਸਤਾਨ ਵਿੱਚ ਫ਼ੇਰ ਫ਼ੇਰ ਕੇ ਬਿਨਾਂ ਲੋਭ ਤੋਂ ਬਿਨਾਂ ਕਿਸੇ ਕਾਮਨਾ ਦੇ ਮੰਗੀਆਂ ਹੋਈਆਂ ਮਧੂਕੜੀਆਂ ਨਾਲ ਪੇਟ ਭਰ ਕੇ ਸਿੱਖ ਇਤਿਹਾਸ ਇਕੱਠਾ ਕੀਤਾ, ਪਰ ਸ਼ੋਕ ਹੈ ਕਿ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਖ਼ੁਦਗਰਜ਼ ਪ੍ਰਬੰਧਕਾਂ ਨੇ ਅਜਿਹੇ ਨਿਸ਼ਕਾਮ ਅਤੇ ਅਣਥੱਕ ਸੇਵਕ ਦੀ ਉਹ ਦੁਰਦਸ਼ਾ ਕੀਤੀ, ਜੋ ਸੁਣ ਕੇ ਹੀ ਲੂੰ ਕੰਡੇ ਖ਼ੜ੍ਹੇ ਹੋ ਜਾਂਦੇ ਹਨ। ਸਿੱਖ ਇਤਿਹਾਸ ਦੀ ਨਿਸ਼ਕਾਮ ਸੇਵਾ ਬੀਤੇ ਸੌ ਵਰ੍ਹਿਆਂ ਵਿੱਚ ਕੇਵਲ ਦੋ ਵਿਦਵਾਨਾਂ ਨੇ ਕੀਤੀ ਹੈ। ਬਾਬਾ ਗਯਾਨ ਸਿੰਘ ਜੀ ਅਤੇ ਦੂਜੇ ਮਿਸਟਰ ਮੈਕਾਲਿਫ ਇਹ ਦੋਵੇਂ ਇਤਿਹਾਸਕਾਰ ਹੀ ਚੀਫ ਖ਼ਾਲਸਾ ਦੀਵਾਨ ਵਾਲੇ ਸੱਜਣਾਂ ਹੱਥੋ ਹੌਕੇ ਭਰਦੇ ਹੋਏ ਦੁਨੀਆਂ ਤੋਂ ਚਲੇ ਗਏ ਹਨ। ਬਾਬਾ ਜੀ ਦੇ ਗ੍ਰੰਥਾਂ ਅਰ ਬਾਬਾ ਜੀ ਦੀ ਜਾਤ ਨਾਲ ਜੋ ਬੇਤਰਸੀ ਭਰੇ ਸਲੂਕ ਇਨ੍ਹਾਂ ਸੱਜਣਾਂ ਵੱਲੋਂ ਹੋਏ ਹਨ, ਉਨ੍ਹਾਂ ਦੇ ਦੱਸਣ ਅਰ ਸੁਣਨ ਲਈ ਪੱਥਰ ਦੇ ਜਿਗਰਿਆਂ ਦੀ ਲੋੜ ਹੈ। ਭਲਾ ਹੋਵੇ ਮਹਾਰਾਜਾ ਨਾਭਾ, ਜਿਨ੍ਹਾਂ ਦੀ ਕਦਰਦਾਨੀ ਦੀ ਤੁਫ਼ੈਲ ਵਿਚਾਰੇ ਬਾਬਾ ਗਯਾਨ ਸਿੰਘ ਜੀ ਦੇ ਅਖ਼ੀਰਲੇ ਦਿਨ ਡਾਢੇ ਅਰਾਮ ਨਾਲ ਪਾਤਿਸ਼ਾਹਾਂ ਵਾਂਗ ਬੀਤੇ ਹਨ। ਜਿਥੇ ਕਿ ਉਨਾਂ ਲਈ ਆਲੀਸ਼ਾਨ ਕੋਠੀ, ਸ਼ਾਨਦਾਰ ਸਵਾਰੀਆਂ, ਨੌਕਰ ਚਾਕਰ, ਤੇ ਹਰ ਪ੍ਰਕਾਰ ਦੇ ਭੋਜਨ ਏਨੇ ਹਾਜ਼ਰ ਰਹਿੰਦੇ ਸਨ ਕਿ ਬਾਬਾ ਜੀ ਪਾਸ ਆਏ ਗਏ ਦਸ ਸਰੀਰ ਸਦਾ ਪ੍ਰਸ਼ਾਦਾ ਛੱਕ ਸਕਦੇ ਸਨ। ਵਰਨਾ ਸੁਸਾਇਟੀ ਵਾਲਿਆਂ ਨੇ ਤਾਂ ਬਾਬਾ ਜੀ ਦੇ ਹਜ਼ਾਰਾਂ ਰੁਪਏ ਦੀ ਲਾਗਤ ਦੇ ਛਪੇ ਛਪਾਏ ਗ੍ਰੰਥ ਲੈ ਕੇ ਤੇ ਹੋਰ ਬੇਸ਼ੁਮਾਰ ਲਾਭ ਉਠਾਕੇ, ਜੋ 12 ਰੁਪਏ ਦੇਣੇ ਕੀਤੇ ਸਨ, ਉਹ ਵੀ ਕਈ ਸਾਲਾਂ ਤੋਂ ਬੰਦ ਕਰਕੇ ਉਸ ਬੁੱਢੇ ਪੰਥ ਸੇਵਕ ਨੂੰ ਭੁੱਖਾ ਮਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਨਿਆਉਂ ਤਾਂ ਕਲਗੀਆਂ ਵਾਲੇ ਦੇ ਦਰਬਾਰ ਵਿੱਚ ਹੀ ਹੋਣਗੇ। ਸਾਨੂੰ ਨਿਸ਼ਚਾ ਹੈ ਕਿ ਸਾਰੀ ਖ਼ਾਲਸਾ ਕੌਮ ਨੂੰ ਆਪਣੇ ਉਸ ਬਿਰਧ ਇਤਿਹਾਸਕਾਰ ਦੇ ਵਿਛੋੜੇ ਦਾ ਬੇਹਦ ਰੰਜ ਹੋਵੇਗਾ, ਪਰ ਥਾਂ ਥਾਂ ਬਾਬਾ ਜੀ ਦੇ ਚਲਾਣੇ ਅਰ ਸ਼ੋਕ ਦੇ ਗੁਰਮਤੇ ਪਾਸ ਹੋਣਗੇ। ਬਾਬਾ ਜੀ ਦੀ ਆਖਰੀ ਵਸੀਅਤ ਅਨੁਸਾਰ ਉਨ੍ਹਾਂ ਦਾ ਸੰਸਕਾਰ ਨਾਭੇ ਦੇ ਗੁਰੂਦੁਆਰਾ ਬਾਬਾ ਅਜਾਪਾਲ ਸਿੰਘ ਜੀ ਵਿਖੇ ਕੀਤਾ ਗਿਆ। ਤਮਾਮ ਅਹਿਲਕਾਰ ਅਤੇ ਫ਼ੌਜੀ ਅਫ਼ਸਰ ਤੇ ਬੇਸ਼ੁਮਾਰ ਵਾਜਿਆਂ ਗਾਜਿਆਂ ਨਾਲ ਸ਼ਬਦ ਕੀਰਤਨ ਕਰਦੇ ਹੋਏ ਬਾਬਾ ਜੀ ਦਾ ਅੰਤਿਮ ਸੰਸਕਾਰ ਕਰਨ ਲਈ ਗਏ। ਅਖ਼ੀਰ ਵਿੱਚ ਅਸੀਂ ਸ੍ਰੀ ਹਜ਼ੂਰ ਨਾਭਾ ਪਤੀ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦੇ, ਜਿਨ੍ਹਾਂ ਦੀ ਕਦਰਦਾਨੀ ਨਾਲ ਪੰਥ ਦੇ ਬਿਰਧ ਸੇਵਕ ਦੀ ਜ਼ਿੰਦਗੀ ਦੇ ਅਖ਼ੀਰੀ ਸਾਲ ਐਸੇ ਸੁੱਖ ਵਿੱਚ ਬੀਤੇ ਤੇ ਉਸ ਦੇ ਚਲਾਣੇ ਪਰ ਐਸੀ ਕਦਰ ਕੀਤੀ ਗਈ। ਅਕਾਲ ਪੁਰਖ ਸ੍ਰੀ ਨਾਭਾ ਸੁਲਤਾਨ ਨੂੰ ਇਸ ਤੋਂ ਵਧੇਰੇ ਬਲ ਬਖਸ਼ਦਾ ਰਹੇ।"*[115]

ਮਿਸਾਲ ਵਜੋਂ ਮਹਾਰਾਜਾ ਭੁਪਿੰਦਰ ਸਿੰਘ ਆਫ਼ ਪਟਿਆਲਾ, ਮਹਾਰਾਜਾ ਰਿਪੁਦਮਨ ਸਿੰਘ ਆਫ਼

---

[114] ਸੁਖਦਿਆਲ ਸਿੰਘ, *ਉ. ਰ.*, ਪੰਨਾ 239.

[115] *ਪੰਥ ਸੇਵਕ,* (ਰੋਜ਼ਾਨਾ ਪੰਜਾਬੀ ਅਖ਼ਬਾਰ), ਸੰਪਾਦਕ ਚੰਦਾ ਸਿੰਘ, 05 ਅਕਤੂਬਰ 1921, ਕਾਲਮ ਤੀਜਾ-ਚੌਥਾ, ਪੰਨਾ 04.

ਨਾਭਾ ਅਤੇ ਭਾਈ ਅਰਜਨ ਸਿੰਘ ਬਾਗੜੀਆਂ ਵੱਲੋਂ ਸਨਮਾਨ ਪੱਤਰ ਅਤੇ ਸੰਨਦਾ ਪ੍ਰਾਪਤ ਹੋਇਆ। ਮਹਾਰਾਜਾ ਭੂਪਿੰਦਰ ਸਿੰਘ ਆਫ ਪਟਿਆਲਾ ਵੱਲੋਂ ਦਿੱਤੇ ਗਏ ਸਨਮਾਨ ਪੱਤਰ ਵਿੱਚ ਲਿਖਿਆ ਹੈ:-

*"ਇਹ ਮੇਰੇ ਵਾਸਤੇ ਬੜੇ ਮਾਣ ਦੀ ਗੱਲ ਹੈ ਕਿ ਭਾਈ ਗਯਾਨ ਸਿੰਘ ਜੀ ਮੇਰੀ ਹੀ ਰਿਆਸਤ ਵਿੱਚ ਲੌਂਗੋਵਾਲ ਪਿੰਡ ਦੇ ਹਨ ਅਤੇ ਮੈਂ ਵਿਸ਼ੇਸ਼ ਤੌਰ ਤੇ ਇਹ ਜਾਣ ਕੇ ਖੁਸ਼ ਹਾਂ ਕਿ ਇਸੇ ਖ਼ਾਨਦਾਨ ਦੀ ਇੱਕ ਇਸਤਰੀ ਨਾਭੇ ਦੇ ਸਤਿਕਾਰ ਯੋਗ ਮਹਾਰਾਜਾ ਦੀ ਪ੍ਰਸਿੱਧ ਮਾਤਾ ਹੈ। ਇਸ ਪ੍ਰਕਾਰ ਇਨ੍ਹਾਂ ਵੱਲੋਂ ਸਿੱਖ ਧਰਮ ਪ੍ਰਤੀ ਕੀਤੀਆਂ ਗਈਆ ਸੇਵਾਵਾਂ ਮੇਰੇ ਰਾਜ ਲਈ ਮਾਣ ਦਾ ਕਾਰਨ ਹਨ। ਭਾਈ ਗਿਆਨ ਸਿੰਘ ਜੀ ਨੂੰ ਪਟਿਆਲੇ ਦੇ ਫ਼ੌਜੀ ਦੇ ਤੌਰ ਤੇ ਲਜਵਾਨਾਂ ਅਤੇ ਮੁਦਕੀ ਆਦਿ ਦੀਆਂ ਸਿੱਖ ਲੜਾਈਆਂ ਵਿੱਚ ਲੜਨ ਦਾ ਮਾਣ ਪ੍ਰਾਪਤ ਸੀ।"*

ਮਹਾਰਾਜਾ ਰਿਪੁਦਮਨ ਸਿੰਘ ਆਫ਼ ਨਾਭਾ ਵੱਲੋਂ 12 ਦਸੰਬਰ 1917 ਨੂੰ ਦਿੱਤੇ ਗਏ ਸਨਮਾਨ ਪੱਤਰ ਵਿੱਚ ਲਿਖਿਆ ਹੈ:-

*"ਭਾਈ ਗਯਾਨ ਸਿੰਘ ਬੜੇ ਪੁਰਾਤਨੀ ਉੱਤਮ ਸਿੱਖ ਪਰਵਾਰਾਂ ਵਿੱਚੋਂ ਹਨ- ਪਿਛਲੇ ਸਾਲ ਜੁਲਾਈ-ਅਗਸਤ ਵਿੱਚ ਭਾਈ ਹਮੀਰ ਸਿੰਘ ਜੀ ਨੇ ਮਹਾਨ ਭਾਈ ਅਰਜਨ ਸਿੰਘ ਜੀ ਬਾਗੜੀਆਂ ਦੇ ਨਿਰਦੇਸ਼ਨ ਹੇਠ ਬੜੀਆਂ ਕੀਮਤੀ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਝਗੜਿਆਂ ਨੂੰ ਨਿਬੇੜਨ ਵਿੱਚ ਜਿਹੜੇ ਕਿ ਮੇਰੀ ਰਿਆਸਤ ਤੇ ਪਟਿਆਲਾ ਰਿਆਸਤ ਵਿੱਚ ਸਨ, ਤੇ ਆਪੋ ਵਿੱਚ ਸੁਲ੍ਹਾ ਕਰਾਉਣ ਵਿੱਚ ਉਨ੍ਹਾਂ ਨੇ ਬੜੇ ਕਠਨ ਹਾਲਾਤ ਵਿੱਚ ਕੰਮ ਕੀਤਾ ਅਤੇ ਗੱਲਬਾਤ ਨੂੰ ਸਿਰੇ ਚੜ੍ਹਾਉਣ ਵਿੱਚ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਅਣਥੱਕ ਕੋਸ਼ਿਸ਼ਾਂ ਦੇ ਲਈ ਬੜੀ ਪ੍ਰਸ਼ੰਸ਼ਾ ਕਰਦਾ ਹਾਂ।"*

ਭਾਈ ਅਰਜਨ ਸਿੰਘ ਬਾਗੜੀਆਂ ਵੱਲੋਂ 7 ਅਕਤੂਬਰ 1917 ਵਿੱਚ ਦਿੱਤੇ ਸਨਮਾਨ ਪੱਤਰ ਵਿੱਚ ਲਿਖਿਆ ਗਿਆ ਹੈ:-

*"ਮੈਂ ਪ੍ਰਸਿੱਧ ਸਿੱਖ ਇਤਿਹਾਸਕਾਰ ਗਯਾਨੀ ਗਯਾਨ ਸਿੰਘ ਜੀ ਨੂੰ ਕਾਫ਼ੀ ਲੰਮੇ ਸਮੇਂ ਤੋਂ ਜਾਣਦਾ ਹਾਂ ਤੇ ਮੈਂ ਉਨ੍ਹਾਂ ਦੇ ਦੋਹਤੇ ਗਯਾਨੀ ਹਮੀਰ ਸਿੰਘ ਜੀ ਨੂੰ ਵੀ ਪਿਛਲੇ ਤਿੰਨ ਚਾਰ ਸਾਲ ਤੋਂ ਜਾਣਦਾ ਹਾਂ.... ਭਾਈ ਹਮੀਰ ਸਿੰਘ ਜੀ ਵੱਲੋਂ ਪਿਛਲੇ ਕੁਝ ਮਹੀਨੀਆਂ ਵਿੱਚ ਕੀਤੀਆਂ ਗਈਆਂ ਸੇਵਾਵਾਂ ਦੀ ਸਲਾਘਾ ਵਿੱਚ ਇਹ ਕੁਝ ਸਤਰਾਂ ਲਿਖਣ ਵਿੱਚ ਮੈਨੂੰ ਬੜੀ ਖੁਸ਼ੀ ਹੈ। ਭਾਈ ਹਮੀਰ ਸਿੰਘ ਜੀ ਨੇ ਤਨੇ ਮਨੇ ਹੋ ਕੇ ਇਨ੍ਹਾਂ ਦਿਨਾ ਵਿੱਚ ਮੇਰੇ ਨਾਲ ਸੇਵਾ ਕੀਤੀ, ਜਦੋਂ ਕਿ ਮੈਂ ਨਾਭੇ ਤੇ ਪਟਿਆਲੇ ਦੇ ਮਹਾਰਾਜਿਆਂ ਵਿੱਚਕਾਰ ਸੁਲ੍ਹਾ ਕਰਵਾਉਣ ਲਈ ਰੁਝਿਆ ਹੋਇਆ ਸੀ। ਉਨ੍ਹਾਂ ਨੇ ਇਸ ਉਦੇਸ਼ ਲਈ ਮਹਾਨ ਕੁਰਬਾਨੀ ਕੀਤੀ ਅਤੇ ਆਪ ਸਾਰੇ ਹੀ ਸੰਬੰਧਤ ਵਿਅਕਤੀਆਂ ਵੱਲੋਂ ਦਿਖਾਈ ਗਈ ਦਿਲਚਸਪੀ ਉਨ੍ਹਾਂ ਦੇ ਪਰਿਵਾਰਾਂ ਦੀਆਂ ਰਵਾਇਤਾਂ ਦੇ ਮੁਤਾਬਿਕ ਹਨ।"*

ਭਸੌੜ ਲਹਿਰ ਦੇ ਬਾਨੀ ਬਾਬੂ ਤੇਜਾ ਸਿੰਘ ਜੀ ਨੇ 17-01-1917 ਦੇ ਇੱਕ ਪੱਤਰ ਰਾਹੀਂ ਗਿਆਨ ਸਿੰਘ ਜੀ ਬਾਰੇ ਇਸ ਤਰ੍ਹਾ ਲਿਖਿਆ ਹੈ:-

*"ਸ੍ਰੀ ਮਾਨ ਜੀ! ਜੋ ਕੁਝ ਆਪ ਦੀ ਕਲਮ ਤੋਂ ਦਾਸ ਨੂੰ ਲਾਭ ਹੋਇਆ ਹੈ, ਉਸ ਨੂੰ ਦਾਸ ਹੀ ਜਾਣਦਾ ਹੈ। ਦਾਸ ਆਪ ਦੀਆਂ ਪੁਸਤਕਾਂ ਸੰਮਤ (1887 ਈ.)ਤੋ ਪੜ੍ਹਦਾ ਆ ਰਿਹਾ ਹੈ, ਜਿਸ ਨੂੰ ਤੀਸ ਸਾਲ ਹੋਏ ਹਨ। ਮੈਂ ਆਪ ਦੀ ਰਚਨਾ ਨੂੰ ਵੱਡੀ ਇੱਜਤ ਨਾਲ ਦੇਖਦਾ ਹਾਂ। ਇਸੀ ਖਾਤਰ ਇਸ ਆਸ਼ਰਮ ਵਿੱਚ ਛੇਵੀਂ, ਸੱਤਵੀਂ, ਅਤੇ ਅੱਠਵੀਂ ਸ੍ਰੇਣੀ ਵਿੱਚ ਆਪ ਦੀ ਗੁਰੂ ਖ਼ਾਲਸਾ ਤਵਾਰੀਖ਼ ਤੋਂ ਸ਼ਮਸ਼ੇਰ ਖ਼ਾਲਸਾ ਤਵਾਰੀਖ਼ ਤੱਕ ਸਕੀਮ ਵਿੱਚ ਰੱਖੀ ਹੈ ਪਰ ਅਫਸੋਸ ਕੀ ਉਸ ਦੀ ਕੋਈ ਕਾਪੀ ਨਹੀਂ ਮਿਲਦੀ।"*

ਫ਼ਰਵਰੀ 1919 ਵਿੱਚ ਸਿਆਲਕੋਟ ਸ਼ਹਿਰ ਦੀ ਸਿੱਖ ਸੰਗਤ ਨੇ, ਬਾਬਾ ਖੜਗ ਸਿੰਘ ਜੀ (ਸਿੱਖ

ਲੀਗੀ ਨੇਤਾ) ਵੀ ਸਨ, ਇੱਕ ਪੱਤਰ ਗਯਾਨ ਸਿੰਘ ਨੂੰ ਲਿਖਿਆ ਸੀ। ਇਸ ਵਿੱਚ ਇਨ੍ਹਾਂ ਦੀਆਂ ਲਿਖਤਾਂ ਬਾਰੇ ਇਉਂ ਲਿਖਿਆ ਹੈ:-

*"ਆਪ ਨੇ ਤਵਾਰੀਖ਼ ਦਾ ਹੱਕ ਸੁਸਾਇਟੀ ਵਾਲਿਆਂ ਨੂੰ ਛਾਪਣ ਲਈ ਦੇ ਦਿੱਤਾ ਸੀ, ਜੋ ਉਨ੍ਹਾਂ ਨੇ ਅੱਜ ਤੱਕ ਛਾਪੀ ਨਹੀਂ, ਔਰ ਪੰਥ ਇਸ ਤਵਾਰੀਖ਼ ਦਾ ਅਤਿਅੰਤ ਅਭਿਲਾਖੀ ਹੈ ਕਿਉਂਕਿ ਇਸ ਤਵਾਰੀਖ਼ ਨੇ ਪੰਥ ਦਾ ਅਤਿਅੰਤ ਹੀ ਸੁਧਾਰ ਕੀਤਾ ਹੈ ਔਰ ਇਹ ਤਵਾਰੀਖ਼, ਖ਼ਾਲਸਾ ਪੰਥ ਲਈ ਸ੍ਰੀ ਲਛਮਣ ਜੀ ਵਾਲੀ ਸੰਜੀਵਨੀ ਬੂਟੀ ਹੈ। ਤਾਂ ਤੇ ਹੁਣ ਪੰਥ ਰੂਪ ਪਪੀਹਾ ਤਵਾਰੀਖ਼ ਰੂਪੀ ਸ਼ਾਂਤੀ ਬੂੰਦ ਬਿਨਾਂ ਦੁਖੀ ਹੋ ਰਿਹਾ ਹੈ। ਏਸ ਸ਼ਹਿਰ ਸਯਾਲਕੋਟ ਤੇ ਬਾਬੇ ਦੀ ਬੇਰ ਵਾ ਔਰ ਨਗਰਾਂ ਦੇ ਸਿੱਖ, ਸੰਗਤ ਸਰਦਾਰ, ਰਈਸ, ਅਮੀਰ, ਗਿਆਨੀ, ਗੁਣੀ, ਗ੍ਰੰਥੀ ਆਦਿ ਦੀ ਹੱਥ ਜੋੜ ਕੇ ਸਨਿਮਰ ਹਿਰਦੇ ਸੇ ਪ੍ਰਾਥਨਾ ਹੈ ਕਿ ਤਵਾਰੀਖ਼ ਦੇ ਪੰਜੇ ਹੀ ਹਿੱਸੇ ਛਾਪ ਕਰਕੇ ਪੰਥ ਦੀ ਅਭਿਲਾਖਾ ਪੂਰੀ ਕਰੋ।"*[116]

ਸੋ ਅਸੀਂ ਅੰਤ ਵਿੱਚ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗਿਆਨੀ ਗਿਆਨ ਸਿੰਘ ਨੂੰ ਉਸ ਸਮੇਂ ਦੀ ਜੇ ਮੌਜੂਦਾ ਸਰਕਾਰ ਸਹਿਯੋਗ ਕਰਦੀ ਤਾਂ ਅੱਜ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਸਾਡੇ ਵਿਚਕਾਰ ਹੁੰਦੀਆਂ। ਰਿਆਸਤਾਂ 'ਚ ਚੰਗਾ ਆਉਣ-ਜਾਣ ਹੋਣ ਦੇ ਬਾਵਜੂਦ ਵੀ ਗਿਆਨੀ ਗਿਆਨ ਸਿੰਘ ਨੇ ਇਸ ਨੂੰ ਆਪਣੇ ਨਿੱਜੀ ਸਵਾਰਥ ਲਈ ਨਾ ਵਰਤਿਆ। ਸਗੋਂ ਪੂਰੀ ਜਿੰਦਗੀ ਹੀ ਸੰਘਰਸ਼ ਕਰਦਿਆਂ ਲੰਘਾ ਦਿੱਤੀ। ਇੱਕ ਗਰੀਬ ਜੱਟ ਦੇ ਘਰ ਪੈਦਾ ਹੋ ਕੇ, ਅੱਤ ਦੀ ਗਰੀਬੀ 'ਚੋਂ ਨਿਕਲਦਾ ਹੋਇਆ ਗਿਆਨੀ ਗਿਆਨ ਸਿੰਘ ਸ਼ਾਹੀ ਰਿਆਸਤਾਂ ਤੱਕ ਪਹੁੰਚ ਗਿਆ। ਸਿੱਖ ਹਿਸਟਰੀ ਸੁਸਾਇਟੀ ਹੋਵੇ, ਚਾਹੇ ਖ਼ਾਲਸਾ ਟ੍ਰੈਕਟ ਸੁਸਾਇਟੀ ਇਨ੍ਹਾਂ ਸਭ ਵੱਲੋਂ ਕੀਤੇ ਵਿਸ਼ਵਾਸ਼ਘਾਤ ਨੇ ਗਿਆਨੀ ਗਿਆਨ ਸਿੰਘ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ। ਗਿਆਨੀ ਗਿਆਨ ਸਿੰਘ ਨੂੰ ਸਾਹਿਤ ਅਤੇ ਖ਼ਾਸ ਕਰਕੇ ਸਿੱਖ ਧਰਮ ਨਾਲ ਬਹੁਤ ਪਿਆਰ ਸੀ। ਇਸ ਲਈ ਉਸ ਨੇ ਲੰਬੀਆਂ ਯਾਤਰਾਵਾਂ ਕਰਕੇ ਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ 'ਤੇ ਨਿੱਜੀ ਤੌਰ ਤੇ ਜਾ ਕੇ, ਲੋਕਾਂ ਨਾਲ ਮਿਲ ਕੇ ਸਾਰੀ ਸੂਚਨਾ ਸਮੱਗਰੀ ਇਕੱਠੀ ਕੀਤੀ ਅਤੇ ਅਨੇਕ ਗ੍ਰੰਥਾਂ ਵਿੱਚ ਇਸ ਨੂੰ ਲਿਖ ਕੇ ਸਾਡੇ ਸਾਹਮਣੇ ਪੇਸ਼ ਕਰਨਾ ਚਾਹਿਆ। ਪਰ ਬਦਕਿਸਮਤੀ ਕੇ ਕੁਝ ਕੁ ਕਿਤਾਬਾਂ ਤਾਂ ਗਿਆਨੀ ਗਿਆਨ ਸਿੰਘ ਦੀਆਂ ਮਿਲਦੀਆਂ ਹਨ, ਪਰ ਕੁਝ ਤਾਂ ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ। ਏਨੇ ਯਤਨ ਕਰਨ ਦੇ ਬਾਵਜੂਦ ਵੀ ਉਨ੍ਹਾਂ ਦੇ ਅਲੋਪ ਹੋ ਚੁੱਕੇ ਸਾਹਿਤ ਦਾ ਕੁਝ ਵੀ ਪਤਾ ਨਹੀਂ ਲੱਗ ਸਕਿਆ। ਗਿਆਨੀ ਗਿਆਨ ਸਿੰਘ ਨੇ ਹਰੇਕ ਘਟਨਾ ਨੂੰ ਵਿਸਥਾਰ ਨਾਲ ਦਿੰਦੇ ਹੋਇਆਂ ਚਾਹੇ ਮਿਥਿਹਾਸ ਦਾ ਵੀ ਸਹਾਰਾ ਲਿਆ ਹੈ, ਪਰ ਪੰਜਾਬ ਦੇ ਮੁਢਲੇ ਇਤਿਹਾਸ ਨੂੰ ਜਾਣਨ ਲਈ ਗਿਆਨੀ ਜੀ ਦੀਆਂ ਲਿਖਤਾਂ ਖ਼ਾਸ ਕਰਕੇ ਪੰਥ ਪ੍ਰਕਾਸ਼, ਤਵਾਰੀਖ਼ ਗੁਰੂ ਖ਼ਾਲਸਾ, ਸਮਸ਼ੇਰ ਖ਼ਾਲਸਾ, ਤਵਾਰੀਖ਼ ਅੰਮ੍ਰਿਤਸਰ ਆਦਿ ਇਹ ਬਹੁਤ ਹੀ ਮਹੱਤਵਪੂਰਨ ਹਨ, ਕੋਈ ਵੀ ਇਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਇਤਿਹਾਸ ਦੇ ਮੁੱਢ ਤੱਕ ਨਹੀਂ ਜਾ ਸਕਦਾ।

ਗਿਆਨੀ ਗਿਆਨ ਸਿੰਘ ਜੋ ਕਿ ਇੱਕ ਨਿਰਮਲਾ ਸੰਤ ਵਿਦਵਾਨ ਸੀ। ਉਸ ਦੀਆਂ ਲਿਖਤਾਂ ਵਿੱਚ

---

[116] ਸੁਖਦਿਆਲ ਸਿੰਘ, *ੳ. ਰ.,* ਪੰਨੇ 240-41.

ਨਿਰਮਲਾ ਦ੍ਰਿਸ਼ਟੀਕੋਣ ਵੀ ਸਾਫ਼ ਨਜ਼ਰ ਆਉਂਦਾ ਹੈ। ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ ਮਿਥਿਹਾਸ ਵੀ ਕਾਫ਼ੀ ਪਾਇਆ ਜਾਂਦਾ ਹੈ। ਉਸ ਸਮੇਂ ਸਿੱਖਾਂ ਵਿੱਚ ਸਿੰਘ ਸਭਾ ਦਾ ਵੀ ਕਾਫ਼ੀ ਪ੍ਰਭਾਵ ਸੀ। ਡਾਕਟਰ ਚਰਨ ਸਿੰਘ, ਵਜ਼ੀਰ ਸਿੰਘ, ਤ੍ਰਿਲੋਚਨ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਆਦਿ ਇਹ ਵਿਦਵਾਨ ਸਿੰਘ ਸਭਾ ਪ੍ਰਚਾਰ ਤੋਂ ਬਹੁਤ ਪ੍ਰਭਾਵਿਤ ਸਨ। ਚੰਗੇ ਘਰਾਂ 'ਚ ਜਨਮੇ ਹੋਣ ਕਰਕੇ ਇਨ੍ਹਾਂ ਸਾਰਿਆਂ ਦਾ ਸ਼ਾਹੀ ਰਿਆਸਤਾਂ ਵਿੱਚ ਵੀ ਕਾਫ਼ੀ ਪ੍ਰਭਾਵ ਸੀ। ਪਟਿਆਲਾ ਵਿੱਚ ਪੰਡਿਤ ਤਾਰਾ ਸਿੰਘ ਨਰੋਤਮ ਦੀ ਰਹਿਨੁਮਾਈ ਹੇਠ ਨਿਰਮਲੇ ਸੰਤਾਂ ਦਾ ਇਕ ਕੇਂਦਰ ਵੀ ਖੋਲ੍ਹਿਆ ਗਿਆ ਸੀ। ਇਸ ਲਈ ਇਹ ਕੁਦਰਤੀ ਗੱਲ ਹੈ ਕਿ ਸਿੰਘ ਸਭਾ ਦੇ ਵਿਦਵਾਨਾਂ ਤੇ ਨਿਰਮਲੇ ਵਿਦਵਾਨਾਂ ਵਿੱਚ ਸਿਧਾਂਤਕ ਮੱਤਭੇਦ ਹੋਣਾ ਸੁਭਾਵਿਕ ਸੀ। ਗਿਆਨੀ ਗਿਆਨ ਸਿੰਘ ਅੰਮ੍ਰਿਤਸਰ ਦੇ ਵਾਂਗ ਪਟਿਆਲੇ ਨੂੰ ਵੀ ਸਿੱਖ ਸਾਹਿਤ ਦਾ ਵੱਡਾ ਕੇਂਦਰ ਬਣਾਉਣਾ ਚਾਹੁੰਦੇ ਸਨ। ਜਿਸ ਵਿੱਚ ਹਰ ਤਰ੍ਹਾਂ ਦੀਆਂ ਸਿੱਖ ਗਤੀਵਿਧੀਆਂ ਸ਼ਾਮਿਲ ਹੋਣਗੀਆਂ। ਸ਼ਾਹੀ ਰਿਆਸਤਾਂ ਵੀ ਇਹ ਚਾਹੁੰਦੀਆਂ ਸਨ ਇਸੇ ਲਈ ਸੰਨ 1862 ਈ. ਵਿੱਚ ਨਿਰਮਲਾ ਅਖਾੜਾ ਕਾਇਮ ਕੀਤਾ ਗਿਆ ਤੇ ਸੰਨ 1916 ਈ. ਵਿੱਚ ਭੁਪਿੰਦਰ ਸਿੰਘ ਦੇ ਸਮੇਂ ਸਿੱਖ ਹਿਸਟਰੀ ਸੁਸਾਇਟੀ ਵੀ ਸਥਾਪਿਤ ਕੀਤੀ ਗਈ, ਪਰ ਬਦਕਿਸਮਤੀ ਨਾਲ ਪਟਿਆਲਾ ਅੰਮ੍ਰਿਤਸਰ ਵਾਂਗ ਸਿੱਖ ਗਤੀਵਿਧੀਆਂ ਦਾ ਹਰਮਨ ਪਿਆਰਾ ਸਥਾਨ ਨਾ ਬਣ ਸਕਿਆ।

ਗਿਆਨੀ ਗਿਆਨ ਸਿੰਘ ਦੀ ਗਰੀਬੀ ਤੇ ਆਰਥਿਕ ਤੰਗੀ ਨੇ ਜਿੱਥੇ ਉਸ ਦਾ ਨੁਕਸਾਨ ਕੀਤਾ, ਉੱਥੇ ਨਾਲ ਹੀ ਮੌਜੂਦਾ ਰਾਜਨੀਤਿਕ ਹਾਲਾਤਾਂ ਨੇ ਵੀ ਗਿਆਨੀ ਗਿਆਨ ਸਿੰਘ ਨੂੰ ਥੱਲੇ ਦੱਬਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਪਰ ਫ਼ੇਰ ਵੀ ਗਿਆਨੀ ਗਿਆਨ ਸਿੰਘ ਉਨ੍ਹਾਂ ਮਹਾਨ ਇਤਿਹਾਸਕਾਰਾਂ ਵਿੱਚ, ਮੂਹਰਲੀ ਕਤਾਰ ਆਉਂਦੇ ਹਨ, ਜਿਨ੍ਹਾਂ ਦੀਆਂ ਲਿਖਤਾਂ ਦੇ ਅਧਿਐਨ ਤੋਂ ਬਿਨਾਂ ਕੋਈ ਵੀ ਲਿਖਤ ਸੰਪੂਰਨ ਨਹੀਂ ਹੋ ਸਕਦੀ। ਆਪਣੀਆਂ ਮਹਾਨ ਲਿਖਤਾਂ ਕਰਕੇ ਗਿਆਨੀ ਗਿਆਨ ਸਿੰਘ ਸਦਾ ਹੀ ਪਾਠਕਾਂ ਵਿੱਚ ਜ਼ਿੰਦਾ ਰਹੇਗਾ ਤੇ ਉਸ ਦੀ ਇਸ ਸਾਹਿਤ ਸਿਰਜਣਾ ਦੀ ਮਹੱਤਵਪੂਰਨ ਦੇਣ ਦਾ ਸਾਡੇ ਇਤਿਹਾਸ ਉੱਪਰ ਸਦਾ ਅਹਿਸਾਨ ਰਹੇਗਾ। ਜਿਸ ਦਾ ਉਤਾਰਾ ਅਸੀਂ ਚਾਹ ਕੇ ਵੀ ਨਹੀਂ ਕਰ ਸਕਦੇ। ਗਿਆਨੀ ਗਿਆਨ ਸਿੰਘ ਆਪਣੀਆਂ ਲਿਖਤਾਂ ਰਾਹੀਂ ਹਮੇਸ਼ਾ ਲਈ ਸਦਜਾਗਤ ਰਹੇਗਾ।

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਜੀਵਨ ਅਤੇ ਸਮਕਾਲ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਇਸ ਅਧਿਆਇ ਦੇ ਸਮਾਪਨ ਤੋਂ ਬਾਅਦ ਖੋਜ ਕਾਰਜ ਦਾ ਅਗਲਾ ਅਧਿਆਇ ਗੁਰੂ ਕਾਲ ਨਾਲ ਸੰਬੰਧਿਤ ਹੈ, ਜਿਸ ਵਿੱਚ ਦੋਵਾਂ ਪੰਥ ਪ੍ਰਕਾਸ਼ਾਂ ਵਿੱਚ ਦਰਜ ਗੁਰੂ ਕਾਲ ਨਾਲ ਸੰਬੰਧਿਤ ਜਾਣਕਾਰੀ ਦਾ ਤੁਲਨਾਤਮਿਕ ਅਧਿਐਨ ਕੀਤਾ ਜਾਵੇਗਾ।

# ਅਧਿਆਇ ਤੀਜਾ

# ਗੁਰੂ ਕਾਲ

ਪੰਦਰ੍ਹਵੀਂ ਸਦੀ ਦੌਰਾਨ ਆਪਣੀ ਹੋਂਦ ਗ੍ਰਹਿਣ ਕਰਨ ਵਾਲੇ ਸਿੱਖ ਧਰਮ ਨੂੰ ਅਧਿਆਤਮਿਕ ਅਤੇ ਵਿਗਿਆਨਿਕ ਨਜ਼ਰੀਏ ਤੋਂ ਦੁਨੀਆਂ ਦਾ ਸਭ ਤੋਂ ਨਿਵੇਕਲਾ ਅਤੇ ਨਵੀਨਤਮ ਧਰਮ ਮੰਨਿਆ ਜਾ ਸਕਦਾ ਹੈ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਪਰਮ ਪਿਤਾ ਪਰਮਾਤਮਾ, ਉਸ ਦੇ ਨਿਰੰਕਾਰ ਹੋਣ ਦਾ ਤੇ ਬ੍ਰਹਿਮੰਡ ਦੇ ਕਣ-ਕਣ ਵਿੱਚ ਉਸ ਦੇ ਮੌਜੂਦ ਹੋਣ ਦਾ ਸੰਦੇਸ਼ ਦੁਨੀਆਂ ਭਰ ਵਿੱਚ ਫ਼ੈਲਾਇਆ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸਮਾਜ ਵਿੱਚ ਫ਼ੈਲੀਆਂ ਕੁਰੀਤੀਆਂ ਨੂੰ ਭੰਡਿਆ, ਜਾਤ-ਪਾਤ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ, ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਈ ਅਤੇ ਹੱਕ-ਸੱਚ ਦੀ ਕਮਾਈ ਦਾ ਉਪਦੇਸ਼ ਦਿੱਤਾ। ਸੰਨ 1469 ਈ. ਤੋਂ ਸੰਨ 1708 ਈ. ਤੱਕ ਦੇ 239 ਸਾਲਾਂ ਦੇ ਸਮੇਂ ਦੌਰਾਨ, ਦਸ ਗੁਰੂ ਸਾਹਿਬਾਨ ਨੇ ਆਪਣੇ ਕਾਲ ਦੌਰਾਨ ਨਿਵੇਕਲੇ ਤੇ ਵਿਲੱਖਣ ਕਾਰਜ ਕਰਕੇ ਜਿਵੇਂ; ਇੱਕੋ ਅਕਾਲਪੁਰਖ ਨੂੰ ਮੰਨਣਾ, ਸਰਬੱਤ ਦੇ ਭਲੇ ਦਾ ਸੰਕਲਪ, ਸੰਗਤ ਪ੍ਰਥਾ, ਲੰਗਰ ਪ੍ਰਥਾ, ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ, ਸ਼ਹੀਦੀ ਦੀ ਪ੍ਰੰਪਰਾ, ਮੀਰੀ ਪੀਰੀ ਦੀ ਪ੍ਰੰਪਰਾ, ਵਾਤਾਵਰਣ ਦੀ ਸਾਂਭ ਸੰਭਾਲ, ਦੂਜੇ ਲਈ ਕੁਰਬਾਨ ਹੋਣ ਦਾ ਸੰਕਲਪ, ਜਾਤ-ਪਾਤ ਊਚ-ਨੀਚ ਨੂੰ ਖਤਮ ਕਰਨ ਲਈ ਖ਼ਾਲਸਾ ਪੰਥ ਦੀ ਸਾਜਨਾ, ਜ਼ੁਲਮ ਨਾਲ ਟਾਕਰਾ, ਮਜ਼ਲੂਮ ਦੀ ਰੱਖਿਆ ਆਦਿ ਕਾਰਜਾਂ ਨੂੰ ਲੜੀਵਾਰ ਕਰਦੇ ਹੋਏ ਸਿੱਖ ਧਰਮ ਨੂੰ ਅਮਲੀ ਜਾਮਾ ਪਹਿਨਾਇਆ। ਦਸ ਗੁਰੂ ਸਾਹਿਬਾਨ ਨੇ ਲੜੀਵਾਰ ਆਪਣੇ ਤੋਂ ਪਿਛਲੇ ਗੁਰੂ ਸਾਹਿਬ ਦੁਆਰਾ ਦਿੱਤੀਆਂ ਗਈਆਂ ਸਿੱਖਿਆਵਾਂ ਅਤੇ ਸੰਦੇਸ਼ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਇਆ ਅਤੇ ਆਪਣੇ ਵੱਲੋਂ ਬਣਦਾ ਯੋਗਦਾਨ ਵੀ ਨਾਲੋ-ਨਾਲ ਜਾਰੀ ਰੱਖਿਆ। ਜਿਸ ਦੇ ਫ਼ਲਸਰੂਪ 239 ਸਾਲਾਂ ਦੇ ਤਪ ਵਿੱਚੋਂ ਸਿੱਖ ਧਰਮ ਸੰਪੂਰਨ ਰੂਪ ਵਿੱਚ ਪ੍ਰਗਟ ਹੋਇਆ। ਦਸ ਗੁਰੂ ਸਾਹਿਬਾਨ ਦੀ ਪਵਿੱਤਰ ਜੋਤ ਨੇ ਹਰੇਕ ਕਾਰਜ ਸਮਾਜ ਦੀ ਨੈਤਿਕਤਾ ਅਤੇ ਸਰਬੱਤ ਦੀ ਭਲਾਈ ਲਈ ਹੀ ਕੀਤਾ। ਗੁਰੂ ਸਾਹਿਬਾਨ ਦੀ ਬਾਣੀ ਜਾਂ ਸਿੱਖਿਆਵਾਂ ਨੇ ਸਹੀ ਅਰਥਾਂ ਵਿੱਚ ਇਨਸਾਨ ਨੂੰ ਧਾਰਮਿਕ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਜਿਊਂਦੇ ਰਹਿਣ ਦਾ ਵੱਲ ਸਿਖਾਇਆ। ਇਹ ਗੁਰੂ ਸਾਹਿਬਾਨ ਦੀ ਬਾਣੀ ਜਾਂ ਸਿੱਖਿਆਵਾਂ ਦਾ ਹੀ ਪ੍ਰਤਾਪ ਸੀ, ਜੋ ਦੱਬੇ-ਕੁਚਲੇ ਲੋਕ ਜਾਤ-ਪਾਤ ਤੋਂ ਰਹਿਤ ਹੋ ਕੇ, ਸਿੰਘ ਸਜਕੇ, ਇੱਕ ਜੁੱਟ ਹੋ ਕੇ ਜ਼ੁਲਮ ਦੇ ਖਿਲਾਫ਼ ਖੜ੍ਹੇ ਹੋਏ। ਗੁਰੂ ਸਾਹਿਬਾਨ ਜਾਂ ਉਨ੍ਹਾਂ ਦੀਆਂ ਸਿੱਖਿਆਵਾਂ ਨੇ ਦੇਸ਼-ਦੇਸ਼ਾਂਤਰ ਦੇ

ਲੋਕਾਂ ਨੂੰ ਰੂਹਾਨੀਅਤ, ਅਜ਼ਾਦੀ ਅਤੇ ਸਨਮਾਨ ਭਰਪੂਰ ਜ਼ਿੰਦਗੀ ਜਿਊਣ ਦੀ ਸਹੀ ਜਾਚ ਦੱਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਤੋਂ ਸਿੱਖਾਂ ਨੇ ਨਾਮ ਸਿਮਰਨ, ਸਾਂਤੀ, ਸਬਰ-ਸੰਤੋਖ, ਸਹਿਣਸ਼ੀਲਤਾ, ਤਿਆਗ, ਕੁਰਬਾਨੀ, ਦਲੇਰੀ, ਬਹਾਦਰੀ, ਹਰ ਪਲ ਚੜ੍ਹਦੀ ਕਲਾ ਵਿੱਚ ਰਹਿਣਾ, ਹਰ ਸੁਖ-ਦੁੱਖ ਨੂੰ ਅਕਾਲਪੁਰਖ ਦਾ ਭਾਣਾ ਮੰਨਕੇ ਖਿੜੇ ਮੱਥੇ ਪ੍ਰਵਾਨ ਕਰਨਾ ਆਦਿ ਗੁਣ ਵੀ ਗ੍ਰਹਿਣ ਕੀਤੇ। ਸਿੱਖ ਧਰਮ ਦੇ ਅਨੁਯਾਈਆਂ ਮੁਤਾਬਿਕ ਦਸ ਗੁਰੂ ਸਾਹਿਬਾਨ ਦੀ ਪਵਿੱਤਰ ਜੋਤ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਉਨ੍ਹਾਂ ਵਿਚਕਾਰ ਮੌਜੂਦ ਹੈ ਅਤੇ ਸ਼ਬਦ ਗੁਰੂ ਦੇ ਰੂਪ ਵਿੱਚ ਸੰਗਤਾਂ ਦਾ ਰਾਹ ਦਸੇਰਾ ਬਣਕੇ ਵਿਚਰ ਰਹੀ ਹੈ।

## ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਅਨੁਸਾਰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਗਿਆ ਹੈ। ਰਤਨ ਸਿੰਘ ਭੰਗੂ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਰਾਇ-ਭੋਇ ਦੀ ਤਲਵੰਡੀ ਵਿੱਚ ਬੇਦੀ ਖੱਤਰੀ ਕਾਲੂ ਦਾਸ ਦੇ ਘਰ ਸੰਮਤ 1526 ਬਿਕ੍ਰਮੀ ਵਿੱਚ ਹੋਇਆ ਦੱਸਦਾ ਹੈ ਅਤੇ ਗੁਰੂ ਸਾਹਿਬ ਦੀ ਮਾਤਾ ਦਾ ਨਾਂ ਤ੍ਰਿਪਤਾ ਦੱਸ ਰਿਹਾ ਹੈ।[1] ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੁਆਰਾ ਉਪਰੋਕਤ ਜਾਣਕਾਰੀ ਦੀ ਪ੍ਰੋੜਤਾ ਕਰਦਾ ਹੈ।[2] ਕੇਸਰ ਸਿੰਘ ਛਿੱਬਰ ਤੇ ਸੰਤੋਖ ਸਿੰਘ ਵੀ ਗੁਰੂ ਜੀ ਦਾ ਜਨਮ ਸੰਮਤ 1526 ਬਿਕ੍ਰਮੀ ਦਾ ਹੀ ਦੱਸਦੇ ਹਨ, ਪਰ ਨਾਲ ਜਨਮ ਤਾਰੀਖ਼ ਕੱਤਕ ਸੁਦੀ ਚੌਦ੍ਹਾਂ ਦੀ ਪੂਰਨਮਾਸ਼ੀ ਦੀ ਰਾਤ ਦਾ ਦੱਸਦੇ ਹਨ।[3] ਜਦੋਂ ਕਿ ਸਰੂਪ ਦਾਸ ਭੱਲਾ ਗੁਰੂ ਜੀ ਦਾ ਜਨਮ ਸੰਮਤ 1552 ਬਿਕ੍ਰਮੀ ਵਿੱਚ ਵੈਸਾਖ ਸੁਦੀ ਤਿੰਨ ਦੇ ਰਿਹਾ ਹੈ।[4] ਗੁਰੂ ਨਾਨਕ ਦੇਵ ਜੀ ਸੰਬੰਧੀ ਜਾਣਕਾਰੀ ਦਿੰਦੀ ਸਭ ਤੋਂ ਪਹਿਲੀ ਲਿਖਤ ਭਾਈ ਬਾਲੇ ਦੀ ਜਨਮਸਾਖੀ ਵੀ ਗੁਰੂ ਜੀ ਦੇ ਜਨਮ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦੀ ਹੈ, ਪਰ 'ਕੱਤਕ ਕਿ ਵਿਸਾਖ' ਪੁਸਤਕ ਰਾਹੀਂ ਕਰਮ ਸਿੰਘ ਹਿਸਟੋਰੀਅਨ ਨੇ ਭਾਈ ਬਾਲੇ ਦੀ ਜਨਮਸਾਖੀ ਸੰਬੰਧੀ ਕਈ ਪ੍ਰਸ਼ਨ ਪੈਦਾ ਕਰ ਦਿੱਤੇ, ਜੋ ਕਿ ਗੁਰੂ ਸਾਹਿਬ ਦਾ ਜਨਮ ਕੱਤਕ ਦੀ ਥਾਂ ਵਿਸਾਖ ਵਿੱਚ ਹੋਇਆ

---

1. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 10.
2. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 30.
3. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਡੀਸ਼ਨ ਦੂਜਾ, 2005, ਪੰਨਾ 46; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦੂਜੀ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨਾ 150.
4. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ - ਭਾਗ ਪਹਿਲਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਅਡੀਸ਼ਨ ਤੀਜਾ 1999, ਪੰਨਾ 69.

ਪ੍ਰਮਾਣਿਤ ਕਰਦੀ ਹੈ।[5] ਪਰ ਸਰੂਪ ਸਿੰਘ ਕੌਸ਼ਿਸ਼, ਗਿਆਨੀ ਮਹਾਂ ਸਿੰਘ, ਕਵੀ ਸੈਨਾਪਤਿ ਅਤੇ ਈਸ਼ਰ ਸਿੰਘ ਨਾਰਾ ਨੇ ਵੀ "ਵਿਸਾਖ ਨਹੀਂ ਕੱਤਕ" ਪੁਸਤਕ ਲਿਖ ਕੇ ਗੁਰੂ ਸਾਹਿਬ ਦਾ ਜਨਮ ਕੱਤਕ ਵਿੱਚ ਹੀ ਹੋਇਆ ਮੰਨਿਆ ਹੈ।[6] ਗੁਰੂ ਸਾਹਿਬ ਜੀ ਦੇ ਜਨਮ ਸਥਾਨ ਰਾਇ ਭੋਇ ਦੀ ਤਲਵੰਡੀ ਹੀ ਹੋਣ ਦੀ ਹਾਮੀ ਸਰੂਪ ਦਾਸ ਭੱਲਾ, ਕੇਸਰ ਸਿੰਘ ਛਿੱਬਰ ਅਤੇ ਸੰਤੋਖ ਸਿੰਘ ਵੀ ਭਰਦੇ ਹਨ। [7]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪੰਡਤ ਗੁਰੂ ਸਾਹਿਬ ਜੀ ਬਾਰੇ ਭਵਿੱਖਬਾਣੀ ਕਰਦਾ ਹੋਇਆ, ਉਸ ਨੂੰ ਪੂਰਨ ਪੁਰਖ ਅਵਤਾਰ ਦੱਸਦਾ ਹੈ।[8] ਗਿਆਨੀ ਗਿਆਨ ਸਿੰਘ ਅਨੁਸਾਰ ਵੀ ਪ੍ਰੋਹਿਤ ਰਾਮ ਦਿਆਲ ਗੁਰੂ ਸਾਹਿਬ ਦੀ ਜਨਮ-ਪੱਤਰੀ ਵਿੱਚ ਉਨ੍ਹਾਂ ਨੂੰ ਖ਼ਲਕ ਦਾ ਸ਼ਹਿਨਸ਼ਾਹ ਦੱਸ ਰਿਹਾ ਹੈ।[9] ਦੋਵੇਂ ਲੇਖਕਾਂ ਦੇ ਉਕਤ ਤਰਕ ਦੀ ਪੁਸ਼ਟੀ ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਆਪਣੀ ਲਿਖਤ ਵਿੱਚ ਕਰਦੇ ਹਨ।[10] ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਜੀ ਨੂੰ ਭੂਤ-ਭਵਿੱਖ, ਲੋਕ-ਪਰਲੋਕ ਦਾ ਗਿਆਤਾ ਲਿਖਦੇ ਹਨ।[11] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੇ ਮੈਂ ਬਾਲ ਗੁਰੂ ਨਾਨਕ ਦੇਵ ਜੀ ਦੇ ਸਾਰੇ ਚਮਤਕਾਰ ਲਿਖਣ ਲੱਗ ਪਿਆ ਤਾਂ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ। ਉਹ ਸੰਖੇਪ ਵਿੱਚ ਉੱਜੜੇ ਖੇਤਾਂ ਨੂੰ ਫ਼ੇਰ ਤੋਂ ਹਰਾ ਭਰਾ ਕਰਨਾ ਅਤੇ ਚੌਧਰੀ ਬਲਵੰਡ ਦੁਆਰਾ ਸੁੱਤੇ ਪਏ ਗੁਰੂ ਸਾਹਿਬ ਉੱਪਰ ਸੱਪ ਵੱਲੋਂ ਕੀਤੀ ਛਾਂ ਨੂੰ ਵੇਖਣਾ ਅਤੇ ਚੌਧਰੀ ਬਲਵੰਡ ਨੂੰ ਪੁੱਤਰ ਦੀ ਦਾਤ ਬਖ਼ਸ਼ਣ ਬਾਰੇ ਲਿਖਦਾ ਹੈ।[12] ਜਦੋਂ ਕਿ ਗਿਆਨੀ ਗਿਆਨ ਸਿੰਘ ਰਤਨ ਸਿੰਘ ਭੰਗੂ ਦੁਆਰਾ ਉੱਪਰ ਦੱਸੇ ਗਏ ਚਮਤਕਾਰਾਂ ਤੋਂ ਇਲਾਵਾ ਰੁੱਖ ਦੁਆਰਾ ਗੁਰੂ ਸਾਹਿਬ 'ਤੇ ਛਾਂ ਕਰਨ ਦੀ ਗੱਲ ਬਹੁਤ ਹੀ ਵਿਸਥਾਰਪੂਰਵਕ ਲਿਖ ਰਿਹਾ ਹੈ ਅਤੇ ਚੌਧਰੀ ਦਾ ਨਾਂ ਰਾਇ ਬੁਲਾਰ ਲਿਖਦਾ ਹੈ।[13] ਕੇਸਰ ਸਿੰਘ ਛਿੱਬਰ ਦੀ ਲਿਖਤ ਉਪਰੋਕਤ ਘਟਨਾਵਾਂ

---

5 ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017, ਪੰਨੇ 121-127.

6 ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 102; ਗਿਆਨੀ ਮਹਾਂ ਸਿੰਘ (ਸੰਪਾ.), *ਮਾਲਵਾ ਦੇਸ ਰਟਨ ਕੀ ਸਾਖੀ ਪੋਥੀ,* ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1968, ਪੰਨੇ 30-31; ਕਵੀ ਸੈਨਾਪਤਿ, *ਗੁਰਸੋਭਾ,* (ਸੰਪਾ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 109; ਗਿਆਨੀ ਈਸ਼ਰ ਸਿੰਘ ਨਾਰਾ, *ਵਿਸਾਖ ਨਹੀਂ ਕੱਤਕ,* ਦੇਹਲੀ ਗੇਟ ਬਜ਼ਾਰ, ਦਿੱਲੀ, ਅਕਤੂਬਰ 1970, ਪੰਨਾ 258-59.

7 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ - ਭਾਗ ਪਹਿਲਾ,* ਪੰਨਾ 71; ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ 45; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦੂਜੀ,* ਪੰਨਾ 150.

8 ਰਤਨ ਸਿੰਘ ਭੰਗੂ, *ਸ੍ਰੀ ਗੁਰੂ ਪੰਥ ਪ੍ਰਕਾਸ਼,* ਪੰਨਾ 12.

9 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 31

10 ਸਰੂਪ ਦਾਸ ਭੱਲਾ, *ਉ. ਰ.,* ਪੰਨਾ 71; ਭਾਈ ਸੰਤੋਖ ਸਿੰਘ, *ਉ. ਰ., ਜਿ. ਦੂ.,* ਪੰਨਾ 156.

11 ਰਤਨ ਸਿੰਘ ਭੰਗੂ, *ਉ. ਰ.,* ਪੰਨਾ 12; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 31.

12 ਰਤਨ ਸਿੰਘ ਭੰਗੂ, *ਉਹੀ,* ਪੰਨਾ 12.

13 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 31-32.

ਸੰਬੰਧੀ ਵੀ ਬਿਲਕੁਲ ਮੂਕ ਹੈ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਚੌਧਰੀ ਦਾ ਨਾਂ ਰਾਇ ਬੁਲਾਰ ਦੱਸਦੇ ਹੋਏ ਗੁਰੂ ਗੁਰੂ ਸਾਹਿਬ ਜੀ ਦੁਆਰਾ ਉੱਜੜੇ ਖੇਤਾਂ ਨੂੰ ਹਰੇ ਕਰਨ ਦੀ, ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਜਾਣਕਾਰੀ ਨਾਲ ਸਹਿਮਤ ਹਨ।[14] ਸੰਤੋਖ ਸਿੰਘ ਸੱਪ ਦੁਆਰਾ ਗੁਰੂ ਸਾਹਿਬ ਦੇ ਸਿਰ ਉੱਪਰ ਛਾਂ ਕਰਨ ਵਾਲੀ ਘਟਨਾ ਤੇ ਬਿਰਖ ਦੀ ਛਾਂ ਸਾਰਾ ਦਿਨ ਗੁਰੂ ਜੀ ਦੇ ਸਿਰ 'ਤੇ ਖੜ੍ਹੀ ਰਹਿਣ ਵਾਲੀ ਘਟਨਾ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦਾ ਹੈ।[15]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਦੋਂ ਗੁਰੂ ਸਾਹਿਬ ਕੁੱਝ ਵੱਡੇ ਹੋਏ ਤਾਂ ਉਨ੍ਹਾਂ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ। ਪਾਂਧਾ ਗੁਰੂ ਸਾਹਿਬ ਦੁਆਰਾ ਦਿਖਾਏ ਗਏ ਅਚੰਭਿਆਂ ਤੋਂ ਹੈਰਾਨ ਰਹਿ ਗਿਆ।[16] ਇਸ ਤੱਥ ਸੰਬੰਧੀ ਗਿਆਨੀ ਗਿਆਨ ਸਿੰਘ ਵੀ ਭੰਗੂ ਦੀ ਹਾਂ ਵਿੱਚ ਹਾਂ ਮਿਲਾਉਂਦੇ ਦੱਸਦਾ ਹੈ ਕਿ ਜਦੋਂ ਪਾਂਧਾ ਓਮ ਦਾ ਅਰਥ ਨਾ ਦੱਸ ਸਕਿਆ ਤਾਂ ਗੁਰੂ ਜੀ ਨੇ ਪਾਂਧੇ ਨੂੰ ਵਿਸਥਾਰਪੂਰਵਕ ਓਮ ਦੇ ਅਰਥ ਸਮਝਾਏ। ਪਾਂਧੇ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਗੁਰੂ ਜੀ ਵੱਲੋਂ ਮੌਲਵੀ ਕੋਲ ਫ਼ਾਰਸੀ ਪੜ੍ਹਨ ਦਾ ਅਤੇ ਉਸ ਨੂੰ ਕੁਰਾਨ ਦੇ ਅਰਥ ਸੁਣਾਉਣ ਦਾ ਵੀ ਜ਼ਿਕਰ ਕਰਦਾ ਹੈ।[17] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਪਾਂਧੇ ਵਾਲੀ ਘਟਨਾ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਹਨ ਅਤੇ ਗੁਰੂ ਸਾਹਿਬ ਦੇ ਮੌਲਵੀ ਕੋਲ ਪੜ੍ਹਨ ਜਾਣ ਸੰਬੰਧੀ ਗਿਆਨੀ ਗਿਆਨ ਸਿੰਘ ਦੇ ਵਿਚਾਰਾਂ ਦੀ ਵੀ ਪੁਸ਼ਟੀ ਕਰਦੇ ਹਨ।[18]

ਰਤਨ ਸਿੰਘ ਭੰਗੂ ਜਨੇਊ ਵਾਲੀ ਘਟਨਾ ਦਾ ਕੋਈ ਵੇਰਵਾ ਨਹੀਂ ਦੇ ਰਿਹਾ, ਪਰ ਗਿਆਨੀ ਗਿਆਨ ਸਿੰਘ ਪੰਡਤ ਵੱਲੋਂ ਜਨੇਊ ਦੀ ਰਸਮ ਸਮੇਂ ਗੁਰੂ ਸਾਹਿਬ ਵੱਲੋਂ ਜਨੇਊ ਨੂੰ ਝੂਠਾ ਦੱਸ ਕੇ ਕਦੇ ਨਾ ਪਹਿਨਣ ਦੀ ਗੱਲ ਅਤੇ ਪੰਡਤ ਤੋਂ ਸਾਰੀ ਉਮਰ ਪਹਿਨ ਕੇ ਰੱਖਣ ਲਈ ਦਯਾ, ਸੰਤੋਖ, ਸੱਚ ਰੂਪੀ ਜਨੇਊ ਮੰਗਣ ਦਾ ਜ਼ਿਕਰ ਕਰਦਾ ਹੈ।[19] ਕੇਸਰ ਸਿੰਘ ਛਿੱਬਰ ਵੀ ਅਜਿਹੀ ਕੋਈ ਘਟਨਾ ਨਹੀਂ ਦੱਸ ਰਿਹਾ, ਪਰ ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਜਨੇਊ ਵਾਲੀ ਘਟਨਾ ਸੰਬੰਧੀ ਗਿਆਨੀ ਗਿਆਨ ਸਿੰਘ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਂਦੇ ਹਨ।[20]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪੜ੍ਹਾਈ ਤੋਂ ਬਾਅਦ ਗੁਰੂ ਜੀ ਦਾ ਵਿਆਹ ਕਰ ਦਿੱਤਾ ਗਿਆ ਤੇ ਉਨ੍ਹਾਂ

---

14 ਸਰੂਪ ਦਾਸ ਭੱਲਾ, *ਉ. ਰ.,* ਪੰਨੇ 82-83; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 206-208.

15 ਭਾਈ ਸੰਤੋਖ ਸਿੰਘ, *ਉਹੀ,* ਪੰਨੇ 211-212, 220.

16 ਰਤਨ ਸਿੰਘ ਭੰਗੂ, *ਉ. ਰ.,* ਪੰਨਾ 12.

17 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 32-33

18 ਸਰੂਪ ਦਾਸ ਭੱਲਾ, *ਉ. ਰ.,* ਪੰਨੇ 76, 79; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 175-179, 192-197.

19 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 33.

20 ਸਰੂਪ ਦਾਸ ਭੱਲਾ, *ਉ. ਰ.,* ਪੰਨਾ 74; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 199-200.

ਦੇ ਘਰ ਦੋ ਪੁੱਤਰ ਪੈਦਾ ਹੋਏ। ਪਿਤਾ ਕਾਲੂ ਨੇ ਸੋਚਿਆ ਕਿ ਗੁਰੂ ਸਾਹਿਬ ਨੂੰ ਹੱਟ ਕਰਾ ਦਿੱਤੀ ਜਾਵੇ ਤਾਂ ਜੋ ਉਹ ਆਪਣੀ ਰੋਜ਼ੀ-ਰੋਟੀ ਕਮਾ ਸਕਣ। ਗੁਰੂ ਜੀ ਦਾ ਕੋਈ ਕਿੱਤਾ ਜਾਂ ਵਪਾਰ ਸ਼ੁਰੂ ਕਰਨ ਵੱਲ ਕੋਈ ਧਿਆਨ ਨਹੀਂ ਸੀ।[21] ਜਦੋਂ ਕਿ ਰਤਨ ਸਿੰਘ ਭੰਗੂ ਦੇ ਉਲਟ ਗਿਆਨੀ ਗਿਆਨ ਸਿੰਘ ਪਿਤਾ ਕਾਲੂ ਵੱਲੋਂ ਗੁਰੂ ਸਾਹਿਬ ਨੂੰ ਵਣਜ-ਵਪਾਰ ਕਰਨ ਲਈ ਪੈਸੇ ਦੇ ਕੇ ਸੌਦਾ ਖਰੀਦ ਲਿਆਉਣ ਲਈ ਲਾਹੌਰ ਭੇਜਣ ਤੇ ਭਾਈ ਬਾਲੇ ਨੂੰ ਨਾਲ ਲੈ ਕੇ ਜਾ ਰਹੇ ਗੁਰੂ ਜੀ ਵੱਲੋਂ ਰਾਹ ਵਿੱਚ ਮਿਲੇ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ ਨੂੰ ਹੀ ਸਭ ਤੋਂ ਵਧੀਆ ਤੇ ਨਫ਼ੇ ਵਾਲਾ ਸੌਦਾ ਸਮਝਣਾ ਤੇ ਖਾਲੀ ਹੱਥ ਘਰ ਮੁੜਨ 'ਤੇ ਪਿਤਾ ਕਾਲੂ ਦੇ ਗੁੱਸੇ ਹੋਣ ਨੂੰ ਵਿਸਥਾਰਪੂਰਵਕ ਦੱਸਦਾ ਹੈ।[22] ਕੇਸਰ ਸਿੰਘ ਛਿੱਬਰ ਸੌਦੇ ਵਾਲੀ ਘਟਨਾ ਦਾ ਵੀ ਕੋਈ ਜ਼ਿਕਰ ਨਹੀਂ ਕਰਦਾ, ਪਰ ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਸੌਦੇ ਵਾਲੀ ਘਟਨਾ ਸੰਬੰਧੀ ਗਿਆਨੀ ਗਿਆਨ ਸਿੰਘ ਦੇ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ।[23]

ਰਤਨ ਸਿੰਘ ਭੰਗੂ ਗੁਰੂ ਸਾਹਿਬ ਦੇ ਭਣਵੱਈਏ ਜੈ ਰਾਮ ਵੱਲੋਂ ਸੁਲਤਾਨਪੁਰ ਵਿੱਖੇ ਉਨ੍ਹਾਂ ਨੂੰ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿੱਚ ਨੌਕਰੀ ਲਵਾਉਣ ਦੀ ਗੱਲ ਕਰਦਾ ਹੈ ਅਤੇ ਬਾਕੀ ਦੀ ਕਥਾ ਜਾਨਣ ਲਈ ਪਾਠਕਾਂ ਨੂੰ ਹੋਰ ਗ੍ਰੰਥਾਂ 'ਚੋਂ ਸੁਣਨ ਲਈ ਕਹਿ ਕੇ ਸਿੱਧਾ ਹੀ ਗੁਰੂ ਜੀ ਦੇ ਨਦੀ ਵਿੱਚ ਅਲੋਪ ਹੋ ਜਾਣ ਦੀ ਗੱਲ ਕਰਦਾ ਹੈ।[24] ਗਿਆਨੀ ਗਿਆਨ ਸਿੰਘ ਵਿਸਥਾਰ ਨਾਲ ਵਰਣਨ ਕਰਦਾ ਹੈ ਕਿ ਗੁਰੂ ਦੀ ਵੱਡੀ ਭੈਣ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਦੇ ਦੀਵਾਨ ਜੈ ਰਾਮ ਨੂੰ ਵਿਆਹੀ ਹੋਈ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਕੋਲ ਬੁਲਾ ਕੇ ਮੋਦੀਖਾਨੇ ਵਿੱਚ ਨੌਕਰੀ ਦਿਵਾ ਦਿੱਤੀ। ਮੋਦੀਖਾਨੇ ਵਿੱਚ ਵੀ ਗੁਰੂ ਜੀ ਸਾਧੂ-ਸੰਤਾਂ, ਮੁਸਾਫ਼ਿਰਾਂ, ਗਰੀਬਾਂ ਆਦਿ ਦੀਆਂ ਤੇਰਾ ਤੇਰਾ ਕਹਿ ਕੇ ਝੋਲੀਆਂ ਭਰੀ ਜਾਂਦਾ, ਅਨਾਜ ਦਾ ਕੋਈ ਹਿਸਾਬ-ਕਿਤਾਬ ਨਾ ਰੱਖਦਾ। ਇਸੇ ਤਰ੍ਹਾਂ ਦੋ ਸਾਲ ਲੰਘ ਗਏ। ਗੁਰੂ ਸਾਹਿਬ ਨਾਲ ਈਰਖ਼ਾ ਕਰਨ ਵਾਲਿਆਂ ਨੇ ਦੌਲਤ ਖਾਂ ਦੇ ਕੰਨ ਭਰ ਦਿੱਤੇ ਕਿ ਗੁਰੂ ਨਾਨਕ ਦੇਵ ਜੀ ਮੋਦੀਖਾਨਾ ਲੁੱਟਾ ਰਹੇ ਹਨ। ਪਰ ਨਵਾਬ ਵੱਲੋਂ ਮੋਦੀਖਾਨੇ ਦਾ ਹਿਸਾਬ-ਕਿਤਾਬ ਦੇਖਣ 'ਤੇ ਸਾਰਾ ਹਿਸਾਬ ਸਹੀ ਨਿਕਲਿਆ। ਇਸ ਘਟਨਾ ਮਗਰੋਂ ਗੁਰੂ ਸਾਹਿਬ ਨੂੰ ਸਾਰੇ ਵਲੀ ਮੰਨਣ ਲੱਗ ਪਏ।[25] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਜੈ ਰਾਮ ਦੇ ਸੱਦੇ 'ਤੇ ਗੁਰੂ ਜੀ ਦੇ ਸੁਲਤਾਨਪੁਰ ਲੋਧੀ ਜਾਣ ਤੇ ਮੋਦੀਖਾਨੇ ਵਿੱਚ ਨੌਕਰੀ ਕਰਨ ਦੀ, ਮੋਦੀਖਾਨਾ ਲੁਟਾਉਣ ਦੀ ਤੇ ਹਿਸਾਬ ਕਿਤਾਬ ਸਹੀ ਨਿਕਲਣ ਆਦਿ ਘਟਨਾਵਾਂ ਦੀ ਪੁਸ਼ਟੀ ਕਰਦੇ ਹਨ।[26]

---

[21] ਰਤਨ ਸਿੰਘ ਭੰਗੂ, *ਉ. ਰ.*, ਪੰਨਾ 12.

[22] ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 33-34.

[23] ਸਰੂਪ ਦਾਸ ਭੱਲਾ, *ਉ. ਰ.*, ਪੰਨਾ 90; ਭਾਈ ਸੰਤੋਖ ਸਿੰਘ, *ਉ. ਰ.*, ਪੰਨੇ 233-241.

[24] ਰਤਨ ਸਿੰਘ ਭੰਗੂ, *ਉ. ਰ.*, ਪੰਨਾ 13.

[25] ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 34-35.

[26] ਸਰੂਪ ਦਾਸ ਭੱਲਾ, *ਉ. ਰ.*, ਪੰਨੇ 106-107. ਭਾਈ ਸੰਤੋਖ ਸਿੰਘ, *ਉ. ਰ.*, ਪੰਨੇ 255-256, 259-261.

ਗਿਆਨੀ ਗਿਆਨ ਸਿੰਘ ਰਤਨ ਸਿੰਘ ਭੰਗੂ ਦੇ ਉਲਟ ਵਿਸਥਾਰਪੂਰਵਕ ਗੁਰੂ ਸਾਹਿਬ ਦਾ ਵਿਆਹ ਮੂਲ ਚੰਦ ਚੋਣੇ ਖੱਤਰੀ ਪਿੰਡ ਪੱਖੋ ਕੇ ਰੰਧਾਵੇ ਦੀ ਧੀ ਬੀਬੀ ਸੁੱਲਖਣੀ ਨਾਲ ਸੰਮਤ 1545 ਬਿਕ੍ਰਮੀ ਵਿੱਚ ਸੁਲਤਾਨਪੁਰ ਰਹਿੰਦੇ ਹੋਇਆ ਦੱਸਦਾ ਹੈ ਤੇ ਸੰਮਤ 1551 ਬਿਕ੍ਰਮੀ ਵਿੱਚ ਬਾਬਾ ਸ੍ਰੀ ਚੰਦ ਦਾ ਜਨਮ ਅਤੇ ਸੰਮਤ 1553 ਬਿਕ੍ਰਮੀ ਵਿੱਚ ਬਾਬਾ ਲਖਮੀ ਚੰਦ ਦਾ ਜਨਮ ਹੋਇਆ ਦੱਸਦਾ ਹੈ।[27] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿਘ ਵੀ ਗਿਆਨੀ ਗਿਆਨ ਸਿੰਘ ਵਾਂਗ ਪੱਖੋ ਕੇ ਰੰਧਾਵੇ ਦੇ ਮੂਲੇ ਚੋਣੇ ਦੀ ਧੀ ਨਾਲ ਗੁਰੂ ਜੀ ਦੇ ਵਿਆਹ ਦੀ ਗੱਲ ਲਿਖਦਾ ਹੈ।[28] ਪਰ ਛਿੱਬਰ ਗੁਰੂ ਸਾਹਿਬ ਦੇ ਵਿਆਹ ਦੀ ਤਾਰੀਖ਼ ਸੰਮਤ 1540 ਬਿਕ੍ਰਮੀ ਦਾ ਜੇਠ ਮਹੀਨਾ ਦੱਸਦਾ ਹੈ ਤੇ ਪੁੱਤਰਾਂ ਦੇ ਨਾਂ ਅਤੇ ਜਨਮ ਤਾਰੀਖ਼ਾਂ ਗਿਆਨੀ ਗਿਆਨ ਸਿੰਘ ਵਾਲੀਆਂ ਹੀ ਲਿਖ ਰਿਹਾ ਹੈ।[29] ਸਰੂਪ ਦਾਸ ਭੱਲਾ ਗੁਰੂ ਜੀ ਦੇ ਵਿਆਹ ਦੀ ਕੋਈ ਤਾਰੀਖ਼ ਨਹੀਂ ਦੱਸ ਰਿਹਾ। ਸੰਤੋਖ ਸਿੰਘ ਗੁਰੂ ਸਾਹਿਬ ਦਾ ਵਿਆਹ ਹਾੜ੍ਹ ਮਹੀਨੇ ਦੀ 7 ਤਾਰੀਖ਼ ਨੂੰ ਹੋਇਆ ਦੱਸਦਾ ਹੈ ਅਤੇ ਗੁਰੂ ਸਾਹਿਬ ਦੀ ਪਤਨੀ ਦਾ ਨਾਂ ਸੁਲੱਖਣੀ ਦੱਸ ਰਿਹਾ ਹੈ। ਉਸ ਦੇ ਮੁਤਾਬਿਕ ਜਦੋਂ ਸ੍ਰੀ ਚੰਦ ਦਾ ਜਨਮ ਹੋਇਆ, ਉਸ ਵੇਲੇ ਗੁਰੂ ਸਾਹਿਬ ਦੀ ਉਮਰ 32 ਸਾਲਾਂ ਦੀ ਸੀ ਤੇ ਸ੍ਰੀ ਚੰਦ ਦੇ ਜਨਮ ਤੋਂ ਸਾਢੇ ਤਿੰਨ ਸਾਲ ਬਾਅਦ ਲਖ਼ਮੀ ਚੰਦ ਦਾ ਜਨਮ ਹੋਇਆ।[30]

ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੇ ਵੇਈਂ ਨਦੀ ਵਿੱਚ ਅਲੋਪ ਹੋਣ ਸੰਬੰਧੀ ਰਤਨ ਸਿੰਘ ਭੰਗੂ ਨਾਲ ਸਹਿਮਤੀ ਪ੍ਰਗਟਾਉਂਦਾ ਹੈ।[31] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਸਾਹਿਬ ਦੇ ਵੇਈਂ ਨਦੀ ਵਿੱਚ ਅਲੋਪ ਹੋਣ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਹਨ।[32]

ਰਤਨ ਸਿੰਘ ਭੰਗੂ ਦੀ ਲਿਖਤ ਮੁਤਾਬਿਕ ਤੀਜੇ ਦਿਨ ਗੁਰੂ ਸਾਹਿਬ ਨਦੀ ਵਿੱਚੋਂ ਬਾਹਰ ਆਏ। ਉਹ ਕੁੱਝ ਨਹੀਂ ਸੀ ਬੋਲ ਰਹੇ। ਉਹ ਖੇਤ ਵਿੱਚ ਖੜ੍ਹਾ ਇੱਕ ਡਰਨੇ ਵਾਂਗ ਪ੍ਰਤੀਤ ਹੁੰਦੇ ਸਨ। ਗੁਰੂ ਸਾਹਿਬ ਨੂੰ ਹਿੰਦੂ-ਮੁਸਲਮਾਨ ਇੱਕੋ ਜਿਹੇ ਲੱਗਣ ਲੱਗ ਪਏ ਅਤੇ ਉਹ ਦੋਵਾਂ ਧਰਮਾਂ ਨੂੰ ਸੱਚ ਦੇ ਰਾਹ 'ਤੇ ਚੱਲਣ ਦਾ ਉਪਦੇਸ਼ ਦੇਣ

---

27 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 35.

28 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 46; ਸਰੂਪ ਦਾਸ ਭੱਲਾ, *ਉ. ਰ.,* ਪੰਨੇ 87-88; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 274.

29 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 46.

30 ਭਾਈ ਸੰਤੋਖ ਸਿੰਘ, *ਉਹੀ,* ਪੰਨੇ 292, 310, 349, 361.

31 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 35-36.

32 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 46; ਸਰੂਪ ਦਾਸ ਭੱਲਾ, *ਉ. ਰ.,* ਪੰਨਾ 109; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 363-372.

ਲੱਗੇ।[33] ਗਿਆਨੀ ਗਿਆਨ ਸਿੰਘ ਵਿਸਥਾਰਪੂਰਵਕ ਬਿਆਨਦਾ ਹੈ ਕਿ ਨਦੀ 'ਚੋਂ ਬਾਹਰ ਆ ਕੇ ਗੁਰੂ ਸਾਹਿਬ ਨੇ ਮੋਦੀਖਾਨੇ ਜਾਣਾ ਛੱਡ ਦਿੱਤਾ। ਹਰ ਰੋਜ਼ ਗੁਰੂ ਜੀ ਕੋਲ ਪੰਡਤ, ਕਾਜ਼ੀ, ਭੇਖੀ, ਸਾਧੂ, ਆਦਿ ਚਰਚਾ ਕਰਨ ਲਈ ਆਉਂਦੇ ਤੇ ਉਸ ਦੇ ਉੱਤਰ ਸੁਣ ਕੇ ਹੈਰਾਨ ਰਹਿ ਜਾਂਦੇ। ਗੁਰੂ ਸਾਹਿਬ ਦਾ ਜੱਸ ਸਾਰੇ ਜੱਗ ਵਿੱਚ ਫ਼ੈਲ ਗਿਆ। ਇੱਕ ਦਿਨ ਗੁਰੂ ਸਾਹਿਬ ਨੇ ਜਵਾਲਾਮੁਖੀ ਦੇਵੀ ਦੇ ਦਰਸ਼ਨਾਂ ਨੂੰ ਜਾ ਰਹੇ ਜੱਟ ਤੀਰਥੀਆਂ ਨੂੰ ਸੁਲਤਾਨਪੁਰ ਵਿਖੇ ਹੀ ਦੇਵੀ ਦੇ ਦਰਸ਼ਨ ਕਰਵਾ ਦਿੱਤੇ।[34] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਸਾਹਿਬ ਵੱਲੋਂ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਉਪਦੇਸ਼ ਦੇਣ ਦੀ ਹਾਮੀ ਵੀ ਭਰਦੇ ਹਨ।[35]

ਗਿਆਨੀ ਗਿਆਨ ਸਿੰਘ ਹੋਰ ਵਿਸਥਾਰ ਦਿੰਦਾ ਲਿਖਦਾ ਹੈ ਕਿ ਗੁਰੂ ਸਾਹਿਬ ਦੇ ਵੱਧਦੇ ਜੱਸ ਨੂੰ ਵੇਖ ਕੇ ਕਾਜ਼ੀ ਨੇ ਨਵਾਬ ਕੋਲ ਜਾ ਕੇ ਉਨ੍ਹਾਂ ਦੀ ਸ਼ਿਕਾਇਤ ਕੀਤੀ। ਨਵਾਬ ਦੌਲਤ ਖਾਂ ਦੇ ਬੁਲਾਵੇ 'ਤੇ ਗੁਰੂ ਸਾਹਿਬ ਮਸਜ਼ਿਦ ਗਏ। ਜਦੋਂ ਸਾਰੇ ਨਮਾਜ਼ੀ ਨਮਾਜ਼ ਪੜ੍ਹਕੇ ਖੜ੍ਹੇ ਹੋਏ ਤਾਂ ਗੁਰੂ ਸਾਹਿਬ ਬੈਠੇ ਹੀ ਰਹੇ। ਨਮਾਜ ਪੜ੍ਹਨ ਤੋਂ ਬਾਅਦ ਕਾਜ਼ੀ ਨੇ ਗੁਰੂ ਜੀ ਨੂੰ ਕਿਹਾ ਕਿ ਤੇਰਾ ਧਿਆਨ ਨਮਾਜ ਵਿੱਚ ਕਿਉਂ ਨਹੀਂ ਸੀ? ਜਦੋਂ ਗੁਰੂ ਸਾਹਿਬ ਨੇ ਨਮਾਜ਼ ਪੜ੍ਹਨ ਵੇਲੇ ਕਾਜ਼ੀ ਦਾ ਧਿਆਨ ਘਰ ਵਿੱਚ ਵਛੇਰੀ ਫ਼ੜ੍ਹਨ ਵੱਲ ਤੇ ਨਵਾਬ ਦਾ ਕਾਬਲ ਵਿੱਚ ਘੋੜੇ ਖਰੀਦਣ ਵੱਲ ਦੱਸਿਆ ਤਾਂ ਨਵਾਬ ਨੇ ਗੁਰੂ ਜੀ ਦੇ ਮੂੰਹੋਂ ਸੱਚ ਸੁਣ ਕੇ ਉਸ ਨੂੰ ਵਲੀ ਮੰਨ ਲਿਆ। ਕਾਜ਼ੀ ਨੇ ਜਦ ਗੁਰੂ ਸਾਹਿਬ ਨੂੰ ਮੁਸਲਮਾਨ ਹੋਣ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਜੋ ਉਪਦੇਸ਼ ਕਾਜ਼ੀ ਨੂੰ ਦਿੱਤਾ ਤਾਂ ਨਵਾਬ ਉਹ ਸੁਣ ਕੇ ਹੈਰਾਨ ਰਹਿ ਗਿਆ ਤੇ ਗੁਰੂ ਜੀ ਦੇ ਚਰਨੀਂ ਡਿੱਗ ਪਿਆ।[36] ਕੇਸਰ ਸਿੰਘ ਛਿੱਬਰ ਦੀ ਲਿਖਤ ਵੀ ਰਤਨ ਸਿੰਘ ਭੰਗੂ ਵਾਂਗ ਇਸ ਘਟਨਾ ਦੀ ਜਾਣਕਾਰੀ ਨਹੀਂ ਦੇ ਰਹੀ। ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਗੁਰੂ ਸਾਹਿਬ ਦੁਆਰਾ ਕਾਜ਼ੀ ਅਤੇ ਦੌਲਤ ਖਾਂ ਦੀ ਨਮਾਜ਼ 'ਤੇ ਕੀਤੀ ਟੀਕਾ-ਟਿੱਪਣੀ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਤਸਦੀਕ ਕਰਦੇ ਹਨ।[37]

ਰਤਨ ਸਿੰਘ ਭੰਗੂ ਅਨੁਸਾਰ ਦੌਲਤ ਖਾਂ ਦੀਆਂ ਦੋਵੇਂ ਪਤਨੀਆਂ ਕੋਲ ਕੋਈ ਔਲਾਦ ਨਹੀਂ ਸੀ। ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਦੋਵਾਂ ਪਤਨੀਆਂ ਨੂੰ ਜੋੜੀ-ਜੋੜੀ ਪੁੱਤਰਾਂ ਦੀ ਪ੍ਰਾਪਤ ਹੋਈ। ਰਤਨ ਸਿੰਘ ਭੰਗੂ ਦੌਲਤ ਖਾਂ ਦੇ ਪੁੱਤਰਾਂ ਦੇ ਨਾਂ ਗਾਜ਼ੀ ਖਾਂ, ਮਸਤ ਖਾਂ, ਮੀਰ ਖਾਂ ਅਤੇ ਜਲਾਲ ਖਾਂ ਲਿਖ ਰਿਹਾ ਹੈ। ਅੱਗੇ ਰਤਨ ਸਿੰਘ ਭੰਗੂ

---

[33] ਰਤਨ ਸਿੰਘ ਭੰਗੂ, *ਉ. ਹ.,* ਪੰਨੇ 13-14.

[34] ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 37.

[35] ਸਰੂਪ ਦਾਸ ਭੱਲਾ, *ਉ. ਹ.,* ਪੰਨਾ 109; ਭਾਈ ਸੰਤੋਖ ਸਿੰਘ, *ਉ. ਹ.,* ਪੰਨਾ 384.

[36] ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 39-40.

[37] ਸਰੂਪ ਦਾਸ ਭੱਲਾ, *ਉ. ਹ.,* ਪੰਨਾ 111; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੀਜੀ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 396-397.

ਲਿਖਦਾ ਹੈ ਕਿ ਸੁਲਤਾਨਪੁਰ ਤੋਂ ਹੀ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਨਾਲ ਲੈ ਕੇ ਉਦਾਸੀਆਂ 'ਤੇ ਨਿਕਲ ਪਏ।[38] ਨਵਾਬ ਦੀਆਂ ਦੋਵਾਂ ਪਤਨੀਆਂ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਣ ਸੰਬੰਧੀ ਗਿਆਨੀ ਗਿਆਨ ਸਿੰਘ ਰਤਨ ਸਿੰਘ ਭੰਗੂ ਦੀ ਲਿਖਤ ਦੀ ਪੁਸ਼ਟੀ ਕਰਦਾ ਹੈ, ਪਰ ਦੌਲਤ ਖਾਂ ਦੇ ਪੁੱਤਰਾਂ ਦੇ ਨਾਂ ਨਹੀਂ ਲਿਖ ਰਿਹਾ। ਗਿਆਨੀ ਗਿਆਨ ਸਿੰਘ ਵੀ ਤਲਵੰਡੀ ਤੋਂ ਭਾਈ ਮਰਦਾਨੇ ਦੇ ਗੁਰੂ ਸਾਹਿਬ ਦੇ ਕੋਲ ਆਉਣ ਦੀ ਅਤੇ ਇੱਥੋਂ ਹੀ ਦੋਵਾਂ ਦੇ ਦੇਸ਼ਾਂ-ਵਿਦੇਸ਼ਾਂ ਦੀ ਯਾਤਰਾ 'ਤੇ ਜਾਣ ਦੀ ਗੱਲ ਕਰਦਾ ਹੈ।[39] ਪਰ ਕੇਸਰ ਸਿੰਘ ਛਿੱਬਰ ਬਾਲਾ ਸੰਧੂ ਅਤੇ ਭਾਈ ਮਰਦਾਨੇ ਰਬਾਬੀ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਉਦਾਸੀ 'ਤੇ ਜਾਣ ਦੀ ਗੱਲ ਕਰਦਾ ਹੈ।[40] ਸਰੂਪ ਦਾਸ ਭੱਲਾ ਵੀ ਪਹਿਲੀ ਉਦਾਸੀ ਲਈ ਗੁਰੂ ਸਾਹਿਬ ਵੱਲੋਂ ਭਾਈ ਮਰਦਾਨੇ ਨੂੰ ਨਾਲ ਲੈ ਕੇ ਰਵਾਨਾ ਹੋਣ ਦੀ ਹਾਮੀ ਭਰਦਾ ਹੈ।[41]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਸਾਹਿਬ ਸਿਧਾਂ-ਸਾਧਾਂ ਨੂੰ ਆਪਣੇ ਮੁਰੀਦ ਬਣਾਉਂਦੇ ਹੋਏ, ਸੱਚ ਦਾ ਉਪਦੇਸ਼ ਦਿੰਦੇ ਹੋਏ, ਬੀਰਾਂ, ਜਾਦੂ ਤੇ ਤੰਤਰ-ਮੰਤਰ ਨੂੰ ਭੰਡਦੇ ਹੋਏ, ਹਿੰਦੂਆਂ ਤੇ ਮੁਸਲਮਾਨਾਂ ਨੂੰ ਪਰਾਇਆ ਹੱਕ ਖਾਣ ਤੋਂ ਵਰਜਦੇ ਹੋਏ ਅੱਚਲ-ਬਟਾਲੇ ਪਹੁੰਚੇ। ਗੁਰੂ ਨਾਨਕ ਦੇਵ ਜੀ ਨੇ ਉੱਥੇ ਮੇਲੇ 'ਤੇ ਇਕੱਠੇ ਹੋਏ ਕਾਫ਼ੀ ਸਿਧਾਂ ਨਾਲ ਗੋਸ਼ਟੀ ਕੀਤੀ। ਉਹ ਆਪਣੀਆਂ ਰਿਧੀਆਂ-ਸਿਧੀਆਂ ਲਾ ਕੇ ਥੱਕ ਹਾਰ ਗਏ ਤੇ ਅੰਤ ਗੁਰੂ ਸਾਹਿਬ ਦੇ ਮੁਰੀਦ ਹੋ ਗਏ। ਇੱਥੋਂ ਚੱਲ ਕੇ ਗੁਰੂ ਸਾਹਿਬ ਬਾਲ ਗੁਦਾਈਂ ਗਏ ਅਤੇ ਉੱਥੋਂ ਦੇ ਸਿਧਾਂ ਨੂੰ ਵੀ ਆਪਣੇ ਮੁਰੀਦ ਬਣਾ ਕੇ ਅੱਗੇ ਚੱਲ ਪਏ।[42] ਸਰੂਪ ਦਾਸ ਭੱਲਾ ਵੀ ਗੁਰੂ ਸਾਹਿਬ ਦੇ ਅੱਚਲ-ਬਟਾਲੇ ਜਾਣ ਅਤੇ ਜੋਗੀਆਂ ਨਾਲ ਚਰਚਾ ਦੀ ਗੱਲ ਕਰਦਾ ਹੈ। ਪਰ ਉਹ ਗੁਰੂ ਜੀ ਦੇ ਨਾਲ ਭਾਈ ਮਰਦਾਨੇ ਦੀ ਥਾਂ ਭਾਈ ਲਹਿਣਾ ਦੇ ਨਾਲ ਜਾਣ ਦੀ ਗੱਲ ਲਿਖਦਾ ਹੈ।[43*] ਸੰਤੋਖ ਸਿੰਘ ਅਨੁਸਾਰ ਚੌਥੀ ਉਦਾਸੀ ਦੇ ਸਮੇਂ ਗੋਰਖਨਾਥ ਦੇ ਕਹਿਣ 'ਤੇ ਗੁਰੂ ਜੀ ਉਡਾਰੀ ਮਾਰ ਕੇ ਕੋਹਾਂ ਦੂਰ ਅੱਚਲ-ਬਟਾਲੇ ਦੇ ਮੇਲੇ ਵਿੱਚ ਪਹੁੰਚ ਗਏ ਤੇ ਉੱਥੇ ਸਿਧਾਂ ਨਾਲ ਚਰਚਾ ਕੀਤੀ।[44]

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਸਾਹਿਬ ਫ਼ਰੀਦ ਪਟਨ (ਪਾਕਪਟਨ), ਮੁਲਤਾਨ, ਉੱਚ ਸ਼ਰੀਫ਼ ਦੇ ਪੀਰਾਂ ਨੂੰ ਸਿੱਧੇ ਰਾਹ ਪਾਉਂਦੇ ਹੋਏ, ਲੋਕਾਂ ਨੂੰ ਝੂਠੇ ਰਾਹ ਤੋਂ ਹਟਾ ਕੇ ਸੱਚ ਦਾ ਉਪਦੇਸ਼ ਦਿੰਦੇ ਹੋਏ, ਪੂਰੇ ਪੰਜਾਬ

---

38 ਰਤਨ ਸਿੰਘ ਭੰਗੂ, *ਉ. ਰ.,* ਪੰਨਾ 14.

39 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 39-41.

40 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 47.

41 ਸਰੂਪ ਦਾਸ ਭੱਲਾ, *ਉ. ਰ.,* ਪੰਨਾ 119.

42 ਰਤਨ ਸਿੰਘ ਭੰਗੂ, *ਉ. ਰ.,* 14-15.

43 ਸਰੂਪ ਦਾਸ ਭੱਲਾ, *ਉ. ਰ.,* ਪੰਨੇ 397-400.

* ਸਰੂਪ ਦਾਸ ਭੱਲਾ ਇਸ ਘਟਨਾ ਨੂੰ ਪੰਜਵੀਂ ਉਦਾਸੀ ਵੇਲੇ ਦੀ ਦੱਸਦਾ ਹੈ।

44 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 1057-1061.

ਵਿੱਚ ਚੱਕਰ ਲਗਾ ਦਿੰਦੇ ਹਨ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਸਾਰੀਆਂ ਘਟਨਾਵਾਂ ਇਸ ਲਿਖਤ ਵਿੱਚ ਨਹੀਂ ਲਿਖੀਆਂ ਜਾ ਸਕਦੀਆਂ ਤੇ ਜੇ ਕੋਈ ਵਿਸਥਾਰਪੂਰਵਕ ਜਾਣਕਾਰੀ ਚਾਹੁੰਦਾ ਹੈ ਤਾਂ ਉਹ ਪੁਰਾਤਨ ਜਨਮਸਾਖੀ ਵੇਖ ਲਵੇ। ਰਤਨ ਸਿੰਘ ਭੰਗੂ ਗੁਰੂ ਸਾਹਿਬ ਤੇ ਕਲਯੁੱਗ ਵਿੱਚ ਗੋਸ਼ਟਿ, ਗੁਰੂ ਸਾਹਿਬ ਵੱਲੋਂ ਪਾਪੀਆਂ ਨੂੰ ਪਾਰ ਲੰਘਾਉਣ ਕਰਕੇ ਕਲਯੁੱਗ ਦੇ ਉਨ੍ਹਾਂ ਨਾਲ ਨਾਰਾਜ਼ ਹੋ ਜਾਣ ਦਾ ਜ਼ਿਕਰ ਵੀ ਕਰਦਾ ਹੈ ਤੇ ਜ਼ਿਆਦਾ ਜਾਣਕਾਰੀ ਲਈ ਪਾਠਕਾਂ ਨੂੰ ਕੋਈ ਹੋਰ ਪੁਸਤਕ ਦੇਖਣ ਲਈ ਕਹਿੰਦਾ ਹੈ।[45] ਕੇਸਰ ਸਿੰਘ ਛਿੱਬਰ ਗੁਰੂ ਸਾਹਿਬ ਦੇ ਪਾਕਪਟਨ ਜਾਣ ਸੰਬੰਧੀ ਜਾਂ ਕਲਯੁੱਗ ਨਾਲ ਸੰਵਾਦ ਸੰਬੰਧੀ ਕੁੱਝ ਨਹੀਂ ਲਿਖ ਰਿਹਾ, ਜਦੋਂ ਕਿ ਸਰੂਪ ਦਾਸ ਭੱਲਾ ਵੀ, ਪਰ ਪਹਿਲੀ ਉਦਾਸੀ ਦੌਰਾਨ ਗੁਰੂ ਜੀ ਦੇ ਪਾਕਪਟਨ ਵਿੱਚ ਬਾਬਾ ਫ਼ਰੀਦ ਦੀ ਗੱਦੀ 'ਤੇ ਬੈਠੇ ਸ਼ੇਖ ਇਬਰਾਹਿਮ ਨੂੰ ਨਿਹਾਲ ਕਰਨ, ਸ਼ਾਹ ਮੁਕੀਮ ਨੂੰ ਮਿਲਣ ਅਤੇ ਕਲਯੁੱਗ ਨਾਲ ਮੇਲ ਅਤੇ ਉਸ ਨੂੰ ਸੰਵਾਦ ਵਿੱਚ ਹਰਾਉਣ ਦਾ ਜ਼ਿਕਰ ਕਰਦਾ ਹੈ।[46] ਸੰਤੋਖ ਸਿੰਘ ਅਨੁਸਾਰ ਚੌਥੀ ਉਦਾਸੀ ਵੇਲੇ ਪੀਰ ਜਲਾਲ ਤੋਂ ਵਿਦਾ ਲੈ ਕੇ ਗੁਰੂ ਸਾਹਿਬ ਬਾਲੇ ਤੇ ਭਾਈ ਮਰਦਾਨੇ ਸਮੇਤ ਸੇਖ-ਫ਼ਰੀਦ ਦੇ ਗੱਦੀ ਨਸ਼ੀਨ ਸੇਖ ਬ੍ਰਹਮ ਕੋਲ ਪਾਕਪਟਨ ਪਹੁੰਚੇ, ਇੱਥੇ ਗੋਸ਼ਟ ਕੀਤੀ ਅਤੇ ਉਸ ਨੂੰ ਇੱਕੋ ਪਰਮਾਤਮਾ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ।[47] ਸੰਤੋਖ ਸਿੰਘ ਵੀ ਤੀਜੀ ਉਦਾਸੀ ਵੇਲੇ ਗੁਰੂ ਸਾਹਿਬ ਦੇ ਜਗਨ ਨਾਥ ਪੁਰੀ ਜਾਣ ਦੀ ਅਤੇ ਕਲਯੁੱਗ ਨੂੰ ਮਿਲਣ ਦੀ ਪੁਸ਼ਟੀ ਕਰਦਾ ਹੈ।[48]

ਰਤਨ ਸਿੰਘ ਭੰਗੂ ਉੱਤਰ ਦੀ ਉਦਾਸੀ ਪੂਰੀ ਹੋਣ ਤੋਂ ਬਾਅਦ ਗੁਰੂ ਸਾਹਿਬ ਵੱਲੋਂ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੱਖਣ ਵੱਲ ਯਾਤਰਾ 'ਤੇ ਜਾਣ ਦੀ ਗੱਲ ਕਰਦਾ ਹੈ। ਉਹ ਬਿਆਨ ਕਰਦਾ ਹੈ ਕਿ ਗੁਰੂ ਜੀ ਜਿਹੜੇ ਵੀ ਧਾਰਮਿਕ ਸਥਾਨਾਂ ਜਾਂ ਮੰਦਰਾਂ ਵਿੱਚ ਗਏ। ਉਹ ਸਾਰੇ ਤੁਰਕਾਂ ਨੇ ਭ੍ਰਿਸ਼ਟ ਕਰ ਦਿੱਤੇ ਸਨ। ਕਈਆਂ ਨੂੰ ਢਾਹ ਕੇ ਮਸਜ਼ਿਦਾਂ ਵਿੱਚ ਬਦਲ ਦਿੱਤਾ ਗਿਆ। ਕਈ ਜਗ੍ਹਾ 'ਤੇ ਮੂਰਤੀਆਂ ਦੇ ਨੱਕ ਕੱਟ ਦਿੱਤੇ ਗਏ।[49]

ਰਤਨ ਸਿੰਘ ਭੰਗੂ ਗੁਰੂ ਸਾਹਿਬ ਦੀ ਤੀਜੀ ਉਦਾਸੀ ਨੂੰ ਪੂਰਬ ਦਿਸ਼ਾ ਵੱਲ ਦੀ ਦੱਸਦਾ ਹੈ। ਉਸ ਅਨੁਸਾਰ ਗੁਰੂ ਜੀ ਨੇ ਪਹਿਲਾਂ ਗੰਗਾ ਇਸ਼ਨਾਨ ਕੀਤਾ, ਫ਼ੇਰ ਰਿਸ਼ੀਕੇਸ਼ ਵਿੱਚ ਰਿਸ਼ੀਆਂ ਨਾਲ ਵਾਰਤਾਲਾਪ ਕਰਕੇ ਵੱਲਭੀ ਵਿੱਖੇ ਜੋਗੀਆਂ ਨੂੰ ਮਿਲੇ। ਇੱਥੋਂ ਚੱਲ ਕੇ ਗੁਰੂ ਜੀ ਨੇ ਗੋਰਖਮੱਤੇ ਜਾ ਕੇ ਸਿਧਾਂ ਨੂੰ ਹਰਾ ਕੇ ਇੱਕ ਪਰਮਾਤਮਾ ਨਾਮ ਜਪਾਇਆ।[50] ਸਰੂਪ ਦਾਸ ਭੱਲਾ ਵੀ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਦੇ ਸਿਧਮੱਤਾ (ਨਾਨਕਮੱਤਾ) ਜਾਣ ਨੂੰ

---

45 ਰਤਨ ਸਿੰਘ ਭੰਗੂ, *ਉ. ਰ.,* ਪੰਨੇ 15-16.

46 ਸਰੂਪ ਦਾਸ ਭੱਲਾ, *ਉ. ਰ.,* ਪੰਨੇ 147, 156-160, 175-179.

47 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨੇ 1038-1044.

48 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 847-856.

49 ਰਤਨ ਸਿੰਘ ਭੰਗੂ, *ਉ. ਰ.,* ਪੰਨਾ 16.

50 ਰਤਨ ਸਿੰਘ ਭੰਗੂ, *ਉਹੀ,* ਪੰਨਾ 17.

ਤੀਜੀ ਉਦਾਸੀ ਦੀ ਘਟਨਾ ਦੱਸਦਾ ਹੈ।[51] ਰਤਨ ਸਿੰਘ ਭੰਗੂ ਅਨੁਸਾਰ ਗੁਰੂ ਸਾਹਿਬ ਸਿਧਮੱਤਾ ਤੋਂ ਚੱਲ ਕੇ ਬਦਰੀਨਾਥ, ਕੇਦਾਰਨਾਥ, ਉੜੀਸਾ ਦੀ ਯਾਤਰਾ ਕਰਦੇ ਹੋਏ ਜਗਨ ਨਾਥ ਪੁਰੀ ਜਾ ਕੇ ਠਹਿਰੇ। ਜਗਨ ਨਾਥ ਪੁਰੀ ਦੇ ਲੋਕਾਂ ਨੂੰ ਸੱਚ ਦਾ ਉਪਦੇਸ਼ ਦੇ ਕੇ ਅੱਗੇ ਜਾ ਕੇ ਸੱਜਣ ਠੱਗ ਵਰਗਿਆਂ ਨੂੰ ਆਪਣੇ ਮੁਰੀਦ ਬਣਾਇਆ। ਗੁਰੂ ਸਾਹਿਬ ਬੰਗਾਲ ਤੇ ਕਾਮਰੂਪ ਵਿੱਚੋਂ ਦੀ ਲੰਘ ਕੇ ਤ੍ਰਿਯਾ ਦੇਸ਼ ਗਏ ਅਤੇ ਉਸ ਤੋਂ ਅੱਗੇ ਰਾਜੇ ਸ਼ਿਵਨਾਭ ਦੇ ਦੇਸ ਜਾ ਕੇ ਉੱਥੋਂ ਦੇ ਵਾਸੀਆਂ ਨੂੰ ਸਿੱਖ ਬਣਾਇਆ। ਇੱਥੋਂ ਯਾਤਰਾ ਕਰਦੇ-ਕਰਦੇ ਗੁਰੂ ਸਾਹਿਬ ਕੁੱਲੂ ਵੀ ਗਏ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੇ ਸਾਰੀ ਸਾਖੀ ਲਿਖ ਦਿੱਤੀ ਤਾਂ ਗ੍ਰੰਥ ਵੱਡਾ ਹੋ ਜਾਵੇਗਾ। ਰਤਨ ਸਿੰਘ ਭੰਗੂ ਗੁਰੂ ਜੀ ਦੇ ਸਮੁੰਦਰ ਲੰਘ ਕੇ ਸੰਗਲਾਦੀਪ ਜਾਣ ਦੀ ਗੱਲ ਵੀ ਕਰਦਾ ਹੈ।[52] ਸਰੂਪ ਦਾਸ ਭੱਲਾ ਬਿਆਨਦਾ ਹੈ ਕਿ ਦੂਜੀ ਉਦਾਸੀ ਦੇ ਸਮੇਂ ਗੁਰੂ ਸਾਹਿਬ ਨੇ ਅਸਾਮ ਦੇ ਕਜਲੀ ਜੰਗਲਾਂ ਵਿੱਚੋਂ ਦੀ ਹੁੰਦੇ ਹੋਏ ਰਾਜੇ ਭਰਥਰੀ ਨੂੰ ਮਿਲੇ ਤੇ ਗੂੜ੍ਹ ਗਿਆਨ ਦੀਆਂ ਗੱਲਾਂ ਕਰਕੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਦਾ ਉਧਾਰ ਕੀਤਾ।[53] ਸਰੂਪ ਦਾਸ ਭੱਲਾ ਵੀ ਰਤਨ ਸਿੰਘ ਭੰਗੂ ਨਾਲ ਸਹਿਮਤ ਹੈ ਕਿ ਗੁਰੂ ਸਾਹਿਬ ਦੀਨ-ਦੁਨੀਆਂ ਨੂੰ ਤਾਰਦੇ ਹੋਇਆ ਕੂੰਜਾਂ ਨਾਲ ਚਰਚਾ ਕਰਕੇ ਸੱਜਣ ਠੱਗ ਨੂੰ ਸਿੱਧੇ ਅਤੇ ਸੱਚ ਦੇ ਮਾਰਗ 'ਤੇ ਪਾ ਕੇ ਗੁਰੂ ਸਾਹਿਬ ਭਾਈ ਮਰਦਾਨੇ ਸੰਗ ਉੱਥੋਂ ਅੱਗੇ ਨੂੰ ਚੱਲ ਪਏ ਅਤੇ ਗੰਗਾ ਦੇ ਕਿਨਾਰੇ ਬੈਠੇ ਵੈਸ਼ਨੋ ਸਾਧਾਂ ਨੂੰ ਸਿੱਧੇ ਰਸਤੇ ਪਾਇਆ।[54] ਪਰ ਸਰੂਪ ਦਾਸ ਇਹ ਘਟਨਾਵਾਂ ਪਹਿਲੀ ਉਦਾਸੀ ਵੇਲੇ ਦੀਆਂ ਦੱਸ ਰਿਹਾ ਹੈ। ਸੰਤੋਖ ਸਿੰਘ ਅਨੁਸਾਰ ਚੌਥੀ ਉਦਾਸੀ ਵੇਲੇ ਗੁਰੂ ਜੀ ਖ਼ੁਰਮ ਨਗਰ ਨੂੰ ਜਾਂਦੇ ਹੋਏ ਤੁਲੰਬਾ ਸ਼ਹਿਰ ਪਹੁੰਚੇ। ਉੱਥੇ ਸੱਜਣ ਠੱਗ ਨੂੰ ਸੱਜਣ ਸਿੱਖ ਬਣਾ ਕੇ, ਨਾਮ ਸਿਮਰਨ 'ਤੇ ਲਾ ਕੇ ਖ਼ੁਰਮ ਨਗਰ ਪਹੁੰਚ ਗਏ।[55]

ਰਤਨ ਸਿੰਘ ਭੰਗੂ ਚੌਥੀ ਉਦਾਸੀ ਵਿੱਚ ਭਾਈ ਮਰਦਾਨੇ ਦੇ ਕਹਿਣ 'ਤੇ ਗੁਰੂ ਸਾਹਿਬ ਵੱਲੋਂ ਉਸ ਨੂੰ ਕਾਅਬਾ ਦੇ ਦਰਸ਼ਨ ਕਰਾਉਣ ਲਈ ਪੱਛਮ ਦਿਸ਼ਾ ਵੱਲ ਜਾਣ ਦਾ ਜ਼ਿਕਰ ਕਰਦਾ ਹੈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੋ ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਕਿਹਾ, ਉਹ ਮੈਨੂੰ ਕਿਸੇ ਨਹੀਂ ਦੱਸਿਆ, ਗੁਰੂ ਸਾਹਿਬ ਨੇ ਉਸੇ ਵੇਲੇ ਭਾਈ ਮਰਦਾਨੇ ਦੀਆਂ ਅੱਖਾਂ ਬੰਦ ਕਰਵਾਈਆਂ ਅਤੇ ਝੱਟ ਮੱਕੇ ਕਾਅਬੇ ਵਾਲੀ ਥਾਂ 'ਤੇ ਜਾ ਖੜ੍ਹੇ ਹੋਏ। ਪਹਿਲਾਂ ਭਾਈ ਮਰਦਾਨੇ ਨੂੰ ਖਾਨਾ-ਏ-ਕਾਅਬਾ ਦੀ ਜ਼ਿਆਰਤ ਕਰਵਾਈ ਤੇ ਪਿੱਛੋਂ ਹੋਰ ਥਾਵਾਂ ਵੀ ਦਿਖਾਈਆਂ। ਗੁਰੂ ਸਾਹਿਬ

---

51 ਸਰੂਪ ਦਾਸ ਭੱਲਾ, *ਉ. ਰ.,* ਪੰਨਾ 299.

52 ਰਤਨ ਸਿੰਘ ਭੰਗੂ, *ਉ. ਰ.,* ਪੰਨੇ 17-18.

53 ਸਰੂਪ ਦਾਸ ਭੱਲਾ, *ਉ. ਰ.,* ਪੰਨੇ 187-192.

54 ਸਰੂਪ ਦਾਸ ਭੱਲਾ, *ਉਹੀ,* ਪੰਨੇ 126, 128, 130, 132-133.

55 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1062-1065.

ਨੇ ਉੱਥੇ ਬੰਦ ਪਏ ਦਰਵਾਜ਼ੇ ਵਾਲੇ ਪਾਸੇ ਵੱਲ ਡੇਰਾ ਕਰ ਲਿਆ। ਇਹ ਪਾਸਾ ਇਸ ਕਰਕੇ ਬੰਦ ਸੀ ਤਾਂ ਜੋ ਕੋਈ ਵਲੀ ਪੀਰ ਆਵੇਗਾ, ਤਾਂ ਇਹ ਆਪੇ ਖੁੱਲ੍ਹ ਜਾਵੇਗਾ। ਗੁਰੂ ਸਾਹਿਬ ਨੇ ਐਸੀ ਕਲਾ ਵਿਖਾਈ ਕਿ ਇਹ ਦਰਵਾਜ਼ਾ ਬਿਨਾਂ ਕੁੰਜੀ ਤੋਂ ਹੀ ਖੁੱਲ੍ਹ ਗਿਆ। ਮਕਬਰੇ ਦੇ ਪੁਜਾਰੀ ਨੇ ਜਦੋਂ ਇਹ ਚਮਤਕਾਰ ਦੇਖਿਆ ਤਾਂ ਉਹ ਸਮਝ ਗਿਆ ਕਿ ਗੁਰੂ ਸਾਹਿਬ ਕੋਈ ਪਹੁੰਚੇ ਹੋਏ ਪੀਰ ਹਨ। ਉੱਥੇ ਮੁਫ਼ਤੀਆਂ, ਕਾਜ਼ੀਆਂ ਨੇ ਸਮਝਿਆ ਕਿ ਕਿਤੋਂ ਕੋਈ ਹਿੰਦੂ ਆਇਆ ਹੋਵੇਗਾ, ਜੋ ਸਾਡੇ ‘ਤੇ ਜਾਦੂ ਕਰਕੇ ਸਾਡਾ ਇੱਜ਼ਤ ਮਾਣ ਗਵਾ ਦੇਵੇਗਾ। ਖੋਜ ਕਰਨ ‘ਤੇ ਉਨ੍ਹਾਂ ਨੂੰ ਹਿੰਦੂ ਪਹਿਰਾਵੇ ਵਿੱਚ ਗੁਰੂ ਸਾਹਿਬ ਪੈਰ ਪਸਾਰ ਕੇ ਸੁੱਤੇ ਪਏ ਦਿਸੇ। ਮੁੱਲ੍ਹਿਆਂ ਤੇ ਕਾਜ਼ੀਆਂ ਨੇ ਗੁਰੂ ਸਾਹਿਬ ਨੂੰ ਘੜੀਸ ਕੇ ਦੂਜੇ ਪਾਸੇ ਕਰ ਦਿੱਤਾ ਤਾਂ ਉਸ ਪਾਸੇ ਦੇ ਦਰਵਾਜ਼ੇ ਖੁੱਲ੍ਹ ਗਏ। ਇਹ ਦੇਖ ਕੇ ਕਾਜ਼ੀਆਂ, ਮੁੱਲ੍ਹਿਆਂ ਦੇ ਮਨ ਅੰਦਰ ਅੱਗ ਲੱਗ ਗਈ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਬਾਹਰ ਕੱਢ ਦਿੱਤਾ। ਉਸੇ ਵੇਲੇ ਸਾਰੇ ਦਰਵਾਜ਼ੇ ਬੰਦ ਹੋ ਗਏ। ਉਸ ਸਮੇਂ ਮੱਕੇ ਦਾ ਹੱਜ ਕਰਨ ਕੋਈ ਪੰਜਾਬ ਦਾ ਸਿਆਣਾ ਹਾਜੀ ਪਹੁੰਚਿਆ ਹੋਇਆ ਸੀ। ਉਸ ਨੇ ਕਾਜ਼ੀ, ਮੁੱਲ੍ਹਿਆਂ ਨੂੰ ਦੱਸਿਆ ਕਿ ਇਹ ਨਾਨਕ ਫ਼ਕੀਰ ਹੈ, ਜੋ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਪੀਰ ਹੈ। ਇਹਦੇ ਲਈ ਹਿੰਦੂ-ਮੁਸਲਮਾਨ ਇੱਕੋ ਹਨ। ਕਾਜ਼ੀਆਂ ਮੁੱਲ੍ਹਿਆਂ ਨੇ ਮਤਾ ਪਕਾਇਆ ਕਿ ਗੁਰੂ ਸਾਹਿਬ ਦਾ ਹੱਥ ਦਰਵਾਜ਼ਿਆਂ ਨੂੰ ਲਵਾਉ, ਜੇ ਦਰਵਾਜ਼ੇ ਖੁੱਲ੍ਹ ਗਏ ਤਾਂ ਅਸੀਂ ਇਸ ਦੇ ਮੁਰੀਦ ਹੋ ਜਾਵਾਂਗੇ, ਜੇ ਦਰਵਾਜ਼ੇ ਨਾ ਖੁੱਲ੍ਹੇ ਤਾਂ ਇਸ ਨੂੰ ਜਾਨੋਂ ਮਾਰ ਦੇਵਾਂਗੇ। ਗੁਰੂ ਸਾਹਿਬ ਦੇ ਹੱਥ ਲੱਗਣ ਨਾਲ ਜਦੋਂ ਦਰਵਾਜ਼ੇ ਖੁੱਲ੍ਹ ਗਏ ਤਾਂ ਕਾਜ਼ੀ ਤੇ ਮੁਲ੍ਹਾਂ ਗੁਰੂ ਸਾਹਿਬ ਦੇ ਚਰਨੀਂ ਆ ਡਿੱਗੇ ਅਤੇ ਆਪਣੀ ਭੁੱਲ ਬਖ਼ਸ਼ਾਉਣ ਲਈ ਬੇਨਤੀ ਕਰਨ ਲੱਗੇ। ਮੱਕੇ ਤੋਂ ਬਾਅਦ ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਮਦੀਨੇ ਦੇ ਦਰਸ਼ਨ ਕਰਵਾਏ। ਫ਼ੇਰ ਉਸ ਤੋਂ ਅੱਗੇ ਗੁਰੂ ਜੀ ਅਤੇ ਭਾਈ ਮਰਦਾਨਾ ਪੱਛਮ ਦੀ ਯਾਤਰਾ ‘ਤੇ ਚੱਲ ਪਏ ਅਤੇ ਕਈ ਦੇਸ਼ਾਂ ਦੀ ਯਾਤਰਾ ਕਰਦੇ ਹੋਏ ਸਮੁੰਦਰ ਦੇ ਕਿਨਾਰੇ ਪਹੁੰਚ ਗਏ। ਉੱਥੇ ਗੁਰੂ ਸਾਹਿਬ ਵਰੁਣ ਦੇਵਤਾ ਨੂੰ ਮਿਲੇ, ਜਿਸ ਨੂੰ ਮੁਸਲਮਾਨ ਖਵਾਜਾ ਖਿਜ਼ਰ ਆਖਦੇ ਹਨ। ਉਸ ਤੋਂ ਭਾਈ ਮਰਦਾਨੇ ਨੂੰ ਬਹੁਤ ਡਰ ਲੱਗਿਆ ਤੇ ਉਹ ਗੁਰੂ ਸਾਹਿਬ ਨੂੰ ਵਾਪਸ ਆਪਣੇ ਦੇਸ਼ ਮੋੜ ਲਿਆਇਆ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਦੋਂ ਮਾਲੀ ਜਾਂ ਮਰੇ ਨੇ ਕਾਰੂੰ ਬਾਦਸ਼ਾਹ ਦੀ ਸਾਖੀ ਬਾਰੇ ਪੁੱਛਿਆ ਤਾਂ ਰਤਨ ਸਿੰਘ ਭੰਗੂ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਗੁਰੂ ਸਾਹਿਬ ਦੀ ਕਾਰੂੰ ਨਾਲ ਕੋਈ ਗੱਲਬਾਤ ਨਹੀਂ ਹੋਈ, ਕਿਉਂਕਿ ਕਾਰੂੰ ਨੂੰ ਮਰਿਆਂ ਹਜ਼ਾਰਾਂ ਸਾਲ ਹੋ ਚੁੱਕੇ ਹਨ। ਰਤਨ ਸਿੰਘ ਭੰਗੂ ਅਨੁਸਾਰ ਗੁਰੂ ਸਾਹਿਬ ਨੇ ਕਾਰੂੰ ਦੀ ਸਾਖੀ ਸੁਣਾਈ ਸੀ, ਪਰ ਲਿਖਣ ਵਾਲਿਆਂ ਨੇ ਇਸ ਨੂੰ ਗੁਰੂ ਸਾਹਿਬ ਤੇ ਕਾਰੂੰ ਵਿਚਕਾਰ ਹੋਈ ਗੱਲਬਾਤ ਲਿਖ ਦਿੱਤਾ।[56]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦਿੱਲੀ ਦੇ ਬਾਦਸ਼ਾਹ ਬ੍ਰਹਮ ਖਾਂ ਲੋਧੀ ਨੇ ਕਈ ਪੀਰਾਂ-ਫ਼ਕੀਰਾਂ ਨੂੰ ਕੈਦ

---

[56] ਰਤਨ ਸਿੰਘ ਭੰਗੂ, *ਉ. ਰ.,* ਪੰਨੇ 18-20.

ਕਰਕੇ ਚੱਕੀ ਪੀਸਣ ਲਾ ਲਿਆ। ਬ੍ਰਹਮ ਖਾਂ ਨੇ ਕਿਹਾ ਕਿ ਜੇ ਤੁਹਾਡੇ ਵਿੱਚ ਕੋਈ ਕਰਾਮਾਤ ਹੈ ਤਾਂ ਮੈਨੂੰ ਦਿਖਾਓ ਨਹੀਂ ਤਾਂ ਜੇਲ੍ਹ ਵਿੱਚ ਬੈਠ ਕੇ ਚੱਕੀਆਂ ਪੀਸੋ। ਸਾਰੇ ਪੀਰ-ਫ਼ਕੀਰਾਂ ਨੇ ਰਲਕੇ ਗੁਰੂ ਸਾਹਿਬ ਨੂੰ ਅਰਦਾਸ ਕੀਤੀ ਤਾਂ ਗੁਰੂ ਸਾਹਿਬ ਉੱਥੇ ਪਹੁੰਚ ਗਏ। ਗੁਰੂ ਜੀ ਨੇ ਪੀਰਾਂ ਫ਼ਕੀਰਾਂ ਨੂੰ ਵਾਹਿਗੁਰੂ ਦਾ ਜਾਪ ਕਰਨ ਲਈ ਕਿਹਾ ਤਾਂ ਚੱਕੀਆਂ ਆਪੇ ਚੱਲਣੀਆਂ ਸ਼ੁਰੂ ਹੋ ਗਈਆਂ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦਿੱਲੀ ਦੇ ਮਜਨੂੰ ਟਿੱਲੇ ਕੋਲ ਗੁਰੂ ਸਾਹਿਬ ਨੇ ਇੱਕ ਸੁੱਕਿਆ ਬਾਗ ਹਰਾ ਕਰ ਦਿੱਤਾ ਅਤੇ ਮਰੇ ਹਾਥੀ ਨੂੰ ਵੀ ਜਿਉਂਦਾ ਕਰ ਦਿੱਤਾ। ਬਾਦਸ਼ਾਹ ਨੇ ਇਹ ਸੁਣ ਕੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਲਿਆਉਣ ਦਾ ਹੁਕਮ ਦਿੱਤਾ ਅਤੇ ਇਹ ਐਲਾਨ ਕਰ ਦਿੱਤਾ ਕਿ ਗੁਰੂ ਸਾਹਿਬ ਦੁਬਾਰਾ ਦਿੱਲੀ ਨਾ ਵੜਨ। ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਕਿਹਾ ਕਿ ਮੈਂ ਤਾਂ ਵਾਰ-ਵਾਰ ਦਿੱਲੀ ਆਵਾਂਗਾ। ਤੇਰੇ ਅੱਤ ਚੁੱਕਣ ਕਰਕੇ, ਤੇਰਾ ਕਾਲ ਨਜ਼ਦੀਕ ਆ ਗਿਆ ਹੈ। ਹੁਣ ਦਿੱਲੀ ਦੇ ਤਖ਼ਤ 'ਤੇ ਅਸੀਂ ਕਿਸੇ ਹੋਰ ਨੂੰ ਬਿਠਾਂਵਾਗੇ। ਗੁਰੂ ਸਾਹਿਬ ਦੇ ਬਚਨਾਂ ਕਰਕੇ ਬ੍ਰਹਮ ਖਾਂ ਲੋਧੀ ਪਾਗਲ ਹੋ ਗਿਆ। ਉਸ ਦੀ ਸੁੱਧ-ਬੁੱਧ ਜਾਂਦੀ ਰਹੀ ਤੇ ਉਹ ਰੱਬ ਨੂੰ ਪਿਆਰਾ ਹੋ ਗਿਆ ਅਤੇ ਸੰਮਤ 1878 ਬਿਕ੍ਰਮੀ ਗੁਰੂ ਸਾਹਿਬ ਦੇ ਸਿੱਖ ਦਿੱਲੀ ਦੇ ਬਾਦਸ਼ਾਹ ਬਣ ਗਏ।[57] ਰਤਨ ਸਿੰਘ ਭੰਗੂ ਦੇ ਉਲਟ ਗਿਆਨੀ ਗਿਆਨ ਸਿੰਘ ਅਨੁਸਾਰ ਇਹ ਪਹਿਲੀ ਉਦਾਸੀ ਵੇਲੇ ਦੀ ਘਟਨਾ ਹੈ, ਜਦੋਂ ਗੁਰੂ ਸਾਹਿਬ ਤੇ ਭਾਈ ਮਰਦਾਨਾ ਦਿੱਲੀ ਪੁੱਜੇ। ਬਾਦਸ਼ਾਹ ਸਿਕੰਦਰ ਲੋਧੀ ਨੇ ਕਾਜ਼ੀਆਂ ਦੇ ਆਖੇ ਲੱਗਕੇ ਹੋਰਾਂ ਪੀਰਾਂ-ਫ਼ਕੀਰਾਂ ਦੇ ਨਾਲ ਚੱਕੀ ਪੀਹਣ ਲਾ ਦਿੱਤੇ। ਗੁਰੂ ਸਾਹਿਬ ਤੇ ਭਾਈ ਮਰਦਾਨੇ ਨੇ ਜਦੋਂ ਗੁਰਬਾਣੀ ਗਾਉਣੀ ਸ਼ੁਰੂ ਕੀਤੀ ਤੇ ਉਨ੍ਹਾਂ ਦੀ ਧੁਨ ਜਦੋਂ ਪਰਮਾਤਮਾ ਤੱਕ ਪਹੁੰਚੀ ਤਾਂ ਚੱਕੀਆਂ ਆਪੇ ਚੱਲਣੀਆਂ ਸ਼ੁਰੂ ਹੋ ਗਈਆਂ। ਜਦੋਂ ਸਿਕੰਦਰ ਲੋਧੀ ਨੂੰ ਪਤਾ ਲੱਗਿਆ ਤਾਂ ਉਹ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਉਸ ਨੇ ਗੁਰੂ ਸਾਹਿਬ ਦੇ ਪ੍ਰਤਾਪ ਨਾਲ ਆਪਣੇ ਗੁਨਾਹ ਮੁਆਫ਼ ਕਰਵਾਏ।[58]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਪੰਜਵੀਂ ਉਦਾਸੀ ਉੱਤਰ ਵੱਲ ਭਾਵ ਪਹਾੜਾਂ ਵੱਲ ਨੂੰ ਸ਼ੁਰੂ ਕੀਤੀ। ਜਿੱਧਰ ਬਹੁਤਾਤ ਵਿੱਚ ਸਿਧ-ਸਾਧ ਅਤੇ ਦੇਵੀ-ਦੇਵਤੇ ਪਾਏ ਜਾਂਦੇ ਸਨ। ਗੁਰੂ ਸਾਹਿਬ ਹੇਠਾਂ ਮੈਦਾਨੀ ਇਲਾ ਕੇ ਤੋਂ ਚਲਦੇ ਹੋਏ ਪਹਾੜਾਂ ਦੇ ਸ਼ਿਖ਼ਰ ਤੱਕ ਪਹੁੰਚ ਗਏ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੇ ਉਹ ਸਾਰੀਆਂ ਥਾਵਾਂ ਬਾਰੇ ਲਿਖਣ ਲੱਗਾ ਜਿੱਥੇ-ਜਿੱਥੇ ਗੁਰੂ ਸਾਹਿਬ ਗਏ, ਤਾਂ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ। ਗੁਰੂ ਸਾਹਿਬ ਨੇ ਤਾਂ ਜ਼ਮੀਨ 'ਤੇ ਹੀ ਨਹੀਂ, ਸਗੋਂ ਆਕਾਸ਼ ਉੱਪਰ ਵੀ ਯਾਤਰਾ ਕੀਤੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਸਾਹਿਬ ਬਾਰੇ ਸਿਰਫ਼ ਗੁਰੂ ਸਾਹਿਬ ਹੀ ਜਾਣ ਸਕਦੇ ਹਨ ਜਾਂ ਉਨ੍ਹਾਂ ਨਾਲ ਉਦਾਸੀਆਂ ਕਰਨ ਵਾਲੇ ਭਾਈ

---

57 ਰਤਨ ਸਿੰਘ ਭੰਗੂ, *ਉਹੀ,* ਪੰਨਾ 21.

58 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 46.

ਮਰਦਾਨਾ ਅਤੇ ਬਾਲਾ ਹੀ ਗੁਰੂ ਸਾਹਿਬ ਬਾਰੇ ਜਾਣਦੇ ਹਨ। ਰਤਨ ਸਿੰਘ ਭੰਗੂ ਗੁਰੂ ਸਾਹਿਬ ਬਾਰੇ ਉਦਾਸੀ ਨੂੰ ਸਮੇਟਦਾ ਲਿਖਦਾ ਹੈ ਕਿ ਜੇ ਕਿਸੇ ਨੇ ਗੁਰੂ ਸਾਹਿਬ ਦੀ ਸਾਖੀ ਸੁਣਨੀ ਹੈ ਤਾਂ ਉਹ ਹੋਰ ਕਿਤਾਬਾਂ 'ਚੋਂ ਸੁਣ ਲਵੇ। ਸੰਸਕ੍ਰਿਤ, ਫ਼ਾਰਸੀ ਅਤੇ ਗੁਰਮੁੱਖੀ ਆਦਿ ਭਾਸ਼ਾਵਾਂ ਵਿੱਚ ਗੁਰੂ ਸਾਹਿਬ ਦੀਆਂ ਸਾਖੀਆਂ ਲਿਖੀਆਂ ਹੋਈਆਂ ਹਨ।[59]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪਹਿਲੀ ਉਦਾਸੀ ਲਈ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਲੈ ਕੇ ਸੁਲਤਾਨਪੁਰ ਤੋਂ ਲਾਹੌਰ ਹੁੰਦੇ ਹੋਏ, ਏਮਨਾਬਾਦ ਵਿਖੇ ਭਾਈ ਲਾਲੋ ਦੇ ਘਰ ਰੁਕੇ। ਇੱਥੇ ਗੁਰੂ ਸਾਹਿਬ ਨੇ ਭਰੇ ਦਰਬਾਰ ਵਿੱਚ ਮਲਿਕ ਭਾਗੋ ਦੇ ਭੋਜਨ ਵਿੱਚੋਂ ਲਹੂ ਅਤੇ ਭਾਈ ਲਾਲੋ ਦੇ ਭੋਜਨ ਵਿੱਚ ਦੁੱਧ ਕੱਢ ਕੇ ਹੱਕ-ਸੱਚ ਦੀ ਕਮਾਈ ਕਰਨ ਦਾ ਸੰਦੇਸ਼ ਦਿੱਤਾ।[60] ਸਰੂਪ ਦਾਸ ਭੱਲਾ ਵੀ ਗੁਰੂ ਸਾਹਿਬ ਦੇ ਭਾਈ ਲਾਲੋ ਦੇ ਘਰ ਜਾਣ ਦੇ ਜ਼ਿਕਰ ਸੰਬੰਧੀ ਭਾਈ ਮਰਦਾਨੇ ਦੀ ਥਾਂ 'ਤੇ ਰਬਾਬੀ ਬਲਵੰਡ ਅਤੇ ਭਾਈ ਲਹਿਣਾ ਦੇ ਨਾਲ ਜਾਣ ਦਾ ਉਲੇਖ ਕਰਦਾ ਹੈ ਤੇ ਮਲਿਕ ਭਾਗੋ ਦੇ ਭੋਜਨ ਵਿੱਚ ਖ਼ੂਨ ਕੱਢ ਕੇ ਉਸ ਨੂੰ ਸਿੱਧੇ ਰਾਹ ਪਾਉਣ ਦੀ ਪੁਸ਼ਟੀ ਵੀ ਕਰਦਾ ਹੈ।[61*] ਸੰਤੋਖ ਸਿੰਘ ਵੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਉਪਰੋਕਤ ਘਟਨਾ ਦਾ ਜ਼ਿਕਰ ਕਰਦਾ ਹੈ।[62]

ਗਿਆਨੀ ਗਿਆਨ ਸਿੰਘ ਮੁਤਾਬਿਕ ਮਲਿਕ ਭਾਗੋ ਵੱਲੋਂ ਨਵਾਬ ਦੇ ਕੰਨ ਭਰਕੇ ਭਾਈ ਲਾਲੋ ਤੇ ਗੁਰੂ ਸਾਹਿਬ ਦੀ ਕਰਵਾਈ ਨਿਰਾਦਰੀ ਕਾਰਣ ਗੁਰੂ ਜੀ ਨੇ ਦੀਵਾਨ, ਨਵਾਬ ਅਤੇ ਸ਼ਹਿਰ ਉੱਤੇ ਭਾਰੀ ਕਹਿਰ ਟੁੱਟਣ ਦੇ ਬਚਨ ਕੀਤੇ, ਜੋ ਸੰਮਤ 1578 ਬਿਕ੍ਰਮੀ ਵਿੱਚ ਪੂਰੇ ਹੋ ਗਏ। ਜਦੋਂ ਮੁਗਲ ਹੁਕਮਰਾਨ ਬਾਬਰ ਨੇ ਏਮਨਾਬਾਦ ਵਿੱਚ ਭਾਰੀ ਕਤਲੇਆਮ ਕੀਤਾ ਅਤੇ ਲੁੱਟਮਾਰ ਮਚਾਈ।[63] ਪਰ ਸਰੂਪ ਦਾਸ ਭੱਲਾ ਮੁਤਾਬਿਕ ਗੁਰੂ ਸਾਹਿਬ ਚੌਥੀ ਉਦਾਸੀ ਵੇਲੇ ਰਸਤੇ ਵਿੱਚ ਭਾਈ ਮਰਦਾਨੇ ਦਾ ਸਸਕਾਰ ਕਰਕੇ ਪੰਜਾਬ ਵੱਲ ਮੁੜਦੇ ਸੈਦਪੁਰ ਠਹਿਰੇ। ਸੈਦਪੁਰ ਦੇ ਨੇੜੇ ਇੱਕ ਬਾਦਸ਼ਾਹ ਦੇ ਨਗਰ ਵਿੱਚ ਪੀਰ ਫ਼ਕੀਰ ਜਦੋਂ ਭੀਖ ਮੰਗਣ ਗਏ ਤਾਂ ਉਨ੍ਹਾਂ ਦੀਆਂ ਟੋਪੀਆਂ ਲਾਹ ਲਈਆਂ ਗਈਆਂ ਤਾਂ ਗੁਰੂ ਸਾਹਿਬ ਨੇ ਕ੍ਰੋਧਿਤ ਹੋ ਕੇ ਕਹਿਰ ਦੇ ਬਚਨ ਕੀਤੇ। ਗੁਰੂ ਜੀ ਦੇ ਬਚਨਾਂ ਅਨੁਸਾਰ ਹੀ ਬਾਬਰ ਨੇ ਸੈਦਪੁਰ ਵਿੱਚ ਭਾਰੀ ਕਤਲੇਆਮ ਕੀਤਾ।[64] ਸੰਤੋਖ ਸਿੰਘ ਵੀ ਏਮਨਾਬਾਦ ਦੇ ਖਾਨ ਦੇ ਪੁੱਤਰ ਦੇ ਮਰ

---

59 ਰਤਨ ਸਿੰਘ ਭੰਗੂ, *ਉ. ਰ.,* ਪੰਨੇ 21-22.

60 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 41-42.

61 ਸਰੂਪ ਦਾਸ ਭੱਲਾ, *ਉ. ਰ.,* ਪੰਨੇ 394-395.

* ਸਰੂਪ ਦਾਸ ਭੱਲਾ ਇਸ ਨੂੰ ਪੰਜਵੀਂ ਉਦਾਸੀ ਵੇਲੇ ਦੀ ਘਟਨਾ ਦੱਸਦਾ ਹੈ।

62 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੀਜੀ,* ਪੰਨੇ 456-462.

63 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 42.

64 ਸਰੂਪ ਦਾਸ ਭੱਲਾ, *ਉ. ਰ.,* ਪੰਨੇ 376-378.

ਜਾਣ 'ਤੇ ਫ਼ਕੀਰਾਂ ਨੂੰ ਕੈਦ ਕਰਨ ਵਾਲੀ ਘਟਨਾ ਦਾ ਵੀ ਜ਼ਿਕਰ ਕਰਦਾ ਹੈ।[65]

ਗਿਆਨੀ ਗਿਆਨ ਸਿੰਘ ਅਨੁਸਾਰ ਏਮਨਾਬਾਦ ਤੋਂ ਗੁਰੂ ਸਾਹਿਬ ਤਲਵੰਡੀ ਗਏ। ਉੱਥੋਂ ਗੁਰੂ ਸਾਹਿਬ ਤਲਵੰਡੀ ਦੇ ਨੇੜੇ ਪੀਰ ਹਿਜ਼ਰ ਸ਼ਾਹ ਦੇ ਮੇਲੇ, ਦੁਪਾਲਪੁਰ ਅਤੇ ਨਗਰ ਚੂਣੀਏ ਵਿੱਚ ਸੁਧਾਰ ਕਰਦਾ ਹੋਏ ਮਾਲਵਾ ਦੇਸ਼ ਪਹੁੰਚੇ ਅਤੇ ਸੰਗਰੂਰ ਜਾ ਕੇ ਠਹਿਰੇ। ਸੰਗਰੂਰ ਤੋਂ ਗੁਰੂ ਸਾਹਿਬ ਨੇ ਪਿਹੋਵੇ ਜਾ ਕੇ ਨਦੀ ਸਰਵਸਤੀ ਦੇ ਕਿਨਾਰੇ ਭੋਲੇ-ਭਾਲੇ ਲੋਕਾਂ ਨੂੰ ਲੁੱਟ ਰਹੇ ਪੰਡਤਾਂ ਨੂੰ ਭੰਡਿਆ ਅਤੇ ਸਿੱਧੇ ਰਾਹ ਪਾਇਆ। ਪਿਹੋਵੇ ਤੋਂ ਗੁਰੂ ਸਾਹਿਬ ਨੇ ਕੁਰਕਸ਼ੇਤਰ ਜਾ ਕੇ ਸਿਧਾਂ ਨਾਲ ਚਰਚਾ ਕੀਤੀ। ਉਸ ਵੇਲੇ ਉੱਥੇ ਸੂਰਜ ਗ੍ਰਹਿਣ ਲੱਗਿਆ ਸੀ ਅਤੇ ਕਾਫ਼ੀ ਇਕੱਠ ਹੋਇਆ ਸੀ। ਉੱਥੇ ਰਾਜੇ ਦਾ ਪੁੱਤਰ ਜਗਤ ਰਾਇ ਮਿਰਗ ਦਾ ਸ਼ਿਕਾਰ ਲੈ ਕੇ ਆਇਆ ਅਤੇ ਗੁਰੂ ਸਾਹਿਬ ਦੀ ਪਰਖ ਕਰਨ ਲਈ ਉਨ੍ਹਾਂ ਅੱਗੇ ਰੱਖ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਇਸ ਨੂੰ ਰਿੰਨ੍ਹੋ ਅਤੇ ਜਦੋਂ ਨਾਨੂੰ ਪੰਡਤ ਨੇ ਮੀਟ ਨੂੰ ਤੜਕਾ ਲੱਗਦੇ ਦੇਖਿਆ ਤਾਂ ਉਸ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਤੇ ਗੁਰੂ ਸਾਹਿਬ ਨਾਲ ਬਹਿਸ ਕਰਨ ਲੱਗਾ ਪਿਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਧਾਰਮਿਕ ਦਿਖਾਵੇ ਅਤੇ ਬੇਮਤਲਬੀਆਂ ਰੀਤਾਂ ਵਿਅਰਥ ਹਨ। ਇਸ ਤਰ੍ਹਾਂ ਨਾਨੂੰ ਪੰਡਤ ਸਿੱਧੇ ਰਾਹ 'ਤੇ ਆ ਗਿਆ।[66] ਰਤਨ ਸਿੰਘ ਭੰਗੂ ਇਸ ਘਟਨਾ ਦੀ ਕੋਈ ਜਾਣਕਾਰੀ ਨਹੀਂ ਦੇ ਰਿਹਾ। ਉਪਰੋਕਤ ਘਟਨਾ ਦੀ ਪੁਸ਼ਟੀ ਸਰੂਪ ਦਾਸ ਭੱਲਾ ਦੂਜੀ ਉਦਾਸੀ ਵੇਲੇ ਦੀ ਤੇ ਸੰਤੋਖ ਸਿੰਘ ਤੀਜੀ ਉਦਾਸੀ ਵੇਲੇ ਦੀ ਦੱਸ ਕੇ ਕਰਦੇ ਹਨ।[67]

ਗਿਆਨੀ ਗਿਆਨ ਸਿੰਘ ਅਨੁਸਾਰ ਕੁਰਕਸ਼ੇਤਰ ਤੋਂ ਗੁਰੂ ਸਾਹਿਬ ਦਿੱਲੀ ਜਾ ਕੇ ਮਜਨੂੰ ਦੇ ਟਿੱਲੇ ਉੱਤੇ ਰੁਕੇ।* ਗੁਰੂ ਸਾਹਿਬ ਨੇ ਉੱਥੇ ਦਿੱਲੀ ਦੇ ਪੀਰਾਂ-ਫ਼ਕੀਰਾਂ, ਪੰਡਤਾਂ, ਭੇਖੀਆਂ ਆਦਿ ਨਾਲ ਚਰਚਾ ਕੀਤੀ ਤੇ ਉਨ੍ਹਾਂ ਨੂੰ ਸੱਚ ਦਾ ਮਾਰਗ ਦਿਖਾਇਆ। ਦਿੱਲੀਓਂ ਚੱਲ ਕੇ ਗੁਰੂ ਸਾਹਿਬ ਭਾਈ ਮਰਦਾਨੇ ਨਾਲ ਕਾਸ਼ੀ ਪਹੁੰਚੇ ਅਤੇ ਪੰਡਤ ਚਤਰਦਾਸ ਨੂੰ ਸਿੱਧੇ ਰਾਹ ਪਾਇਆ। ਕਾਸ਼ੀ ਵਿਖੇ ਭਗਤ ਨਾਮਦੇਵ, ਭਗਤ ਰਵੀਦਾਸ, ਨਿੱਤਾ ਨੰਦ, ਭਗਤ ਪਰਮਾਨੰਦ, ਚੰਦ ਭਗਤ, ਧਰਮਦਾਸ, ਅਦਿ ਸੰਤ ਅਤੇ ਭਗਤ ਮਿਲਣ ਆਏ ਅਤੇ ਆਪਸ ਵਿੱਚ ਰੱਬ ਦੇ ਨਾਂ ਦੀ ਚਰਚਾ ਕੀਤੀ ਅਤੇ ਇਨ੍ਹਾਂ ਸੰਤਾਂ, ਭਗਤਾਂ ਨੂੰ ਗਿਆਨ ਦਾ ਮਾਰਗ ਸਮਝਾਇਆ। ਜਦੋਂ ਗੁਰੂ ਸਾਹਿਬ ਕਾਸ਼ੀ ਗਏ ਤਾਂ ਭਗਤ ਕਬੀਰ ਰਘੂਨਾਥਪੁਰ ਗਏ ਹੋਏ ਸਨ। ਜਦੋਂ ਭਗਤ ਕਬੀਰ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਿਆ

---

65 ਭਾਈ ਸੰਤੋਖ ਸਿੰਘ, *ਉ. ਰ., ਜਿ. ਤੀ.,* ਪੰਨੇ 462-464.

66 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 42-45.

67 ਸਰੂਪ ਦਾਸ ਭੱਲਾ, *ਉ. ਰ.,* ਪੰਨੇ 166-168; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨੇ 820-828.

* ਦਿੱਲੀ ਵਿੱਚ ਚੱਕੀਆਂ ਪੀਸਣ ਵਾਲੀ ਘਟਨਾ ਰਤਨ ਸਿੰਘ ਭੰਗੂ ਵਾਲੀ ਸਾਖੀ ਨਾਲ ਪੰਨਾ 13 'ਤੇ ਦੇ ਦਿੱਤੀ ਗਈ ਹੈ।

ਤਾਂ ਉਹ ਬਿਨਾਂ ਦੇਰੀ ਕੀਤਿਆਂ ਪਹੂਲੇ ਪਿੰਡ ਕੋਲ ਅੱਗੇ ਆ ਕੇ ਗੁਰੂ ਸਾਹਿਬ ਨੂੰ ਮਿਲੇ। ਗਿਆਨੀ ਗਿਆਨ ਸਿੰਘ ਅਨੁਸਾਰ, ਗੁਰੂ ਸਾਹਿਬ ਭਗਤ ਕਬੀਰ ਦੀ ਮਿਲਣੀ ਦਾ ਜ਼ਿਕਰ ਧਰਮਦਾਸ ਨੇ ਆਪਣੀ ਪੋਥੀ 'ਗੁਰੂ ਸਾਹਿਬ ਪ੍ਰਬੋਧ ਨਾਮੇ' ਵਿੱਚ ਸਫ਼ਾ 48 'ਤੇ ਵੀ ਕੀਤਾ ਹੈ।[68] ਸੰਤੋਖ ਸਿੰਘ ਵੀ ਗੰਗਾ ਇਸ਼ਨਾਨ ਤੋਂ ਬਾਅਦ ਗੁਰੂ ਜੀ ਦੇ ਮਥੁਰਾ, ਅਯੁੱਧਿਆ ਅਤੇ ਕਾਸ਼ੀ ਜਾਣ ਦੀ ਗੱਲ ਤੀਜੀ ਉਦਾਸੀ ਵੇਲੇ ਕਰਦਾ ਹੈ। ਉਹ ਵੀ ਲਿਖਦਾ ਹੈ ਕਿ ਗੁਰੂ ਨੇ ਅਯੁੱਧਿਆ ਤੇ ਕਾਸ਼ੀ ਦੇ ਪੰਡਤਾਂ ਨੂੰ ਸਿੱਧੇ ਰਾਹ ਪਾਇਆ ਅਤੇ ਬ੍ਰਿੰਦਾਵਣ ਦੇ ਪੰਡਤ ਵੀ ਗੁਰੂ ਦੇ ਚਰਨੀਂ ਲੱਗੇ।[69]

ਗਿਆਨੀ ਗਿਆਨ ਸਿੰਘ ਮੁਤਾਬਿਕ ਕਾਸ਼ੀ ਤੋਂ ਚੱਲ ਕੇ ਗੁਰੂ ਸਾਹਿਬ ਨੇ ਗਯਾ ਜਾ ਕੇ ਠਹਿਰਾਓ ਕੀਤਾ ਅਤੇ ਉੱਥੋਂ ਦੇ ਪੰਡਤਾਂ ਦੇ ਮਨਾਂ ਅੰਦਰ ਗਿਆਨ ਰੌਸ਼ਨ ਕਰਕੇ ਅੱਗੇ ਰਾਜਗਿਰੀ, ਪਟਨੇ, ਕਾਮਰੂਪ ਹੁੰਦੇ ਹੋਏ ਢਾਕੇ ਸ਼ਹਿਰ ਜਾ ਕੇ ਠਹਿਰੇ ਅਤੇ ਉੱਥੋਂ ਦੀ ਭਾਸ਼ਾ ਵਿੱਚ ਉੱਥੋਂ ਦੇ ਲੋਕਾਂ ਨੂੰ ਉਪਦੇਸ਼ ਦਿੱਤਾ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਨਮਸਾਖੀ ਅਨੁਸਾਰ ਉੱਥੋਂ ਦੀ ਇੱਕ ਇਸਤਰੀ ਨੇ ਭਾਈ ਮਰਦਾਨੇ ਨੂੰ ਫੜ ਲਿਆ ਤੇ ਮੀਢਾ ਬਣਾ ਦਿੱਤਾ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਉਸ ਇਸਤਰੀ ਦੀ ਕੈਦ ਵਿੱਚੋਂ ਛੁਡਵਾਇਆ।[70] ਸਰੂਪ ਦਾਸ ਭੱਲਾ ਤੇ ਸੰਤੋਖ ਸਿਘ ਵੀ ਕਾਮਰੂਪ ਵਿੱਚ ਇੱਕ ਇਸਤਰੀ ਦੁਆਰਾ ਭਾਈ ਮਰਦਾਨੇ ਨੂੰ ਜਾਦੂ ਨਾਲ ਮੀਢਾ ਬਣਾਉਣ ਦੀ ਅਤੇ ਗੁਰੂ ਜੀ ਵੱਲੋਂ ਉਸ ਨੂੰ ਛੁਡਾਉਣ ਦੀ ਗੱਲ ਕਰਦੇ ਹਨ।[71*]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਸਾਹਿਬ ਕਾਮਰੂਪ-ਢਾਕੇ ਦੇ ਲੋਕਾਂ ਦਾ ਮਨ ਜਿੱਤ ਕੇ ਕਸ਼ਾਰ ਦੇਸ਼, ਅਸਾਮ, ਮਨੀਪੁਰ, ਬੰਗਾਲ, ਉੜੀਸਾ ਦੇ ਲੋਕਾਂ ਨੂੰ ਸੱਚ ਦਾ ਉਪਦੇਸ਼ ਦਿੰਦੇ ਹੋਏ ਜਗਨ ਨਾਥ ਪੁਰੀ ਪਹੁੰਚੇ। ਜਗਨ ਨਾਥ ਪੁਰੀ ਵਿਖੇ ਗੁਰੂ ਸਾਹਿਬ ਨੇ ਪੰਡਤ ਨੂੰ ਬ੍ਰਹਿਮੰਡ ਦੀ ਆਰਤੀ ਬਾਰੇ ਸਮਝਾਇਆ। ਜਗਨ ਨਾਥ ਪੁਰੀ ਦੇ ਲੋਕਾਂ ਵਿੱਚ ਗਿਆਨ ਵੰਡ ਕੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਚਿਲਕਾ ਝੀਲ ਦੇ ਕਿਨਾਰੇ ਪਹੁੰਚੇ। ਭਾਈ ਮਰਦਾਨੇ ਨੂੰ ਇੱਥੇ ਬਹੁਤ ਭੁੱਖ ਲੱਗੀ ਤਾਂ ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਅਰਕਫ਼ਲ ਮਿੱਠੇ ਕਰਕੇ ਖਵਾਏ। ਇੱਥੋਂ ਅੱਗੇ ਜਾਂਦੇ ਰਸਤੇ ਵਿੱਚ ਭਾਈ ਮਰਦਾਨੇ ਨੂੰ ਕੌਡੇ ਰਾਕਸ਼ ਨੇ ਫ਼ੜ ਲਿਆ। ਭਾਈ ਮਰਦਾਨੇ ਨੇ ਗੁਰੂ ਸਾਹਿਬ ਨੂੰ ਯਾਦ ਕੀਤਾ, ਗੁਰੂ ਸਾਹਿਬ ਨੇ ਕੌਡੇ ਰਾਕਸ਼ ਨੂੰ ਸਿੱਧੇ ਰਾਹ ਪਾਇਆ ਅਤੇ ਭਾਈ ਮਰਦਾਨੇ ਨੂੰ ਉਸ ਦੀ ਕੈਦ ਵਿੱਚੋਂ ਛੁਡਵਾਇਆ। ਇੱਥੋਂ ਗੁਰੂ ਸਾਹਿਬ ਚਿੱਤਰਕੂਟ ਪਹੁੰਚੇ, ਜਿੱਥੇ ਬਹੁਤ ਸਾਰੇ ਰਿਸ਼ੀ-ਮੁਨੀ ਉਸ ਨੂੰ ਮਿਲਣ

---

68 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 46-47

69 ਭਾਈ ਸੰਤੋਖ ਸਿੰਘ, *ਉ. ਰ., ਜਿ. ਚੌ:,* ਪੰਨੇ 835-845.

70 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 48-50.

71 ਸਰੂਪ ਦਾਸ ਭੱਲਾ, *ਉ. ਰ.,* ਪੰਨਾ 276; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੀਜੀ,* ਪੰਨੇ 510, 512.

* ਸਰੂਪ ਦਾਸ ਭੱਲਾ ਇਸ ਘਟਨਾ ਨੂੰ ਦੂਜੀ ਉਦਾਸੀ ਵੇਲੇ ਦੀ ਦੱਸ ਰਿਹਾ ਹੈ।

ਆਏ। ਗੁਰੂ ਸਾਹਿਬ ਇੱਥੋਂ ਦੇ ਲੋਕਾਂ ਨੂੰ ਸਿੱਧੇ ਰਾਹ ਪਾ ਕੇ ਦੇਸ਼ ਦੇ ਪੂਰਬ ਵਿੱਚ ਵਿਚਰਦੇ ਸੁਲਤਾਨਪੁਰ ਪਹੁੰਚ ਗਏ।[72] ਜਦੋਂ ਕਿ ਕੇਸਰ ਸਿੰਘ ਛਿੱਬਰ ਸੰਮਤ 1560 ਬਿਕ੍ਰਮੀ ਵਿੱਚ ਲਖਮੀ ਦਾਸ ਦੇ ਵਿਆਹ ਵੇਲੇ ਪਹਿਲੀ ਉਦਾਸੀ ਪੂਰੀ ਕਰਕੇ ਵਾਪਸ ਆਉਣ ਬਾਰੇ ਦੱਸਦਾ ਹੈ।[73] ਸੰਤੋਖ ਸਿੰਘ ਵੀ ਗੁਰੂ ਜੀ ਦੇ ਪਟਨਾ (ਬਿਸੰਭਰਪੁਰ), ਬੰਗਾਲ ਤੇ ਢਾਕਾ ਜਾਣ ਦੀ ਪੁਸ਼ਟੀ ਕਰਦਾ ਹੈ। ਇਸ ਤੋਂ ਅੱਗੇ ਉਹ ਗੁਰੂ ਦੇ ਬਿਸੀਹਰ ਦੇਸ਼ ਦੇ ਰਾਜਾ ਸੁਧਰ ਸੈਣ ਨੂੰ ਮਿਲਣ ਦੀ ਗੱਲ ਵੀ ਲਿਖਦਾ ਹੈ, ਉੱਥੋਂ ਦੇਵ ਗੰਧਾਰ (ਸੋਨਦੀਪ) ਤੇ ਬਰਮਾ ਦੇ ਨਾਲ ਲੱਗਦੇ ਸਵਰਨਪੁਰ ਨਗਰ ਦੇ ਰਾਜਾ ਕੰਵਲ ਨੈਣ ਕੋਲ ਜਾਣ ਦੀ ਗੱਲ ਕਰਦਾ ਹੈ। ਸੰਤੋਖ ਸਿੰਘ ਕੌਡੇ ਰਾਖਸ਼ ਨੂੰ ਸਿੱਧੇ ਰਾਹ ਪਾਉਣ ਵਾਲੀ ਘਟਨਾ ਦੀ ਗੱਲ ਵੀ ਕਰਦਾ ਹੈ।[74]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸੁਲਤਾਨਪੁਰ ਵਿੱਚ ਕੁੱਝ ਸਮਾਂ ਆਰਾਮ ਕਰਨ ਮਗਰੋਂ ਗੁਰੂ ਸਾਹਿਬ ਦੱਖਣ ਦੇਸ਼ ਵੱਲ ਚੱਲ ਪਏ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸੁਲਤਾਨਪੁਰੋਂ ਚੱਲ ਕੇ ਗੁਰੂ ਸਾਹਿਬ ਨੇ ਬਠਿੰਡੇ ਵਿਖੇ ਹਾਜੀ ਰਤਨ ਨੂੰ ਗੁਰਬਾਣੀ ਨਾਲ ਨਿਹਾਲ ਕਰਕੇ ਸਿਰਸਾ ਪਹੁੰਚੇ। ਉੱਥੇ ਗੁਰੂ ਸਾਹਿਬ ਨੇ ਹਰੀ ਦਾਸ ਬੈਰਾਗੀ, ਜਤੀ ਲਾਲ, ਸੱਤਨਾਥ ਅਤੇ ਫ਼ਰੀਦ-ਉਲ-ਦੀਨ ਨਾਲ ਚਲੀਹੇ ਵਿੱਚ ਬਹਿ ਕੇ ਰੱਬ ਦੇ ਨਾਂ ਦੀ ਚਰਚਾ ਕੀਤੀ। ਸਿਰਸੇ ਤੋਂ ਚੱਲ ਕੇ ਗੁਰੂ ਸਾਹਿਬ ਨੇ ਬੀਕਾਨੇਰ ਦੇ ਸਾਧਾਂ-ਸੰਤਾਂ ਨੂੰ ਤਾਰਕੇ ਮਾਰਵਾੜ ਦੇਸ਼ ਵੱਲ ਆਪਣਾ ਰੁਖ ਕੀਤਾ। ਪੁਸ਼ਕਰ ਅਤੇ ਅਜਮੇਰ ਜਾ ਕੇ ਪੀਰਾਂ-ਫ਼ਕੀਰਾਂ ਨਾਲ ਚਰਚਾ ਕੀਤੀ ਤੇ ਉਹ ਗੁਰੂ ਸਾਹਿਬ ਦੀ ਬਾਣੀ ਸੁਣ ਕੇ ਉਨ੍ਹਾਂ ਦੇ ਮੁਰੀਦ ਹੋ ਗਏ। ਇੱਥੇ ਗੁਰੂ ਸਾਹਿਬ ਨੇ ਜੈਨ ਮੰਦਰ ਦੇਖੇ ਅਤੇ ਜੈਨੀਆਂ ਸਾਧੂਆਂ ਨੂੰ ਵੀ ਸਿੱਧੇ ਰਾਹ ਪਾਇਆ।[75] ਸਰੂਪ ਦਾਸ ਭੱਲਾ ਵੀ ਗੁਰੂ ਸਾਹਿਬ ਵੱਲੋਂ ਦੂਜੀ ਉਦਾਸੀ ਵੇਲੇ ਜੈਨੀਆਂ ਨੂੰ ਸਿੱਧੇ ਰਾਹ ਪਾਉਣ ਦੀ ਗੱਲ ਕਰਦਾ ਹੈ।[76]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪੁਸ਼ਕਰ ਤੋਂ ਚੱਲ ਕੇ ਗੁਰੂ ਸਾਹਿਬ ਭਾਈ ਮਰਦਾਨੇ ਸੰਗ ਉਜੈਨ ਜਾ ਕੇ ਸ਼ਿਪਰਾ ਨਦੀ ਦੇ ਕਿਨਾਰੇ ਰੁਕੇ। ਗੁਰੂ ਸਾਹਿਬ ਦੇ ਸ਼ਬਦ ਸੁਣ ਕੇ ਉਜੈਨ ਦੇ ਸੰਤ ਨਿਹਾਲ ਹੋ ਗਏ ਤੇ ਉੱਥੋਂ ਦੇ ਲੋਕਾਂ ਨੇ ਵੀ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ। ਉਜੈਨ ਤੋਂ ਗੁਰੂ ਸਾਹਿਬ ਨਰਮਦਾ ਨਦੀ ਕਿਨਾਰੇ ਵਸੇ ਓਅੰਕਾਰਏਸ਼ਵਰ ਨਾਮੀਂ ਸਥਾਨ ‘ਤੇ ਵੀ ਗਏ। ਗੁਰੂ ਸਾਹਿਬ ਨੇ ਦੇਖਿਆ ਕਿ ਉੱਥੋਂ ਦੇ ਸਾਧ, ਪੰਡਤ, ਪੁਜਾਰੀ ਆਦਿ

72 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 48-52.

73 ਕੇਸਰ ਸਿੰਘ ਛਿੱਬਰ, *ਉ. ਹ.,* ਪੰਨਾ 47

74 ਭਾਈ ਸੰਤੋਖ ਸਿੰਘ, *ਉ. ਹ., ਜਿ. ਤੀ.,* ਪੰਨੇ 559, 508, 576-584, 586-589, 607-614, 551-555.

75 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 52-53.

76 ਸਰੂਪ ਦਾਸ ਭੱਲਾ, *ਉ. ਹ.,* ਪੰਨੇ 162-164.

ਮੰਡਿਆਂ (ਰੋਟੀਆਂ) ਦੀ ਪੂਜਾ ਕਰਦੇ ਸਨ, ਗੁਰੂ ਸਾਹਿਬ ਵੱਲੋਂ ਉੱਥੇ ਕਿਸੇ ਵੀ ਚੀਜ਼ ਦੀ ਪੂਜਾ ਨਾ ਕਰਨ 'ਤੇ ਆਪਸ ਵਿੱਚ ਵਾਦ-ਵਿਵਾਦ ਵੱਧ ਗਿਆ। ਗੁਰੂ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੂੰ ਓਅੰਕਾਰ ਤੋਂ ਬਿਨਾਂ ਦੂਜਾ ਕੋਈ ਹੋਰ ਦਿਖਾਈ ਨਹੀਂ ਦਿੰਦਾ ਅਤੇ ਇਸ ਕਰਕੇ ਉਹ ਉਸ ਦੀ ਹੀ ਪੂਜਾ ਕਰਦੇ ਹਨ। ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ, ਓਅੰਕਾਰਏਸ਼ਵਰ ਦੇ ਸਾਧੂ ਸੰਤ ਵੀ ਉਨ੍ਹਾਂ ਦੇ ਚਰਨੀਂ ਢਹਿ ਪਏ। ਇੱਥੋਂ ਚੱਲ ਕੇ ਗੁਰੂ ਸਾਹਿਬ ਤੇ ਭਾਈ ਮਰਦਾਨਾ ਨਾਨਕ ਝੀਰਾ ਪਹੁੰਚੇ ਅਤੇ ਜੋਗੀਆਂ ਨਾਲ ਚਰਚਾ ਕੀਤੀ। ਨਾਨਕ ਝੀਰਾ ਤੋਂ ਤ੍ਰਿਯਾ ਰਾਜ ਵਿੱਚੋਂ ਦੀ ਹੁੰਦੇ ਹੋਏ ਗੁਰੂ ਸਾਹਿਬ ਤੇ ਭਾਈ ਮਰਦਾਨਾ ਰਾਮੇਸ਼ਵਰਮ ਪਹੁੰਚੇ ਅਤੇ ਉੱਥੋਂ ਦੇ ਪੰਡਤਾਂ ਨੂੰ ਸੱਚੇ ਰੱਬ ਦੀ ਪਹਿਚਾਣ ਕਰਵਾਈ।[77] ਸਰੂਪ ਦਾਸ ਭੱਲਾ ਵੀ ਗੁਰੂ ਸਾਹਿਬ ਦੇ ਓਅੰਕਾਰਏਸ਼ਵਰ ਜਾ ਕੇ ਬ੍ਰਾਹਮਣਾਂ ਨਾਲ ਸੰਵਾਦ ਰਚਾ ਕੇ, ਉੱਥੋਂ ਚੱਲ ਕੇ ਇਸਤਰੀਆਂ ਦੇ ਰਾਜ ਅਸਾਮ ਪਹੁੰਚ ਕੇ, ਗੋਰਖ ਨਾਥ ਅਤੇ ਰਾਜਾ ਗੋਪੀ ਚੰਦ ਭਰਥਰੀ ਨਾਲ ਲੰਬੀ ਚੌੜੀ ਗੋਸਟਿ ਕਰਕੇ, ਭਾਈ ਮਰਦਾਨੇ ਸੰਗ ਰਾਮੇਸ਼ਵਰਮ ਜਾ ਕੇ ਸਾਧੂ ਸੰਤਾਂ ਨੂੰ ਸੱਚ ਦਾ ਉਪਦੇਸ਼ ਦੇਣ ਦੀ ਪੁਸ਼ਟੀ ਕਰਦਾ ਹੈ।[78*] ਭਰਥਰੀ ਨਾਲ ਵਾਦ ਵਟਾਂਦਰੇ ਦੀ ਗੱਲ ਸੰਤੋਖ ਸਿੰਘ ਵੀ ਕਰਦਾ ਹੈ, ਪਰ ਜਗ੍ਹਾ ਨਹੀਂ ਦੱਸ ਰਿਹਾ।[79] ਗਿਆਨੀ ਗਿਆਨ ਸਿੰਘ ਮੁਤਾਬਿਕ ਰਾਮੇਸ਼ਵਰਮ ਤੋਂ ਵਿਦਾ ਲੈ ਕੇ ਗੁਰੂ ਸਾਹਿਬ ਸੰਗਲਾਦੀਪ ਗਏ। ਉੱਥੋਂ ਦਾ ਰਾਜਾ ਸਿਵਨਾਭ ਗੁਰੂ ਸਾਹਿਬ ਨੂੰ ਮਿਲਣ ਲਈ ਆਇਆ ਤੇ ਉਸ ਨੇ ਗੁਰੂ ਸਾਹਿਬ ਦੀ ਅਪਾਰ ਸੇਵਾ ਕੀਤੀ।[80] ਸੰਗਲਾਦੀਪ ਜਾ ਕੇ ਰਾਜੇ ਸਿਵਨਾਭ ਨੂੰ ਦਰਸ਼ਨ ਦੇਣ ਦੀ ਗੱਲ ਸੰਤੋਖ ਸਿੰਘ ਵੀ ਕਰਦਾ ਹੈ।[81]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸੰਗਲਾਦੀਪ ਦੀ ਕਥਾ ਉਸ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਵਿਸਥਾਰਪੂਰਵਕ ਵਿਚਾਰੀ ਹੈ। ਗੁਰੂ ਸਾਹਿਬ ਸੰਗਲਾਦੀਪ ਤੋਂ ਵਾਪਸ ਹਿੰਦੁਸਤਾਨ ਦੇ ਇਲਾ ਕੇ ਨੀਲਗਿਰੀ ਆਏ ਅਤੇ ਮਾਲਾਬਾਰ ਦੇਸ਼ ਦੀ ਸ਼ੈਰ ਕੀਤੀ। ਉੱਥੋਂ ਦੇ ਰਾਜਾ ਰਾਮ ਨੂੰ ਆਪਣਾ ਸੇਵਕ ਬਣਾ ਕੇ ਗੁਰੂ ਸਾਹਿਬ ਤੇ ਭਾਈ ਮਰਦਾਨਾ ਕਾਠਿਆਵਾੜ ਦੇ ਸ਼ਹਿਰ ਜੂਨਾਗੜ੍ਹ ਗਏ। ਜਿਸ ਸਥਾਨ 'ਤੇ ਜੂਨਾਗੜ੍ਹ ਵਿੱਚ ਗੁਰੂ ਸਾਹਿਬ ਨੇ ਉਤਾਰਾ ਕੀਤਾ, ਉੱਥੇ ਅੱਜ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਸਾਹਿਬ ਤੇ ਭਾਈ ਮਰਦਾਨਾ ਜੂਨਾਗੜ੍ਹ ਤੋਂ ਨਰਸੀ ਨਗਰ ਹੁੰਦੇ ਹੋਏ ਗਿਰਨਾਰ ਪਰਬਤ ਗਏ। ਗੁਰੂ ਸਾਹਿਬ ਨੇ ਉੱਥੇ ਗੰਜਬਖ਼ਸ਼ ਜਿਹੇ ਵੱਡੇ ਸੰਤਾਂ ਨੂੰ ਆਪਣੇ ਮੁਰੀਦ ਬਣਾਇਆ। ਗੁਰੂ ਸਾਹਿਬ ਨੇ ਅਗਲਾ ਪੜਾਅ ਸੋਮਨਾਥ 'ਚ ਕੀਤਾ। ਫ਼ੇਰ ਇੱਥੋਂ ਸੁਦਾਮਾਪੁਰ ਆਏ

---

77 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 53-55.

78 ਸਰੂਪ ਦਾਸ ਭੱਲਾ, *ਉ. ਹ.,* ਪੰਨੇ 205-231, 236-264, 267-271.

* ਸਰੂਪ ਦਾਸ ਭੱਲਾ ਓਅੰਕਾਰੇਸ਼ਵਰ ਤੋਂ ਸੰਗਲਾਦੀਪ ਦੀਆਂ ਘਟਨਾਵਾਂ ਨੂੰ ਦੂਜੀ ਉਦਾਸੀ ਵੇਲੇ ਦੀਆਂ ਦੱਸਦਾ ਹੈ।

79 ਭਾਈ ਸੰਤੋਖ ਸਿੰਘ, *ਉ. ਹ.,* ਪੰਨੇ 547-550.

80 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 55.

81 ਭਾਈ ਸੰਤੋਖ ਸਿੰਘ, *ਉ. ਹ.,* ਪੰਨਾ 518.

ਤੇ ਇੱਥੋਂ ਅੱਗੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਦਵਾਰਕਾ ਨੂੰ ਚਲੇ ਗਏ ਤੇ ਸ਼ੰਖਤਲਾਈ ਜਾ ਆਸਨ ਲਾਏ। ਇੱਥੋਂ ਅਗਾਂਹ ਗੁਰੂ ਸਾਹਿਬ ਤੇ ਭਾਈ ਮਰਦਾਨਾ ਕੱਛ ਇਲਾ ਕੇ ਦੇ ਪਿੰਡ ਪਰਾਇਣ ਪਹੁੰਚੇ, ਜਿੱਥੇ ਅੱਜ ਵੀ ਗੁਰੂ ਸਾਹਿਬ ਦੇ ਨਾਂ 'ਤੇ ਮੇਲਾ ਲੱਗਦਾ ਹੈ। ਪਰਾਇਣ ਤੋਂ ਚਲਦੇ ਹੋਏ ਆਸਾਪੁਰ ਵਿਖੇ ਦੇਵੀ ਦੇ ਦਰਸ਼ਨ ਕਰਕੇ ਅਤੇ ਕੁਟੇਸ਼ਵਰ ਦੇ ਦਰਸ਼ਨ ਕਰਕੇ ਗੁਰੂ ਸਾਹਿਬ ਮੁਲਤਾਨ ਜਾ ਪਹੁੰਚੇ। ਮੁਲਤਾਨ ਦੇ ਪੀਰਾਂ ਨੇ ਗੁਰੂ ਸਾਹਿਬ ਨੂੰ ਦੁੱਧ ਨਾਲ ਭਰਿਆ ਹੋਇਆ ਛੰਨਾ ਭੇਜਿਆ, ਜਿਸ ਦਾ ਗੁਰੂ ਸਾਹਿਬ ਨੇ ਬੜਾ ਹੀ ਅਵੱਲਾ ਉੱਤਰ ਦਿੱਤਾ। ਗੁਰੂ ਸਾਹਿਬ ਨੇ ਦੁੱਧ ਵਿੱਚ ਮਿੱਠਾ ਪਾ ਕੇ ਉੱਪਰ ਇੱਕ ਫੁੱਲ ਰੱਖ ਦਿੱਤਾ। ਜਦੋਂ ਪੀਰਾਂ ਨੇ ਇਹ ਦੇਖਿਆ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਆ ਕੇ ਕਿਹਾ ਕਿ ਤੁਹਾਡੇ ਲਈ ਇੱਥੇ ਕੋਈ ਥਾਂ ਨਹੀਂ ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਮਿੱਠੇ ਵਾਂਗ ਉਨ੍ਹਾਂ ਵਿੱਚ ਘੁਲ-ਮਿਲਕੇ ਤੇ ਫੁੱਲ ਵਾਂਗ ਸੁੰਦਰ ਤਰੀਕੇ ਨਾਲ ਉਨ੍ਹਾਂ ਨਾਲ ਰਹਿਣਗੇ। ਇਹ ਸੁਣ ਕੇ ਪੀਰ ਬਹੁਤ ਖੁਸ਼ ਹੋਏ। ਫ਼ੇਰ ਇੱਥੋਂ ਚੱਲ ਕੇ ਗੁਰੂ ਜੀ ਪ੍ਰਹਿਲਾਦਪੁਰੀ ਗਏ ਅਤੇ ਫ਼ੇਰ ਤੁਲੰਬਾ ਪਹੁੰਚੇ। ਇੱਥੇ ਗੁਰੂ ਸਾਹਿਬ ਨੇ ਸੱਜਣ ਠੱਗ ਨੂੰ ਤਾਰਿਆ ਅਤੇ ਵਾਪਸ ਆਪਣੇ ਪਿੰਡ ਤਲਵੰਡੀ ਆ ਕੇ ਠਹਿਰਾਓ ਕੀਤਾ, ਇੱਥੇ ਗੁਰੂ ਸਾਹਿਬ ਦੇ ਮਾਤਾ ਪਿਤਾ ਤੇ ਸਾਰਾ ਪਰਿਵਾਰ ਮਿਲਣ ਲਈ ਆਇਆ।[82] ਪਰ ਸੰਤੋਖ ਸਿੰਘ ਗੁਰੂ ਸਾਹਿਬ ਦੀ ਮੁਲਤਾਨ ਜਾਣ ਦੀ ਤੇ ਉੱਥੋਂ ਦੇ ਪੀਰਾਂ ਨਾਲ ਮੁਲਾਕਾਤ ਦੀ ਘਟਨਾ ਚੌਥੀ ਉਦਾਸੀ ਵੇਲੇ ਦੀ ਦੱਸਦਾ ਹੈ।[83]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਗੁਰੂ ਸਾਹਿਬ ਦੇ ਸਹੁਰੇ ਨੂੰ ਪਤਾ ਲੱਗਿਆ ਤਾਂ ਉਹ ਮਾਤਾ ਸੁਲੱਖਣੀ ਤੇ ਗੁਰੂ ਸਾਹਿਬ ਦੇ ਪੁੱਤਰਾਂ ਨੂੰ ਨਾਲ ਲੈ ਕੇ ਤਲਵੰਡੀ ਪਹੁੰਚਿਆ। ਫ਼ੇਰ ਬੇਬੇ ਨਾਨਕੀ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਆਈ। ਫ਼ੇਰ ਗੁਰੂ ਸਾਹਿਬ ਨੇ ਤਲਵੰਡੀ ਤੋਂ ਜਾ ਕੇ ਰਾਵੀ ਦਰਿਆ ਕੰਢੇ ਕਰਤਾਰਪੁਰ ਨਗਰ ਵਸਾਇਆ। ਸੰਮਤ 1572 ਬਿਕ੍ਰਮੀ ਵਿੱਚ ਇੱਥੇ ਆਪਣਾ ਘਰ-ਬਾਰ ਬਣਾ ਕੇ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਇੱਥੇ ਬੁਲਾ ਲਿਆ ਅਤੇ ਅਗਲੇ ਕਈ ਮਹੀਨੇ ਗੁਰੂ ਸਾਹਿਬ ਨੇ ਇੱਥੇ ਹੀ ਬਤੀਤ ਕੀਤੇ।[84]

ਗਿਆਨੀ ਗਿਆਨ ਸਿੰਘ ਅਨੁਸਾਰ ਕਰਤਾਰਪੁਰ ਤੋਂ ਬਾਲੇ ਤੇ ਭਾਈ ਮਰਦਾਨੇ ਨੂੰ ਲੈ ਕੇ ਗੁਰੂ ਸਾਹਿਬ ਉੱਤਰ-ਪੱਛਮ ਦੀ ਯਾਤਰਾ 'ਤੇ ਨਿਕਲ ਗਏ। ਗੁਰੂ ਜੀ ਕਾਂਗੜਾ ਨਗਰ ਨੂੰ ਨਿਹਾਰਦੇ ਹੋਏ, ਜਵਾਲਾਮੁਖੀ ਦੇ ਦਰਸ਼ਨ ਕਰਕੇ ਕਹਿਲੂਰ ਵਿੱਚੋਂ ਦੀ ਹੁੰਦੇ ਹੋਏ ਕੀਰਤਪੁਰ ਪਹੁੰਚ ਕੇ ਬੁੱਢਣ ਸ਼ਾਹ ਨਾਮੀ ਜੋਗੀ ਨੂੰ ਮਿਲੇ। ਬੁੱਢਣ ਸ਼ਾਹ ਨੇ ਗੁਰੂ ਸਾਹਿਬ ਨੂੰ ਦੁੱਧ ਭੇਟਾ ਕੀਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਇਸ ਦੁੱਧ ਨੂੰ ਮੇਰੀ ਅਮਾਨਤ ਸਮਝ ਕੇ ਰੱਖੋ, ਮੈਂ ਕਦੇ ਫ਼ੇਰ ਆ ਕੇ ਪੀਵਾਂਗਾ ਅਤੇ ਗੁਰੂ ਸਾਹਿਬ ਨੇ ਬਾਬਾ ਗੁਰਦਿੱਤਾ ਦੇ ਰੂਪ ਵਿੱਚ ਆ ਕੇ ਉਹ

---

[82] ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 55-58.

[83] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨੇ 1071-1081.

[84] ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 58-59.

ਦੁੱਧ ਪੀਤਾ। ਕੀਰਤਪੁਰ ਤੋਂ ਚੱਲ ਕੇ ਗੁਰੂ ਸਾਹਿਬ ਨੇ ਗੋਰਖਪੁਰ (ਗੋਰਖਮੱਤਾ) ਨੂੰ ਤਾਰਿਆ, ਜਿਸ ਸਥਾਨ ਨੂੰ ਅੱਜ ਕੱਲ੍ਹ ਨਾਨਕਮੱਤਾ ਕਿਹਾ ਜਾਂਦਾ ਹੈ। ਉੱਥੇ ਕਾਫ਼ੀ ਜੋਗੀ ਗੁਰੂ ਸਾਹਿਬ ਨਾਲ ਚਰਚਾ ਕਰਨ ਆਏ ਅਤੇ ਹਾਰ ਗਏ। ਗੁਰੂ ਸਾਹਿਬ ਨੇ ਉੱਥੇ ਪਿੱਪਲ ਦੇ ਪੰਜ ਪੱਤੇ ਵਾਰੇ ਤਾਂ ਉੱਥੇ ਸਾਰੇ ਰੀਠੇ ਮਿੱਠੇ ਹੋ ਗਏ। ਅੱਜ ਕੱਲ੍ਹ ਉੱਥੇ ਉਦਾਸੀ ਸਾਧੂ ਰਹਿ ਰਹੇ ਹਨ। ਇੱਥੋਂ ਗੁਰੂ ਸਾਹਿਬ ਨੇਪਾਲ, ਸਿੱਕਮ, ਭੂਟਾਨ ਹੁੰਦੇ ਹੋਏ, ਹਿਮਾਲਿਆ ਪਰਬਤ ਗਏ ਅਤੇ ਉੱਥੇ ਜਪ-ਤਪ ਕਰ ਰਹੇ ਰਿਸ਼ੀਆਂ-ਮੁਨੀਆਂ ਅਤੇ ਸਿਧਾਂ ਨੂੰ ਗਿਆਨ ਦਾ ਮਾਰਗ ਦਿਖਾਇਆ।[85] ਸਰੂਪ ਦਾਸ ਭੱਲਾ ਵੀ ਦੂਜੀ ਉਦਾਸੀ ਵੇਲੇ ਗੁਰੂ ਸਾਹਿਬ ਦੇ ਪੂਰਨ ਗਿਰ ਵਰਗੇ ਸੰਨਿਆਸੀਆਂ ਜਾਂ ਜਟਾਧਾਰੀ ਨਾਂਗੇ ਸਾਧੂਆਂ ਨੂੰ ਸਿੱਧੇ ਰਾਹ ਪਾਉਣ ਦੀ ਗੱਲ ਕਰਦਾ ਹੈ।[86] ਸੰਤੋਖ ਸਿੰਘ ਲਿਖਦਾ ਹੈ ਕਿ ਇੱਕ ਹੋਰ ਨਗਰ ਵਿੱਚ ਭਗਤ ਭੀਖਣ ਨੂੰ ਨਿਹਾਲ ਕਰਕੇ ਗੁਰੂ ਜੀ ਦੇ ਭੂਟਾਨ ਜਾਣ ਦੀ ਪੁਸ਼ਟੀ ਕਰਦਾ ਹੈ।[87]

ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੇ ਨੇਪਾਲ, ਸਿੱਕਮ, ਭੂਟਾਨ ਜਾਣ ਬਾਰੇ ਅਤੇ ਜਨਮਸਾਖੀ ਦੇ ਹਵਾਲੇ ਨਾਲ ਹਿਮਾਲਿਆ ਤੋਂ ਹੁੰਦੇ ਹੋਏ ਗੁਰੂ ਸਾਹਿਬ ਦੇ ਚੀਨ ਦੇਸ਼ ਜਾਣ ਬਾਰੇ ਲਿਖਦਾ ਹੈ। ਚੀਨ ਤੋਂ ਚੱਲ ਕੇ ਗੁਰੂ ਸਾਹਿਬ ਆਪਣੇ ਸੰਗੀਆਂ ਸਮੇਤ ਲਹਾਸਾ (ਕੰਬੋਡੀਆ) ਜਾ ਕੇ ਲਾਮਿਆਂ ਨਾਲ ਚਰਚਾ ਕੀਤੀ। ਉੱਥੋਂ ਵਾਪਸ ਆਉਂਦਿਆਂ ਕਸ਼ਮੀਰ ਵਿੱਚੋਂ ਦੀ ਹੁੰਦਿਆਂ ਅਮਰਨਾਥ, ਕੁੱਲੂ ਅਤੇ ਵੈਸ਼ਨੋ ਦੇਵੀ ਦੇ ਦਰਸ਼ਨ ਕਰਦਿਆਂ, ਗੁਰੂ ਸਾਹਿਬ ਚਲੈਣੀ ਆ ਕੇ ਰੁੱਕੇ। ਇੱਥੋਂ ਚੱਲ ਕੇ ਗੁਰੂ ਸਾਹਿਬ ਉੱਤਰਾਖੰਡ ਗਏ। ਇਸ ਤਰ੍ਹਾਂ ਤੀਜੀ ਉਦਾਸੀ ਪੂਰੀ ਕਰਕੇ ਗੁਰੂ ਸਾਹਿਬ ਭਾਈ ਮਰਦਾਨੇ ਨਾਲ ਕਰਤਾਰਪੁਰ ਵਾਪਸ ਮੁੜੇ।[88] ਸੰਤੋਖ ਸਿੰਘ ਵੀ ਭੂਟਾਨ ਤੋਂ ਗੁਰੂ ਸਾਹਿਬ ਦੇ ਕਸ਼ਮੀਰ ਪਹੁੰਚਣ ਦੀ ਪੁਸ਼ਟੀ ਕਰਦਾ ਹੈ। ਉਹ ਇਸ ਨੂੰ ਦੂਜੀ ਉਦਾਸੀ ਦਾ ਸਮਾਂ ਦੱਸਦਾ ਹੋਇਆ ਲਿਖਦਾ ਹੈ ਕਿ ਜਦੋਂ ਦਾ ਭਰਥਰੀ ਨੇ ਗੋਰਖ ਨਾਥ ਨੂੰ ਗੁਰੂ ਸਾਹਿਬ ਨਾਲ ਆਪਣੀ ਮੁਲਾਕਾਤ ਬਾਰੇ ਦੱਸਿਆ ਤਾਂ ਗੋਰਖ ਨਾਥ ਨੇ ਵੀ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਸੰਤੋਖ ਸਿੰਘ ਗੁਰੂ ਸਾਹਿਬ ਦੀ ਧਰੂਵ ਨਾਲ ਮਿਲਣੀ ਵੀ ਦੱਸਦਾ ਹੈ ਅਤੇ ਉਸ ਤੋਂ ਵਿਦਾ ਲੈ ਕੇ ਗੁਰੂ ਜੀ ਨੇ ਸੀਲਗਿਰੀ ਪਰਬਤ ਤੇ ਸਾਧੂਆਂ ਨੂੰ ਮੁਕਤ ਕਰਕੇ ਗਿਰ ਘਿਨਾਰ ਪਹਾੜ ਦੇ ਦਰਸ਼ਨ ਕੀਤੇ। ਉਹ ਗੁਰੂ ਸਾਹਿਬ ਦੇ ਜੰਮੂ ਪਹੁੰਚਣ ਦੀ ਗੱਲ ਕਰਦਾ ਹੈ ਤੇ ਉੱਥੋਂ ਦਾ ਰਾਜਾ ਗੁਰੂ ਜੀ ਦਾ ਸਿੱਖ ਬਣਿਆ। ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਲਾਹੌਰ ਲਾਗੇ ਦੀ ਲੰਘ ਕੇ

---

85 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 59-60.

86 ਸਰੂਪ ਦਾਸ ਭੱਲਾ, *ਉ. ਰ.,* ਪੰਨੇ 171-173.

87 ਭਾਈ ਸੰਤੋਖ ਸਿੰਘ, *ਉ. ਰ., ਜਿ. ਚੌ.,* ਪੰਨੇ 877-878.

88 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 60-62.

ਸੁਲਤਾਨਪੁਰ ਵਾਪਸ ਆ ਗਏ। ਸੰਤੋਖ ਸਿੰਘ ਗੁਰੂ ਜੀ ਦੇ ਮਾਤਾ ਪਿਤਾ ਦੇ ਪਰਲੋਕ ਗਮਨ ਬਾਰੇ ਲਿਖਦਾ ਹੈ।[89]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪੰਜ ਮਹੀਨੇ ਬੀਤਣ ਮਗਰੋਂ ਭਾਈ ਮਰਦਾਨਾ ਇੱਕ ਦਿਨ ਗੁਰੂ ਸਾਹਿਬ ਕੋਲ ਕਰਤਾਰਪੁਰ ਆਇਆ ਅਤੇ ਮੱਕੇ ਜਾਣ ਦੀ ਆਪਣੇ ਮਨ ਦੀ ਇੱਛਾ ਦੱਸੀ। ਗੁਰੂ ਸਾਹਿਬ ਵੀ ਬਿਨਾਂ ਦੇਰੀ ਕੀਤਿਆਂ ਤਿਆਰ ਹੋ ਗਏ ਅਤੇ ਆਪਣੇ ਸਿੱਖ ਤਾਰੂ ਪੋਪੜ ਦੇ ਘਰ ਵਜ਼ੀਰਾਬਾਦ ਰੁਕੇ। ਉਸ ਤੋਂ ਬਾਅਦ ਸੰਮਤ 1575 ਬਿਕ੍ਰਮੀ ਵਿੱਚ ਵੈਸਾਖੀ ਵਾਲੇ ਦਿਨ ਗੁਰੂ ਸਾਹਿਬ ਭਾਈ ਮਰਦਾਨੇ ਦੇ ਨਾਲ ਕਟਾਸ਼ ਤੀਰਥ ਵੀ ਗਏ। ਉੱਥੇ ਰਹਿੰਦੇ ਜੋਗੀ-ਜਤੀ ਗੁਰੂ ਸਾਹਿਬ ਦੀ ਸ਼ਬਦ ਧੁਨ ਸੁਣ ਕੇ ਉਸ ਦੇ ਸਿੱਖ ਬਣ ਗਏ। ਇੱਥੋਂ ਚੱਲ ਕੇ ਗੁਰੂ ਸਾਹਿਬ ਨੇ ਪੱਛਮ ਵੱਲ ਚਾਲੇ ਪਾ ਦਿੱਤੇ ਤੇ ਨਗਾਹੇ ਜਾ ਕੇ ਰੁਕੇ। ਨਗਾਹੇ ਤੋਂ ਚੱਲ ਕੇ ਗੁਰੂ ਸਾਹਿਬ ਤੇ ਭਾਈ ਮਰਦਾਨਾ ਸੱਖ਼ਰ ਗਏ ਅਤੇ ਸਿੰਧ ਦੇਸ਼ ਦੇ ਲੋਕਾਂ ਨੂੰ ਆਪਣੀ ਬਾਣੀ ਸੁਣਾਈ। ਇੱਥੇ ਦਾਊਦ ਨਾਂ ਦੇ ਜੁਲਾਹੇ ਨੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ। ਗੁਰੂ ਸਾਹਿਬ ਨੇ ਉਸ ਦੀ ਔਲਾਦ ਨੂੰ ਰਾਜ ਕਰਨ ਦਾ ਬਚਨ ਕੀਤਾ, ਸੋ ਉਸ ਸਮੇਂ ਤੋਂ ਨਵਾਬ ਬਹਾਵਲਪੁਰੀਏ ਦਾਊਦ ਦੀ ਔਲਾਦ ਵਿੱਚੋਂ ਹੀ ਚੱਲੇ ਆ ਰਹੇ ਸਨ। ਗੁਰੂ ਸਾਹਿਬ ਨੇ ਸਿੰਧ ਦੇਸ਼ ਦੇ ਲੋਕਾਂ ਨੂੰ ਮੜ੍ਹੀ-ਮਸਾਣਾਂ, ਮੱਠ ਪੂਜਣ ਤੋਂ ਵਰਜਿਆ। ਇਹੀ ਵਜ੍ਹਾ ਹੈ ਕਿ ਉੱਥੇ ਘਰ-ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਕਥਾ ਕੀਰਤਨ ਹੁੰਦਾ ਹੈ।[90]

ਗਿਆਨੀ ਗਿਆਨ ਸਿੰਘ ਦੇ ਮੁਤਾਬਿਕ ਸਿੰਧ ਤੋਂ ਚੱਲ ਕੇ ਗੁਰੂ ਸਾਹਿਬ ਕੰਧਾਰ ਗਏ ਤੇ ਕਈ ਵਲੀ ਫ਼ਕੀਰਾਂ ਨੂੰ ਤਾਰਦੇ ਹੋਏ ਭਾਈ ਮਰਦਾਨੇ ਸੰਗ ਮੱਕੇ ਪਹੁੰਚੇ। ਉੱਥੇ ਗੁਰੂ ਜੀ ਕਾਅਬੇ ਵੱਲ ਬਿਨਾਂ ਕਿਸੇ ਡਰ ਦੇ ਪੈਰ ਕਰਕੇ ਸੌਂ ਗਏ। ਜਦੋਂ ਸਵੇਰੇ ਦਰੋਗਾ ਜੀਵਨ ਖਾਂ ਨੇ ਦੇਖਿਆ ਤਾਂ ਉਸ ਨੂੰ ਬੜਾ ਗੁੱਸਾ ਆਇਆ। ਉਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੂੰ ਕੌਣ ਹੈਂ, ਜੋ ਰੱਬ ਦੇ ਘਰ ਵੱਲ ਪੈਰ ਕਰਕੇ ਸੁੱਤਾ ਪਿਐਂ। ਗੁਰੂ ਸਾਹਿਬ ਨੇ ਕਿਹਾ ਕਿ ਜਿਸ ਦਿਸ਼ਾ ਵੱਲ ਖੁਦਾ ਦਾ ਘਰ ਨਹੀਂ, ਮੇਰੇ ਪੈਰ ਉਸ ਦਿਸ਼ਾ ਵੱਲ ਕਰਦੇ। ਗੁਰੂ ਸਾਹਿਬ ਦੇ ਪੈਰਾਂ ਦੇ ਨਾਲ ਕਾਅਬੇ ਨੂੰ ਘੁੰਮਦੇ ਸਭ ਨੇ ਦੇਖਿਆ। ਜੀਵਨ ਖਾਂ ਇਹ ਦੇਖ ਕੇ ਬੜਾ ਹੈਰਾਨ ਹੋਇਆ ਤੇ ਉਸ ਨੇ ਕਾਜ਼ੀ ਰੁਕਨਦੀਨ ਕੋਲ ਜਾ ਕੇ ਸਾਰਾ ਹਾਲ ਦੱਸਿਆ। ਰੁਕਨਦੀਨ ਵੀ ਸਾਰੀ ਘਟਨਾ ਸੁਣ ਕੇ ਬੜਾ ਹੈਰਾਨ ਹੋਇਆ। ਉਸ ਨੇ ਸਾਰੇ ਕਾਜ਼ੀ, ਮੌਲਵੀ, ਮੁਫ਼ਤੀ ਇਕੱਠੇ ਕਰ ਲਏ। ਉਨ੍ਹਾਂ ਦੀ ਗੁਰੂ ਸਾਹਿਬ ਨਾਲ ਬੜੀ ਲੰਬੀ ਚਰਚਾ ਚੱਲੀ। ਅੰਤ ਉਨ੍ਹਾਂ ਨੇ ਹਾਰ ਮੰਨ ਲਈ। ਜੋ ਵੀ ਮੱਕੇ ਦੀ ਗੋਸਟਿ ਵਿੱਚ ਸਵਾਲ ਜੁਆਬ ਹੋਏ, ਉਹ ਸਭ ਗਿਆਨੀ ਗਿਆਨ ਸਿੰਘ ਨੇ ਤਵਾਰੀਖ਼

---

89 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੀਜੀ-ਚੌਥੀ,* ਪੰਨੇ 883-884, 643, 778, 794, 797-98, 802, 817.

90 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 62-64.

ਗੁਰੂ ਖ਼ਾਲਸਾ ਵਿੱਚ ਲਿਖ ਦਿੱਤੇ।[91] ਸਰੂਪ ਦਾਸ ਭੱਲਾ ਵੀ ਚੌਥੀ ਉਦਾਸੀ ਵੇਲੇ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੁੰਦਾ ਹੋਇਆ ਦਰੋਗਾ ਜੀਵਨ ਖਾਂ ਦੁਆਰਾ ਗੁਰੂ ਜੀ ਦੇ ਪੈਰ ਦੱਖਣ ਦਿਸ਼ਾ ਵੱਲ ਕਰਨ ਅਤੇ ਕਾਅਬੇ ਦੇ ਨਾਲ ਘੁੰਮਣ ਤੇ ਕਾਜ਼ੀ ਰੁਕਨਦੀਨ ਨਾਲ ਹੋਈ ਚਰਚਾ ਬਾਰੇ ਲਿਖਦਾ ਹੈ।[92] ਸੰਤੋਖ ਸਿੰਘ ਮੱਕੇ ਜਾਣ ਨੂੰ ਪਹਿਲੀ ਉਦਾਸੀ ਦੀ ਘਟਨਾ ਦੱਸਦਾ ਹੋਇਆ ਲਿਖਦਾ ਹੈ ਕਿ ਰਾਜਾ ਕੰਵਲ ਨੈਣ ਨੂੰ ਗਿਆਨ ਦੇ ਕੇ, ਭਾਈ ਮਰਦਾਨੇ ਦੇ ਕਹਿਣ ਦੇ ਗੁਰੂ ਜੀ ਮੁਲਤਾਨ ਹੁੰਦੇ ਹੋਏ ਮੱਕੇ ਵੱਲ ਚੱਲ ਪਏ। ਸੰਤੋਖ ਸਿੰਘ ਮੁਲਤਾਨ ਦੇ ਪੀਰ ਬਹਾਵਦੀਨ ਨਾਲ ਗੁਰੂ ਜੀ ਦੀ ਮੁਲਾਕਾਤ ਹੋਈ ਦੱਸਦਾ ਹੈ ਅਤੇ ਉੱਥੋਂ ਜਹਾਜ ਚੜ੍ਹਕੇ ਮੱਕੇ ਜਾਣ ਦੀ ਗੱਲ ਕਰਦਾ ਹੈ। ਸੰਤੋਖ ਸਿੰਘ ਵੀ ਗੁਰੂ ਜੀ ਦੁਆਰਾ ਮੱਕੇ ਵੱਲ ਪੈਰ ਕਰਕੇ ਸੌਣ ਦੀ ਘਟਨਾ ਅਤੇ ਕਾਜ਼ੀ ਰੁਕਨਦੀਨ ਨਾਲ ਹੋਈ ਮੁਲਾਕਾਤ ਬਾਰੇ ਦੱਸਦਾ ਹੈ।[93] ਗਿਆਨੀ ਗਿਆਨ ਸਿੰਘ ਅਨੁਸਾਰ ਮੱਕੇ ਦੇ ਕਾਜ਼ੀਆਂ ਨੂੰ ਜਿੱਤ ਕੇ ਗੁਰੂ ਸਾਹਿਬ ਭਾਈ ਮਰਦਾਨੇ ਨਾਲ ਹਜ਼ਰਤ ਮੁਹੰਮਦ ਦੀ ਕਬਰ ‘ਤੇ ਮਦੀਨੇ ਵੀ ਗਏ।[94] ਸੰਤੋਖ ਸਿੰਘ ਵੀ ਲਿਖਦਾ ਹੈ ਕਿ ਗੁਰੂ ਜੀ ਭਾਈ ਮਰਦਾਨੇ ਦੀ ਹਜ਼ਰਤ ਮੁਹੰਮਦ ਦੀ ਕਬਰ ਦੇਖਣ ਦੀ ਇੱਛਾ ਪੂਰਨ ਲਈ ਮਦੀਨੇ ਗਏ ਤੇ ਵਾਪਸ ਸੁਲਤਾਨਪੁਰ ਆ ਗਏ।[95]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬ ਲੋਕਾਂ ਨੂੰ ਰੱਬ ਦਾ ਨਾਂ ਜਪਾਉਂਦੇ ਹੋਏ, ਮਿਸਰ ਦੇਸ਼ ਦੇ ਸ਼ਹਿਰ ਕੈਰੋਂ ਵਿੱਚ ਪਹੁੰਚ ਗਏ ਤੇ ਉੱਥੋਂ ਦੇ ਲੋਕਾਂ ਨੂੰ ਇੱਕੋ ਰੱਬ ਨੂੰ ਮੰਨਣ ਦੀ ਨਸੀਹਿਤ ਦਿੱਤੀ। ਉੱਥੋਂ ਦਾ ਕਾਰੂੰ ਬਾਦਸ਼ਾਹ ਬਹੁਤ ਜ਼ਾਲਮ ਸੀ, ਜਿਸ ਨੇ ਪਰਜਾ ਨੂੰ ਦੁਖੀ ਕਰ ਰੱਖਿਆ ਸੀ। ਉਸ ਨੇ ਚਾਲੀ ਗੰਜ (ਬੇਹਿਸਾਬ ਜਮ੍ਹਾਂ ਕੀਤਾ ਖਜ਼ਾਨਾ) ਮਾਇਆ ਦੇ ਜੋੜ ਰੱਖੇ ਸਨ ਅਤੇ ਪੈਸੇ ਦੇ ਅੰਨ੍ਹੇ ਲਾਲਚ ਵਿੱਚ ਉਸ ਨੇ ਕਬਰਾਂ ਵੀ ਖ਼ੁਦਵਾ ਛੱਡੀਆਂ ਸਨ। ਗੁਰੂ ਸਾਹਿਬ ਦਾ ਨਸੀਹਤ ਨਾਮਾ ਸੁਣ ਕੇ ਉਸ ਨੇ ਜ਼ੁਲਮ ਕਰਨਾ ਛੱਡ ਦਿੱਤਾ। ਇਸ ਤਰ੍ਹਾਂ ਸਾਰੇ ਮਿਸਰ ਵਿੱਚ ਗੁਰੂ ਸਾਹਿਬ ਦੀ ਵਡਿਆਈ ਫ਼ੈਲ ਗਈ ਅਤੇ ਮਿਸਰ ਦੇ ਸਾਰੇ ਲੋਕ ਗੁਰੂ ਸਾਹਿਬ ਨੂੰ ਪੂਜਣ ਲੱਗੇ।[96] ਸਰੂਪ ਦਾਸ ਭੱਲਾ ਵੀ ਚੌਥੀ ਉਦਾਸੀ ਦੌਰਾਨ ਗੁਰੂ ਸਾਹਿਬ ਵੱਲੋਂ ਰੂਮ ਜਾ ਕੇ ਬਾਦਸ਼ਾਹ ਹਮੀਦ ਕਾਰੂੰ ਨੂੰ ਉਪਦੇਸ਼ ਦੇ ਕੇ ਸਿੱਧੇ ਰਾਹ ਪਾਉਣ ਦੀ ਗੱਲ ਕਰਦਾ ਹੈ।[97] ਸੰਤੋਖ ਸਿੰਘ ਵੀ ਗੁਰੂ ਜੀ ਦੁਆਰਾ ਕਾਰੂੰ ਨੂੰ ਉਪਦੇਸ਼ ਦੇਣ ਦੀ

---

91 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 64-65.

92 ਸਰੂਪ ਦਾਸ ਭੱਲਾ, *ਉ. ਰ.,* ਪੰਨੇ 315-337.

93 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੀਜੀ,* ਪੰਨੇ 615-621, 626-631.

94 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 65.

95 ਭਾਈ ਸੰਤੋਖ ਸਿੰਘ, *ਉ. ਰ., ਜਿ. ਤੀ.,* ਪੰਨੇ 632-633, 637.

96 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 65-66.

97 ਸਰੂਪ ਦਾਸ ਭੱਲਾ, *ਉ. ਰ.,* ਪੰਨੇ 350-355.

ਘਟਨਾ ਦਾ ਜ਼ਿਕਰ ਕਰਦਾ ਹੈ।[98]

ਗਿਆਨੀ ਗਿਆਨ ਸਿੰਘ ਮੁਤਾਬਿਕ ਮਿਸਰ ਤੋਂ ਚੱਲ ਕੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਬਗਦਾਦ ਜਾ ਬਿਰਾਜੇ। ਜਿੱਥੇ ਖ਼ਲੀਫ਼ਾ ਬਲੀਦ ਦੇ ਪੋਤਰੇ ਖ਼ਲੀਫ਼ਾ ਬਕਰ ਨੇ ਕਈ ਪੀਰਾਂ-ਫ਼ਕੀਰਾਂ ਨੂੰ ਕੈਦ ਕਰ ਰੱਖਿਆ ਸੀ। ਗੁਰੂ ਸਾਹਿਬ ਨੇ ਉਨ੍ਹਾਂ ਪੀਰਾਂ-ਫ਼ਕੀਰਾ ਨੂੰ ਛੁਡਾਉਣ ਲਈ ਸ਼ਬਦ ਗਾਣੇ ਸ਼ੁਰੂ ਕਰ ਦਿੱਤੇ। ਖ਼ਲੀਫ਼ਾ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਪੱਥਰਾਂ ਨਾਲ ਮਾਰਿਆ ਜਾਵੇ। ਜਦੋਂ ਲੋਕ ਗੁਰੂ ਸਾਹਿਬ ਨੂੰ ਪੱਥਰ ਮਾਰਨ ਲੱਗੇ ਤਾਂ ਪੱਥਰ ਲੋਕਾਂ ਦੇ ਹੱਥਾਂ ਨਾਲ ਹੀ ਚਿਪ ਗਏ। ਜਦੋਂ ਖ਼ਲੀਫ਼ਾ ਬਕਰ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾ ਉਸ ਨੇ ਗੁਰੂ ਸਾਹਿਬ ਦੇ ਚਰਨੀਂ ਢਹਿ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਸਾਰੇ ਪੀਰਾਂ-ਫ਼ਕੀਰਾ ਨੂੰ ਰਿਹਾਅ ਕਰਵਾਇਆ। ਖ਼ਲੀਫ਼ਾ ਬਕਰ ਦੀ ਬੇਗਮ ਨੇ ਗੁਰੂ ਸਾਹਿਬ ਲਈ ਇੱਕ ਚੋਲਾ ਤਿਆਰ ਕੀਤਾ ਜਿਸ ਉੱਪਰ ਕੁਰਾਨ ਦੀਆਂ ਆਇਤਾਂ ਦੀ ਕਢਾਈ ਹੋਈ ਸੀ। ਉਨ੍ਹਾਂ ਨੇ ਚੋਲੇ ਦੇ ਨਾਲ ਇੱਕ ਕੀਮਤੀ ਟੋਪੀ ਵੀ ਭੇਂਟ ਕੀਤੀ। ਇਹ ਸਭ ਕੁੱਝ ਜਨਮਸਾਖੀ ਵਿੱਚ ਲਿਖਿਆ ਹੈ। ਬਗਦਾਦ ਤੋਂ ਚੱਲ ਕੇ ਜੀਜ਼ਕ, ਸਮਰਕੰਦ, ਕਰਮੀਨਾ ਆਦਿ ਸ਼ਹਿਰਾਂ ਦੀ ਯਾਤਰਾ ਕਰਦੇ ਹੋਏ ਗੁਰੂ ਸਾਹਿਬ ਤੇ ਭਾਈ ਮਰਦਾਨਾ ਵਾਓਕੰਦ ਸ਼ਹਿਰ ਦੇ ਨੇੜੇ ਜਾ ਕੇ ਰੁਕੇ। ਜਦੋਂ ਗੁਰੂ ਸਾਹਿਬ ਨੇ ਰਬਾਬ ਨਾਲ ਸ਼ਬਦ ਉਚਾਰਿਆ ਤਾਂ ਪੀਰ ਬਹਾਵਦੀਨ ਉਨ੍ਹਾਂ ਦੇ ਸ਼ਬਦ ਸੁਣ ਕੇ ਉੱਥੇ ਆ ਗਿਆ ਤੇ ਗੁੱਸੇ ਵਿੱਚ ਬੜਾ ਲਾਲ-ਪੀਲਾ ਹੋਇਆ। ਪਰ ਗੁਰੂ ਸਾਹਿਬ ਦੇ ਬਚਨ-ਬਿਲਾਸ ਸੁਣ ਕੇ ਉਹ ਗੁਰੂ ਸਾਹਿਬ ਦਾ ਮੁਰੀਦ ਬਣ ਗਿਆ। ਗੁਰੂ ਸਾਹਿਬ ਨੇ ਉਸ ਨੂੰ ਬਗਦਾਦੀ ਟੋਪੀ ਅਤੇ ਚੋਲਾ ਬਖ਼ਸ਼ ਦਿੱਤਾ। ਸ਼ੇਖ ਬਹਾਵਦੀਨ ਦੀ ਗੱਦੀ ਦੇ ਵਾਰਿਸ ਹੁਣ ਵੀ ਉਹੀ ਚੋਲਾ, ਟੋਪੀ ਪਹਿਨਦੇ ਹਨ ਤੇ ਗੁਰੂ ਸਾਹਿਬ ਦੀ ਨਾਨਕ ਕਲੰਦਰ ਦੇ ਨਾਂ 'ਤੇ ਮਾਨਤਾ ਹੁੰਦੀ ਹੈ। ਉੱਥੋਂ ਚੱਲ ਕੇ ਗੁਰੂ ਸਾਹਿਬ ਅਤੇ ਭਾਈ ਭਾਈ ਮਰਦਾਨਾ ਬੁਖ਼ਾਰੇ, ਸਬਜ਼ ਸ਼ਹਿਰ ਅਤੇ ਬਲਖ਼ ਗਏ। ਬਲਖ਼ ਤੋਂ ਚੱਲ ਕੇ ਗੁਰੂ ਸਾਹਿਬ ਕਾਬਲ ਦੇ ਪੱਛਮ ਵੱਲ, ਕਾਬਲ ਤੋਂ ਇੱਕ ਮੀਲ ਦੂਰ ਬਾਗ ਵਿੱਚ ਰੁੱਕੇ। ਉਸ ਸਮੇਂ ਬਾਬਰ ਨੇ ਕਈ ਸਾਧ-ਸੰਤ ਫ਼ੜ ਕੇ ਅਨਾਜ ਪੀਸਣ ਲਾ ਰੱਖੇ ਸਨ। ਉਸ ਨੇ ਭਾਈ ਮਰਦਾਨੇ ਅਤੇ ਗੁਰੂ ਸਾਹਿਬ ਨੂੰ ਵੀ ਫ਼ੜ ਲਿਆ, ਪਰ ਦੋਵਾਂ ਦੀਆਂ ਚੱਕੀਆਂ ਆਪੇ ਹੀ ਚੱਲ ਰਹੀਆਂ ਸਨ। ਤੁਰਕਾਂ ਨੂੰ ਇਹ ਸਭ ਦੇਖ ਕੇ ਬੜੀ ਹੈਰਾਨੀ ਹੋਈ। ਬਾਬਰ ਗੁਰੂ ਸਾਹਿਬ ਦੇ ਚਰਨੀਂ ਢਹਿ ਪਿਆ। ਜਦੋਂ ਕਾਜ਼ੀ ਨੇ ਮਸਜ਼ਿਦ ਵਿੱਚ ਕੁੱਝ ਬੋਲਿਆ ਤਾਂ ਗੁਰੂ ਸਾਹਿਬ ਨੇ ਮਸਜ਼ਿਦ ਵੱਲ ਵੇਖਿਆ ਤੇ ਮਸਜ਼ਿਦ ਗੁਰੂ ਸਾਹਿਬ ਵੱਲ ਨੂੰ ਝੁਕ ਗਈ, ਜੋ ਅੱਜ ਵੀ ਉਸੇ ਤਰ੍ਹਾਂ ਹੀ ਖੜੀ ਹੈ। ਬਾਬਰ ਨੇ ਇੱਥੇ ਗੁਰੂ ਸਾਹਿਬ ਤੋਂ ਹਿੰਦੁਸਤਾਨ ਜਿੱਤਣ ਦਾ ਵਰ ਮੰਗਿਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੇ ਇਹ ਵਚਨ ਤਾਂ ਪਹਿਲਾਂ ਹੀ ਏਮਨਾਬਾਦ ਵਿੱਚ ਕਰ ਦਿੱਤੇ ਸਨ। ਅੱਜਕਲ੍ਹ ਕੰਧਾਰ ਵਿੱਚ ਕੋਠਾ ਸਾਹਿਬ

[98] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨੇ 903-910.

ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ।[99] ਸਰੂਪ ਦਾਸ ਭੱਲਾ ਵੀ ਪੰਜਵੀਂ ਉਦਾਸੀ ਵੇਲੇ ਗੁਰੂ ਸਾਹਿਬ ਦੇ ਕਾਬਲ ਜਾਣ ਅਤੇ ਬਾਬਰ ਨੂੰ ਹਿੰਦੁਸਤਾਨ 'ਤੇ ਰਾਜ ਕਰਨ ਦਾ ਵਰ ਦੇਣ ਦੀ ਗੱਲ ਕਰਦਾ ਹੈ।[100] ਸੰਤੋਖ ਸਿੰਘ ਗੁਰੂ ਸਾਹਿਬ ਦੁਆਰਾ ਕਾਬਲ ਜਾਣ ਅਤੇ ਉੱਥੇ ਇੱਕ ਮਸੀਤ ਨੂੰ ਕਾਬਲ ਦੇ ਆਲੇ-ਦੁਆਲੇ ਫ਼ੇਰਨ ਦੀ ਗੱਲ ਵੀ ਕਰਦਾ ਹੈ।[101]

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਕੰਧਾਰ ਤੋਂ ਚੱਲ ਕੇ ਗੁਰੂ ਸਾਹਿਬ ਹਸਨ ਅਬਦਾਲ ਪਹੁੰਚੇ। ਭਾਈ ਮਰਦਾਨਾ ਜਦੋਂ ਵਲੀ ਕੰਧਾਰੀ ਦੇ ਚਸ਼ਮੇ ਤੋਂ ਪਾਣੀ ਲੈਣ ਗਿਆ ਤਾਂ ਉਸ ਨੇ ਕਿਹਾ ਕਿ ਤੇਰਾ ਗੁਰੂ ਪਾਣੀ ਕੱਢ ਲਵੇ ਅਤੇ ਫ਼ੇਰ ਗੁਰੂ ਸਾਹਿਬ ਦੇ ਬਚਨਾਂ ਅਨੁਸਾਰ ਉੱਥੇ ਪਾਣੀ ਦੇ ਚਸ਼ਮੇ ਫੁੱਟ ਪਏ ਅਤੇ ਵਲੀ ਕੰਧਾਰੀ ਦਾ ਚਸ਼ਮਾ ਸੁੱਕ ਗਿਆ। ਵਲੀ ਕੰਧਾਰੀ ਨੇ ਗੁੱਸੇ ਵਿੱਚ ਆ ਕੇ ਗੁਰੂ ਸਾਹਿਬ ਵੱਲ ਪੱਥਰ ਰੋੜ੍ਹ ਦਿੱਤਾ। ਗੁਰੂ ਸਾਹਿਬ ਨੇ ਉਸ ਪੱਥਰ ਨੂੰ ਆਪਣੇ ਹੱਥ ਦੇ ਪੰਜੇ ਨਾਲ ਰੋਕ ਲਿਆ। ਉਸ ਸਮੇਂ ਉਸ ਪੱਥਰ 'ਤੇ ਗੁਰੂ ਸਾਹਿਬ ਦਾ ਪੰਜਾ ਛੱਪ ਗਿਆ। ਉਸ ਜਗ੍ਹਾ ਨੂੰ ਹੁਣ ਪੰਜਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕੰਧਾਰੀ ਨੇ ਗੁਰੂ ਸਾਹਿਬ ਦੇ ਚਰਨੀਂ ਡਿੱਗ ਕੇ ਆਪਣੀ ਭੁੱਲ ਬਖ਼ਸ਼ਾਈ। ਉੱਥੋਂ ਚੱਲ ਕੇ ਗੁਰੂ ਸਾਹਿਬ ਤੇ ਭਾਈ ਮਰਦਾਨਾ, ਪੋਠੋਹਾਰ ਥਾਣੀ ਹੁੰਦੇ ਹੋਏ ਬਾਲ ਗੁਦਾਈਂ ਵਿੱਚ ਜੋਗੀਆਂ ਨਾਲ ਗੋਸਟਿ ਕਰਕੇ ਰੋਹਤਾਸ ਆ ਗਏ। ਜਿੱਥੇ ਭਾਈ ਮਰਦਾਨੇ ਨੂੰ ਬੜੀ ਪਿਆਸ ਲੱਗੀ ਅਤੇ ਤਿੰਨ-ਤਿੰਨ ਕੋਹ ਤਕ ਪਾਣੀ ਦਾ ਕੋਈ ਨਿਸ਼ਾਨ ਨਹੀਂ ਸੀ। ਉੱਥੇ ਗੁਰੂ ਸਾਹਿਬ ਨੇ ਪਾਣੀ ਦਾ ਇੱਕ ਚਸ਼ਮਾ ਕੱਢਿਆ, ਜੋ ਹੁਣ ਤੱਕ ਚੱਲ ਰਿਹਾ ਹੈ। ਰੋਹਤਾਸ ਤੋਂ ਚੱਲ ਕੇ ਲੋਕਾਂ ਨੂੰ ਤਾਰਦੇ ਹੋਏ ਗੁਰੂ ਸਾਹਿਬ ਭਾਈ ਮਰਦਾਨੇ ਸੰਗ ਏਮਨਾਬਾਦ ਪਹੁੰਚੇ।[102]

ਗਿਆਨੀ ਗਿਆਨ ਸਿੰਘ ਮੁਤਾਬਿਕ ਗੁਰੂ ਜੀ ਦੇ ਜੋ ਵੀ ਸੇਵਕ ਏਮਨਾਬਾਦ ਵਿੱਚ ਸਨ, ਉਹ ਸਭ ਏਮਨਾਬਾਦ ਛੱਡ ਕੇ ਜਾ ਚੁੱਕੇ ਸਨ। ਜਦੋਂ ਮਾਤਾ ਮਾਤਾ ਸੁਲੱਖਣੀ ਨੂੰ ਗੁਰੂ ਸਾਹਿਬ ਦੇ ਏਮਨਾਬਾਦ ਪੁੱਜਣ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਭਾਈ ਬਾਲੇ ਨੂੰ ਗੁਰੂ ਜੀ ਨੂੰ ਘਰ ਲੈ ਕੇ ਆਉਣ ਲਈ ਕਿਹਾ। ਮਾਤਾ ਸੁਲੱਖਣੀ ਦੇ ਬਚਨ ਮੰਨ ਕੇ ਭਾਈ ਬਾਲਾ ਵੀ ਗੁਰੂ ਸਾਹਿਬ ਕੋਲ ਏਮਨਾਬਾਦ ਆ ਗਿਆ, ਕੁਝ ਵਕਫ਼ੇ ਬਾਅਦ ਮੁਗਲ ਵੀ ਏਮਨਾਬਾਦ ਪਹੁੰਚ ਗਏ। ਉਨ੍ਹਾਂ ਨੇ ਪਠਾਣਾਂ ਨੂੰ ਹਰਾ ਕੇ ਭਾਰੀ ਕਤਲੇਆਮ ਕੀਤਾ। ਜਿਸ ਵਿੱਚ ਦੀਵਾਨ ਮਲਿਕ ਭਾਗੋ ਵੀ ਮਾਰਿਆ ਗਿਆ। ਮੁਗਲਾਂ ਨੇ ਏਮਨਾਬਾਦ ਨੂੰ ਬੁਰੀ ਤਰ੍ਹਾਂ ਲੁੱਟਿਆ ਅਤੇ ਬਹੁਤ ਸਾਰੇ ਲੋਕਾ ਨੂੰ ਬੰਦੀ ਬਣਾ ਲਿਆ। ਇਨ੍ਹਾਂ ਬੰਦੀਆਂ

---

99 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 62-71.

100 ਸਰੂਪ ਦਾਸ ਭੱਲਾ, *ਉ. ਰ.,* ਪੰਨੇ 371-373.

101 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 889-894.

102 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 71-73

ਵਿੱਚ ਗੁਰੂ ਸਾਹਿਬ ਤੇ ਉਸ ਦੇ ਸਾਥੀ ਵੀ ਸ਼ਾਮਿਲ ਸਨ। ਜਦੋਂ ਬਾਬਰ ਨੂੰ ਗੁਰੂ ਸਾਹਿਬ ਬਾਰੇ ਪਤਾ ਲੱਗਿਆ ਤਾਂ ਉਸ ਨੇ ਆਪਣੇ ਵਜ਼ੀਰ ਨੂੰ ਗੁਰੂ ਸਾਹਿਬ ਨੂੰ ਦਰਬਾਰ ਵਿੱਚ ਲੈ ਕੇ ਆਉਣ ਲਈ ਭੇਜਿਆ। ਵਜ਼ੀਰ ਨੇ ਗੁਰੂ ਸਾਹਿਬ ਅੱਗੇ ਹੀਰੇ-ਜਵਾਹਰਾਤ ਰੱਖ ਕੇ ਮੱਥਾ ਟੇਕਿਆ, ਗੁਰੂ ਸਾਹਿਬ ਨੇ ਉੱਥੇ ਧਰਮ ਦਾ ਉਪਦੇਸ਼ ਦਿੱਤਾ ਅਤੇ ਸੱਤ ਮੁੱਠੀਆਂ ਭੰਗ ਦੀਆਂ ਦੇ ਕੇ ਬਾਬਰ ਦੇ ਖ਼ਾਨਦਾਨ ਨੂੰ ਸੱਤ ਬਾਦਸ਼ਾਹੀਆਂ ਬਖ਼ਸ਼ ਦਿੱਤੀਆਂ। ਇਸ ਤਰ੍ਹਾਂ ਬਾਬਰ ਗੁਰੂ ਸਾਹਿਬ ਨੂੰ ਸਿਜਦਾ ਕਰਕੇ ਦਿੱਲੀ ਜਿੱਤਣ ਲਈ ਤੁਰ ਪਿਆ।[103] ਸਰੂਪ ਦਾਸ ਭੱਲਾ ਇਸ ਨੂੰ ਪੰਜਵੀਂ ਉਦਾਸੀ ਮੌਕੇ ਦੀ ਘਟਨਾ ਦੱਸਦਾ ਹੋਇਆ ਲਿਖਦਾ ਹੈ ਕਿ ਗੁਰੂ ਸਾਹਿਬ ਵੱਲੋਂ ਸੈਦਪੁਰ ਪਹੁੰਚ ਕੇ ਬਾਬਰ ਦੇ ਜ਼ੁਲਮ ਦੀ ਨਿੰਦਿਆ, ਗੁਰੂ ਸਾਹਿਬ ਨੂੰ ਵੀ ਕੈਦ ਕਰਨ, ਚੱਕੀ ਦੇ ਆਪੇ ਚੱਲਣ, ਬਾਬਰ ਦੇ ਗੁਰੂ ਜੀ ਦੇ ਚਰਨੀਂ ਢਹਿਣ ਅਤੇ ਗੁਰੂ ਸਾਹਿਬ ਵੱਲੋਂ ਬਾਬਰ ਨੂੰ ਕਤਲੇਆਮ ਬੰਦ ਕਰਕੇ ਸੈਦਪੁਰ ਨਗਰ ਨੂੰ ਵਸਾਉਣ ਤੇ ਉਸ ਦਾ ਰਾਜ ਕਈ ਸੌ ਸਾਲ ਰਹਿਣ ਦਾ ਜ਼ਿਕਰ ਕਰਦਾ ਹੈ।[104] ਸੰਤੋਖ ਸਿੰਘ ਇਸ ਨੂੰ ਤੀਜੀ ਉਦਾਸੀ ਵੇਲੇ ਦੀ ਘਟਨਾ ਲਿਖਦਾ ਹੈ ਕਿ ਗੁਰੂ ਸਾਹਿਬ ਰਸਤੇ ਵਿੱਚ ਸੰਤਾਂ ਨੂੰ ਤਾਰਦੇ ਹੋਏ ਆਪਣੇ ਮਿੱਤਰ ਦੇ ਪਿੰਡ ਏਮਨਾਬਾਦ ਪਹੁੰਚੇ। ਸੰਤੋਖ ਸਿੰਘ ਲਿਖਦਾ ਹੈ ਕਿ ਜਦੋਂ ਏਮਨਾਬਾਦ ਦੇ ਪਠਾਣਾਂ ਨੇ ਰੋਟੀ ਮੰਗਣ ਗਏ ਭਾਈ ਮਰਦਾਨੇ ਨੂੰ ਧੱਕੇ ਮਾਰੇ ਤਾਂ ਗੁਰੂ ਸਾਹਿਬ ਨੇ ਸਰਾਪ ਦਿੱਤਾ ਕਿ ਇਨ੍ਹਾਂ ਪਾਪੀਆਂ ਦਾ ਨਾਸ਼ ਕਰਨ ਵਾਲੇ ਦਾ ਜਨਮ ਕਾਬਲ ਵਿੱਚ ਹੋ ਗਿਆ ਹੈ। ਉਹ ਸੰਮਤ 1578 ਬਿਕ੍ਰਮੀ ਵਿੱਚ ਇੱਥੇ ਹਮਲਾ ਕਰਕੇ ਇਨ੍ਹਾਂ ਨੂੰ ਬਰਬਾਦ ਕਰ ਦੇਵੇਗਾ ਅਤੇ ਹਿੰਦੁਸਤਾਨ ‘ਤੇ ਉਸ ਦਾ ਰਾਜ ਸੰਮਤ 1797 ਬਿਕ੍ਰਮੀ ਤੱਕ ਰਹੇਗਾ। ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਬਚਨ ਹੀ ਕੀਤੇ ਸਨ ਕਿ ਸਵੇਰ ਹੁੰਦਿਆਂ ਹੀ ਬਾਬਰ ਨੇ ਏਮਨਾਬਾਦ ‘ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਪੱਧਰ ‘ਤੇ ਏਮਨਾਬਾਦ ‘ਚ ਕਤਲੇਆਮ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਸੰਤੋਖ ਸਿੰਘ ਲਿਖਦਾ ਹੈ ਕਿ ਬਾਬਰ ਦੀ ਫ਼ੌਜ ਨੇ ਗੁਰੂ ਸਾਹਿਬ, ਬਾਲੇ ਤੇ ਭਾਈ ਮਰਦਾਨੇ ਨੂੰ ਵੀ ਕੈਦ ਕਰ ਲਿਆ ਗਿਆ। ਜਦੋਂ ਬਾਬਰ ਨੂੰ ਪਤਾ ਲੱਗਿਆ ਤਾਂ ਉਹ ਦਰਸ਼ਨਾਂ ਲਈ ਆਇਆ। ਗੁਰੂ ਸਾਹਿਬ ਨੇ ਬਾਬਰ ਨੂੰ ਕਈ ਪੀੜ੍ਹੀਆਂ ਤੱਕ ਦਾ ਰਾਜ ਕਰਨ ਦਾ ਵਰ ਦੇ ਦਿੱਤਾ ਤੇ ਗੁਰੂ ਸਾਹਿਬ ਦੇ ਕਹਿਣ ‘ਤੇ ਕਈ ਕੈਦੀਆਂ ਨੂੰ ਰਿਹਾਅ ਕਰ ਦਿੱਤਾ।[105]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਏਮਨਾਬਾਦ ਤੋ ਗੁਰੂ ਸਾਹਿਬ ਕਰਤਾਰਪੁਰ ਵਾਪਸ ਆ ਗਏ। ਜਿੱਥੇ ਹਰ ਰੋਜ਼ ਸਤਿਸੰਗ ਹੁੰਦਾ ਤੇ ਲੰਗਰ ਚੱਲਦਾ ਸੀ। ਸ੍ਰੀ ਚੰਦ ਅਤੇ ਲਖਮੀ ਚੰਦ ਖੇਤੀ ਕਰਵਾਉਂਦੇ।[106] ਸਰੂਪ

---

103 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 73-75.

104 ਸਰੂਪ ਦਾਸ ਭੱਲਾ, *ਉ. ਰ.,* ਪੰਨੇ 378-380.

105 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 991-1008.

106 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 75.

ਦਾਸ ਭੱਲਾ ਲਿਖਦਾ ਹੈ ਕਿ ਬਾਬਰ ਤੋਂ ਵਿਦਾ ਲੈ ਕੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਪੰਜਾਬ ਵੱਲ ਚਲੇ ਗਏ। ਰਸਤੇ ਵਿੱਚ ਭਾਈ ਮਰਦਾਨਾ ਸਵਰਗ ਸਿਧਾਰ ਗਿਆ। ਗੁਰੂ ਸਾਹਿਬ ਉਸ ਦਾ ਸਸਕਾਰ ਕਰਕੇ ਪੰਜਾਬ ਆ ਕੇ ਸੈਦਪੁਰ ਰੁਕੇ।[107] ਸਰੂਪ ਦਾਸ ਭੱਲਾ ਗਿਆਨੀ ਗਿਆਨ ਸਿੰਘ ਦੇ ਉਲਟ ਪੰਜਵੀਂ ਉਦਾਸੀ ਵੇਲੇ ਸੈਦਪੁਰ ਤੋਂ ਆ ਕੇ ਰਾਵੀ ਦੇ ਕਿਨਾਰੇ ਗੁਰੂ ਸਾਹਿਬ ਵੱਲੋਂ ਕਰਤਾਰਪੁਰ ਨਗਰ ਵਸਾਉਣ, ਧਰਮਸ਼ਾਲਾ ਬਣਾਉਣ ਤੇ ਖੇਤੀ ਕਰਨ ਦੀ ਗੱਲ ਕਰਦਾ ਹੈ।[108] ਸੰਤੋਖ ਸਿੰਘ ਲਿਖਦਾ ਕਿ ਸਿਆਲਕੋਟ ਤੋਂ ਚੱਲ ਕੇ ਗੁਰੂ ਸਾਹਿਬ ਕਰਤਾਪੁਰ ਪਹੁੰਚੇ ਅਤੇ ਖੇਤੀ ਕਰਨ ਲੱਗੇ। ਗੁਰੂ ਜੀ ਨੇ ਫ਼ੇਰ ਅੱਚਲ ਬਟਾਲੇ ਦੇ ਮੇਲੇ 'ਤੇ ਜਾ ਕੇ ਸਿਧਾਂ ਦਾ ਪਖੰਡ ਤੋੜਿਆ।[109]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਦਾ ਜਸ ਦਿਨੋ-ਦਿਨ ਫ਼ੈਲਦਾ ਜਾ ਰਿਹਾ ਸੀ। ਤਾਰੂ ਪੋਪਟ, ਬਾਬਾ ਬੁੱਢਾ, ਤਖ਼ਤ ਮੱਲ ਆਦਿ ਸਿੱਖਾਂ ਦੇ ਗੁਰੂ ਸਾਹਿਬ ਦੇ ਨਾਲ ਰਹਿ ਕੇ ਭਾਗ ਚਮਕ ਗਏ। ਗੁਰੂ ਸਾਹਿਬ ਸਿਰਫ਼ ਇੱਕ ਅਕਾਲਪੁਰਖ ਦੀ ਉਸਤਤਿ ਦੀ ਹੀ ਗੱਲ ਕਰਦੇ। ਹਿੰਦੂ ਮੁਸਲਮਾਨ ਦੋਵੇਂ ਹੀ ਗੁਰੂ ਸਾਹਿਬ ਦੇ ਸੇਵਕ ਸਨ। ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਨੂੰ ਗੁਰਿਆਈ ਦਾ ਵਾਰਿਸ ਚੁਣਕੇ ਸੰਮਤ 1596 ਬਿਕ੍ਰਮੀ ਅੱਸੂ ਸੁਦੀ 10 ਨੂੰ ਜੋਤੀ ਜੋਤ ਸਮਾ ਗਏ। ਹਿੰਦੂ-ਮੁਸਲਮਾਨ ਆਪਸ 'ਚ ਝਗੜਨ ਲੱਗੇ। ਜਿੱਥੇ ਮੁਸਲਮਾਨ ਗੁਰੂ ਸਾਹਿਬ ਨੂੰ ਦਫ਼ਨਾਉਣਾ ਚਾਹੁੰਦੇ ਸਨ, ਪਰ ਹਿੰਦੂ ਗੁਰੂ ਸਾਹਿਬ ਨੂੰ ਅਗਨ ਭੇਟ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਇਹ ਝਗੜਾ ਵੀ ਆਪ ਹੀ ਨਿਬੇੜਿਆ। ਜਦੋਂ ਗੁਰੂ ਸਾਹਿਬ ਦੇ ਮ੍ਰਿਤਕ ਸਰੀਰ ਤੋਂ ਚਾਦਰ ਚੁੱਕੀ ਗਈ ਤਾਂ ਹੇਠੋਂ ਕੁੱਝ ਨਾ ਮਿਲਿਆ। ਹਿੰਦੂ-ਮੁਸਲਮਾਨਾਂ ਨੇ ਚਾਦਰ ਪਾੜ ਕੇ ਅੱਧੀ-ਅੱਧੀ ਵੰਡ ਲਈ। ਮੁਸਲਮਾਨਾਂ ਨੇ ਚਾਦਰ ਨੂੰ ਦਫ਼ਨਾ ਦਿੱਤਾ ਤੇ ਹਿੰਦੂਆਂ ਨੇ ਅਗਨ ਭੇਟ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਅਮਰ ਹੋ ਗਏ।[110] ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਨਾਨਕ ਦੇਵ ਜੀ ਸੰਮਤ 1596 ਬਿਕ੍ਰਮੀ ਵਿੱਚ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਜੋਤੀ ਜੋਤ ਸਮਾ ਗਏ।[111] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਸੰਮਤ 1596 ਬਿਕ੍ਰਮੀ ਅੱਸੂ ਵਦੀ 10 ਨੂੰ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਗੁਰੂ ਜੀ ਜੋਤੀ ਜੋਤ ਸਮਾ ਗਏ।[112] ਸੰਤੋਖ ਸਿੰਘ ਵੀ ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣਾ ਜੀ ਨੂੰ ਗੁਰਿਆਈ ਸੌਂਪਣ ਦੀ ਤੇ ਉਸ ਦਾ ਨਾਂ ਅੰਗਦ ਰੱਖਣ ਦੀ ਪੁਸ਼ਟੀ ਕਰਦਾ ਹੈ। ਉਹ ਵੀ ਲਿਖਦਾ ਹੈ ਕਿ ਜਦੋਂ ਹਿੰਦੂ ਮੁਸਲਮਾਨਾਂ ਦੀ ਗੁਰੂ ਨੂੰ ਦਫ਼ਨਾਉਣ ਜਾਂ ਅਗਨ ਭੇਟ ਕਰਨ ਵਾਲੀ ਘਟਨਾ ਦਾ ਜ਼ਿਕਰ ਗਿਆਨੀ

---

107 ਸਰੂਪ ਦਾਸ ਭੱਲਾ, *ਉ. ਰ.,* ਪੰਨਾ 376.

108 ਸਰੂਪ ਦਾਸ ਭੱਲਾ, *ਉਹੀ,* ਪੰਨੇ 382-383.

109 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1091-1108.

110 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 75-76.

111 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 47.

112 ਸਰੂਪ ਦਾਸ ਭੱਲਾ, *ਉ. ਰ.,* ਪੰਨੇ 436, 439-440.

ਗਿਆਨ ਸਿੰਘ ਵਾਂਗ ਹੀ ਕਰਦਾ ਹੈ। ਸੰਤੋਖ ਸਿੰਘ ਵੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਉਣ ਦਾ ਸਮਾਂ ਸੰਮਤ 1596 ਬਿਕ੍ਰਮੀ ਅੱਸੂ ਸੁਦੀ 10 ਹੀ ਦਿੰਦਾ ਹੈ।[113] ਕੁਝ ਲੇਖਕ ਜਿਵੇਂ ਕਿਰਪਾਲ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਸਰੂਪ ਦਾਸ ਭੱਲਾ ਵਾਂਗ ਗੁਰੂ ਨਾਨਕ ਦੇਵ ਜੀ ਦੇ ਜੋਤ ਜੋਤ ਸਮਾਉਣ ਦੀ ਮਿਤੀ ਸੰਮਤ 1596 ਬਿਕ੍ਰਮੀ ਅੱਸੂ ਵਦੀ 10 ਲਿਖਦੇ ਹਨ, ਪਰ ਮੈਕਾਲਿਫ਼ ਸੰਮਤ 1595 ਬਿਕ੍ਰਮੀ ਅੱਸੂ ਵਦੀ 10 ਲਿਖਦਾ ਹੈ।[114] ਜਦੋਂ ਕਿ ਈਸ਼ਰ ਸਿੰਘ ਨਾਰਾ ਅਤੇ ਡਾ. ਤ੍ਰਲੋਚਨ ਸਿੰਘ, ਗਿਆਨੀ ਗਿਆਨ ਸਿੰਘ ਵਾਂਗ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਮਿਤੀ ਸੰਮਤ 1596 ਬਿਕ੍ਰਮੀ ਅੱਸੂ ਸੁਦੀ 10 ਦੇ ਰਹੇ ਹਨ।[115] ਹਰੀ ਰਾਮ ਗੁਪਤਾ ਅਤੇ ਤੇਜਾ ਸਿੰਘ ਗੰਡਾ ਸਿੰਘ ਸੰਮਤ 1596 ਬਿਕ੍ਰਮੀ ਅੱਸੂ 10 ਦੇ ਮੁਤਾਬਿਕ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਮਿਤੀ 22 ਸਤੰਬਰ 1539 ਈ. ਦੇ ਰਹੇ ਹਨ।[116]

## ਗੁਰੂ ਅੰਗਦ ਦੇਵ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਹੋਏ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੇ ਮੈਂ ਉਨ੍ਹਾਂ ਦੀ ਸਾਰੀ ਕਥਾ ਲਿਖਣ ਲਗਾ ਤਾਂ ਗ੍ਰੰਥ ਵਧ ਜਾਵੇਗਾ।[117] ਜਦੋਂ ਕਿ ਗਿਆਨੀ ਗਿਆਨ ਸਿੰਘ ਵਿਸਥਾਰ ਨਾਲ ਦੱਸਦਾ ਹੋਇਆ, ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਦਾ ਜਨਮ ਸੰਮਤ 1561 ਬਿਕ੍ਰਮੀ ਵਿੱਚ ਸਰਾਇ ਮੱਤੇ ਕੀ ਵਿਖੇ ਤ੍ਰੇਹਨ ਖੱਤਰੀ ਭਾਈ ਫੇਰੂ ਦੇ ਘਰ ਮਾਤਾ ਸਭਰਾਈਂ ਦੀ ਕੁੱਖੋਂ ਹੋਇਆ ਲਿਖਦਾ ਹੈ ਤੇ ਉਨ੍ਹਾਂ ਦਾ ਪਹਿਲਾ ਨਾਂ ਭਾਈ ਲਹਿਣਾ ਦੱਸਦਾ ਹੈ। ਗਿਆਨੀ ਗਿਆਨ ਸਿੰਘ ਗੁਰੂ ਅੰਗਦ ਦੇਵ ਜੀ ਦਾ ਵਿਆਹ ਖਡੂਰ ਸਾਹਿਬ ਦੀ ਰਹਿਣ ਵਾਲੀ ਬੀਬੀ ਖੀਵੀ ਨਾਲ ਹੋਇਆ ਦੱਸਦਾ ਹੈ ਅਤੇ ਸਰਾਇ ਮੱਤੇ

---

113 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1204-1205, 1253-1255.

114 ਸਰੂਪ ਦਾਸ ਭੱਲਾ, *ਉ. ਰ.,* ਪੰਨਾ 47; ਕਿਰਪਾਲ ਸਿੰਘ, *ਜਨਮਸਾਖੀ ਪ੍ਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨੇ 165, 434; ਜਸਵੀਰ ਸਿੰਘ ਸਾਬਰ (ਸੰਪਾ.), *ਗਿਆਨ ਰਤਨਾਵਲੀ (ਮਨੀ ਸਿੰਘ ਵਾਲੀ ਜਨਮ ਸਾਖੀ)*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993, ਪੰਨਾ 401; ਕਰਮ ਸਿੰਘ ਹਿਸਟੋਰੀਅਨ, *ਕੱਤਕ ਕਿ ਵਿਸਾਖ,* ਪੰਨਾ 123; ਮੈਕਸ ਆਰਥਰ ਮੈਕਾਲਿਫ਼, *ਸਿੱਖ ਇਤਿਹਾਸ ਭਾਗ ਪਹਿਲਾ-ਦੂਜਾ,* (ਅਨੁ. ਅਜੈਬ ਸਿੰਘ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005, ਪੰਨਾ 175.

115 ਈਸ਼ਰ ਸਿੰਘ ਨਾਰਾ, *ਵਿਸਾਖ ਨਹੀਂ ਕੱਤਕ,* ਪੰਨਾ 171; ਡਾ. ਤਰਲੋਚਨ ਸਿੰਘ, *ਜੀਵਨ ਚਰਿੱਤਰ ਗੁਰੂ ਨਾਨਕ ਦੇਵ,* ਦਿੱਲੀ ਸਿੱਖ ਗੁਰਦੁਆਰਾ ਬੋਰਡ, ਦਿੱਲੀ, 1972, ਪੰਨਾ 407.

116 Hari Ram Gupta, *History of Sikh Gurus*, U.C. Kapoor and Sons, New Delhi, 1973, p.100; ਤੇਜਾ ਸਿੰਘ ਗੰਡਾ ਸਿੰਘ, *ਸਿੱਖ ਇਤਿਹਾਸ*, 1469-1765 (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 17.

117 ਰਤਨ ਸਿੰਘ ਭੰਗੂ, *ਉ. ਰ.,* ਪੰਨਾ 22.

ਤੋਂ ਖਡੂਰ ਸਾਹਿਬ ਵਿਖੇ ਆ ਕੇ ਵੱਸ ਜਾਣ ਦੀ ਪੁਸ਼ਟੀ ਕਰਦਾ ਹੈ।[118] ਗਿਆਨੀ ਗਿਆਨ ਸਿੰਘ ਗੁਰੂ ਜੀ ਦੇ ਦੋ ਪੁੱਤਰ ਦਾਤੂ ਤੇ ਦਾਸੂ ਅਤੇ ਇੱਕ ਧੀ ਅਮਰੋ ਦੱਸਦਾ ਹੈ।[119] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ, ਜਨਮ ਤਾਰੀਖ਼ ਅਤੇ ਨਾਂ, ਔਲਾਦ ਬਾਰੇ ਹੂ-ਬ-ਹੂ ਗਿਆਨੀ ਗਿਆਨ ਸਿੰਘ ਵਾਲਾ ਹੀ ਲਿਖ ਰਹੇ ਹਨ।[120] ਪਰ ਕੇਸਰ ਸਿੰਘ ਛਿੱਬਰ ਗੁਰੂ ਅੰਗਦ ਦੇਵ ਜੀ ਦੇ ਪਿੰਡ ਦਾ ਨਾਂ ਸਰਾਇ ਮੱਤੇ ਕੀ ਥਾਂ 'ਤੇ ਹਰੀਕੇ ਲਿਖ ਰਿਹਾ ਹੈ, ਜਦੋਂ ਕਿ ਸੰਤੋਖ ਸਿੰਘ ਉਨ੍ਹਾਂ ਨੂੰ ਸੱਤੇ ਨਾਗੇ ਦੀ ਸਰਾਂ ਦਾ ਵਾਸੀ ਦੱਸਦਾ ਹੈ।[121] ਗੁਰੂ ਅੰਗਦ ਦੇਵ ਜੀ ਦਾ ਜਨਮ ਇੰਦੂ ਭੂਸ਼ਣ ਬੈਨਰਜੀ ਤੇ ਮੈਕਾਲਿਫ਼ ਨੇ ਵੀ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਸੰਮਤ 1561 ਬਿਕ੍ਰਮੀ ਅਤੇ ਹਰੀ ਰਾਮ ਗੁਪਤਾ, ਤੇਜਾ ਸਿੰਘ ਗੰਡਾ ਸਿੰਘ ਨੇ 31 ਮਾਰਚ 1504 ਈ. ਲਿਖਿਆ ਹੈ।[122] ਉਪਰੋਕਤ ਜਾਣਕਾਰੀ ਵਿੱਚ ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੀ ਦੂਜੀ ਪੁੱਤਰੀ ਅਨੋਖੀ ਬਾਰੇ ਕੁਝ ਨਹੀਂ ਦੱਸ ਰਿਹਾ ਹੈ, ਜਦੋਂ ਕਿ ਸਿੱਖ ਜਗਤ ਵਿੱਚ ਗੁਰੂ ਸਾਹਿਬ ਦੀਆਂ ਦੋ ਧੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਪ੍ਰਵਾਨਿਤ ਹਨ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਭਾਈ ਲਹਿਣਾ ਗੁਰੂ ਨਾਨਕ ਦੇਵ ਜੀ ਦਾ ਜੱਸ ਸੁਣ ਕੇ ਸੰਮਤ 1579 ਬਿਕ੍ਰਮੀ ਵਿੱਚ ਦੇਵੀ ਦੇ ਦਰਸ਼ਨ ਕਰਨ ਜਾਂਦਾ ਹੋਇਆ ਕਰਤਾਰਪੁਰ ਜਾ ਪਹੁੰਚਦਾ ਹੈ ਤੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਕੋਲ ਹੀ ਰਹਿਣ ਲੱਗ ਜਾਂਦਾ ਹੈ।[123] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਇਸ ਘਟਨਾ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ।[124]

ਗਿਆਨੀ ਗਿਆਨ ਸਿੰਘ ਅਨੁਸਾਰ ਇੱਕ ਦਿਨ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਆਪਣੇ ਬਸਤਰ ਧੋ ਕੇ ਲਿਆਉਣ ਲਈ ਕਿਹਾ। ਬਾਕੀ ਦੇ ਸਿੱਖ ਅੱਧੀ ਰਾਤ ਦਾ ਵੇਲਾ ਕਹਿ ਕੇ ਟਾਲ-ਮਟੋਲਾ ਕਰ ਗਏ, ਪਰ ਭਾਈ ਲਹਿਣਾ ਸੱਤ ਬਚਨ ਮੰਨਕੇ ਬਸਤਰ ਧੋਣ ਲਈ ਚਲਾ ਗਿਆ। ਇਸੇ ਤਰ੍ਹਾਂ ਇੱਕ ਵਾਰ ਦਿਨ-ਰਾਤ ਦੀ ਝੜੀ ਲੱਗਣ

---

118 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 77-78.

119 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 84.

120 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 50; ਸਰੂਪ ਦਾਸ ਭੱਲਾ, *ਉ. ਰ.,* ਪੰਨਾ 386; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ-ਪੰਜਵੀਂ,* ਪੰਨੇ 1151-1152, 1434.

121 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 50; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨਾ 1152.

122 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ, ਜਿਲਦ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 94; ਮੈਕਸ ਆਰਥਰ ਮੈਕਾਲਿਫ਼, *ਸਿੱਖ ਇਤਿਹਾਸ ਭਾਗ ਪਹਿਲਾ-ਦੂਜਾ,* ਪੰਨਾ 179; Hari Ram Gupta, *History of Sikh Gurus*, New Delhi 1973, p. 113; ਤੇਜਾ ਸਿੰਘ ਗੰਡਾ ਸਿੰਘ, *ਸਿੱਖ ਇਤਿਹਾਸ,* ਪੰਨਾ 17.

123 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 77-78.

124 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 51; ਸਰੂਪ ਦਾਸ ਭੱਲਾ, *ਉ. ਰ.,* ਪੰਨੇ 386-387; ਭਾਈ ਸੰਤੋਖ ਸਿੰਘ, *ਉ. ਰ., ਜਿ. ਚੌ.,* ਪੰਨੇ 1154-1155.

ਕਾਰਣ ਲੰਗਰ ਬਣਾਉਣਾ ਮੁਸ਼ਕਿਲ ਹੋ ਗਿਆ। ਗੁਰੂ ਸਾਹਿਬ ਨੇ ਸਿੱਖਾਂ ਅਤੇ ਆਪਣੇ ਪੁੱਤਰਾਂ ਨੂੰ ਪਰਖਣ ਲਈ ਕਿਹਾ ਕਿ ਜੇ ਇਸ ਕਿੱਕਰ ਉੱਤੇ ਚੜ੍ਹਕੇ ਇਸ ਨੂੰ ਹਿਲਾਇਆ ਜਾਵੇ ਤਾਂ ਬਹੁਤ ਮਠਿਆਈ ਡਿੱਗੇਗੀ। ਹੋਰ ਕਿਸੇ ਨੇ ਤਾਂ ਗੁਰੂ ਸਾਹਿਬ ਦੀ ਗੱਲ ਨਾ ਮੰਨੀ, ਪਰ ਭਾਈ ਲਹਿਣਾ ਕਿੱਕਰ 'ਤੇ ਜਾ ਚੜ੍ਹਿਆ। ਕਿੱਕਰ ਤੋਂ ਅੰਤਾਂ ਦੀ ਮਠਿਆਈ ਡਿੱਗੀ ਤੇ ਸਭ ਨੇ ਜੀਅ ਭਰਕੇ ਖਾਧੀ। ਇਸੇ ਤਰ੍ਹਾਂ ਇੱਕ ਵਾਰ ਬਿੱਲੀ ਨੇ ਫਰਸ਼ 'ਤੇ ਪਖਾਨਾ ਕਰ ਦਿੱਤਾ। ਜਦੋਂ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਕਿਹਾ ਤਾਂ ਉਨ੍ਹਾਂ ਨੇ ਗੱਲ ਅਣਗੌਲਿਆਂ ਕਰ ਦਿੱਤੀ। ਪਰ ਭਾਈ ਲਹਿਣੇ ਨੇ ਝੱਟਪੱਟ ਬਿੱਲੀ ਦਾ ਪਖਾਨਾ ਚੁੱਕ ਕੇ ਥਾਂ ਨੂੰ ਸਾਫ਼ ਕਰ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਚੰਗੀ ਤਰ੍ਹਾਂ ਪਰਖ ਲਿਆ ਅਤੇ ਉਸ ਨੂੰ ਅੰਗਦ ਦਾ ਨਾਂ ਦੇ ਕੇ ਆਪਣੀ ਗੱਦੀ ਦਾ ਵਾਰਿਸ ਚੁਣ ਲਿਆ।[125] ਕੇਸਰ ਸਿੰਘ ਛਿੱਬਰ ਗੁਰੂ ਨਾਨਕ ਦੇਵ ਜੀ ਵੱਲੋਂ ਅੰਗਦ ਦੀ ਪ੍ਰੀਖਿਆ ਲੈਣ ਲਈ ਖੇਤਾਂ ਵਿੱਚੋਂ ਨਦੀਨ ਕਢਾਉਣ ਦੀ ਗੱਲ ਤਾਂ ਲਿਖਦਾ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਕੱਪੜੇ ਧੋਣ, ਕਿੱਕਰ ਨੂੰ ਹਿਲਾ ਕੇ ਮਿਠਾਈ ਕੇਰਨ ਅਤੇ ਬਿੱਲੀ ਦਾ ਪਖਾਨਾ ਚੁੱਕਣ ਆਦਿ ਗਿਆਨੀ ਗਿਆਨ ਸਿੰਘ ਦੇ ਵਿਚਾਰਾਂ ਦੀ ਪੁਸ਼ਟੀ ਨਹੀਂ ਕਰਦਾ।[126] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਰਾਤ ਦੇ ਪਿਛਲੇ ਪਹਿਰ ਰਾਵੀ ਵਿੱਚ ਇਸ਼ਨਾਨ ਕਰਨ ਜਾਂਦੇ ਤਾਂ ਭਾਈ ਲਹਿਣਾ ਵੀ ਗੁਰੂ ਸਾਹਿਬ ਦੇ ਬਸਤਰ ਚੁੱਕ ਕੇ ਉਨ੍ਹਾਂ ਦੇ ਨਾਲ ਜਾਂਦਾ।[127] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਸਾਹਿਬ ਵੱਲੋਂ ਲਈਆਂ ਵੱਖ-ਵੱਖ ਪ੍ਰੀਖਿਆਵਾਂ ਜਿਵੇਂ ਬਾਰਿਸ਼ ਵਿੱਚ ਸਾਰੀ ਰਾਤ ਖੜ੍ਹੇ ਰਹਿਣਾ, ਦਿਨ-ਰਾਤ ਬਾਰੇ ਕੀਤੇ ਗਏ ਸੁਆਲਾਂ ਦਾ ਸਹੀ ਉੱਤਰ ਦੇਣਾ ਅਤੇ ਗੁਰੂ ਜੀ ਦੇ ਹੁਕਮ ਅਨੁਸਾਰ ਮੁਰਦੇ ਨੂੰ ਖਾਣ ਦੀ ਪਹਿਲ ਕਰਨੀ ਆਦਿ ਵਿੱਚੋਂ ਭਾਈ ਲਹਿਣਾ ਸਫ਼ਲ ਹੋਇਆ ਅਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਦਾ ਨਾਂ ਭਾਈ ਅੰਗਦ ਰੱਖ ਕੇ ਸਿੱਖਾਂ ਦਾ ਅਗਲਾ ਗੁਰੂ ਥਾਪਿਆ।[128] ਸੰਤੋਖ ਸਿੰਘ ਵੀ ਭਾਈ ਲਹਿਣਾ ਦੁਆਰਾ ਗੁਰੂ ਜੀ ਕੋਲ ਰਹਿ ਕੇ ਬਰਤਨ ਮਾਂਜਣ, ਪੱਖਾ ਝੱਲਣ ਦੀ, ਗੁਰੂ ਜੀ ਦੇ ਪੈਰ ਘੁੱਟਣ ਦੀ ਆਦਿ ਲਗਾਤਾਰ ਤਿੰਨ ਸਾਲ ਸੇਵਾ ਕਰਨ ਦਾ ਜ਼ਿਕਰ ਕਰਦਾ ਹੈ। ਉਹ ਕਿੱਕਰ ਦੇ ਦਰੱਖ਼ਤ ਤੋਂ ਲੱਡੂ-ਜਲੇਬੀਆਂ ਡਿੱਗਣ ਵਾਲੀ ਘਟਨਾ ਅਤੇ ਹਰ ਰੋਜ਼ ਗੁਰੂ ਨਾਨਕ ਦੇਵ ਜੀ ਨਾਲ ਰਾਤ ਦੇ ਪਿਛਲੇ ਪਹਿਰ ਰਾਵੀ 'ਤੇ ਇਸ਼ਨਾਨ ਕਰਨ ਨਾਲ ਜਾਣ ਵਾਲੀਆਂ ਘਟਨਾਵਾਂ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ। ਉਹ ਵੀ ਗੁਰੂ ਜੀ ਦੇ ਕਹਿਣ 'ਤੇ ਭਾਈ ਲਹਿਣੇ ਦੁਆਰਾ ਲਾਸ਼ ਨੂੰ ਖਾਣ ਜਾਣ ਅਤੇ ਉਸ ਲਾਸ਼ ਦਾ ਕੜਾਹ-ਪ੍ਰਸ਼ਾਦ ਬਣ ਜਾਣ ਦੀ ਪੁਸ਼ਟੀ ਕਰਦਾ ਹੈ। ਸੰਤੋਖ ਸਿੰਘ ਵੀ ਲਿਖਦਾ ਹੈ

---

125 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 78-79.

126 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 52.

127 ਸਰੂਪ ਦਾਸ ਭੱਲਾ, *ਉ. ਰ.,* ਪੰਨਾ 392.

128 ਸਰੂਪ ਦਾਸ ਭੱਲਾ, *ਉਹੀ,* ਪੰਨੇ 402-412.

ਕਿ ਭਾਈ ਲਹਿਣੇ ਦੀ ਪ੍ਰੀਖਿਆ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਉਸ ਨੂੰ ਆਪਣਾ ਸਰੂਪ ਬਖ਼ਸ਼ ਦਿੰਦੇ ਹਨ।[129]

ਗਿਆਨੀ ਗਿਆਨ ਸਿੰਘ ਦੇ ਮੁਤਾਬਿਕ ਗੁਰੂ ਸਾਹਿਬ ਦੇ ਪੁੱਤਰ ਭਾਈ ਲਹਿਣਾ ਨਾਲ ਵੈਰ ਰੱਖਣ ਲੱਗੇ ਤਾਂ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਮੰਨਕੇ ਖਡੂਰ ਸਾਹਿਬ ਚਲੇ ਗਏ ਅਤੇ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।[130] ਪਰ ਕੇਸਰ ਸਿੰਘ ਛਿੱਬਰ ਗੁਰੂ ਅੰਗਦ ਦੇਵ ਜੀ ਦੇ ਖਡੂਰ ਸਾਹਿਬ ਚਲੇ ਜਾਣ ਨੂੰ ਗਿਆਨੀ ਗਿਆਨ ਸਿੰਘ ਵਾਂਗ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦਾ ਵੈਰ ਨਹੀਂ ਮੰਨਦਾ।[131] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਨਾਨਕ ਦੇਵ ਜੀ ਦੇ ਕਹਿਣ 'ਤੇ ਗੁਰੂ ਅੰਗਦ ਦੇ ਖਡੂਰ ਸਾਹਿਬ ਵਿਖੇ ਜਾ ਕੇ ਵੱਸਣ ਦੀ ਪੁਸ਼ਟੀ ਕਰਦੇ ਹਨ।[132]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਹੀ ਗੁਰਮੁਖੀ ਦੀ ਰਚਨਾ ਕੀਤੀ ਅਤੇ ਬਾਣੀ ਵੀ ਗੁਰਮੁਖੀ ਵਿੱਚ ਲਿਖਵਾਈ।[133] ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਦੀ ਰਚਨਾ ਅਤੇ ਇਸ ਵਿੱਚ ਗੁਰਬਾਣੀ ਰਚਣ ਦੀ ਪੁਸ਼ਟੀ ਸਰੂਪ ਦਾਸ ਭੱਲਾ ਵੀ ਕਰਦਾ ਹੈ।[134] ਖੁਸ਼ਵੰਤ ਸਿੰਘ ਅਤੇ ਤੇਜਾ ਸਿੰਘ ਗੰਡਾ ਸਿੰਘ ਵੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ, ਪੱਟੀ ਦੇ ਪੈਂਤੀ ਅੱਖਰਾਂ ਨੂੰ ਤਰਤੀਬਬੱਧ ਕਰਕੇ ਉਨ੍ਹਾਂ ਦਾ ਸਰੂਪ ਨਿਸ਼ਚਿਤ ਕਰਕੇ, ਲਿਖਣ ਦੀ ਗੱਲ ਕਰਦੇ ਹਨ।[135] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਜਦੋਂ ਮੁਗਲ ਬਾਦਸ਼ਾਹ ਹਮਾਯੂੰ ਸੂਬਾ ਬੰਗਾਲ ਦੇ ਪਠਾਣ ਸ਼ੇਰ ਸ਼ਾਹ ਤੋਂ ਹਾਰ ਖਾ ਕੇ ਕੰਧਾਰ ਨੂੰ ਜਾਂਦਾ ਹੋਇਆ ਗੁਰੂ ਅੰਗਦ ਦੇਵ ਜੀ ਕੋਲ ਪਹੁੰਚਿਆ। ਉਸ ਸਮੇਂ ਗੁਰੂ ਜੀ ਸਮਾਧੀ ਵਿੱਚ ਲੀਨ ਸਨ। ਹਮਾਯੂੰ ਲਗਭਗ ਦੋ ਘੜੀਆਂ ਖੜ੍ਹਾ ਗੁਰੂ ਜੀ ਦਾ ਇੰਤਜ਼ਾਰ ਕਰਦਾ ਰਿਹਾ ਅਤੇ ਫ਼ੇਰ ਉਸ ਨੇ ਗੁੱਸੇ ਵਿੱਚ ਆ ਕੇ ਗੁਰੂ ਜੀ ਵੱਲ ਤਲਵਾਰ ਕੱਢ ਲਈ ਤਾਂ ਗੁਰੂ ਅੰਗਦ ਦੇਵ ਜੀ ਹੱਸ ਕੇ ਬੋਲੇ ਕਿ ਤੇਰੀ ਇਹ ਤਲਵਾਰ ਸ਼ੇਰ ਸ਼ਾਹ ਦੇ ਸਾਹਮਣੇ ਕਿਉਂ ਨਹੀਂ ਚੱਲੀ, ਉਸ ਨੂੰ ਤਾਂ ਤੂੰ ਪਿੱਠ ਦਿਖਾ ਕੇ ਭੱਜ ਆਇਆ ਹੈਂ। ਗੁਰੂ ਅੰਗਦ ਦੇਵ ਜੀ ਦੇ ਬਚਨ ਸੁਣ ਕੇ ਹਮਾਯੂੰ ਚਰਨੀਂ ਡਿੱਗ ਪਿਆ ਅਤੇ ਮੁਆਫ਼ੀ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਹਮਾਯੂੰ ਨੂੰ ਵਰ ਦਿੱਤਾ ਕਿ ਜੋ

---

129 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1160-1166, 1171, 1173, 1183-1185.

130 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 81.

131 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 53.

132 ਸਰੂਪ ਦਾਸ ਭੱਲਾ, *ਉ. ਰ.,* ਪੰਨਾ 415; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 1208.

133 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 81.

134 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼-ਭਾਗ ਦੂਜਾ, ਖੰਡ ਪਹਿਲਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਤੀਜਾ 1999, ਪੰਨਾ 80.

135 ਖੁਸ਼ਵੰਤ ਸਿੰਘ, *ਸਿੱਖ ਇਤਿਹਾਸ, ਭਾਗ ਪਹਿਲਾ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰਨਾ 56; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 19.

ਗੁਰੂ ਨਾਨਕ ਦੇਵ ਜੀ ਕਹਿ ਗਏ ਹਨ, ਉਹ ਸਭ ਸੱਚ ਹੋਵੇਗਾ। ਤੁਹਾਡੇ ਘਰ ਇੱਕ ਪ੍ਰਤਾਪੀ ਬੱਚਾ ਜਨਮ ਲਵੇਗਾ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਤੋਂ ਵਰ ਲੈ ਕੇ ਸੰਮਤ 1597 ਬਿਕ੍ਰਮੀ ਵਿੱਚ ਹਮਾਯੂੰ ਹਿੰਦੁਸਤਾਨ ਛੱਡ ਕੇ ਈਰਾਨ ਚਲਾ ਗਿਆ ਅਤੇ ਫ਼ੇਰ ਸੰਮਤ 1609 ਬਿਕ੍ਰਮੀ ਵਿੱਚ ਮੁਗਲਾਂ ਵੱਲੋਂ ਹਮਾਯੂੰ ਦੇ ਪੁੱਤਰ ਅਕਬਰ ਨੇ ਪਾਨੀਪਤ ਦੀ ਦੂਜੀ ਲੜਾਈ ਵਿੱਚ ਹੇਮੂੰ ਨੂੰ ਹਰਾ ਨੇ ਦੁਬਾਰਾ ਦਿੱਲੀ ਉੱਪਰ ਕਬਜ਼ਾ ਕਰ ਲਿਆ ਅਤੇ ਗੁਰੂ ਅੰਗਦ ਦੇਵ ਜੀ ਦਾ ਜੱਸ ਚਾਰ-ਪਾਸੇ ਫ਼ੈਲ ਗਿਆ। ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਗੁਰੂ ਜੀ ਦੇ ਬਚਨਾਂ ਨਾਲ ਖਡੂਰ ਸਾਹਿਬ ਦੇ ਇੱਕ ਚੌਧਰੀ ਦੀ ਮਿਰਗੀ ਹੱਟ ਗਈ।[136] ਕੇਸਰ ਸਿੰਘ ਛਿੱਬਰ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਦੀ ਰਚਨਾ, ਬਾਦਸ਼ਾਹ ਹਮਾਯੂੰ ਨਾਲ ਵਾਰਤਾਲਾਪ, ਖਡੂਰ ਸਾਹਿਬ ਦੇ ਚੌਧਰੀ ਦੀ ਮਿਰਗੀ ਹਟਾਉਣ ਦਾ ਕੋਈ ਜ਼ਿਕਰ ਨਹੀਂ ਕਰਦਾ। ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਹਮਾਯੂੰ ਅਤੇ ਅੰਗਦ ਦੇਵ ਜੀ ਦੀ ਮੁਲਾਕਾਤ ਦੀ ਅਤੇ ਖਡੂਰ ਸਾਹਿਬ ਦੇ ਚੌਧਰੀ ਦੀ ਮਿਰਗੀ ਵਾਲੀ ਘਟਨਾ ਪੁਸ਼ਟੀ ਕਰਦੇ ਹਨ।[137]

ਗਿਆਨੀ ਗਿਆਨ ਸਿੰਘ ਦੇ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਸਮੇਂ ਕੰਨਪਾਟਿਆਂ ਦਾ ਬੜਾ ਜ਼ੋਰ ਸੀ। ਜਦੋਂ ਜੱਟਾਂ ਨੇ ਨਾਥ ਨੂੰ ਲੰਬੀ ਔੜ ਚੱਲਣ ਦਾ ਕਾਰਣ ਪੁੱਛਿਆ ਤਾਂ ਨਾਥ ਨੇ ਉੱਤਰ ਦਿੱਤਾ ਕਿ ਵਰਖਾ ਤਾਂ ਨਹੀਂ ਹੋ ਰਹੀ, ਕਿਉਂਕਿ ਤੁਸੀਂ ਗੁਰੂ ਅੰਗਦ ਦੀ ਪੂਜਾ ਕਰਦੇ ਹੋ, ਇਹ ਇੱਕ ਵੱਡਾ ਮਹਾਂਪਾਪ ਹੈ। ਤੁਸੀਂ ਗੁਰੂ ਸਾਹਿਬ ਨੂੰ ਆਪਣੇ ਪਿੰਡੋਂ ਕੱਢ ਦੇਵੋ। ਮੈਂ ਅੱਠ ਪਹਿਰਾਂ ਵਿੱਚ ਵਰਖਾ ਕਰਵਾ ਦੇਵਾਂਗਾ। ਦੁਸ਼ਟ ਜੋਗੀ ਦੇ ਜਾਲ ਵਿੱਚ ਫ਼ਸੇ ਜੱਟ ਗੁਰੂ ਜੀ ਕੋਲ ਬੇਨਤੀ ਲੈ ਕੇ ਆਏ। ਜਾਣੀ-ਜਾਣ ਗੁਰੂ ਸਾਹਿਬ ਪਿੰਡ ਛੱਡ ਕੇ ਚਲੇ ਗਏ। ਜੋਗੀ ਨੇ ਸਾਰੇ ਯੰਤਰ-ਮੰਤਰ, ਹਵਨ ਅਤੇ ਯੱਗ ਕਰਕੇ ਜ਼ੋਰ ਲਾ ਲਿਆ, ਪਰ ਮੀਂਹ ਨਾ ਪਿਆ। ਜੱਟਾਂ ਦੁਆਰਾ ਗੁਰੂ ਜੀ ਨੂੰ ਮੀਂਹ ਲਈ ਅਰਜ਼ੋਈ ਕਰਨ 'ਤੇ ਗੁਰੂ ਜੀ ਨੇ ਜੱਟਾਂ ਨੂੰ ਕਿਹਾ ਕਿ ਜੋਗੀ ਦਾ ਅੰਗ-ਅੰਗ ਜਿੱਥੇ ਵੀ ਲੈ ਕੇ ਜਾਉਗੇ ਉੱਥੇ ਹੀ ਮੀਂਹ ਪੈਂਦਾ ਜਾਵੇਗਾ। ਜੱਟਾਂ ਨੇ ਗੁਰੂ ਜੀ ਦੀ ਗੱਲ ਮੰਨ ਕੇ ਜੋਗੀ ਨੂੰ ਫ਼ੜ ਲਿਆ ਤੇ ਖਿੱਚ-ਖਿੱਚ ਕੇ ਅਧਮੋਇਆ ਕਰ ਦਿੱਤਾ। ਪਰਮਾਤਮਾ ਨੇ ਐਸੀ ਖੇਡ ਰਚਾਈ ਕਿ ਜਿੱਥੇ-ਜਿੱਥੇ ਜੋਗੀ ਜਾਵੇ ਪਿੱਛੇ-ਪਿੱਛੇ ਮੀਂਹ ਪੈਂਦਾ ਜਾਵੇ। ਜੱਟਾਂ ਨੇ ਬਲਦਾਂ ਦੇ ਮਗਰ ਬੰਨ੍ਹਕੇ ਜੋਗੀ ਨੂੰ ਘੜੀਸਿਆ ਤੇ ਵਿਚਾਰਾ ਜੋਗੀ ਸਵਰਗ ਸਿਧਾਰ ਗਿਆ। ਫ਼ੇਰ ਕਾਫ਼ੀ ਪੰਚ ਇਕੱਠੇ ਹੋ ਕੇ ਗੁਰੂ ਅੰਗਦ ਦੇਵ ਜੀ ਨੂੰ ਵਾਪਸ ਖਡੂਰ ਸਾਹਿਬ ਲੈ ਆਏ ਤੇ ਜੱਟ ਜੋਗੀ ਨੂੰ ਨਿੰਦ ਕੇ ਗੁਰੂ ਜੀ ਦੇ ਸਿੱਖ ਬਣ ਗਏ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੀਆਂ ਕਥਾਵਾਂ ਤਾਂ ਹੋਰ ਵੀ ਬਹੁਤ

---

136 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 81.

137 ਸਰੂਪ ਦਾਸ ਭੱਲਾ, *ਉ. ਰ.,* ਪੰਨੇ 91-92, 103; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 1349-1352, 1364.

ਹਨ। ਜੇ ਕੋਈ ਵਿਸਥਾਰਪੂਰਵਕ ਪੜ੍ਹਨਾ ਚਾਹੁੰਦਾ ਹੈ ਤਾਂ ਸੂਰਜ ਪ੍ਰਕਾਸ਼ ਵਾਰਤਕ ਪੜ ਲਵੇ।[138] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਵੀ ਜੋਗੀ ਵਾਲੀ ਘਟਨਾ ਦੀ ਪੁਸ਼ਟੀ ਕਰਦੇ ਹਨ।[139] ਪਰ ਸਰੂਪ ਦਾਸ ਭੱਲਾ ਇਸ ਘਟਨਾ ਨੂੰ ਗੁਰੂ ਅਮਰ ਦਾਸ ਦੇ ਅਸ਼ੀਰਵਾਦ ਨਾਲ ਹੋਈ ਲਿਖਦਾ ਹੈ।[140]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਜੀ ਬਾਰ੍ਹਾਂ ਸਾਲ ਸਿੱਖੀ ਦਾ ਉਪਦੇਸ਼ ਦੇ ਕੇ ਮਰਿਆਦਾ ਅਨੁਸਾਰ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਸੌਂਪਕੇ ਸੰਮਤ 1609 ਬਿਕ੍ਰਮੀ ਚੇਤ ਸੁਦੀ ਚਾਰ ਨੂੰ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।[141] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਅੰਗਦ ਦੇਵ ਜੀ ਵੱਲੋਂ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੇਣ ਅਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਹਨ।[142] ਗੁਰੂ ਅੰਗਦ ਦੇਵ ਜੀ ਵੱਲੋਂ ਗੁਰੂ ਅਮਰਦਾਸ ਜੀ ਨੂੰ ਗੁਰਤਾ ਦੇ ਕੇ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾਉਣ ਦੀ ਪੁਸ਼ਟੀ ਤੇਜਾ ਸਿੰਘ ਤੇ ਗੰਡਾ ਸਿੰਘ ਵੀ ਕਰਦੇ ਹਨ।[143]

## ਗੁਰੂ ਅਮਰਦਾਸ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਨੇ ਪਾਤਿਸ਼ਾਹੀ ਪ੍ਰਾਪਤ ਕੀਤੀ ਅਤੇ ਦੇਸ਼ ਦੇ ਬਾਈ ਸੂਬਿਆਂ ਵਿੱਚ ਬਾਈ ਮੰਜੀਆਂ ਸਥਾਪਿਤ ਕੀਤੀਆਂ।[144] ਗਿਆਨੀ ਗਿਆਨ ਸਿੰਘ ਵਿਸਥਾਰ ਨਾਲ ਜ਼ਿਕਰ ਕਰਦਾ ਹੈ ਕਿ ਗੁਰੂ ਅਮਰਦਾਸ ਜੀ ਦਾ ਜਨਮ ਸੰਮਤ 1536 ਬਿਕ੍ਰਮੀ ਵਿੱਚ ਭੱਲਾ ਗੋਤ ਦੇ ਖੱਤਰੀ ਭਾਈ ਤੇਜਾ ਦੇ ਘਰ ਬਾਸਰਕੇ ਵਿਖੇ ਹੋਇਆ। ਗੁਰੂ ਅਮਰਦਾਸ ਜੀ ਦੀ ਮਾਤਾ ਦਾ ਨਾਂ ਲੱਛਮੀ ਸੀ ਅਤੇ ਪਤਨੀ ਦਾ ਨਾਂ ਮਾਤਾ ਰਾਮੋ ਸੀ। ਉਨ੍ਹਾਂ ਦੇ ਦੋ ਪੁੱਤਰਾਂ ਦਾ ਨਾਂ ਮੋਹਨ ਤੇ ਮੋਹਰੀ ਅਤੇ ਪੁੱਤਰੀ ਦਾ ਨਾਂ ਭਾਨੀ ਸੀ।[145] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਅਮਰਦਾਸ ਜੀ ਦੇ ਪਰਿਵਾਰ ਅਤੇ ਜਨਮ

---

138 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 82-83

139 ਕੇਸਰ ਸਿੰਘ ਛਿੱਬਰ, *ਉ. ਰ.*, ਪੰਨੇ 59-60; ਸਰੂਪ ਦਾਸ ਭੱਲਾ, *ਉ. ਰ.*, ਪੰਨੇ 128-130; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ,* ਪੰਨੇ 1402-1414.

140 ਸਰੂਪ ਦਾਸ ਭੱਲਾ, *ਉਹੀ,* ਪੰਨੇ 128-130.

141 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 82-83

142 ਕੇਸਰ ਸਿੰਘ ਛਿੱਬਰ, *ਉ. ਰ.*, ਪੰਨੇ 59-60; ਸਰੂਪ ਦਾਸ ਭੱਲਾ, *ਉ. ਰ.*, ਪੰਨਾ 144; ਭਾਈ ਸੰਤੋਖ ਸਿੰਘ, *ਉ. ਰ., ਜਿ. ਪੰ.*, ਪੰਨਾ 1434.

143 ਤੇਜਾ ਸਿੰਘ ਗੰਡਾ ਸਿੰਘ, *ਉ. ਰ.*, ਪੰਨਾ-19.

144 ਰਤਨ ਸਿੰਘ ਭੰਗੂ, *ਉ. ਰ.*, ਪੰਨਾ 22.

145 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 83

ਸਥਾਨ ਬਾਰੇ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਹਨ।[146] ਮੈਕਾਲਿਫ਼ ਅਤੇ ਕਾਨ੍ਹ ਸਿੰਘ ਨਾਭਾ ਨੇ ਵੀ ਗੁਰੂ ਅਮਰਦਾਸ ਜੀ ਦਾ ਜਨਮ ਸੰਮਤ 1536 ਬਿਕ੍ਰਮੀ ਮੁਤਾਬਿਕ 1479 ਈ. ਹੀ ਲਿਖਿਆ ਹੈ। ਹਰੀ ਰਾਮ ਗੁਪਤਾ ਵੀ 5 ਮਈ 1479 ਈ. ਲਿਖਦਾ ਹੈ।[147] ਇੰਦੂ ਭੂਸ਼ਣ ਬੈਨਰਜੀ, ਤੇਜਾ ਸਿੰਘ ਗੰਡਾ ਸਿੰਘ ਅਤੇ ਖੁਸ਼ਵੰਤ ਸਿੰਘ ਨੇ ਵੀ ਉਸੇ ਨੂੰ ਆਧਾਰ ਬਣਾਇਆ ਹੈ। ਪਰ ਕੇਸਰ ਸਿੰਘ ਛਿੱਬਰ ਗੁਰੂ ਅਮਰਦਾਸ ਜੀ ਦੀ ਜਨਮ ਤਾਰੀਖ਼ ਗਿਆਨੀ ਗਿਆਨ ਸਿੰਘ ਦੇ ਉਲਟ ਸੰਮਤ 1561 ਬਿਕ੍ਰਮੀ ਲਿਖ ਰਿਹਾ ਹੈ ਅਤੇ ਉਨ੍ਹਾਂ ਦੇ ਪੁੱਤਰਾਂ ਦੀ ਗਿਣਤੀ ਵੀ ਦੋ ਦੀ ਥਾਂ 'ਤੇ ਤਿੰਨ ਲਿਖ ਰਿਹਾ ਹੈ।[148] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਤੀਜੇ ਗੁਰੂ ਸਾਹਿਬ ਦੇ ਘਰ ਇੱਕ ਦੀ ਥਾਂ ਦੋ ਪੁੱਤਰੀਆਂ ਦੱਸਦੇ ਹਨ।[149] ਇਥੇ ਸੰਤੋਖ ਸਿੰਘ ਮਾਂ ਦਾ ਨਾਂ ਨਹੀਂ ਦੱਸ ਰਿਹਾ। ਉਪਰੋਕਤ ਜਾਣਕਾਰੀ ਵਿੱਚ ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੀ ਇੱਕ ਧੀ ਬੀਬੀ ਭਾਨੀ ਦਾ ਹੀ ਜ਼ਿਕਰ ਕਰਦਾ ਹੈ, ਜਦੋਂ ਸਿੱਖ ਜਗਤ ਵਿੱਚ ਗੁਰੂ ਸਾਹਿਬ ਦੀ ਦੂਜੀ ਧੀ ਬੀਬੀ ਦਾਨੀ ਵੀ ਪ੍ਰਵਾਨਿਤ ਹੈ।

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਬਾਸਰਕੇ ਪਿੰਡ ਵਿਆਹੀ ਹੋਈ ਸੀ। ਬੀਬੀ ਅਮਰੋ ਨੂੰ ਬਾਣੀ ਪੜ੍ਹਦਿਆਂ ਬਾਬਾ ਅਮਰਦਾਸ ਨੇ ਸੁਣ ਲਿਆ। ਉਸ ਨੇ ਬੀਬੀ ਅਮਰੋ ਤੋਂ ਪੁੱਛਿਆ ਕਿ ਇਹ ਬਾਣੀ ਕਿਸ ਦੀ ਹੈ। ਬੀਬੀ ਅਮਰੋ ਦੀ ਸੱਸ ਨੇ ਦੱਸਿਆ ਕਿ ਇਹ ਬੀਬੀ ਅਮਰੋ ਦੇ ਪਿਤਾ ਗੁਰੂ ਅੰਗਦ ਦੇਵ ਜੀ ਦੀ ਬਾਣੀ ਹੈ। ਬਾਬਾ ਅਮਰਦਾਸ ਜੀ ਨੇ ਬੀਬੀ ਅਮਰੋ ਨੂੰ ਗੁਰੂ ਜੀ ਕੋਲ ਲੈ ਕੇ ਜਾਣ ਦੀ ਬੇਨਤੀ ਕੀਤੀ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਬਾਬਾ ਅਮਰਦਾਸ ਜੀ ਦੇ ਮਨ ਨੂੰ ਠਹਿਰਾਓ ਆਇਆ। ਬਾਬਾ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲੱਗ ਗਏ ਅਤੇ ਉਨ੍ਹਾਂ ਦਾ ਸਿੱਖ ਬਣ ਗਏ।[150] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿਘ ਵੀ ਬਾਬਾ ਅਮਰਦਾਸ ਜੀ ਵੱਲੋਂ ਬੀਬੀ ਅਮਰੋ ਦੁਆਰਾ ਨਿੱਤ ਪੜ੍ਹੀ ਜਾਂਦੀ ਗੁਰਬਾਣੀ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਨ ਦੀ ਪੁਸ਼ਟੀ ਕਰਦੇ ਹਨ, ਪਰ ਸੰਤੋਖ ਸਿਘ ਗਿਆਨੀ ਗਿਆਨ ਸਿੰਘ ਦੇ ਉਲਟ ਬੀਬੀ ਅਮਰੋ ਨੂੰ ਬਾਬਾ ਅਮਰਦਾਸ ਜੀ ਦੇ ਭਤੀਜੇ ਜੱਸੂ ਦੀ ਪਤਨੀ ਦੱਸਦਾ ਹੈ।[151]

---

[146] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 61; ਸਰੂਪ ਦਾਸ ਭੱਲਾ, *ਉ. ਰ.,* ਪੰਨਾ 106, 124; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1367, 1388.

[147] ਮੈਕਸ ਆਰਥਰ ਮੈਕਾਲਿਫ਼, *ਉ. ਰ.,* 206; ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 74; Hari Ram Gupta, *op.cit.* p.116.

[148] ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 61-62, 64.

[149] ਸਰੂਪ ਦਾਸ ਭੱਲਾ, *ਉ. ਰ.,* ਪੰਨੇ 106; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 1388.

[150] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 84-85.

[151] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 63; ਸਰੂਪ ਦਾਸ ਭੱਲਾ, *ਉ. ਰ.,* ਪੰਨੇ 107-110; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1372-1374.

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਬਾਬਾ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਬੜੀ ਸੇਵਾ ਕਰਦੇ, ਨਿੱਤ ਸਵੇਰੇ ਉੱਠ ਕੇ ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਭਰਨ ਜਾਂਦੇ ਅਤੇ ਸਵਾ ਪਹਿਰ ਤੜਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ। ਉਸ ਤੋਂ ਬਾਅਦ ਲੰਗਰ ਦੀ ਸੇਵਾ ਵੀ ਕਰਦੇ। ਇਹ ਇੱਕ ਤਰ੍ਹਾਂ ਦਾ ਤਪ ਹੀ ਸੀ, ਜੋ ਬਾਬਾ ਅਮਰਦਾਸ ਜੀ ਨੇ ਲਗਾਤਾਰ ਬਾਰ੍ਹਾਂ ਸਾਲ ਕੀਤਾ।[152] ਕੇਸਰ ਸਿੰਘ ਇਸ ਘਟਨਾ ਦਾ ਕੋਈ ਵੇਰਵਾ ਨਹੀਂ ਦੇ ਰਿਹਾ, ਪਰ ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪ੍ਰੋੜਤਾ ਕਰਦੇ ਹਨ।[153]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇੱਕ ਵਾਰੀ ਬੜੀ ਤੇਜ ਹਨੇਰੀ ਚਲ ਰਹੀ ਸੀ ਤੇ ਮੀਂਹ ਵੀ ਪੈ ਰਿਹਾ ਸੀ, ਪਰ ਬਾਬਾ ਅਮਰਦਾਸ ਜੀ ਫ਼ੇਰ ਵੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ 'ਚੋਂ ਪਾਣੀ ਲੈਣ ਗਏ। ਰਸਤੇ ਵਿੱਚ ਇੱਕ ਜੁਲਾਹੇ ਨੇ ਤਾਣੀ ਬੁਣਨ ਲਈ ਕਿੱਲੀ ਗੱਡੀ ਹੋਈ ਸੀ। ਪਾਣੀ ਲੈ ਕੇ ਮੁੜ ਆਉਂਦੇ ਬਾਬਾ ਅਮਰਦਾਸ ਜੀ ਦਾ ਪੈਰ ਉਸ ਕਿੱਲੀ ਵਿੱਚ ਵੱਜਿਆ। ਬਾਬਾ ਅਮਰਦਾਸ ਜੀ ਆਪ ਤਾਂ ਡਿੱਗ ਪਏ, ਪਰ ਉਨ੍ਹਾਂ ਨੇ ਪਾਣੀ ਵਾਲੀ ਗਾਗਰ ਨਾ ਡਿੱਗਣ ਦਿੱਤੀ। ਖੜਕਾ ਸੁਣ ਕੇ ਜੁਲਾਹੇ ਨੇ ਆਪਣੀ ਪਤਨੀ ਨੂੰ ਪੁੱਛਿਆ ਤਾਂ ਪਤਨੀ ਨੇ ਉੱਤਰ ਦਿੱਤਾ ਕਿ ਅਮਰੂ ਨਿਥਾਵਾਂ ਹੋਵੇਗਾ, ਜਿਸ ਨੂੰ ਦਿਨ-ਰਾਤ ਚੈਨ ਨਹੀਂ। ਆਪਣਾ ਘਰ-ਬਾਰ ਛੱਡ ਕੇ ਗੁਰੂ ਅੰਗਦ ਦੇਵ ਜੀ ਦਾ ਮੁਫ਼ਤ ਟਹਿਲੂਆ ਲੱਗਿਆ ਹੋਇਆ ਹੈ। ਪਰ ਬਾਬਾ ਅਮਰਦਾਸ ਜੀ ਨੇ ਜੁਲਾਹੇ ਦੀ ਪਤਨੀ ਦੀਆਂ ਗੱਲਾਂ ਦਾ ਕੋਈ ਗੁੱਸਾ ਨਾ ਕੀਤਾ। ਕਿਉਂਕਿ ਉਹ ਗੁਰੂ ਬਿਰਤੀ ਦੇ ਰਸ ਵਿੱਚ ਭਿੱਜੇ ਹੋਏ ਸਨ। ਜਾਣੀ-ਜਾਣ ਗੁਰੂ ਅੰਗਦ ਦੇਵ ਜੀ ਤੋਂ ਇਹ ਘਟਨਾ ਲੁੱਕੀ ਨਾ ਰਹੀ।[154] ਗੁਰੂ ਅੰਗਦ ਦੇਵ ਜੀ ਨੇ ਸਨਮਾਨ ਨਾਲ ਬਾਬਾ ਅਮਰਦਾਸ ਜੀ ਨੂੰ ਸੰਗਤ ਵਿੱਚ ਬੁਲਾਇਆ ਅਤੇ ਨਿਥਾਵਿਆਂ ਦਾ ਥਾਓਂ, ਨਿਮਾਣਿਆ ਦਾ ਮਾਣ, ਨਿਓਟਿਆਂ ਦੀ ਓਟ ਦਾ ਵਰਦਾਨ ਦੇ ਕੇ ਖੁਦ ਅਮਰਦਾਸ ਜੀ ਨੂੰ ਗੁਰਿਆਈ ਉੱਤੇ ਬਿਠਾ ਕੇ ਪੰਜ ਪੈਸਿਆਂ ਦੀ ਨਰੇਲ ਭੇਟਾ ਕਰਕੇ, ਬਾਬਾ ਬੁੱਢਾ ਜੀ ਤੋਂ ਕੇਸਰ ਦਾ ਟਿੱਕਾ ਲਗਵਾਕੇ, ਅਗਲਾ ਗੁਰੂ ਘੋਸ਼ਿਤ ਕਰ ਦਿੱਤਾ।[155] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਜੁਲਾਹੇ ਵਾਲੀ ਘਟਨਾ ਅਤੇ ਸਨਮਾਨਪੂਰਵਕ ਅਮਰਦਾਸ ਜੀ ਨੂੰ ਗੁਰਿਆਈ ਬਖ਼ਸ਼ਣ ਦੀ ਘਟਨਾ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ।[156] ਗਿਆਨੀ ਗਿਆਨ ਸਿੰਘ ਦੇ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਸੂ ਨੇ ਤਾਂ ਅਮਰਦਾਸ ਜੀ ਨੂੰ ਗੁਰੂ ਮੰਨ ਲਿਆ, ਪਰ ਦਾਤੂ ਆਕੀ ਹੋ

---

[152] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 85.

[153] ਸਰੂਪ ਦਾਸ ਭੱਲਾ, *ਉ. ਰ.,* ਪੰਨੇ 111-112; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1377-1383.

[154] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 85-86.

[155] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 87

[156] ਸਰੂਪ ਦਾਸ ਭੱਲਾ, *ਉ. ਰ.,* ਪੰਨੇ 112-114; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1384-1388.

ਗਿਆ। ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅਮਰਦਾਸ ਜੀ ਗੋਇੰਦਵਾਲ ਜਾ ਕੇ ਵੱਸ ਗਏ।[157] ਗਿਆਨੀ ਗਿਆਨ ਸਿੰਘ ਜਿੱਥੇ ਅਮਰਦਾਸ ਜੀ ਨੂੰ ਗੁਰੂ ਮੰਨਣ ਸੰਬੰਧੀ ਦਾਤੂ ਦੇ ਆਕੀ ਹੋਣ ਬਾਰੇ ਲਿਖਦਾ ਹੈ, ਉੱਥੇ ਕੇਸਰ ਸਿੰਘ ਛਿੱਬਰ ਤੇ ਸੰਤੋਖ ਸਿੰਘ ਵੀ ਦਾਸੂ ਦੇ ਆਕੀ ਹੋਣ ਬਾਰੇ ਲਿਖਦੇ ਹਨ।[158] ਮੈਕਾਲਿਫ਼, ਇੰਦੂ ਭੂਸ਼ਨ ਬੈਨਰਜੀ ਵੀ ਗੁਰੂ ਅਮਰਦਾਸ ਵੱਲੋਂ ਗੋਇੰਦਵਾਲ ਨਗਰ ਵਸਾਉਣ ਦਾ ਜ਼ਿਕਰ ਕਰਦੇ ਹਨ।[159]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੋਇੰਦਵਾਲ ਵਿੱਚ ਸਿੱਖਾਂ ਦੀ ਵੱਧਦੀ ਗਿਣਤੀ ਅਤੇ ਗੁਰੂ ਅਮਰਦਾਸ ਜੀ ਦਾ ਵੱਧਦਾ ਜੱਸ ਵੇਖ ਕੇ ਗੋਂਦਾ ਖੱਤਰੀ ਗੁਰੂ ਜੀ ਨਾਲ ਈਰਖ਼ਾ ਕਰਨ ਲੱਗ ਪਿਆ। ਉਹ ਇਸ ਝਗੜੇ ਨੂੰ ਲੈ ਕੇ ਅਕਬਰ ਦੇ ਦਰਬਾਰ ਪਹੁੰਚ ਗਿਆ। ਉੱਥੇ ਇੱਕ ਤਪੇ ਨਾਂ ਦਾ ਬ੍ਰਾਹਮਣ ਗੋਂਦੇ ਖੱਤਰੀ ਦਾ ਖ਼ਾਸ ਬਣਿਆ ਹੋਇਆ ਸੀ। ਪਰ ਅਕਬਰ ਨੇ ਗੋਂਦੇ ਦੀ ਗੱਲ ਝੂਠੀ ਜਾਣ ਕੇ ਨਾ ਸੁਣੀ ਅਤੇ ਧੱਕੇ ਮਾਰ ਕੇ ਤਪੇ ਅਤੇ ਗੋਂਦੇ ਨੂੰ ਦਰਬਾਰੋਂ ਕੱਢ ਦਿੱਤਾ। ਇਹ ਉਹੀ ਗੋਂਦਾ ਖੱਤਰੀ ਸੀ, ਜਿਸ ਨੇ ਗੁਰੂ ਅੰਗਦ ਦੇਵ ਜੀ ਨੂੰ ਇਹ ਨਗਰ ਵਸਾਉਣ ਦੀ ਬੇਨਤੀ ਕੀਤੀ ਸੀ। ਗੁਰੂ ਜੀ ਦੇ ਕਹਿਣ 'ਤੇ ਹੀ ਗੋਂਦੇ ਨੇ ਗੋਇੰਦਵਾਲ ਦੀ ਅੱਧੀ ਧਰਤੀ ਗੁਰੂ ਅਮਰਦਾਸ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਛਟੀ ਦੇ ਕੇ ਅਮਰਦਾਸ ਜੀ ਨੂੰ ਗੋਇੰਦਵਾਲ ਭੇਜਿਆ ਸੀ ਅਤੇ ਗੋਂਦੇ ਨੂੰ ਉਸ ਦੇ ਨਾਂ 'ਤੇ ਨਗਰ ਵਸਾਉਣ ਦਾ ਬਚਨ ਦਿੱਤਾ। ਇਸ ਕਰਕੇ ਹੀ ਨਗਰ ਦਾ ਨਾਂ ਗੋਇੰਦਵਾਲ ਪਿਆ। ਗੁਰੂ ਅਮਰਦਾਸ ਜੀ ਆਪਣੇ ਪਰਿਵਾਰ ਨੂੰ ਲੈ ਕੇ ਇਸ ਥਾਂ ਵੱਸ ਗਏ। ਗੁਰੂ ਅਮਰਦਾਸ ਜੀ ਦਾ ਵੱਧਦਾ ਪ੍ਰਤਾਪ ਦੇਖ ਕੇ ਗੋਂਦਾ ਖੱਤਰੀ ਅਤੇ ਤਪਾ ਪੰਡਤ ਉਨ੍ਹਾਂ ਦੇ ਵਿਰੋਧੀ ਬਣ ਗਏ। ਰੱਬ ਨੇ ਗੋਂਦੇ ਅਤੇ ਤਪੇ ਨੂੰ ਬੁਰੇ ਕਰਮਾਂ ਦਾ ਫ਼ਲ ਦਵਾਉਣ ਲਈ ਅਜਿਹੀ ਵਿਉਂਤ ਬਣਾਈ ਕਿ ਬਾਦਸ਼ਾਹ ਅਕਬਰ ਇੱਕ ਦਿਨ ਖੁਦ ਗੋਇੰਦਵਾਲ ਪਹੁੰਚ ਗਿਆ। ਉਸ ਦਿਨ ਅੱਤ ਦੀ ਹਨੇਰੀ ਚੱਲੀ ਅਤੇ ਮੋਹਰਾਂ ਦੀ ਲੱਦੀ ਹੋਈ ਬਾਦਸ਼ਾਹ ਦੀ ਇੱਕ ਖੱਚਰ ਰੁਲ ਗਈ, ਜਿਹੜੀ ਕਿ ਖੱਤਰੀਆਂ ਨੇ ਘੇਰ ਲਈ। ਤਪੇ ਅਤੇ ਗੋਂਦੇ ਦੇ ਪੁੱਤਰਾਂ ਨੇ ਉਸ ਖੱਚਰ ਤੋਂ ਮੋਹਰਾਂ ਲਾਹ ਲਈਆਂ। ਹਨੇਰੀ ਦੇ ਰੁਕਣ 'ਤੇ ਸ਼ਾਹੀ ਫ਼ੌਜ ਖੱਚਰ ਲੱਭਣ ਤੁਰ ਪਈ। ਫ਼ੌਜ ਨੇ ਸਾਰੇ ਨਗਰ ਦੀ ਤਲਾਸ਼ੀ ਕੀਤੀ ਤਾਂ ਮੋਹਰਾਂ ਤਪੇ ਅਤੇ ਗੋਂਦੇ ਦੇ ਘਰੋਂ ਮਿਲੀਆਂ। ਸਿਪਾਹੀਆਂ ਨੇ ਲੁੱਟਮਾਰ ਕਰਕੇ ਮਰਵਾਹੇ ਖੱਤਰੀਆਂ ਨੂੰ ਉਜਾੜ ਦਿੱਤਾ। ਇਸ ਤੋਂ ਬਾਅਦ ਮਰਵਾਹੇ ਖੱਤਰੀਆਂ ਦਾ ਬਲ ਟੁੱਟ ਗਿਆ। ਇਸ ਤਰ੍ਹਾਂ ਜੋ ਸੰਤਾਂ ਨਾਲ ਵੈਰ ਕਮਾਉਂਦਾ ਹੈ, ਉਨ੍ਹਾਂ ਨੂੰ ਰੱਬ ਹੀ ਮਾਰ

---

157 ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 87.

158 ਕੇਸਰ ਸਿੰਘ ਛਿੱਬਰ, *ਉ. ਕ.,* ਪੰਨਾ 61; ਭਾਈ ਸੰਤੋਖ ਸਿੰਘ, *ਉ. ਕ.,* ਪੰਨਾ 1428.

159 ਮੈਕਸ ਆਰਥਰ ਮੈਕਾਲਿਫ਼, *ਉ. ਕ.,* ਪੰਨਾ 211; ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ, ਜਿ. ਪਹਿ:,* ਪੰਨਾ 105.

ਦਿੰਦਾ ਹੈ।[160] ਕੇਸਰ ਸਿੰਘ ਛਿੱਬਰ ਗੋਂਦੇ ਖੱਤਰੀ ਦੁਆਰਾ ਬਾਦਸ਼ਾਹ ਅਕਬਰ ਦੇ ਕੰਨ ਭਰਨ ਵਾਲੀ ਘਟਨਾ ਦਾ ਵੀ ਕੋਈ ਜ਼ਿਕਰ ਨਹੀਂ ਕਰਦਾ। ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੋਇੰਦਵਾਲ ਗੋਂਦੇ ਖੱਤਰੀ ਨੇ ਵਸਾਇਆ, ਜਿਸ ਦੇ ਕਹਿਣ 'ਤੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਉੱਥੇ ਭੇਜਿਆ ਸੀ।[161] ਸਰੂਪ ਦਾਸ ਭੱਲਾ ਗੋਂਦੇ ਖੱਤਰੀ ਵੱਲੋਂ ਅਕਬਰ ਦੀ ਥਾਂ 'ਤੇ ਕਿਸੇ ਨਵਾਬ ਦੀ ਮੋਹਰਾਂ ਨਾਲ ਲੱਦੀ ਖੱਚਰ ਚੋਰੀ ਕਰਨ ਦਾ ਜ਼ਿਕਰ ਕਰਦਾ ਹੈ ਤੇ ਮੁਜ਼ਰਮ ਸਾਬਿਤ ਹੋਣ 'ਤੇ ਗੋਂਦੇ ਨੂੰ ਫ਼ਾਂਸੀ ਦਿੱਤੇ ਜਾਣ ਦੀ ਗੱਲ ਵੀ ਕਰਦਾ ਹੈ।[162] ਸੰਤੋਖ ਸਿੰਘ ਲਿਖਦਾ ਹੈ ਕਿ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਕਹਿਣ 'ਤੇ ਗੋਂਦੇ ਖੱਤਰੀ ਨਾਲ ਉਸ ਦੇ ਨਗਰ ਜਾ ਗੋਇੰਦਵਾਲ ਵਸਾਇਆ ਅਤੇ ਪਰਿਵਾਰ ਸਮੇਤ ਉੱਥੇ ਰਹਿਣ ਲੱਗ ਪਏ।।[163] ਪਰ ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਦੇ ਉਲਟ ਗੋਇੰਦਵਾਲ ਦੇ ਬ੍ਰਾਹਮਣਾਂ ਤੇ ਖੱਤਰੀਆਂ ਦੁਆਰਾ ਅਕਬਰ ਨੂੰ ਗੁਰੂ ਅਮਰਦਾਸ ਜੀ ਦੇ ਵੱਧਦੇ ਪ੍ਰਤਾਪ ਦੀ ਸ਼ਿਕਾਇਤ ਤੇ ਰਾਮਦਾਸ ਵੱਲੋਂ ਅਕਬਰ ਦੇ ਦਰਬਾਰ ਜਾ ਕੇ ਸ਼ਪੱਸ਼ਟੀਕਰਨ ਦੇਣ ਦੀ ਗੱਲ ਕਰਦਾ ਹੈ।[164]

ਗਿਆਨੀ ਗਿਆਨ ਸਿੰਘ ਸਿੱਖਾਂ ਦੇ ਤੀਜੇ ਗੁਰੂ ਅਮਰ ਦਾਸ ਜੀ ਬਾਰੇ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਹੀ ਪਹਿਲਾਂ ਪੰਗਤ ਪਿੱਛੋਂ ਸੰਗਤ ਭਾਵ ਕਿ ਉਨ੍ਹਾਂ ਦੇ ਦਰਸ਼ਨ ਦੀਦਾਰ ਤੋਂ ਪਹਿਲਾਂ ਬਿਨਾਂ ਕਿਸੇ ਉਚ-ਨੀਚ ਦੇ ਸਭ ਨੂੰ ਇੱਕ ਕਤਾਰ ਵਿੱਚ ਬਿਠਾ ਕੇ ਭੋਜਨ ਛਕਾਉਣ ਦੀ ਰੀਤ ਚਲਾਈ।[165] ਜਦੋਂ ਕਿ ਸਰੂਪ ਦਾਸ ਭੱਲਾ ਗੁਰੂ ਅੰਗਦ ਦੁਆਰਾ ਲੰਗਰ ਪ੍ਰਥਾ ਤੋਂ ਇਲਾਵਾ ਪਹਿਲਵਾਨਾਂ ਦੇ ਘੋਲ ਸ਼ੁਰੂ ਕਰਨ ਦੀ ਗੱਲ ਵੀ ਕਰਦਾ ਹੈ।[166] ਸੰਤੋਖ ਸਿੰਘ ਵੀ ਗੁਰੂ ਅਮਰਦਾਸ ਜੀ ਵੱਲੋਂ ਪਹਿਲਾਂ ਪੰਗਤ ਫ਼ੇਰ ਸੰਗਤ ਦੀ ਰੀਤ ਚਲਾਉਣ ਦੀ ਪ੍ਰਸ਼ਟੀ ਕਰਦਾ ਹੈ।[167]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਜਦੋਂ ਸਾਵਣ ਨਾਂ ਦੇ ਸਿੱਖ ਨੂੰ ਪਹਾੜਾਂ ਵਿੱਚ ਲੱਕੜਾਂ ਲੈਣ ਭੇਜਿਆ ਤਾਂ ਹਰੀਪੁਰ ਦੇ ਰਾਜੇ ਨੇ ਸਾਵਣ ਅਤੇ ਉਸ ਦੇ ਨਾਲ ਦੇ ਸਿੱਖਾਂ ਨੂੰ ਇਕਾਦਸ਼ੀ ਦੇ ਦਿਨ ਅੱਗ ਬਾਲਣ ਕਰਕੇ ਨਜ਼ਰਬੰਦ ਕਰ ਦਿੱਤਾ। ਜਿਸ ਕਾਰਣ ਰਾਜੇ ਦੇ ਪੁੱਤਰ ਦੀ ਮੌਤ ਹੋ ਗਈ। ਪਰ ਸਾਵਣ ਨੇ ਗੁਰੂ ਅਮਰਦਾਸ ਜੀ ਦੁਆਰਾ ਦਿੱਤੇ ਰੁਮਾਲ ਨੂੰ ਧੋ ਕੇ ਮ੍ਰਿਤ ਬਾਲਕ ਦੇ ਮੂੰਹ ਵਿੱਚ ਪਾਉਣ ਕਰਕੇ ਬਾਲਕ ਫ਼ੇਰ ਜੀਵਿਤ

---

160 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 88-89.

161 ਸਰੂਪ ਦਾਸ ਭੱਲਾ, *ਉ. ਰ.,* ਪੰਨਾ 120.

162 ਸਰੂਪ ਦਾਸ ਭੱਲਾ, *ਉਹੀ,* ਪੰਨੇ 178-179.

163 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1391-1397.

164 *ਭਾਈ ਸੰਤੋਖ ਸਿੰਘ, ਉਹੀ,* ਪੰਨੇ 1501-1508.

165 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 89-90.

166 ਸਰੂਪ ਦਾਸ ਭੱਲਾ, *ਉ. ਰ.,* ਪੰਨੇ 84-85.

167 ਭਾਈ ਸੰਤੋਖ ਸਿੰਘ, *ਉ. ਰ.,* ਪੰਨਾ, 1442.

ਹੋ ਗਿਆ। ਪਰ ਇਸ ਚਮਤਕਾਰ ਤੋਂ ਬਾਅਦ ਸਾਵਣ ਹੰਕਾਰ ਵਿੱਚ ਆ ਕੇ ਖੁਦ ਨੂੰ ਪਰਬਤਾਂ ਦਾ ਪੀਰ ਸਦਵਾਉਣ ਲੱਗ ਪਿਆ।[168] ਗਿਆਨੀ ਗਿਆਨ ਸਿੰਘ ਗੁਰੂ ਅਮਰਦਾਸ ਜੀ ਦੇ ਕਹਿਣ 'ਤੇ ਰਾਜੇ ਦੀ ਕੁੜੀ ਦੇ ਕਮਲੀ ਹੋਣ ਦੀ ਗੱਲ ਵੀ ਕਰਦਾ ਹੈ।[169] ਕੇਸਰ ਸਿੰਘ ਛਿੱਬਰ ਸਾਵਣ ਸਿੱਖ ਵਾਲੀ ਤੇ ਰਾਜੇ ਦੀ ਕੁੜੀ ਦੇ ਕਮਲੀ ਹੋਣ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੰਦਾ। ਹਰੀਪੁਰ ਦੇ ਰਾਜੇ ਦੇ ਪੁੱਤਰ ਦੇ ਜਿਉਂਦਾ ਹੋਣ ਦਾ ਜ਼ਿਕਰ ਅਤੇ ਸਾਵਣ ਸਿੱਖ ਦੇ ਹੰਕਾਰੀ ਹੋਣ ਦੀ ਗੱਲ ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਕਰਦੇ ਹਨ, ਪਰ ਦੋਵੇਂ ਰਾਜੇ ਦੀ ਕੁੜੀ ਦੀ ਥਾਂ 'ਤੇ ਰਾਣੀ ਦੀ ਕਮਲੀ ਹੋਣ ਦਾ ਜ਼ਿਕਰ ਕਰਦੇ ਹਨ।[170]

ਗਿਆਨੀ ਗਿਆਨ ਸਿੰਘ ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਦੇ ਲੋਕਾਂ ਨੂੰ ਮਾਪਿਆਂ ਦੇ ਜਿਉਂਦਿਆਂ ਪੁੱਤਰ ਦੇ ਨਾ ਮਰਨ ਦਾ ਵਰ ਦੇਣ ਤੇ ਉੱਥੇ ਬਾਉਲੀ ਬਣਵਾਉਣ ਅਤੇ 84 ਲੱਖ ਜੂਨ ਕੱਟਣ ਵਾਸਤੇ ਬਾਉਲੀ ਵਿੱਚ 84 ਪੌੜੀਆਂ ਬਣਵਾਉਣ ਦਾ ਜ਼ਿਕਰ ਵੀ ਕਰਦਾ ਹੈ। ਉਹ ਇਹ ਵੀ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਅਕਬਰ ਨੂੰ ਚਿਤੌੜ ਦਾ ਕਿੱਲ੍ਹਾ ਜਿੱਤਣ ਦਾ ਵਰ ਵੀ ਦਿੱਤਾ।[171] ਕੇਸਰ ਸਿੰਘ ਛਿੱਬਰ ਗੁਰੂ ਅਮਰਦਾਸ ਜੀ ਵੱਲੋਂ ਅਕਬਰ ਨੂੰ ਚਿਤੌੜ ਦਾ ਕਿਲ੍ਹਾ ਜਿੱਤਣ ਦਾ ਵਰ ਦੇਣ ਦਾ ਜ਼ਿਕਰ ਤਾਂ ਨਹੀਂ ਕਰਦਾ, ਪਰ ਗੋਇੰਦਵਾਲ ਸਾਹਿਬ ਵਿੱਚ ਬਾਉਲੀ ਬਣਾਉਣ ਦਾ, ਮਾਪਿਆਂ ਦੇ ਜਿਉਂਦਿਆਂ ਪੁੱਤਰ ਦੇ ਨਾ ਮਰਨ ਦਾ ਵਰ ਦੇਣ ਦੀ ਗੱਲ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦਾ ਹੈ,[172] ਪਰ ਬਾਉਲੀ ਵਿੱਚ 84 ਪੌੜੀਆਂ ਬਣਾਉਣ ਸੰਬੰਧੀ ਆਪਣੀ ਲਿਖਤ ਵਿੱਚ ਕੋਈ ਜਾਣਕਾਰੀ ਨਹੀਂ ਦੇ ਰਿਹਾ ਹੈ। ਗੋਇੰਦਵਾਲ ਵਿੱਚ ਬਾਉਲੀ ਬਣਾਉਣ, ਬਾਉਲੀ ਵਿੱਚ 84 ਪੌੜੀਆਂ 'ਤੇ ਚੁਰਾਸੀ ਲੱਖ ਜੂਨਾਂ ਕੱਟਣ, ਗੋਇੰਦਵਾਲ ਦੇ ਲੋਕਾਂ ਨੂੰ ਜਿਉਂਦਿਆਂ ਮਾਪਿਆਂ ਦੇ ਪੁੱਤਰ ਨਾ ਮਰਨ ਦਾ ਵਰ ਦੇਣ, ਅਕਬਰ ਨੂੰ ਚਿਤੌੜ ਦਾ ਕਿਲ੍ਹਾ ਜਿੱਤਣ ਦਾ ਵਰ ਦੇਣ ਸੰਬੰਧੀ ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ।[173] ਗਿਆਨੀ ਗਿਆਨ ਸਿੰਘ ਤੀਜੇ ਗੁਰੂ ਸਾਹਿਬ ਵੱਲੋਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਲਈ ਮੰਜੀ ਪ੍ਰਥਾ ਵੀ ਸ਼ੁਰੂ ਕਰਨ ਦਾ ਜ਼ਿਕਰ ਵੀ ਕਰਦਾ ਹੈ।[174] ਗੁਰੂ

---

168 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 91.

169 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 91.

170 ਸਰੂਪ ਦਾਸ ਭੱਲਾ, *ੳ. ਰ.,* ਪੰਨੇ 157-159, 162-163; ਭਾਈ ਸੰਤੋਖ ਸਿੰਘ, *ੳ. ਰ.,* ਪੰਨੇ 1443-1447, 1456-1469.

171 ਗਿਆਨੀ ਗਿਆਨ ਸਿੰਘ, *ੳ. ਰ.,* ਪੰਨੇ 92-93.

172 ਕੇਸਰ ਸਿੰਘ ਛਿੱਬਰ, *ੳ. ਰ.,* ਪੰਨੇ 64-65.

173 ਸਰੂਪ ਦਾਸ ਭੱਲਾ, *ੳ. ਰ.,* ਪੰਨੇ 198, 222, 252-253, 208; ਭਾਈ ਸੰਤੋਖ ਸਿੰਘ, *ੳ. ਰ.,* ਪੰਨੇ 1541, 1572, 1556.

174 ਗਿਆਨੀ ਗਿਆਨ ਸਿੰਘ, *ੳ. ਰ.,* ਪੰਨੇ 94-96.

ਅਮਰਦਾਸ ਵੱਲੋਂ 22 ਮੰਜੀਆਂ ਸ਼ੁਰੂ ਕਰਨ ਦਾ ਜ਼ਿਕਰ ਸੰਤੋਖ ਸਿੰਘ, ਇੰਦੂ ਭੂਸ਼ਨ ਬੈਨਰਜੀ ਅਤੇ ਖੁਸ਼ਵੰਤ ਸਿੰਘ ਨੇ ਵੀ ਕੀਤਾ ਹੈ।[175]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਅਤੇ ਸਿੱਖਾਂ ਤੋਂ ਵਾਰ-ਵਾਰ ਥੜ੍ਹੇ ਬਣਵਾ ਕੇ ਤੇ ਉਨ੍ਹਾਂ ਨੂੰ ਵਾਰ-ਵਾਰ ਢਹਾ ਕੇ, ਸਭ ਦੇ ਸਬਰ-ਸੰਤੋਖ ਨੂੰ ਪਰਖਿਆ। ਜਿਸ ਵਿੱਚੋਂ ਰਾਮਦਾਸ ਜੀ ਤੀਜੇ ਗੁਰੂ ਸਾਹਿਬ ਦੀ ਪਰੀਖਿਆ 'ਤੇ ਪੂਰਨ ਉੱਤਰਕੇ ਸੰਮਤ 1627 ਬਿਕ੍ਰਮੀ ਵਿੱਚ ਸਿੱਖਾਂ ਦਾ ਚੌਥੇ ਗੁਰੂ ਬਣੇ।[176] ਗੁਰੂ ਅਮਰਦਾਸ ਜੀ ਵੱਲੋਂ ਰਾਮੇ ਅਤੇ ਜੇਠੇ (ਰਾਮਦਾਸ) ਤੋਂ ਵਾਰ-ਵਾਰ ਥੜ੍ਹੇ ਬਣਵਾ ਕੇ ਉਨ੍ਹਾਂ ਦਾ ਸਬਰ ਪਰਖਣ ਦੀ ਅਤੇ ਗੁਰੂ ਰਾਮਦਾਸ ਜੀ ਵੱਲੋਂ ਇਸ ਪ੍ਰੀਖਿਆ ਵਿੱਚ ਸਫ਼ਲ ਹੋਣ ਦੀ ਗੱਲ ਸਰੂਪ ਦਾਸ ਭੱਲਾ ਵੀ ਕਰਦਾ ਹੈ।[177] ਸੰਤੋਖ ਸਿੰਘ ਵੀ ਗੁਰੂ ਜੀ ਦੁਆਰਾ ਵਾਰ-ਵਾਰ ਥੜ੍ਹੇ ਬਣਵਾ ਕੇ ਭਾਈ ਰਾਮੇ ਤੇ ਰਾਮਦਾਸ ਦਾ ਸਬਰ ਪਰਖਣ ਅਤੇ ਰਾਮਦਾਸ ਨੂੰ ਗੁਰੂ ਅਮਰਦਾਸ ਜੀ ਵੱਲੋਂ ਗੁਰਿਆਈ ਸੌਂਪਣ ਦੀ ਗੱਲ ਕਰਦਾ ਹੈ।[178]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਨੂੰ ਗੁਰਿਆਈ ਉਸ ਦੇ ਹੀ ਵੰਸ਼ ਵਿੱਚ ਰਹਿਣ ਦਾ ਵਰ ਵੀ ਦਿੱਤਾ ਅਤੇ ਭਾਦੋਂ ਦੀ ਪੂਰਨਮਾਸੀ ਨੂੰ ਸੰਮਤ 1631 ਬਿਕ੍ਰਮੀ ਵਿੱਚ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ।[179] ਕੇਸਰ ਸਿੰਘ ਛਿੱਬਰ ਗੁਰੂ ਅਮਰਦਾਸ ਜੀ ਦੁਆਰਾ ਬੀਬੀ ਭਾਨੀ ਦੇ ਵੰਸ਼ ਵਿੱਚ ਗੁਰਿਆਈ ਜੱਦੀ ਰਹਿਣ ਦੇ ਵਰ ਸੰਬੰਧੀ ਆਪਣੀ ਲਿਖਤ ਵਿੱਚ ਕੋਈ ਜਾਣਕਾਰੀ ਨਹੀਂ ਦੇ ਰਿਹਾ ਹੈ, ਪਰ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਾ ਹੈ।[180] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਅਮਰਦਾਸ ਜੀ ਵੱਲੋਂ ਬੀਬੀ ਭਾਨੀ ਨੂੰ ਗੁਰਿਆਈ ਉਸ ਦੇ ਵੰਸ਼ ਵਿੱਚ ਰਹਿਣ ਦਾ ਵਰ ਦੇਣ ਅਤੇ ਜੋਤੀ ਜੋਤ ਸਮਾਉਣ ਦੇ ਸਮੇਂ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ।[181] ਗੁਰੂ ਅਮਰਦਾਸ ਜੀ ਦੇ ਭਾਦਰੋਂ ਦੀ ਪੂਰਨਮਾਸ਼ੀ ਸੰਮਤ 1631 ਬਿਕ੍ਰਮੀ ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾਉਣ ਨਾਲ ਤੇਜਾ ਸਿੰਘ ਗੰਡਾ ਸਿੰਘ, ਕਾਨ੍ਹ ਸਿੰਘ ਨਾਭਾ,

---

175 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1693-94; ਇੰਦੂ ਭੂਸ਼ਨ ਬੈਨਰਜੀ, *ਉ. ਰ.,* ਪੰਨਾ 107; ਖੁਸ਼ਵੰਤ ਸਿੰਘ,*ਸਿੱਖ ਇਤਿਹਾਸ, ਭਾ. ਪਹਿ.,* ਪੰਨਾ 59.

176 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 96-97.

177 ਸਰੂਪ ਦਾਸ ਭੱਲਾ, *ਉ. ਰ.,* ਪੰਨੇ 219-221.

178 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1567-1571, 1619-1623.

179 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 98.

180 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 68.

181 ਸਰੂਪ ਦਾਸ ਭੱਲਾ, *ਉ. ਰ.,* ਪੰਨੇ 265-266, 274, 276; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 1628, 1695.

ਮੈਕਾਲਿਫ਼, ਇੰਦੂ ਭੂਸ਼ਨ ਬੈਨਰਜੀ, ਹਰੀ ਰਾਮ ਗੁਪਤਾ ਵੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹਨ।[182]

## ਗੁਰੂ ਰਾਮਦਾਸ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਤੋਂ ਗੁਰਿਆਈ ਗੁਰੂ ਰਾਮਦਾਸ ਜੀ ਕੋਲ ਆ ਗਈ ਅਤੇ ਅੰਤ ਤੱਕ ਸੋਢੀਆਂ ਕੋਲ ਹੀ ਰਹੀ।[183] ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਰਾਮਦਾਸ ਜੀ ਦਾ ਜਨਮ ਸੰਮਤ 1591 ਬਿਕ੍ਰਮੀ ਵਿੱਚ ਸੋਢੀ ਵੰਸ਼ ਦੇ ਖੱਤਰੀ ਹਰੀਦਾਸ ਅਤੇ ਮਾਤਾ ਦਯਾ ਕੌਰ ਦੇ ਘਰ ਹੋਇਆ। ਮਾਤਾ ਪਿਤਾ ਦੀ ਮੌਤ ਪਿੱਛੋਂ ਰਾਮਦਾਸ ਜੀ ਬਾਸਰਕੇ ਪਿੰਡ ਆ ਕੇ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰਨ ਲੱਗੇ। ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਸੰਮਤ 1599 ਬਿਕ੍ਰਮੀ ਫੱਗਣ ਸੁਦੀ 16 ਨੂੰ ਰਾਮਦਾਸ ਜੀ ਨਾਲ ਕਰ ਦਿੱਤਾ। ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਮਿਲਣ ਪਿੱਛੋਂ ਰਾਮਦਾਸ ਜੀ ਅਤੇ ਬੀਬੀ ਭਾਨੀ ਵੀ ਉਨ੍ਹਾਂ ਕੋਲ ਗੋਇੰਦਵਾਲ ਸਾਹਿਬ ਚਲੇ ਗਏ। ਸੰਮਤ 1627 ਬਿਕ੍ਰਮੀ ਵਿੱਚ ਰਾਮਦਾਸ ਜੀ ਨੂੰ ਗੁਰਗੱਦੀ ਮਿਲੀ ਅਤੇ ਸੰਮਤ 1629 ਬਿਕ੍ਰਮੀ ਵਿੱਚ ਬੀਬੀ ਭਾਨੀ ਦੇ ਅਕਾਲ ਚਲਾਣੇ ਮਗਰੋਂ ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਵਸਾਇਆ। ਗਿਆਨੀ ਗਿਆਨ ਸਿੰਘ ਗੁਰੂ ਰਾਮਦਾਸ ਜੀ ਦੁਆਰਾ ਬਣਾਏ ਗਏ ਅੰਮ੍ਰਿਤ ਸਰੋਵਰ ਵਿੱਚ ਪਿੰਗਲੇ ਦਾ ਕੋਹੜ ਕੱਟੇ ਜਾਣ ਦਾ ਅਤੇ ਉਸ ਦਿਨ ਤੋਂ ਇਸ ਘਾਟ ਦੇ ਦੁੱਖ ਭੰਜਨ ਦੇ ਨਾਂ ਨਾਲ ਪ੍ਰਸਿੱਧ ਹੋਣ ਦੀ ਗੱਲ ਕਰਦਾ ਹੈ।[184] ਕੇਸਰ ਸਿੰਘ ਛਿੱਬਰ ਗੁਰੂ ਰਾਮਦਾਸ ਜੀ ਦਾ ਜਨਮ ਸੰਮਤ 1587 ਬਿਕ੍ਰਮੀ ਵਿੱਚ ਹੋਇਆ ਲਿਖਦਾ ਹੈ, ਪਰ ਗਿਆਨੀ ਗਿਆਨ ਸਿੰਘ ਦੇ ਉਲਟ ਗੁਰੂ ਸਾਹਿਬ ਦੀ ਮਾਤਾ ਦਾ ਨਾਂ ਅਨੂਪ ਦੇਵੀ ਲਿਖ ਰਿਹਾ ਹੈ। ਕੇਸਰ ਸਿੰਘ ਛਿੱਬਰ ਗਿਆਨੀ ਗਿਆਨ ਸਿੰਘ ਦੇ ਉਲਟ ਗੁਰੂ ਰਾਮਦਾਸ ਜੀ ਦਾ ਵਿਆਹ ਬੀਬੀ ਭਾਨੀ ਨਾਲ ਸੰਮਤ 1602 ਬਿਕ੍ਰਮੀ ਫੱਗਣ ਸੁਦੀ 17 ਨੂੰ ਹੋਇਆ ਲਿਖਦਾ ਹੈ।[185] ਸੰਤੋਖ ਸਿੰਘ ਵੀ ਗੁਰੂ ਰਾਮਦਾਸ ਜੀ ਦਾ ਜਨਮ ਸੰਮਤ 1591 ਬਿਕ੍ਰਮੀ ਨੂੰ ਲਾਹੌਰ ਵਿਖੇ ਹੋਇਆ ਦੱਸਦਾ ਹੈ ਅਤੇ ਪਿਤਾ ਦਾ ਨਾਂ ਹਰੀਦਾਸ ਲਿਖ ਰਿਹਾ ਹੈ।।[186] ਗਿਆਨੀ ਗਿਆਨ ਸਿੰਘ ਗੁਰੂ ਰਾਮਦਾਸ ਜੀ ਦੇ ਸਪੁੱਤਰਾਂ ਪ੍ਰਿਥੀਏ, ਮਹਾਂਦੇਵ ਅਤੇ ਅਰਜਨ ਦੇ ਜਨਮ ਸਥਾਨ, ਤਾਰੀਖ਼, ਵਿਆਹ ਆਦਿ ਬਾਰੇ ਕੋਈ ਵੇਰਵਾ ਨਹੀਂ ਦੇ ਰਿਹਾ, ਪਰ ਕੇਸਰ ਸਿੰਘ ਛਿੱਬਰ ਇਸ ਬਾਰੇ

---

[182] ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 24; ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 74; ਮੈਕਾਲਿਫ਼, *ਉ. ਰ.,* ਪੰਨਾ 308; ਇੰਦੂ ਭੂਸ਼ਨ ਬੈਨਰਜੀ *ਉ. ਰ.,* ਪੰਨਾ 117; Hari Ram Gupta, *op.cit.,* p. 126.

[183] ਰਤਨ ਸਿੰਘ ਭੰਗੂ, *ਉ. ਰ.,* ਪੰਨਾ 22.

[184] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 99-102.

[185] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 69.

[186] ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 1491

ਵਿਸਥਾਰ ਨਾਲ ਲਿਖਦਾ ਹੈ[187] ਅਤੇ ਬੀਬੀ ਭਾਨੀ ਦੇ ਅਕਾਲ ਚਲਾਣੇ ਦੀ ਮਿਤੀ ਸੰਮਤ 1655 ਬਿਕ੍ਰਮੀ ਲਿਖ ਰਿਹਾ ਹੈ। ਕੇਸਰ ਸਿੰਘ ਛਿੱਬਰ ਗੁਰੂ ਰਾਮਦਾਸ ਜੀ ਵੱਲੋਂ ਰਾਮਦਾਸਪੁਰ ਵਸਾਉਣ ਦੀ ਪੁਸ਼ਟੀ ਜਰੂਰ ਕਰਦਾ ਹੈ ਤੇ ਇਸ ਨੂੰ 'ਗੁਰੂ ਕਾ ਚੱਕ' ਲਿਖ ਰਿਹਾ ਹੈ।[188] ਆਪਣੀ ਲਿਖਤ ਵਿੱਚ ਉਹ ਪਿੰਗਲੇ ਅਤੇ ਦੁੱਖ ਭੰਜਨ ਵਾਲੀ ਘਟਨਾ ਦਾ ਵੀ ਕੋਈ ਵਰਣਨ ਨਹੀਂ ਕਰਦਾ। ਸਰੂਪ ਦਾਸ ਭੱਲਾ ਵੀ ਗੁਰੂ ਰਾਮਦਾਸ ਜੀ ਵੱਲੋਂ ਰਾਮਦਾਸਪੁਰ ਵਸਾਉਣ ਅਤੇ ਉੱਥੇ ਅੰਮ੍ਰਿਤ ਸਰੋਵਰ ਬਣਾਉਣ ਦੀ ਪੁਸ਼ਟੀ ਕਰਦਾ ਹੈ।[189] ਸੰਤੋਖ ਸਿੰਘ ਵੀ ਗੁਰੂ ਰਾਮਦਾਸ ਜੀ ਦਾ ਵਿਆਹ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਨਾਲ ਹੋਇਆ ਲਿਖਦਾ ਹੈ ਅਤੇ ਪ੍ਰਿਥੀ ਚੰਦ, ਮਹਾਂਦੇਵ ਤੇ ਤੀਜੇ ਪੁੱਤਰ ਅਰਜਨ ਦੇ ਜਨਮ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੰਦਾ ਹੈ।[190] ਸੰਤੋਖ ਸਿੰਘ ਵੀ ਚੌਥੇ ਗੁਰੂ ਸਾਹਿਬਾਨ ਵੱਲੋਂ ਸੰਮਤ 1688 ਬਿਕ੍ਰਮੀ ਵਿੱਚ ਸੁਲਤਾਨਵਿੰਡ ਦੇ ਪੱਛਮ ਵਾਲੇ ਪਾਸੇ ਗੁਰੂ ਕਾ ਚੱਕ ਨਾਂ ਦਾ ਪਿੰਡ ਵਸਾਉਣ[191] ਅਤੇ ਗੁਰੂ ਅਮਰਦਾਸ ਜੀ ਦੇ ਕਹਿਣ 'ਤੇ ਉਨ੍ਹਾਂ ਵੱਲੋਂ ਅੰਮ੍ਰਿਤਸਰ ਵਿੱਚ ਸੰਤੋਖਸਰ ਅਤੇ ਅੰਮ੍ਰਿਤਸਰ ਸਰੋਵਰ ਦੀ ਖ਼ੁਦਵਾਈ ਸ਼ੁਰੂ ਕਰਵਾਉਣ ਦਾ ਜ਼ਿਕਰ ਕਰਦਾ ਹੈ।[192] ਸੰਤੋਖ ਸਿੰਘ ਵੀ ਦੁਖ ਭੰਜਨ ਬੇਰੀ ਕੋਲ ਸ਼ੁਰੂ ਕਰਵਾਈ ਗੁਰੂ ਰਾਮਦਾਸ ਵੱਲੋਂ ਅੰਮ੍ਰਿਤਸਰ ਸਰੋਵਰ ਦੀ ਖ਼ੁਦਾਈ ਵਿੱਚ ਖੜ੍ਹੇ ਜਲ ਵਿੱਚ ਇਸ਼ਨਾਨ ਕਰਕੇ ਪਿੰਗਲੇ ਦੇ ਠੀਕ ਹੋਣ ਦੀ ਗੱਲ ਕਰਦਾ ਹੈ।[193] ਆਧੁਨਿਕ ਇਤਿਹਾਸਕਾਰ ਸੰਮਤ 1591 ਬਿਕ੍ਰਮੀ ਮੁਤਾਬਿਕ ਗੁਰੂ ਰਾਮਦਾਸ ਜੀ ਦਾ ਜਨਮ ਸੰਨ 1534 ਈ. ਦਾ ਹੀ ਮੰਨਦੇ ਹਨ।[194] ਪਰ ਨਾਲ ਹੀ ਹਰੀ ਰਾਮ ਗੁਪਤਾ ਰਾਮਦਾਸ ਜੀ ਦੇ ਬਚਪਨ ਵਿੱਚ ਹੀ ਮਾਤਾ-ਪਿਤਾ ਦੇ ਅਕਾਲ ਚਲਾਣੇ ਦੀ ਗੱਲ ਕਰਦਾ ਹੈ।[195] ਭਾਈ ਕਾਨ੍ਹ ਸਿੰਘ ਨਾਭਾ ਵੀ ਸੰਮਤ 1631 ਬਿਕ੍ਰਮੀ ਮੁਤਾਬਿਕ 1574 ਈ. ਵਿੱਚ ਗੁਰੂ ਰਾਮਦਾਸ ਜੀ ਦੁਆਰਾ ਅੰਮ੍ਰਿਤਸਰ ਵਸਾਉਣ ਦੀ ਗੱਲ ਕਰਦਾ ਹੈ।[196] ਤੇਜਾ ਸਿੰਘ ਗੰਡਾ ਸਿੰਘ ਵੀ ਲਿਖਦੇ ਹਨ ਕਿ ਗੁਰੂ ਰਾਮਦਾਸ ਜੀ ਨੇ 500 ਵਿੱਘੇ ਜ਼ਮੀਨ

---

187 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 69-70.

188 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 71.

189 ਸਰੂਪ ਦਾਸ ਭੱਲਾ, *ਉ. ਰ.,* ਪੰਨੇ 295-296.

190 ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 1493.

191 ਭਾਈ ਸੰਤੋਖ ਸਿੰਘ, *ਉਹੀ,* 1689.

192 *ਉਹੀ,* ਪੰਨਾ 1691.

193 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਛੇਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨਾ 1797.

194 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨੇ 24-31; ਖੁਸ਼ਵੰਤ ਸਿੰਘ, *ਉ. ਰ.,* ਪੰਨਾ 60; Hari Ram Gupta, *op.cit.,* p.126.

195 Hari Ram Gupta, *ibid.*

196 ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 1035.

ਸੱਤ ਸੌ ਅਕਬਰੀ ਰੁਪਈਆਂ ਵਿੱਚ ਪਿੰਡ ਤੁੰਗ ਦੇ ਜਿਮੀਦਾਰਾਂ ਤੋਂ ਖਰੀਦ ਕੇ ਅੰਮ੍ਰਿਤਸਰ ਵਸਾਇਆ।[197] ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨੀ ਗਿਆਨ ਸਿੰਘ ਚੌਥੇ ਗੁਰੂ ਸਾਹਿਬ ਦੁਆਰਾ ਮਸੰਦ ਪ੍ਰਥਾ ਸ਼ੁਰੂ ਕਰਨ ਦੀ ਕੋਈ ਜਾਣਕਾਰੀ ਨਹੀਂ ਦੇ ਰਹੇ।

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਰਾਮਦਾਸ ਜੀ ਸੰਮਤ 1638 ਬਿਕ੍ਰਮੀ ਵਿੱਚ ਆਪਣੇ ਛੋਟੇ ਪੁੱਤਰ ਅਰਜਨ ਜੀ ਨੂੰ ਗੁਰਿਆਈ ਸੌਂਪ ਕੇ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।[198] ਕੇਸਰ ਸਿੰਘ ਛਿੱਬਰ ਗੁਰੂ ਰਾਮਦਾਸ ਜੀ ਦੀ ਜੋਤੀ ਜੋਤ ਸਮਾਉਣ ਦੀ ਤਾਰੀਖ਼ ਨੂੰ ਲੈ ਕੇ ਉਹ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ।[199] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਸੰਮਤ 1608 ਬਿਕ੍ਰਮੀ ਭਾਦੋਂ ਸੁਦੀ ਤਿੰਨ ਨੂੰ ਗੁਰੂ ਰਾਮਦਾਸ ਜੀ ਆਪਣੇ ਪੁੱਤਰਾਂ ਪ੍ਰਿਥੀ ਚੰਦ, ਮਹਾਂਦੇਵ, ਅਰਜਨ ਅਤੇ ਸਿੱਖ ਸੰਗਤ ਦਰਮਿਆਨ ਜੋਤੀ ਜੋਤ ਸਮਾ ਗਏ।[200] ਪਰ ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰਿਆਈ ਗੁਰੂ ਰਾਮਦਾਸ ਜੀ ਤੋਂ ਬਾਅਦ ਬਾਬਾ ਮੋਹਰੀ ਦੀ ਹਜ਼ੂਰੀ ਵਿੱਚ ਅਰਜਨ ਜੀ ਨੂੰ ਬਖ਼ਸ਼ ਦਿੱਤੀ ਗਈ। ਇਸ ਤਰ੍ਹਾਂ ਉਹ ਸਿੱਖਾਂ ਦੇ ਪੰਜਵੇਂ ਗੁਰੂ ਬਣੇ ਤੇ ਪ੍ਰਿਥੀ ਚੰਦ ਨੇ ਇਸ 'ਤੇ ਰੋਸ ਵੀ ਪ੍ਰਗਟਾਇਆ।[201] ਸੰਤੋਖ ਸਿੰਘ ਵੀ ਗੁਰੂ ਰਾਮਦਾਸ ਜੀ ਵੱਲੋਂ ਅਰਜਨ ਨੂੰ ਗੁਰਿਆਈ ਸੌਂਪਣ ਦੀ ਗੱਲ ਕਰਦਾ ਹੈ।[202] ਸੰਤੋਖ ਸਿੰਘ ਵੀ ਗੁਰੂ ਰਾਮਦਾਸ ਜੀ ਦੇ ਗੋਇੰਦਵਾਲ ਵਿੱਚ ਜੋਤੀ ਜੋਤ ਸਮਾਉਣ ਦੀ ਤਾਰੀਖ਼ ਸੰਮਤ 1638 ਬਿਕ੍ਰਮੀ ਭਾਦੋਂ ਸੁਦੀ ਤਿੰਨ ਦੱਸ ਰਿਹਾ ਹੈ।[203]

## ਗੁਰੂ ਅਰਜਨ ਦੇਵ ਜੀ

ਰਤਨ ਸਿੰਘ ਭੰਗੂ ਏਨਾ ਹੀ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਬਣੇ ਅਤੇ ਉਨ੍ਹਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਦੁਸ਼ਟਾਂ ਜਾਂ ਦੁਸ਼ਮਣਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿੱਚ ਸ਼ਹੀਦ ਕਰ ਦਿੱਤਾ।[204] ਗਿਆਨੀ ਗਿਆਨ ਸਿੰਘ ਗੁਰੂ ਅਰਜਨ ਦੇਵ ਜੀ ਦਾ ਜਨਮ ਸੰਮਤ 1610 ਬਿਕ੍ਰਮੀ ਵੈਸਾਖ ਵਦੀ 7 ਨੂੰ ਹੋਇਆ ਲਿਖਦਾ ਹੈ, ਪਰ ਕੇਸਰ ਸਿੰਘ ਛਿੱਬਰ ਇਸ ਨੂੰ ਸੰਮਤ

---

[197] ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 125.

[198] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 107.

[199] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 71.

[200] ਸਰੂਪ ਦਾਸ ਭੱਲਾ, *ਉ. ਰ.,* ਪੰਨੇ 305-306.

[201] ਸਰੂਪ ਦਾਸ ਭੱਲਾ, *ਉ. ਰ.,* ਪੰਨੇ 309-310.

[202] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ,* ਪੰਨੇ, 1730-1731.

[203] *ਭਾਈ ਸੰਤੋਖ ਸਿੰਘ, ਉ. ਰ., ਜਿ. ਪੰ.,* ਪੰਨੇ 1741, 1744-45.

[204] ਰਤਨ ਸਿੰਘ ਭੰਗੂ, *ਉ. ਰ.,* ਪੰਨਾ 22.

1604 ਬਿਕ੍ਰਮੀ ਲਿਖ ਰਿਹਾ ਹੈ।[205] ਇਤਿਹਾਸਕਾਰ ਤੇਜਾ ਸਿੰਘ ਗੰਡਾ ਸਿੰਘ, ਕਾਨ੍ਹ ਸਿੰਘ ਨਾਭਾ, ਖੁਸ਼ਵੰਤ ਸਿੰਘ, ਹਰੀ ਰਾਮ ਗੁਪਤਾ ਅਤੇ ਮੈਕਾਲਿਫ਼ ਗੁਰੂ ਅਰਜਨ ਦੇਵ ਜੀ ਦਾ ਜਨਮ ਸੰਮਤ 1620 ਬਿਕ੍ਰਮੀ ਮੁਤਾਬਿਕ 1563 ਈ. ਲਿਖਦੇ ਹਨ।[206] ਗਿਆਨੀ ਗਿਆਨ ਸਿੰਘ ਗੁਰੂ ਅਰਜਨ ਦੇਵ ਜੀ ਦੁਆਰਾ ਅੰਮ੍ਰਿਤਸਰ 'ਚ ਸਰੋਵਰ ਖ਼ੁਦਵਾਉਣ ਦੀ, ਹਰਿਮੰਦਰ ਸਾਹਿਬ ਦਾ ਨਿਰਮਾਣ ਕਰਨ ਦੀ, ਤਰਨਤਾਰਨ ਅਤੇ ਕਰਤਾਰਪੁਰ ਨਗਰ ਵਸਾਉਣ ਦੀ ਗੱਲ ਵੀ ਕਰਦਾ ਹੈ।[207] ਕੇਸਰ ਸਿੰਘ ਛਿੱਬਰ ਵੀ ਪੰਜਵੇਂ ਗੁਰੂ ਸਾਹਿਬ ਦੁਆਰਾ ਰਾਮਦਾਸਪੁਰ ਆ ਕੇ ਅੰਮ੍ਰਿਤਸਰ ਸਰੋਵਰ ਬਣਾਉਣ ਦੀ ਵੀ ਪੁਸ਼ਟੀ ਕਰਦਾ ਹੈ, ਪਰ ਹਰਿਮੰਦਰ ਸਾਹਿਬ ਦੇ ਨਿਰਮਾਣ ਅਤੇ ਤਰਨਤਾਰਨ ਨਾਂ ਦਾ ਨਗਰ ਵਸਾਉਣ ਦੀ ਕੋਈ ਜਾਣਕਾਰੀ ਨਹੀਂ ਦੇ ਰਿਹਾ।[208] ਸਰੂਪ ਦਾਸ ਭੱਲਾ ਪੰਜਵੇਂ ਪਾਤਿਸ਼ਾਹ ਦੁਆਰਾ ਅੰਮ੍ਰਿਤਸਰ ਵਿੱਚ ਸਰੋਵਰ ਖ਼ੁਦਵਾਉਣ ਤੇ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਉਣ ਦੀ ਥਾਂ 'ਤੇ ਅੰਮ੍ਰਿਤਸਰ ਦੇ ਵਿਸਥਾਰ ਦੀ ਅਤੇ ਤਰਨਤਾਰਨ ਨਗਰ ਵਸਾਉਣ ਗੱਲ ਕਰਦਾ ਹੈ।[209] ਸੰਤੋਖ ਸਿੰਘ ਵੀ ਅੰਮ੍ਰਿਤਸਰ ਸਰੋਵਰ ਦੀ ਖ਼ੁਦਵਾਈ ਸ਼ੁਰੂ ਕਰਵਾ ਕੇ, ਪੱਕੀ ਚਿਣਾਈ ਸੰਪੂਰਨ ਹੋਣ ਤੋਂ ਬਾਅਦ ਪੰਜਵੇਂ ਪਾਤਿਸ਼ਾਹ ਵੱਲੋਂ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ, ਅੰਮ੍ਰਿਤਸਰ ਨਗਰ ਵਸਾਉਣ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਨ ਦੇ ਨਾਲ ਤਰਨਤਾਰਨ ਸਰੋਵਰ ਦੀ ਨੀਂਹ ਰੱਖਣ ਤੇ ਛੇਹਰਟਾ ਖੂਹ ਲਵਾਉਣ ਦੀ ਗੱਲ ਕਰਦਾ ਹੈ।[210] ਕਾਨ੍ਹ ਸਿੰਘ ਨਾਭਾ, ਮੈਕਾਲਿਫ਼, ਹਰੀ ਰਾਮ ਗੁਪਤਾ ਹਰਿਮੰਦਰ ਸਾਹਿਬ ਦੀ ਨੀਂਹ ਸੰਮਤ 1645 ਬਿਕ੍ਰਮੀ (1588 ਈ.) ਵਿੱਚ ਰੱਖਣ ਦੀ ਗੱਲ ਕਰ ਰਹੇ ਹਨ।[211] ਜਦੋਂ ਕਿ ਤੇਜਾ ਸਿੰਘ ਗੰਡਾ ਸਿੰਘ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦੀ ਮਿਤੀ 1589 ਈ. ਦੇ ਰਹੇ ਹਨ।[212] ਭਾਈ ਕਾਨ੍ਹ ਸਿੰਘ ਨਾਭਾ ਵੀ ਪੰਜਵੇਂ ਗੁਰੂ ਸਾਹਿਬ ਦੁਆਰਾ ਕਰਤਾਰਪੁਰ ਵਸਾਉਣ ਦਾ ਜ਼ਿਕਰ ਕਰਦਾ ਹੈ।[213]

---

205 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 108; ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 73.

206 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 26; ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 80; ਖੁਸ਼ਵੰਤ ਸਿੰਘ, *ਉ. ਰ.,* ਪੰਨਾ 61; Hari Ram Gupta, *op.cit.,* p. 130; ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨਾ 337.

207 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 110, 112-113.

208 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 76.

209 ਸਰੂਪ ਦਾਸ ਭੱਲਾ, *ਉ. ਰ.,* ਪੰਨੇ 316, 340-41.

210 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਛੇਵੀਂ,* ਪੰਨੇ 1803-04, 1855-1856, 1859, 2218-2219, 1905.

211 ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 76; ਮੈਕਾਲਿਫ਼, *ਸਿੱਖ ਇਤਿਹਾਸ ਭਾਗ ਤੀਜਾ,* ਪੰਨਾ 346; Hari Ram Gupta, *op. cit.,* p.131.

212 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 28.

213 ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 302.

ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੇ ਵਿਆਹ ਜਾਂ ਉਨ੍ਹਾਂ ਦੀ ਪਤਨੀ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਿਹਾ, ਪਰ ਸੰਮਤ 1652 ਬਿਕ੍ਰਮੀ ਵਿੱਚ ਪੰਜਵੇਂ ਪਾਤਿਸ਼ਾਹ ਦੇ ਘਰ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਲਿਖਦਾ ਹੈ।[214] ਕੇਸਰ ਸਿੰਘ ਛਿੱਬਰ ਗੁਰੂ ਅਰਜਨ ਦੇਵ ਜੀ ਦਾ ਪਹਿਲਾ ਵਿਆਹ ਉਹ ਸੰਮਤ 1622 ਬਿਕ੍ਰਮੀ ਨੂੰ ਰਾਮ ਦੇਵੀ ਨਾਲ ਅਤੇ ਦੂਜਾ ਵਿਆਹ ਮਾਤਾ ਗੰਗਾ ਨਾਲ ਹੋਇਆ ਲਿਖਦਾ ਹੈ। ਉਹ ਹਰਿਗੋਬਿੰਦ ਸਾਹਿਬ ਦਾ ਜਨਮ ਸੰਮਤ 1647 ਬਿਕ੍ਰਮੀ ਵਿੱਚ ਹੋਇਆ ਲਿਖਦਾ ਹੈ।[215] ਸਰੂਪ ਦਾਸ ਭੱਲਾ ਵੀ ਗੁਰੂ ਜੀ ਦੀ ਪਤਨੀ ਦਾ ਨਾਂ ਮਾਤਾ ਗੰਗਾ ਲਿਖਦਾ ਹੈ ਅਤੇ ਗੋਇੰਦਵਾਲ ਸਾਹਿਬ ਵਿਖੇ ਗੁਰੂ ਸਾਹਿਬ ਦੇ ਘਰ ਪੁੱਤਰ ਹਰਿਗੋਬਿੰਦ ਸਾਹਿਬ ਦੇ ਜਨਮ ਲੈਣ ਦਾ ਜ਼ਿਕਰ ਵੀ ਕਰਦਾ ਹੈ।[216] ਸੰਤੋਖ ਸਿੰਘ ਸੰਮਤ 1652 ਬਿਕ੍ਰਮੀ ਹਾੜ ਸੁਦੀ 21 ਨੂੰ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਦੀ ਕੁੱਖੋਂ ਹੋਇਆ ਦੱਸ ਕੇ ਗਿਆਨੀ ਗਿਆਨ ਸਿੰਘ ਵੱਲੋਂ ਦੱਸੀ ਗੁਰੂ ਹਰਿਗੋਬਿੰਦ ਜੀ ਦੀ ਜਨਮ ਤਾਰੀਖ਼ ਦੀ ਪੁਸ਼ਟੀ ਕਰਦਾ ਹੈ।[217]

ਗਿਆਨੀ ਗਿਆਨ ਸਿੰਘ ਸੰਮਤ 1661 ਬਿਕ੍ਰਮੀ ਵਿੱਚ ਗੁਰੂ ਜੀ ਦੁਆਰਾ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ ਦਾ ਜ਼ਿਕਰ ਵੀ ਕਰਦਾ ਹੈ।[218] ਕੇਸਰ ਸਿੰਘ ਛਿੱਬਰ ਗੁਰੂ ਅਰਜਨ ਦੇਵ ਜੀ ਦੁਆਰਾ ਬਾਣੀ ਨੂੰ ਸੋਧ ਕੇ ਭਾਈ ਗੁਰਦਾਸ ਤੋਂ ਲਿਖਵਾਉਣ ਦੀ ਗੱਲ ਵੀ ਕਰਦਾ ਹੈ।[219] ਸਰੂਪ ਦਾਸ ਭੱਲਾ ਵੀ ਗੁਰੂ ਜੀ ਦੁਆਰਾ ਸੁਖਮਨੀ ਸਾਹਿਬ ਦੀ ਬਾਣੀ ਰਚਣ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਰਚਣ ਦੀ ਗੱਲ ਕਰਦਾ ਹੈ।[220] ਸੰਤੋਖ ਸਿੰਘ ਵੀ ਗੁਰੂ ਅਰਜਨ ਦੇਵ ਜੀ ਦੁਆਰਾ ਸੁਖਮਨੀ ਸਾਹਿਬ ਦੀ ਬਾਣੀ ਰਚਣ, ਭਾਈ ਗੁਰਦਾਸ ਤੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਉਣ ਅਤੇ ਸੰਮਤ 1661 ਬਿਕ੍ਰਮੀ ਭਾਦੋਂ ਸੁਦੀ ਇੱਕ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸੰਪੂਰਨ ਹੋਣ ਬਾਰੇ ਦੱਸਦਾ ਹੈ।[221]

ਗਿਆਨੀ ਗਿਆਨ ਸਿੰਘ ਅਨੁਸਾਰ ਪ੍ਰਿਥੀਏ ਅਤੇ ਚੰਦੂ ਦੁਆਰਾ ਸ਼ਹਿਜ਼ਾਦਾ ਖ਼ੁਸਰੋ ਦੀ ਮਦਦ ਕਰਨ ਕਰਕੇ ਪੰਜਵੇਂ ਗੁਰੂ ਸਾਹਿਬ ਖ਼ਿਲਾਫ਼ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ ਗਏ। ਜਹਾਂਗੀਰ ਨੇ ਗੁਰੂ ਜੀ ਨੂੰ ਦੋ ਲੱਖ ਰੁਪਏ ਖਜ਼ਾਨੇ ਵਿੱਚ ਜਮਾਂ ਕਰਵਾਉਣ ਲਈ ਕਿਹਾ, ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਚੰਦੂ ਨੇ

---

214 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 113.

215 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 73-74, 77.

216 ਸਰੂਪ ਦਾਸ ਭੱਲਾ, *ਉ. ਰ.,* ਪੰਨੇ 395, 377.

217 ਭਾਈ ਸੰਤੋਖ ਸਿੰਘ, *ਉ. ਰ., ਜਿ. ਛੇ.,* 1906.

218 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 113.

219 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 75-84.

220 ਸਰੂਪ ਦਾਸ ਭੱਲਾ, *ਉ. ਰ.,* ਪੰਨੇ 324-25, 348-351.

221 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 2095, 2083-2093, 2140.

ਬਾਦਸ਼ਾਹ ਨੂੰ ਦੋ ਲੱਖ ਰੁਪਏ ਦੇਣ ਦਾ ਜਿੰਮਾ ਲੈ ਕੇ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਸਪੁਰਦ ਲੈ ਲਿਆ ਅਤੇ ਆਪਣੀ ਕੁੜੀ ਲਈ ਉਨ੍ਹਾਂ ਦੇ ਸਪੁੱਤਰ ਹਰਿਗੋਬਿੰਦ ਸਾਹਿਬ ਦਾ ਰਿਸ਼ਤਾ ਮੰਗਿਆ, ਪਰ ਗੁਰੂ ਸਾਹਿਬ ਨੇ ਜਵਾਬ ਦੇ ਦਿੱਤਾ।[222] ਕੇਸਰ ਸਿੰਘ ਛਿੱਬਰ ਚੰਦੂ ਦੀ ਕੁੜੀ ਦੇ ਰਿਸ਼ਤੇ ਦੀ ਗੱਲ ਗੁਰੂ ਹਰਿਗੋਬਿੰਦ ਸਾਹਿਬ ਦੀ ਥਾਂ 'ਤੇ ਗੁਰੂ ਅਰਜਨ ਦੇਵ ਜੀ ਨਾਲ ਜੋੜਦਾ ਹੈ, ਜਿਸ ਕਰਕੇ ਪ੍ਰਿਥੀਆ ਤੇ ਚੰਦੂ ਮਿਲਕੇ ਗੁਰੂ ਜੀ ਦੇ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਦੇ ਹਨ।[223] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਚੰਦੂ ਨਾਂ ਦੇ ਖੱਤਰੀ ਜਹਾਂਗੀਰ ਕੋਲ ਜਾ ਕੇ ਗੁਰੂ ਜੀ ਵੱਲੋਂ ਆਪਣੇ ਆਪ ਨੂੰ ਜਗਤ ਗੁਰੂ ਅਖਵਾਉਣ ਅਤੇ ਸ਼ਹਿਜ਼ਾਦੇ ਨੂੰ ਪਨਾਹ ਦੇਣ ਦੀ ਚੁਗਲੀ ਕਰਕੇ ਗੁਰੂ ਜੀ ਲਈ ਸਜ਼ਾ ਦੀ ਮੰਗ ਕਰਦਾ ਹੈ।[224] ਸਰੂਪ ਦਾਸ ਭੱਲਾ ਜੁਰਮਾਨੇ ਵਾਲੀ ਘਟਨਾ ਗੁਰੂ ਜੀ ਵੱਲੋਂ ਹਰਿਗੋਬਿੰਦ ਸਾਹਿਬ ਲਈ ਚੰਦੂ ਦੀ ਕੁੜੀ ਦੇ ਰਿਸ਼ਤੇ ਨੂੰ ਇਨਕਾਰ ਕਰਨ ਤੱਕ ਹੂ-ਬ-ਹੂ ਗਿਆਨੀ ਗਿਆਨ ਸਿੰਘ ਵਾਂਗ ਹੀ ਦੱਸਦਾ ਹੈ।[225] ਸੰਤੋਖ ਸਿੰਘ ਵੀ ਗੁਰੂ ਅਰਜਨ ਦੇਵ ਜੀ ਵੱਲੋਂ ਹਰਿਗੋਬਿੰਦ ਸਾਹਿਬ ਲਈ ਆਇਆ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜਣ ਅਤੇ ਚੰਦੂ ਵੱਲੋਂ ਗੁਰੂ ਜੀ ਨਾਲ ਵੈਰ ਪਾਉਣ, ਪ੍ਰਿਥੀਏ ਦੁਆਰਾ ਚੰਦੂ ਨਾਲ ਮਿਲ ਕੇ ਗੁਰੂ ਜੀ ਨੂੰ ਕੈਦ ਕਰਕੇ ਮਾਰ ਮੁਕਾਵਣ ਦੀ ਅਤੇ ਆਪ ਗੁਰਗੱਦੀ 'ਤੇ ਬੈਠਣ ਦੀ ਵਿਉਂਤ ਬਣਾਉਣ ਦੀ ਤੇ ਚੰਦੂ ਖੱਤਰੀ ਵੱਲੋਂ ਗੁਰੂ ਜੀ 'ਤੇ ਝੂਠੀਆਂ ਤੋਹਮਤਾਂ ਲਾ ਕੇ ਜਹਾਂਗੀਰ ਨੂੰ ਗੁਰੂ ਜੀ ਦੇ ਖਿਲਾਫ਼ ਭੜਕਾਉਣ ਦਾ ਹਵਾਲਾ ਦਿੰਦਾ ਹੈ।[226] ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਣ ਚੰਦੂ ਦੀ ਲੜਕੀ ਦੇ ਰਿਸ਼ਤੇ ਨੂੰ ਮੋੜਨਾ ਤੇਜਾ ਸਿੰਘ ਗੰਡਾ ਸਿੰਘ, ਮੈਕਾਲਿਫ਼, ਹਰੀ ਰਾਮ ਗੁਪਤਾ, ਸਾਰੇ ਹੀ ਲੇਖਕ ਮੰਨਦੇ ਹਨ।[227]

ਜਿੱਥੇ ਗਿਆਨੀ ਗਿਆਨ ਸਿੰਘ ਇਹ ਲਿਖ ਰਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਮੁਗਲ ਹਕੂਮਤ ਵੱਲੋਂ ਸਿਰ 'ਚ ਤੱਤਾ ਰੇਤ ਪਾ ਕੇ ਤਸੀਹੇ ਦਿੱਤੇ ਗਏ ਅਤੇ ਗੁਰੂ ਜੀ ਰਾਵੀ ਦਰਿਆ ਵਿੱਚ ਇਸ਼ਨਾਨ ਕਰਦੇ ਸੰਮਤ 1663 ਬਿਕ੍ਰਮੀ ਜੇਠ ਸੁਦੀ 4 ਨੂੰ ਜੋਤੀ ਜੋਤ ਸਮਾ ਗਏ।[228] ਪਰ ਕੇਸਰ ਸਿੰਘ ਛਿੱਬਰ ਮੁਤਾਬਿਕ ਗੁਰੂ ਜੀ ਨੂੰ ਬੰਨ੍ਹਕੇ ਤੱਤੇ ਰੇਤ ਵਿੱਚ ਸੁੱਟਣ 'ਤੇ ਜਦੋਂ ਗੁਰੂ ਜੀ ਦੇ ਪ੍ਰਾਣ ਨਿਕਲ ਗਏ ਤਾਂ ਉਨ੍ਹਾਂ ਦੀ ਦੇਹ ਨੂੰ ਨਦੀ ਵਿੱਚ ਰੋੜ੍ਹ ਦਿੱਤਾ ਗਿਆ।[229] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਅੱਗ ਬਬੂਲੇ ਹੋਏ ਚੰਦੂ ਨੇ ਗੁਰੂ ਜੀ ਨੂੰ ਤਸੀਹੇ ਦੇ ਕੇ ਸੰਮਤ 1663

---

222 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 116-117.

223 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 76.

224 ਸਰੂਪ ਦਾਸ ਭੱਲਾ, *ਉ. ਰ.,* ਪੰਨਾ 391.

225 ਸਰੂਪ ਦਾਸ ਭੱਲਾ, *ਉਹੀ,* ਪੰਨੇ 392-393.

226 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਛੇਵੀਂ-ਸੱਤਵੀਂ, ਪੰਨੇ 2260-2261, 2305-2306, 2325.

227 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 35; ਮੈਕਾਲਿਫ਼, *ਉ. ਰ.,* ਪੰਨਾ 399; Hari Ram Gupta, *op.cit.,* p.159.

228 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 117.

229 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 85.

ਜੇਠ ਸੁਦੀ 4 ਦਿਨ ਸ਼ੁੱਕਰਵਾਰ ਨੂੰ ਸ਼ਹੀਦ ਕਰਵਾ ਦਿੱਤਾ ਅਤੇ ਰਾਵੀ ਨਦੀ ਦੇ ਕਿਨਾਰੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।[230] ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਜੀ ਨੇ ਜਹਾਂਗੀਰ ਕੋਲ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਪੁੱਤਰ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਸੌਂਪ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਵੱਲੋਂ ਜਹਾਂਗੀਰ ਦੇ ਵੱਡੇ ਪੁੱਤਰ ਖ਼ੁਸਰੋ ਦੀ ਮਦਦ ਕਰਨ ਕਰਕੇ ਚੰਦੂ ਨੇ ਗੁਰੂ ਜੀ ਨੂੰ ਆਪਣੇ ਘਰ ਵਿੱਚ ਕੈਦ ਕਰਕੇ ਉੱਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ, ਫ਼ੇਰ ਤੱਤੀ ਰੇਤ ਉੱਪਰ ਬਿਠਾ ਕੇ, ਗੁਰੂ ਜੀ ਦੇ ਸਰੀਰ ਉੱਪਰ ਵੀ ਤੱਤੀ ਰੇਤ ਪਾਈ ਗਈ। ਗੁਰੂ ਜੀ ਨੇ ਤੱਤੀ ਤਵੀ 'ਤੇ ਬੈਠਣ ਮਗਰੋਂ ਰਾਵੀ ਨਦੀ ਵਿੱਚ ਇਸ਼ਨਾਨ ਕੀਤਾ ਅਤੇ ਸੰਮਤ 1663 ਬਿਕ੍ਰਮੀ ਜੇਠ ਸੁਦੀ 4 ਨੂੰ ਜੋਤੀ ਜੋਤ ਸਮਾ ਗਏ।[231] ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਮਿਤੀ ਤੇਜਾ ਸਿੰਘ ਗੰਡਾ ਸਿੰਘ ਅਤੇ ਹਰੀ ਰਾਮ ਗੁਪਤਾ ਸੰਮਤ 1663 ਬਿਕ੍ਰਮੀ ਮੁਤਾਬਿਕ 30 ਮਈ 1606 ਈ. ਲਿਖਦੇ ਹਨ।[232]

## ਗੁਰੂ ਹਰਿਗੋਬਿੰਦ ਜੀ

ਰਤਨ ਸਿੰਘ ਭੰਗੂ ਦੱਸਦਾ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਉਨ੍ਹਾਂ ਦਾ ਸਪੁੱਤਰ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ ਅਤੇ ਉਨ੍ਹਾਂ ਨੇ ਤਲਵਾਰ ਉਠਾਈ ਤੇ ਪੈਂਦੇ ਖਾਂ ਨੂੰ ਮਾਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਵੀ ਧਾਰਨ ਕੀਤੀਆਂ ਅਤੇ ਮੁਗਲ ਬਾਦਸ਼ਾਹ ਸ਼ਾਹਜਹਾਂ ਨੂੰ ਵੀ ਹਰਾਇਆ। ਮੁਗਲ ਸੈਨਾਪਤੀ ਲੱਲਾ ਬੇਗ ਅਤੇ ਕਮਰ ਬੇਗ ਵੀ ਗੁਰੂ ਹਰਿਗੋਬਿੰਦ ਸਾਹਿਬ ਹੱਥੋਂ ਮਾਰੇ ਗਏ। ਪਰ ਬਾਅਦ ਵਿੱਚ ਛੇਵੇਂ ਗੁਰੂ ਸਾਹਿਬ ਦੀ ਮੁਗਲਾਂ ਨਾਲ ਸੁਲ੍ਹਾ ਹੋ ਗਈ।[233] ਗਿਆਨੀ ਗਿਆਨ ਸਿੰਘ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਸੰਮਤ 1657 ਬਿਕ੍ਰਮੀ ਵਿੱਚ ਹੋਇਆ ਦੱਸਦਾ ਹੈ।[234] ਤੇਜਾ ਸਿੰਘ ਗੰਡਾ ਸਿੰਘ ਵੀ ਛੇਵੇਂ ਗੁਰੂ ਸਾਹਿਬਾਨ ਦੇ ਜਨਮ ਮਿਤੀ ਸੰਮਤ 1652 ਬਿਕ੍ਰਮੀ ਹਾੜ੍ਹ 21 (1596 ਈ.) ਵਿੱਚ ਵਡਾਲੀ ਵਿਖੇ ਹੋਇਆ ਮੰਨਦੇ ਹਨ।[235] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ ਅਤੇ ਉਨ੍ਹਾਂ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨੀਆਂ ਅਤੇ ਅੰਮ੍ਰਿਤਸਰ ਵਿਖੇ

---

[230] ਸਰੂਪ ਦਾਸ ਭੱਲਾ, *ਉ. ਰ.,* ਪੰਨੇ 394-395.

[231] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਸੱਤਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 2347-48, 2343, 2364-2365, 2371, 2368-69, 2375-77, 2395.

[232] Hari Ram Gupta, *op.cit.,* p.152; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 35.

[233] ਰਤਨ ਸਿੰਘ ਭੰਗੂ, *ਉ. ਰ.,* ਪੰਨਾ 23.

[234] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 113.

[235] ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 35.

ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਕਰਵਾਇਆ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੈਨਾ ਰੱਖਣੀ ਵੀ ਸ਼ੁਰੂ ਕਰ ਦਿੱਤੀ।[236] ਪਰ ਕੇਸਰ ਸਿੰਘ ਛਿੱਬਰ ਕਿਤੇ ਵੀ ਮੀਰੀ-ਪੀਰੀ ਦੀਆਂ ਤਲਵਾਰਾਂ ਤੇ ਅਕਾਲ ਤਖ਼ਤ ਦੇ ਨਿਰਮਾਣ ਦਾ ਜ਼ਿਕਰ ਨਹੀਂ ਕਰਦਾ। ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਛੇਵੇਂ ਗੁਰੂ ਸਾਹਿਬ ਵੱਲੋਂ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਨ ਦਾ ਜ਼ਿਕਰ ਕਰਦੇ ਹਨ।[237] ਸੰਤੋਖ ਸਿੰਘ ਵੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸੈਨਾ ਰੱਖਣ ਦੀ ਪੁਸ਼ਟੀ ਤਾਂ ਕਰਦਾ ਹੈ, ਪਰ ਅਕਾਲ ਤਖ਼ਤ ਦੇ ਨਿਰਮਾਣ ਦੀ ਥਾਂ ਛੇਵੇਂ ਗੁਰੂ ਜੀ ਦੇ ਅਕਾਲ ਤਖ਼ਤ ਦੇ ਨੇੜੇ ਬਿਰਾਜਮਾਨ ਹੋਣ ਦੀ ਗੱਲ ਕਰਦਾ ਹੈ।[238] ਗੁਰਬਿਲਾਸ ਪਾਤਸ਼ਾਹੀ ਛੇਵੀਂ ਵੀ ਛੇਵੇਂ ਪਾਤਿਸ਼ਾਹ ਵੱਲੋਂ ਸ਼ਾਸਤਰ ਧਾਰਨ ਕਰਨ ਦਾ ਜ਼ਿਕਰ ਅਤੇ ਸੰਤ ਵਿਰੋਧੀਆਂ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ।[239] ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਤੇਜਾ ਸਿੰਘ ਗੰਡਾ ਸਿੰਘ ਵੀ ਸੰਨ 1609 ਈ. ਵਿੱਚ ਛੇਵੇਂ ਗੁਰੂ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੇ ਜਾਣ ਦਾ ਜ਼ਿਕਰ ਕਰਦੇ ਹਨ।[240]

ਗਿਆਨੀ ਗਿਆਨ ਸਿੰਘ ਕਾਜ਼ੀ ਰੁਸਤਮ ਖਾਂ ਦੀ ਧੀ ਕੌਲਾਂ, ਜੋ ਸਾਈਂ ਮੀਆਂ ਮੀਰ ਜੀ ਦੀ ਚੇਲੀ ਸੀ, ਦੇ ਛੇਵੇਂ ਗੁਰੂ ਸਾਹਿਬ ਦੀ ਮੁਰੀਦ ਬਣਕੇ ਆਪਣਾ ਘਰ-ਬਾਰ ਤਿਆਗ ਕੇ ਗੁਰੂ ਜੀ ਕੋਲ ਅੰਮ੍ਰਿਤਸਰ ਆਉਣ ਦਾ ਜ਼ਿਕਰ ਕਰਦਾ ਹੈ। ਇੱਕ ਦਿਨ ਕੌਲਾਂ ਗੁਰੂ ਸਾਹਿਬ ਦੇ ਮਹਿਲਾਂ ਨੂੰ ਮਿਲਣ ਗਈ। ਜਦੋਂ ਕੌਲਾਂ ਨੇ ਗੁਰੂ ਜੀ ਦੇ ਪੁੱਤਰਾਂ ਨੂੰ ਖੇਡਦੇ ਦੇਖਿਆ ਤਾਂ ਉਸ ਦੇ ਅੰਦਰ ਵੀ ਪੁੱਤਰ ਮੋਹ ਜਾਗ ਪਿਆ। ਪਰ ਗੁਰੂ ਜੀ ਨੇ ਉਸ ਨੂੰ ਪੁੱਤਰ ਮੋਹ ਤਿਆਗ ਕੇ ਜਤਿ-ਸਤਿ ‘ਤੇ ਕਾਇਮ ਰਹਿਣ ਦੀ ਸਿੱਖਿਆ ਦਿੱਤੀ। ਗੁਰੂ ਜੀ ਨੇ ਉਸ ਦੇ ਨਾਂ ‘ਤੇ ਕੌਲਸਰ ਸਰੋਵਰ ਬਣਾ ਕੇ ਵਰ ਦਿੱਤਾ ਕਿ ਜੋ ਇੱਥੇ ਇਸ਼ਨਾਨ ਕਰਕੇ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰੇਗਾ, ਉਸ ਨੂੰ ਚਾਰੇ ਫ਼ਲ ਨਸੀਬ ਹੋਣਗੇ। ਇਸ ਤਰ੍ਹਾਂ ਗੁਰੂ ਜੀ ਨੇ ਕੌਲਾਂ ਅਤੇ ਉਸ ਦੀ ਭਗਤੀ ਨੂੰ ਸਦਾ ਲਈ ਅਮਰ ਕਰ ਦਿੱਤਾ।[241] ਕੇਸਰ ਸਿੰਘ ਛਿੱਬਰ ਛੇਵੇਂ ਗੁਰੂ ਸਾਹਿਬ ਦੇ ਤਿੰਨ ਵਿਆਹ ਮਾਤਾ ਦਮੋਦਰੀ, ਮਾਤਾ ਨਾਨਕੀ, ਮਾਤਾ ਮਹਾਂਦੇਵੀ ਨਾਲ ਹੋਏ ਦੱਸਦਾ ਹੈ ਅਤੇ ਉਨ੍ਹਾਂ ਦੀ ਸੰਤਾਨ ਬਾਰੇ ਦੱਸਦਾ ਵਿਸਥਾਰ ਨਾਲ ਲਿਖਦਾ ਹੈ।[242] ਸਰੂਪ ਦਾਸ ਭੱਲਾ ਗੁਰੂ

---

236 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 118-121.

237 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼-ਭਾਗ ਦੂਜਾ, ਖੰਡ ਦੂਜਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਤੀਜਾ 1999, ਪੰਨਾ 397; ਭਾਈ ਸੰਤੋਖ ਸਿੰਘ, *ਉ. ਰ., ਜਿ. ਸੱ.,* ਪੰਨਾ, 2408

238 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਸੱਤਵੀਂ,* ਪੰਨੇ 2412-2413, 2424.

239 ਭਗਤ ਸਿੰਘ (ਸੰਪਾ.), *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ 1997, ਪੰਨੇ 248-249.

240 ਭਗਤ ਸਿੰਘ (ਸੰਪਾ.), *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਪੰਨਾ 251; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 38.

241 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 134-136.

242 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 96.

ਹਰਿਗੋਬਿੰਦ ਸਾਹਿਬ ਦਾ ਵਿਆਹ ਮਾਤਾ ਨਾਨਕੀ ਨਾਲ ਡੱਲੇ ਵਿੱਚ ਹੋਇਆ ਲਿਖਦਾ ਹੈ।[243] ਸੰਤੋਖ ਸਿੰਘ ਵੀ ਕੇਸਰ ਸਿੰਘ ਛਿੱਬਰ ਵਾਂਗ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਅਤੇ ਸੰਤਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ ਅਤੇ ਮਾਤਾ ਕੌਲਾਂ ਦਾ ਸੰਬੰਧ ਵੀ ਗੁਰੂ ਜੀ ਨਾਲ ਜੋੜਦਾ ਹੈ।[244] ਸਰੂਪ ਦਾਸ ਭੱਲਾ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਪੁੱਤਰ; ਬਾਬਾ ਗੁਰਦਿੱਤਾ, ਤੇਗ ਬਹਾਦਰ, ਅਣੀ ਰਾਇ, ਅਟਲ ਰਾਇ ਅਤੇ ਸੂਰਤ ਸਿੰਘ (ਸੂਰਜ ਮੱਲ) ਲਿਖਦਾ ਹੈ।[245] ਸੰਤੋਖ ਸਿੰਘ ਵੀ ਛੇਵੇਂ ਗੁਰੂ ਜੀ ਦੇ ਉਪਰੋਕਤ ਪੁੱਤਰ ਹੋਣ ਦੀ ਪੁਸ਼ਟੀ ਕਰਨ ਤੋਂ ਇਲਾਵਾ ਮਾਤਾ ਦਮੋਦਰੀ ਜੀ ਦੀ ਕੁੱਖੋਂ ਲੜਕੀ ਵੀਰੋ ਦਾ ਜਨਮ ਹੋਇਆ ਵੀ ਦੱਸਦਾ ਹੈ।[246] ਉਹ ਇਹ ਵੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਕਾਜ਼ੀ ਦੀ ਪੁੱਤਰੀ ਕੌਲਾਂ ਦੇ ਨਾਂ 'ਤੇ ਕੌਲਸਰ ਨਾਂ ਦਾ ਸਰੋਵਰ ਖ਼ੁਦਵਾਇਆ।[247]

ਗਿਆਨੀ ਗਿਆਨ ਸਿੰਘ ਜਹਾਂਗੀਰ ਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕਰਨ ਅਤੇ ਚੰਦੂ ਵੱਲੋਂ ਜ਼ਹਿਰ ਦੇ ਕੇ ਗੁਰੂ ਜੀ ਨੂੰ ਮਰਵਾਉਣ ਦੀ ਕੀਤੀ ਗਈ ਕੋਸ਼ਿਸ਼ ਬਾਰੇ ਵੀ ਲਿਖਦਾ ਹੈ।[248] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸਾਈਂ ਮੀਆਂ ਮੀਰ ਦੇ ਸਮਝਾਉਣ 'ਤੇ ਗੁਰੂ ਜੀ ਨੂੰ ਜਹਾਂਗੀਰ ਨੇ ਰਿਹਾਅ ਕਰ ਦਿੱਤਾ, ਪਰ ਉਨ੍ਹਾਂ ਨੇ ਆਪਣੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾਇਆ। ਗੁਰੂ ਸਾਹਿਬ ਨੇ ਗਵਾਲੀਅਰ ਤੋਂ ਦਿੱਲੀ ਪਹੁੰਚ ਕੇ ਚੰਦੂ ਦੁਆਰਾ ਗੁਰੂ ਅਰਜਨ ਦੇਵ ਜੀ ਉੱਤੇ ਕੀਤੇ ਜ਼ੁਲਮ ਅਤੇ ਉਨ੍ਹਾਂ ਨੂੰ (ਛੇਵੇਂ ਗੁਰੂ) ਜ਼ਹਿਰ ਦੇ ਕੇ ਮਾਰਨ ਸੰਬੰਧੀ ਚੰਦੂ ਵੱਲੋਂ ਲਿਖੀ ਚਿੱਠੀ ਜਹਾਂਗੀਰ ਨੂੰ ਵਿਖਾਈ। ਇਸ ਤਰ੍ਹਾਂ ਬਾਦਸ਼ਾਹ ਜਹਾਂਗੀਰ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਹਵਾਲੇ ਕਰਕੇ ਉਸ ਦਾ ਘਰ-ਬਾਰ, ਧਨ-ਦੌਲਤ ਜ਼ਬਤ ਕਰ ਲਿਆ।[249] ਕੇਸਰ ਸਿੰਘ ਛਿੱਬਰ ਜਹਾਂਗੀਰ ਦੀ ਥਾਂ 'ਤੇ ਬਾਦਸ਼ਾਹ ਸ਼ਾਹਜਹਾਂ ਦੁਆਰਾ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰਨ ਅਤੇ ਇਕੱਲਿਆਂ ਹੀ ਰਿਹਾਅ ਕਰਨ ਦੀ ਗੱਲ ਕਰਦਾ ਹੈ ਤੇ ਨਾਲ ਹੀ ਸ਼ਾਹਜਹਾਂ ਵੱਲੋਂ ਸੂਬਾ ਲਾਹੌਰ ਨੂੰ ਦਿੱਤੇ ਹੁਕਮ ਅਨੁਸਾਰ ਚੰਦੂ ਦੇ ਗਲ ਰੱਸਾ ਪਾ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਹਵਾਲੇ ਕਰਨ ਦਾ ਜ਼ਿਕਰ ਵੀ ਕਰਦਾ ਹੈ।[250] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਜਦੋਂ ਹਰਿਗੋਬਿੰਦ ਸਾਹਿਬ ਨੂੰ

---

243 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼, ਭਾਗ ਦੂਜਾ-ਖੰਡ ਪਹਿਲਾ,* ਪੰਨਾ 379.

244 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਸੱਤਵੀਂ,* ਪੰਨੇ 2251, 2612, 2580-2587, 2618, 2719-2721.

245 ਸਰੂਪ ਦਾਸ ਭੱਲਾ, *ਉ. ਰ., ਖੰਡ ਦੂਜਾ,* ਪੰਨਾ 417.

246 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 2655, 2726-2728.

247 *ਭਾਈ ਸੰਤੋਖ ਸਿੰਘ, ਉਹੀ,* ਪੰਨਾ 2741.

248 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 125-126.

249 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 127-130.

250 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 91-95.

ਪਤਾ ਲੱਗਿਆ ਕਿ ਪੰਜਵੇਂ ਪਾਤਿਸ਼ਾਹ ਸ਼ਹੀਦ ਹੋ ਗਏ ਹਨ ਤਾਂ ਉਨ੍ਹਾਂ ਦੀ ਮੌਤ ਦਾ ਬਦਲਾ ਲੈਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਪਹੁੰਚ ਕੇ ਬਾਦਸ਼ਾਹ ਦੀ ਇਸ ਘਟੀਆ ਕੰਮ ਲਈ ਨਿੰਦਿਆ ਕੀਤੀ। ਜਹਾਂਗੀਰ ਨੇ ਛੇਵੇਂ ਗੁਰੂ ਸਾਹਿਬ ਦੀ ਮੰਗ 'ਤੇ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ। ਚੰਦੂ ਅਤੇ ਉਸ ਦੇ ਪਰਿਵਾਰ ਨੂੰ ਕੋਹਲੂ ਵਿੱਚ ਪੀੜ ਦਿੱਤਾ ਗਿਆ। ਉਹ ਵੀ ਗੁਰੂ ਜੀ ਨੂੰ ਜਹਾਂਗੀਰ ਦੁਆਰਾ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰਨ ਦੀ ਪੁਸ਼ਟੀ ਕਰਦਾ ਹੈ। ਸਰੂਪ ਦਾਸ ਭੱਲਾ ਵੀ ਗੁਰੂ ਜੀ ਦੁਆਰਾ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾਉਣ ਦੀ ਗੱਲ ਕਰਦਾ ਹੈ ਤੇ ਰਾਜਿਆਂ ਦੀ ਗਿਣਤੀ 52 ਦੀ ਥਾਂ ਤੇ 103 ਦੱਸਦਾ ਹੈ।[251] ਸੰਤੋਖ ਸਿੰਘ ਗੁਰੂ ਜੀ ਨੂੰ ਕੈਦ ਕਰਨ ਦੀ ਥਾਂ ਬਾਦਸ਼ਾਹ ਜਹਾਂਗੀਰ ਦੀ ਸਿਹਤ ਲਈ ਭਜਨ-ਪਾਠ ਕਰਨ ਲਈ ਗਵਾਲੀਅਰ ਦੇ ਕਿਲ੍ਹੇ 'ਚ ਜਾਣ ਦੀ ਗੱਲ ਕਰਦਾ ਹੈ। ਸੰਤੋਖ ਸਿੰਘ ਵੀ ਚੰਦੂ ਵੱਲੋਂ ਗਵਾਲੀਅਰ ਦੇ ਕਿਲ੍ਹੇ ਦੇ ਜਮਾਂਦਾਰ ਨੂੰ ਗੁਰੂ ਜੀ ਨੂੰ ਖ਼ਤਮ ਕਰਨ ਲਈ ਲਿਖੀ ਚਿੱਠੀ ਦਾ ਜ਼ਿਕਰ ਕਰਦਾ ਹੈ। ਉਹ ਵੀ ਛੇਵੇਂ ਪਾਤਿਸ਼ਾਹ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ 52 ਰਾਜਿਆਂ ਨੂੰ ਰਿਹਾਅ ਕਰਵਾਉਣ ਦੀ ਪੁਸ਼ਟੀ ਕਰਦਾ ਹੈ। ਸੰਤੋਖ ਸਿੰਘ ਲਿਖਦਾ ਹੈ ਕਿ ਪੰਜਵੇਂ ਗੁਰੂ ਦੀ ਮੌਤ ਦਾ ਬਦਲਾ ਲੈਣ ਲਈ ਚੰਦੂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਹਵਾਲੇ ਕਰ ਦਿੱਤਾ ਅਤੇ ਭਾਈ ਬਿਧੀ ਚੰਦ ਅਤੇ ਭਾਈ ਜੇਠੇ ਨੇ ਚੰਦੂ ਦੀਆਂ ਬਾਹਾਂ ਬੰਨ੍ਹ ਕੇ ਉਸ ਨੂੰ ਕਿਲ੍ਹੇ 'ਚੋਂ ਬਾਹਰ ਲਿਆਂਦਾ ਅਤੇ ਉਸ ਦੇ ਸਿਰ ਵਿੱਚ ਜੁੱਤੀਆਂ ਮਾਰੀਆਂ। ਜਦੋਂ ਗੁਰੂ ਹਰਿਗੋਬਿੰਦ ਜੀ ਦਿੱਲੀ ਤੋਂ ਅੰਮ੍ਰਿਤਸਰ ਲਈ ਚੱਲੇ ਤਾਂ ਚੰਦੂ ਦੇ ਗਲ ਸੰਗਲ ਪਾ ਕੇ ਉਸ ਨੂੰ ਵੀ ਨਾਲ ਤੋਰ ਲਿਆ ਅਤੇ ਭਠਿਆਰੇ ਵੱਲੋਂ ਤਪਦਾ ਕੜਛਾ ਮਾਰਨ ਨਾਲ ਚੰਦੂ ਜ਼ਖ਼ਮੀ ਹੋ ਗਿਆ ਅਤੇ ਰੋਂਦਾ-ਵਿਲਕਦਾ ਹੋਇਆ ਪ੍ਰਾਣ ਛੱਡ ਗਿਆ।[252] ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਵੀ ਦਿੱਲੀ ਵਿੱਚ ਛੇਵੇਂ ਗੁਰੂ ਜੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਗਈ ਹੈ। ਮੁਹਸਿਨ ਫ਼ਾਨੀ ਵੀ ਛੇਵੇਂ ਗੁਰੂ ਨੂੰ ਗ੍ਰਿਫ਼ਤਾਰ ਕਰਕੇ 12 ਸਾਲ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਰੱਖਣ ਦੀ ਗੱਲ ਕਰਦਾ ਹੈ। ਤੇਜਾ ਸਿੰਘ ਗੰਡਾ ਸਿੰਘ ਵੀ ਲਿਖਦੇ ਹਨ ਕਿ ਛੇਵੇਂ ਪਾਤਿਸ਼ਾਹ ਦੀਆਂ ਰਾਜਸੀ ਅਤੇ ਸੈਨਿਕ ਕਾਰਵਾਈਆਂ ਤੋਂ ਘਬਰਾ ਕੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਆਪਣੇ ਕੋਲ ਬੁਲਾ ਲਿਆ।[253] ਮੁਹਸਿਨ ਫ਼ਾਨੀ ਵੀ ਪੁਸ਼ਟੀ ਕਰਦਾ ਹੈ ਕਿ ਕੈਦ ਦੌਰਾਨ ਛੇਵੇਂ ਪਾਤਿਸ਼ਾਹ ਨੂੰ ਨਮਕੀਨ ਭੋਜਨ ਤੱਕ ਨਾ ਦਿੱਤਾ ਗਿਆ। ਗੁਰੂ ਜੀ ਦੇ ਮਸੰਦ ਅਤੇ ਸਿੱਖ

---

[251] ਸਰੂਪ ਦਾਸ ਭੱਲਾ, *ਉ. ਰ.,* ਪੰਨੇ 400-401, 405-407, 410-411.

[252] ਭਾਈ ਸੰਤੋਖ ਸਿੰਘ, *ਉ. ਰ.,* ਪੰਨੇ, 2475, 2477-2478, 2504-2505, 2523-2526, 2536, 2555-2556.

[253] ਭਗਤ ਸਿੰਘ (ਸੰਪਾ.), *ਉ. ਰ.*, ਪੰਨੇ 266-276; ਗੰਡਾ ਸਿੰਘ (ਸੰਪਾ.), "ਕੁਝ ਕੁ ਪੁਰਾਤਨ ਇਤਿਹਾਸਕ ਪਤੇ" ਵਿੱਚੋਂ ਲੇਖ *ਦਾਬਿਸਤਾਨਿ ਮਜ਼ਾਹਿਬ ਕ੍ਰਿਤ ਮੁਹਸਿਨ ਫ਼ਾਨੀ,* ਨਾਨਕ ਪੰਥੀ, ਫੁਲਵਾੜੀ, ਲਾਹੌਰ, 1931, ਪੰਨਾ 10; ਤੇਜਾ ਸਿੰਘ ਗੰਡਾ ਸਿੰਘ, *ਉਹੀ,* ਪੰਨਾ 39.

ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਕੇ ਵਾਪਸ ਮੁੜ ਆਉਂਦੇ। ਅੰਤ ਬਾਦਸ਼ਾਹ ਨੇ ਮਿਹਰਬਾਨੀ ਕਰਕੇ ਗੁਰੂ ਸਾਹਿਬ ਨੂੰ ਰਿਹਾਅ ਕਰ ਦਿੱਤਾ।[254]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਜਹਾਂਗੀਰ ਨਾਲ ਕਸ਼ਮੀਰ ਅਤੇ ਕਾਬਲ ਦੀ ਯਾਤਰਾ ਵੀ ਕੀਤੀ।[255] ਕੇਸਰ ਸਿੰਘ ਛਿੱਬਰ ਗਿਆਨੀ ਗਿਆਨ ਸਿੰਘ ਦੇ ਉਲਟ ਗੁਰੂ ਹਰਿਗੋਬਿੰਦ ਜੀ ਦੇ ਇਕੱਲਿਆਂ ਹੀ ਕਸ਼ਮੀਰ ਜਾਣ ਦਾ ਜ਼ਿਕਰ ਕਰਦਾ ਹੈ।[256] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਹਰਿਗੋਬਿੰਦ ਜੀ ਦੇ ਕਸ਼ਮੀਰ ਜਾਣ ਦੀ ਪੁਸ਼ਟੀ ਕਰਦੇ ਹਨ।[257]

ਗਿਆਨੀ ਗਿਆਨ ਸਿੰਘ ਮੁਗਲ ਬਾਦਸ਼ਾਹ ਸ਼ਾਹਜਹਾਂ ਦੇ ਬਾਜ਼ ਨੂੰ ਫੜੇ ਜਾਣ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੁਗਲ ਬਾਦਸ਼ਾਹ ਸ਼ਾਹਜਹਾਂ ਦੀਆਂ ਫ਼ੌਜਾਂ ਨੂੰ ਪਿੱਪਲੀ ਦੀ ਲੜਾਈ, ਫ਼ੇਰ ਮੁਖ਼ਲਿਸ ਖਾਂ ਅਧੀਨ ਮੁਗਲਾਂ ਤੇ ਸਿੱਖਾਂ ਵਿਚਕਾਰ ਹੋਈ ਲੋਹਗੜ੍ਹ ਦੀ ਭਿਆਨਕ ਲੜਾਈ ਤੇ ਅੰਤ ਰਾਮਸਰ ਦੀ ਲੜਾਈ ਵਿੱਚ ਮੁਖ਼ਲਿਸ਼ ਖਾਂ ਦੇ ਮਾਰੇ ਜਾਣ 'ਤੇ ਮੁਗਲਾਂ ਦੀ ਹਾਰ ਦੀ ਗੱਲ ਕਰਦਾ ਹੈ। ਉਹ ਰੁਹੀਲੇ ਦੀ ਲੜਾਈ ਵਿੱਚ ਇੱਕ ਵਾਰੀ ਫ਼ੇਰ ਜਲੰਧਰ ਦੇ ਸੂਬੇਦਾਰ ਅਬਦੁੱਲ ਖਾਂ ਅਧੀਨ ਮੁਗਲ ਸੈਨਾਂ ਨੂੰ ਹਰਾਉਣ ਬਾਰੇ ਵੀ ਦੱਸਦਾ ਹੈ।[258] ਸੰਤੋਖ ਸਿੰਘ ਵੀ ਸ਼ਾਹਜਹਾਂ ਦੇ ਬਾਜ਼ ਨੂੰ ਫ਼ੜੇ ਜਾਣ ਕਰਕੇ ਮੁਗਲਾਂ ਤੇ ਸਿੱਖਾਂ ਵਿਚਕਾਰ ਹੋਈ ਲੋਹਗੜ੍ਹ, ਰਾਮਸਰ ਅਤੇ ਰੁਹੀਲੇ ਦੀ ਲੜਾਈ ਦਾ ਹਾਲ ਵਿਸਥਾਰਪੂਰਵਕ ਦੱਸਦਾ ਹੋਇਆ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[259] ਗਿਆਨੀ ਗਿਆਨ ਸਿੰਘ ਰੁਹੀਲੇ ਦੀ ਲੜਾਈ ਜਿੱਤਣ ਤੋਂ ਬਾਅਦ ਗੁਰੂ ਜੀ ਵੱਲੋਂ ਹਰਿਗੋਬਿੰਦਪੁਰ ਨਗਰ ਵਸਾਉਣ ਬਾਰੇ ਵੀ ਲਿਖਦਾ ਹੈ।[260] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਜੀ ਦੁਆਰਾ ਹਰਿਗੋਬਿੰਦਪੁਰ ਨਗਰ ਵਸਾਉਣ ਦੀ ਪੁਸ਼ਟੀ ਕਰਦੇ ਹਨ।[261] ਕੇਸਰ ਸਿੰਘ ਛਿੱਬਰ ਛੇਵੇਂ ਗੁਰੂ ਸਾਹਿਬ

---

[254] ਗੰਡਾ ਸਿੰਘ (ਸੰਪਾ.), "ਕੁਝ ਕੁ ਪੁਰਾਤਨ ਇਤਿਹਾਸਕ ਪਤੇ" ਵਿੱਚੋਂ ਲੇਖ *ਦਾਬਿਸਤਾਨਿ ਮਜ਼ਾਹਿਬ ਕ੍ਰਿਤ ਮੁਹਸਿਨ ਫ਼ਾਨੀ,* ਪੰਨਾ 10.

[255] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 132-133.

[256] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 95.

[257] ਸਰੂਪ ਦਾਸ ਭੱਲਾ, *ਉ. ਰ.,* ਪੰਨੇ 425-426; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 2700, 2704.

[258] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 137-140.

[259] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਅੱਠਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 2810-2811, 2817, 2820-2855, 2923-2971.

[260] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 140.

[261] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 91; ਸਰੂਪ ਦਾਸ ਭੱਲਾ, *ਉ. ਰ.,* ਪੰਨਾ 402; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਅੱਠਵੀਂ,* ਪੰਨਾ 2987.

ਦੁਆਰਾ ਕਰਤਾਰਪੁਰ ਨਗਰ ਵਸਾਉਣ ਦਾ ਜ਼ਿਕਰ ਕਰਦਾ ਹੈ।[262] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਦੇ ਸਿੱਖਾਂ ਨੇ ਅੰਮ੍ਰਿਤਸਰ ਦੀ ਲੜਾਈ ਵਿੱਚ ਜਹਾਂਗੀਰ ਦੀ ਸੈਨਾ ਨੂੰ ਹਰਾਇਆ।[263]

ਗਿਆਨੀ ਗਿਆਨ ਸਿੰਘ ਮੁਤਾਬਿਕ ਭਾਈ ਬਿਧੀ ਚੰਦ ਦੁਆਰਾ ਅਫ਼ਗਾਨ ਸੌਦਾਗਰ ਤੋਂ ਮੁਗਲਾਂ ਵੱਲੋਂ ਖੋਹੇ ਘੋੜੇ ਲਾਹੌਰ ਦੇ ਕਿਲ੍ਹੇ ਵਿੱਚੋਂ ਭਜਾ ਲਿਆਉਣ ਕਾਰਣ ਨਥਾਣੇ ਨੇੜੇ ਹੋਈ ਮਹਿਰਾਜ ਦੀ ਲੜਾਈ ਵਿੱਚ ਸਿੱਖਾਂ ਨੇ ਲੱਲਾ ਬੇਗ ਤੇ ਕਰਮ ਖਾਂ ਦੀ ਮੁਗਲ ਸੈਨਾ ਨੂੰ ਹਰਾਇਆ। ਉਹ ਕਰਤਾਰਪੁਰ ਦੀ ਲੜਾਈ ਵਿੱਚ ਮੁਗਲਾਂ ਵੱਲੋਂ ਲੜ ਰਹੇ ਪੈਂਦੇ ਖਾਂ, ਉਸ ਦੇ ਜਵਾਈ ਉਸਮਾਨ ਖਾਂ, ਜਲੰਧਰ ਦੇ ਸੂਬੇਦਾਰ ਕਾਲੇ ਖਾਂ ਦੇ ਪੁੱਤਰ ਦੇ ਮਾਰੇ ਜਾਣ ਦਾ ਜ਼ਿਕਰ ਕਰਦਾ ਹੋਇਆ ਮੁਗਲਾਂ ਦੀ ਕਰਾਰੀ ਹਾਰ ਹੋਈ ਦੱਸਦਾ ਹੈ। ਉਹ ਕਰਤਾਰਪੁਰ ਦੀ ਲੜਾਈ ਪੈਂਦੇ ਖਾਂ ਦੇ ਜਵਾਈ ਉਸਮਾਨ ਖਾਂ ਵੱਲੋਂ ਬਾਬਾ ਗੁਰਦਿੱਤਾ ਜੀ ਦਾ ਬਾਜ਼ ਫ਼ੜ ਲੈਣ ਕਾਰਣ ਹੋਈ ਦੱਸਦਾ ਹੈ। ਉਹ ਫਗਵਾੜੇ ਦੀ ਲੜਾਈ ਵਿੱਚ ਵੀ ਮੁਗਲ ਫ਼ੌਜਾਂ ਨੂੰ ਹਰਾਉਣ ਦੀ ਪੁਸ਼ਟੀ ਕਰਦਾ ਹੈ।[264] ਕੇਸਰ ਸਿੰਘ ਛਿੱਬਰ ਮੁਗਲਾਂ ਨਾਲ ਗੁਰੂ ਜੀ ਦੀਆਂ ਲੜਾਈਆਂ ਅਤੇ ਪੈਂਦੇ ਖਾਂ ਦੇ ਮਾਰੇ ਜਾਣ ਦਾ ਜ਼ਿਕਰ ਤਾਂ ਕਰਦਾ ਹੈ। ਪਰ ਕਿਸੇ ਜਗ੍ਹਾ ਅਸਥਾਨ ਦਾ ਨਾ ਨਹੀਂ ਦੇ ਰਿਹਾ।[265] ਸਰੂਪ ਦਾਸ ਭੱਲਾ ਵੀ ਗੁਰੂ ਹਰਿਗੋਬਿੰਦ ਜੀ ਵੱਲੋਂ ਜਹਾਂਗੀਰ ਦੀ ਫ਼ੌਜ ਨੂੰ ਕਰਤਾਰਪੁਰ ਦੀ ਲੜਾਈ ਵਿੱਚ ਹਰਾਉਣ ਦੀ ਗੱਲ ਕਰਦਾ ਹੈ।[266] ਉਹ ਗੁਰੂ ਜੀ ਦੇ ਪਠਾਣ ਸੈਨਾਪਤੀ ਪੈਂਦੇ ਖਾਂ ਦੁਆਰਾ ਜਹਾਂਗੀਰ ਦੀ ਫ਼ੌਜ ਵਿੱਚ ਸ਼ਾਮਿਲ ਹੋਣ, ਗੁਰੂ ਜੀ ਨਾਲ ਲੜਾਈ ਕਰਨ ਅਤੇ ਉਨ੍ਹਾਂ ਹੱਥੋਂ ਸ਼ਹੀਦੀ ਪ੍ਰਾਪਤ ਕਰਨ ਦਾ ਜ਼ਿਕਰ ਵੀ ਕਰਦਾ ਹੈ।[267] ਸੰਤੋਖ ਸਿੰਘ ਗੁਰੂ ਜੀ ਦੀਆਂ ਫ਼ੌਜਾਂ ਦੁਆਰਾ ਨਥਾਣੇ ਦੀ ਲੜਾਈ ਵਿੱਚ ਕਾਬਲ ਬੇਗ, ਕੰਵਰ ਬੇਗ, ਕਾਸਮ ਬੇਗ, ਸ਼ਮਸ਼ ਬੇਗ ਅਤੇ ਮੁਗਲ ਸੈਨਾਪਤੀ ਲੱਲਾ ਬੇਗ ਸਮੇਤ 35 ਹਜ਼ਾਰ ਦੇ ਕਰੀਬ ਮੁਗਲ ਸੈਨਾ ਮਾਰੀ ਜਾਣ, ਭਾਈ ਜੇਠੇ ਸਮੇਤ 1200 ਸੌ ਸਿੱਖ ਸ਼ਹੀਦ ਹੋਣ ਅਤੇ ਸਿੱਖਾਂ ਦੀ ਜਿੱਤ ਹੋਣ ਦੀ ਹਾਮੀ ਭਰਦਾ ਹੈ।[268] ਸੰਤੋਖ ਸਿੰਘ ਲਿਖਦਾ ਹੈ ਕਿ ਸਿੱਖਾਂ ਤੇ ਮੁਗਲਾਂ ਵਿਚਕਾਰ ਕਰਤਾਰਪੁਰ ਵਿੱਚ ਭਾਰੀ ਜੰਗ ਹੋਈ। ਇਸ ਲੜਾਈ ਵਿੱਚ ਪੈਂਦੇ ਖਾਂ, ਮੁਗਲ ਸੂਬੇਦਾਰ ਕਾਲੇ ਖਾਂ, ਕੁਤਬ ਖਾਂ ਅਤੇ ਅਨਵਰ ਖਾਂ ਛੇਵੇਂ ਗੁਰੂ ਸਾਹਿਬ ਦੇ ਹੱਥੋਂ ਮਾਰੇ ਗਏ। ਪੈਂਦੇ ਖਾਂ ਦਾ ਜਵਾਈ ਉਸਮਾਨ ਖਾਂ ਬਾਬੇ ਗੁਰਦਿੱਤੇ ਦੇ ਹੱਥੋਂ ਮਾਰਿਆ ਗਿਆ। ਸਿੱਖਾਂ ਵੱਲੋਂ ਬਿਧੀ ਚੰਦ, ਅਮੀਆ,

---

262 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 95.

263 ਸਰੂਪ ਦਾਸ ਭੱਲਾ, *ਉ. ਰ.,* ਪੰਨੇ 440-441.

264 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 142-147.

265 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 98-101.

266 ਸਰੂਪ ਦਾਸ ਭੱਲਾ, *ਉ. ਰ.,* ਪੰਨੇ 441-446.

267 ਸਰੂਪ ਦਾਸ ਭੱਲਾ, *ਉਹੀ,* ਪੰਨੇ 448-451.

268 ਭਾਈ ਸੰਤੋਖ ਸਿੰਘ, *ਉ. ਰ., ਜਿ. ਅੱ.,* ਪੰਨੇ 3230-3272.

ਮੇਹਰਾ, ਜਾਤੀ ਮਲਿਕ, ਭਾਈ ਲੱਖੂ ਅਤੇ ਗੁਰੂ ਜੀ ਦੇ ਪੁੱਤਰ ਗੁਰਦਿੱਤਾ, ਸੂਰਜ ਮੱਲ ਤੇ ਤੇਗ ਬਹਾਦਰ ਬੜੀ ਬਹਾਦਰੀ ਨਾਲ ਲੜੇ। ਭਾਈ ਲੱਖੂ, ਮੇਹਰਾ ਅਤੇ ਅਮੀਆ ਸ਼ਹੀਦੀ ਪ੍ਰਾਪਤ ਕਰ ਗਏ।[269] ਛੇਵੇਂ ਪਾਤਿਸ਼ਾਹ ਵੱਲੋਂ ਲੜੀਆਂ ਗਈਆਂ ਜੰਗਾਂ ਬਾਰੇ ਭਗਤ ਸਿੰਘ, ਮੈਕਾਲਿਫ਼, ਤੇਜਾ ਸਿੰਘ ਗੰਡਾ ਸਿੰਘ ਵੀ ਇੱਕੋ ਹੀ ਰਾਇ ਰੱਖਦੇ ਹਨ।[270] ਹਰਿਗੋਬਿੰਦਪੁਰ ਦੀ ਜੰਗ ਬਾਰੇ ਵੀ ਮੈਕਾਲਿਫ਼, ਭਗਤ ਸਿੰਘ ਅਤੇ ਤੇਜਾ ਸਿੰਘ ਗੰਡਾ ਸਿੰਘ ਦੀ ਇੱਕੋ ਰਾਏ ਹੈ।[271] ਲਹਿਰਾ, ਮਹਿਰਾਜ ਦੀ ਜੰਗ ਬਾਰੇ ਵੀ ਭਗਤ ਸਿੰਘ, ਮੈਕਾਲਿਫ਼, ਤੇਜਾ ਸਿੰਘ, ਗੰਡਾ ਸਿੰਘ ਸਹਿਮਤ ਹਨ।[272] ਕਰਤਾਰਪੁਰ ਦੀ ਲੜਾਈ ਬਾਰੇ ਭਗਤ ਸਿੰਘ, ਮੈਕਾਲਿਫ਼, ਤੇਜਾ ਸਿੰਘ ਤੇ ਗੰਡਾ ਸਿੰਘ ਦੀ ਰਾਇ ਇੱਕ-ਦੂਜੇ ਨਾਲ ਮਿਲਦੀ ਜੁਲਦੀ ਹੈ।[273] ਮੋਹਸਿਨ ਫ਼ਾਨੀ ਵੀ ਛੇਵੇਂ ਗੁਰੂ ਸਾਹਿਬ ਹੱਥੋਂ ਕਈ ਮੀਰ ਬਹਾਦਰਾਂ ਅਤੇ ਪੈਦੇਂ ਖਾਂ ਦੇ ਮਾਰੇ ਜਾਣ ਦਾ ਜ਼ਿਕਰ ਅਤੇ ਹਰ ਵਾਰੀ ਛੇਵੇਂ ਪਾਤਿਸ਼ਾਹ ਦੀ ਸਹੀ ਸਲਾਮਤ ਨਿਕਲ ਜਾਣ ਵਾਲੀ ਘਟਨਾ ਦੀ ਪੁਸ਼ਟੀ ਕਰਦਾ ਹੈ।[274]

ਗਿਆਨੀ ਗਿਆਨ ਸਿੰਘ ਸੰਮਤ 1701 ਬਿਕ੍ਰਮੀ ਚੇਤ ਸੁਦੀ 05 ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਪੁਸ਼ਟੀ ਕਰਦਾ ਹੈ।[275] ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਹਰਿਗੋਬਿੰਦ ਜੀ ਆਪਣੇ ਪੋਤਰੇ ਹਰਿ ਰਾਇ ਜੀ ਨੂੰ ਸੰਮਤ 1692 ਬਿਕ੍ਰਮੀ ਵਿੱਚ ਹੀ ਗੁਰਿਆਈ ਸੌਂਪਕੇ ਸੰਮਤ 1695 ਬਿਕ੍ਰਮੀ ਜੋਤੀ ਜੋਤ ਸਮਾ ਗਏ।[276] ਸਰੂਪ ਦਾਸ ਭੱਲਾ ਗੁਰੂ ਹਰਿਗੋਬਿੰਦ ਵੱਲੋਂ ਆਪਣੇ ਪੋਤਰੇ ਹਰਿ ਰਾਇ ਨੂੰ ਗੁਰਿਆਈ ਸੌਂਪਕੇ ਸੰਮਤ 1701 ਬਿਕ੍ਰਮੀ ਚੇਤ ਸੁਦੀ 05 ਨੂੰ ਗੁਰੂ ਹਰਿਗੋਬਿੰਦ ਜੀ ਦੇ ਨਦੀ ਕਿਨਾਰੇ ਖ਼ੁਦਵਾਏ ਪਤਾਲਗੜ੍ਹ ਨਾਂ ਦੇ ਭੋਰੇ

---

269 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਨੌਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 3388-3389, 3415-3416, 3432, 3423, 3417, 3398, 3402, 3395, 3407, 3409, 3422.

270 ਭਗਤ ਸਿੰਘ (ਸੰਪਾ.), *ਉ. ਰ.,* ਪੰਨੇ 469-490; ਮੈਕਸ ਆਰਥਰ ਮੈਕਾਲਿਫ਼, *ਸਿੱਖ ਇਤਿਹਾਸ ਭਾਗ ਤੀਜਾ,* (*ਅਨੁ. ਅਜੈਬ ਸਿੰਘ*), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005, ਪੰਨੇ 72-84; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨੇ 41-42.

271 ਮੈਕਸ ਆਰਥਰ ਮੈਕਾਲਿਫ਼, *ਸਿੱਖ ਇਤਿਹਾਸ ਭਾਗ ਤੀਜਾ,* ਪੰਨੇ 91-105; ਭਗਤ ਸਿੰਘ (ਸੰਪਾ.), *ਉ. ਰ.,* ਪੰਨੇ 536-555; ਤੇਜਾ ਸਿੰਘ ਗੰਡਾ ਸਿੰਘ, *ਉਹੀ,* ਪੰਨਾ-42.

272 ਭਗਤ ਸਿੰਘ (ਸੰਪਾ.), *ਉਹੀ,* ਪੰਨੇ 710-748; ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨੇ 155-161; ਤੇਜਾ ਸਿੰਘ ਗੰਡਾ ਸਿੰਘ, *ਉਹੀ,* ਪੰਨੇ 42-43.

273 ਭਗਤ ਸਿੰਘ (ਸੰਪਾ.), *ਉਹੀ,* ਪੰਨੇ 772-806; ਮੈਕਸ ਆਰਥਰ ਮੈਕਾਲਿਫ਼, *ਉਹੀ,* ਪੰਨੇ 164-182; ਤੇਜਾ ਸਿੰਘ ਗੰਡਾ ਸਿੰਘ, *ਉਹੀ,* ਪੰਨੇ 43-44.

274 ਗੰਡਾ ਸਿੰਘ (ਸੰਪਾ.), *ਉਹੀ,* ਵਿੱਚੋਂ ਲੇਖ *ਦਾਬਿਸਤਾਨਿ ਮਜ਼ਾਹਿਬ ਕ੍ਰਿਤ ਮੁਹਸਿਨ ਫ਼ਾਨੀ,* ਪੰਨਾ 10.

275 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 148.

276 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 101-102.

ਵਿੱਚ ਜੋਤੀ ਜੋਤ ਸਮਾਉਣ ਦੀ ਗੱਲ ਕਰਦਾ ਹੈ।[277] ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਜੀ ਆਪਣੇ ਪੋਤਰੇ ਹਰਿ ਰਾਇ ਨੂੰ ਗੁਰਿਆਈ ਦਾ ਤਿਲਕ ਲਾ ਕੇ ਜੋਤੀ ਜੋਤ ਸਮਾ ਗਏ।[278] ਹਰੀ ਰਾਮ ਗੁਪਤਾ ਅਤੇ ਤੇਜਾ ਸਿੰਘ ਗੰਡਾ ਸਿੰਘ ਵੀ ਛੇਵੇਂ ਪਾਤਿਸ਼ਾਹ ਦੇ ਜੋਤੀ ਜੋਤ ਸਮਾਉਣ ਸੰਬੰਧੀ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ।[279]

## ਗੁਰੂ ਹਰਿ ਰਾਇ ਜੀ

ਰਤਨ ਸਿੰਘ ਭੰਗੂ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਦਾ ਸੱਤਵਾਂ ਗੁਰੂ, ਗੁਰੂ ਹਰਿ ਰਾਇ ਜੀ ਨੂੰ ਦੱਸਦਾ ਹੈ।[280] ਗਿਆਨੀ ਗਿਆਨ ਸਿੰਘ ਸਿੱਖਾਂ ਦੇ ਸੱਤਵੇਂ ਗੁਰੂ ਸਾਹਿਬ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਂਦਾ ਦੱਸਦਾ ਹੈ ਕਿ ਉਹ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਦੇ ਛੋਟੇ ਪੁੱਤਰ ਸਨ ਤੇ ਉਨ੍ਹਾਂ ਦਾ ਜਨਮ ਸੰਮਤ 1686 ਬਿਕ੍ਰਮੀ ਮਾਘ ਸੁਦੀ ਦੋ ਨੂੰ ਮਾਤਾ ਨਿਹਾਲ ਕੌਰ ਦੀ ਕੁੱਖੋਂ ਕਰਤਾਰਪੁਰ ਵਿਖੇ ਹੋਇਆ। ਉਹ ਹਰਿ ਰਾਇ ਦੇ ਚੋਗੇ ਨਾਲ ਫ਼ੁੱਲ ਟੁੱਟਣ ਦੀ ਘਟਨਾ ਅਤੇ ਛੇਵੇਂ ਗੁਰੂ ਜੀ ਦੁਆਰਾ ਹਰਿ ਰਾਇ ਨੂੰ ਸਮਝਾਉਣ ਤੇ ਦਮਨ ਸਾਂਭ ਕੇ ਰੱਖਣ ਦੀ ਗੱਲ ਕਰਦਾ ਹੈ। ਗਿਆਨੀ ਗਿਆਨ ਸਿੰਘ ਮੁਤਾਬਿਕ ਗੁਰੂ ਹਰਿ ਰਾਇ ਜੀ ਨੇ ਮੁਗਲ ਬਾਦਸ਼ਾਹ ਸ਼ਾਹਜਹਾਂ ਦੇ ਪੁੱਤਰ ਦਾਰਾ ਸ਼ਿਕੋਹ ਜੋ ਕਿ ਔਰੰਗਜ਼ੇਬ ਦਾ ਵੱਡਾ ਭਰਾ ਸੀ, ਨੂੰ ਇੱਕ ਤੋਲਾ ਲੌਂਗ, 10 ਤੋਲੇ ਦੀ ਹਰੜ ਅਤੇ ਸੰਜੀਵਨੀ ਦੀ ਜੜ੍ਹ ਦਾ ਚੂਰਨ ਭੇਜ ਕੇ ਤੰਦਰੁਸਤ ਵੀ ਕੀਤਾ।[281] ਕੇਸਰ ਸਿੰਘ ਛਿੱਬਰ ਵੀ ਲਿਖਦਾ ਹੈ ਕਿ ਹਰਿ ਰਾਇ ਜੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਸਿੱਖਾਂ ਦਾ ਅਗਲੇ ਗੁਰੂ ਬਣੇ।[282] ਸਰੂਪ ਦਾਸ ਭੱਲਾ ਵੀ ਗੁਰੂ ਹਰਿਗੋਬਿੰਦ ਜੀ ਵੱਲੋਂ ਆਪਣੇ ਪੋਤਰੇ ਹਰਿ ਰਾਇ ਨੂੰ ਗੁਰਿਆਈ ਸੌਂਪਣ ਦੀ ਪੁਸ਼ਟੀ ਕਰਦਾ ਹੈ।[283] ਸਰੂਪ ਦਾਸ ਭੱਲਾ ਹਰਿ ਰਾਇ ਦੇ ਚੋਗੇ ਨਾਲ ਫੁੱਲ ਟੁੱਟਣ ਦੀ ਘਟਨਾ ਅਤੇ ਛੇਵੇਂ ਗੁਰੂ ਦੁਆਰਾ ਹਰਿ ਰਾਇ ਨੂੰ ਸਮਝਾਉਣ ਤੇ ਦਮਨ ਸਾਂਭ ਕੇ ਰੱਖਣ ਦੀ ਗੱਲ ਕਰਦਾ ਹੈ।[284] ਸੰਤੋਖ ਸਿੰਘ ਵੀ ਲਿਖਦਾ ਹੈ ਕਿ ਗੁਰੂ ਹਰਿ ਰਾਇ ਜੀ ਦੁਆਰਾ ਭੇਜੀ 28 ਤੋਲੇ ਦੀ ਹਰੜ ਅਤੇ

---

[277] ਸਰੂਪ ਦਾਸ ਭੱਲਾ, *ਉ. ਰ.,* ਪੰਨੇ 508-511.

[278] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਨੌਵੀਂ,* ਪੰਨੇ 3506, 3522.

[279] Hari Ram Gupta, *op. cit.*, p. 173; ਤੇਜਾ ਸਿੰਘ ਗੰਡਾ ਸਿੰਘ, *ਉਹੀ,* ਪੰਨਾ 40.

[280] ਰਤਨ ਸਿੰਘ ਭੰਗੂ, *ਉ. ਰ.,* ਪੰਨਾ 23.

[281] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 148-150.

[282] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 104.

[283] ਸਰੂਪ ਦਾਸ ਭੱਲਾ, *ਉ. ਰ.,* ਪੰਨਾ 508.

[284] ਸਰੂਪ ਦਾਸ ਭੱਲਾ, *ਉਹੀ,* ਪੰਨਾ 507.

ਇੱਕ ਮਾਸਾ ਲੌਂਗ ਨਾਲ ਦਾਰਾ ਸ਼ਿਕੋਹ ਦਾ ਰੋਗੀ ਸਰੀਰ ਤੰਦਰੁਸਤ ਹੋ ਗਿਆ।[285] ਕਾਨ੍ਹ ਸਿੰਘ ਨਾਭਾ, ਕਨਿੰਘਮ ਵੀ ਗਿਆਨੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਤਾਰੀਖ਼ ਨਾਲ ਸਹਿਮਤ ਹੁੰਦੇ ਹੋਏ ਗੁਰੂ ਹਰਿ ਰਾਇ ਜੀ ਦਾ ਜਨਮ 1629 ਈ. ਵਿੱਚ ਲਿਖਦੇ ਹਨ, ਜਦੋਂ ਕਿ ਤੇਜਾ ਸਿੰਘ ਗੰਡਾ ਸਿੰਘ ਅਤੇ ਰਤਨ ਸਿੰਘ ਜੱਗੀ ਸੱਤਵੇਂ ਗੁਰੂ ਸਾਹਿਬ ਦੀ ਜਨਮ ਮਿਤੀ 1630 ਈ. ਮੰਨਦੇ ਹਨ।[286]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਹਰਿ ਰਾਇ ਜੀ ਨੇ ਸੰਮਤ 1716 ਬਿਕ੍ਰਮੀ ਵਿੱਚ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਔਰੰਗਜ਼ੇਬ ਦੇ ਦਰਬਾਰ 'ਚ ਜਾ ਕੇ ਗੁਰਬਾਣੀ ਦੀ ਗਲਤ ਵਿਆਖਿਆ ਕਰਨ ਕਰਕੇ ਬੇਦਖਲ ਕਰ ਦਿੱਤਾ ਅਤੇ ਛੋਟੇ ਪੁੱਤਰ ਹਰਿ ਕ੍ਰਿਸ਼ਨ ਨੂੰ ਗੁਰਿਆਈ ਦਾ ਅਗਲਾ ਵਾਰਸ ਥਾਪ ਦਿੱਤਾ।[287] ਹਰੀ ਰਾਮ ਗੁਪਤਾ ਵੀ ਰਾਮ ਰਾਏ ਦੇ ਦਿੱਲੀ ਜਾ ਕੇ ਗੁਰਬਾਣੀ ਦੀ ਪੰਕਤੀ ਬਦਲਣ ਦੀ ਗੱਲ ਕਰਦਾ ਹੈ। ਤੇਜਾ ਸਿੰਘ ਗੰਡਾ ਸਿੰਘ ਵੀ ਰਾਮ ਰਾਇ ਵੱਲੋਂ ਗੁਰਬਾਣੀ ਦੀ ਪੰਕਤੀ ਬਦਲਣ ਵਾਲੀ ਘਟਨਾ ਨਾਲ ਸਹਿਮਤੀ ਪ੍ਰਗਟ ਕਰਦੇ ਹਨ।[288] ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਹਰਿ ਰਾਇ ਜੀ ਸੰਮਤ 1718 ਬਿਕ੍ਰਮੀ ਕੱਤਕ ਸੁਦੀ 09 ਨੂੰ ਜੋਤੀ ਜੋਤ ਸਮਾ ਗਏ।[289] ਕੇਸਰ ਸਿੰਘ ਛਿੱਬਰ ਗਿਆਨੀ ਗਿਆਨ ਸਿੰਘ ਦੇ ਉਲਟ ਸਿਰਫ਼ ਸੰਮਤ 1716 ਬਿਕ੍ਰਮੀ ਵਿੱਚ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਟਿੱਕਾ ਦੇਣ ਅਤੇ ਸੰਮਤ 1718 ਬਿਕ੍ਰਮੀ ਵਿੱਚ ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤ ਸਮਾ ਜਾਣ ਬਾਰੇ ਹੀ ਲਿਖ ਰਿਹਾ ਹੈ।[290] ਸਰੂਪ ਦਾਸ ਭੱਲਾ[291] ਅਤੇ ਸੰਤੋਖ ਸਿੰਘ ਦੀਆਂ ਲਿਖਤਾਂ ਵੀ ਉਪਰੋਕਤ ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦੀਆਂ ਹਨ, ਪਰ ਸੰਤੋਖ ਸਿੰਘ ਸੱਤਵੇਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦਾ ਕੋਈ ਸਮਾਂ-ਤਾਰੀਖ਼ ਨਹੀਂ ਦੱਸ ਰਿਹਾ।[292]

## ਗੁਰੂ ਹਰਿ ਕ੍ਰਿਸ਼ਨ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਹਰਿ ਰਾਇ ਤੋਂ ਬਾਅਦ ਹਰਿ ਕ੍ਰਿਸ਼ਨ ਜੀ ਨੇ ਸਿੱਖਾਂ ਦੇ ਅੱਠਵੇਂ

---

285 ਭਾਈ ਸੰਤੋਖ ਸਿੰਘ, *ਉ. ਰ., ਜਿ. ਨੌ.,* ਪੰਨਾ 3551.

286 ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ-267; ਜੋਜ਼ਫ਼ ਡੇਵਿਡ ਕੰਨਿਘਮ, *ਸਿੱਖ ਇਤਿਹਾਸ (ਪੰਜਾਬੀ ਤਰਜ਼ਮਾ),* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004, ਪੰਨਾ 64; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 47; ਖੁਸ਼ਵੰਤ ਸਿੰਘ, *ਉ. ਰ.,* ਪੰਨਾ 75; ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ ਭਾਗ I,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ 2005, ਪੰਨਾ 415.

287 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 151-152.

288 Hari Ram Gupta, *op. cit.,* pp.179-180; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨੇ 47-48.

289 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 152.

290 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 104.

291 ਸਰੂਪ ਦਾਸ ਭੱਲਾ, *ਉ. ਰ.,* ਪੰਨੇ 519, 576, 583-584, 598, 601.

292 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਨੌਵੀਂ-ਦਸਵੀਂ,* ਪੰਨੇ 3685, 3756-3759, 3868, 3870.

ਗੁਰੂ ਵਜੋਂ ਗੁਰਿਆਈ ਸੰਭਾਲੀ।[293] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਸੰਮਤ 1713 ਬਿਕ੍ਰਮੀ ਸਾਵਣ ਵਦੀ 10 ਨੂੰ ਮਾਤਾ ਕ੍ਰਿਸ਼ਨ ਕੁਇਰ ਦੀ ਕੁੱਖੋਂ ਕੀਰਤਪੁਰ ਵਿਖੇ ਹੋਇਆ।[294] ਜਦੋਂ ਕਿ ਕੇਸਰ ਸਿੰਘ ਛਿੱਬਰ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਸੰਮਤ 1711 ਬਿਕ੍ਰਮੀ ਵਿੱਚ ਹੋਇਆ ਲਿਖਦਾ ਹੈ।[295] ਸਰੂਪ ਸਿੰਘ ਕੌਸ਼ਿਸ਼, ਮੈਕਾਲਿਫ਼, ਰਤਨ ਸਿੰਘ ਜੱਗੀ, ਤੇਜਾ ਸਿੰਘ ਗੰਡਾ ਸਿੰਘ, ਕਾਨ੍ਹ ਸਿੰਘ ਨਾਭਾ ਵੀ ਅੱਠਵੇਂ ਗੁਰੂ ਸਾਹਿਬ ਦਾ ਜਨਮ ਸੰਮਤ 1713 ਬਿਕ੍ਰਮੀ ਦਾ ਹੀ ਮੰਨਦੇ ਹਨ।[296] ਗਿਆਨੀ ਗਿਆਨ ਸਿੰਘ ਮੁਤਾਬਿਕ ਰਾਮ ਰਾਇ ਵੱਲੋਂ ਔਰੰਗਜ਼ੇਬ ਕੋਲ ਅੱਠਵੇਂ ਗੁਰੂ ਦੀ ਸ਼ਿਕਾਇਤ ਕਰਨ ਅਤੇ ਗੁਰਿਆਈ ਉੱਪਰ ਆਪਣਾ ਹੱਕ ਦੱਸਣ ਕਰਕੇ ਗੁਰੂ ਹਰਿ ਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਸੱਦਣ 'ਤੇ ਦਿੱਲੀ ਗਏ ਤੇ ਰਾਜਾ ਜੈ ਸਿੰਘ ਦੇ ਮਹਿਲਾਂ 'ਚ ਠਹਿਰੇ।[297] ਰਾਮ ਰਾਇ ਵੱਲੋਂ ਔਰੰਗਜ਼ੇਬ ਕੋਲ ਅੱਠਵੇਂ ਗੁਰੂ ਦੀ ਸ਼ਿਕਾਇਤ ਲੈ ਕੇ ਜਾਣ ਦੀ ਪੁਸ਼ਟੀ ਮੈਕਾਲਿਫ਼ ਵੀ ਕਰਦਾ ਹੈ।[298] ਕੇਸਰ ਸਿੰਘ ਛਿੱਬਰ ਵੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਿੱਲੀ ਜਾਣ ਦੀ ਗੱਲ ਕਰਦਾ ਹੈ। ਪਰ ਜਿੱਥੇ ਗਿਆਨੀ ਗਿਆਨ ਸਿੰਘ ਅੱਠਵੇਂ ਗੁਰੂ ਸਾਹਿਬ ਦੇ ਰਾਜਾ ਜੈ ਸਿੰਘ ਦੇ ਮਹਿਲ ਵਿੱਚ ਠਹਿਰਣ ਦੀ ਗੱਲ ਕਰਦਾ ਹੈ, ਪਰ ਕੇਸਰ ਸਿੰਘ ਛਿੱਬਰ ਰਾਜੇ ਦਾ ਨਾਂ ਜਸਵੰਤ ਲਿਖ ਰਿਹਾ ਹੈ।[299] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਲਿਖਦੇ ਹਨ ਕਿ ਗੁਰੂ ਹਰਿ ਕ੍ਰਿਸ਼ਨ ਜੀ ਔਰੰਗਜ਼ੇਬ ਦੇ ਬੁਲਾਵੇ 'ਤੇ ਦਿੱਲੀ ਗਏ।[300] ਤੇਜਾ ਸਿੰਘ ਗੰਡਾ ਸਿੰਘ ਔਰੰਗਜ਼ੇਬ ਵੱਲੋਂ ਗੁਰੂ ਜੀ ਨੂੰ ਦਿੱਲੀ ਵਿਖੇ ਬੁਲਾਉਣ ਦੀ ਪੁਸ਼ਟੀ ਕਰਦੇ ਹਨ।[301] ਸੰਤੋਖ ਸਿੰਘ ਵੀ ਅੱਠਵੇਂ ਗੁਰੂ ਜੀ ਦੇ ਦਿੱਲੀ ਵਿੱਚ ਰਾਜਾ ਜੈ ਸਿੰਘ ਦੇ ਮਹਿਲਾਂ 'ਚ ਰਹਿਣ ਦੀ ਪੁਸ਼ਟੀ ਕਰਦਾ ਹੈ।[302] ਤੇਜਾ ਸਿੰਘ ਗੰਡਾ ਸਿੰਘ, ਮੈਕਾਲਿਫ਼ ਹਰੀ ਰਾਮ ਗੁਪਤਾ ਸਾਰੇ ਹੀ ਰਾਜੇ ਦਾ ਨਾਂ ਜੈ ਸਿੰਘ ਲਿਖਦੇ

---

293 ਰਤਨ ਸਿੰਘ ਭੰਗੂ, *ਉ. ਰ.,* ਪੰਨਾ 23.

294 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 152.

295 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 105.

296 ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 58; ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨਾ 277; ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼, ਭਾਗ-I,* ਪੰਨਾ 414; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 48; ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 265.

297 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 153-154

298 ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨੇ 279-280.

299 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 105.

300 ਸਰੂਪ ਦਾਸ ਭੱਲਾ, *ਉ. ਰ.,* ਪੰਨੇ 606-607; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 3900-3901.

301 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 49.

302 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ,* ਪੰਨਾ 3914.

ਹਨ।[303]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਦਿੱਲੀ ਨੂੰ ਜਾਂਦਿਆਂ ਰਸਤੇ ਵਿੱਚ ਗੁਰੂ ਜੀ ਨੇ ਛੱਜੂ ਨਾਂ ਦੇ ਝਿਊਰ ਦੇ ਸਿਰ 'ਤੇ ਛਟੀ ਲਾ ਕੇ ਇੱਕ ਪੰਡਤ ਨੂੰ ਉਸ ਦੇ ਮੂੰਹੋਂ ਗੀਤਾ ਦੇ ਅਰਥ ਵੀ ਸੁਣਾਏ। ਉਸ ਸਮੇਂ ਦਿੱਲੀ ਵਿੱਚ ਹੈਜਾ ਫ਼ੈਲਿਆ ਹੋਇਆ ਸੀ, ਜੋ ਵੀ ਰੋਗੀ ਗੁਰੂ ਜੀ ਦਾ ਚਰਨ ਅੰਮ੍ਰਿਤ ਪੀਂਦਾ, ਉਹ ਤੰਦਰੁਸ਼ਤ ਹੋ ਜਾਂਦਾ। ਰਾਮ ਰਾਇ ਨੇ ਅੱਠਵੇਂ ਗੁਰੂ ਜੀ ਦਾ ਵੱਧਦਾ ਜੱਸ ਦੇਖ ਕੇ, ਗੁਰੂ ਜੀ ਦੇ ਸ਼ੀਤਲਾ ਨਿਕਲਣ ਦਾ ਸਰਾਪ ਦੇ ਦਿੱਤਾ। ਗੁਰੂ ਹਰਿ ਕ੍ਰਿਸ਼ਨ ਜੀ ਨੇ ਰਾਜਾ ਜੈ ਸਿੰਘ ਦੀ ਰਾਣੀ ਨੂੰ ਪੁੱਤਰ ਦਾ ਵਰ ਵੀ ਦਿੱਤਾ।[304] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਰਾਜਾ ਜੈ ਸਿੰਘ ਦੀ ਰਾਣੀ ਦੁਆਰਾ ਗੁਰੂ ਹਰਿ ਕ੍ਰਿਸ਼ਨ ਜੀ ਦੀ ਪ੍ਰੀਖਿਆ ਲੈਣ ਦੀ ਗੱਲ ਅਤੇ ਗੁਰੂ ਜੀ ਦੁਆਰਾ ਦਾਸੀਆਂ ਦੇ ਝੁੰਡ ਵਿੱਚੋਂ ਰਾਣੀ ਨੂੰ ਪਛਾਣਨ ਦੀ ਗੱਲ ਕਰਦੇ ਹਨ। ਸੰਤੋਖ ਸਿੰਘ ਰਾਣੀ ਨੂੰ ਸੰਤਾਨ ਦਾ ਵਰ ਦੇਣ ਦੀ ਵੀ ਗੱਲ ਕਰਦਾ ਹੈ।[305] ਸੰਤੋਖ ਸਿੰਘ ਵੀ ਅੱਠਵੇਂ ਗੁਰੂ ਜੀ ਦੇ ਪ੍ਰਤਾਪ ਨਾਲ ਦਿੱਲੀ ਦੇ ਲੋਕਾਂ ਦੇ ਵੱਖ-ਵੱਖ ਰੋਗ ਦੂਰ ਹੋਣ ਦੀ ਪੁਸ਼ਟੀ ਕਰਦਾ ਹੈ। ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੁੰਦਾ ਲਿਖਦਾ ਹੈ ਕਿ ਰਾਮ ਰਾਇ ਨੇ ਈਰਖ਼ਾ ਵਿੱਚ ਆ ਕੇ ਅੱਠਵੇਂ ਗੁਰੂ ਜੀ ਨੂੰ ਸੀਤਲਾ ਮਾਤਾ ਦੇ ਨਿਕਲਣ ਨਾਲ ਮਰਨ ਦਾ ਸਰਾਪ ਦੇ ਦਿੱਤਾ ਅਤੇ ਸਰਾਪ ਕਾਰਣ ਉਨ੍ਹਾਂ ਦੇ ਚੇਚਕ ਨਿਕਲ ਆਈ।[306] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਸਿੱਖਾਂ ਨੂੰ ਅਗਲੇ ਗੁਰੂ ਦਾ ਬਾਬੇ ਬਕਾਲੇ ਵਿੱਚ ਹੋਣਾ ਦੱਸ ਕੇ ਸੰਮਤ 1721 ਬਿਕ੍ਰਮੀ ਚੇਤ ਸੁਦੀ 14 ਨੂੰ ਜੋਤੀ ਜੋਤ ਸਮਾ ਗਏ।[307] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਅਗਲੇ ਗੁਰੂ ਲਈ ਬਾਬੇ ਬਕਾਲੇ ਸੰਬੰਧੀ ਮੂੰਹੋਂ ਵਚਨ ਕੱਢਣ ਦਾ ਵੀ ਜ਼ਿਕਰ ਕਰਦੇ ਹਨ।[308] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਔਰੰਗਜ਼ੇਬ ਦੇ ਮੱਥੇ ਲੱਗਣ ਨਾਲੋਂ ਦੇਹ ਤਿਆਗ ਦੇਣਾ ਬੇਹਤਰ ਸਮਝਿਆ ਅਤੇ ਜੋਤੀ ਜੋਤ ਸਮਾ ਗਏ।[309] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਗੁਰੂ ਹਰਿ ਕ੍ਰਿਸ਼ਨ ਜੀ ਦੇ ਸੰਮਤ

---

303 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 48; ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨਾ 284; Hari Ram Gupta, *op. cit.,* p.181.

304 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 153-156

305 ਸਰੂਪ ਦਾਸ ਭੱਲਾ, *ਉ. ਰ.,* ਪੰਨੇ 608-610; ਭਾਈ ਸੰਤੋਖ ਸਿੰਘ, *ਉ. ਰ., ਜਿ. ਦ.,* ਪੰਨੇ 3937, 3939.

306 ਭਾਈ ਸੰਤੋਖ ਸਿੰਘ, *ਉਹੀ,* ਪੰਨੇ 3917, 3919, 3951.

307 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 156.

308 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 108; ਸਰੂਪ ਦਾਸ ਭੱਲਾ, *ਉ. ਰ.,* ਪੰਨਾ 619; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 3960.

309 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 107.

1721 ਬਿਕ੍ਰਮੀ ਚੇਤ ਸੁਦੀ 14 ਨੂੰ ਦਿੱਲੀ ਵਿੱਚ ਜੋਤੀ ਜੋਤ ਸਮਾਉਣ ਦੀ ਪੁਸ਼ਟੀ ਕਰਦੇ ਹਨ।[310] ਤੇਜਾ ਸਿੰਘ ਗੰਡਾ ਸਿੰਘ ਹਰੀ ਰਾਮ ਗੁਪਤਾ, ਸਰੂਪ ਸਿੰਘ ਕੌਸ਼ਿਸ਼ ਸਾਰੇ ਹੀ ਅੱਠਵੇਂ ਗੁਰੂ ਦੇ ਜੋਤੀ ਜੋਤ ਸਮਾਉਣ ਦੀ ਮਿਤੀ ਸੰਮਤ 1721 ਬਿਕ੍ਰਮੀ ਚੇਤ ਸੁਦੀ 14 (1664 ਈ.) ਮੰਨਦੇ ਹਨ।[311]

## ਗੁਰੂ ਤੇਗ ਬਹਾਦਰ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਬਣੇ। ਉਨ੍ਹਾਂ ਨੇ ਪਰਉਪਕਾਰ ਦੀ ਖ਼ਾਤਰ ਆਪਣਾ ਸੀਸ ਦੇ ਦਿੱਤਾ। ਕਲਯੁੱਗ ਦੇ ਸਮੇਂ ਵਿੱਚ ਇਹ ਇੱਕ ਬਹੁਤ ਵੱਡਾ ਕਾਰਨਾਮਾ ਸੀ, ਜਿਸ ਕਾਰਣ ਹਿੰਦੂ ਧਰਮ ਬਚ ਗਿਆ।[312] ਰਤਨ ਸਿੰਘ ਭੰਗੂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਲਿਖਦਾ ਹੈ ਕਿ ਜਦੋਂ ਔਰੰਗਜ਼ੇਬ ਤਖ਼ਤ 'ਤੇ ਬੈਠਿਆ ਤਾਂ ਉਸ ਨੇ ਕਸਮ ਖਾਧੀ ਕਿ ਉਹ ਹਿੰਦੋਸਤਾਨ ਦੇ ਬਾਈ ਦੇ ਬਾਈ ਸੂਬਿਆਂ ਵਿੱਚ ਵਸਦੇ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਦੇਵੇਗਾ। ਜਦੋਂ ਮੁਸਲਮਾਨ ਹਿੰਦੂਆਂ ਨੂੰ ਲੱਭ-ਲੱਭ ਕੇ ਮੁਸਲਮਾਨ ਬਣਾ ਰਹੇ ਸਨ, ਤਾਂ ਹਿੰਦੂ ਭਾਰੀ ਚਿੰਤਾ ਵਿੱਚ ਡੁੱਬ ਗਏ। ਸਾਰੇ ਹਿੰਦੂਆਂ ਨੇ ਸਲਾਹ ਕਰਕੇ, ਸਾਰੀ ਗੱਲ ਬ੍ਰਾਹਮਣਾਂ 'ਤੇ ਸੁੱਟ ਦਿੱਤੀ। ਕਿਉਂਕਿ ਹਿੰਦੂਆਂ ਅਨੁਸਾਰ ਰੱਬ ਵੀ ਬ੍ਰਾਹਮਣਾਂ ਦੀ ਹੀ ਮੰਨਦਾ ਸੀ। ਗ਼ਰੀਬ ਹਿੰਦੂ ਔਰੰਗਜ਼ੇਬ ਅੱਗੇ ਹੱਥ ਜੋੜ ਕੇ ਖੜ੍ਹੇ ਹੋਏ ਅਤੇ ਕਿਹਾ ਕਿ ਅਸੀਂ ਤਾਂ ਬ੍ਰਾਹਮਣਾਂ ਦੇ ਅਧੀਨ ਹਾਂ। ਪਹਿਲਾਂ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ। ਜੇ ਉਹ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ। ਬ੍ਰਾਹਮਣਾਂ ਲਈ ਇਹ ਬਹੁਤ ਮੁਸ਼ਕਿਲ ਘੜੀ ਸੀ। ਔਰੰਗਜ਼ੇਬ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਅਤੇ ਇਨਕਾਰ ਕਰਨ 'ਤੇ ਕਤਲ ਕਰਨ ਦਾ ਹੁਕਮ ਦੇ ਦਿੱਤਾ। ਔਰੰਗਜ਼ੇਬ ਦੇ ਸਿਪਾਹੀ ਹਿੰਦੂਆਂ ਨੂੰ ਫ਼ੜ-ਫ਼ੜ ਕੇ ਮੁਸਲਮਾਨ ਬਣਾਉਣ ਲੱਗੇ। ਕਾਸ਼ੀ, ਗੰਗਾ ਤੇ ਕੁਰਕਸ਼ੇਤਰ ਵੱਲ ਦੇ ਬ੍ਰਾਹਮਣ ਨੌਵੇਂ ਗੁਰੂ ਜੀ ਕੋਲ ਫ਼ਰਿਆਦ ਲੈ ਕੇ ਆਏ।[313] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਤੁਸੀਂ ਔਰੰਗਜ਼ੇਬ ਨੂੰ ਕਹਿ ਦੇਵੋ ਕਿ ਅਸੀਂ ਗੁਰੂ ਤੇਗ ਬਹਾਦਰ ਦੇ ਮਗਰ ਹਾਂ। ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ, ਅਸੀਂ ਵੀ ਉਨ੍ਹਾਂ ਦੇ ਪਿੱਛੇ ਮੁਸਲਮਾਨ ਬਣ ਜਾਵਾਂਗੇ। ਬ੍ਰਾਹਮਣਾਂ ਨੇ ਇਹੀ ਗੱਲ ਜਾ ਕੇ ਔਰੰਗਜ਼ੇਬ ਨੂੰ ਦੱਸ ਦਿੱਤੀ। ਉੱਧਰੋਂ ਗੁਰੂ ਤੇਗ ਬਹਾਦਰ ਜੀ ਵੀ ਸ਼ਹੀਦ ਹੋਣ ਲਈ ਦਿੱਲੀ ਨੂੰ ਚੱਲ ਪਏ। ਗੁਰੂ

---

310 ਸਰੂਪ ਦਾਸ ਭੱਲਾ, *ਉ. ਰ.,* ਪੰਨਾ 621; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 3968.

311 ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 49; Hari Ram Gupta, *op. cit.,* p.182; ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 64.

312 ਰਤਨ ਸਿੰਘ ਭੰਗੂ, *ਉ. ਰ.,* ਪੰਨਾ 23.

313 ਰਤਨ ਸਿੰਘ ਭੰਗੂ, *ਉਹੀ,* ਪੰਨੇ 24-25.

ਜੀ ਨੂੰ ਮੁਗਲਾਂ ਵੱਲੋਂ ਕੈਦ ਕਰ ਲਿਆ ਗਿਆ ਅਤੇ ਕਰਾਮਾਤ ਦਿਖਾਉਣ ਲਈ ਕਿਹਾ, ਪਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਉਹ ਰਾਮ ਰਾਇ ਨਹੀਂ, ਜੋ ਉਨ੍ਹਾਂ ਦੀ ਗੱਲ ਮੰਨਣ ਜਾਂ ਕਰਾਮਾਤ ਦਿਖਾਉਣ। ਔਰੰਗਜ਼ੇਬ ਨੂੰ ਇਸ ਗੱਲ 'ਤੇ ਬੜਾ ਗੁੱਸਾ ਆਇਆ ਤੇ ਉਸ ਨੇ ਗੁਰੂ ਜੀ ਨੂੰ ਮੁਸਲਮਾਨ ਬਣਨ ਲਈ ਜਾਂ ਫ਼ੇਰ ਮਰਨਾ ਪਰਵਾਨ ਕਰਨ ਲਈ ਕਿਹਾ। ਗੁਰੂ ਤੇਗ ਬਹਾਦਰ ਜੀ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ।[314] ਗੁਰੂ ਜੀ ਨੇ ਮੁੱਖੋਂ ਉਚਾਰਿਆ ਕਿ ਤੂੰ ਮੇਰੀ ਦੈਵੀ ਸ਼ਕਤੀ ਵੇਖ, ਤੂੰ ਮੇਰਾ ਸਿਰ ਨਹੀਂ ਕੱਟ ਸਕੇਂਗਾ। ਚਾਹੇ ਤੂੰ ਤਲਵਾਰ ਚਲਾ ਕੇ ਦੇਖ ਲਵੀਂ। ਇਹ ਗੱਲ ਕਹਿ ਕੇ ਗੁਰੂ ਜੀ ਚੌਂਕੀ 'ਤੇ ਬੈਠ ਗਏ। ਇਸ ਤਰ੍ਹਾਂ ਮੁਗਲਾਂ ਨਾਲ ਛਲ ਕਰਕੇ ਨੌਵੇਂ ਗੁਰੂ ਨੇ ਆਪਣਾ ਸੀਸ ਦੇ ਦਿੱਤਾ ਤੇ ਆਪਣਾ ਧਰਮ ਰੱਖ ਲਿਆ।[315] ਗਿਆਨੀ ਗਿਆਨ ਸਿੰਘ ਗੁਰੂ ਤੇਗ ਬਹਾਦਰ ਜੀ ਦਾ ਜਨਮ ਸੰਮਤ 1678 ਬਿਕ੍ਰਮੀ ਨੂੰ ਮਾਤਾ ਨਾਨਕੀ ਦੀ ਕੁੱਖੋਂ ਹੋਇਆ ਲਿਖਦਾ ਹੈ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਤੇਗ ਬਹਾਦਰ ਜੀ ਨੇ ਆਪਣੇ ਨਾਨਕੇ ਬਕਾਲੇ ਵਿਖੇ ਵੀਹ ਸਾਲ ਦੇ ਕਰੀਬ ਤਪੱਸਿਆ ਕੀਤੀ।[316] ਕੇਸਰ ਸਿੰਘ ਛਿੱਬਰ ਵੀ ਨੌਵੇਂ ਗੁਰੂ ਸਾਹਿਬ ਦੇ ਜਨਮ ਦੇ ਸਾਲ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ ਅਤੇ ਤਾਰੀਖ਼ ਮੱਘਰ ਸੁਦੀ ਨੌਂ ਤੇ ਜਨਮ ਸਥਾਨ ਰਾਮਦਾਸਪੁਰਾ ਅਤੇ ਸੰਮਤ 1686 ਬਿਕ੍ਰਮੀ ਵਿੱਚ ਉਨ੍ਹਾਂ ਦਾ ਵਿਆਹ ਮਾਤਾ ਗੁਜਰੀ ਨਾਲ ਹੋਇਆ ਦੱਸਦਾ ਹੈ।[317] ਮੈਕਾਲਿਫ਼ ਗੁਰੂ ਤੇਗ ਬਹਾਦਰ ਦਾ ਜਨਮ ਸੰਮਤ 1679 ਬਿਕ੍ਰਮੀ (1622 ਈ.) ਜਦੋਂ ਕਿ ਤੇਜਾ ਸਿੰਘ ਗੰਡਾ ਸਿੰਘ ਅਤੇ ਕਾਨ੍ਹ ਸਿੰਘ ਨਾਭਾ ਵੀ ਗਿਆਨੀ ਗਿਆਨੀ ਸਿੰਘ ਨਾਲ ਸਹਿਮਤ ਹੁੰਦੇ ਹੋਏ ਨੌਵੇਂ ਪਾਤਿਸ਼ਾਹ ਦੀ ਜਨਮ ਮਿਤੀ 1 ਅਪ੍ਰੈਲ 1621 ਈ. ਨੂੰ ਅੰਮ੍ਰਿਤਸਰ ਵਿੱਚ ਹੋਇਆ ਮੰਨਦੇ ਹਨ।[318]

ਗਿਆਨੀ ਗਿਆਨ ਸਿੰਘ ਲਿਖਦਾ ਹੈ ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਅਗਲੇ ਗੁਰੂ ਦਾ ਬਕਾਲੇ 'ਚ ਹੋਣਾ ਦੱਸ ਕੇ ਜੋਤੀ ਜੋਤ ਸਮਾ ਗਏ ਤਾਂ ਬਕਾਲੇ ਵਿੱਚ ਸਾਰੇ ਸੋਢੀਆਂ ਨੇ ਮੰਜੀਆਂ ਡਾਹ ਲਈਆਂ ਤੇ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ। ਭਾਈ ਮੱਖਣ ਸ਼ਾਹ ਲੁਬਾਣਾ ਆਪਣੇ ਡੁੱਬਦੇ ਜਹਾਜ਼ ਨੂੰ ਬਚਾਉਣ ਲਈ ਸੁੱਖੀ ਹੋਈ ਸੁੱਖ ਨੂੰ ਤਾਰਨ ਲਈ ਬਾਬੇ ਬਕਾਲੇ ਆਇਆ। ਉਹ ਇੱਕ-ਇੱਕ ਮੋਹਰ ਗੁਰੂ ਬਣੇ ਬੈਠੇ ਸੋਢੀਆਂ ਦੇ ਅੱਗੇ ਟੇਕਦਾ ਗਿਆ ਤੇ ਉਹ ਕਬੂਲ ਕਰਦੇ ਗਏ। ਪਰ ਜਦੋਂ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਅੱਗੇ ਇੱਕ ਮੋਹਰ ਰੱਖ ਕੇ ਮੱਥਾ

---

314 *ਉਹੀ,* ਪੰਨੇ 25-27.

315 *ਉਹੀ,* ਪੰਨਾ 28.

316 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 156-157.

317 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 109.

318 ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨਾ 66; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 49; ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 600.

ਟੇਕਿਆ ਤਾਂ ਅੱਗੋਂ ਗੁਰੂ ਜੀ ਨੇ ਕਿਹਾ ਕਿ ਭਾਈ ਸਿੱਖਾ ਤੂੰ ਸੁੱਖੀਆਂ ਤਾਂ ਪੰਜ ਸੌ ਮੋਹਰਾਂ ਸੀ, ਪਰ ਮੱਥਾ ਇੱਕ ਦਾ ਹੀ ਟੇਕ ਰਿਹੈਂ। ਇਸ ਤਰ੍ਹਾਂ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਜੀ ਦੀ ਪਹਿਚਾਣ ਕੀਤੀ ਅਤੇ ਸਾਰੀ ਸਿੱਖ ਸੰਗਤ ਨੇ ਵੀ ਤੇਗ ਬਹਾਦਰ ਨੂੰ ਗੁਰੂ ਮੰਨ ਲਿਆ।[319] ਕੇਸਰ ਸਿੰਘ ਛਿੱਬਰ ਨੌਵੇਂ ਗੁਰੂ ਸਾਹਿਬ ਨੂੰ ਲੱਭਣ ਸੰਬੰਧੀ ਮੱਖਣ ਸ਼ਾਹ ਲੁਬਾਣੇ ਵਾਲੀ ਘਟਨਾ ਦਾ ਜ਼ਿਕਰ ਨਾ ਕਰਕੇ ਦੀਵਾਨ ਦ੍ਰਗੈਹ ਮੱਲ ਵਾਲੀ ਘਟਨਾ ਅਤੇ ਚੇਤੋ ਅਤੇ ਗੋਂਦੇ ਮਸੰਦ ਵਾਲੀ ਘਟਨਾ ਦਾ ਜ਼ਿਕਰ ਕਰਦਾ ਹੈ।[320*] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਨੌਵੇਂ ਗੁਰੂ ਜੀ ਦੀ ਭਾਲ ਸੰਬੰਧੀ ਮੱਖਣ ਸ਼ਾਹ ਲੁਬਾਣੇ ਵਾਲੀ ਘਟਨਾ ਦਾ ਹੂ-ਬੂ-ਹੂ ਗਿਆਨੀ ਗਿਆਨ ਸਿੰਘ ਵਾਂਗ ਹੀ ਜ਼ਿਕਰ ਕਰਦੇ ਹਨ।[321] ਮੈਕਾਲਿਫ਼ ਤੇ ਤੇਜਾ ਸਿੰਘ ਗੰਡਾ ਸਿੰਘ ਮੱਖਣ ਸ਼ਾਹ ਲੁਬਾਣੇ ਵੱਲੋਂ ਨੌਵੇਂ ਗੁਰੂ ਨੂੰ ਲੱਭਣ ਦੀ ਗੱਲ ਕਰਦੇ ਹਨ।[322] ਗਿਆਨੀ ਗਿਆਨ ਸਿੰਘ ਧੀਰ ਮੱਲ ਦੀ ਈਰਖ਼ਾ ਅਤੇ ਸੀਹੇਂ ਮਸੰਦ ਦੁਆਰਾ ਗੁਰੂ ਤੇਗ ਬਹਾਦਰ ਜੀ ਉੱਪਰ ਗੋਲੀ ਚਲਾਉਣ ਦਾ ਜ਼ਿਕਰ ਕਰਦਾ ਹੈ।[323] ਨੌਵੇਂ ਪਾਤਿਸ਼ਾਹ 'ਤੇ ਗੋਲੀ ਚਲਾਉਣ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਅਤੇ ਸੰਤੋਖ ਸਿੰਘ ਵੀ ਕਰਦੇ ਹਨ।[324]

ਗਿਆਨੀ ਗਿਆਨ ਸਿੰਘ ਨੌਵੇਂ ਗੁਰੂ ਜੀ ਦੇ ਅੰਮ੍ਰਿਤਸਰ ਜਾਣ 'ਤੇ ਪੁਜਾਰੀਆਂ ਵੱਲੋਂ ਹਰਿਮੰਦਰ ਸਾਹਿਬ ਨੂੰ ਜੰਦਰਾ ਮਾਰਨ ਦਾ ਜ਼ਿਕਰ ਵੀ ਕਰਦਾ ਹੈ। ਉਹ ਲਿਖਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਾਤਾ ਦੇ ਬੁਲਾਵੇ 'ਤੇ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਕੋਲ ਕੀਰਤਪੁਰ ਚਲੇ ਗਏ। ਅੱਠਵੇਂ ਗੁਰੂ ਸਾਹਿਬ ਦੀ ਮਾਤਾ ਨੇ ਗੁਰਿਆਈ ਦਾ ਸਾਰਾ ਸਮਾਨ, ਕਲਗੀ ਅਤੇ ਚੋਗਾ ਗੁਰੂ ਤੇਗ ਬਹਾਦਰ ਜੀ ਨੂੰ ਦੇ ਕੇ ਤਖ਼ਤ ਉੱਪਰ ਬਿਰਾਜਮਾਨ ਕਰ ਦਿੱਤਾ। ਪਰ ਬਾਬੇ ਬਕਾਲੇ ਵਿੱਚ ਸ਼ਰੀਕੇ ਦੇ ਨਿੱਤ ਦੇ ਕਲੇਸ਼ ਕਾਰਣ ਗੁਰੂ ਜੀ ਨੇ ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਅਨੰਦਪੁਰ ਨਾਂ ਦਾ ਨਗਰ ਵਸਾਇਆ।[325] ਗੁਰੂ ਤੇਗ ਬਹਾਦਰ ਜੀ ਦੇ ਬਕਾਲਾ ਛੱਡ ਕੇ ਮਾਖੋਵਾਲ ਵਿੱਚ ਜਾ ਵੱਸਣ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਅਤੇ ਸੰਤੋਖ ਸਿੰਘ ਵੀ ਕਰਦੇ ਹਨ।[326] ਭਾਈ ਕਾਨ੍ਹ

---

319 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 159.

320 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 111-113.

* ਕੇਸਰ ਸਿੰਘ ਛਿੱਬਰ ਗੁਰੂ ਤੇਗ ਬਹਾਦਰ ਨੂੰ ਗੁਰਗੱਦੀ ਗੁਰੂ ਗੋਬਿੰਦ ਸਿੰਘ ਦੇ ਜਨਮ ਤੋਂ ਬਾਅਦ ਪਟਨੇ ਤੋਂ ਵਾਪਸ ਆਕੇ ਮਿਲੀ ਦੱਸਦਾ ਹੈ।

321 ਸਰੂਪ ਦਾਸ ਭੱਲਾ, *ਉ. ਰ.,* ਪੰਨੇ 632-634; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ, 3994-3996, 4002-4003.

322 ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨੇ 291-293; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 50.

323 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 160.

324 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 114; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 4023.

325 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 160-163.

326 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 114; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4079-80.

ਸਿੰਘ ਨਾਭਾ ਵੀ 1623 ਈ. ਨੌਵੇਂ ਗੁਰੂ ਜੀ ਦੇ ਮਾਖੋਵਾਲ ਆਉਣ ਦੀ ਜਾਣਕਾਰੀ ਦਿੰਦਾ ਹੈ।[327]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਅਨੰਦਪੁਰ ਤੋਂ ਹੀ ਨੌਵੇਂ ਪਾਤਿਸ਼ਾਹ ਸਿੱਖੀ ਦਾ ਪ੍ਰਚਾਰ ਕਰਨ ਲਈ ਮਾਲਵਾ ਦੇਸ਼ ਅਤੇ ਪੂਰਬ ਵੱਲ ਗਏ। ਨੌਵੇਂ ਗੁਰੂ ਸਾਹਿਬ ਨੇ ਆਪਣੀ ਯਾਤਰਾ ਦੌਰਾਨ ਪਿਹੋਵਾ, ਕੁਰਕਸ਼ੇਤਰ, ਹਰਿਦੁਆਰ, ਮੁਕਤੇਸ਼ਵਰ, ਮਥੁਰਾ, ਬ੍ਰਿੰਦਾਵਨ, ਪਰਿਯਾਗ, ਕਾਸ਼ੀ, ਜੌਨਪੁਰੀ ਹੁੰਦਿਆਂ ਸਸਰਾਮ ਵਿਖੇ ਫ਼ੱਗੋ ਮਸੰਦ ਦੇ ਘਰ ਜਾ ਕੇ ਠਹਿਰਾਓ ਕੀਤਾ। ਇਥੇ ਹੀ ਰਾਜਾ ਬਿਸ਼ਨ ਸਿੰਘ ਗੁਰੂ ਜੀ ਨੂੰ ਆ ਕੇ ਮਿਲਿਆ। ਗੁਰੂ ਜੀ ਉਸ ਨੂੰ ਅਸਾਮ ਦੇਸ ਨੂੰ ਜਿੱਤਣ ਦਾ ਵਰ ਦੇ ਕੇ ਪਰਿਵਾਰ ਸਮੇਤ ਪਟਨਾ ਵਿੱਖੇ ਜਾ ਕੇ ਰੁਕੇ। ਪਰਿਵਾਰ ਨੂੰ ਪਟਨੇ ਛੱਡ ਕੇ ਗੁਰੂ ਜੀ ਰਾਜਾ ਬਿਸ਼ਨ ਸਿੰਘ ਨਾਲ ਅਸਾਮ ਅਤੇ ਢਾਕਾ ਗਏ। ਗੁਰੂ ਜੀ ਨੇ ਰਾਜਾ ਬਿਸ਼ਨ ਸਿੰਘ ਅਤੇ ਅਸਾਮ ਦੇ ਰਾਜੇ ਵਿਚਕਾਰ ਸੰਧੀ ਵੀ ਕਰਵਾਈ।[328] ਇਸੇ ਸਮੇਂ ਦੌਰਾਨ ਬਾਲਕ ਗੋਬਿੰਦ ਨੇ ਪਟਨਾ ਸ਼ਹਿਰ ਵਿੱਚ ਜਨਮ ਲਿਆ। ਨੌਵੇਂ ਗੁਰੂ ਜੀ ਅਸਾਮ ਨਰੇਸ਼ ਦੀ ਰਾਣੀ ਨੂੰ ਪੁੱਤਰ ਦਾ ਵਰ ਦੇ ਕੇ ਬੰਗਾਲ, ਉੜੀਸਾ, ਜਗਨ ਨਾਥ ਪੁਰੀ ਤੱਕ ਸਿੱਖੀ ਦਾ ਪ੍ਰਚਾਰ ਕਰਕੇ ਮੁੜ ਪਟਨਾ ਆ ਕੇ ਪਰਿਵਾਰ ਕੋਲ ਰੁਕੇ ਅਤੇ ਉੱਥੋਂ ਵੱਖ-ਵੱਖ ਸਥਾਨਾਂ 'ਤੇ ਰੁਕਦੇ ਹੋਏ ਪਰਿਵਾਰ ਸਮੇਤ ਵਾਪਸ ਅਨੰਦਪੁਰ ਆ ਗਏ।[329] ਇੱਥੇ ਧਿਆਨਦੇਣ ਯੋਗ ਹੈ ਕਿ ਗਿਆਨੀ ਗਿਆਨ ਸਿੰਘ ਵੀ ਪਟਨੇ ਤੋਂ ਆਉਂਦੇ ਹੋਏ ਗੋਬਿੰਦ ਸਿੰਘ ਜੀ ਦਾ ਬੂੜੀਏ ਆਉਣ ਦਾ ਜ਼ਿਕਰ ਕਰਦਾ ਹੈ ਅਤੇ ਲਿਖਦਾ ਹੈ ਕਿ ਇਸ ਇਲਾ ਕੇ ਦੇ ਹਿੰਦੂਆਂ ਨੂੰ ਬਚਨ ਕੀਤਾ ਕਿ ਮੇਰਾ ਬੰਦਾ ਇੱਥੇ ਆ ਕੇ ਤੁਰਕਾਂ ਦੇ ਜ਼ੁਲਮਾਂ ਦਾ ਨਾਸ਼ ਕਰ ਦੇਵੇਗਾ।[330] ਗਿਆਨੀ ਗਿਆਨ ਸਿੰਘ ਦਸਵੇਂ ਗੁਰੂ ਸਾਹਿਬ ਦਾ ਜਨਮ ਸੰਮਤ 1723 ਬਿਕ੍ਰਮੀ ਪੋਹ ਸੁਦੀ 7 ਨੂੰ ਹੋਇਆ ਦੱਸਦਾ ਹੈ।[331] ਕੇਸਰ ਸਿੰਘ ਛਿੱਬਰ ਗਿਆਨੀ ਗਿਆਨ ਸਿੰਘ ਦੇ ਉਲਟ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ 5 ਸਾਲ ਤੀਰਥ ਕੀਤੇ ਅਤੇ 2 ਸਾਲ ਪਟਨੇ ਰੁਕੇ। ਕੇਸਰ ਸਿੰਘ ਛਿੱਬਰ ਗੁਰੂ ਗੋਬਿੰਦ ਸਿੰਘ ਦਾ ਜਨਮ ਪਟਨੇ ਵਿੱਚ ਸੰਮਤ 1718 ਬਿਕ੍ਰਮੀ ਵਿੱਚ ਗੁਰੂ ਹਰਿ ਰਾਇ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਦਾ ਹੋਇਆ ਲਿਖਦਾ ਹੈ।[332] ਮੈਕਾਲਿਫ਼, ਹਰੀ ਰਾਮ ਗੁਪਤਾ ਅਤੇ ਈਸ਼ਰ ਸਿੰਘ ਨਾਰਾ ਵੀ ਦਸਵੇਂ ਗੁਰੂ ਜੀ ਦਾ ਜਨਮ ਸੰਮਤ 1723 ਬਿਕ੍ਰਮੀ ਪੋਹ ਸੁਦੀ 7 (22 ਦਸੰਬਰ 1666 ਈ.) ਇੰਨ ਬਿੰਨ ਗਿਆਨੀ ਗਿਆਨ ਸਿੰਘ ਵਾਲਾ ਹੀ ਮੰਨਦੇ ਹਨ। ਜਦੋਂ ਕਿ ਤੇਜਾ ਸਿੰਘ ਗੰਡਾ ਸਿੰਘ, ਗੁਰੂ ਸਾਹਿਬ ਦਾ ਜਨਮ 26 ਦਸੰਬਰ 1666

---

327 ਕਾਨ੍ਹ ਸਿੰਘ ਨਾਭਾ, *ਉ. ਰ.,* ਪੰਨਾ 100.

328 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 163-167.

329 *ਉਹੀ,* ਪੰਨਾ 168-169.

330 *ਉਹੀ,* ਪੰਨਾ 177.

331 *ਉਹੀ,* ਪੰਨਾ 171.

332 ਕੇਸਰ ਸਿੰਘ ਛਿੱਬਰ, *ਉਹੀ,* ਪੰਨੇ 114, 109-110.

ਈ. ਲਿਖਦੇ ਹਨ।[333]

ਇੱਥੇ ਸਰੂਪ ਦਾਸ ਭੱਲਾ ਗਿਆਨੀ ਗਿਆਨ ਸਿੰਘ ਤੇ ਕੇਸਰ ਸਿੰਘ ਛਿੱਬਰ ਦੇ ਉਲਟ ਲਿਖਦਾ ਹੈ ਕਿ ਔਰੰਗਜ਼ੇਬ ਨੇ ਧੀਰ ਮੱਲ ਦੀ ਸ਼ਿਕਾਇਤ 'ਤੇ ਨੌਵੇਂ ਗੁਰੂ ਸਾਹਿਬ ਨੂੰ ਦਿੱਲੀ ਵਿੱਚ ਤਲਬ ਕੀਤਾ। ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਨੂੰ ਮਿਲਣ ਲਈ ਲੱਖੀ ਜੰਗਲ ਰਾਹੀਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ, ਉੱਥੇ ਕੁੱਝ ਮਹੀਨੇ ਰੁਕਣ ਮਗਰੋਂ ਧਮਧਾਨ ਸਾਹਿਬ ਗਏ। ਉਹ ਲਿਖਦਾ ਹੈ ਕਿ ਗੁਰੂ ਜੀ ਨੂੰ ਰਸਤੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦਿੱਲੀ ਲਿਜਾਇਆ ਗਿਆ। ਔਰੰਗਜ਼ੇਬ ਨੇ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ, ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਉਹ ਔਰੰਗਜ਼ੇਬ ਵੱਲੋਂ ਭਾਈ ਮਤੀ ਦਾਸ ਨੂੰ ਆਰੇ ਨਾਲ ਚਿਰਵਾ ਕੇ ਸ਼ਹੀਦ ਕਰਵਾਉਣ ਦੀ ਪੁਸ਼ਟੀ ਕਰਦਾ ਹੈ। ਉਹ ਲਿਖਦਾ ਹੈ ਕਿ ਰਾਜਾ ਮਾਨ ਸਿੰਘ ਦੀ ਕੁੱਲ ਵਿੱਚੋਂ ਔਰੰਗਜ਼ੇਬ ਦੇ ਸਮੇਂ ਗੱਦੀ ਉੱਤੇ ਬਿਰਾਜਮਾਨ ਰਾਜੇ ਨੇ ਔਰੰਗਜ਼ੇਬ ਨੂੰ ਅਸਾਮ ਜਿੱਤ ਕੇ ਦੇਣ ਦੇ ਬਦਲੇ ਗੁਰੂ ਤੇਗ ਬਹਾਦਰ ਜੀ ਨੂੰ ਕੈਦ ਵਿੱਚੋਂ ਛੁਡਾਇਆ। ਉਹ ਗੁਰੂ ਤੇਗ ਬਹਾਦਰ ਜੀ ਦੇ ਔਰੰਗਜ਼ੇਬ ਦੀ ਕੈਦ ਵਿੱਚੋਂ ਰਿਹਾਅ ਹੋਣ ਮਗਰੋਂ ਪੂਰਬ ਦੀ ਯਾਤਰਾ ਤੇ ਗੰਗਾ, ਜਮਨਾ, ਗੋਮਤੀ, ਬਿਹਾਰ, ਮਾਨਕਪੁਰ, ਆਦਿ ਸਥਾਨਾਂ 'ਤੇ ਜਾਣ ਦੀ ਪੁਸ਼ਟੀ ਕਰਦਾ ਹੈ। ਉਹ ਗੁਰੂ ਜੀ ਦੇ ਪ੍ਰਯਾਗ, ਜੌਨਪੁਰ ਅਤੇ ਬੰਗਾਲ ਜਾਣ ਦੀ ਵੀ ਪੁਸ਼ਟੀ ਕਰਦਾ ਹੈ। ਉਹ ਨੌਵੇਂ ਪਾਤਿਸ਼ਾਹ ਦੇ ਕਾਸ਼ੀ, ਮਿਰਜ਼ਾਪੁਰ, ਕਰਮਨਾਸਾ ਜਾਣ ਦੀ ਅਤੇ ਗੁਰੂ ਘਰ ਦੇ ਪ੍ਰੇਮੀ ਫੱਗੋ ਨੂੰ ਮਿਲਣ ਦੀ ਪੁਸ਼ਟੀ ਵੀ ਕਰਦਾ ਹੈ। ਉਹ ਗੁਰੂ ਤੇਗ ਬਹਾਦਰ ਜੀ ਦੇ ਬਾਮ੍ਹਣੀ ਘਾਟ, ਗਯਾ, ਪਟਨੇ, ਬੈਕੁੰਠਪੁਰ ਆਦਿ ਥਾਵਾਂ 'ਤੇ ਜਾਣ ਦੀ ਪੁਸ਼ਟੀ ਵੀ ਕਰਦਾ ਹੈ। ਸਰੂਪ ਦਾਸ ਭੱਲਾ ਗੁਰੂ ਜੀ ਦੇ ਪਟਨੇ ਸ਼ਹਿਰ 'ਚ ਰੁਕਣ ਅਤੇ ਉੱਥੇ ਹੀ ਬਾਲ ਗੋਬਿੰਦ ਦੇ ਜਨਮ ਹੋਣ ਦੀ ਪੁਸ਼ਟੀ ਕਰਦਾ ਹੈ।[334] ਉਹ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਮੁੰਗੇਰ ਸ਼ਹਿਰ ਵਿਖੇ ਗੰਗਾ ਦੇ ਕਿਨਾਰੇ ਬੰਗਾਲ ਦੇਸ਼ ਦੀਆਂ ਸੰਗਤਾਂ ਨੂੰ ਵੀ ਦਰਸ਼ਨ ਦਿੱਤੇ। ਸਰੂਪ ਦਾਸ ਭੱਲਾ ਲਿਖਦਾ ਹੈ ਕਿ ਨੌਵੇਂ ਗੁਰੂ ਜੀ ਢਾਕਾ ਵੀ ਗਏ ਤੇ ਮਸੰਦ ਬਲਾਕੀ ਦਾਸ ਨੂੰ ਦਰਸ਼ਨ ਵੀ ਦਿੱਤੇ।[335] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਨੌਵੇਂ ਗੁਰੂ ਜੀ ਰਾਜੇ ਦੇ ਨਾਲ ਰੰਗਾਮਾਟੀ ਵੀ ਗਏ ਅਤੇ ਕਾਮਰੂਪ ਦੇ ਰਾਜੇ ਅਤੇ ਰਾਜਾ ਬਿਸ਼ਨ ਸਿੰਘ ਵਿੱਚ ਸੁਲ੍ਹਾ ਕਰਵਾ ਕੇ, ਖੰਜਰ ਪਿੰਡ ਨੂੰ

---

333 ਮੈਕਸ ਆਰਥਰ ਮੈਕਾਲਿਫ਼, *ਉ. ਰ.,* ਪੰਨਾ 311; Hari Ram Gupta, *History of the Sikhs, Vol. I*, Munshi Manohar Lal & Sons, New Delhi, 1994, p.225; ਈਸ਼ਰ ਸਿੰਘ ਨਾਰਾ, *ਸਫ਼ਰਨਾਮਾ ਅਤੇ ਜ਼ਫ਼ਰਨਾਮਾ (ਗੁਰੂ ਗੋਬਿੰਦ ਸਿੰਘ ਸਾਹਿਬ ਜੀ)*, ਨਾਰਾ ਪਬਲਿਕੇਸ਼ਨਜ਼, ਦਿੱਲੀ, 1971, ਪੰਨਾ 08; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 53.

334 ਸਰੂਪ ਦਾਸ ਭੱਲਾ, *ਉ. ਰ.,* ਪੰਨੇ 637-638, 644-646, 652, 658, 661-671 677-681.

335 ਸਰੂਪ ਦਾਸ ਭੱਲਾ, *ਉਹੀ,* ਪੰਨੇ 685-686.

ਕਾਮਰੂਪ ਅਤੇ ਔਰੰਗਜ਼ੇਬ ਦੇ ਰਾਜ ਦੀ ਸਾਂਝੀ ਹੱਦ ਮਿੱਥ ਕੇ ਵਾਪਸ ਪਟਨਾ ਸਾਹਿਬ ਆ ਗਏ।[336] ਸੰਤੋਖ ਸਿੰਘ ਵੀ ਨੌਵੇਂ ਗੁਰੂ ਜੀ ਦੇ ਰੋਪੜ ਹੁੰਦੇ ਹੋਏ, ਪਟਿਆਲਾ ਲੰਘ ਕੇ, ਮੂਲੋਵਾਲ, ਸੇਖਾ ਪਿੰਡ, ਹੰਡਿਆਇਆ, ਧੌਲਾ, ਸੋਹੀਵਾਲ, ਢਿੱਲਵਾਂ, ਤਪਾ, ਪੰਧੇਰ, ਅਲੀਸ਼ੇਰ, ਜੋਗਾ, ਭੁਪਾਲ, ਖੀਵਾ, ਭੀਖੀ, ਖਿਆਲਾ, ਮੌੜ, ਖਾਨਾ, ਤਲਵੰਡੀ, ਸੂਲੀਸਰ, ਬਰ੍ਹੇ, ਗੋਬਿੰਦਪੁਰੇ ਤੋਂ ਗਾਗਾ, ਗੁਰਨੇ, ਮਕਰੋੜ ਹੁੰਦੇ ਹੋਏ ਧਮਧਾਨ ਪਹੁੰਚਣ, ਫ਼ੇਰ ਕੈਥਲ, ਥਾਨੇਸਰ, ਬਨੀ ਬਦਰਪੁਰ, ਕੜਾ, ਪਰਯਾਗ, ਕਾਸ਼ੀ ਵਿਖੇ ਜੌਨਪੁਰ ਦੀ ਸੰਗਤ ਨੂੰ ਮਿਲ ਕੇ ਮਿਰਜਾਪੁਰ ਤੋਂ ਸਸਰਾਮ ਵਿਖੇ ਭਾਈ ਫ਼ੱਗੋ ਦੇ ਘਰ ਠਹਿਰਣ, ਉੱਥੋਂ ਗਯਾ ਹੁੰਦੇ ਹੋਏ ਪਟਨਾ ਪਹੁੰਚਣ ਦਾ ਜ਼ਿਕਰ ਕਰਦਾ ਹੈ। ਸੰਤੋਖ ਸਿੰਘ ਅਨੁਸਾਰ ਪਟਨਾ ਤੋਂ ਨੌਵੇਂ ਗੁਰੂ ਜੀ ਰਾਜਾ ਬਿਸ਼ਨ ਸਿੰਘ ਨਾਲ ਮੁੰਗੇਰ, ਪੰਡੂਆ ਆਦਿ ਨਗਰਾਂ ਵਿੱਚ ਰੁਕਦੇ ਹੋਏ ਢਾਕਾ ਪਹੁੰਚੇ, ਢਾਕੇ ਤੋਂ ਰਾਜਾ ਦੇ ਨਾਲ ਹੀ ਰੰਗਾਮਾਟੀ ਗਏ।[337] ਨੌਵੇਂ ਗੁਰੂ ਜੀ ਰੰਗਾਮਾਟੀ ਤੋਂ ਬ੍ਰਹਮਪੁੱਤਰ ਪਾਰ ਕਰਕੇ ਕਾਮਰੂਪ ਗਏ ਅਤੇ ਰਾਜਾ ਬਿਸ਼ਨ ਸਿੰਘ ਤੇ ਕਾਮਰੂਪ ਦੇ ਰਾਜੇ ਦੀ ਆਪਸ ਵਿੱਚ ਸੁਲ੍ਹਾ ਕਰਵਾ ਕੇ ਖੰਜਰ ਸ਼ਹਿਰ ਵਸਾਇਆ।[338] ਨੌਵੇਂ ਪਾਤਿਸ਼ਾਹ ਨੂੰ ਅਸਾਮ ਦੀ ਯਾਤਰਾ ਦੌਰਾਨ ਹੀ ਬਾਲ ਗੋਬਿੰਦ ਦੇ ਜਨਮ ਦੀ ਖ਼ਬਰ ਮਿਲੀ।[339] ਸੰਤੋਖ ਸਿੰਘ ਬਾਲ ਗੋਬਿੰਦ ਦਾ ਜਨਮ ਪੋਹ ਸੁਦੀ 7 ਨੂੰ ਹੋਇਆ ਦੱਸਦਾ ਹੈ।[340] ਕਈ ਸਾਲ ਕਾਮਰੂਪ ਵਿੱਚ ਰਹਿ ਕੇ ਨੌਵੇਂ ਗੁਰੂ ਸਾਹਿਬ ਵਾਪਸ ਪਟਨੇ ਆ ਗਏ।[341] ਸੰਤੋਖ ਸਿੰਘ ਲਿਖਦਾ ਹੈ ਕਿ ਕੁੱਝ ਸਮਾਂ ਪਟਨਾ ਠਹਿਰਣ ਮਗਰੋਂ ਗੁਰੂ ਜੀ ਆਪਣੇ ਸਾਰੇ ਪਰਿਵਾਰ ਨੂੰ ਪਟਨਾ ਛੱਡ ਕੇ ਪੰਜਾਬ ਵੱਲ ਵਾਪਸ ਆ ਗਏ ਅਤੇ ਕੀਤਰਪੁਰ ਆ ਕੇ ਸੂਰਜ ਮੱਲ ਕੋਲ ਰੁਕੇ। ਕੀਰਤਪੁਰੋਂ ਗੁਰੂ ਤੇਗ ਬਹਾਦਰ ਜੀ ਅਗਲੇ ਦਿਨ ਆਪਣੇ ਵਸਾਏ ਨਗਰ ਅਨੰਦਪੁਰ ਪਹੁੰਚ ਗਏ।[342]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਔਰੰਗਜ਼ੇਬ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਰਿਹਾ ਸੀ ਤਾਂ ਬਹੁਤ ਸਾਰੇ ਹਿੰਦੂ ਆਪਣੀ ਫ਼ਰਿਆਦ ਲੈ ਕੇ ਗੁਰੂ ਤੇਗ ਬਹਾਦਰ ਜੀ ਕੋਲ ਗਏ। ਜਦੋਂ ਗੁਰੂ ਜੀ ਨੇ ਕਿਹਾ ਕਿ ਹਿੰਦੂ ਧਰਮ ਨੂੰ ਬਚਾਉਣ ਲਈ ਕਿਸੇ ਵੱਡੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਹੈ ਤਾਂ ਮੌਕੇ 'ਤੇ ਦਰਬਾਰ ਵਿੱਚ ਮੌਜੂਦ ਬਾਲ ਗੋਬਿੰਦ ਨੇ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਪੁਰਖ ਹੋਰ ਕੌਣ

336 *ਉਹੀ,* ਪੰਨੇ 699-705.

337 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4101- 4244.

338 ਭਾਈ ਸੰਤੋਖ ਸਿੰਘ, *ਉਹੀ,* ਪੰਨਾ 4261.

339 *ਉਹੀ,* ਪੰਨਾ 4266.

340 *ਉਹੀ,* ਪੰਨਾ 4271.

341 *ਉਹੀ,* ਪੰਨਾ 4316.

342 *ਉਹੀ,* ਪੰਨੇ 4329-4331.

ਹੋਵੇਗਾ। ਪੁੱਤਰ ਦਾ ਉੱਤਰ ਸੁਣ ਕੇ ਨੌਵੇਂ ਪਾਤਿਸ਼ਾਹ ਬੜੇ ਖੁਸ਼ ਹੋਏ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਖ਼ਾਤਰ ਸੰਮਤ 1732 ਬਿਕ੍ਰਮੀ ਵਿੱਚ ਦਿੱਲੀ ਜਾ ਕੇ ਸ਼ਹੀਦੀ ਦੇ ਦਿੱਤੀ। ਗੁਰੂ ਜੀ ਦੇ ਨਾਲ ਭਾਈ ਮਤੀਦਾਸ ਤੇ ਭਾਈ ਦਿਆਲਾ ਸਮੇਤ ਪੰਜ ਸਿੰਘਾਂ ਨੇ ਵੀ ਧਰਮ ਦੀ ਪੱਤ ਰੱਖਦੇ ਹੋਏ ਸ਼ਹੀਦੀ ਦਾ ਜਾਮ ਪੀਤਾ।[343] ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦੇਣ ਲਈ ਅਨੰਦਪੁਰ ਸਾਹਿਬ ਤੋਂ ਤੁਰਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸਮੇਤ ਹਾਜ਼ਰ ਹੋਣ ਦੀ ਗਵਾਹੀ ਸਰੂਪ ਸਿੰਘ ਕੌਸ਼ਿਸ਼ ਵੀ ਭਰਦਾ ਹੈ।[344] ਗੁਰੂ ਤੇਗ ਬਹਾਦਰ ਜੀ ਦੀ ਸਹਾਦਤ ਦਾ ਸਮਾਂ ਸੰਮਤ 1732 ਬਿਕ੍ਰਮੀ (11 ਨਵੰਬਰ 1675 ਈ.) ਸਰੂਪ ਸਿੰਘ ਕੌਸ਼ਿਸ਼, ਤੇਜਾ ਸਿੰਘ ਗੰਡਾ ਸਿੰਘ ਤੇ ਹਰੀ ਰਾਮ ਗੁਪਤਾ ਵੀ ਮੰਨਦੇ ਹਨ।[345] ਗਿਆਨੀ ਗਿਆਨ ਸਿੰਘ ਮੁਤਾਬਿਕ ਭਾਈ ਜੈਤਾ ਗੁਰੂ ਜੀ ਦਾ ਸੀਸ ਅਨੰਦਪੁਰ ਲੈ ਕੇ ਆਏ ਤੇ ਭਾਈ ਉਦੇ ਨੇ ਲੱਖੀ ਸ਼ਾਹ ਨਾਲ ਮਿਲਕੇ ਦਿੱਲੀ ਵਿੱਚ ਹੀ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ।[346] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਗੁਰੂ ਜੀ ਨੂੰ ਇਸ ਕਰਕੇ ਸ਼ਹੀਦ ਕੀਤਾ ਗਿਆ, ਕਿਉਂਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਗੁਨਾਹ ਨਹੀਂ ਬਖ਼ਸ਼ਾਏ ਤੇ ਨਾ ਹੀ ਚਮਤਕਾਰ ਦਿਖਾਇਆ, ਨਾਂ ਹੀ ਦੀਨ ਕਬੂਲ ਕੀਤਾ।[347] ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਜੀ ਦੁਆਰਾ ਦਿੱਲੀ ਵਿੱਖੇ ਹੀ ਗੁਰਿਆਈ ਦੀ ਨਲੇਰ ਭਾਈ ਖੁਸ਼ਹਾਲ ਦੇ ਹੱਥ ਆਪਣੇ ਪੁੱਤਰ ਗੋਬਿੰਦ ਰਾਇ ਨੂੰ ਸੌਂਪਣ ਲਈ ਅਨੰਦਪੁਰ ਭੇਜ ਦਿੱਤੀ।[348] ਕੇਸਰ ਸਿੰਘ ਛਿੱਬਰ ਕਸ਼ਮੀਰੀ ਪੰਡਤਾਂ ਦੀ ਬੇਨਤੀ 'ਤੇ ਗੁਰੂ ਜੀ ਦੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦ ਹੋਣ ਦੀ ਗੱਲ ਤਾਂ ਨਹੀਂ ਕਰਦਾ, ਪਰ ਫ਼ੇਰ ਵੀ ਤੇਗ ਬਹਾਦਰ ਨੂੰ ਤਿਲਕ-ਜੰਞੂ ਦਾ ਰਾਖਾ ਲਿਖ ਰਿਹਾ ਹੈ ਤੇ ਸ਼ਹੀਦੀ ਦੀ ਤਾਰੀਖ਼ ਗਿਆਨੀ ਗਿਆਨ ਸਿੰਘ ਵਾਲੀ ਹੀ ਦੇ ਰਿਹਾ ਹੈ।[349] ਛਿੱਬਰ ਦੇ ਅਨੁਸਾਰ ਗੁਰੂ ਜੀ ਦਾ ਸੀਸ ਇੱਕ ਰੰਗਰੇਟਾ ਸਿੱਖ ਤੇ ਭਾਈ ਲਾਲੋ ਮਾਖੋਵਾਲ ਲੈ ਕੇ ਆਏ ਅਤੇ ਗੁਰੂ ਜੀ ਦੀ ਦੇਹ ਦਾ ਸੰਸਕਾਰ ਕਾਜ਼ੀ ਨੂੰ ਰਿਸ਼ਵਤ ਦੇ ਕੇ ਕੁੱਝ ਸਿੱਖਾਂ ਨੇ ਦਿੱਲੀ ਵਿੱਚ ਹੀ ਕੀਤਾ।[350] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਪਟਨੇ ਵਿੱਚ ਬਾਲ ਗੋਬਿੰਦ ਰਾਇ ਨੂੰ ਗੁਰਿਆਈ ਦਾ ਤਿਲਕ ਲਾ ਕੇ ਗੁਰੂ ਤੇਗ ਬਹਾਦਰ ਜੀ ਆਪ ਰਾਜੇ ਨਾਲ ਦਿੱਲੀ ਨੂੰ ਚਲ ਪਏ। ਉਸ ਅਨੁਸਾਰ ਦਿੱਲੀ ਆ ਕੇ ਗੁਰੂ

---

343 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 169-170

344 ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 79.

345 ਸਰੂਪ ਸਿੰਘ ਕੌਸ਼ਿਸ਼, *ਉਹੀ,* ਪੰਨਾ 84; ਤੇਜਾ ਸਿੰਘ ਗੰਡਾ ਸਿੰਘ, *ਉ. ਰ.,* ਪੰਨਾ 57; Hari Ram Gupta, *History of Sikh Gurus, 1973,* pp.214-215.

346 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 170.

347 ਕੇਸਰ ਸਿੰਘ ਛਿੱਬਰ *ਉ. ਰ.,* ਪੰਨਾ 120.

348 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 118

349 *ਉਹੀ,* ਪੰਨਾ 120.

350 *ਉਹੀ,* ਪੰਨਾ 122.

ਜੀ ਨੇ ਇਸਲਾਮ ਧਰਮ ਦੇ ਵੱਧਦੇ ਪ੍ਰਤਾਪ ਨੂੰ ਰੋਕਣ ਲਈ ਸੀਸ ਦੇਣ ਦਾ ਨਿਸ਼ਚਾ ਕੀਤਾ ਅਤੇ ਇਸ ਸੰਬੰਧੀ ਸੂਚਨਾ ਆਪਣੇ ਪੁੱਤਰ ਗੋਬਿੰਦ ਨੂੰ ਪਟਨੇ ਭੇਜ ਦਿੱਤੀ। ਗੁਰੂ ਜੀ ਨੇ ਕੈਦਖਾਨੇ ਵਿੱਚ ਰਾਜਪੂਤ ਨੂੰ ਬੁਲਾਇਆ ਅਤੇ ਉਸ ਨੂੰ ਆਪਣੀ ਤਿੱਖੀ ਤਲਵਾਰ ਨਾਲ ਸੀਸ ਲਾਹੁਣ ਲਈ ਕਿਹਾ। ਗੁਰੂ ਜੀ ਦੇ ਬਚਨਾਂ ਨੂੰ ਮੰਨਦੇ ਹੋਏ ਉਸ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਗੁਰੂ ਜੀ ਦੀ ਆਗਿਆ ਮੁਤਾਬਿਕ ਉਨ੍ਹਾਂ ਦੀ ਦੇਹ ਨੂੰ ਅਨੰਦਪੁਰ ਪਹੁੰਚਾ ਦਿੱਤਾ ਗਿਆ। ਉਹ ਵੀ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਸੰਮਤ ਗਿਆਨੀ ਗਿਆਨ ਸਿੰਘ ਵਾਲਾ ਹੀ ਲਿਖਦਾ ਹੈ। ਉਸ ਮੁਤਾਬਿਕ ਗੋਬਿੰਦ ਸਿੰਘ ਜੀ ਬਾਰ੍ਹਾਂ ਸਾਲ ਪਟਨੇ ਰਹਿ ਕੇ ਪਰਬਤਾਂ ਵਿੱਚੋਂ ਦੀ ਹੁੰਦੇ ਹੋਏ ਗੰਗਾ ਉੱਤਰਕੇ, ਤਰਾਈ ਦੇ ਪਹਾੜਾਂ ਵਿੱਚੋਂ ਦੀ ਕੀਰਤਪਰ ਪਹੁੰਚੇ ਅਤੇ ਇੱਥੋਂ ਅੱਗੇ ਮਾਖੋਵਾਲ ਜਾ ਕੇ ਰੁਕੇ ਅਤੇ ਮਾਖੋਵਾਲ ਦਾ ਨਾਂ ਅਨੰਦਪੁਰ ਰੱਖਿਆ।[351] ਸੰਤੋਖ ਸਿੰਘ ਕਸ਼ਮੀਰੀ ਪੰਡਤਾਂ ਦੁਆਰਾ ਆਪਣਾ ਧਰਮ ਬਚਾਉਣ ਲਈ ਨੌਵੇਂ ਪਾਤਿਸ਼ਾਹ ਨੂੰ ਕੀਤੀ ਫ਼ਰਿਆਦ ਦੀ ਵੀ ਪੁਸ਼ਟੀ ਕਰਦਾ ਹੈ।[352] ਉਸ ਦੀ ਲਿਖਤ ਅਨੁਸਾਰ ਗੁਰੂ ਜੀ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਅਨੰਦਪੁਰ ਤੋਂ ਚੱਲ ਕੇ ਅਤੇ ਨਵਾਬ ਸੈਫ਼ਦੀਨ ਕੋਲ ਆ ਕੇ ਸੈਫ਼ਾਬਾਦ ਰੁਕੇ। ਗੁਰੂ ਜੀ ਸੈਫ਼ਾਬਾਦ ਤੋਂ ਚੱਲ ਕੇ ਸਮਾਣਾ, ਕਰਹਾਲੀ, ਚੀਕੇ, ਖਟਕੜ, ਜੀਂਦ ਹੁੰਦਿਆਂ ਆਗਰਾ ਗਏ। ਆਗਰੇ ਤੋਂ ਨੌਵੇਂ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਜਾਇਆ ਗਿਆ।[353] ਗੁਰੂ ਤੇਗ ਬਹਾਦਰ ਜੀ ਦੀ ਚਿੱਠੀ ਮਿਲਦਿਆਂ ਹੀ ਉਨ੍ਹਾਂ ਦਾ ਸਾਰਾ ਪਰਿਵਾਰ ਪਟਨੇ ਤੋਂ ਚੱਲ ਪਿਆ ਅਤੇ ਜੌਨਪੁਰ ਦੀ ਸੰਗਤ ਨੂੰ ਮਿਲ ਕੇ ਕਾਸ਼ੀ ਹੁੰਦੇ ਹੋਏ ਅਯੁੱਧਿਆ ਤੋਂ ਹਰਿਦੁਆਰ ਗਏ ਅਤੇ ਹਰਿਦੁਆਰ ਲਾਗੇ ਹੀ ਗੁਰੂ ਜੀ ਦੇ ਪਰਿਵਾਰ ਨੂੰ, ਉਨ੍ਹਾਂ ਦੇ ਦਿੱਲੀ ਵਿੱਚ ਕੈਦ ਹੋਣ ਦੀ ਸੂਚਨਾ ਮਿਲੀ।[354] ਪੱਤਰ ਵਿੱਚ ਗੁਰੂ ਜੀ ਨੇ ਲਿਖਿਆ ਸੀ ਕਿ ਪਰਿਵਾਰ ਹੁਣ ਅਨੰਦਪੁਰ ਨਾ ਜਾਵੇ, ਲਖਨੌਰ ਪਿੰਡ ਜਾ ਕੇ ਨਿਵਾਸ ਕਰੇ। ਭਾਈ ਮਤੀਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਦਿੱਲੀਓਂ ਹੀ ਗੁਰੂ ਜੀ ਨੇ ਆਪਣੇ ਸਿੱਖਾਂ ਰਾਹੀਂ ਆਪਣੇ ਪਰਿਵਾਰ ਨੂੰ ਲਖਨੌਰ ਛੱਡ ਕੇ ਅਨੰਦਪੁਰ ਵੱਸਣ ਦਾ ਸੰਦੇਸ਼ ਭੇਜਿਆ। ਸੰਤੋਖ ਸਿੰਘ ਲਿਖਦਾ ਹੈ ਕਿ ਨੌਵੇਂ ਗੁਰੂ ਜੀ ਨੇ ਦਿੱਲੀ ਦੇ ਕੈਦਖਾਨੇ 'ਚੋਂ ਹੀ ਗੁਰਿਆਈ ਆਪਣੇ ਪੁੱਤਰ ਗੋਬਿੰਦ ਰਾਇ ਲਈ ਦੇ ਕੇ ਇੱਕ ਸਿੱਖ ਨੂੰ ਅਨੰਦਪੁਰ ਭੇਜ ਦਿੱਤਾ। ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਇਸਲਾਮ ਨਾ ਕਬੂਲਦੇ ਹੋਏ ਸੰਮਤ 1732 ਬਿਕ੍ਰਮੀ ਮੱਘਰ ਸੁਦੀ 5 ਦਿਨ ਵੀਰਵਾਰ ਨੂੰ ਸ਼ਹੀਦ ਹੋ ਗਏ ਅਤੇ ਹਿੰਦੂ ਧਰਮ ਦੀ ਪੱਤ ਬਚਾ ਲਈ। ਗੁਰੂ ਜੀ ਦਾ ਸੀਸ ਇੱਕ ਸਿੱਖ ਦੀ ਝੋਲੀ ਵਿੱਚ ਜਾ ਡਿੱਗਿਆ। ਇੱਕ

---

351 ਸਰੂਪ ਦਾਸ ਭੱਲਾ, *ਉ. ਰ.,* ਪੰਨੇ 709, 715-716, 719, 729-731.

352 ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 4335.

353 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ-ਗਿਆਰ੍ਹਵੀਂ,* ਪੰਨੇ 4346-4375.

354 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਗਿਆਰ੍ਹਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 4388-4389, 4396, 4398, 4400-4401.

ਵਣਜਾਰੇ ਸਿੱਖ ਨੇ ਬਲਦਾਂ ਦਾ ਝੁੰਡ ਮੂਹਰੇ ਲਾ ਕੇ ਤੇ ਹਨੇਰੀ ਦਾ ਫਾਇਦਾ ਉਠਾਉਂਦਿਆਂ ਕੇ ਗੁਰੂ ਜੀ ਦਾ ਧੜ ਚੁੱਕ ਲਿਆਂਦਾ ਤੇ ਆਪਣੇ ਛੱਪਰਾਂ 'ਚ ਗੁਰੂ ਜੀ ਦਾ ਧੜ ਰੱਖ ਕੇ ਅੱਗ ਲਗਾ ਦਿੱਤੀ। ਇਸ ਤਰ੍ਹਾਂ ਗੁਰੂ ਜੀ ਦੀ ਦੇਹ ਦਾ ਸਸਕਾਰ ਹੋ ਗਿਆ। ਗੁਰੂ ਜੀ ਦੇ ਸੀਸ ਦਾ ਸਸਕਾਰ ਅਨੰਦਪੁਰ 'ਚ ਕੀਤਾ ਗਿਆ।[355]

## ਗੁਰੂ ਗੋਬਿੰਦ ਸਿੰਘ ਜੀ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ ਅਤੇ ਉਨ੍ਹਾਂ ਦੇ ਸਮੇਂ ਸਿੱਖ ਪੰਥ ਵਿੱਚ ਭਾਰੀ ਵਾਧਾ ਹੋਇਆ। ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਜੋਤ ਅੱਗੇ-ਅੱਗੇ ਤੁਰਦੀ ਗਈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਿਵੇਂ ਬੂਟੇ ਸ਼ਾਹ ਨੇ ਦਸ ਗੁਰੂ ਸਾਹਿਬਾਨ ਬਾਰੇ ਲਿਖਿਆ ਸੀ, ਉਸ ਨੇ ਵੀ ਉਸੇ ਤਰ੍ਹਾਂ ਹੀ ਲਿਖਿਆ ਹੈ।[356] ਗਿਆਨੀ ਗਿਆਨ ਸਿੰਘ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੋਬਿੰਦ ਸਿੰਘ ਜੀ ਦੇ ਸਿੱਖਾਂ ਦੇ ਦਸਵੇਂ ਗੁਰੂ ਬਣਨ ਦੀ ਪੁਸ਼ਟੀ ਕਰਦਾ ਹੈ।[357] ਕੇਸਰ ਸਿੰਘ ਛਿੱਬਰ ਤੇ ਸੰਤੋਖ ਸਿੰਘ ਮੁਤਾਬਿਕ ਵੀ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਤੋਂ ਬਾਅਦ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ।[358] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਸੰਮਤ 1730 ਬਿਕ੍ਰਮੀ ਵਿੱਚ ਹਾੜ ਸੁਦੀ 23 ਨੂੰ ਲਾਹੌਰ ਦੇ ਹਰਜਸ ਖੱਤਰੀ ਦੀ ਧੀ ਨਾਲ ਗੁਰੂ ਕੇ ਲਾਹੌਰ ਵਿੱਚ ਹੋਇਆ।[359] ਗਿਆਨੀ ਗਿਆਨ ਸਿੰਘ ਇੱਥੇ ਗੁਰੂ ਜੀ ਦੀ ਸੁਪਤਨੀ ਦਾ ਨਾਂ ਮਾਤਾ ਜੀਤੋ ਲਿਖ ਰਿਹਾ ਹੈ।[360] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇਸੇ ਸਾਲ ਹੀ ਗੁਰੂ ਜੀ ਨੇ ਮਾਤਾ ਸੁੰਦਰੀ ਨਾਲ ਦੂਜਾ ਵਿਆਹ ਵੀ ਕਰਵਾਇਆ।[361] ਜਦੋਂ ਕਿ ਕੇਸਰ ਸਿੰਘ ਛਿੱਬਰ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਗੁਰਗੱਦੀ 'ਤੇ ਬੈਠਣ ਤੋਂ ਪਹਿਲਾਂ ਸੰਮਤ 1730 ਬਿਕ੍ਰਮੀ ਵਿੱਚ ਮਾਤਾ ਸੁੰਦਰੀ ਨਾਲ ਹੋਇਆ ਦੱਸਦਾ ਹੈ।[362] ਕੇਸਰ ਸਿੰਘ ਛਿੱਬਰ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਵਿਆਹ ਸੰਮਤ 1742 ਬਿਕ੍ਰਮੀ ਵਿੱਚ 'ਗੁਰੂ ਕੇ ਲਾਹੌਰ' ਵਿਖੇ ਮਾਤਾ ਜੀਤੋ ਨਾਲ

---

355 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਗਿਆਰ੍ਹਵੀਂ,* ਪੰਨੇ 4401, 4432-4434, 4465, 4472-4473, 4479-4481, 4507.

356 ਰਤਨ ਸਿੰਘ ਭੰਗੂ, *ੳ. ਰ.,* ਪੰਨਾ 23.

357 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 182.

358 ਕੇਸਰ ਸਿੰਘ ਛਿੱਬਰ, *ੳ. ਰ.,* ਪੰਨਾ 127; ਭਾਈ ਸੰਤੋਖ ਸਿੰਘ, *ੳ. ਰ., ਜਿ. ਗਿ.,* ਪੰਨਾ 4516.

359 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 182.

360 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 185.

361 *ਉਹੀ,* ਪੰਨੇ 194-196.

362 ਕੇਸਰ ਸਿੰਘ ਛਿੱਬਰ, *ੳ. ਰ.,* ਪੰਨਾ 126.

ਹੋਇਆ ਲਿਖਦਾ ਹੈ।[363] ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਜੀ ਦਾ ਪਹਿਲਾ ਵਿਆਹ ਸੁਭਿਖੀ ਗੋਤ ਦੇ ਲਾਹੌਰ ਵਾਸੀ ਖੱਤਰੀ ਦੀ ਧੀ ਨਾਲ ਗੁਰੂ ਕਾ ਲਾਹੌਰ ਵਿਖੇ ਹੋਇਆ ਅਤੇ ਤਾਰੀਖ਼ ਹਾੜ ਸੁਦੀ 23 ਦੱਸ ਰਿਹਾ ਹੈ ਅਤੇ ਪਹਿਲੀ ਪਤਨੀ ਦਾ ਨਾਂ ਜੀਤੋ ਦੱਸਦਾ ਹੈ। ਉਹ ਗੁਰੂ ਜੀ ਦਾ ਦੂਜਾ ਵਿਆਹ ਕੁਮਰਾਘ ਗੋਤ ਦੇ ਖੱਤਰੀ ਦੀ ਕੁੜੀ ਨਾਲ ਅਨੰਦਪੁਰ 'ਚ ਹੋਇਆ ਦੱਸਦਾ ਹੈ।[364]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਾਜਾ ਦੀਪ ਚੰਦ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਭੀਮ ਚੰਦ ਕਹਿਲੂਰ ਦਾ ਰਾਜਾ ਬਣਿਆ। ਇੱਧਰ ਗੋਬਿੰਦ ਸਿੰਘ ਜੀ ਵੀ ਸਿੱਖਾਂ ਦੇ ਦਸਵੇਂ ਗੁਰੂ ਬਣੇ। ਭੀਮ ਚੰਦ ਦਸਮੇਸ਼ ਜੀ ਦੀ ਸ਼ਾਹੀ ਠਾਠ-ਬਾਠ, ਸ਼ਿਕਾਰ ਖੇਡਣ, ਨਗਾਰਾ ਵਜਾਉਣ ਆਦਿ ਤੋਂ ਈਰਖ਼ਾ ਕਰਨ ਲੱਗਾ।[365] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਅਨੰਦਪੁਰ ਵਿੱਚ ਸਿੱਖ ਸੰਗਤ ਦਸਵੇਂ ਗੁਰੂ ਜੀ ਦੇ ਦਰਸ਼ਨਾਂ ਲਈ ਹੁੰਮ-ਹੁੰਮਾ ਕੇ ਪਹੁੰਚਣ ਲੱਗੀ। ਤੰਬੂ, ਪਸ਼ਮੀਨੇ, ਘੋੜੇ ਆਦਿ ਭੇਟਾ ਲੈ ਕੇ ਪਹੁੰਚਣ ਲੱਗੇ। ਅਸਾਮ ਦਾ ਰਾਜਾ ਆਪਣੇ ਘਰ ਪੁੱਤਰ ਹੋਣ ਦੀ ਖੁਸ਼ੀ ਵਿੱਚ ਚਿੱਟਾ ਹਾਥੀ, ਪੰਜ ਘੋੜੇ, ਹੀਰਿਆਂ ਨਾਲ ਜੜੀ ਹੋਈ ਕਲਗੀ ਅਤੇ ਹੋਰ ਕਈ ਸ਼ਸਤਰ-ਬਸਤਰ ਅਤੇ ਪੰਜ ਸੌ ਮੋਹਰਾਂ ਭੇਟ ਕਰਕੇ ਗਿਆ। ਰਾਜਾ ਬਿਸ਼ਨ ਸਿੰਘ, ਜਿਸ ਨੂੰ ਤੇਗ ਬਹਾਦਰ ਦੇ ਬਚਨਾਂ ਸਦਕਾ ਫ਼ਤਿਹ ਨਸੀਬ ਹੋਈ ਸੀ, ਪੰਜ ਘੋੜੇ, ਗਹਿਣੇ ਤੇ ਕਲਗੀ, ਤਲਵਾਰ, ਤੀਰ ਕਮਾਨ, ਪੇਟੀਪੇਸ ਆਦਿ ਭੇਟ ਕਰਕੇ ਗਿਆ। ਸਿੰਧ ਦੇਸ਼ ਦੀ ਸੰਗਤ ਅਤੇ ਸੇਠ ਮਗਨ ਮੱਲ ਦਸ ਹਜ਼ਾਰ ਰੁਪੈ ਦਸਵੰਧ ਭੇਟ ਕਰਕੇ ਗਏ। ਸੰਮਤ 1740 ਬਿਕ੍ਰਮੀ ਦੀ ਵਿਸਾਖੀ ਨੂੰ ਗੁਰੂ ਜੀ ਦੀ ਸੋਭਾ ਸੁਣ ਕੇ ਪਹਾੜੀ ਰਾਜੇ ਵੀ ਦਰਸ਼ਨਾਂ ਲਈ ਆਏ। ਉਹ ਗੁਰੂ ਜੀ ਦੇ ਦਰਬਾਰ ਦੀ ਸ਼ਾਨੋ-ਸ਼ੌਕਤ ਵੇਖ ਕੇ ਹੈਰਾਨ ਰਹਿ ਗਏ। ਜਦੋਂ ਉਨ੍ਹਾਂ ਨੇ ਕਾਬਲ ਦੀ ਸੰਗਤ ਵੱਲੋਂ ਭੇਟ ਕੀਤਾ ਤੰਬੂ ਦੇਖਿਆ ਤਾਂ ਪਹਾੜੀ ਰਾਜਿਆਂ ਦੇ ਮੂੰਹ ਅੱਡੇ ਹੀ ਰਹਿ ਗਏ।[366] ਕੇਸਰ ਸਿੰਘ ਛਿੱਬਰ ਵੀ ਲਿਖਦਾ ਹੈ ਕਿ ਸਿੱਖ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਗੁਰੂ ਜੀ ਲਈ ਬੇਸ਼ਕੀਮਤੀ ਤੋਹਫ਼ੇ ਤੇ ਦਸਵੰਧ ਲੈ ਕੇ ਆਉਂਦੀਆਂ ਸਨ। ਗੁਰੂ ਜੀ ਦੀ ਇਹ ਸ਼ਾਨੋ-ਸ਼ੌਕਤ ਦੇਖ ਕੇ ਪਹਾੜੀ ਰਾਜੇ ਉਨ੍ਹਾਂ ਨਾਲ ਈਰਖ਼ਾ ਕਰਨ ਲੱਗੇ।[367] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਅਨੰਦਪੁਰ ਵਿੱਚ ਜਾ ਕੇ ਗੁਰੂ ਜੀ ਨੇ ਨਿੱਤ ਦੀਵਾਨ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚਣ ਲੱਗੀਆਂ।[368] ਸੰਤੋਖ ਸਿੰਘ ਲਿਖਦਾ ਹੈ ਕਿ ਬੇਸ਼ਕੀਮਤੀ ਤੰਬੂ, ਸਫ਼ੈਦ ਹਾਥੀ ਅਤੇ ਪੰਜ ਕਲਾ

---

[363] ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 149.

[364] ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4529, 4545-4546, 4530, 4550, 4575-4576.

[365] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 188.

[366] ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 192-194.

[367] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 150.

[368] ਸਰੂਪ ਦਾਸ ਭੱਲਾ, *ਉ. ਰ.,* ਪੰਨੇ 734-738.

ਸ਼ਾਸਤਰ, ਸੁੰਦਰ ਚੌਂਕੀ ਆਦਿ ਵਸਤਾਂ ਸੰਗਤਾਂ ਨੇ ਗੁਰੂ ਜੀ ਨੂੰ ਭੇਟ ਕੀਤਆਂ। ਜਦੋਂ ਗੁਰੂ ਜੀ ਕੋਲ ਕਾਫ਼ੀ ਫ਼ੌਜ ਇੱਕਠੀ ਹੋ ਗਈ ਤਾਂ ਉਨ੍ਹਾਂ ਨੇ ਰਣਜੀਤ ਨਗਾਰਾ ਬਣਵਾਇਆ। ਉਸ ਮੁਤਾਬਿਕ ਗੁਰੂ ਘਰ ਦੀਆਂ ਅਮੋਲਕ ਵਸਤੂਆਂ, ਕਾਬਲੀ ਤੰਬੂ, ਪ੍ਰਸ਼ਾਦੀ ਹਾਥੀ ਆਦਿ ਦੇਖ ਕੇ ਭੀਮ ਚੰਦ ਨੂੰ ਈਰਖ਼ਾ ਹੋ ਗਈ।[369]

ਗਿਆਨੀ ਗਿਆਨ ਸਿੰਘ ਅਨੁਸਾਰ ਉੱਚੀ ਨਸਲ ਦੇ ਘੋੜੇ, ਪਰਸ਼ਾਦੀ ਹਾਥੀ, ਸੁੰਦਰ ਪਸ਼ਮੀਨੇ ਅਤੇ ਮਖਮਲੀ ਗਲੀਚੇ ਦੇਖ ਕੇ ਪਹਾੜੀ ਰਾਜਿਆਂ ਦੀ ਨੀਂਦ ਉੱਡ ਗਈ। ਭੀਮ ਚੰਦ ਕਹਿਲੂਰੀਆ ਇਹ ਸਾਰੀਆਂ ਕੀਮਤੀ ਵਸਤਾਂ ਖੋਹਣ ਲਈ ਸਕੀਮਾਂ ਬਣਾਉਣ ਲੱਗਾ। ਭੀਮ ਚੰਦ ਨੇ ਆਪਣੇ ਪੁੱਤਰ ਦੇ ਵਿਆਹ ਦੇ ਮੌਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਰਸ਼ਾਦੀ ਹਾਥੀ ਤੇ ਕਾਬਲੀ ਤੰਬੂ ਅਤੇ ਹੋਰ ਵਸਤਾਂ ਮੰਗੀਆਂ। ਪਰ ਗੁਰੂ ਜੀ ਦੇ ਇਨਕਾਰ ਕਰਨ 'ਤੇ ਭੀਮ ਚੰਦ ਨਰਾਜ਼ ਹੋ ਗਿਆ। ਉਸ ਨੇ ਗੁਰੂ ਜੀ ਨੂੰ ਇਹ ਸਮਾਨ ਖੋਹ ਕੇ ਲੈ ਜਾਣ ਦੀ ਧਮਕੀ ਦਿੱਤੀ। ਇਸੇ ਸਾਲ ਗੁਰੂ ਜੀ ਨੇ ਅਨੰਦਪੁਰ ਦੇ ਆਲੇ ਦੁਆਲੇ ਚਾਰ ਕਿਲ੍ਹੇ ਵੀ ਬਣਾ ਲਏ।[370] ਸੰਤੋਖ ਸਿੰਘ ਵੀ ਗੁਰੂ ਜੀ ਵੱਲੋਂ ਭੀਮ ਚੰਦ ਨੂੰ ਹਾਥੀ ਦੇਣ ਤੋਂ ਇਨਕਾਰ ਕਰਨ ਦੀ ਪੁਸ਼ਟੀ ਕਰਦਾ ਹੈ। ਜਦੋਂ ਅਜਮੇਰ ਚੰਦ ਦੇ ਵਿਆਹ ਵੇਲੇ ਪੰਮਾ ਪ੍ਰੋਹਿਤ ਤੇ ਰਾਜਾ ਕੇਸਰੀ ਚੰਦ ਫ਼ੇਰ ਤੋਂ ਵਸਤਾਂ ਮੰਗਣ ਆਏ ਤਾਂ ਉਨ੍ਹਾਂ ਨੂੰ ਧੱਕੇ ਮਾਰ ਕੇ ਅਨੰਦਪੁਰ 'ਚੋਂ ਕੱਢ ਦਿੱਤਾ ਗਿਆ।[371]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇਸੇ ਸਾਲ ਨਾਹਨ ਦੇ ਰਾਜੇ ਮੇਦਨੀ ਪ੍ਰਸ਼ਾਦ ਦੇ ਸੱਦੇ 'ਤੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਵੀ ਗਏ। ਗੁਰੂ ਜੀ ਨੇ ਇੱਥੇ ਗੜ੍ਹਵਾਲ ਦੇ ਰਾਜੇ ਫ਼ਤਿਹ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਵਿੱਚ ਸੁਲ੍ਹਾ ਵੀ ਕਰਵਾਈ। ਪਾਉਂਟਾ ਸਾਹਿਬ ਤੋਂ ਗੁਰੂ ਜੀ ਕਪਾਲਮੋਚਨ ਵੀ ਗਏ।[372] 'ਗੁਰੂ ਕੀ ਸਾਖੀਆਂ' ਵਿੱਚ ਵੀ ਦਸਵੇਂ ਗੁਰੂ ਸਾਹਿਬ ਵੱਲੋਂ ਕਪਾਲਮੋਚਨ ਜਾ ਕੇ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਦਾ ਜ਼ਿਕਰ ਹੈ।[373] ਕੇਸਰ ਸਿੰਘ ਛਿੱਬਰ ਗੁਰੂ ਜੀ ਦੇ ਪਾਉਂਟਾ ਸਾਹਿਬ ਜਾਣ ਦਾ ਜ਼ਿਕਰ ਕਰਦਾ ਹੈ।[374] ਸਰੂਪ ਦਾਸ ਭੱਲਾ ਗੁਰੂ ਦੇ ਪਾਉਂਟਾ ਸਾਹਿਬ ਜਾਣ ਦੀ ਗੱਲ ਨਹੀਂ ਕਰਦਾ। ਸੰਤੋਖ ਸਿੰਘ ਵੀ ਲਿਖਦਾ ਹੈ ਕਿ ਨਾਹਨ ਦੇ ਰਾਜੇ ਮੇਦਨੀ ਪ੍ਰਸ਼ਾਦ ਦੇ ਬੁਲਾਵੇ 'ਤੇ ਗੁਰੂ ਜੀ ਦੇ ਨਾਹਨ ਜਾ ਕੇ ਜਮਨਾ ਦਰਿਆ ਕਿਨਾਰੇ ਪਾਉਂਟਾ ਸਾਹਿਬ ਨਗਰ ਵਸਾਇਆ ਅਤੇ ਨਾਹਨ ਦੇ ਰਾਜੇ ਮੇਦਨੀ ਪ੍ਰਸ਼ਾਦ ਤੇ ਸ਼੍ਰੀ

---

369 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4574, 4583-4584, 4587-4588, 4604-4605.

370 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 192-194.

371 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4621, 4648-4649.

372 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 194-198.

373 ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 102.

374 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 149.

ਨਗਰ ਦੇ ਰਾਜੇ ਫ਼ਤਿਹ ਸ਼ਾਹ ਵਿਚਕਾਰ ਸੁਲ੍ਹਾ ਵੀ ਕਰਵਾਈ । ਉਹ ਵੀ ਦਸਵੇਂ ਗੁਰੂ ਜੀ ਦੇ ਕਪਾਲਮੋਚਨ ਜਾਣ ਦੀ ਗੱਲ ਕਰਦਾ ਹੈ।[375]

ਗਿਆਨੀ ਗਿਆਨ ਸਿੰਘ ਪਾਉਂਟਾ ਸਾਹਿਬ ਦੇ ਲਾਗੇ ਭੰਗਾਣੀ ਦੀ ਜੰਗ ਵਿੱਚ ਦਸਮ ਪਿਤਾ ਦੁਆਰਾ ਭੀਮ ਚੰਦ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਦੀ ਸਾਂਝੀ ਫ਼ੌਜ ਨੂੰ ਹਰਾਉਣ ਦਾ ਜ਼ਿਕਰ ਵੀ ਕਰਦਾ ਹੈ ਅਤੇ ਇਸ ਲੜਾਈ ਵਿੱਚ ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ ਇੱਕ ਹਜ਼ਾਰ ਮੁਰੀਦਾਂ ਦੇ ਸ਼ਹੀਦ ਹੋਣ ਦਾ ਜ਼ਿਕਰ ਕਰਦਾ ਹੈ।[376] ਕੇਸਰ ਸਿੰਘ ਛਿੱਬਰ ਭੰਗਾਣੀ ਦੇ ਯੁੱਧ ਦਾ ਜ਼ਿਕਰ ਨਾ ਕਰਕੇ ਇਹ ਲਿਖਦਾ ਹੈ ਕਿ ਜਦੋਂ ਗੁਰੂ ਜੀ ਪਾਉਂਟਾ ਸਾਹਿਬ ਗਏ ਤਾਂ ਰਾਜਾ ਫ਼ਤਿਹ ਸ਼ਾਹ ਤੇ ਗੁਰੂ ਜੀ ਦੇ ਸਿੱਖਾਂ ਵਿੱਚ ਨਿੱਤ ਲੜਾਈ ਹੋਣ ਲੱਗੀ ਅਤੇ ਦੋਵੇਂ ਪਾਸੇ ਰੋਜ਼ ਹੀ ਕਿੰਨੇ ਆਦਮੀ ਮਾਰੇ ਜਾਣ ਲੱਗੇ।[377] ਸਰੂਪ ਦਾਸ ਭੱਲਾ ਵੀ ਪਾਉਂਟਾ ਸਾਹਿਬ ਦੇ ਨੇੜੇ ਭੰਗਾਣੀ ਦੇ ਯੁੱਧ ਦਾ ਜ਼ਿਕਰ ਕਰਦਾ ਹੈ। ਜਿਸ ਵਿੱਚ ਉਹ ਪਹਾੜੀਆਂ ਤੇ ਮੁਗਲਾਂ ਦੀ ਹਾਰ ਹੋਈ ਲਿਖਦਾ ਹੈ, ਪਰ ਉਹ ਪੀਰ ਬੁੱਧੂ ਸ਼ਾਹ ਦੇ ਯੋਗਦਾਨ ਦਾ ਕੋਈ ਜ਼ਿਕਰ ਨਹੀਂ ਕਰਦਾ।[378] ਸੰਤੋਖ ਸਿੰਘ ਲਿਖਦਾ ਹੈ ਕਿ ਪਾਉਂਟਾ ਸਾਹਿਬ ਰਹਿੰਦਿਆਂ ਪੀਰ ਬੁੱਧੂ ਸ਼ਾਹ ਦੇ ਕਹਿਣ ‘ਤੇ ਗੁਰੂ ਜੀ ਨੇ 500 ਪਠਾਣ ਫ਼ੌਜ ਵਿੱਚ ਭਰਤੀ ਵੀ ਕੀਤੇ। ਉਹ ਵੀ ਭੰਗਾਣੀ ਦੇ ਯੁੱਧ ਵਿੱਚ ਗੁਰੂ ਦੁਆਰਾ ਪਹਾੜੀ ਰਾਜਿਆਂ ਨੂੰ ਹਰਾਉਣ ਦਾ ਜ਼ਿਕਰ ਕਰਦਾ ਹੈ।[379] ਭੰਗਾਣੀ ਦੀ ਲੜਾਈ ਦਾ ਜ਼ਿਕਰ ਕਵੀ ਸੈਨਾਪਤਿ, ਸਰੂਪ ਸਿੰਘ ਕੌਸ਼ਿਸ਼, ਕੋਇਰ ਸਿੰਘ ਅਤੇ ਸੇਵਾ ਸਿੰਘ ਨੇ ਵੀ ਕੀਤਾ ਹੈ।[380]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਭੰਗਾਣੀ ਦੀ ਜੰਗ ਜਿੱਤਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਪੀਰ ਬੁੱਧੂ ਸ਼ਾਹ ਨੂੰ ਖਿੱਲਤ, ਦਸਤਾਰ ਅਤੇ ਆਪਣੇ ਕੇਸਾਂ ਸਮੇਤ ਕੰਘਾ ਬਖ਼ਸ਼ ਕੇ ਅਨੰਦਪੁਰ ਸਾਹਿਬ ਵਾਪਸ ਆ ਗਏ। ਇਸੇ ਸਾਲ ਮਾਘ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਗਿਆਨੀ ਗਿਆਨ ਇਸ ਘਟਨਾ ਨੂੰ ਸੰਮਤ 1743 ਬਿਕ੍ਰਮੀ ਦੀ ਦੱਸ ਰਿਹਾ ਹੈ।[381] ਕੇਸਰ ਸਿੰਘ ਛਿੱਬਰ ਤੇ ਸਰੂਪ ਦਾਸ ਭਲਾ ਪੀਰ ਬੁੱਧੂ ਸ਼ਾਹ ਨੂੰ

---

375 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4670, 4681, 4689-4690, 4712-4713.

376 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 198.

377 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 149.

378 ਸਰੂਪ ਦਾਸ ਭੱਲਾ, *ਉ. ਰ.,* ਪੰਨੇ 816-821.

379 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 4700, 4792-4819.

380 ਕਵੀ ਸੈਨਾਪਤਿ, *ਉ. ਰ.,* ਪੰਨੇ 68-73; ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨੇ 99-101; ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* (ਸੰਪਾ. ਸਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨੇ 66-98; ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* (ਸੰਪਾ.ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961, ਪੰਨੇ 64-65.

381 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 200.

ਖ਼ਿਲਤ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਜਨਮ ਬਾਰੇ ਕੁੱਝ ਨਹੀਂ ਲਿਖ ਰਹੇ। ਸੰਤੋਖ ਸਿੰਘ ਵੀ ਪੀਰ ਬੁੱਧੂ ਸ਼ਾਹ ਨੂੰ ਖਿੱਲਤ, ਕਾਫ਼ੀ ਸਾਰਾ ਧੰਨ ਅਤੇ ਆਪਣੇ ਕੇਸਾਂ ਸਮੇਤ ਕੰਘਾ ਬਖ਼ਸ਼ ਕੇ ਗੁਰੂ ਜੀ ਦੀ ਵਾਪਸ ਅਨੰਦਪੁਰ ਆਉਣ ਦੀ ਪੁਸ਼ਟੀ ਕਰਦਾ ਹੈ। ਉਹ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਦੀ ਕੁੱਖੋਂ ਮਾਘ ਮਹੀਨੇ ਹੋਇਆ ਦੱਸਦਾ ਹੈ।[382]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਨਾਦੌਣ ਦੀ ਲੜਾਈ ਵਿੱਚ ਪਹਾੜੀ ਰਾਜਿਆਂ ਦੀ ਮਦਦ ਕੀਤੀ ਤੇ ਮੁਗਲਾਂ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਅਲਫ਼ ਖਾਂ ਹਾਰ ਖਾ ਕੇ ਲਾਹੌਰ ਵੱਲ ਭੱਜ ਗਿਆ ।[383] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇਸ ਤੋਂ ਬਾਅਦ ਕਈ ਸਾਲ ਸ਼ਾਂਤੀ ਨਾਲ ਗੁਜ਼ਰੇ। ਦਸਮ ਪਿਤਾ ਇਸ ਸਮੇਂ ਦੌਰਾਨ ਰਵਾਲਸਰ ਅਤੇ ਮੰਡੀ ਵੀ ਗਏ। ਗੁਰੂ ਜੀ ਨੇ ਬਵੰਜਾ ਕਵੀ ਵੀ ਆਪਣੇ ਕੋਲ ਰੱਖੇ ਹੋਏ ਸਨ। ਇਸ ਸਮੇਂ ਦੌਰਾਨ ਗੁਰੂ ਜੀ ਨੇ ਦਸਮ ਗ੍ਰੰਥ ਦੀ ਰਚਨਾ ਵੀ ਕੀਤੀ।[384] ਸਰੂਪ ਦਾਸ ਭੱਲਾ ਵੀ ਨਦੌਣ ਦੇ ਯੁੱਧ ਵਿੱਚ ਪਹਾੜੀ ਰਾਜਿਆਂ ਦੀ ਸਿੱਖਾਂ ਵੱਲੋਂ ਕੀਤੀ ਸਹਾਇਤਾ ਨਾਲ ਹੁਸ਼ੈਨ ਖਾਂ ਨੂੰ ਹਰਾਉਣ ਦੀ ਹਾਮੀ ਭਰਦਾ ਹੈ।[385] ਸੰਤੋਖ ਸਿੰਘ ਵੀ ਨਦੌਣ ਦੇ ਯੁੱਧ ਵਿੱਚ ਗੁਰੂ ਜੀ ਵੱਲੋਂ ਪਹਾੜੀਆਂ ਦੀ ਮੱਦਦ ਕਰਨ ਅਤੇ ਮੁਗਲਾਂ ਨੂੰ ਹਰਾਉਣ ਦੀ ਤੇ ਗੁਰੂ ਜੀ ਦੁਆਰਾ ਕਵੀਆਂ ਦੀ ਕਦਰ ਦੀ ਹਾਮੀ ਭਰਦਾ ਹੈ।[386] ਅਲਫ ਖਾਂ ਦੇ ਨਦੌਣ ਆਉਣ ਦਾ ਅਤੇ ਪਹਾੜੀ ਰਾਜਿਆਂ ਦੀ ਮੱਦਦ ਕਰਕੇ ਦਸਵੇਂ ਗੁਰੂ ਸਾਹਿਬ ਵੱਲੋਂ ਉਸ ਨੂੰ ਹਰਾਉਣ ਦਾ ਜ਼ਿਕਰ ਵੀ ਕਵੀ ਸੈਨਾਪਤਿ ਵੀ ਕਰਦਾ ਹੈ।[387]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਦਸਵੇਂ ਪਾਤਿਸ਼ਾਹ ਨੂੰ ਬੜਾ ਗੁੱਸਾ ਆਇਆ। ਉਨ੍ਹਾਂ ਦਾ ਮੁਗਲਾਂ ਨਾਲ ਵੈਰ ਵੱਧਣਾ ਸ਼ੁਰੂ ਹੋ ਗਿਆ ਅਤੇ ਉੱਪਰੋਂ ਪਹਾੜੀ ਰਾਜਿਆਂ ਵੱਲੋਂ ਗੁਰੂ ਜੀ ਖਿਲਾਫ਼ ਮੁਗਲਾਂ ਨੂੰ ਲਾਈਆਂ ਗਈਆਂ ਚੁਗਲੀਆਂ ਨੇ ਚੰਗਿਆੜੀ ਦਾ ਕੰਮ ਕੀਤਾ। ਮੁਗਲ ਬਾਦਸ਼ਾਹ ਬਾਬਰ ਦੇ ਗੁਰੂਆਂ ਨਾਲ ਕੀਤੇ ਕੌਲ-ਕਰਾਰ ਭੁੱਲ ਗਏ। ਦਸਮ ਪਿਤਾ ਨੇ ਵੀ ਮੁਗਲਾਂ ਦਾ ਨਾਸ਼ ਕਰਨ ਲਈ ਪੰਥ ਬਣਾ ਲਿਆ। ਗੁਰੂ ਗੋਬਿੰਦ ਸਿੰਘ ਜੀ ਤੋਂ ਚੰਡੀ ਮਾਤਾ ਨੇ ਵੱਡੇ ਪੁੱਤਰ ਦੀ ਭੇਟਾ ਮੰਗੀ। ਪਰ ਗੁਰੂ ਜੀ ਨੇ

---

382 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਬਾਰ੍ਹਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 4837-4841, 4856, 4855.

383 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 201-202.

384 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 203, 206.

385 ਸਰੂਪ ਦਾਸ ਭੱਲਾ, *ਉ. ਰ.,* ਪੰਨੇ 821-824, 835.

386 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਬਾਰ੍ਹਵੀਂ,* ਪੰਨੇ 4864-4873, 4910-4911.

387 ਕਵੀ ਸੈਨਾਪਤਿ, *ਉ. ਰ.,* ਪੰਨੇ 16-17, 74-75.

ਆਪਣੇ ਚਾਰ ਪੁੱਤਰ ਭੇਟ ਕਰ ਦਿੱਤੇ ਅਤੇ ਪੰਥ ਦੇ ਲੇਖੇ ਆਪਣਾ ਸਾਰਾ ਪਰਿਵਾਰ ਲਗਾ ਦਿੱਤਾ।[388] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਚੰਡੀ ਨੇ ਗੁਰੂ ਜੀ ਨੂੰ ਬਚਨ ਕਰ ਦਿੱਤਾ ਕਿ ਹੁਣ ਸਿੱਖ ਹੀ ਰਾਜ ਕਰਨਗੇ। ਪਰ ਸਵਾ ਲੱਖ ਸਿਰ ਇਸ ਦੇ ਲੇਖੇ ਲੱਗ ਜਾਣਗੇ। ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਇਹ ਮੰਗ ਮਨਜ਼ੂਰ ਕਰ ਲਈ ਤਾਂ ਚੰਡੀ ਵੀ ਖੁਸ਼ ਹੋ ਗਈ। ਗੁਰੂ ਜੀ ਦੇ ਸਿੰਘਾਂ ਨੇ ਭੇਟਾ ਹੇਤ ਆਪਣੇ ਸੀਸ ਦੇ ਦਿੱਤੇ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਉਪਰੋਕਤ ਜਾਣਕਾਰੀ ਗੁਰਬਿਲਾਸ ਪਾਤਿਸ਼ਾਹੀ ਦਸਵੀਂ ਵਿੱਚ ਸੁੱਖਾ ਸਿੰਘ ਨੇ ਬਹੁਤ ਵਿਸਥਾਰ ਨਾਲ ਦਿੱਤੀ ਹੈ। ਮੈਂ ਤਾਂ ਸੰਖੇਪ ਵਿੱਚ ਹੀ ਦੇ ਰਿਹਾ ਹਾਂ। ਗੁਰਬਿਲਾਸ ਅਨੁਸਾਰ ਜਿਵੇਂ-ਜਿਵੇਂ ਪਹਾੜੀਆਂ ਨੇ ਸਿੰਘਾਂ ਨਾਲ ਲੜਾਈਆਂ ਕੀਤੀਆਂ, ਉਨ੍ਹਾਂ ਸਿਰ ਪਾਪ ਚੜ੍ਹਦਾ ਗਿਆ। ਇਹ ਕਥਾ ਬਹੁਤ ਵੱਡੀ ਹੈ। ਪਰ ਮੈਂ ਨਹੀਂ ਲਿਖੀ।[389] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪੰਡਤ ਅਤੇ ਸਿੱਖ ਗੁਰੂ ਨੂੰ ਦੇਵੀ ਪ੍ਰਗਟ ਕਰਨ ਲਈ ਹਵਨ ਕਰਨ ਨੂੰ ਕਹਿੰਦੇ ਹਨ ਤਾਂ ਗੁਰੂ ਜੀ ਉੱਤਰ ਦਿੰਦੇ ਹਨ ਕਿ ਅਸੀਂ ਅਕਾਲ ਦੇ ਬਾਲਕ ਹਾਂ। ਸਾਰੇ ਦੇਵੀ ਦੇਵਤੇ ਵੀ ਉਸ ਦੇ ਹੀ ਚਾਲਕ ਹਨ। ਇਸ ਲਈ ਸਾਨੂੰ ਦੇਵ ਦੇਵੀ ਦੀ ਪੂਜਾ ਦੀ ਕੋਈ ਜਰੂਰਤ ਨਹੀਂ।[390] ਗਿਆਨੀ ਗਿਆਨ ਸਿੰਘ ਨੈਣਾ ਦੇਵੀ ਜਾ ਕੇ ਗੁਰੂ ਵੱਲੋਂ ਸੰਮਤ 1753 ਬਿਕ੍ਰਮੀ ਪੰਡਤਾਂ ਸੰਗ ਦੇਵੀ ਪ੍ਰਗਟ ਕਰਨ ਲਈ ਵੱਡਾ ਯੱਗ ਕਰਨ ਦੀ ਗੱਲ, ਪੰਡਤਾਂ ਵੱਲੋਂ ਯੱਗ 'ਚ ਅਸਫ਼ਲ ਹੋਣਾ ਅਤੇ ਗੁਰੂ ਜੀ ਵੱਲੋਂ ਤੇਰ੍ਹਾਂ ਪਹਿਰ ਤੱਪਸਿਆ ਕਰਕੇ ਅਕਾਲ ਦੀ ਜੋਤ ਪ੍ਰਗਟ ਕਰਨ ਦੀ ਗੱਲ ਕਰਦਾ ਹੈ।[391] ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਗੁਰੂ ਜੀ ਅੱਗੇ ਦੇਵੀ ਦੇ ਪ੍ਰਗਟ ਹੋ ਕੇ ਵਰ ਦੇਣ ਦੀ ਗੱਲ ਕਰਦੇ ਹਨ।[392] ਸੈਨਾਪਤਿ ਆਪਣੀ ਰਚਨਾ ਗੁਰਸੋਭਾ ਵਿੱਚ ਦਸਵੇਂ ਗੁਰੂ ਸਾਹਿਬਾਨ ਵੱਲੋਂ ਦੇਵੀ ਪੂਜਾ ਕਰਨ ਸੰਬੰਧੀ ਕੋਈ ਜ਼ਿਕਰ ਨਹੀਂ ਕਰਦਾ। ਗੁਰੂ ਕੀ ਸਾਖੀਆਂ' ਵਿੱਚ ਵੀ ਦੇਵੀ ਪੂਜਾ ਦਾ ਕੋਈ ਹਵਾਲਾ ਨਹੀਂ ਮਿਲਦਾ।

ਰਤਨ ਸਿੰਘ ਭੰਗੂ ਖ਼ਾਲਸੇ ਦੀ ਸਾਜਨਾ ਸੰਬੰਧੀ ਕਪਤਾਨ ਮਰੇ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੋਇਆ ਲਿਖਦਾ ਹੈ ਕਿ ਖ਼ਾਲਸਾ ਪੰਥ ਜਨਮ ਤੋਂ ਹੀ ਸਭ ਦੇ ਸਾਹਮਣੇ ਹੈ। ਜਿਵੇਂ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ। ਨਾਲੇ ਜੋ ਪੰਥ ਹੀ ਸ਼ੇਰ ਦਾ ਹੋਵੇ, ਉਹ ਲੁੱਕ-ਛਿਪ ਕੇ ਕਿਵੇਂ ਪੈਦਾ ਹੋ ਸਕਦਾ ਹੈ। ਸਿੱਖਾਂ ਦਾ ਇਹ ਪੰਥ ਜੰਗ-ਯੁੱਧ ਕਰਨ ਭਾਵ ਜ਼ੁਲਮ ਦਾ ਨਾਸ਼ ਕਰਨ ਲਈ ਪੈਦਾ ਹੋਇਆ ਹੈ। ਸਿੰਘਾਂ ਦਾ ਜਨਮ ਵੀ ਹਥਿਆਰਾਂ ਵਿੱਚ ਵਿੱਚੋਂ ਹੀ

---

388 ਰਤਨ ਸਿੰਘ ਭੰਗੂ, *ਉ. ਰ.,* ਪੰਨਾ 29.

389 ਰਤਨ ਸਿੰਘ ਭੰਗੂ, *ਉਹੀ,* ਪੰਨਾ 38.

390 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 208.

391 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 211-213.

392 ਸਰੂਪ ਦਾਸ ਭੱਲਾ, *ਉ. ਰ.,* ਪੰਨੇ 794-796; ਭਾਈ ਸੰਤੋਖ ਸਿੰਘ, *ਉ. ਰ.,* ਪੰਨਾ 5028.

ਹੋਇਆ ਹੈ ਭਾਵ ਖੰਡੇ ਦੀ ਪਾਹੁਲ ਵਿੱਚੋਂ ਹੋਇਆ ਹੈ। ਜਿਸ ਗੁਰੂ ਨੇ ਇਹ ਪੰਥ ਰਚਿਆ, ਉਹ ਸੰਪੂਰਨ ਗੁਰੂ ਸਨ ਅਤੇ ਇਸੇ ਤਰ੍ਹਾਂ ਉਨ੍ਹਾਂ ਨੇ ਸੰਪੂਰਨ ਖ਼ਾਲਸਾ ਪੰਥ ਰਚਿਆ। ਗੁਰੂ ਜੀ ਨੇ ਆਪ ਹੀ ਖ਼ਾਲਸਾ ਪੰਥ ਵਿੱਚ ਯੁੱਧ ਦੇ ਤਰੀਕੇ ਲਿਆਂਦੇ ਅਤੇ ਖ਼ਾਲਸੇ ਨੂੰ ਧਰਮ ਦੀ ਖ਼ਾਤਰ ਜਿਉਣਾ ਸਿਖਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਪੱਥਰ ਪੂਜਕ ਪਹਾੜੀ ਰਾਜਿਆਂ ਨੂੰ ਪਾਸੇ ਛੱਡ ਕੇ ਗ਼ਰੀਬਾਂ ਨੂੰ ਉੱਚਾ ਚੁੱਕ ਕੇ ਬਾਦਸ਼ਾਹੀ ਉਨ੍ਹਾਂ ਨੂੰ ਦੇਣ ਦੀ ਸੋਚੀ। ਜਿਹੜੀਆਂ ਨੀਚ ਜਾਤੀਆਂ ਨੂੰ ਰਾਜਨੀਤੀ ਦਾ ਕੱਖ ਵੀ ਨਹੀਂ ਸੀ ਪਤਾ, ਉਹੀ ਅਨਪੜ੍ਹ ਜੱਟ, ਬਾਣੀਏ, ਖੱਤਰੀ, ਕਰਾੜ, ਲੁਹਾਰ, ਤਰਖਾਣ, ਕਲਾਲ, ਗੁੱਜਰ, ਕੰਬੋਜ਼, ਅਹੀਰ, ਸੂਦਰ, ਝਿਊਰ, ਨਾਈ, ਅਰੋੜੇ, ਘੁਮਿਆਰ, ਸੁਨਿਆਰ, ਚੂੜ੍ਹੇ, ਚਮਿਆਰ, ਭੱਟ ਅਤੇ ਮੰਗ ਖਾਣੇ ਬ੍ਰਾਹਮਣ, ਬਹੁਰੂਪੀਏ, ਲੁਬਾਣੇ ਆਦਿ ਸਾਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹੀ ਦੇਣ ਦੀ ਸੋਚੀ ਤਾਂ ਜੋ ਉਹ ਸਾਰੇ ਉਨ੍ਹਾਂ ਦੀ ਗੁਰਿਆਈ ਨੂੰ ਯਾਦ ਰੱਖ ਸਕਣ। ਗੁਰੂ ਜੀ ਨੇ ਇਨ੍ਹਾਂ ਸਾਰਿਆਂ ਨੂੰ ਸੱਦ ਕੇ ਲਲਕਾਰਿਆ ਅਤੇ ਮੁਗਲਾਂ ਨੂੰ ਮਾਰਨ ਲਈ ਹਥਿਆਰ ਉਠਾਉਣ ਲਈ ਕਿਹਾ, ਪਰ ਮੁਗਲਾਂ ਤੋਂ ਡਰਦੇ ਗ਼ਰੀਬ ਸਿੱਖਾਂ ਵਿੱਚ ਹਿੰਮਤ ਨਾ ਪਈ। ਗੁਰੂ ਗੋਬਿੰਦ ਸਿੰਘ ਜੀ ਸਮਝ ਗਏ ਕਿ ਹੁਣ ਸਿੱਖਾਂ ਦਾ ਰੂਪ ਪਲਟਾਉਣਾ ਜਰੂਰੀ ਹੈ ਤੇ ਇਨ੍ਹਾਂ ਨੂੰ ਤੇਜੱਸਵੀ ਬਣਾਉਣਾ ਵੀ ਜਰੂਰੀ ਹੈ। ਇਸ ਮਕਸਦ ਨੂੰ ਪੂਰਾ ਕਰਨ ਲਈ ਸੰਮਤ 1752 ਬਿਕ੍ਰਮੀ ਵਿੱਚ ਵੈਸਾਖ ਮਹੀਨੇ ਦੇ ਦਿਨ ਬੁੱਧਵਾਰ ਨੂੰ ਦਸਮ ਪਿਤਾ ਨੇ ਖ਼ਾਲਸਾ ਪੰਥ ਰਚਾ ਦਿੱਤਾ।[393] ਗਿਆਨੀ ਗਿਆਨ ਸਿੰਘ ਵੀ ਜਾਤ-ਪਾਤ ਨੂੰ ਖ਼ਤਮ ਕਰਨ ਸੰਬੰਧੀ ਅਤੇ ਸਿੱਖਾਂ ਨੂੰ ਸ਼ਸਤਰ ਵਿੱਦਿਆ ਦਾ ਅਭਿਆਸ ਕਰਵਾਓਣ ਸੰਬੰਧੀ ਰਤਨ ਸਿੰਘ ਭੰਗੂ ਨਾਲ ਸਹਿਮਤੀ ਜ਼ਾਹਿਰ ਕਰਦਾ ਹੈ।[394]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦਸਮ ਪਿਤਾ ਨੇ ਖ਼ਾਲਸਾ ਪੰਥ ਸਾਜਨ ਦਾ ਇਹ ਉੱਦਮ ਕੇਸਗੜ੍ਹ ਵਿੱਚ ਕੀਤਾ। ਉਹ ਇਸ ਘਟਨਾ ਨੂੰ ਕਿਸੇ ਸੰਤ ਮਹਾਂਪੁਰਸ਼ ਤੋਂ ਸੁਣੀ ਦੱਸਦਾ ਹੈ। ਉਹ ਕਹਿੰਦਾ ਹੈ ਕਿ ਪੰਡਤ, ਜੋਤਸ਼ੀਆਂ ਤੋਂ ਮਹੂਰਤ ਕਢਵਾ ਕੇ ਪੰਜੇ ਜਾਤੀਆਂ ਵਿੱਚੋਂ ਪੰਜ ਸਿੰਘ ਚੁਣ ਲਏ ਗਏ ਤੇ ਫਿਰ ਪੰਜਾਂ ਨੂੰ ਖੜ੍ਹੇ ਕਰ ਲਿਆ ਗਿਆ। ਇਸ ਤਰ੍ਹਾਂ ਚਾਰੇ ਵਰਨਾਂ ਨੂੰ ਇੱਕ ਭਰਾ ਬਣਾ ਦਿੱਤਾ। ਪਹਿਲਾ ਪਿਆਰਾ ਭਾਈ ਦਇਆ ਸਿੰਘ ਲਾਹੌਰ ਦਾ ਸੋਢੀ ਖੱਤਰੀ ਸੀ, ਦੂਜਾ ਪਿਆਰਾ ਭਾਈ ਧਰਮ ਸਿੰਘ ਹਸਤਨਾਪੁਰ ਦਾ ਵਾਸੀ, ਜੋ ਸ਼ਿਵਜੀ ਦੀਆਂ ਜਟਾਂ ਵਿੱਚੋਂ ਪ੍ਰਕਾਸ਼ ਹੋਇਆ ਜੱਟ ਸੀ। ਤੀਜਾ ਪਿਆਰਾ ਭਾਈ ਮੋਹਕਮ ਸਿੰਘ ਦਵਾਰਕਾ ਦਾ ਰਹਿਣ ਵਾਲਾ ਭਗਤ ਨਾਮਦੇਵ ਦਾ ਅਵਤਾਰ ਸੀ। ਚੌਥਾ ਭਾਈ ਸਾਹਿਬ ਸਿੰਘ ਨਾਈ ਸੀ ਅਤੇ ਉਹ ਸੈਣ ਭਗਤ ਦੇ ਪਿੰਡੋਂ ਸੀ। ਪੰਜਵਾਂ ਪਿਆਰਾ ਭਾਈ ਹਿੰਮਤ ਸਿੰਘ ਝਿਊਰ ਜਾਤ ਵਿੱਚੋਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਜਾਤ ਮਿਟਾ ਦਿੱਤੀ। ਫ਼ੇਰ

---

393 ਰਤਨ ਸਿੰਘ ਭੰਗੂ, *ਉ. ਰ.,* ਪੰਨੇ 30-33.

394 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 223, 226.

ਖੰਡੇ ਦੀ ਪਾਹੁਲ ਤਿਆਰ ਕਰਕੇ ਵਿੱਚ ਪਤਾਸੇ ਵਿਚਕਾਰ ਕਰਦ ਗੱਡ ਦਿੱਤੀ। ਫ਼ੇਰ ਸਤਿਗੁਰਾਂ ਨੇ ਜਾਪ ਸਾਹਿਬ, ਪ੍ਰਿਥਮ ਭਗੌਤੀ, 32 ਸਵੱਈਯੇ ਅਤੇ ਵੀਰ ਰਸੀ ਬਾਣੀਆਂ ਦਾ ਪਾਠ ਕੀਤਾ। ਫ਼ੇਰ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਦਿੱਤਾ।[395] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਜੀ ਨੇ ਭਰੀ ਸਭਾ ਵਿੱਚ ਪੰਜ ਸਿਰਾਂ ਦੀ ਮੰਗ ਕੀਤੀ, ਸਾਰੀ ਸੰਗਤ ਵਿੱਚੋਂ ਭਾਈ ਦਇਆ ਰਾਮ, ਧਰਮ ਦਾਸ ਆਦਿ ਸੀਸ ਦੇਣ ਲਈ ਹਾਜ਼ਰ ਹੋਏ।[396] ਗਿਆਨੀ ਗਿਆਨ ਸਿੰਘ ਅਨੁਸਾਰ ਸੰਮਤ 1756 ਬਿਕ੍ਰਮੀ ਵੈਸਾਖ ਦੀ ਸੰਗਰਾਦ ਦੇ ਦਿਨ ਦੀ ਗੱਲ ਹੈ। ਗੁਰੂ ਨੇ ਲੋਹੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ, ਜਿਸ ਵਿੱਚ ਮਾਤਾ ਸਾਹਿਬ ਕੌਰ ਨੇ ਪਤਾਸੇ ਪਾਏ। ਗੁਰੂ ਜੀ ਨੇ ਉਹ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾ ਕੇ ਸਿੰਘ ਸਜਾਇਆ।[397] ਗਿਆਨੀ ਗਿਆਨ ਸਿੰਘ ਇਨ੍ਹਾਂ ਪੰਜ ਪਿਆਰਿਆਂ ਦੇ ਨਾਂ ਭਾਈ ਦਇਆ ਸਿੰਘ ਵਾਸੀ ਲਾਹੌਰ, ਭਾਈ ਧਰਮ ਸਿੰਘ ਦਿੱਲੀ, ਭਾਈ ਹਿੰਮਤ ਸਿੰਘ ਜਗਨ ਨਾਥ ਪੁਰੀ, ਭਾਈ ਸਾਹਿਬ ਸਿੰਘ ਵਾਸੀ ਬਿਦਰ ਅਤੇ ਭਾਈ ਮੋਹਕਮ ਸਿੰਘ ਨੂੰ ਵਾਸੀ ਦਵਾਰਕਾ ਲਿਖਦਾ ਹੈ।[398] ਕੇਸਰ ਸਿੰਘ ਛਿੱਬਰ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਦੀ ਗੱਲ ਤਾਂ ਜਰੂਰ ਕਰਦਾ ਹੈ, ਪਰ ਗੁਰੂ ਜੀ ਦੁਆਰਾ ਦੀਵਾਨ ਸਜਾ ਕੇ ਪੰਜ ਸੀਸ ਮੰਗਣ ਤੇ ਪੰਜ ਪਿਆਰੇ ਸਜਾਉਣ ਦੀ ਗੱਲ ਨਹੀਂ ਕਰਦਾ।[399] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਗੁਰੂ ਜੀ ਨੇ ਚਾਰੇ ਵਰਣਾਂ ਨੂੰ ਇੱਕ ਕਰਨ ਤੋਂ ਬਾਅਦ ਸੋਚਿਆ ਕਿ ਹੁਣ ਰਾਜ ਮੁੱਖੀ ਕਿਸ ਨੂੰ ਕੀਤਾ ਜਾਵੇ ਭਾਵ ਸਿੱਖਾਂ ਦਾ ਮੋਹਰੀ ਕਿਸਨੂੰ ਬਣਾਇਆ ਜਾਵੇ ਤਾਂ ਗੁਰੂ ਜੀ ਨੇ ਤਿੰਨ ਸਿੱਖਾਂ ਦੀ ਬਲੀ ਦੇਵੀ ਨੂੰ ਦੇਣ ਦੀ ਸੋਚੀ ਕਿ ਜਿਹੜਾ ਬਚ ਜਾਵੇਗਾ ਉਹ ਰਾਜਮੁਖੀ ਹੋਵੇਗਾ। ਉਹ ਲਿਖਦਾ ਹੈ ਕਿ ਸੰਮਤ 1760 ਬਿਕ੍ਰਮੀ ਵਿੱਚ ਤਿੰਨ ਸਿੱਖਾਂ ਦੇ ਸੀਸ ਮੰਗੇ ਅਤੇ ਉਨ੍ਹਾਂ ਨੂੰ ਪਰਦੇ ਪਿੱਛੇ ਜਾ ਕੇ ਸਿੱਖੀ ਦੀ ਜਾਚ ਸਿਖਾਈ। ਦੀਵਾਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਏਹਨਾਂ ਤਿੰਨਾਂ ਸਿੱਖਾਂ ਤੋਂ ਬਿਨਾਂ ਦੋ ਸਿੱਖ ਹੋਰ ਆਏ ਹਨ, ਤਾਂ ਗੁਰੂ ਜੀ ਨੇ ਕਿਹਾ ਕਿ ਦੇਵੀ ਨੇ ਜਿਹੜੇ ਤਿੰਨ ਲੈ ਕੇ ਜਾਣੇ ਹੋਏ ਉਹ ਲੈ ਜਾਵੇਗੀ। ਪਰ ਜਦੋਂ ਕਨਾਤ ਦਾ ਪਰਦਾ ਚੁੱਕਿਆ ਤਾ ਉਹ ਤਿੰਨੇ ਵੀ ਸਾਬਤ-ਸੂਰਤ ਨਿਕਲ ਆਏ ਤੇ ਦੋ ਬਾਹਰ ਖੜ੍ਹੇ ਅੰਦਰ ਜਾਣ ਦੀ ਉਡੀਕ ਕਰ ਰਹੇ ਸਨ।[400] ਇਹ ਪੰਜੇ ਸਿੱਖ ਵੱਖੋ-ਵੱਖਰੇ ਵਰਣਾਂ ਦੇ ਹੋ ਕੇ ਸਿੱਖਾਂ ਦੇ ਰਾਜਮੁਖੀ ਬਣ ਗਏ। ਇਸ ਤਰ੍ਹਾਂ ਗੁਰੂ ਜੀ ਨੇ ਵਰਣ ਪ੍ਰਥਾ ਖ਼ਤਮ ਕਰਕੇ ਸ਼ੂਦਰਾਂ ਨੂੰ ਵੀ ਰਾਜ ਭਾਗ ਵਿੱਚ

---

395 ਰਤਨ ਸਿੰਘ ਭੰਗੂ, *ਉ. ਰ.,* ਪੰਨੇ 33-35.

396 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 227-228.

397 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 230-231.

398 *ਉਹੀ,* ਪੰਨੇ 233-234.

399 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 153-154.

400 ਕੇਸਰ ਸਿੰਘ ਛਿੱਬਰ, *ਉਹੀ,* ਪੰਨੇ 162-163.

ਸ਼ਾਮਿਲ ਕਰ ਦਿੱਤਾ।[401] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਦਸਮ ਪਿਤਾ ਨੇ ਪੰਡਤਾਂ ਨੂੰ ਉਸ ਸਮੇਂ ਦੁੱਧ ਅਤੇ ਜਲ ਲਿਆਉਣ ਲਈ ਕਿਹਾ ਤੇ ਗੁਰੂ ਜੀ ਨੇ ਇੱਕ ਕੁੰਡ ਵਿੱਚ ਦੋਵਾਂ ਨੂੰ ਪਾ ਦਿੱਤਾ ਅਤੇ ਇਸ ਵਿੱਚੋਂ ਦੋ ਧਾਰਾ ਖੰਡਾ ਪ੍ਰਗਟ ਹੋਇਆ। ਜਿਸਦਾ ਨਾਂ ਗੁਰੂ ਜੀ ਨੇ ਸ੍ਰੀ ਸਾਹਿਬ ਰੱਖਿਆ।[402] ਉਸੇ ਖੰਡੇ ਦੀ ਪਾਹੁਲ ਤਿਆਰ ਕਰਕੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਗੁਰੂ ਜੀ ਨੇ ਖ਼ਾਲਸੇ ਦੀ ਸਾਜਨਾ ਕਰ ਦਿੱਤੀ।[403] ਸੰਤੋਖ ਸਿੰਘ ਵੀ ਪੰਜ ਪਿਆਰਿਆਂ ਦਾ ਨਾਂ-ਪਤਾ,ਅੰਮ੍ਰਿਤ ਦੀ ਵਿਧੀ ਤੇ ਵਿੱਚ ਪਤਾਸੇ ਪਾਉਣ ਸੰਬੰਧੀ ਜਾਣਕਾਰੀ ਹੂ-ਬ-ਹੂ ਗਿਆਨੀ ਗਿਆਨ ਸਿੰਘ ਵਾਲੀ ਹੀ ਦੇ ਰਿਹਾ ਹੈ।[404] ਸੈਨਾਪਤਿ ਵੀ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜਨਾ ਦਾ ਜ਼ਿਕਰ ਕਰਦਾ ਹੈ, ਪਰ ਸੰਮਤ ਨਹੀਂ ਦੇ ਰਿਹਾ।[405] 'ਗੁਰੂ ਕੀ ਸਾਖੀਆਂ' ਵਿੱਚ ਵੀ ਅੰਮ੍ਰਿਤ ਤਿਆਰ ਕਰਨ ਦਾ ਉਹੀ ਵਿਧੀ ਵਿਧਾਨ ਦੱਸਿਆ ਗਿਆ ਹੈ ਜੋ ਐਸ.ਜੀ.ਪੀ.ਸੀ. ਵੱਲੋਂ ਪ੍ਰਕਾਸ਼ਿਤ ਰਹਿਤ ਮਰਯਾਦਾ ਵਿੱਚ ਦਰਜ ਹੈ ਅਤੇ ਅੱਜ ਵੀ ਸਿੱਖਾਂ ਵਿੱਚ ਪ੍ਰਚਲਿਤ ਹੈ। ਪਰ ਖ਼ਾਲਸਾ ਸਾਜਨਾ ਦੀ ਮਿਤੀ ਸੰਮਤ 1795 ਬਿਕ੍ਰਮੀ (1738 ਈ.) ਦੱਸੀ ਗਈ ਹੈ, ਜੋ ਕਿ ਸਹੀ ਨਹੀਂ ਜਾਪਦੀ।[406]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਚਾਰੇ ਵਰਨ, ਚਾਰੇ ਆਸ਼ਰਮ ਖ਼ਤਮ ਕਰਕੇ, ਜਨੇਊ ਤੇ ਤਿਲਕ ਉਤਾਰ ਕੇ ਨਵਾਂ ਪੰਥ ਸਿਰਜ ਦਿੱਤਾ ਅਤੇ ਪੰਜ ਪਿਆਰਿਆਂ ਨੂੰ ਮੀਣਿਆਂ, ਮਸੰਦਾਂ, ਕੁੜੀਮਾਰਾਂ, ਰਾਮ ਰਈਆਂ, ਅਤੇ ਹੁੱਕਾ ਪੀਣ ਵਾਲਿਆਂ ਨਾਲ ਕੋਈ ਵੀ ਰਿਸ਼ਤਾ ਨਾ ਰੱਖਣ ਦੀ ਸਿੱਖਿਆ ਦਿੱਤੀ।[407] ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੇ ਉਪਰੋਕਤ ਕਥਨ ਨਾਲ ਸਹਿਮਤੀ ਜਤਾਉਂਦਾ ਹੈ।[408] ਸੈਨਾਪਤਿ ਨਾਲ ਹੀ ਸਿੱਖੀ ਰਹਿਤ ਬਾਰੇ ਵੀ ਲਿਖਦਾ ਹੈ ਕਿ ਖ਼ਾਲਸੇ ਨੇ ਕੇਸ ਨਹੀਂ ਕਟਵਾਉਣੇ, ਤੰਬਾਕੂ ਸੇਵਨ ਨਹੀਂ ਕਰਨਾ, ਸਿਰ ਗੁੰਮ (ਸਿਰ 'ਚੋਂ ਕੇਸ ਕੱਟਣ ਵਾਲੇ) ਨਾਲ ਵਿਹਾਰ ਨਹੀਂ ਕਰਨਾ ਅਤੇ ਨੜੀਮਾਰ, ਕੁੜੀਮਾਰ, ਮਸੰਦ, ਮੀਣੇ, ਧੀਰ ਮੱਲੀਏ, ਰਾਮਰਈਆਂ ਨਾਲ ਕੋਈ ਸਾਂਝ ਨਹੀਂ ਰੱਖਣੀ, ਚੋਰੀ ਨਹੀਂ ਕਰਨੀ, ਜੂਆ ਨਹੀਂ ਖੇਡਣਾ, ਸ਼ਰਾਬ ਨਹੀਂ ਪੀਣੀ, ਝੂਠ ਨਹੀਂ ਬੋਲਣਾ।[409]

---

401 *ਉਹੀ,* ਪੰਨਾ 163.

402 ਸਰੂਪ ਦਾਸ ਭੱਲਾ, *ਉ. ਰ.,* ਪੰਨਾ 797.

403 ਸਰੂਪ ਦਾਸ ਭੱਲਾ, *ਉਹੀ, ਖੰਡ ਦੂ:,* ਪੰਨੇ 799-802.

404 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5049-5052, 5056,5058.

405 ਕਵੀ ਸੈਨਾਪਤਿ, *ਉ. ਰ.,* ਪੰਨਾ 78.

406 ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨੇ 120-125.

407 ਰਤਨ ਸਿੰਘ ਭੰਗੂ, *ਉ. ਰ.,* ਪੰਨੇ 35-36.

408 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 232-233.

409 ਕਵੀ ਸੈਨਾਪਤਿ, *ਉ. ਰ.,* ਪੰਨੇ 79-82.

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੋ ਵਿਧੀ ਅੰਮ੍ਰਿਤ ਤਿਆਰ ਕਰਨ ਦੀ ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਲਈ ਵਰਤੀ, ਉਹੀ ਵਿਧੀ ਰਾਹੀਂ ਪੰਜ ਪਿਆਰਿਆਂ ਤੋਂ ਖੁਦ ਵੀ ਅੰਮ੍ਰਿਤ ਛਕਿਆ ਅਤੇ ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪੇ ਗੁਰ ਚੇਲਾ ਬਣ ਗਏ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਇਹ ਵਰਤਾਰਾ ਆਦਿ ਤੋਂ ਚੱਲਿਆ ਆ ਰਿਹਾ ਹੈ, ਕੋਈ ਅੱਜ ਦੀ ਗੱਲ ਨਹੀਂ। ਇਹ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਦਾਂ ਗੁਰੂ ਨਾਨਕ ਦੇਵ ਜੀ ਦੀ ਜੋਤ ਅੰਗਦ ਵਿੱਚ ਬਿਰਾਜਮਾਨ ਹੋਈ। ਇਸੇ ਤਰ੍ਹਾਂ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਸਜ ਗਿਆ।[410] ਗਿਆਨੀ ਗਿਆਨ ਸਿੰਘ ਵੀ ਗੁਰੂ ਜੀ ਦੁਆਰਾ ਪੰਜ ਪਿਆਰਿਆਂ ਪਾਸੋਂ ਖੁਦ ਅੰਮ੍ਰਿਤ ਛੱਕਣ ਦੀ ਪੁਸ਼ਟੀ ਕਰਦਾ ਹੈ।[411] ਸੰਤੋਖ ਸਿੰਘ ਵੀ ਗੁਰੂ ਜੀ ਵੱਲੋਂ ਪੰਜ ਪਿਆਰਿਆਂ ਤੋਂ ਖੁਦ ਅੰਮ੍ਰਿਤ ਛਕਣ ਦੀ ਜਾਣਕਾਰੀ ਦਿੰਦਾ ਹੈ।[412]

ਰਤਨ ਸਿੰਘ ਭੰਗੂ ਖ਼ਾਲਸੇ ਨੂੰ ਮਸੰਦਾਂ ਨਾਲ ਸੰਬੰਧ ਨਾ ਰੱਖਣ ਦੀ ਦਸਵੇਂ ਗੁਰੂ ਜੀ ਵੱਲੋਂ ਦਿੱਤੀ ਹਦਾਇਤ ਦਾ ਜ਼ਿਕਰ ਕਰਦਾ ਹੈ।[413] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਸੰਦਾਂ ਨੂੰ ਪਾਸੇ ਕਰਕੇ ਵੱਡੇ ਗੁਰਦੁਆਰਿਆਂ ਦਾ ਕੰਮ ਵੀ ਸਿੰਘਾਂ ਨੂੰ ਸੌਂਪ ਕੇ ਗੁਰੂ ਜੀ ਨੇ ਆਪਣੇ ਅਧੀਨ ਕਰ ਲਿਆ। ਗੁਰੂ ਘਰਾਂ ਵਿੱਚ ਅਰਦਾਸ ਦਾ ਕੰਮ ਵੀ ਖ਼ਾਲਸੇ ਨੂੰ ਸੌਂਪ ਦਿੱਤਾ। ਸਾਰਾ ਖ਼ਜ਼ਾਨਾ ਅਤੇ ਤੋਸ਼ਾਖਾਨਾ ਵੀ ਖ਼ਾਲਸੇ ਦੇ ਹਵਾਲੇ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੈਂ ਚਿੜੀਆਂ ਤੋਂ ਬਾਜ਼ ਮਰਵਾਵਾਂਗਾ ਅਤੇ ਇਨ੍ਹਾਂ ਜੱਟ-ਬੂਟਾਂ ਦਾ ਰਾਜ ਲਿਆਵਾਂਗਾ।[414] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸਿੱਖ ਸੰਗਤਾਂ ਦੀ ਸ਼ਿਕਾਇਤ ਅਤੇ ਮਸੰਦਾਂ ਦੀਆਂ ਮਨਮਾਨੀਆਂ ਨੂੰ ਠੱਲ ਪਾਉਣ ਲਈ ਦਸਵੇਂ ਗੁਰੂ ਜੀ ਨੇ ਸੰਮਤ 1757 ਬਿਕ੍ਰਮੀ ਵਿੱਚ ਮਸੰਦ ਪ੍ਰਥਾ ਖ਼ਤਮ ਕਰ ਦਿੱਤੀ ਅਤੇ ਗੁਰੂ ਘਰਾਂ ਦਾ ਕਾਰ-ਵਿਹਾਰ ਅਤੇ ਪ੍ਰਬੰਧ ਸਿੱਧਾ ਸਿੱਖਾਂ ਨੂੰ ਸੌਂਪ ਦਿੱਤਾ।[415] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਗੁਰੂ ਜੀ ਵੱਲੋਂ ਮਸੰਦ ਪ੍ਰਥਾ ਖ਼ਤਮ ਕਰਨ ਦੀ ਪੁਸ਼ਟੀ ਕਰਦੇ ਹਨ।[416] ਇਸ ਸਮੇਂ ਦੌਰਾਨ ਰਤਨ ਸਿੰਘ ਭੰਗੂ ਖ਼ਾਲਸੇ ਦੁਆਰਾ ਡੱਖੀ ਕਲਮੋਟ ਦੇ ਲੁਟੇਰਿਆਂ ਨੂੰ ਸੋਧਣ ਦਾ ਜ਼ਿਕਰ ਵੀ ਕਰਦਾ ਹੈ।[417] ਗਿਆਨੀ ਗਿਆਨ

---

410 ਰਤਨ ਸਿੰਘ ਭੰਗੂ, *ਉ. ਰ.*, ਪੰਨਾ 36.

411 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 233.

412 ਭਾਈ ਸੰਤੋਖ ਸਿੰਘ, *ਉ. ਰ.*, ਪੰਨਾ 5060.

413 ਰਤਨ ਸਿੰਘ ਭੰਗੂ, *ਉ. ਰ.*, ਪੰਨਾ 35.

414 ਰਤਨ ਸਿੰਘ ਭੰਗੂ, *ਉਹੀ,* ਪੰਨਾ 42.

415 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 248.

416 ਕੇਸਰ ਸਿੰਘ ਛਿੱਬਰ, *ਉ. ਰ.*, ਪੰਨਾ 157; ਸਰੂਪ ਦਾਸ ਭੱਲਾ, *ਉ. ਰ.*, ਪੰਨੇ 771-779; ਭਾਈ ਸੰਤੋਖ ਸਿੰਘ, *ਉ. ਰ.*, ਪੰਨੇ 5099-5100.

417 ਰਤਨ ਸਿੰਘ ਭੰਗੂ, *ਉ. ਰ.*, ਪੰਨਾ 44.

ਸਿੰਘ ਵੀ ਕਲਮੋਟ ਅਤੇ ਬਜ਼ਰੂੜ ਦੀ ਲੜਾਈ ਦਾ ਜ਼ਿਕਰ ਕਰਦਾ ਹੈ।[418] ਸੈਨਾਪਤਿ ਵੀ ਲਿਖਦਾ ਹੈ ਕਿ ਦਸਵੇਂ ਗੁਰੂ ਸਾਹਿਬ ਨੇ 20 ਅਕਤੂਬਰ 1700 ਈ. ਨੂੰ ਕਲਮੋਟ ਵਿੱਚ ਲੜਾਈ ਲੜੀ।[419]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਦੀਵਾਲੀ ਦੇ ਮੌਕੇ ਗੁਰੂ ਜੀ ਨੇ ਸਿੱਖ ਸੰਗਤਾਂ, ਗੁਰੂ ਸਾਹਿਬਾਨ ਦੇ ਚਾਰੇ ਵੰਸ਼ਾਂ ਅਤੇ ਪਹਾੜੀ ਰਾਜਿਆਂ ਨੂੰ ਵੀ ਸੱਦਾ ਭੇਜਿਆ। ਗੁਰੂ ਜੀ ਨੇ ਪਹਾੜੀ ਰਾਜਿਆਂ ਨੂੰ ਵੀ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਕਿਹਾ, ਪਰ ਉਨ੍ਹਾਂ ਨੇ ਆਪਣੇ ਆਪ ਨੂੰ ਉੱਚੀ ਜਾਤ ਦੇ ਖੱਤਰੀ ਦੱਸ ਕੇ, ਗੁਰੂ ਜੀ ਵੱਲੋਂ ਜਾਤ-ਪਾਤ ਨੂੰ ਤਿਆਗ ਕੇ ਤਿਆਰ ਕੀਤੇ ਖ਼ਾਲਸੇ ਨੂੰ ਤਿਆਗ ਦਿੱਤਾ।[420] ਪਰ ਸੰਤੋਖ ਸਿੰਘ ਲਿਖਦਾ ਹੈ ਕਿ ਜਦੋਂ ਪਹਾੜੀ ਰਾਜਿਆਂ ਨੂੰ ਪਤਾ ਲੱਗਾ ਕਿ ਗੁਰੂ ਜੀ ਅੱਗੇ ਦੇਵੀ ਨੇ ਪ੍ਰਗਟ ਹੋ ਕੇ ਵਰ ਦਿੱਤਾ ਹੈ ਤਾਂ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਆਏ। ਗੁਰੂ ਜੀ ਨੇ ਉਨ੍ਹਾਂ ਨੂੰ ਸਿੱਖੀ ਗ੍ਰਹਿਣ ਕਰਨ ਲਈ ਕਿਹਾ, ਪਰ ਪਹਾੜੀ ਰਾਜਿਆਂ ਨੇ ਇਨਕਾਰ ਕਰ ਦਿੱਤਾ।[421]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਖ਼ਾਲਸਾ ਪੰਥ ਦੀ ਸਾਜਨਾ ਦੇ ਦਿਨ ਤੋਂ ਹੀ ਖ਼ਾਲਸੇ ਦਾ ਪਸਾਰ ਹੋਣਾ ਸ਼ੁਰੂ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਕੰਮਾਂ ਅਤੇ ਸਭ ਥਾਵਾਂ ਦਾ ਅਖ਼ਤਿਆਰ ਅਤੇ ਅਧਿਕਾਰ ਖ਼ਾਲਸੇ ਨੂੰ ਦੇ ਦਿੱਤਾ ਤੇ ਚਾਰੇ ਦਿਸ਼ਾਵਾਂ ਦੇ ਵਿੱਚ ਖ਼ਾਲਸੇ ਨੂੰ ਭੇਜਿਆ। ਅੰਮ੍ਰਿਤਸਰ, ਪਟਨਾ ਜਾਂ ਹੋਰ ਜਿੱਥੇ-ਜਿੱਥੇ ਵੀ ਗੁਰੂ ਅਸਥਾਨ ਸਨ, ਹਰ ਜਗ੍ਹਾ 'ਤੇ ਆਪਣੇ ਸਿੰਘਾਂ ਨੂੰ ਅਧਿਕਾਰ ਦੇ ਕੇ ਭੇਜਿਆ ਅਤੇ ਸਾਰੇ ਗੁਰੂ ਅਸਥਾਨਾਂ ਉੱਤੇ ਖੰਡੇ ਦੇ ਅੰਮ੍ਰਿਤ ਦੀ ਰੀਤ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ।[422] ਗਿਆਨੀ ਗਿਆਨ ਸਿੰਘ ਵੀ ਖ਼ਾਲਸੇ ਨੂੰ ਦੇਸ ਵਿਦੇਸ਼ ਵਿੱਚ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਾਉਣ ਲਈ ਭੇਜਣ ਦੀ ਪੁਸ਼ਟੀ ਕਰਦਾ ਹੈ।[423] ਰਤਨ ਸਿੰਘ ਭੰਗੂ ਮੁਤਾਬਿਕ ਇਸ ਤਰ੍ਹਾਂ ਸੰਗਤਾਂ ਖੰਡੇ ਦੀ ਪਾਹੁਲ ਪੀ ਕੇ ਤੇਜੱਸਵੀ ਅਤੇ ਸ਼ਕਤੀਸ਼ਾਲੀ ਹੁੰਦੀਆਂ ਗਈਆਂ। ਗੁਰੂ ਜੀ ਨੇ ਮਾਝੇ ਦੇ ਸਿੱਖਾਂ ਨੂੰ ਵੀ ਅੰਮ੍ਰਿਤ ਛੱਕਣ ਦੇ ਬਚਨ ਕੀਤੇ ਤਾਂ ਉਨ੍ਹਾਂ ਨੇ ਝੱਟ ਮੰਨ ਲਏ। ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਦੀ ਚੜ੍ਹਦੀਕਲਾ ਦੇਖ ਕੇ ਬੜੇ ਖੁਸ਼ ਹੋਏ। ਖ਼ਾਲਸੇ ਦੇ ਹੱਥਾਂ ਵਿੱਚ ਤਲਵਾਰਾਂ ਫੜਾਈਆਂ ਅਤੇ ਸੁੰਦਰ ਪਹਿਰਾਵੇ ਵੀ ਪਹਿਨਾਏ। ਗੁਰੂ ਜੀ ਖ਼ਾਲਸੇ ਦਾ ਡਾਂਗਾਂ ਤੇ ਸੋਟਿਆਂ ਨਾਲ ਵੀ ਅਭਿਆਸ ਕਰਵਾਉਂਦੇ ਅਤੇ ਖ਼ਾਲਸੇ ਵਾਹੇ ਹੋਏ ਖੇਤ

---

418 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 257-258, 260.

419 ਕਵੀ ਸੈਨਾਪਤਿ, *ਉ. ਰ.,* ਪੰਨੇ 29-30.

420 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 250-253.

421 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5028, 5033-5034.

422 ਰਤਨ ਸਿੰਘ ਭੰਗੂ, *ਉ. ਰ.,* ਪੰਨੇ 36-37

423 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 234, 240.

ਵਿੱਚ ਜਾ ਕੇ ਖੜ੍ਹ ਜਾਂਦੇ ਤੇ ਢੀਮਾਂ ਮਾਰ ਮਾਰ ਕੇ ਸਿੰਘਾਂ ਨਾਲ ਲੜਦੇ। ਸਿੰਘ ਕਬੱਡੀ ਤੇ ਘੋਲ ਵੀ ਕਰਦੇ।[424] ਗੁਰੂ ਗੋਬਿੰਦ ਸਿੰਘ ਜੀ ਇਹ ਸਭ ਵੇਖ ਕੇ ਬੜੇ ਖੁਸ਼ ਹੁੰਦੇ ਤੇ ਇਨਾਮ ਵਿੱਚ ਮੁਲਖ਼ ਦੀਆਂ ਜਾਗੀਰਾਂ ਦਿੰਦੇ। ਗੁਰੂ ਜੀ ਸਿੰਘਾਂ ਨੂੰ ਜਾਗੀਰਾਂ ਮੰਗਣ ਲਈ ਕਹਿੰਦੇ, ਪਰ ਸਿੰਘ ਵਾਰ-ਵਾਰ ਪੰਜਾਬ ਦੀ ਮੰਗ ਕਰਦੇ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਕਹਿੰਦੇ ਕਿ ਤੁਸੀਂ ਪੰਜਾਬ ਲਈ ਹੀ ਝਗੜਾ ਕਰੀ ਜਾ ਰਹੇ ਹੋ, ਮੈਂ ਤਹਾਨੂੰ ਦੇਸ਼-ਵਿਦੇਸ਼ ਦੇ ਮੁਲਖ ਦੇ ਰਿਹਾ ਹਾਂ, ਤੁਰਕਾਂ ਨੂੰ ਕੱਢ ਕੇ ਹਿੰਦੁਸਤਾਨ ਵੀ ਤਹਾਨੂੰ ਦੇ ਰਿਹਾ ਹਾਂ। ਮਝੈਲ ਸਿੰਘਾਂ ਨੇ ਗੁਰੂ ਜੀ ਦੀ ਗੱਲ ਮੰਨ ਲਈ ਤੇ ਗੁਰੂ ਜੀ ਨੇ ਖੁਸ਼ੀ ਖੁਸ਼ੀ ਦੇਸ਼ ਵਿਦੇਸ਼ ਦੇ ਮੁਲਖ਼ ਸਿੰਘਾਂ ਦੇ ਨਾਂ ਕਰ ਦਿੱਤੇ।[425] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੇ ਮੈਂ ਅਨੰਦਪੁਰ ਦੀ ਗੱਲ ਕੀਤੀ, ਪਹਾੜੀ ਰਾਜਿਆਂ ਨਾਲ ਵੈਰ ਸੰਬੰਧੀ ਲਿਖਣ ਲੱਗ ਪਿਆ ਤਾਂ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ। ਇਸ ਕਰਕੇ ਜਿਸ ਨੂੰ ਜਾਣਕਾਰੀ ਚਾਹੀਦੀ ਹੈ। ਉਹ ਗੁਰਬਿਲਾਸ ਪੜ੍ਹ ਲੈਣ।[426] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪਹਾੜੀ ਰਾਜਿਆਂ ਦੀ ਈਰਖ਼ਾ ਇਸ ਕਦਰ ਵੱਧ ਗਈ ਕਿ ਬਲੀਆ ਚੰਦ ਨਾਂ ਦੇ ਇੱਕ ਪਹਾੜੀ ਰਾਜੇ ਨੇ ਘਾਹ, ਲੱਕੜ ਆਦਿ ਲੈਣ ਗਈ ਸਿੱਖ ਸੰਗਤ ਨੂੰ ਘੇਰ ਲਿਆ। ਅੱਗੋਂ ਸਿੱਖਾਂ ਨੇ ਅਜਿਹੇ ਹੱਥ ਵਿਖਾਏ ਕਿ ਜਖ਼ਮੀ ਹੋ ਕੇ ਭੱਜ ਗਿਆ। ਇਸ ਘਟਨਾ ਬਾਰੇ ਜਾਣਕੇ ਭੀਮ ਚੰਦ ਕਹਿਲੂਰੀਆ ਤੇ ਉਸ ਦਾ ਪੁੱਤਰ ਅਜਮੇਰ ਚੰਦ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਜੰਗ ਦੀਆਂ ਤਿਆਰੀਆਂ ਕਰਨ ਲੱਗੇ।[427] ਸੰਤੋਖ ਸਿੰਘ ਖ਼ਾਲਸਾ ਸਾਜਨ ਤੋਂ ਬਾਅਦ ਦਿਨ-ਬ-ਦਿਨ ਖ਼ਾਲਸੇ ਦਾ ਪ੍ਰਤਾਪ ਫ਼ੈਲਣ ਦੀ ਗੱਲ ਕਰਦਾ ਹੈ ਅਤੇ ਖ਼ਾਲਸਾ ਫ਼ੌਜ ਦੁਆਰਾਂ ਪਹਾੜੀ ਰਾਜੇ ਬਲੀਆ ਚੰਦ ਅਤੇ ਆਲਮ ਚੰਦ ਨੂੰ ਹਰਾਉਣ ਦਾ ਜ਼ਿਕਰ ਵੀ ਕਰਦਾ ਹੈ।[428]

ਗਿਆਨੀ ਗਿਆਨ ਸਿੰਘ ਅਨੁਸਾਰ ਭੀਮ ਚੰਦ ਨੇ ਸਾਰੇ ਪਹਾੜੀ ਰਾਜਿਆਂ ਨੂੰ ਇਕੱਠਿਆਂ ਕਰਕੇ ਵੀਹ ਕੁ ਹਜ਼ਾਰ ਦੀ ਸੈਨਾ ਇੱਕਠੀ ਕਰਕੇ, ਅਨੰਦਪੁਰ 'ਤੇ ਚੜ੍ਹਾਈ ਕਰ ਦਿੱਤੀ। ਪਹਾੜੀ ਰਾਜਿਆਂ ਨੇ ਮਸਤ ਹਾਥੀ ਨੂੰ ਸ਼ਰਾਬ ਪਿਲਾ ਕੇ ਉਸ ਦੀ ਸੁੰਡ ਨਾਲ ਤਲਵਾਰ ਅਤੇ ਸਿਰ ਉੱਤੇ ਲੋਹੇ ਦੇ ਤਵੇ ਬੰਨ੍ਹਕੇ, ਅਨੰਦਪੁਰ ਦੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਅੱਗੇ ਲਾ ਲਿਆ। ਗੁਰੂ ਜੀ ਵੱਲੋਂ ਹਾਥੀ ਦਾ ਸਾਹਮਣਾ ਕਰਨ ਲਈ ਭਾਈ ਦੁਨੀ ਚੰਦ ਤਿਆਰ ਕੀਤਾ ਗਿਆ, ਪਰ ਉਹ ਡਰਦਾ ਕੰਧ ਟੱਪਣ ਲੱਗਾ ਲੱਤ ਤੁੜਵਾ ਬੈਠਾ ਅਤੇ ਆਪਣੇ ਨਗਰ ਮਜੀਠੇ ਜਾ ਕੇ ਸੱਪ ਲੜ ਕੇ ਮਰ ਗਿਆ। ਗੁਰੂ ਜੀ ਨੇ ਹਾਥੀ ਨੂੰ ਰੋਕਣ ਦੀ ਜਿੰਮੇਵਾਰੀ ਭਾਈ ਬਚਿੱਤਰ ਸਿੰਘ ਨੂੰ ਸੌਂਪੀ। ਭਾਈ

---

424 ਰਤਨ ਸਿੰਘ ਭੰਗੂ, *ੳ. ਰ.,* ਪੰਨਾ 37.

425 ਰਤਨ ਸਿੰਘ ਭੰਗੂ, *ੳਹੀ,* ਪੰਨੇ 37-38.

426 *ੳਹੀ,* ਪੰਨਾ 38.

427 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 257.

428 ਭਾਈ ਸੰਤੋਖ ਸਿੰਘ, *ੳ. ਰ.,* ਪੰਨੇ 5213-5214, 5224-5226.

ਬਚਿੱਤਰ ਸਿੰਘ ਨੇ ਹਾਥੀ ਦੇ ਸਿਰ ਉੱਪਰ ਨਾਗਣੀ ਨਾਲ ਅਜਿਹਾ ਜ਼ੋਰਦਾਰ ਵਾਰ ਕੀਤਾ ਕਿ ਨਾਗਣੀ ਤਵੇ ਨੂੰ ਚੀਰਦੀ ਹੋਈ ਹਾਥੀ ਦੇ ਸਿਰ ਵਿੱਚ ਧੱਸ ਗਈ। ਜ਼ਖ਼ਮੀ ਹਾਥੀ ਦਰਦ ਨਾਲ ਤੜਫ਼ਦਾ ਹੋਇਆ ਪਿੱਛਾਂਹ ਮੁੜਕੇ ਪਹਾੜੀਆਂ ਨੂੰ ਹੀ ਲਤਾੜਣ ਲੱਗਾ ਅਤੇ ਸਿੰਘਾਂ ਨੇ ਵੀ ਜ਼ੋਰਦਾਰ ਹਮਲਾ ਕਰ ਦਿੱਤਾ। ਇਸ ਤਰ੍ਹਾਂ ਪਹਾੜੀ ਰਾਜੇ ਹਾਰ ਖਾ ਕੇ ਭੱਜ ਗਏ ਅਤੇ ਗੁਰੂ ਜੀ ਦੇ ਵਧਦੇ ਪ੍ਰਤਾਪ ਨੂੰ ਰੋਕਣ ਲਈ ਸੂਬਾ ਸਰਹਿੰਦ ਦੀ ਮਦਦ ਲੈਣ ਲਈ ਸਰਹਿੰਦ ਪਹੁੰਚ ਗਏ।[429] ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਵੱਲੋਂ ਦੱਸੀ ਗਈ ਉਪਰੋਕਤ ਲੜਾਈ ਨੂੰ ਇੰਨ-ਬਿੰਨ ਹੀ ਲਿਖਦਾ ਹੈ। ਉਹ ਇਹ ਵੀ ਲਿਖਦਾ ਹੈ ਕਿ ਭਾਈ ਉਦੈ ਸਿੰਘ ਦੇ ਹੱਥੋਂ ਰਾਜਾ ਕੇਸਰੀ ਚੰਦ ਵੀ ਮਾਰਿਆ ਜਾਂਦਾ ਹੈ ਅਤੇ ਉਦੈ ਸਿੰਘ ਉਸ ਦੇ ਸਿਰ ਨੂੰ ਨੇਜੇ ਉੱਤੇ ਟੰਗ ਲੈਂਦਾ ਹੈ। ਪਹਾੜੀ ਰਾਜੇ ਹਾਰ ਖਾ ਕੇ ਭੱਜ ਜਾਂਦੇ ਹਨ।[430]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪਹਾੜੀ ਰਾਜਿਆਂ ਨੇ ਅਨੰਦਪੁਰ ਦੀ ਲੋਹਗੜ ਦੇ ਕਿਲ੍ਹੇ ਵਾਲੀ ਲੜਾਈ ਵਿੱਚ ਹਾਰ ਖਾ ਕੇ ਆਟੇ ਦੀ ਗਊ ਬਣਾ ਕੇ ਗੁਰੂ ਜੀ ਕੋਲ ਭੇਜੀ ਕਿ ਜੇ ਉਹ ਅਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਸੰਗਤਾਂ ਦੀ ਗੱਲ ਮੰਨ ਕੇ ਗੁਰੂ ਜੀ ਨੇ ਅਨੰਦਪੁਰ ਛੱਡ ਦਿੱਤਾ। ਪਰ ਪਹਾੜੀਆਂ ਨੇ ਗੁਰੂ ਜੀ ਦੇ ਅਨੰਦਪੁਰ ਦੇ ਬਾਹਰ ਨਿਕਲਦਿਆਂ ਹੀ ਸਭ ਕਸਮਾਂ-ਸਹੁੰਆਂ ਭੁਲਾ ਕੇ ਸਿੱਖ ਸੰਗਤਾਂ ਉੱਪਰ ਹਮਲਾ ਕਰ ਦਿੱਤਾ, ਪਰ ਸਿੰਘਾਂ ਨੇ ਪਹਾੜੀਆਂ ਦੇ ਚੰਗੇ ਦੰਦ ਖੱਟੇ ਕੀਤੇ ਅਤੇ ਗੁਰੂ ਜੀ ਸਿੰਘਾਂ ਸਮੇਤ ਫ਼ੇਰ ਅਨੰਦਪੁਰ ਵਾਪਸ ਆ ਗਏ।[431] ਸੰਤੋਖ ਸਿੰਘ ਲਿਖਦਾ ਹੈ ਕਿ ਨਮੋਸ਼ੀ ਭਰੀ ਹਾਰ ਖਾਣ ਤੋਂ ਬਾਅਦ ਪਹਾੜੀ ਰਾਜਿਆਂ ਦੀ ਤਰਫੋਂ ਪੰਮਾ ਪ੍ਰੋਹਿਤ ਆਟੇ ਦੀ ਗਊ ਲੈ ਕੇ ਅਨੰਦਪੁਰ ਪਹੁੰਚਿਆ ਅਤੇ ਨਾਲ ਇੱਕ ਚਿੱਠੀ ਵੀ ਲੈ ਕੇ ਗਿਆ।[432] ਗੁਰੂ ਜੀ ਨੇ ਪਹਾੜੀ ਰਾਜਿਆਂ 'ਤੇ ਯਕੀਨ ਕਰਕੇ ਅਨੰਦਪੁਰ ਛੱਡ ਦਿੱਤਾ। ਅਨੰਦਪੁਰ ਛੱਡ ਕੇ ਗੁਰੂ ਵਹੀਰ ਸਮੇਤ ਨਿਰਮੋਹੀ ਪਹੁੰਚੇ ਤਾਂ ਪਹਾੜੀਆਂ ਨੇ ਕਸਮਾਂ ਤੋੜਕੇ ਹਮਲਾ ਕਰ ਦਿੱਤਾ ਅਤੇ ਸਿੰਘਾਂ ਹੱਥੋਂ ਫ਼ੇਰ ਪਹਾੜੀਆਂ ਨੂੰ ਮੂੰਹ ਦੀ ਖਾਣੀ ਪਈ।[433] ਗਿਆਨੀ ਗਿਆਨ ਸਿੰਘ ਅਨੁਸਾਰ ਭੀਮ ਚੰਦ ਅਤੇ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਨੂੰ ਗੁਰੂ ਜੀ 'ਤੇ ਹਮਲਾ ਕਰਨ ਲਈ ਚਿੱਠੀਆਂ ਲਿਖੀਆਂ ਅਤੇ ਅਖ਼ੀਰ ਵਿੱਚ ਫ਼ੌਜ ਦਾ ਖਰਚਾ ਵੀ ਭੇਜਿਆ। ਔਰੰਗਜ਼ੇਬ ਨੇ ਅਜ਼ੀਮ ਖਾਂ ਅਤੇ ਪੈਂਡ ਖਾਂ ਨੂੰ ਦਸ ਹਜ਼ਾਰ ਸੈਨਾ ਦੇ ਕੇ ਗੁਰੂ ਜੀ 'ਤੇ ਹਮਲਾ ਕਰਨ ਲਈ

---

[429] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 258-259.

[430] ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5251-5314, 5317.

[431] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 260.

[432] ਭਾਈ ਸੰਤੋਖ ਸਿੰਘ, *ਉ. ਰ., ਜਿ. ਬਾ.,* ਪੰਨਾ 5361.

[433] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੇਰ੍ਹਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 5363-5366.

ਭੇਜਿਆ। ਪਹਾੜੀ ਰਾਜੇ ਵੀ ਆਪਣੀ ਸੈਨਾ ਲੈ ਕੇ ਉਨ੍ਹਾਂ ਦੇ ਨਾਲ ਰਲ ਗਏ। ਅਨੰਦਪੁਰ ਵਿੱਚ ਸਿੱਖਾਂ ਅਤੇ ਮੁਗਲਾਂ, ਪਹਾੜੀਆਂ ਦੀ ਸਾਂਝੀ ਫ਼ੌਜ ਵਿੱਚ ਭਿਆਨਕ ਯੁੱਧ ਸ਼ੁਰੂ ਹੋ ਗਿਆ। ਇਸ ਭਿਆਨਕ ਯੁੱਧ ਵਿੱਚ ਪੈਂਡ ਖਾਂ ਮਾਰਿਆ ਗਿਆ। ਪਹਾੜੀ ਤੇ ਮੁਗਲ ਮੈਦਾਨ ਛੱਡ ਕੇ ਭੱਜ ਗਏ। ਸਿੰਘਾਂ ਨੇ ਖਿਦਰਾਬਾਦ ਪਿੰਡ ਤੱਕ ਦੁਸ਼ਮਣਾਂ ਨੂੰ ਭਜਾ-ਭਜਾ ਕੇ ਮਾਰਿਆ।[434] ਸੰਤੋਖ ਸਿੰਘ ਵੀ ਇਸ ਲੜਾਈ ਦੀ ਪੁਸ਼ਟੀ ਕਰਦਾ ਹੈ, ਪਰ ਪੈਂਡ ਖਾਂ ਦੇ ਨਾਲ ਅਜ਼ੀਮ ਖਾਂ ਦੀ ਥਾਂ ਦੀਨਾ ਬੇਗ ਹੋਣਾ ਦੱਸਦਾ ਹੈ।[435] ਗਿਆਨੀ ਗਿਆਨ ਸਿੰਘ ਇਸ ਲੜਾਈ ਨੂੰ ਲੋਹਗੜ੍ਹ ਦੀ ਲੜਾਈ ਤੋਂ ਬਾਅਦ ਦੀ, ਜਦੋਂ ਕਿ ਸੰਤੋਖ ਸਿੰਘ ਪਹਿਲਾਂ ਦੀ ਲੜਾਈ ਦੱਸਦਾ ਹੈ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਓੜਕ ਨੂੰ ਪਹਾੜੀ ਰਾਜੇ ਔਰੰਗਜ਼ੇਬ ਦੇ ਚਰਨੀਂ ਜਾ ਪਏ। ਔਰੰਗਜ਼ੇਬ ਨੇ ਆਪਣੇ ਜਰਨੈਲਾਂ ਨੂੰ ਵੱਡੀ ਮੁਗਲ ਸੈਨਾ ਦੇ ਕੇ ਗੁਰੂ ਜੀ ਦਾ ਮੁਕਾਬਲਾ ਕਰਨ ਲਈ ਭੇਜਿਆ। ਪੈਂਡੇ ਖਾਨ, ਸੈਦ ਖਾਂ, ਸੈਦ ਬੇਗ, ਮਾਮੂੰ ਖਾਂ, ਨੂਰ ਜਹੂਰ, ਦੀਨਾਬੇਗ ਆਦਿ ਮੁਗਲ ਸਰਦਾਰਾਂ ਅਤੇ ਪਹਾੜੀ ਰਾਜਿਆਂ ਨੇ ਰਲਕੇ ਫ਼ੇਰ ਇੱਕ ਵਾਰ ਅਨੰਦਪੁਰ 'ਤੇ ਜ਼ੋਰਦਾਰ ਹੱਲਾ ਬੋਲਿਆ ਤੇ ਪਰ ਇੱਕ ਵਾਰ ਫ਼ੇਰ ਪਹਾੜੀਆਂ ਤੇ ਮੁਗਲਾਂ ਨੂੰ ਮੂੰਹ ਦੀ ਖਾਣੀ ਪਈ। ਹਮਲਾ ਕਰਨਾ ਆਇਆ ਮੁਗਲ ਸੈਨਾਪਤੀ ਸੈਦ ਖਾਂ ਤਾਂ ਗੁਰੂ ਦਾ ਮੁਰੀਦ ਬਣ ਗਿਆ।[436] ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਗਈ ਇਸ ਜਾਣਕਾਰੀ ਦੀ ਪੁਸ਼ਟੀ ਸੰਤੋਖ ਸਿੰਘ ਵੀ ਕਰਦਾ ਹੈ।[437]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਆਪਣੀ ਇਸ ਹਾਰ 'ਤੇ ਪਹਾੜੀ ਰਾਜੇ ਬੜੇ ਸ਼ਰਮਿੰਦੇ ਸਨ। ਪਹਾੜੀ ਰਾਜਿਆਂ ਨੇ ਦਸਵੇਂ ਗੁਰੂ ਸਾਹਿਬ ਖਿਲਾਫ਼ ਔਰੰਗਜ਼ੇਬ ਦੇ ਕੰਨ ਭਰੇ। ਔਰੰਗਜ਼ੇਬ ਨੇ ਸਾਰੇ ਸੂਬਿਆਂ ਨੂੰ ਹੁਕਮ ਭੇਜ ਦਿੱਤੇ ਕਿ ਅਨੰਦਪੁਰ ਦੇ ਚੁਫ਼ੇਰਿਉਂ ਹਮਲਾ ਕਰ ਦਿਉ। ਮੁਗਲਾਂ ਦੀ ਫ਼ੌਜ ਨਾਲ ਸਿੱਖ ਵੀ ਸਨ। ਸਿੱਖ ਫੌਜੀਆਂ ਨੇ ਗੁਰੂ ਗੋਬਿੰਦ ਸਿੰਘ ਤੱਕ ਹਮਲੇ ਦੀ ਖ਼ਬਰ ਪਹੁੰਚਾ ਦਿੱਤੀ। ਅਨੰਦਪੁਰ ਵਿੱਚ ਭਾਜੜਾਂ ਪੈ ਗਈਆਂ। ਗੁਰੂ ਜੀ ਨੇ ਬੜਾ ਹੌਂਸਲਾ ਦਿੱਤਾ, ਪਰ ਸਭ ਨੇ ਭੱਜਣ ਦੀ ਕੀਤੀ। ਬਾਈਧਾਰ ਦੇ ਰਾਜੇ ਵੀ ਮੁਗਲਾਂ ਨਾਲ ਰਲ ਗਏ। ਸਰਹਿੰਦ, ਮਲੇਰਕੋਟਲੇ, ਲਾਹੌਰ ਦੀਆਂ ਫ਼ੌਜਾਂ ਨੇ ਅਨੰਦਪੁਰ ਨੂੰ ਚੁਫੇਰਿਉਂ ਘੇਰਾ ਪਾ ਲਿਆ।[438] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਲੜਾਈ ਵਿੱਚ ਬੁਰੀ ਤਰ੍ਹਾਂ ਹਾਰ ਖਾਣ ਤੋਂ ਬਾਅਦ ਪਹਾੜੀ ਰਾਜੇ ਔਰੰਗਜ਼ੇਬ ਕੋਲ ਪਹੁੰਚ ਗਏ ਤੇ ਗੁਰੂ ਜੀ ਦੇ ਖਿਲਾਫ਼ ਉਸ ਦੇ ਕੰਨ ਭਰੇ। ਔਰੰਗਜ਼ੇਬ ਨੇ ਗੁਰੂ ਦੇ ਵੱਧਦੇ ਪ੍ਰਤਾਪ ਨੂੰ ਠੱਲ ਪਾਉਣ ਲਈ ਜਲੰਧਰ,

---

434 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 261-262.

435 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਬਾਰਵ੍ਹੀਂ,* ਪੰਨੇ 5238-5239.

436 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 262-266.

437 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਤੇਰ੍ਹਵੀਂ,* ਪੰਨੇ 5615-5750.

438 ਰਤਨ ਸਿੰਘ ਭੰਗੂ, *ਉ. ਰ.,* ਪੰਨਾ 44.

ਸਰਹਿੰਦ, ਲਾਹੌਰ ਆਦਿ ਦੇ ਸੂਬੇਦਾਰਾਂ ਨੂੰ ਫ਼ੁਰਮਾਨ ਜਾਰੀ ਕੀਤੇ ਅਤੇ ਕਈ ਹਜ਼ਾਰ ਫ਼ੌਜਾਂ ਦਿੱਲੀ ਤੋਂ ਵੀ ਭੇਜ ਦਿੱਤੀਆਂ। ਸਰਹਿੰਦ ਦਾ ਸੂਬੇਦਾਰ ਦਸ ਹਜ਼ਾਰ ਦੀ ਮੁਗਲ ਸੈਨਾ ਲੈ ਕੇ ਗੁਰੂ ਦੇ ਖਿਲਾਫ਼ ਸ਼ਾਮਿਲ ਹੋਇਆ। ਵੀਹ ਹਜ਼ਾਰ ਦੇ ਕਰੀਬ ਮੁਗਲ ਸੈਨਾ ਲਾਹੌਰ ਤੋਂ ਅਨੰਦਪੁਰ ਪਹੁੰਚ ਗਈ। ਬਾਈਧਾਰ ਦੇ ਸਾਰੇ ਪਹਾੜੀ ਰਾਜੇ ਵੀ ਉਨ੍ਹਾਂ ਨਾਲ ਆ ਰਲੇ ਤੇ ਅਨੰਦਪੁਰ ਨੂੰ ਚਾਰੇ-ਪਾਸਿਓਂ ਘੇਰ ਕੇ ਅੰਦਰ ਰਸਦ-ਪਾਣੀ ਜਾਣਾ ਬੰਦ ਕਰ ਦਿੱਤਾ। ਦੂਜੇ ਪਾਸੇ ਗੁਰੂ ਕੋਲ ਦਸ ਕੁ ਹਜ਼ਾਰ ਹੀ ਸਿੱਖ ਸਨ।[439] ਸੰਤੋਖ ਸਿੰਘ ਵੀ ਪਹਾੜੀ ਰਾਜਿਆਂ ਵੱਲੋਂ ਇੱਕ ਵਾਰ ਫ਼ੇਰ ਔਰੰਗਜ਼ੇਬ ਨੂੰ ਮਦਦ ਲਈ ਬੇਨਤੀ ਕਰਨ ਤੋਂ ਲੈ ਕੇ ਮੁਗਲਾਂ ਤੇ ਪਹਾੜੀਆਂ ਦੀ ਸਾਂਝੀ ਫ਼ੌਜ ਦੇ ਅਨੰਦਪੁਰ 'ਤੇ ਚੜ੍ਹਾਈ ਕਰਨ ਤੱਕ ਉਪਰੋਕਤ ਦੋਵੇਂ ਲੇਖਕਾਂ ਨਾਲ ਸਹਿਮਤ ਹੈ।[440] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮੁਗਲਾਂ ਤੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਨਾਲ ਲੜਦਿਆਂ ਕਈ ਮਹੀਨੇ ਗੁਜ਼ਰ ਗਏ, ਪਰ ਅਨੰਦਪੁਰ ਵਿੱਚ ਦਾਖ਼ਲ ਹੋਣ ਵਿੱਚ ਸਫ਼ਲ ਨਾ ਹੋ ਸਕੇ। ਗੁਰੂ ਜੀ ਦੇ ਸਿੱਖ ਕਦੇ-ਕਦਾਈਂ ਮੁਗਲਾਂ 'ਤੇ ਹਮਲਾ ਕਰਕੇ ਰਸਦ-ਪਾਣੀ ਜਾਂ ਜਰੂਰੀ ਵਸਤਾਂ ਲੁੱਟਕੇ ਲੈ ਜਾਂਦੇ।[441] ਸੰਤੋਖ ਸਿੰਘ ਵੀ ਲਿਖਦਾ ਹੈ ਕਿ ਕਈ ਮਹੀਨਿਆਂ ਤੱਕ ਅਨੰਦਪੁਰ ਵਿੱਚ ਭਿਆਨਕ ਲੜਾਈ ਹੋਈ। ਅੰਤ ਪੇਸ਼ ਨਾ ਜਾਂਦੀ ਵੇਖ ਕੇ ਮੁਗਲਾਂ ਤੇ ਪਹਾੜੀਆਂ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ, ਸਿੰਘਾਂ ਨੇ ਵੀ ਰਾਤ ਨੂੰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਹੌਲੀ ਹੌਲੀ ਰਸਦ ਖ਼ਤਮ ਹੋਣ ਲੱਗੀ, ਸਿੱਖ ਭੁੱਖੇ-ਭਾਣੇ ਮਰਨ ਲੱਗੇ।[442] ਕੇਸਰ ਸਿੰਘ ਛਿੱਬਰ ਵੀ ਲਿਖਦਾ ਹੈ ਕਿ ਸੰਮਤ 1762 ਬਿਕ੍ਰਮੀ ਵਿੱਚ ਪਹਾੜੀ ਰਾਜਿਆਂ ਦੇ ਸੱਦੇ 'ਤੇ ਦਿਲਾਵਰ ਖਾਨ ਤੇ ਰੁਸਤਮ ਖਾਨ ਅਧੀਨ ਮੁਗਲ ਸੈਨਾ ਅਤੇ ਪਹਾੜੀ ਰਾਜੇ ਅਨੰਦਪੁਰ ਸਾਹਿਬ ਉੱਪਰ ਚੜ੍ਹ ਆਏ।[443]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਘੇਰੇ ਤੋਂ ਤੰਗ ਆਏ ਲੋਕਾਂ ਨੇ ਮਾਤਾ ਗੁਜਰੀ ਨੂੰ ਕਿਹਾ ਕਿ ਤੁਸੀਂ ਆਪਣੇ ਸਿੱਖ ਭੇਜ ਕੇ ਪਹਾੜੀ ਰਾਜਿਆਂ ਨਾਲ ਗੱਲ ਕਰ ਲਉ। ਪਰ ਗੁਰੂ ਜੀ ਨੇ ਕਿਹਾ ਕਿ ਪਹਾੜੀ ਰਾਜੇ ਦਗੇਬਾਜ਼ ਹਨ। ਮਾਤਾ ਗੁਜਰੀ ਨੇ ਕਿਹਾ ਕਿ ਉਹ ਠਾਕਰਾਂ ਦੀ ਸਹੁੰ ਖਾਂਦੇ ਹਨ। ਹੁਣ ਉਹ ਸਾਡੇ ਨਾਲ ਦਗਾ ਨਹੀਂ ਕਰਨਗੇ। ਗੁਰੂ ਜੀ ਨੇ ਪਹਾੜੀਆਂ ਨੂੰ ਪਰਖਣ ਲਈ ਮਾੜੀਆਂ-ਮੋਟੀਆਂ ਟੁੱਟੀਆਂ-ਫੁੱਟੀਆਂ ਚੀਜ਼ਾਂ ਗੱਡਿਆਂ ਵਿੱਚ ਲੱਦਵਾ ਦਿੱਤੀਆਂ ਅਤੇ ਢੰਡੋਰਾ ਪਿਟਵਾ ਦਿੱਤਾ ਕਿ ਅਸੀਂ ਧਨ ਕੱਢ ਰਹੇ ਹਾਂ। ਜਦੋਂ ਪਹਾੜੀਆਂ ਨੂੰ ਇਹ ਪਤਾ ਲੱਗਾ ਤਾਂ ਉਨ੍ਹਾਂ ਨੇ ਧਨ ਨੂੰ ਲੁੱਟਣ ਲਈ ਹਮਲਾ ਕਰ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਉਨ੍ਹਾਂ ਦਾ ਛਲ ਸਾਰਿਆਂ ਦੇ ਸਾਹਮਣੇ ਲਿਆ

[439] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 266-268.

[440] ਭਾਈ ਸੰਤੋਖ ਸਿੰਘ, *ਉ. ਰ., ਜਿ. ਤੇ.,* ਪੰਨੇ 5754-5766.

[441] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 270-271.

[442] ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5769-5834.

[443] ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 174.

ਦਿੱਤਾ।[444] ਗਿਆਨੀ ਗਿਆਨ ਸਿੰਘ ਵੀ ਉਪਰੋਕਤ ਘਟਨਾ ਰਤਨ ਸਿੰਘ ਭੰਗੂ ਵਾਂਗ ਹੀ ਦੇ ਰਿਹਾ ਹੈ।[445] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਵੀ ਇਸ ਘਟਨਾ ਸੰਬੰਧੀ ਉਪਰੋਕਤ ਦੋਵੇਂ ਲੇਖਕਾਂ ਨਾਲ ਸਹਿਮਤੀ ਜਤਾਉਂਦੇ ਹਨ, ਪਰ ਸਰੂਪ ਦਾਸ ਭੱਲਾ ਹੌਲੀ-ਹੌਲੀ ਕਰਕੇ ਕਈ ਸਿੰਘਾਂ ਦੇ ਅਨੰਦਪੁਰ 'ਚੋਂ ਖਿਸਕਣ ਦੀ ਗੱਲ ਵੀ ਕਰਦਾ ਹੈ।[446]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਾਤਾ ਗੁਜਰੀ ਨੇ ਫ਼ੇਰ ਵੀ ਗੁਰੂ ਸਾਹਿਬ ਦੀ ਗੱਲ ਨਾ ਮੰਨੀ ਅਤੇ ਅਨੰਦਪੁਰ ਛੱਡ ਕੇ ਜਾਣ ਦਾ ਪੱਕਾ ਮਨ ਬਣਾ ਲਿਆ। ਗੁਰੂ ਜੀ ਨੇ ਸਾਥ ਛੱਡ ਕੇ ਜਾਣ ਵਾਲੇ ਨੂੰ ਲੋਕਾਂ ਤੇ ਸਿੰਘਾਂ ਨੂੰ ਬੇਦਾਵਾ ਲਿਖਣ ਲਈ ਕਿਹਾ। ਲੋਕਾਂ ਨੇ ਝੱਟ ਇਹ ਵੀ ਲਿਖ ਦਿੱਤਾ। ਸਾਰੇ ਨੌਕਰ-ਚਾਕਰ ਵੀ ਬੇਮੁੱਖ ਹੋ ਗਏ। ਫ਼ੇਰ ਗੁਰੂ ਜੀ ਨੇ ਸਿੰਘਾਂ ਨੂੰ ਵੀ ਬੇਦਾਵਾ ਲਿਖ ਕੇ ਦੇਣ ਨੂੰ ਕਿਹਾ, ਪਰ ਸਿੰਘਾਂ ਨੇ ਬੇਦਾਵਾ ਲਿਖਣ ਤੋਂ ਇਨਕਾਰ ਕਰ ਦਿੱਤਾ। ਖ਼ਾਲਸੇ ਨੇ ਗੁਰੂ ਜੀ ਨੂੰ ਕਿਹਾ ਕਿ ਅਸੀਂ ਸਿਦਕ ਸੰਭਾਲਾਂਗੇ। ਤੁਹਾਡਾ ਹਰ ਹੁਕਮ ਸਿਰ ਮੱਥੇ ਮੰਨਾਂਗੇ।[447] ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਜੀ ਨੇ ਸਿੱਖਾਂ ਨੂੰ ਦੁਸ਼ਮਣ 'ਤੇ ਯਕੀਨ ਨਾ ਕਰਨ ਲਈ ਸਮਝਾਇਆ। ਪਰ ਫ਼ੇਰ ਵੀ ਕਈ ਸਿੱਖ ਮਾਤਾ ਗੁਜਰੀ ਕੋਲ ਜਾ ਕੇ ਉਨ੍ਹਾਂ ਦੇ ਕੰਨ ਭਰਦੇ ਰਹਿੰਦੇ। ਕਈ ਸਿੱਖ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ, ਪਰ ਸਿਦਕੀ ਮਲਵਈ ਸਿੱਖ ਅੰਤ ਤੱਕ ਗੁਰੂ ਜੀ ਦੇ ਨਾਲ ਹੀ ਰਹੇ।[448] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਮੁਗਲਾਂ ਤੇ ਪਹਾੜੀ ਰਾਜਿਆਂ ਦੀ ਸੈਨਾ ਦੁਆਰਾ ਅਨੰਦਪੁਰ ਦਾ ਘੇਰਾ ਹੋਰ ਕਰੜਾ ਕਰ ਦਿੱਤੇ ਜਾਣ ਕਾਰਣ ਰਸਦ-ਪਾਣੀ ਅੰਦਰ ਜਾਣਾ ਬੰਦ ਹੋ ਗਿਆ। ਫ਼ੇਰ ਵੀ ਸਿੱਖ ਭੁੱਖੇ-ਭਾਣੇ ਲੜਦੇ ਰਹੇ। ਪਹਾੜੀ ਰਾਜਿਆਂ ਤੇ ਮੁਗਲਾਂ ਨੇ ਫ਼ੇਰ ਦੁਬਾਰਾ ਸਹੁੰਆਂ ਖਾਧੀਆਂ। ਗੁਰੂ ਜੀ ਨੇ ਸਿੱਖਾਂ ਨੂੰ ਅੱਠ ਦਿਨ ਹੋਰ ਰੁਕਣ ਲਈ ਕਿਹਾ, ਪਰ ਸਿੱਖ ਨਾ ਮੰਨੇ।[449] ਸਰੂਪ ਦਾਸ ਭੱਲਾ ਬਿਆਨਦਾ ਹੈ ਕਿ ਪਹਾੜੀ ਰਾਜਿਆਂ ਦੁਆਰਾ ਗਊ ਤੇ ਜਨੇਊ ਦੀਆਂ ਕਸਮਾਂ ਖਾ ਕੇ ਪੰਮੇ ਪ੍ਰੋਹਿਤ ਨੂੰ ਗੁਰੂ ਜੀ ਕੋਲ ਭੇਜਿਆ ਗਿਆ। ਗੁਰੂ ਜੀ ਦੀ ਦਾਦੀ ਨਾਨਕੀ ਨੇ ਪੰਮੇ ਪ੍ਰੋਹਿਤ ਦੀ ਗੱਲ ਮੰਨਕੇ ਅਨੰਦਪੁਰ ਛੱਡਣ ਲਈ ਕਿਹਾ। ਪਰ ਗੁਰੂ ਜੀ ਦੇ ਇਨਕਾਰ ਕਰਨ ਕਰਕੇ ਦਾਦੀ ਨਾਨਕੀ ਨੇ ਧਨ, ਧਰਮ ਤੇ ਕੁੱਲ ਨਾਸ਼ ਹੋਣ ਦੀ ਸਰਾਪ ਦੇ ਦਿੱਤਾ।[450]

ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਦੇ ਅਨੁਸਾਰ ਗੁਰੂ ਜੀ ਨੇ ਸਾਹਿਬਜ਼ਾਦਿਆਂ ਨੂੰ ਨਾਲ ਲੈ

---

444 ਰਤਨ ਸਿੰਘ ਭੰਗੂ, *ਉ. ਰ.,* ਪੰਨਾ 45.

445 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 271-273.

446 ਸਰੂਪ ਦਾਸ ਭੱਲਾ, *ਉ. ਰ.,* ਪੰਨਾ 847; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5839-5840

447 ਰਤਨ ਸਿੰਘ ਭੰਗੂ, *ਉ. ਰ.,* ਪੰਨੇ 45-46.

448 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 273-274.

449 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 176-177.

450 ਸਰੂਪ ਦਾਸ ਭੱਲਾ, *ਉ. ਰ.,* ਪੰਨਾ 848.

ਕੇ ਅਨੰਦਪੁਰ ਛੱਡਣ ਦੀ ਤਿਆਰੀ ਸ਼ੁਰੂ ਕਰ ਦਿੱਤੀ।[451] ਕਵੀ ਸੈਨਾਪਤਿ ਵੀ ਪਹਾੜੀਆਂ ਤੇ ਮੁਗਲਾਂ ਵੱਲੋਂ ਘਰੇਲੂ ਲੜਾਈ ਦੇ ਲੰਬੇ ਹੋ ਜਾਣ ਦੀ, ਭੁੱਖ ਤੋਂ ਤੰਗ ਆਏ ਸਿੰਘਾਂ ਦੇ ਕਹਿਣ 'ਤੇ ਗੁਰੂ ਸਾਹਿਬ ਵੱਲੋਂ ਅਨੰਦਪੁਰ ਛੱਡ ਜਾਣ ਦੀ ਗੱਲ ਕਰਦਾ ਹੈ।[452] ਰਤਨ ਸਿੰਘ ਭੰਗੂ ਦੇ ਅਨੁਸਾਰ ਗੁਰੂ ਜੀ ਨੇ ਸ਼ਾਮ ਦੇ ਸਮੇਂ ਅਨੰਦਪੁਰ ਤੋਂ ਰੋਪੜ ਵੱਲ ਕੂਚ ਕਰ ਦਿੱਤਾ। ਜਦੋਂ ਗੁਰੂ ਜੀ ਪਰਿਵਾਰ ਸਮੇਤ ਅਨੰਦਪੁਰ ਤੋਂ ਬਾਹਰ ਨਿਕਲੇ ਤਾਂ ਪਿੱਛੋਂ ਪਹਾੜੀ ਰਾਜਿਆਂ ਨੇ ਹੱਲਾ ਬੋਲ ਦਿੱਤਾ। ਪਰ ਸਿੰਘਾਂ ਨੇ ਜਵਾਬੀ ਹਮਲੇ ਵਿੱਚ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਅੱਗੇ ਸਰਸਾ ਨਦੀ ਦਾ ਪਾਣੀ ਚੜ੍ਹਿਆ ਹੋਇਆ ਸੀ। ਇਸ ਤਰ੍ਹਾਂ ਦੋਵੇਂ ਪਾਸੇ ਤੋਂ ਮੁਸੀਬਤ ਪੈ ਗਈ। ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਰਹੇ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਨਾਲ ਚਲੇ ਗਏ, ਇਸ ਤਰ੍ਹਾਂ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ।[453] ਗਿਆਨੀ ਗਿਆਨ ਸਿੰਘ ਬਿਆਨਦਾ ਹੈ ਕਿ ਗੁਰੂ ਜੀ ਆਪਣੇ ਸੰਗ ਵਹੀਰ ਲੈ ਕੇ ਰੋਪੜ ਵੱਲ ਨੂੰ ਚੱਲ ਪਏ। ਪਰ ਦੁਸ਼ਮਣਾਂ ਨੇ ਆਪਣੀ ਸਹੁੰ ਤੋੜਕੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ। ਲੜਦੇ-ਭਿੜਦੇ ਸਿੱਖ ਆਥਣ ਤੱਕ ਸਰਸਾ ਨਦੀ ਦੇ ਕਿਨਾਰੇ ਪਹੁੰਚ ਗਏ। ਉਸ ਸਮੇਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਕਾਫ਼ੀ ਸਿੰਘ ਸਰਸਾ ਨਦੀ ਪਾਰ ਕਰਦੇ ਵਿੱਚ ਹੀ ਰੁੜ੍ਹ ਗਏ ਅਤੇ ਕਾਫ਼ੀ ਮੁਗਲਾਂ ਅਤੇ ਪਹਾੜੀਆਂ ਨਾਲ ਲੜਦੇ ਸ਼ਹੀਦ ਹੋ ਗਏ।[454] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਤੇ ਸੰਤੋਖ ਸਿੰਘ ਵੀ ਦੋਵੇਂ ਲੇਖਕਾਂ ਦੁਆਰਾ ਦੱਸੀ ਗਈ ਉਪਰੋਕਤ ਘਟਨਾ ਨਾਲ ਸਹਿਮਤੀ ਪ੍ਰਗਟ ਕਰਦੇ ਹਨ।[455] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸਰਸਾ ਨਦੀ ਦੇ ਕਿਨਾਰੇ ਵਿਛੜ ਕੇ ਗੁਰੂ ਜੀ ਦੀਆਂ ਧਰਮ ਪਤਨੀਆਂ ਕੁੱਝ ਸਿੱਖਾਂ ਸਮੇਤ ਦਿੱਲੀ ਪਹੁੰਚ ਗਈਆਂ।[456] ਸੰਤੋਖ ਸਿੰਘ ਵੀ ਲਿਖਦਾ ਹੈ ਕਿ ਗੁਰੂ ਜੀ ਦੇ ਮਹਿਲ ਦਿੱਲੀ ਵੱਲ ਨਿਕਲ ਗਏ।[457]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪਹਾੜੀਆਂ ਦੀ ਫ਼ੌਜ ਦੁਬਾਰਾ ਆ ਗਈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਰੋਪੜ ਪਾਰ ਕਰਕੇ ਗੁਰੂ ਜੀ ਜਦੋਂ ਲੋਧੀ ਪਠਾਣਾਂ ਦੇ ਘਰ ਗਏ, ਜਿਨ੍ਹਾਂ ਦੀ ਸਤਿਗੁਰਾਂ ਨੇ ਕਈ ਵਾਰ ਮਦਦ ਕੀਤੀ ਸੀ। ਉਹ ਵੀ ਬੇਮੁੱਖ ਹੋ ਗਏ। ਗੁਰੂ ਜੀ ਨੇ ਪਠਾਣਾਂ ਨੂੰ ਸਰਾਪ ਦੇ ਦਿੱਤਾ ਕਿ ਤੁਹਾਡੇ ਕੋਲ ਕੋਈ ਮਕਾਨ ਨਹੀਂ

---

451 ਰਤਨ ਸਿੰਘ ਭੰਗੂ, *ਉ. ਰ.,* ਪੰਨਾ 46; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 275.

452 ਕਵੀ ਸੈਨਾਪਤਿ, *ਉ. ਰ.,* ਪੰਨੇ 116-122.

453 ਰਤਨ ਸਿੰਘ ਭੰਗੂ, *ਉ. ਰ.,* ਪੰਨਾ 46.

454 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 275-276.

455 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 177; ਸਰੂਪ ਦਾਸ ਭੱਲਾ, *ਉ. ਰ.,* ਪੰਨਾ 848; ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5856-5871.

456 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 292.

457 ਭਾਈ ਸੰਤੋਖ ਸਿੰਘ, *ਉ. ਰ., ਜਿ. ਤੇ.,* ਪੰਨੇ 5856-5871.

ਰਹੇਗਾ। ਗੁਰੂ ਜੀ ਨੇ ਚਮਕੌਰ ਪਹੁੰਚ ਕੇ ਬਚੇ ਹੋਏ ਸਿੰਘਾਂ ਸਮੇਤ ਇੱਕ ਉੱਚੀ ਅਟਾਰੀ ਨੂੰ ਆਪਣਾ ਟਿਕਾਣਾ ਬਣਾ ਲਿਆ।[458] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦਸਮ ਪਿਤਾ ਨੇ ਹਵੇਲੀ ਦੇ ਮਾਲਕ ਰਾਉ ਤੋਂ ਹਵੇਲੀ ਖੁੱਲ੍ਹਵਾ ਲਈ ਅਤੇ ਕੁੱਝ ਕੁ ਸਿੰਘਾਂ ਤੇ ਵੱਡੇ ਸਾਹਿਬਜ਼ਾਦਿਆਂ ਨਾਲ ਹਵੇਲੀ ਵਿੱਚ ਜਾ ਵੜੇ। ਦੁਸ਼ਮਣ ਦੀ ਫ਼ੌਜ ਹਵੇਲੀ ਦੀ ਕੰਧ ਦੇ ਨੇੜੇ ਆ ਚੁੱਕੀ ਸੀ। ਸਿੰਘਾਂ ਨੇ ਵੀ ਅੱਗੋਂ ਹਥਿਆਰ ਚਲਾ ਦਿੱਤੇ ਤੇ ਪਠਾਣਾਂ ਨੂੰ ਪਿੱਛੇ ਧੱਕ ਦਿੱਤਾ। ਏਨੇ ਨੂੰ ਨਾਹਰ ਖਾਂ ਵੀ ਆਪਣੀ ਫ਼ੌਜ ਲੈ ਕੇ ਪਹੁੰਚ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਨਾਹਰ ਖਾਂ ਦੇ ਤੀਰ ਨਾਲ ਐਸਾ ਨਿਸ਼ਾਨਾ ਲਾਇਆ ਕਿ ਤੀਰ ਸੰਜੋਅ ਨੂੰ ਤੋੜਦਾ ਹੋਇਆ ਉਸ ਦੀ ਛਾਤੀ ਦੇ ਆਰ-ਪਾਰ ਹੋ ਗਿਆ ਤੇ ਨਾਹਰ ਖਾਂ ਮਰ ਗਿਆ। ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ ਖਵਾਜਾ ਖਿਜ਼ਰ ਮਸਤ ਹਾਥੀ ਵਾਂਗ ਅੱਗੇ ਵਧਿਆ, ਪਰ ਸ਼ੇਰ ਜਿਹੇ ਗੁਰੂ ਸਾਹਿਬ ਨੂੰ ਵੇਖ ਕੇ ਡਰਦਾ ਕੰਧ ਉਹਲੇ ਲੁਕ ਗਿਆ। ਏਨੇ ਨੂੰ ਵਜ਼ੀਰ ਖਾਂ ਤੇ ਪਹਾੜੀ ਰਾਜੇ ਵੀ ਆਪਣੀ ਸੈਨਾ ਲੈ ਕੇ ਚਮਕੌਰ ਪਹੁੰਚ ਗਏ। ਅੰਤ ਕਿੰਨੀ ਹੀ ਸੈਨਾ ਮਰਵਾ ਕੇ ਗੜ੍ਹੀ ਨੂੰ ਘੇਰਾ ਪਾ ਕੇ ਬੈਠ ਗਏ। ਹਵੇਲੀ ਵਿੱਚ ਅਜਿਹੀ ਮੋਰਚਾਬੰਦੀ ਵੀ ਨਹੀਂ ਸੀ ਕਿ ਸਿੰਘ ਹਥਿਆਰ ਚਲਾ ਕੇ ਆਪਣਾ ਸੀਸ ਬਚਾ ਸਕਣ। ਸਿੰਘਾਂ ਦਾ ਦਾਰੂ-ਸਿੱਕਾ ਵੀ ਖ਼ਤਮ ਹੋ ਗਿਆ ਸੀ। ਗੁਰੂ ਜੀ ਦੀ ਗੱਲ ਮੰਨਕੇ ਸਿੰਘ ਜੋੜੀਆਂ ਬਣਾ ਕੇ ਹਵੇਲੀ ਤੋਂ ਬਾਹਰ ਨਿਕਲਣ ਲੱਗੇ ਅਤੇ ਦੁਸ਼ਮਣ ਨਾਲ ਲੜਦੇ ਸ਼ਹੀਦੀਆਂ ਪਾਉਣ ਲੱਗੇ। ਇਸ ਤਰ੍ਹਾਂ ਹੌਲੀ-ਹੌਲੀ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਤੁਰਕਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਸਿੰਘ ਗਿਣਤੀ ਵਿੱਚ ਥੋੜੇ ਰਹਿ ਗਏ ਹਨ। ਤੁਰਕਾਂ ਨੇ ਚੁਫੇਰਿਉਂ ਹਵੇਲੀ ਉੱਪਰ ਹੱਲਾ ਬੋਲ ਦਿੱਤਾ। ਜਦੋਂ ਤੁਰਕਾਂ ਨੇ ਪੌੜੀਆਂ ਲਾ ਕੇ ਕੰਧਾਂ ਉੱਪਰ ਹੱਥ ਰੱਖੇ ਤਾਂ ਉੱਪਰੋਂ ਸਿੰਘਾਂ ਨੇ ਤਲਵਾਰਾਂ ਨਾਲ ਹੱਥ ਕੱਟ ਦਿੱਤੇ। ਇਸ ਤਰ੍ਹਾਂ ਤੁਰਕਾਂ ਦਾ ਹਵੇਲੀ 'ਚ ਦਾਖਲ ਹੋਣ ਦਾ ਕੋਈ ਦਾਅ ਨਹੀਂ ਲੱਗਿਆ। ਸਾਹਿਬਜ਼ਾਦਾ ਜੁਝਾਰ ਸਿੰਘ ਹੱਥ ਵਿੱਚ ਤਲਵਾਰ ਲੈ ਕੇ ਘੋੜੇ 'ਤੇ ਸਵਾਰ ਹੋ ਕੇ ਬਾਹਰ ਨਿਕਲ ਗਿਆ। ਜੁਝਾਰ ਸਿੰਘ ਨੇ ਜਿਧਰ ਵੀ ਹਮਲਾ ਕੀਤਾ ਸਮਝੋ ਉਜਾੜਾ ਹੀ ਪਾ ਦਿੱਤਾ। ਦੁਸ਼ਮਣ ਨੂੰ ਲੱਗਿਆ ਕਿ ਜਿਵੇਂ ਸਿੰਘਾਂ ਦਾ ਸਾਰਾ ਦਲ ਹੀ ਉਨ੍ਹਾਂ ਉੱਪਰ ਟੁੱਟ ਕੇ ਪੈ ਗਿਆ ਹੋਵੇ। ਬਹੁਤ ਸਾਰੇ ਮੁਗਲਾਂ ਨੂੰ ਮਾਰਦਾ ਹੋਇਆ ਜੁਝਾਰ ਸਿੰਘ ਸ਼ਹੀਦ ਹੋ ਗਿਆ। ਭਾਈ ਨੂੰ ਸ਼ਹੀਦ ਹੁੰਦਿਆ ਵੇਖ ਕੇ ਜ਼ੋਰਾਵਰ ਸਿੰਘ ਦਾ ਵੀ ਖ਼ੂਨ ਖੌਲਿਆ। ਉਹ ਵੀ ਖੰਡਾ ਲੈ ਕੇ ਦੁਸ਼ਮਣਾਂ 'ਤੇ ਟੁੱਟ ਪਿਆ। ਜੁਝਾਰ ਸਿੰਘ ਵਾਂਗੂ ਉਸ ਨੇ ਵੀ ਦੁਸ਼ਮਣਾਂ ਦੀਆਂ ਭਾਜੜਾਂ ਪਾਈ ਰੱਖੀਆਂ। ਅੰਤ ਬੰਦੂਕ ਦੀ ਗੋਲੀ ਲੱਗਣ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਵੀ ਸ਼ਹੀਦ ਹੋ ਗਿਆ। ਇਸ ਤਰ੍ਹਾਂ ਸੰਮਤ 1762 ਬਿਕ੍ਰਮੀ ਵਿੱਚ ਦੋਵੇਂ ਵੱਡੇ ਸਾਹਿਬਜ਼ਾਦੇ ਮੁਗਲਾਂ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।[459] ਗਿਆਨੀ ਗਿਆਨ ਸਿੰਘ

---

[458] ਰਤਨ ਸਿੰਘ ਭੰਗੂ, *ਉ. ਰ.,* ਪੰਨਾ 47.

[459] ਰਤਨ ਸਿੰਘ ਭੰਗੂ, *ਉ. ਰ.,* ਪੰਨੇ 48-50.

ਬਿਆਨਦਾ ਹੈ ਕਿ ਗੁਰੂ ਜੀ ਨਦੀ ਪਾਰ ਕਰਕੇ ਕੁੱਝ ਸਿੰਘਾਂ ਤੇ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਪਹੁੰਚ ਗਏ ਅਤੇ ਗੜ੍ਹੀ ਵਿੱਚ ਜਾ ਕੇ ਟਿਕਾਣਾ ਕਰ ਲਿਆ। ਪਿੱਛੇ-ਪਿੱਛੇ ਮੁਗਲ ਸੈਨਾ ਵੀ ਚਮਕੌਰ ਪਹੁੰਚ ਗਈ। ਗੁਰੂ ਜੀ ਦੇ ਕਈ ਬਹਾਦਰ ਸਿੰਘ ਅਤੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਵਿੱਚ ਮੁਗਲਾਂ ਨਾਲ ਲੜਦੇ ਸ਼ਹੀਦੀ ਪਾ ਗਏ। ਗਿਆਨੀ ਗਿਆਨ ਸਿੰਘ ਚਮਕੌਰ ਦੀ ਜੰਗ ਨੂੰ ਸੰਮਤ 1761 ਬਿਕ੍ਰਮੀ ਦਾ ਵਾਕਿਆ ਲਿਖ ਰਿਹਾ ਹੈ।[460] ਅਨੰਦਪੁਰੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਤੇ ਕੁੱਝ ਸਿੰਘਾ ਵੱਲੋਂ ਚਮਕੌਰ ਦੇ ਕਿਲ੍ਹੇ 'ਚ ਪਹੁੰਚਣ ਦੀ ਗੱਲ ਤਾਂ ਸਰੂਪ ਦਾਸ ਭੱਲਾ ਵੀ ਕਰਦਾ ਹੈ, ਪਰ ਚਮਕੌਰ ਦੀ ਲੜਾਈ ਦਾ ਕੋਈ ਜ਼ਿਕਰ ਨਹੀਂ ਕਰਦਾ।[461] ਕੇਸਰ ਸਿੰਘ ਛਿੱਬਰ ਤੇ ਸੰਤੋਖ ਸਿੰਘ ਵੀ ਚਮਕੌਰ ਦੀ ਜੰਗ ਦੇ ਹਾਲ ਬਾਰੇ ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਨਾਲ ਇੱਕਸੁਰਤਾ ਪ੍ਰਗਟਾਉਂਦੇ ਹਨ, ਪਰ ਗਿਆਨ ਗਿਆਨ ਸਿੰਘ ਵਾਂਗ ਕੇਸਰ ਸਿੰਘ ਛਿੱਬਰ ਵੱਡੇ ਸਾਹਿਬਜ਼ਾਦਿਆਂ ਦੇ ਨਾਂ ਅਜੀਤ ਸਿੰਘ ਤੇ ਜੁਝਾਰ ਸਿੰਘ ਲਿਖਦਾ ਹੈ, ਜਦੋਂ ਕਿ ਸੰਤੋਖ ਸਿੰਘ ਅਜੀਤ ਸਿੰਘ ਤੇ ਜ਼ੋਰਾਵਰ ਸਿੰਘ ਲਿਖਦਾ ਹੈ।[462]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਚਮਕੌਰ ਵਿੱਚ ਲੜਦਿਆਂ ਤ੍ਰਿਕਾਲਾਂ ਪੈ ਗਈਆਂ। ਲੜਾਈ ਬੰਦ ਹੋਣ ਉਪਰੰਤ ਮੁਗਲਾਂ ਨੇ ਚਾਰੇ ਪਾਸੇ ਚੌਕਸੀ ਰੱਖਣ ਲਈ ਬੰਦੇ ਨਾਲ ਬੰਦਾ ਜੋੜ ਕੇ ਖੜ੍ਹਾ ਕਰ ਦਿੱਤਾ ਤਾਂ ਜੋ ਗੁਰੂ ਜੀ ਬਚ ਕੇ ਨਾ ਲੰਘ ਸਕੇ। ਉੱਧਰ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਕੁੱਝ ਨਹੀਂ ਸੀ ਸੁੱਝ ਰਿਹਾ। ਕਿਉਂਕਿ ਸਾਹਿਬਜ਼ਾਦੇ ਵੀ ਸ਼ਹੀਦ ਹੋ ਚੁੱਕੇ ਸਨ ਤੇ ਫ਼ੌਜ ਵੀ ਨਹੀਂ ਸੀ ਬਚੀ। ਗੁਰੂ ਜੀ ਸੋਚਾਂ ਵਿੱਚ ਡੁੱਬੇ ਹੋਏ ਸਨ। ਗੁਰੂ ਜੀ ਨੇ ਖ਼ਾਲਸੇ ਨੂੰ ਗੁਰਿਆਈ ਦੇ ਕੇ ਉਸ ਨੂੰ ਟਿੱਕਾ ਲਾ ਦਿੱਤਾ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਆਪ ਬੈਠਦੇ ਸਨ। ਉੱਥੇ ਭਾਈ ਸੰਤ ਸਿੰਘ ਨੂੰ ਬਿਠਾ ਦਿੱਤਾ। ਗੁਰੂ ਜੀ ਨੇ ਆਪਣੀ ਦਸਤਾਰ ਤੇ ਕਲਗੀ, ਪੁਸ਼ਾਕ ਉਤਾਰਕੇ ਭਾਈ ਸੰਤ ਸਿੰਘ ਨੂੰ ਪਹਿਨਾ ਦਿੱਤੀ। ਸਿੰਘਾਂ ਨੂੰ ਬੁਲਾ ਕੇ ਉਸ ਨੂੰ ਸਿਜਦਾ ਕਰਵਾਇਆ। ਏਨੇ ਨੂੰ ਗਨੀ ਖਾਂ ਪਠਾਣ ਦਾ ਭਰਾ ਵੀ ਉੱਥੇ ਪਹੁੰਚ ਗਿਆ। ਉਸ ਨੇ ਆਵਾਜ਼ ਦੇ ਕੇ ਗੁਰੂ ਜੀ ਨੂੰ ਆਪਣੇ ਨਾਲ ਜਾਣ ਲਈ ਕਿਹਾ। ਜਦੋਂ ਗੁਰੂ ਜੀ ਅੱਗੇ ਵਧੇ ਤਾਂ ਦੇਖਿਆ ਕਿ ਅੱਗੇ ਪਹਿਰਾ ਲੱਗਿਆ ਸੀ। ਲੰਘਣ ਲਈ ਕੋਈ ਥਾਂ ਨਹੀਂ ਸੀ। ਗੁਰੂ ਜੀ ਨੇ ਸ਼ੋਰ ਮਚਾ ਦਿੱਤਾ ਕਿ ਹਿੰਦੂ ਭੱਜ ਗਿਆ। ਚਾਰੇ ਪਾਸੇ ਰੌਲਾ ਪੈ ਗਿਆ। ਗੁਰੂ ਜੀ ਵੀ ਉਨ੍ਹਾਂ ਦੇ ਨਾਲ ਹੀ ਸ਼ੋਰ ਮਚਾ ਰਹੇ ਸਨ। ਇਸ ਤਰ੍ਹਾਂ ਗੁਰੂ

---

[460] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 277-285.

[461] ਸਰੂਪ ਦਾਸ ਭੱਲਾ, *ਉ. ਰ.,* ਪੰਨਾ 851.

[462] ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 177-178; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦ੍ਹਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011, ਪੰਨੇ 5881-5903.

ਗੋਬਿੰਦ ਸਿੰਘ ਮੁਗਲ ਸੈਨਾ ਵਿੱਚੋਂ ਲੰਘ ਕੇ ਦਰਿਆ ਵੱਲ ਵੱਧ ਗਏ ਤੇ ਤੇਜ਼ੀ ਨਾਲ ਨਿਕਲ ਗਏ।[463] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਦੋਂ ਗੁਰੂ ਜੀ ਮਾਛੀਵਾੜੇ ਦੇ ਨੇੜੇ ਪਹੁੰਚ ਗਏ ਤਾਂ ਗਨੀ ਖਾਂ ਦਾ ਭਰਾ ਗੁਰੂ ਜੀ ਨੂੰ ਬਾਹਰ ਬਿਠਾ ਕੇ ਗੁਲਾਬੇ ਖੱਤਰੀ ਨੂੰ ਸੱਦ ਲਿਆਇਆ। ਇੱਕ ਦੋ ਸਿੰਘ ਵੀ ਉੱਥੇ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦਸ ਦਿਨ ਰਹੇ।[464] ਗਿਆਨੀ ਗਿਆਨ ਸਿੰਘ ਵੀ ਲੜਾਈ ਰੁਕਣ ਤੋਂ ਬਾਅਦ ਸੋਚ ਵਿਚਾਰ ਕਰਕੇ ਗੁਰੂ ਜੀ ਵੱਲੋਂ ਸੰਤ ਸਿੰਘ ਨੂੰ ਆਪਣੇ ਆਸਣ 'ਤੇ ਬਿਠਾ ਕੇ ਉਸ ਨੂੰ ਗੁਰਿਆਈ ਦਾ ਤਿਲਕ ਲਾਉਣ ਦੀ ਗੱਲ ਕਰਦਾ ਹੈ। ਉਹ ਲਿਖਦਾ ਹੈ ਕਿ ਅੱਧੀ ਰਾਤ ਤੋਂ ਬਾਅਦ ਗੁਰੂ ਜੀ ਧਰਮ ਸਿੰਘ, ਦਇਆ ਸਿੰਘ ਅਤੇ ਮਾਨ ਸਿੰਘ ਨੂੰ ਲੈ ਕੇ ਉੱਚੀ ਜੈਕਾਰਾ ਲਾਉਂਦੇ ਹਨ ਕਿ ਹਿੰਦ ਦਾ ਪੀਰ ਭੱਜਕੇ ਜਾ ਰਿਹਾ ਹੈ। ਰਾਤ ਦੇ ਹਨੇਰੇ ਵਿੱਚ ਮੁਗਲਾਂ ਵਿੱਚ ਭਾਜੜ ਪੈ ਜਾਂਦੀ ਹੈ ਅਤੇ ਗੁਰੂ ਜੀ ਅਤੇ ਸਿੰਘ ਹਨੇਰੇ ਵਿੱਚ ਮੁਗਲਾਂ ਦੇ ਘੇਰੇ ਵਿੱਚੋਂ ਬਚਕੇ ਨਿਕਲ ਜਾਂਦੇ ਹਨ। ਉਸ ਮੁਤਾਬਿਕ ਗੁਰੂ ਜੀ ਅਤੇ ਤਿੰਨੇ ਸਿੰਘ ਹਨੇਰੇ ਵਿੱਚ ਵਿਛੜ ਗਏ ਤੇ ਅੱਗੇ ਮਾਛੀਵਾੜੇ ਜਾ ਕੇ ਇਕੱਠੇ ਹੋ ਗਏ।[465] ਮਾਛੀਵਾੜੇ ਹੀ ਗੁਰੂ ਜੀ ਨੂੰ ਘੋੜਿਆਂ ਦੇ ਵਪਾਰੀ ਗਨੀ ਖਾਂ ਤੇ ਨਬੀ ਖਾਂ ਆ ਕੇ ਮਿਲੇ। ਉਹ ਗੁਰੂ ਜੀ ਨੂੰ ਗੁਲਾਬੇ ਮਸੰਦ ਦੇ ਘਰ ਲੈ ਗਏ। ਉਧਰ ਚਮਕੌਰ ਵਿੱਚ ਬਾਕੀ ਰਹਿੰਦੇ ਸਿੰਘ ਵੀ ਸ਼ਹੀਦ ਹੋ ਗਏ ਤੇ ਮੁਗਲ ਸੈਨਾ ਨੇ ਸੰਤ ਸਿੰਘ ਦਾ ਸਿਰ ਕੱਟ ਕੇ ਸੂਬੇਦਾਰ ਅੱਗੇ ਜਾ ਰੱਖਿਆ ਤੇ ਕਿਹਾ ਕਿ ਹਿੰਦ ਦਾ ਪੀਰ ਮਾਰ ਦਿੱਤਾ। ਪਰ ਸਰਹਿੰਦ ਦਾ ਸੂਬੇਦਾਰ ਸਮਝ ਗਿਆ ਕਿ ਇਹ ਗੁਰੂ ਜੀ ਦਾ ਸਿਰ ਨਹੀਂ, ਉਹ ਬਚਕੇ ਨਿਕਲ ਗਏ। ਗੁਰੂ ਜੀ ਦੀ ਭਾਲ ਵਿੱਚ ਮੁਗਲ ਫ਼ੌਜਾਂ ਮਾਛੀਵਾੜੇ ਪਹੁੰਚ ਗਈਆਂ ਤਾਂ ਗੁਲਾਬਾ ਮਸੰਦ ਡਰ ਗਿਆ। ਉਸ ਨੇ ਗੁਰੂ ਨੂੰ ਉੱਥੋਂ ਚਲੇ ਜਾਣ ਦੀ ਬੇਨਤੀ ਕੀਤੀ।[466] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਰਾਤ ਨੂੰ ਚਾਰ ਸਿੱਖਾਂ ਨੂੰ ਲੈ ਕੇ ਗੁਰੂ ਜੀ ਚਮਕੌਰ ਦੀ ਗੜ੍ਹੀ ਚੋਂ ਨਿਕਲ ਗਏ ਅਤੇ ਮਾਛੀਵਾੜੇ ਜਾ ਪਹੁੰਚੇ। ਉੱਥੇ ਕੁੱਝ ਸਿੱਖਾਂ ਨੇ ਪਹੁੰਚ ਕੇ ਚਮਕੌਰ ਵਿੱਚ ਮੁਕਤਿਆਂ ਦੇ ਸ਼ਹੀਦ ਹੋ ਜਾਣ ਬਾਰੇ ਦੱਸਿਆ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਮੰਗੋ ਜੋ ਮੰਗਣਾ ਹੈ ਤਾਂ ਸਿੱਖਾਂ ਨੇ ਕਿਹਾ ਤੁਸੀਂ ਬੇਦਾਵੇ ਦਾ ਕਾਗਜ਼ ਪਾੜ ਦਿਉ ਅਤੇ ਸਾਨੂੰ ਸਿੱਖੀ ਵਿੱਚ ਦੁਬਾਰਾ ਸ਼ਾਮਿਲ ਕਰ ਲਵੋ। ਇਸ ਤਰ੍ਹਾਂ ਗੁਰੂ ਜੀ ਨੇ ਬੇਦਾਵਾ ਪਾੜ ਦਿੱਤਾ।[467] ਸਰੂਪ ਦਾਸ ਭੱਲਾ ਗੁਰੂ ਜੀ ਦੁਆਰਾ ਅਨੰਦਪੁਰੋਂ ਸਿੱਧਾ ਹੀ ਨਬੀ ਖਾਂ ਅਤੇ ਗਨੀ ਖਾਂ ਨੂੰ ਨਾਲ ਲੈ ਕੇ, ਉੱਚ ਦਾ ਪੀਰ ਬਣ ਕੇ ਘੇਰੇ 'ਚੋਂ ਨਿਕਲ ਕੇ ਮਾਛੀਵਾੜੇ ਪਹੁੰਚਣ ਦਾ ਅਤੇ ਇੱਕ ਬਾਹਮਣੀ ਦੇ ਘਰ

---

463 ਰਤਨ ਸਿੰਘ ਭੰਗੂ, *ਉ. ਰ.,* ਪੰਨੇ 51-52.

464 ਰਤਨ ਸਿੰਘ ਭੰਗੂ, *ਉਹੀ,* ਪੰਨਾ 53.

465 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 286-287.

466 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 287-288.

467 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 179.

ਰਾਤ ਕੱਟਣ ਦਾ ਜ਼ਿਕਰ ਕਰਦਾ ਹੈ।[468] ਸੰਤੋਖ ਸਿੰਘ ਭਾਈ ਸੰਤ ਸਿੰਘ ਨੂੰ ਆਪਣਾ ਪੁਸ਼ਾਕਾ ਪਹਿਨਾ ਕੇ ਗੁਰੂ ਜੀ ਦੇ ਚਮਕੌਰ ਵਿੱਚੋਂ ਮੁਗਲਾਂ ਦੇ ਘੇਰੇ 'ਚੋਂ ਨਿਕਲਣ ਤੋਂ ਲੈ ਕੇ ਮਾਛੀਵਾੜੇ ਰਾਤ ਕੱਟਕੇ ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ ਦੇ ਆ ਮਿਲਣ ਤੋਂ ਬਾਅਦ ਗੁਲਾਬੇ ਮਸੰਦ ਦੇ ਚੁਬਾਰੇ ਵਿੱਚ ਉਤਾਰਾ ਕਰਨ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[469]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਫ਼ੇਰ ਗੁਰੂ ਜੀ ਨੀਲਾ ਬਾਣਾ ਪਾ ਕੇ, ਵਾਲ ਖੁੱਲੇ ਛੱਡ ਕੇ ਨਬੀ ਖਾਂ ਤੇ ਗਨੀ ਖਾਂ ਨੂੰ ਨਾਲ ਲੈ ਕੇ 'ਉੱਚ ਦਾ ਪੀਰ' ਬਣਕੇ ਮਾਛੀਵਾੜੇ ਤੋਂ ਨਿਕਲ ਆਏ। ਸਰਾਇ ਦੋਰਾਹਾ ਦੇ ਕੋਲ ਤੁਰਕਾਂ ਨੇ ਗੁਰੂ ਜੀ ਨੂੰ ਘੇਰ ਲਿਆ। ਉਨ੍ਹਾਂ ਨੇ ਕਿਹਾ ਕਿ ਪੀਰ ਜੀ ਅਸੀਂ ਦਾਅਵਤ ਕਰਨੀ ਹੈ। ਗੁਰੂ ਜੀ ਦੇ ਨਾਲ ਗਏ ਪਠਾਣਾਂ ਨੇ ਕਿਹਾ ਕਿ ਸਾਡੇ ਪੀਰ ਨੇ ਰੋਜ਼ਾ ਰੱਖਿਆ ਹੋਇਆ ਹੈ। ਪਰ ਅਸੀਂ ਦਾਅਵਤ ਜਰੂਰ ਛੱਕ ਲਾਵਾਂਗੇ। ਪਰ ਸਿੰਘਾਂ ਨੂੰ ਫ਼ਿਕਰ ਪੈ ਗਿਆ ਕਿ ਸਾਡੇ ਧਰਮ ਦਾ ਕੀ ਬਣੇਗਾ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਸਰਬਲੋਹ ਦੀ ਕਰਦ ਭੋਜਨ ਵਿੱਚ ਫ਼ੇਰ ਦੇਣੀ ਤੇ ਨਾਲ ਗੁਰੂ ਜੀ ਨੇ ਕਿਹਾ ਕਿ ਜੇ ਫ਼ੇਰ ਕੋਈ ਸ਼ੱਕ ਰਿਹਾ ਤਾਂ ਅੰਮ੍ਰਿਤਸਰ ਜਾ ਕੇ ਸਰੋਵਰ ਵਿੱਚ ਪੰਜ ਚੁੱਭੀਆਂ ਲਾ ਲੈਣਾ। ਸਿੰਘਾਂ ਨੇ ਗੁਰੂ ਜੀ ਦਾ ਤਰੀਕਾ ਅਪਣਾਉਂਦਿਆਂ ਭੋਜਨ ਨਾਲ ਕਰਦ ਛੁਹਾ ਦਿੱਤੀ। ਜਦੋਂ ਪਰਾਤ ਖੋਲ੍ਹ ਕੇ ਭੋਜਨ ਦੇਖਿਆ ਤਾਂ ਉਸ ਵਿੱਚ ਕੜਾਹ ਅਤੇ ਚਾਵਲ ਬਣੇ ਪਏ ਸਨ। ਉੱਥੋਂ ਚੱਲ ਕੇ ਗੁਰੂ ਜੀ ਮੋਹੀ ਪਹੁੰਚੇ ਅਤੇ ਮੋਹੀ ਤੋਂ ਲੰਮੇ ਜੱਟਪੁਰੇ ਜਾ ਕੇ ਰੁਕੇ।[470] ਗਿਆਨੀ ਗਿਆਨ ਸਿੰਘ ਅਨੁਸਾਰ ਦਸਵੇਂ ਗੁਰੂ ਜੀ ਸਿੰਘਾਂ ਦੇ ਸਮੇਤ ਨੀਲੇ ਬਸਤਰ ਪਹਿਨ ਕੇ, ਹਾਜੀ ਦੇ ਭੇਸ ਵਿੱਚ ਦਇਆ ਸਿੰਘ, ਮਾਨ ਸਿੰਘ, ਗਨੀ ਖਾਂ, ਨਬੀ ਖਾਂ ਸਮੇਤ ਉੱਥੋਂ ਨਿਕਲ ਗਏ। ਇਨ੍ਹਾਂ ਚਾਰਾਂ ਨੇ ਗੁਰੂ ਜੀ ਨੂੰ ਪਲੰਘ 'ਤੇ ਬਿਠਾਇਆ ਸੀ। ਧਰਮ ਸਿੰਘ ਪਿੱਛੇ ਚੌਰ ਕਰ ਰਿਹਾ ਸੀ। ਗਨੀ ਖਾਂ ਨੇ ਨਗਰ ਦੇ ਪਹਿਰੇਦਾਰਾਂ ਦੇ ਪੁੱਛਣ 'ਤੇ ਗੁਰੂ ਜੀ ਨੂੰ ਉੱਚ ਦਾ ਪੀਰ ਦੱਸਿਆ। ਇਸ ਤਰ੍ਹਾਂ ਗੁਰੂ ਜੀ ਅਤੇ ਤਿੰਨ ਸਿੰਘ ਮਾਛੀਵਾੜਿਓਂ ਮੁਗਲਾਂ ਤੋਂ ਬਚਕੇ ਨਿਕਲ ਗਏ। ਮਾਛੀਵਾੜੇ ਤੋਂ ਗੁਰੂ ਜੀ ਕਨੇਚਾ, ਹੇਰਾਂ, ਲੰਮੇ ਜੱਟਪੁਰੇ ਹੁੰਦੇ ਰਾਏਕੋਟ ਪਹੁੰਚੇ, ਜਿੱਥੇ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ।[471] ਪਰ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਮਾਛੀਵਾੜੇ ਹੀ ਗੁਰੂ ਜੀ ਨੂੰ ਇਹ ਪਤਾ ਲੱਗ ਗਿਆ ਕਿ ਸੁੱਚੇ ਨੰਦ ਦੀ ਚੁਗਲੀ ਕਰਕੇ ਵਜ਼ੀਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਦਿੱਤਾ ਅਤੇ ਮਾਤਾ ਗੁਜਰੀ ਨੇ ਜ਼ਹਿਰ ਖਾ ਕੇ ਪ੍ਰਾਣ

---

468 ਸਰੂਪ ਦਾਸ ਭੱਲਾ, *ਉ. ਰ.,* ਪੰਨਾ 851.

469 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦ੍ਹਵੀਂ,* ਪੰਨੇ 5904-5906, 5909, 5913, 5919-5920, 5922

470 ਰਤਨ ਸਿੰਘ ਭੰਗੂ, *ਉ. ਰ.,* ਪੰਨਾ 54.

471 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 289-291.

ਦਿੱਤੇ।[472] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਮਾਛੀਵਾੜੇ ਤੋਂ ਸਤਿਗੁਰੂ ਅਜਨੇਰ ਚਲੇ ਗਏ। ਅਜਨੇਰ ਤੋਂ ਹਲਵਾਰਾ, ਹਲਵਾਰੇ ਤੋਂ ਤਲਵੰਡੀ, ਤਲਵੰਡੀ 'ਚ ਭਾਈ ਕਪੂਰਾ ਗੁਰੂ ਜੀ ਨੂੰ ਮਿਲਿਆ। ਇੱਥੋਂ ਅਬਲੂ ਮਹਿਮੇ, ਸਾਬੋ ਕੀ ਤਲਵੰਡੀ ਹੁੰਦੇ ਹੋਏ ਗੁਰੂ ਜੀ ਧਮਤੌੜੀ ਪਹੁੰਚੇ, ਜਿੱਥੇ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ। ਇੱਥੇ ਹੀ ਗੁਰੂ ਜੀ ਨੇ ਬਚਨ ਕੀਤੇ ਕਿ ਮੇਰਾ ਬੰਦਾ ਆ ਕੇ ਸਾਹਿਬਜ਼ਾਦਿਆਂ ਦਾ ਬਦਲਾ ਲਵੇਗਾ।[473] ਸੰਤੋਖ ਸਿੰਘ ਵੀ ਗੁਰੂ ਜੀ ਦੇ ਨਬੀ ਖਾਂ ਗਨੀ ਖਾਂ ਦੇ ਨਾਲ ਉੱਚ ਦੇ ਪੀਰ ਬਣਕੇ ਮੁਗਲ ਫ਼ੌਜਾਂ ਨੂੰ ਚਕਮਾ ਦੇ ਕੇ ਮਾਛੀਵਾੜੇ ਵਿੱਚੋਂ ਨਿਕਲਣ ਤੋਂ ਲੈ ਕੇ ਲੰਮੇ ਪਿੰਡ ਤੱਕ ਦੀ ਜਾਣਕਾਰੀ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ। ਇੱਥੇ ਹੀ ਗੁਰੂ ਜੀ ਨੂੰ ਨੂਰੇ ਵਾਗੀ ਨੇ ਸਰਹਿੰਦ ਤੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਲਿਆ ਕੇ ਦਿੱਤੀ, ਪਰ ਸੰਤੋਖ ਸਿੰਘ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣੇ ਜਾਣ ਦੀ ਥਾਂ ਤਲਵਾਰ ਨਾਲ ਗਲ ਰੇਤ (ਜਿਬ੍ਹਾ ਕਰਦਿਆਂ ਸ਼ਾਹ ਰਗ ਵੱਢ ਦੇਣਾ) ਦੇਣ ਦੀ ਗੱਲ ਲਿਖਦਾ ਹੈ।[474]

ਰਤਨ ਸਿੰਘ ਭੰਗੂ ਅਨੁਸਾਰ ਲੰਮੇ ਜੱਟਪੁਰੇ ਤੋਂ ਗੁਰੂ ਜੀ ਨੇ ਦੀਨੇ ਪਿੰਡ ਦੇ ਬਿਲਕੁਲ ਨੇੜੇ ਚੌਧਰੀ ਲਖਮੀਰ ਦੇ ਪਿੰਡ ਕਾਂਗੜ ਜਾ ਕੇ ਚੁਬਾਰੇ ਵਿੱਚ ਉਤਾਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਲਖਮੀਰ ਕੋਲ ਕੁੱਝ ਦਿਨ ਰੁੱਕਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਸ ਨੇ ਗੁਰੂ ਜੀ ਦਾ ਹੁਕਮ ਸਿਰ ਮੱਥੇ ਮੰਨਿਆ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦੀਨੇ ਕਾਂਗੜ ਵਿਖੇ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਗੰਗੂ ਬ੍ਰਾਹਮਣ ਦੇ ਪਿੰਡ ਸਹੇੜੀ ਪਹੁੰਚਣ ਦਾ ਪਤਾ ਲੱਗਦਾ ਹੈ। ਮਾਤਾ ਗੁਜਰੀ ਕੋਲ ਸੋਨੇ ਦੀਆਂ ਮੋਹਰਾਂ, ਹੀਰੇ, ਜਵਾਹਰਾਤ ਦੇਖ ਕੇ ਗੰਗੂ ਦੀ ਨੀਅਤ ਫਿੱਟ ਗਈ ਅਤੇ ਉਸ ਨੇ ਰਾਤ ਸਮੇਂ ਮੋਰਿੰਡੇ ਦੇ ਰੰਘੜਾਂ ਨੂੰ ਨਾਲ ਲੈ ਕੇ ਨਵਾਬ ਤੋਂ ਇਨਾਮ ਲੈਣ ਲਈ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਲਿਜਾਇਆ ਗਿਆ। ਉੱਥੇ ਸੁੱਚਾ ਨੰਦ ਖੱਤਰੀ ਨੇ ਸਾਹਿਬਜ਼ਾਦਿਆਂ ਨੂੰ ਸੱਪ ਦੇ ਬੱਚੇ ਕਹਿ ਕੇ ਪੁਕਾਰਿਆ। ਉਸ ਨੇ ਨਵਾਬ ਨੂੰ ਕਿਹਾ ਕਿ ਇਨ੍ਹਾਂ ਸੱਪ ਦੇ ਬੱਚਿਆਂ ਨੂੰ ਮਲੇਰਕੋਟਲੇ ਦੇ ਪਠਾਣਾਂ ਨੂੰ ਸੌਂਪ ਦਿਉ ਤਾਂ ਜੋ ਉਹ ਆਪਣੇ ਭਰਾਵਾਂ ਦਾ ਬਦਲਾ ਲੈ ਸਕਣ। ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ ਤੇ ਉਸ ਦਾ ਭਰਾ ਖਵਾਜਾ ਖਿਜ਼ਰ ਦੋਵੇਂ ਸਰਹਿੰਦ ਆ ਗਏ। ਵਜ਼ੀਰ ਖਾਂ ਨੇ ਕਿਹਾ ਕਿ ਗੁਰੂ ਜੀ ਨੇ ਤੁਹਾਡੇ ਭਰਾ ਨਾਹਰ ਖਾਂ ਨੂੰ ਮਾਰਿਆ ਸੀ। ਤੁਸੀਂ ਹੁਣ ਉਸ ਦੇ ਪੁੱਤਰਾਂ ਨੂੰ ਮਰਵਾ ਦਿਉ। ਸ਼ੇਰ ਮੁਹੰਮਦ ਖਾਂ ਨੇ ਇਨਕਾਰ ਵਿੱਚ ਸਿਰ ਹਿਲਾਇਆ ਤੇ ਕਿਹਾ ਕਿ ਮੈਂ ਦੁੱਧ ਪੀਂਦਿਆਂ ਦਾ ਕਤਲ ਕਰਕੇ ਜੱਗ ਵਿੱਚ ਬਦਨਾਮੀ ਨਹੀਂ ਖੱਟਣੀ। ਇਸ ਤਰ੍ਹਾਂ ਨਵਾਬ ਮਲੇਰਕੋਟਲਾ ਨੇ

---

472 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 178-180.

473 ਸਰੂਪ ਦਾਸ ਭੱਲਾ, *ਉ. ਰ.,* ਪੰਨਾ 852.

474 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦ੍ਹਵੀਂ,* ਪੰਨੇ 5930-5941, 5946, 5953-5954.

ਹਾਅ ਦਾ ਨਾਅਰਾ ਮਾਰਿਆ। ਵਜ਼ੀਰ ਖਾਂ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਬੁਲਾ ਕੇ ਇਸਲਾਮ ਕਬੂਲ ਕਰਨ ਦੀ ਗੱਲ ਕਹੀ। ਪਰ ਸਾਹਿਬਜ਼ਾਦਿਆਂ ਨੇ ਇਨਕਾਰ ਕਰ ਦਿੱਤਾ। ਅੰਤ ਦੋਵੇਂ ਸਾਹਿਬਜ਼ਾਦੇ ਗਲ ਵੱਢ ਕੇ ਕਤਲ ਕਰ ਦਿੱਤੇ ਗਏ। ਜਦੋਂ ਮਾਤਾ ਗੁਜਰੀ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਸ ਨੇ ਵੀ ਠੰਡੇ ਬੁਰਜ਼ ਤੋਂ ਡਿੱਗ ਕੇ ਪ੍ਰਾਣ ਤਿਆਗ ਦਿੱਤੇ, ਪਰ ਰਤਨ ਸਿੰਘ ਭੰਗੂ ਆਪਣੀ ਲਿਖਤ ਵਿੱਚ ਅੱਗੇ ਖੁਦ ਹੀ ਛੋਟੇ ਸਾਹਿਬਜ਼ਾਦਿਆਂ ਦੇ ਕੰਧਾਂ ਵਿੱਚ ਚਿਣੇ ਜਾਣ ਦੀ ਗੱਲ ਵੀ ਕਰਦਾ ਹੈ।[475] ਗਿਆਨੀ ਗਿਆਨ ਸਿੰਘ ਵੀ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਅਤੇ ਫ਼ਤਿਹ ਸਿੰਘ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਜੀ ਦੇ ਪ੍ਰਾਣ ਤਿਆਗਣ ਦੀ ਹਾਲ ਬਿਆਨੀ ਰਤਨ ਸਿੰਘ ਭੰਗੂ ਵਾਂਗ ਹੀ ਲਿਖ ਰਿਹਾ ਹੈ, ਪਰ ਉਹ ਰਸੋਈਏ ਬ੍ਰਾਹਮਣ ਦਾ ਪਿੰਡ ਸਹੇੜੀ ਦੀ ਥਾਂ ਖੇੜੀ ਦੱਸਦਾ ਹੈ ਅਤੇ ਰਤਨ ਸਿੰਘ ਭੰਗੂ ਦੇ ਉਲਟ ਸਾਹਿਬਜ਼ਾਦਿਆਂ ਨੂੰ ਗਲ ਵੱਢਕੇ ਕਤਲ ਕਰਨ ਦੀ ਥਾਂ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਨ ਦੀ ਗੱਲ ਕਰਦਾ ਹੈ। ਗਿਆਨੀ ਗਿਆਨ ਸਿੰਘ ਇਸ ਘਟਨਾ ਨੂੰ 13 ਪੋਹ ਦਿਨ ਮੰਗਲਵਾਰ ਦਾ ਵਾਕਿਆ ਲਿਖ ਰਿਹਾ ਹੈ।[476] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਅਨੰਦਪੁਰ 'ਚੋਂ ਨਿਕਲਣ ਲੱਗੇ ਮਾਤਾ ਗੁਜਰੀ ਦਾ ਰੱਥ ਹਨੇਰੇ ਵਿੱਚ ਰਸਤਾ ਭਟਕ ਗਿਆ ਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਰੰਘੜਾਂ ਦੇ ਪਿੰਡ ਸਹੇੜੀ ਵੱਲ ਚਲਾ ਗਿਆ। ਇਸ ਤਰ੍ਹਾਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਨੂੰ ਮੁਗਲ ਸਿਪਾਹੀਆਂ ਨੇ ਫ਼ੜ ਕੇ ਸਰਹਿੰਦ ਭੇਜ ਦਿੱਤਾ।[477] ਸਰੂਪ ਦਾਸ ਭੱਲਾ ਛੋਟੇ ਸਾਹਿਬਜ਼ਾਦਿਆਂ ਫ਼ਤਿਹ ਸਿਘ ਅਤੇ ਅਜੀਤ ਸਿੰਘ ਨੂੰ ਸਰਹਿੰਦ ਦੇ ਸੂਬੇ ਵੱਲੋਂ ਕੈਦ ਕਰਨ ਦੀ ਘਟਨਾ ਦਾ ਜ਼ਿਕਰ ਕਰਦਾ ਹੈ। ਸਰੂਪ ਦਾਸ ਭੱਲਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ, ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸੁਣ ਕੇ ਮਾਤਾ ਗੁਜਰੀ ਦੀ ਥਾਂ ਮਾਤਾ ਸਾਹਿਬ ਦੇਵੀ ਦੁਆਰਾ ਬੁਰਜ਼ ਤੋਂ ਡਿੱਗ ਕੇ ਸਰੀਰ ਤਿਆਗ ਦੇਣ ਦਾ ਜ਼ਿਕਰ ਕਰਦਾ ਹੈ।[478]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਨੇ ਇਹ ਵੀ ਬਚਨ ਕੀਤੇ ਕਿ ਸ਼ੇਰ ਮੁਹੰਮਦ ਖਾਂ ਛੋਟੇ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰ ਕੇ ਆਪਣੀਆ ਜੜ੍ਹਾਂ ਸਦਾ ਲਈ ਲਗਾ ਗਿਆ।[479] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦੀਨੇ ਕਾਂਗੜ ਤੋਂ ਹੀ ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਵੀ ਲਿਖਿਆ।[480] ਗਿਆਨੀ

---

475 ਰਤਨ ਸਿੰਘ ਭੰਗੂ, *ਉ. ਰ.,* ਪੰਨੇ 54-57, 380.

476 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 292-300.

477 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 177.

478 ਸਰੂਪ ਦਾਸ ਭੱਲਾ, *ਉ. ਰ.,* ਪੰਨੇ 848-849.

479 ਰਤਨ ਸਿੰਘ ਭੰਗੂ, *ਉ. ਰ.,* ਪੰਨਾ 58.

480 ਰਤਨ ਸਿੰਘ ਭੰਗੂ, *ਉਹੀ,* ਪੰਨਾ 59.

ਗਿਆਨ ਸਿੰਘ ਦੀ ਲਿਖਤ ਮੁਤਾਬਿਕ ਰਾਏਕੋਟ ਤੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਸੁਣ ਕੇ ਗੁਰੂ ਗੋਬਿੰਦ ਸਿੰਘ ਅਤੇ ਤਿੰਨੇ ਸਿੰਘ ਦੀਨੇ ਕਾਂਗੜ ਪਹੁੰਚੇ। ਦੀਨਾ ਕਾਂਗੜ ਤੋਂ ਹੀ ਗੁਰੂ ਨੇ ਜੀ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ।[481] ਸੰਤੋਖ ਸਿੰਘ ਵੀ ਗੁਰੂ ਜੀ ਦੇ ਦੀਨਾ ਕਾਂਗੜ ਜਾਣ ਦੀ ਤੇ ਇੱਥੋਂ ਹੀ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣ ਦੀ ਪੁਸ਼ਟੀ ਕਰਦਾ ਹੈ। ਉਸ ਮੁਤਾਬਿਕ ਗੁਰੂ ਜੀ ਨੇ ਇਹ ਜ਼ਫ਼ਰਨਾਮਾ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਤੱਕ ਪਹੁੰਚਾਇਆ।[482] ਗੁਰੂ ਸਾਹਿਬ ਵੱਲੋਂ ਮਾਲਵੇ ਦੀ ਧਰਤੀ ਤੋਂ ਜ਼ਫ਼ਰਨਾਮਾ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਔਰੰਗਜ਼ੇਬ ਤੱਕ ਪਹੁੰਚਾਉਣ ਦਾ ਜ਼ਿਕਰ ਜੇ.ਐੱਸ. ਗਰੇਵਾਲ ਵੀ ਕਰਦਾ ਹੈ।[483]

ਰਤਨ ਸਿੰਘ ਭੰਗੂ ਅਨੁਸਾਰ ਦੀਨੇ ਕਾਂਗੜ ਤੋਂ ਗੁਰੂ ਜੀ ਜਦੋਂ ਕੋਟਕਪੂਰੇ ਪਹੁੰਚੇ ਤਾਂ ਚੌਧਰੀ ਕਪੂਰਾ ਉਨ੍ਹਾਂ ਨੂੰ ਮਨ ਵਿੱਚ ਖੋਟ ਰੱਖ ਕੇ ਮਿਲਿਆ। ਗੁਰੂ ਜੀ ਨੇ ਉਸ ਨੂੰ ਕਿਲ੍ਹੇ ਅੰਦਰ ਉਤਾਰਾ ਕਰਨ ਦੀ ਗੱਲ ਕਹੀ, ਪਰ ਕਪੂਰਾ ਡਰ ਗਿਆ ਕਿ ਕਿਤੇ ਮੁਗਲ ਉਸ ਨੂੰ ਫ਼ੜ ਕੇ ਫਾਂਸੀ 'ਤੇ ਨਾ ਚੜ੍ਹਾ ਦੇਣ। ਗੁਰੂ ਜੀ ਨੇ ਕਤੂਰਾ ਤੇ ਨਿਕੰਮਾ ਕਹਿ ਕੇ ਕਪੂਰੇ ਨੂੰ ਬੁਲਾਇਆ ਤੇ ਬਚਨ ਕੀਤੇ ਕਿ ਤੂੰ ਫ਼ਾਹੇ ਜਰੂਰ ਚੜ੍ਹੇਂਗਾ। ਇਹ ਕਹਿ ਕੇ ਗੁਰੂ ਜੀ ਜੰਗਲ ਵੱਲ ਚਲੇ ਗਏ। ਰਤਨ ਸਿੰਘ ਭੰਗੂ ਕਪੂਰੇ ਦੀ ਕਥਾ ਸੁਣਾਉਂਦਾ ਲਿਖਦਾ ਹੈ ਕਿ ਕਪੂਰੇ ਨੇ ਜਲੰਧਰ ਦੇ ਫ਼ੌਜਦਾਰ ਈਸਾ ਖਾਂ ਨੂੰ ਘੋੜੇ ਦਿੱਤੇ ਸਨ। ਪਰ ਈਸਾ ਖਾਂ ਨੇ ਉਨ੍ਹਾਂ ਦੇ ਪੈਸੇ ਦੁਆਬੇ ਜਾ ਕੇ ਦੇਣ ਦੀ ਲਿਖਤ ਕੀਤੀ ਅਤੇ ਰੌਣੀ ਪਿੰਡ ਵਿੱਚ ਕਪੂਰੇ ਨੂੰ ਫ਼ਾਹਾ ਲਾ ਕੇ ਖ਼ਤਮ ਕਰ ਦਿੱਤਾ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਜੀ ਨੇ ਬਰਾੜ ਜੱਟਾਂ ਦੀ ਫ਼ੌਜ ਵੀ ਤਨਖ਼ਾਹ 'ਤੇ ਭਰਤੀ ਕਰ ਲਈ ਅਤੇ ਜੋ ਵੀ ਪਰਦੇਸਾਂ ਵਿੱਚੋਂ ਸਿੱਖ ਮਾਇਆ ਭੇਜਦੇ ਗੁਰੂ ਗੋਬਿੰਦ ਸਿੰਘ ਜੀ ਉਸ ਨਾਲ ਬਰਾੜਾਂ ਦੀ ਤਨਖ਼ਾਹ ਤਾਰ ਦਿੰਦੇ। ਜੇ ਕਿਧਰੇ ਤਨਖ਼ਾਹ ਦੇਣ ਵਿੱਚ ਦੇਰੀ ਹੋ ਜਾਂਦੀ ਤਾਂ ਬਰਾੜ ਜੱਟ ਤੁਰੰਤ ਹੀ ਝਗੜਾ ਕਰ ਲੈਂਦੇ। ਜਦੋਂ ਗੁਰੂ ਜੀ ਨੂੰ ਮਝੈਲ ਸਿੰਘ ਆਉਂਦੇ ਦਿਖਾਈ ਦਿੱਤੇ ਤਾਂ ਇੱਕ ਬਰਾੜ ਨੂੰ ਉਨ੍ਹਾਂ ਵੱਲ ਪਤਾ ਕਰਨ ਲਈ ਭੇਜਿਆ। ਉਸ ਬਰਾੜ ਨੇ ਦੇਖ ਕੇ ਆ ਕੇ ਕਿਹਾ ਕਿ ਇਹ ਮਾੜੇ ਨਿਕੰਮੇ ਮਝੈਲ ਸਿੰਘ ਹਨ। ਗੁਰੂ ਜੀ ਨੇ ਅੱਗੋਂ ਉਸ ਨੂੰ ਕਿਹਾ ਕਿ ਤੂੰ ਮਝੈਲ ਸਿੰਘਾਂ ਨੂੰ ਮਾੜਾ ਕਿਵੇਂ ਕਿਹਾ। ਖ਼ਬਰਦਾਰ ਜੇ ਫ਼ੇਰ ਇਨ੍ਹਾਂ ਨੂੰ ਮਾੜਾ ਕਿਹਾ। ਇਹ ਤਾਂ ਤੁਹਾਡੇ ਜਵਾਈ ਹਨ।[484] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਕਪੂਰੇ ਨੇ ਗੁਰੂ ਜੀ ਦੀ ਮੁਖ਼ਬਰੀ ਮੁਗਲਾਂ ਕੋਲ ਕਰ ਦਿੱਤੀ। ਮੁਗਲ ਫ਼ੌਜਾਂ ਲੈ ਕੇ ਚੜ੍ਹ ਆਏ। ਜਦੋਂ ਗੁਰੂ ਸਾਹਿਬ ਕੋਲ ਇਹ ਖ਼ਬਰ ਪਹੁੰਚੀ ਤਾਂ

---

481 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 302-303.

482 ਭਾਈ ਸੰਤੋਖ ਸਿੰਘ, *ਉ. ਹ., ਜਿ. ਚੌਦ੍ਹਵੀਂ,* ਪੰਨੇ 5960-5962, 5979-5982, 5984-5985, 6125.

483 J. S. Grewal, "The Zafernama of Guru Gobind Singh", in book, *From Guru Nanak to Maharaja Ranjit Singh: Essays in Sikh History,* Guru Nanak Dev University, Amritsar, 1972 p. 62-66.

484 ਰਤਨ ਸਿੰਘ ਭੰਗੂ, *ਉ. ਹ.,* ਪੰਨੇ 60-61.

ਬਰਾੜ ਭੱਜਣ ਦੇ ਤਰੀਕੇ ਸੋਚਣ ਲੱਗ ਪਏ। ਬਰਾੜਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਘਣੇ ਜੰਗਲਾਂ ਵੱਲ ਨਿਕਲਣ ਦੀ ਸਲਾਹ ਦਿੱਤੀ, ਪਰ ਮਝੈਲ ਸਿੰਘਾਂ ਨੇ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਮੁਗਲਾਂ ਨਾਲ ਦੋ ਹੱਥ ਕਰਨੇ ਹੀ ਪੈਣੇ ਹਨ। ਇਸ ਤਰ੍ਹਾਂ ਲੁਕਦਿਆਂ-ਛਿਪਦਿਆਂ ਬਹੁਤਾ ਸਮਾਂ ਨਹੀਂ ਲੰਘਦਾ। ਜਦੋਂ ਗੁਰੂ ਜੀ ਨੂੰ ਮੁਗਲਾਂ ਦੇ ਨਾਲ ਕਸੂਰੀਆਂ ਦੇ ਵੀ ਆਉਣ ਦੀ ਖ਼ਬਰ ਮਿਲੀ ਤਾਂ ਆਪਣੇ-ਆਪ ਨੂੰ ਬਹਾਦਰ ਅਖਵਾਉਣ ਵਾਲੇ ਨੂੰ ਬਰਾੜਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਗੁਰੂ ਜੀ ਦਾ ਸਾਥ ਛੱਡ ਕੇ ਭੱਜ ਗਏ। ਮਝੈਲ ਸਿੰਘਾਂ ਨੇ ਉੱਥੇ ਹੀ ਮੁਗਲਾਂ ਨਾਲ ਦੋ ਹੱਥ ਕਰਨ ਦਾ ਮਨ ਬਣਾਇਆ। ਗੁਰੂ ਜੀ ਨੇ ਮਝੈਲ ਸਿੰਘਾਂ ਦੀ ਸਲਾਹ ਮੰਨ ਲਈ, ਏਨੇ ਨੂੰ ਏਧਰ-ਓਧਰ ਜਾ ਕੇ ਬਰਾੜ ਵੀ ਵਾਪਸ ਮੁੜ ਆਏ। ਦਿਨ ਚੜ੍ਹਦਿਆਂ ਹੀ ਮੁਗਲ ਫ਼ੌਜ ਨੇੜੇ ਆਉਂਦੀ ਦਿਸੀ ਤਾਂ ਸਿੰਘਾਂ ਨੇ ਗੁਰੂ ਜੀ ਨੂੰ ਹੱਥ ਜੋੜ ਕੇ ਇੱਥੇ ਹੀ ਮੁਗਲਾਂ ਨਾਲ ਦੋ ਹੱਥ ਕਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਇਸ਼ਾਰਾ ਕਰਕੇ ਮੋਰਚਾ ਲਾਉਣ ਦੀ ਆਗਿਆ ਦੇ ਦਿੱਤੀ। ਖ਼ਾਲਸਾ ਮੁਗਲਾਂ ਨਾਲ ਦੋ ਹੱਥ ਕਰਨ ਲਈ ਡੱਟ ਕੇ ਖਲੋ ਗਿਆ ਤੇ ਨਿਸ਼ਾਨ ਸਾਹਿਬ ਗੱਡ ਦਿੱਤਾ, ਨਗਾਰਿਆਂ 'ਤੇ ਚੋਟਾਂ ਮਾਰੀਆਂ ਅਤੇ ਬੰਦੂਕਾਂ ਦੇ ਵੀ ਫ਼ਾਇਰ ਕੀਤੇ ਗਏ। ਮੁਗਲ ਗੋਲੀਆਂ ਦੀ ਆਵਾਜ਼ ਸੁਣ ਕੇ ਸਿੰਘਾਂ ਵੱਲ ਨੂੰ ਝਪਟ ਪਏ। ਸਿੰਘਾਂ ਨੇ ਝਾੜਾਂ ਉੱਪਰ ਕੱਪੜਾ ਪਾ ਕੇ ਝਾੜਾਂ ਨੂੰ ਤੰਬੂਆਂ ਵਿੱਚ ਬਦਲ ਦਿੱਤਾ। ਮੁਗਲ ਸੈਨਾ ਏਨੇ ਤੰਬੂ ਲੱਗੇ ਦੇਖ ਕੇ ਘਬਰਾ ਗਈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਸਿੰਘ ਗਿਣਤੀ ਦੇ ਚਾਲੀ ਕੁ ਸਨ। ਇੱਕ ਇੱਕ ਸਿੰਘ ਕਈ ਕਈ ਮੁਗਲਾਂ ਨੂੰ ਮਾਰ ਕੇ ਸ਼ਹੀਦ ਹੁੰਦਾ। ਇਸ ਤਰ੍ਹਾਂ ਲੱਗਦਾ ਸੀ ਕਿ ਸਿੰਘ ਚਾਲੀ ਨਹੀਂ ਸੈਂਕੜਿਆਂ ਦੀ ਗਿਣਤੀ ਵਿੱਚ ਹੋਣ। ਮੁਗਲਾਂ ਨੇ ਜਖ਼ਮੀ ਅਤੇ ਮਰੇ ਹੋਏ ਸਿੰਘਾਂ ਦੇ ਹਥਿਆਰ ਖੋਹ ਕੇ ਜਖ਼ਮੀ ਸਿੰਘਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਜਦੋਂ ਦੁਪਿਹਰ ਹੋ ਗਈ ਤਾਂ ਪਿਆਸ ਨੇ ਮੁਗਲਾਂ ਨੂੰ ਬੜਾ ਦੁੱਖੀ ਕੀਤਾ। ਇਸ ਕਰਕੇ ਉਹ ਪਿਛਾਂਹ ਵੱਲ ਮੁੜ ਗਏ। ਦਸਮੇਸ ਪਿਤਾ ਜੀ ਉੱਚੇ ਟਿੱਬੇ 'ਤੇ ਖੜ੍ਹ ਕੇ ਜੰਗ ਦਾ ਹਾਲ ਦੇਖ ਰਹੇ ਸਨ। ਫ਼ੇਰ ਗੁਰੂ ਜੀ ਨੇ ਜੰਗ ਦੇ ਮੈਦਾਨ ਵਿੱਚ ਜਾ ਕੇ ਆਪਣੇ ਰੁਮਾਲ ਨਾਲ ਸ਼ਹੀਦ ਅਤੇ ਜਖ਼ਮੀ ਸਿੰਘਾਂ ਦੇ ਮੂੰਹ ਸਾਫ਼ ਕੀਤੇ ਅਤੇ ਉਨ੍ਹਾਂ ਦੇ ਦਿਲ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ। ਜੰਗ ਦੇ ਮੈਦਾਨ ਦੀ ਮੱਧ ਤੋਂ ਗਿਣਤੀ ਕਰਕੇ ਸ਼ਹੀਦ ਅਤੇ ਜਖ਼ਮੀ ਸਿੰਘਾਂ ਨੂੰ ਜਾਗੀਰਾਂ ਵੀ ਬਖ਼ਸ਼ ਦਿੱਤੀਆਂ। ਜਿਹੜਾ ਸਿੰਘ ਜਿੰਨੀਆਂ ਕਰਮਾਂ ਤੇ ਸ਼ਹੀਦ ਹੋਇਆ, ਉਸ ਨੂੰ ਓਨੀਆਂ ਹੀ ਜਾਗੀਰਾਂ ਬਖ਼ਸ਼ ਦਿੱਤੀਆਂ। ਕੁੱਝ ਸਿੰਘ ਗੁਰੂ ਜੀ ਨੂੰ ਜਿਉਂਦੇ ਜਾਂ ਸਹਿਕਦੇ ਮਿਲੇ। ਗੁਰੂ ਜੀ ਨੇ ਉਨ੍ਹਾਂ ਨੂੰ ਵੀ ਕੁੱਝ ਮੰਗਣ ਲਈ ਕਿਹਾ ਤਾਂ ਸਿੰਘਾਂ ਨੇ ਅੱਗੋਂ ਬੇਨਤੀ ਕੀਤੀ ਕਿ ਗੁਰੂ ਜੀ ਟੁੱਟੀ ਗੰਢ ਲਵੋ ਭਾਵ ਜੋ ਸਿੰਘ ਬੇਦਾਵਾ ਲਿਖ ਕੇ ਦੇ ਆਏ ਸਨ, ਉਨ੍ਹਾਂ ਨੂੰ ਫ਼ੇਰ ਤੋਂ ਆਪਣੇ ਸਿੱਖ ਮੰਨ ਲਵੋ। ਗੁਰੂ ਸਾਹਿਬ ਨੇ ਸਿੰਘਾਂ ਦੀ ਬੇਨਤੀ ਮੰਨ ਕੇ ਬੇਦਾਵਾ ਪਾੜ ਦਿੱਤਾ।[485]

---

[485] ਰਤਨ ਸਿੰਘ ਭੰਗੂ, *ਉਹੀ,* ਪੰਨੇ 62-64.

ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਮਾਲਵੇ ਵਿੱਚ ਹਨ ਤਾਂ ਉਸ ਨੇ ਗੁਰੂ ਜੀ 'ਤੇ ਸੈਨਾ ਚਾੜ੍ਹ ਦਿੱਤੀ। ਗੁਰੂ ਜੀ ਨੇ ਕੋਟਕਪੂਰੇ ਜਾ ਕੇ ਮੁਗਲਾਂ ਨਾਲ ਲੜਨ ਲਈ ਕਪੂਰੇ ਤੋਂ ਉਸ ਦਾ ਕਿਲ੍ਹਾ ਮੰਗਿਆ ਤਾਂ ਮੁਗਲਾਂ ਤੋਂ ਡਰਦਿਆਂ ਕਪੂਰੇ ਨੇ ਇਨਕਾਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਤੋਂ ਚਲ ਕੇ ਢਿੱਲਵਾਂ ਗਏ ਅਤੇ ਉੱਥੇ ਜਾ ਕੇ ਉਨ੍ਹਾਂ ਨੇ ਉੱਚ ਦੇ ਪੀਰ ਦਾ ਬਾਣਾ ਲਾਹਿਆ। ਇੱਥੇ ਆ ਕੇ ਅਨੰਦਪੁਰ ਵਿਖੇ ਬੇਦਾਵਾ ਲਿਖ ਕੇ ਗੁਰੂ ਜੀ ਨੂੰ ਛੱਡ ਕੇ ਗਏ ਮਝੈਲ ਸਿੰਘ ਵੀ ਨਾਲ ਆ ਰਲੇ। ਗੁਰੂ ਜੀ ਨੇ ਮੁਗਲਾਂ ਦਾ ਮੁਕਾਬਲਾ ਕਰਨ ਲਈ ਖਿਦਰਾਣੇ ਵਿੱਚ ਮੋਰਚਾ ਲਾ ਕੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ।[486] ਸੈਨਾਪਤਿ ਨੇ ਖਿਦਰਾਣੇ ਦੇ ਯੁੱਧ ਦਾ ਵਰਣਨ ਸੰਖੇਪ ਰੂਪ ਵਿੱਚ ਕੀਤਾ ਹੈ।[487] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਲੜਾਈ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜੰਗ ਦੇ ਮੈਦਾਨ ਵਿੱਚ ਗਿਆ ਤਾਂ ਮਹਾਂ ਸਿੰਘ ਦੇ ਸਾਹ ਹਾਲੇ ਚਲਦੇ ਸਨ। ਗੁਰੂ ਜੀ ਨੇ ਉਸ ਦਾ ਸਿਰ ਆਪਣੀ ਗੋਦੀ ਵਿੱਚ ਰੱਖਿਆ ਤੇ ਕੁੱਝ ਮੰਗਣ ਲਈ ਕਿਹਾ। ਮਹਾਂ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਸਾਡਾ ਲਿਖਿਆ ਬੇਦਾਵਾ ਪਾੜ ਕੇ ਟੁੱਟੀ ਗੰਢ ਲਵੋ। ਗੁਰੂ ਜੀ ਨੇ ਉੱਥੇ ਮਹਾਂ ਸਿੰਘ ਦੀ ਇੱਛਾ ਪੂਰੀ ਕੀਤੀ। ਅੱਜ ਕੱਲ ਖਿਦਰਾਣਾ ਢਾਬ ਮੁਕਤਸਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।[488] ਸੰਤੋਖ ਸਿੰਘ ਮੁਤਾਬਿਕ ਦੀਨੇ ਤੋਂ ਚੱਲ ਕੇ ਗੁਰੂ ਜੀ ਨੇ ਰਖਾਲਾ, ਜਲਾਲ, ਗੁਰੂਸਰ, ਭਗਤਾ, ਬਾਂਦਰ, ਬਰਗਾੜੀ, ਬਹਿਬਲ, ਸਰਾਵਾਂ ਹੁੰਦੇ ਹੋਏ ਕੋਟਕਪੂਰੇ ਜਾ ਕੇ ਉਤਾਰਾ ਕੀਤਾ ਅਤੇ ਚੌਧਰੀ ਕਪੂਰੇ ਤੋਂ ਮੁਗਲਾਂ ਨਾਲ ਲੜਨ ਲਈ ਉਸ ਦਾ ਕਿਲ੍ਹਾ ਮੰਗਿਆ, ਪਰ ਉਸ ਨੇ ਇਨਕਾਰ ਕਰ ਦਿੱਤਾ। ਕੋਟਕਪੂਰੇ ਤੋਂ ਚਲ ਕੇ ਗੁਰੂ ਜੀ ਢਿੱਲਵਾਂ ਲਾਗੇ ਵੱਸਦੀ ਪ੍ਰਿਥੀਏ ਦੀ ਸੰਤਾਨ ਨੂੰ ਮਿਲੇ, ਫ਼ੇਰ ਕੋਠੇ ਅਤੇ ਉੱਥੋਂ ਮਲੂਕੇ ਪਿੰਡ ਜਾ ਕੇ ਉਤਾਰਾ ਕੀਤਾ। ਇੱਥੋਂ ਚਲ ਕੇ ਗੁਰੂ ਜੀ ਜੈਤੋਂ ਗਏ।[489] ਇਥੇ ਮਾਝੇ ਤੋਂ ਆਏ ਸਿੰਘਾਂ ਨੇ ਗੁਰੂ ਜੀ ਨੂੰ ਮੁਗਲਾਂ ਨਾਲ ਸੁਲ੍ਹਾ ਕਰਨ ਲਈ ਕਿਹਾ ਤੇ ਗੁਰੂ ਜੀ ਦੇ ਗੁੱਸੇ ਹੋਣ 'ਤੇ ਮਾਝੇ ਦੇ ਸਿੱਖਾਂ ਨੇ ਬੇਦਾਵਾ ਲਿਖ ਕੇ ਕੇ ਦਿੱਤਾ। ਜੈਤੋਂ ਤੋਂ ਚੱਲ ਕੇ ਗੁਰੂ ਜੀ ਨੇ ਸਿੰਘਾਂ ਸਮੇਤ ਮੁਗਲਾਂ ਨਾਲ ਲੜਣ ਲਈ ਖਿਦਰਾਣੇ ਦੀ ਢਾਬ 'ਤੇ ਜਾ ਡੇਰੇ ਲਾਏ। ਪਰ ਕੁੱਝ ਸਿਆਣੇ ਸਿੰਘਾਂ ਦੇ ਸਮਝਾਉਣ 'ਤੇ ਬੇਦਾਵਾ ਲਿਖ ਕੇ ਗਏ 40 ਸਿੰਘ ਮੁਗਲਾਂ ਨਾਲ ਯੁੱਧ ਕਰਨ ਵਾਪਸ ਆ ਗਏ। ਸੰਤੋਖ ਸਿੰਘ ਵੀ ਲਿਖਦਾ ਹੈ ਕਿ ਸਿੰਘਾਂ ਨੇ ਖਿਦਰਾਣੇ ਦੀ ਜੰਗ ਵਿੱਚ ਮੁਗਲਾਂ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਭਾਈ ਮਹਾਂ ਸਿੰਘ ਦੇ ਕਹਿਣ 'ਤੇ ਗੁਰੂ

---

486 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 304-310.

487 ਕਵੀ ਸੈਨਾਪਤਿ, *ਉ. ਰ.,* ਪੰਨਾ 133.

488 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 311-312.

489 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 5992-6006, 6008-6010, 6016, 6018.

ਜੀ ਨੇ ਬੇਦਾਵਾ ਪਾੜ ਦਿੱਤਾ।[490] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਗੁਰੂ ਜੀ ਦੀਨਪੁਰ ਤੋਂ ਮੁਕਤਸਰ ਗਏ। ਇੱਥੇ ਵੀ ਮੁਗਲਾਂ ਨਾਲ ਲੜਾਈ ਹੋਈ। ਮੁਕਤਸਰ ਤੋਂ ਕਾਂਗੜ ਗਏ ਅਤੇ ਜ਼ਫ਼ਰਨਾਮਾ ਲਿਖ ਕੇ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਨੂੰ ਭੇਜਿਆ।[491] ਜਦੋਂ ਕਿ ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਗੋਬਿੰਦ ਨੇ ਅਬਚਲਨਗਰ ਤੋਂ ਭਾਈ ਦਇਆ ਸਿੰਘ ਦੇ ਹੱਥ ਜ਼ਫ਼ਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ।[492]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਖਿਦਰਾਣੇ ਦੀ ਢਾਬ ਤੋਂ ਜੰਗ ਜਿੱਤ ਕੇ ਦਸਮ ਪਿਤਾ ਤਲਵੰਡੀ ਸਾਬੋ ਗਏ। ਚੌਧਰੀ ਡੱਲੇ ਨੇ ਭਰਤੀ ਕੀਤੇ ਸਾਰੇ ਬਰਾੜਾਂ ਨੂੰ ਹਟਾ ਦਿੱਤਾ। ਚੌਧਰੀ ਡੱਲੇ ਨੇ ਆਪਣੇ ਪਰਿਵਾਰ ਨੂੰ ਵੀ ਗੁਰੂ ਜੀ ਦੇ ਚਰਨੀਂ ਲਾਇਆ। ਚੌਧਰੀ ਡੱਲੇ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਜੀ ਇਸ ਇਲਾ ਕੇ ਦੇ ਲੋਕਾਂ ਨੂੰ ਖੁਸ਼ੀਆਂ ਬਖ਼ਸ਼ਣ ਲੱਗੇ। ਡੱਲਾ ਗੁਰੂ ਤੋਂ ਅੰਮ੍ਰਿਤ ਛਕ ਕੇ ਡੱਲਾ ਸਿੰਘ ਬਣ ਗਿਆ। ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਦੇ ਲੋਕਾਂ ਦੇ ਕਹਿਣ 'ਤੇ ਬਠਿੰਡੇ ਦੇ ਕਿਲ੍ਹੇ ਵਿੱਚ ਜਾ ਕੇ ਦੈਂਤ ਨੂੰ ਕੈਦ ਕਰ ਲਿਆ। ਗੁਰੂ ਜੀ ਨੇ ਉਸ ਨੂੰ ਸਰਹਿੰਦ ਰਹਿਣ ਦੀ ਆਗਿਆ ਦਿੱਤੀ ਤੇ ਸਰਹਿੰਦ ਦੀਆਂ ਜੜ੍ਹਾਂ ਪੁੱਟਕੇ, ਉਸ ਨੂੰ ਉਜਾੜਨ ਲਈ ਕਿਹਾ। ਇਸ ਤਰ੍ਹਾਂ ਦੈਂਤ ਗੁਰੂ ਜੀ ਅੱਗੇ ਸੀਸ ਨਿਵਾ ਕੇ ਸਰਹਿੰਦ ਦੇ ਰਾਹ ਪੈ ਗਿਆ।[493] ਗਿਆਨੀ ਗਿਆਨ ਸਿੰਘ ਵੀ ਕਾਣੇ ਦੈਂਤ ਨੂੰ ਬਠਿੰਡੇ ਵਿੱਚੋਂ ਕੱਢ ਕੇ ਸਰਹਿੰਦ ਭੇਜਣ ਬਾਰੇ ਲਿਖਦਾ ਹੈ।[494] ਸੰਤੋਖ ਸਿੰਘ ਵੀ ਦੈਂਤ ਵਾਲੀ ਘਟਨਾ ਦੀ ਪੁਸ਼ਟੀ ਕਰਦਾ ਹੈ।[495] ਰਤਨ ਸਿੰਘ ਭੰਗੂ ਅਨੁਸਾਰ ਗੁਰੂ ਜੀ ਨੇ ਡੱਲੇ ਨੂੰ ਭਵਾਨੀ ਮਾਤਾ 'ਤੇ ਬਲੀ ਚੜ੍ਹਾਉਣ ਲਈ ਝੋਟਾ ਲਿਆਉਣ ਲਈ ਕਿਹਾ। ਡੱਲੇ ਨੇ ਝੋਟਾ ਮੰਗਵਾਇਆ ਅਤੇ ਤਲਵਾਰ ਨਾਲ ਝਟਕਾ ਕੇ ਉਸ ਦੀ ਬਲੀ ਚੜ੍ਹਾ ਦਿੱਤੀ ਅਤੇ ਉਸ ਤੋਂ ਬਾਅਦ ਮਾਲਵੇ ਵਿੱਚ ਬਰਕਤ ਪੈਣੀ ਸ਼ੁਰੂ ਹੋ ਗਈ। ਦਿਆਲ ਸਿੰਘ, ਫ਼ਤਿਹ ਸਿੰਘ ਭਾਈ ਕੇ ਚੱਕ ਵਾਲੇ ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ਇਹ ਭਾਈ ਰੂਪੇ ਦੇ ਪੋਤਰੇ ਸਨ। ਭਾਈ ਰੂਪੇ ਦੇ ਦੋਹਤਰਿਆਂ ਕਰਮ ਸਿੰਘ ਅਤੇ ਪਰਮ ਸਿੰਘ ਨੇ ਵੀ ਗੁਰੂ ਜੀ ਕੋਲੋਂ ਅੰਮ੍ਰਿਤ ਛਕਿਆ। ਗੁਰੂ ਸਾਹਿਬ ਨੇ ਕੌਲ ਸੋਢੀ ਦੇ ਪੁੱਤਰ ਅਭੈ ਰਾਮ ਨੂੰ ਵੀ ਅੰਮ੍ਰਿਤ ਛਕਾਇਆ। ਗੁਰੂ ਜੀ ਨੇ ਤਲਵੰਡੀ ਸਾਬੋ ਨੂੰ ਵਰ ਦਿੱਤਾ ਕਿ ਇਹ ਅੱਜ ਤੋਂ ਤਲਵੰਡੀ ਨਹੀਂ ਕਾਸ਼ੀ ਹੈ। ਇੱਥੋਂ ਦੇ ਮੂਰਖ ਜਿਨ੍ਹਾਂ ਨੂੰ ਅੱਖਰ ਦਾ ਵੀ ਗਿਆਨ ਨਹੀਂ ਉਹ ਪੰਡਤ ਗਿਆਨੀ ਬਣਨਗੇ। ਮਹਿਰਾਜ ਦੇ ਲੋਕ ਵੀ ਗੁਰੂ ਜੀ

---

490 ਭਾਈ ਸੰਤੋਖ ਸਿੰਘ, *ਉਹੀ,* ਪੰਨੇ 6027-6031, 6033-6036, 6039, 6042-6043.

491 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 180.

492 ਸਰੂਪ ਦਾਸ ਭੱਲਾ, *ਉ. ਰ.,* ਪੰਨਾ 857.

493 ਰਤਨ ਸਿੰਘ ਭੰਗੂ, *ਉ. ਰ.,* ਪੰਨੇ 65-67.

494 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 313.

495 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 6091-6094.

ਦੇ ਦਰਸ਼ਨਾਂ ਲਈ ਆਏ। ਚੌਧਰੀ ਫੂਲ ਦੇ ਪੁੱਤਰ ਰਾਮ ਤੇ ਤ੍ਰਿਲੋਕਾ ਸਿੰਘ ਸਜ ਗਏ।[496] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਾਲਵੇ ਦੀਆਂ ਸੰਗਤਾਂ ਨੇ ਗੁਰੂ ਜੀ ਕੋਲ ਮੀਂਹ ਪਵਾਉਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਦੇ ਅਰਦਾਸ ਕਰਨ 'ਤੇ ਮਾਲਵੇ ਵਿੱਚ ਭਾਰੀ ਵਰਖਾ ਹੋਈ। ਗੁਰੂ ਜੀ ਨੇ ਡੱਲੇ ਨੂੰ ਕਿਹਾ ਕਿ ਉਸ ਦੀ ਤਮੰਨਾ ਹੈ ਕਿ ਸਰਹਿੰਦ ਦੀ ਧਰਤੀ ਵਾਂਗ ਮਾਲਵਾ ਵੀ ਹਰਿਆ-ਭਰਿਆ ਇਲਾਕਾ ਹੋ ਜਾਵੇ, ਪਰ ਡੱਲਾ ਜਵਾਬ ਦਿੰਦਾ ਹੈ ਕਿ ਸਾਨੂੰ ਇਹ ਵਰਦਾਨ ਨਹੀਂ ਚਾਹੀਦਾ, ਅਸੀਂ ਤਾਂ ਮੋਠ ਬਾਜਰੇ ਵਿੱਚ ਦਹੀਂ ਪਾ ਕੇ ਖਾਣਾ ਹੀ ਲੋਚਦੇ ਹਾਂ।[497]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਮੁਕਤਸਰ ਦੀ ਜੰਗ ਜਿੱਤ ਕੇ ਚੌਧਰੀ ਡੱਲੇ ਦੇ ਪਿੰਡ ਤਲਵੰਡੀ ਜਾ ਕੇ ਠਹਿਰੇ। ਗੁਰੂ ਸਾਹਿਬ ਨੇ ਇਸ ਇਲਾ ਕੇ ਨੂੰ ਭਰਪੂਰ ਫ਼ਲ, ਫ਼ਸਲਾਂ, ਨਹਿਰਾਂ ਆਦਿ ਦਾ ਵਰ ਦਿੱਤਾ। ਗੁਰੂ ਜੀ ਨੇ ਇੱਥੇ ਆਪਣਾ ਕਮਰਾਕੱਸਾ ਖੋਲ੍ਹਿਆ। ਜਿਸ ਕਰਕੇ ਇਸ ਸਥਾਨ ਨੂੰ ਦਮਦਮਾ ਸਾਹਿਬ ਕਿਹਾ ਜਾਣ ਲੱਗਾ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਵੀ ਭਾਈ ਮਨੀ ਸਿੰਘ ਨਾਲ ਗੁਰੂ ਜੀ ਨੂੰ ਮਿਲਣ ਇੱਥੇ ਪਹੁੰਚੀਆਂ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਸਮੇਂ ਇਸ ਇਲਾ ਕੇ ਵਿੱਚ ਮੀਂਹ ਨਾ ਪੈਣ ਕਰਕੇ ਸੋਕਾ ਪੈ ਗਿਆ। ਡੱਲੇ ਨੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੂੰ ਮੀਂਹ ਪਵਾਉਣ ਦੀ ਬੇਨਤੀ ਕੀਤੀ ਅਤੇ ਗੁਰੂ ਜੀ ਨੇ ਡੱਲੇ ਦੀ ਬੇਨਤੀ ਮੰਨ ਲਈ ਤੇ ਲਗਾਤਾਰ ਤਿੰਨ ਦਿਨ ਅੱਠੇ ਪਹਿਰੀਂ ਝੜੀ ਲੱਗੀ ਰਹੀ। ਇੱਥੇ ਗੁਰੂ ਜੀ ਨੇ ਕਾਫ਼ੀ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਾਇਆ। ਜਿਨ੍ਹਾਂ ਵਿੱਚ ਭਾਈ ਭਗਤੂ ਦੀ ਔਲਾਦ, ਤਖਤੂ ਸਿੰਘ, ਬਖਤੂ ਸਿੰਘ, ਰਾਮ ਸਿੰਘ, ਬੁੱਢਾ ਸਿੰਘ ਵੀ ਸ਼ਾਮਿਲ ਸਨ। ਭਾਈ ਰੂਪੇ ਦੇ ਪੋਤਰਿਆਂ ਨੇ ਵੀ ਅੰਮ੍ਰਿਤ ਛਕਿਆ। ਰਾਮ ਸਿੰਘ, ਤਿਲੋਕਾ ਸਿੰਘ ਫੂਲ ਵਾਲਿਆ ਨੇ ਵੀ ਅੰਮ੍ਰਿਤ ਛਕਿਆ। ਜਦੋਂ ਵੀ ਜੰਗ ਦੀ ਕੋਈ ਗੱਲ ਤੁਰਦੀ ਤਾਂ ਡੱਲਾ ਗੁਰੂ ਸਾਹਿਬ ਨਾਲ ਗਿਲ੍ਹਾ ਕਰਦਾ ਕਿ ਤੁਸੀਂ ਮੈਨੂੰ ਅਨੰਦਪੁਰ ਦੀ ਜੰਗ ਵਿੱਚ ਕਿਉਂ ਨਹੀਂ ਬੁਲਾਇਆ। ਮੈਂ ਪੰਜ ਸੌ ਬਹਾਦਰ ਸਿੰਘ ਲਿਜਾ ਕੇ ਦੁਸ਼ਮਣਾਂ ਦੇ ਦੰਦ ਖੱਟੇ ਕਰਦਾ। ਗੁਰੂ ਜੀ ਹਮੇਸ਼ਾ ਉੱਤਰ ਦਿੰਦੇ ਕਿ ਉਹੀ ਹੁੰਦਾ ਜੋ ਅਕਾਲਪੁਰਖ ਚਾਹੁੰਦਾ ਹੈ। ਇੱਕ ਦਿਨ ਕਿਸੇ ਸਿੱਖ ਨੇ ਗੁਰੂ ਜੀ ਨੂੰ ਬੰਦੂਕ ਭੇਂਟ ਕੀਤੀ। ਗੁਰੂ ਸਾਹਿਬ ਨੇ ਡੱਲੇ ਨੂੰ ਕਿਹਾ ਕਿ ਆਪਣਾ ਕੋਈ ਬਹਾਦਰ ਸੈਨਿਕ ਭੇਜੇ, ਅਸੀਂ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ। ਪਰ ਡੱਲੇ ਦਾ ਕੋਈ ਸੈਨਿਕ ਤਿਆਰ ਨਾ ਹੋਇਆ। ਜਦੋਂ ਗੁਰੂ ਜੀ ਨੇ ਨਿਸ਼ਾਨਾ ਪਰਖਣ ਲਈ ਆਪਣੇ ਸਿੱਖਾਂ ਨੂੰ ਕਿਹਾ ਤਾਂ ਦੋ ਸਿੰਘ ਭੱਜੇ-ਭੱਜੇ ਆਏ ਤੇ ਇੱਕ-ਦੂਜੇ ਦੇ ਮੂਹਰੇ ਖੜ੍ਹੇ ਹੋਣ ਲਈ ਲੜਣ ਲੱਗੇ। ਗੁਰੂ ਜੀ ਨੇ ਦੋਵਾਂ ਨੂੰ ਹੀ ਖੜ੍ਹੇ ਹੋਣ ਲਈ ਕਿਹਾ। ਪਿਛਲਾ ਸਿੰਘ ਅੱਡੀਆਂ ਚੁੱਕ ਕੇ ਖਲੋ ਗਿਆ ਤਾਂ ਜੋ ਬੰਦੂਕ ਦਾ ਨਿਸ਼ਾਨਾ ਉਹ ਬਣ ਸਕੇ। ਗੁਰੂ ਜੀ ਨੇ ਜਦੋਂ ਗੋਲੀ ਚਲਾਈ ਤਾਂ ਉੱਥੇ ਬੈਠੀ ਸਾਰੀ

---

[496] ਰਤਨ ਸਿੰਘ ਭੰਗੂ, *ਉ. ਰ.,* ਪੰਨੇ 65-67.

[497] ਰਤਨ ਸਿੰਘ ਭੰਗੂ, *ਉਹੀ,* ਪੰਨਾ 67.

ਸੰਗਤ ਡਰ ਗਈ ਪਰ ਉਹ ਦੋਵੇਂ ਨਾ ਡਰੇ। ਇਹ ਸਭ ਦੇਖ ਕੇ ਡੱਲੇ ਦਾ ਹੰਕਾਰ ਟੁੱਟ ਗਿਆ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਜੀ ਨੇ ਦਮਦਮਾ ਸਾਹਿਬ ਵਿਖੇ ਹੀ ਭਾਈ ਮਨੀ ਸਿੰਘ ਕੋਲੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਦਸਮ ਗ੍ਰੰਥ ਦੀਆਂ ਚਾਰ ਕਾਪੀਆਂ ਬਾਬਾ ਦੀਪ ਸਿੰਘ ਤੋਂ ਲਿਖਵਾਈਆਂ। ਜਿਨ੍ਹਾਂ ਵਿਚੋਂ ਇੱਕ ਬੀੜ ਅਕਾਲ ਬੁੰਗੇ, ਇੱਕ ਪਟਨਾ ਸਾਹਿਬ, ਇੱਕ ਦਮਦਮਾ ਸਾਹਿਬ ਅਤੇ ਇੱਕ ਹਜ਼ੂਰ ਸਾਹਿਬ ਵਿਖੇ ਰਖਵਾਈਆਂ ਗਈਆਂ। ਜਿਹੜਾ ਅਸਲ ਵਾਲਾ ਦਸਮ ਗ੍ਰੰਥ ਸੀ, ਉਹ ਵੱਡੇ ਘੱਲੂਘਾਰੇ ਦੇ ਸਮੇਂ ਅਬਦਾਲੀ ਦੇ ਹੱਥ ਲੱਗ ਗਿਆ।[498] ਸੰਤੋਖ ਸਿੰਘ ਅਨੁਸਾਰ ਖਿਦਰਾਣੇ ਤੋਂ ਚੱਲ ਕੇ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਵਿੱਚੋਂ ਲੰਘਦੇ ਹੋਏ ਵਜ਼ੀਦਪੁਰ ਪਹੁੰਚੇ। ਵਜ਼ੀਦਪੁਰ ਤੋਂ ਰੁਪਾਣਾ, ਥੇਹੜੀ ਅਤੇ ਕਈ ਹੋਰ ਪਿੰਡਾਂ ਤੋਂ ਹੁੰਦਿਆਂ ਦਸਮ ਪਿਤਾ ਨੇ ਕਾਲਝਰਾਣੀ ਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਵਜ਼ੀਦਪੁਰ ਤੋਂ ਗੁਰੂ ਜੀ ਛੱਤੇਆਣੇ ਵੀ ਗਏ, ਜਿੱਥੇ ਉਨ੍ਹਾਂ ਦੁਆਰਾ ਫ਼ੌਜ ਵਿੱਚ ਭਰਤੀ ਕੀਤੇ ਬਰਾੜ ਫੌਜ਼ੀ ਤਨਖ਼ਾਹ ਲਈ ਅੜ ਗਏ। ਇੱਥੇ ਗੁਰੂ ਜੀ ਬਰਾੜਾਂ ਨੂੰ ਤਨਖ਼ਾਹ ਦੇ ਕੇ ਅਤੇ ਘੋੜਿਆਂ ਦੇ ਸੇਵਕ ਭਾਈ ਦਾਨ ਸਿੰਘ ਨੂੰ ਸਿੱਖੀ ਬਖ਼ਸ਼ ਕੇ ਕੋਟ ਭਾਈ ਹੁੰਦੇ ਹੋਏ ਰੋਹਲੇ, ਬੰਬੀ, ਜੱਸੀ ਅਤੇ ਪੱਕਾ ਪਿੰਡ ਲੰਘ ਕੇ ਡੱਲੇ ਦੀ ਬੇਨਤੀ 'ਤੇ ਤਲਵੰਡੀ ਸਾਬੋ ਪਹੁੰਚੇ। ਸੰਤੋਖ ਸਿੰਘ ਤਲਵੰਡੀ ਵਿੱਚ ਗੁਰੂ ਜੀ ਵੱਲੋਂ ਬੰਦੂਕ ਦੇ ਨਿਸ਼ਾਨਾ ਪਰਖਣ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵੀ ਦਾ ਗੁਰੂ ਨੂੰ ਮਿਲਣ ਆਉਣਾ ਅਤੇ ਗੁਰੂ ਵੱਲੋਂ ਕਮਰੱਕਸਾ ਖੋਲ੍ਹਣ ਕਰਕੇ ਤਲਵੰਡੀ ਦਾ ਨਾਂ ਦਮਦਮਾ ਰੱਖਣਾ ਆਦਿ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਾ ਹੈ। ਸੰਤੋਖ ਸਿੰਘ ਵੀ ਲਿਖਦਾ ਹੈ ਕਿ ਤਲਵੰਡੀ ਵਿਖੇ ਗੁਰੂ ਜੀ ਨੇ ਮੀਂਹ ਪਵਾ ਕੇ ਸੋਕੇ ਨੂੰ ਖ਼ਤਮ ਕੀਤਾ ਅਤੇ ਸਾਰਾ ਮਾਲਵਾ ਦੇਸ਼ ਤੁਰ-ਫਿਰ ਕੇ ਗਾਹਿਆ। ਗੁਰੂ ਗੋਬਿੰਦ ਸਿੰਘ ਵੱਲੋਂ ਤਲਵੰਡੀ ਵਿਖੇ ਅੰਮ੍ਰਿਤ ਛਕਾਉਣ ਦੀ ਪੁਸ਼ਟੀ ਸੰਤੋਖ ਸਿੰਘ ਵੀ ਕਰਦਾ ਹੈ ਅਤੇ ਇੱਥੇ ਹੀ ਗੁਰੂ ਜੀ ਨੂੰ ਭਾਈ ਤਿਲੋਕਾ ਅਤੇ ਰਾਮਾ ਦੇ ਆ ਕੇ ਮਿਲਣ ਬਾਰੇ ਵੀ ਦੱਸਦਾ ਹੈ, ਜਿਨ੍ਹਾਂ ਦੀ ਔਲਾਦ ਗੁਰੂ ਜੀ ਦੇ ਦਿੱਤੇ ਵਰ ਸਦਕਾ ਨਾਭੇ ਅਤੇ ਪਟਿਆਲਾ ਘਰਾਣਿਆਂ 'ਤੇ ਰਾਜ ਕਰਦੀ ਹੈ।[499]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ ਵਿਖੇ ਖੜ੍ਹੇ ਹੋ ਕੇ ਧਿਆਨ ਲਗਾਇਆ ਤਾਂ ਦੱਖਣ ਵੱਲੋਂ ਇੱਕ ਸਿੱਖ ਨੇ ਆ ਕੇ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਦਿੱਤੀ। ਗੁਰੂ ਜੀ ਨੇ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣ ਕੇ ਕਿਹਾ ਕਿ ਚਲੋ, ਉਸ ਦੇ ਪੁੱਤਰਾਂ ਨੂੰ ਲੜਵਾ ਕੇ ਮਰਵਾਈਏ, ਅਤੇ ਏਨੀ ਗੱਲ ਕਹਿ ਕੇ ਸਿੱਖਾਂ ਨੂੰ ਦੱਖਣ ਵੱਲ ਚੱਲਣ ਨੂੰ ਕਿਹਾ। ਗੁਰੂ ਜੀ ਨੇ ਡੱਲਾ ਸਿੰਘ ਨੂੰ ਕਿਹਾ ਕਿ ਦਿੱਲੀ ਦੇ ਬਾਦਸ਼ਾਹ ਨੂੰ ਮਾਰਕੇ

---

498 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 312-319.

499 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 6051, 6054-6072, 6075-6079, 6101-6102, 6114-6115.

ਤੈਨੂੰ ਦਿੱਲੀ ਦਾ ਬਾਦਸ਼ਾਹ ਬਣਾਉਣਾ ਹੈ। ਡੱਲੇ ਦਾ ਛੋਟੇ ਭਰਾ ਨੇ ਡੱਲੇ ਨੂੰ ਕਿਹਾ ਕਿ ਜਿਹੋ-ਜਿਹੀ ਬਾਦਸ਼ਾਹਤ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਬਖ਼ਸ਼ੀ ਹੈ, ਅਜਿਹੀ ਬਾਦਸ਼ਾਹੀ ਤੈਨੂੰ ਵੀ ਬਖ਼ਸ਼ਣਗੇ। ਇਹ ਸੁਣ ਕੇ ਗੁਰੂ ਜੀ ਨੇ ਸ਼ਰਾਪ ਦੇ ਦਿੱਤਾ ਅਤੇ ਡੱਲੇ ਦਾ ਪੁੱਤਰ ਤੁਰੰਤ ਹੀ ਮਰ ਗਿਆ। ਦਸਵੇਂ ਗੁਰੂ ਸਾਹਿਬ ਤਲਵੰਡੀ ਵਿੱਚ ਤਕਰੀਬਨ ਨੌਂ ਮਹੀਨੇ ਨੌਂ ਦਿਨ ਰੁਕੇ ਰਹੇ ਅਤੇ ਉੱਥੋਂ ਦੱਖਣ ਵੱਲ ਚਲੇ ਗਏ। ਡੱਲਾ, ਕੌਲ ਸੋਢੀ ਦਾ ਪੁੱਤਰ ਅਤੇ ਜਿਹੜੇ ਹੋਰ ਜੰਗਲੀ ਨਾਲ ਤੁਰੇ ਸਨ, ਉਹ ਬੇਈਮਾਨ ਜਾਂ ਬੇਮੁਖ ਹੋ ਕੇ ਵਾਪਸ ਮੁੜ ਆਏ। ਸਿਰਫ਼ ਮੋਹਨੂੰ, ਭਗਤ, ਬਹਿਲੋ, ਰੂਪੇ ਦੇ ਖ਼ਾਨਦਾਨ ਹੀ ਗੁਰੂ ਜੀ ਸੰਗ ਰਹਿ ਗਏ। ਰਤਨ ਸਿੰਘ ਭੰਗੂ ਕਹਿੰਦਾ ਹੈ ਕਿ ਇਹ ਸਾਰੀ ਜਾਣਕਾਰੀ ਸੁੱਖਾ ਸਿੰਘ ਵਾਲੇ ਗੁਰਬਿਲਾਸ 'ਚੋਂ ਲਈ ਹੈ। ਬਾਦਸ਼ਾਹ ਬਹਾਦਰ ਸ਼ਾਹ ਸੰਬੰਧੀ ਉਹੀ ਲਿਖਿਆ ਹੈ ਜੋ ਭਾਈ ਮਨੀ ਸਿੰਘ ਲਿਖ ਗਏ।[500]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜ਼ਫ਼ਰਨਾਮਾ ਪੜ੍ਹਕੇ ਔਰੰਗਜ਼ੇਬ ਬੁਰੀ ਤਰ੍ਹਾਂ ਝੰਜੋੜਿਆ ਗਿਆ। ਉਸ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਤੇ ਨਾਲ ਹੀ ਵਜ਼ੀਰ ਖਾਂ ਨੂੰ ਵੀ ਲਿਖ ਭੇਜਿਆ ਕਿ ਉਹ ਗੁਰੂ ਜੀ ਨੂੰ ਕੁਝ ਨਾ ਕਹੇ। ਇਸ ਤਰ੍ਹਾਂ ਦਸਵੇਂ ਗੁਰੂ ਨੌਂ ਮਹੀਨੇ ਨੌਂ ਦਿਨ ਦਮਦਮਾ ਸਾਹਿਬ ਰੁਕ ਕੇ ਦੱਖਣ ਵੱਲ ਚਲ ਪਏ ਤੇ ਸਰਸੇ ਹੁੰਦੇ ਹੋਏ ਬਘੌਰ ਸ਼ਹਿਰ ਪਹੁੰਚੇ, ਜਿੱਥੇ ਉਨ੍ਹਾਂ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ। ਔਰੰਗਜ਼ੇਬ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਨੇ, ਮੁਨਸ਼ੀ ਨੰਦ ਲਾਲ ਦੇ ਰਾਹੀਂ ਆਪਣੇ ਭਾਈਆਂ ਖਿਲਾਫ਼ ਲੜਾਈ ਵਿੱਚ ਗੁਰੂ ਜੀ ਦੀ ਮਦਦ ਮੰਗੀ। ਗੁਰੂ ਜੀ ਮਲਵਈ ਸਿੰਘਾਂ ਦਾ ਲਾਮ-ਲਸ਼ਕਰ ਲੈ ਕੇ ਬਘੌਰ ਤੋਂ ਆਗਰੇ ਪਹੁੰਚ ਗਏ ਅਤੇ ਫ਼ੇਰ ਚੰਬਲ ਨਦੀ ਦੇ ਕਿਨਾਰੇ ਤਿੰਨ ਦਿਨ ਲੜਾਈ ਚਲਦੀ ਰਹੀ ਅਤੇ ਇਸ ਲੜਾਈ ਵਿੱਚ ਬਹਾਦਰ ਸ਼ਾਹ ਦੀ ਜਿੱਤ ਹੋਈ ਤੇ ਅਗਲਾ ਮੁਗਲ ਬਾਦਸ਼ਾਹ ਬਣਿਆ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਬੁਲਾ ਕੇ ਬਹੁਤ ਸੇਵਾ ਕੀਤੀ।[501] ਸੈਨਾਪਤਿ ਅਤੇ ਕੋਇਰ ਸਿੰਘ ਵੀ ਬਹਾਦਰ ਸ਼ਾਹ ਵੱਲੋਂ ਦਿੱਲੀ ਦਾ ਬਾਦਸ਼ਾਹ ਬਣਨ ਲਈ ਗੁਰੂ ਸਾਹਿਬ ਵੱਲੋਂ ਮੰਗੀ ਮਦਦ ਦਾ ਜ਼ਿਕਰ ਕਰਦੇ ਹਨ।[502] ਰਤਨ ਸਿੰਘ ਭੰਗੂ ਇਸ ਘਟਨਾ ਦਾ ਕੋਈ ਜ਼ਿਕਰ ਨਹੀਂ ਕਰਦਾ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਪਣੇ ਰਾਜ ਵਿੱਚ ਹਿੱਸਾ ਦੇਣਾ ਚਾਹਿਆ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਫ਼ੇਰ ਉਸ ਨੇ ਸੱਤ ਲੱਖ ਰੁਪਈਆ ਦੇਣਾ ਚਾਹਿਆ। ਗੁਰੂ ਜੀ ਦੇ ਇਨਕਾਰ ਕਰਨ 'ਤੇ ਇਹ ਪੈਸਾ ਮਾਤਾ ਸੁੰਦਰੀ ਕੋਲ ਭੇਜ ਦਿੱਤਾ, ਪਰ ਗੁਰੂ ਸਾਹਿਬ ਦੇ ਕਹਿਣ 'ਤੇ ਮਾਤਾ ਸੁੰਦਰੀ ਨੇ ਇਹ ਸਾਰਾ ਪੈਸਾ ਆਪਣੇ ਮੂੰਹ ਬੋਲੇ ਪੁੱਤਰ ਅਜੀਤ ਸਿੰਘ ਨੂੰ ਦੇ ਦਿੱਤਾ। ਦਿੱਲੀ ਤੋਂ ਗੁਰੂ ਗੋਬਿੰਦ

---

500 ਰਤਨ ਸਿੰਘ ਭੰਗੂ, *ਉ. ਰ.,* ਪੰਨੇ 68-69.

501 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 322-325

502 ਕਵੀ ਸੈਨਾਪਤਿ, *ਉ. ਰ.,* ਪੰਨੇ 150-152; ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਪੰਨੇ 246-247.

ਸਿੰਘ ਜੀ ਦੱਖਣ ਵੱਲ ਚੱਲ ਪਏ। ਜਦੋਂ ਬਹਾਦਰ ਸ਼ਾਹ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਵੀ ਗੁਰੂ ਜੀ ਦੇ ਮਗਰ ਉਸੇ ਦਿਸ਼ਾ ਵਲ ਚੱਲ ਪਿਆ ਤੇ ਆਗਰੇ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਬਾਦਸ਼ਾਹ ਨੂੰ ਡਰ ਸੀ ਕਿ ਕਿਤੇ ਗੁਰੂ ਜੀ ਮਰਹੱਟਿਆਂ ਨਾਲ ਨਾ ਜਾ ਮਿਲਣ। ਆਗਰੇ ਤੋਂ ਗੁਰੂ ਜੀ ਦਾਦੂਦਵਾਰੇ ਪਹੁੰਚੇ। ਜਿੱਥੇ ਗੁਰੂ ਜੀ ਦੀ ਮੁਲਾਕਾਤ ਮਹੰਤ ਜੈਤਰਾਮ ਦੇ ਨਾਲ ਹੋਈ। ਦਸਵੇਂ ਗੁਰੂ ਜੀ ਨੇ ਉੱਥੋਂ ਤੁਰਨ ਲੱਗਿਆਂ ਜੈਤਰਾਮ ਨੂੰ ਦੱਸਿਆ ਕਿ ਉਹ ਨੰਦੇੜ ਵੱਲ ਜਾ ਰਹੇ ਹਨ, ਤਾਂ ਜੈਤਰਾਮ ਨੇ ਗੁਰੂ ਜੀ ਨੂੰ ਗੋਦਾਵਰੀ ਕੰਢੇ ਰਹਿ ਰਹੇ ਮਹੰਤ ਨਰਾਇਣ ਦਾਸ ਨਾਂ ਦੇ ਹੰਕਾਰੀ ਸਾਧੂ ਬਾਰੇ ਚਾਨਣਾ ਪਾਇਆ, ਜੋ ਸੰਤਾਂ-ਮਹਾਪੁਰਸ਼ਾਂ ਦੀ ਕਾਫ਼ੀ ਬੇਇੱਜ਼ਤੀ ਕਰਦਾ ਸੀ।[503] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਦੱਖਣ ਜਾਂਦੇ ਸਮੇਂ ਮਹੰਤ ਜੈਤਰਾਮ ਤੋਂ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਜਾਣਕਾਰੀ ਮਿਲੀ। ਜੈਤਰਾਮ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੜਾ ਪਹੁੰਚਿਆ ਹੋਇਆ ਸਾਧ ਤੇ ਬੜੀਆਂ ਰਿੱਧੀਆਂ-ਸਿੱਧੀਆਂ ਦਾ ਮਾਲਕ ਦੱਸਦਾ ਹੈ।[504] ਕੇਸਰ ਸਿੰਘ ਛਿੱਬਰ ਔਰੰਗਜ਼ੇਬ ਦੀ ਮੌਤ ਤੋਂ ਮਗਰੋਂ ਸਿੱਖਾਂ ਵੱਲੋਂ ਬਹਾਦਰ ਸ਼ਾਹ ਦੀ ਬਾਦਸ਼ਾਹ ਬਣਨ ਵਿੱਚ ਮਦਦ ਕਰਨ ਦੀ ਪੁਸ਼ਟੀ ਕਰਦਾ ਹੈ।[505] ਸੰਤੋਖ ਸਿੰਘ ਅਨੁਸਾਰ ਦਸਵੇਂ ਗੁਰੂ ਜੀ ਤਲਵੰਡੀ ਤੋਂ ਝੰਡਾ, ਸਿਰਸਾ, ਨੌਹਰ, ਭਾਦਰਾ, ਸੁਵੇਹਾ, ਮਧੂ ਸਿੰਘਾਣਾ ਤੇ ਪੁਸ਼ਕਰ ਤੀਰਥ ਹੁੰਦੇ ਹੋਏ ਮਾਰਵਾੜ ਦੇਸ਼ ਦੇ ਨਗਰ ਨਰਾਇਣਪੁਰ (ਦਾਦੂ-ਦਵਾਰਾ) ਜਾ ਕੇ ਰੁਕੇ। ਇੱਥੇ ਹੀ ਮਹੰਤ ਜੈਤਰਾਮ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਇੱਥੋਂ ਚੱਲ ਕੇ ਦਸਮ ਗੁਰੂ ਜੀ ਲਾਲੀ, ਮਗਰੌਦਾ, ਕੁਲਾਇਤ ਗਏ। ਇੱਥੇ ਭਾਈ ਦਇਆ ਸਿੰਘ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਦੇਣ ਤੋਂ ਬਾਅਦ ਆ ਕੇ ਗੁਰੂ ਸਾਹਿਬ ਨੂੰ ਮਿਲਿਆ। ਦੱਖਣ ਨੂੰ ਜਾਂਦਿਆਂ ਰਸਤੇ ਵਿੱਚ ਹੀ ਗੁਰੂ ਜੀ ਨੂੰ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ। ਰਸਤੇ ਵਿੱਚ ਗੁਰੂ ਜੀ ਉਦੈਪੁਰ ਰਾਜ ਦੇ ਸ਼ਹਿਰ ਬਘੌਰ ਵਿੱਚ ਜਾ ਕੇ ਰੁਕੇ। ਸੰਤੋਖ ਸਿੰਘ ਅਨੁਸਾਰ ਬਹਾਦਰ ਸ਼ਾਹ ਤੇ ਤਾਰਾ ਆਜ਼ਮ ਵਿਚਕਾਰ ਤਖ਼ਤ ਨੂੰ ਲੈ ਕੇ ਚੰਬਲ ਨਦੀ ਦੇ ਕਿਨਾਰੇ ਹੋਈ ਜੰਗ 'ਚ ਗੁਰੂ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ ਤੇ ਤਾਰਾ ਆਜ਼ਮ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ। ਸੰਤੋਖ ਸਿੰਘ ਅਨੁਸਾਰ ਰਾਜਪੂਤਾਨੇ ਤੋਂ ਦਸਮ ਪਿਤਾ ਦਿੱਲੀ ਵੀ ਗਏ ਅਤੇ ਆਪਣੇ ਮਹਿਲਾਂ ਨੂੰ ਮਿਲ ਕੇ ਅਤੇ ਮਾਤਾ ਸੁੰਦਰੀ ਨੂੰ ਸੁਨਿਆਰੇ ਪਾਸੋਂ ਪਾਲਕ-ਪੁੱਤਰ (ਅਜੀਤ ਸਿੰਘ) ਦਿਵਾ ਕੇ ਬਾਦਸ਼ਾਹ ਨੂੰ ਮਿਲਣ ਆਗਰੇ ਵੱਲ ਚਲ ਪਏ ਅਤੇ ਮਥੁਰਾ ਜਾ ਕੇ ਡੇਰਾ ਕੀਤਾ। ਫ਼ੇਰ ਗੁਰੂ ਸਾਹਿਬ ਮਥੁਰਾ ਤੋਂ ਬ੍ਰਿੰਦਾਵਣ ਅਤੇ ਆਗਰੇ ਜਾ ਕੇ ਬਹਾਦਰ ਸ਼ਾਹ ਨੂੰ ਮਿਲੇ। ਸੰਤੋਖ ਸਿੰਘ ਲਿਖਦਾ ਹੈ ਕਿ ਬਹਾਦਰ ਸ਼ਾਹ ਗੁਰੂ ਘਰ ਦੇ ਦੋਖੀਆਂ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਵਜ਼ੀਰ ਖਾਂ ਨੂੰ ਸਜ਼ਾ ਦੇਣ ਤੋਂ ਮੁੱਕਰ ਗਿਆ ਅਤੇ ਗੁਰੂ ਸਾਹਿਬ

---

503 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 325-330

504 ਰਤਨ ਸਿੰਘ ਭੰਗੂ, *ਉ. ਰ.*, ਪੰਨਾ 71.

505 ਕੇਸਰ ਸਿੰਘ ਛਿੱਬਰ, *ਉ. ਰ.*, ਪੰਨਾ 182.

ਨੇ ਉਸ ਨੂੰ ਕਿਹਾ ਕਿ ਇਹ ਕੰਮ ਹੁਣ ਮੇਰਾ ਇੱਕ ਸਿੱਖ ਕਰੇਗਾ, ਜੋ ਜ਼ੁਲਮ ਅਤੇ ਸਲਤਨਤ ਨੂੰ ਮਿੱਟੀ 'ਚ ਮਿਲਾ ਦੇਵੇਗਾ।[506]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੋਦਾਵਰੀ ਕੰਢੇ ਨਰਾਇਣ ਦਾਸ ਦੇ ਆਸ਼ਰਮ ਪਹੁੰਚ ਕੇ, ਉਸ ਦੇ ਜੰਤਰ-ਮੰਤਰ ਅਸਫ਼ਲ ਕਰਕੇ, ਉਸ ਨੂੰ ਆਪਣੇ ਚਰਨੀਂ ਡਿੱਗਣ ਲਈ ਮਜਬੂਰ ਕਰ ਦਿੱਤਾ ਅਤੇ ਉਹ ਹਾਰ ਕੇ ਗੁਰੂ ਦਾ ਬੰਦਾ ਬਣ ਗਿਆ।[507] ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੀ ਆਗਿਆ ਲੈ ਕੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਪੰਜਾਬ ਵੱਲ ਚੱਲ ਪਿਆ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਪੰਜਾਬ ਦੇ ਸਿੱਖਾਂ ਨੂੰ ਚਿੱਠੀ ਵੀ ਭੇਜੀ।[508] ਗਿਆਨੀ ਗਿਆਨ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਬਾਬਤ ਰਤਨ ਸਿੰਘ ਭੰਗੂ ਦੀ ਉਪਰੋਕਤ ਜਾਣਕਾਰੀ ਦੀ ਪ੍ਰੋੜਤਾ ਕਰਦਾ ਹੈ।[509] ਗਿਆਨੀ ਗਿਆਨ ਸਿੰਘ ਇਹ ਵੀ ਲਿਖਦਾ ਹੈ ਕਿ ਇੱਕ ਸਿੱਖ ਨੇ ਪੰਜਾਬ ਵਿੱਚੋਂ ਜਾ ਕੇ ਗੁਰੂ ਜੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਗਲਾਂ ਖਿਲਾਫ਼ ਕੀਤੀਆਂ ਕਾਰਵਾਈਆਂ ਦੀ ਜਾਣਕਾਰੀ ਵੀ ਦਿੱਤੀ।[510] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਕਾਂਗੜ ਤੋਂ ਗੁਰੂ ਜੀ ਤੂਰ ਜਿਮੀਦਾਰਾਂ ਦੇ ਪਿੰਡ ਸੇਹਰੀ ਖੰਡਾ ਪਹੁੰਚੇ ਅਤੇ ਲਛਮਣ ਦਾਸ ਨਾਂ ਦੇ ਬੈਰਾਗੀ ਸਾਧੂ ਨੂੰ ਮਿਲੇ। ਲਛਮਣ ਦਾਸ ਅੰਮ੍ਰਿਤ ਛਕ ਕੇ ਗੁਰੂ ਦਾ ਸਿੰਘ ਸਜ ਗਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਬਣ ਗਿਆ।[511] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਜੀ ਦੱਖਣ ਵੱਲ ਜਾ ਰਹੇ ਸੀ ਰਾਹ 'ਚ ਬਾਬਾ ਬੰਦਾ ਸਿੰਘ ਬਹਾਦਰ ਦੀ ਜਗ੍ਹਾ ਆਈ। ਉਸ ਦਾ ਨਾਂ ਮਾਧੋਦਾਸ ਸੀ। ਉਹ ਆਪਣੀਆਂ ਜਾਦੂਮਈ ਸ਼ਕਤੀਆਂ ਨਾਲ ਸਾਧਾਂ ਸੰਤਾਂ ਦੀ ਬੇਇੱਜ਼ਤੀ ਕਰਦਾ ਸੀ। ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਆਪਣਾ ਬੰਦਾ ਬਣਾਇਆ ਅਤੇ ਪੰਜਾਬ ਜਾ ਕੇ ਮਲੇਛਾਂ ਤੋਂ ਬਦਲਾ ਲੈਣ ਦਾ ਹੁਕਮ ਦਿੱਤਾ ਤੇ ਨਾਲ ਹੀ ਬੰਦੇ ਨੂੰ ਆਪਣਾ ਵੱਖਰਾ ਪੰਥ ਨਾ ਚਲਾਉਣ, ਲੰਗੋਟਬੰਦ ਭਾਵ ਜਤੀ-ਸਤੀ ਰਹਿਣ ਦੀ ਤਾੜਨਾ ਵੀ ਕੀਤੀ।[512] ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬ ਆਗਰੇ ਤੋਂ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਪੂਨੇ ਤੇ ਨਾਗਪੁਰ ਦੇ ਲੋਕਾਂ ਨੂੰ ਮਿਲਦੇ ਹੋਏ ਗੋਦਾਵਰੀ ਨਦੀ ਦੇ ਕਿਨਾਰੇ ਨੰਦੇੜ ਨਗਰ ਜਾ ਕੇ ਰੁਕੇ।[513] ਸੰਤੋਖ ਸਿੰਘ ਅਨੁਸਾਰ ਨਗਰ ਤੋਂ ਬਾਹਰ ਗੁਰੂ ਜੀ ਨੇ ਇੱਕ ਪੁਰਾਣੀ ਜਗ੍ਹਾ ਨੂੰ ਆਪਣੀ ਪੁਰਾਤਨ ਭੂਮੀ ਦੱਸਿਆ ਤੇ ਉੱਥੇ ਵੱਸਦੇ ਮੁਗਲਾਂ

---

[506] ਭਾਈ ਸੰਤੋਖ ਸਿੰਘ, *ਉ. ਹ.,* ਪੰਨੇ 6135-6151, 6155-6157, 6159-6160, 6171-6188, 6193, 6222.

[507] ਰਤਨ ਸਿੰਘ ਭੰਗੂ, *ਉ. ਹ.,* ਪੰਨੇ 75-76.

[508] ਰਤਨ ਸਿੰਘ ਭੰਗੂ, *ਉਹੀ,* ਪੰਨਾ 78.

[509] ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 337-344.

[510] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 346.

[511] ਕੇਸਰ ਸਿੰਘ ਛਿੱਬਰ, *ਉ. ਹ.,* ਪੰਨੇ 183-184.

[512] ਸਰੂਪ ਦਾਸ ਭੱਲਾ, *ਉ. ਹ.,* ਪੰਨਾ 854.

[513] ਭਾਈ ਸੰਤੋਖ ਸਿੰਘ, *ਉ. ਹ.,* ਪੰਨੇ 6236-6237.

ਨਾਲ ਝਗੜਾ ਹੋ ਗਿਆ, ਪਰ ਗੁਰੂ ਜੀ ਨੇ ਆਪਣੇ ਵੱਲੋਂ ਦੱਸੀਆਂ ਨਿਸ਼ਾਨੀਆਂ ਉਸ ਥਾਂ ਦੀ ਖ਼ੁਦਵਾਈ ਕਰਕੇ ਕਢਵਾਈਆਂ। ਪਰ ਨਾਲ ਹੀ ਗੁਰੂ ਜੀ ਨੇ ਮੁਗਲ ਨੂੰ ਉਸ ਥਾਂ ਦਾ ਮੁੱਲ ਅਦਾ ਕੀਤਾ।[514] ਉੱਥੇ ਹੀ ਗੁਰੂ ਸਾਹਿਬ ਨੇ ਇੱਕ ਵੈਰਾਗੀ ਦਾ ਆਸ਼ਰਮ ਦੇਖਿਆ ਤੇ ਉਸ ਵੱਲੋਂ ਪਾਲੇ ਗਏ ਬੱਕਰੇ ਵੀ ਗੁਰੂ ਜੀ ਦੇ ਸਿੰਘਾਂ ਨੇ ਝਟਕਾ ਦਿੱਤੇ ਗੁਰੂ ਜੀ ਉਸ ਦੇ ਪਲੰਘ 'ਤੇ ਬੈਠ ਗਏ। ਜਦੋਂ ਮਾਧੋਦਾਸ ਨੂੰ ਪਤਾ ਲੱਗਾ ਤਾਂ ਬੜਾ ਗੁੱਸੇ ਹੋਇਆ। ਉਸ ਦੇ ਬੀਰ ਵੀ ਗੁਰੂ ਜੀ ਦੇ ਅੱਗੇ ਅਸਫ਼ਲ ਹੋ ਗਏ ਅਤੇ ਮਾਧੋਦਾਸ ਗੁਰੂ ਦੇ ਚਰਨੀਂ ਡਿੱਗ ਪਿਆ। ਗੁਰੂ ਜੀ ਨੇ ਉਸ ਨੂੰ ਆਪਣਾ ਬੰਦਾ ਬਣਾਇਆ ਅਤੇ ਜ਼ਾਲਮਾਂ ਦਾ ਨਾਸ਼ ਕਰਨ ਲਈ, ਹੁਕਮਨਾਮੇ ਦੇ ਕੇ ਪੰਜਾਬ ਭੇਜਿਆ।[515]

ਗਿਆਨੀ ਗਿਆਨੀ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਜ਼ੁਲਮਾਂ ਨੂੰ ਠੱਲ ਪਵਾਉਣ ਲਈ ਬਾਦਸ਼ਾਹ ਬਹਾਦਰ ਸ਼ਾਹ ਗੁਰੂ ਜੀ ਨੂੰ ਮਿਲਣ ਨੰਦੇੜ ਪਹੁੰਚਿਆ ਅਤੇ ਉਸ ਨੂੰ ਰੋਕਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ। ਪਰ ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਜੋ ਕੰਮ ਤੂੰ ਪੂਰਾ ਨਹੀਂ ਕੀਤਾ, ਉਹ ਬੰਦੇ ਨੇ ਕਰ ਦਿੱਤਾ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਤੁਸੀਂ ਉਸ ਨੂੰ ਨਾ ਰੋਕਿਆ ਤਾਂ ਇਹ ਗਦਰ ਕਦੇ ਵੀ ਨਹੀਂ ਮਿਟਣਾ ਤਾਂ ਗੁਰੂ ਜੀ ਨੇ ਕਿਹਾ ਕਿ ਜੇ ਤੇਰਾ ਦਿਲ ਸਾਫ਼ ਰਹੇਗਾ ਤਾਂ ਬਾਬਾ ਬੰਦਾ ਸਿੰਘ ਬਹਾਦਰ ਹੰਕਾਰੀ ਹੋ ਕੇ ਮੇਰੇ ਹੁਕਮਾਂ ਦਾ ਆਪੇ ਉਲੰਘਣ ਕਰ ਦੇਵੇਗਾ ਅਤੇ ਉਸ ਦੀ ਸਾਰੀ ਤਾਕਤ ਜਾਂਦੀ ਰਹੇਗੀ।[516] ਸੰਤੋਖ ਸਿੰਘ ਵੀ ਗਿਆਨੀ ਗਿਆਨ ਸਿੰਘ ਦੁਆਰਾ ਬਹਾਦਰ ਸ਼ਾਹ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਰੋਕਣ ਲਈ ਗੁਰੂ ਜੀ ਕੋਲ ਕੀਤੀ ਬੇਨਤੀ ਦੀ ਪੁਸ਼ਟੀ ਕਰਦਾ ਹੈ, ਪਰ ਗੁਰੂ ਜੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਧਾਰਨ ਕੀਤੇ ਹੰਕਾਰ ਬਾਰੇ ਪੰਜਾਬ ਤੋਂ ਚੱਲ ਕੇ ਨੰਦੇੜ ਗਏ ਪੰਜ ਸਿੰਘਾਂ ਦੁਆਰਾ ਦੱਸਣ ਦੀ ਗੱਲ ਕਰਦਾ ਹੈ।[517] ਕੇਸਰ ਸਿੰਘ ਛਿੱਬਰ ਲਿਖਦਾ ਹੈ ਸੇਹਰੀ-ਖੰਡੇ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਗੁਰੂ ਜੀ ਬੁਰਹਾਨਪੁਰ ਚਲੇ ਗਏ। ਦਿੱਲੀ ਤੋਂ ਮਾਤਾ ਸੁੰਦਰੀ ਗੁਰੂ ਜੀ ਨੂੰ ਮਿਲਣ ਆਈ ਅਤੇ ਆਪਣੇ ਪੁੱਤਰ ਅਜੀਤ ਸਿੰਘ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਅਜੀਤ ਸਿੰਘ ਨਾਂ ਦਾ ਇੱਕ ਸਿੱਖ ਮੁਤਬੰਨਾ ਪੁੱਤਰ ਬਣਾ ਕੇ ਮਾਤਾ ਸੁੰਦਰੀ ਦੇ ਨਾਲ ਤੋਰ ਦਿੱਤਾ। ਬੁਰਹਾਨਪੁਰ ਤੋਂ ਜਾਂਦੇ ਹੋਏ ਗੁਰੂ ਸਾਹਿਬ ਰਸਤੇ ਵਿੱਚ ਬਹਾਦਰ ਸ਼ਾਹ ਨੂੰ ਮਿਲੇ ਅਤੇ ਦੱਖਣ ਵਿੱਚ ਨੰਦੇੜ ਸ਼ਹਿਰ ਵਿੱਚ ਜਾ ਕੇ ਕਬਰਸਤਾਨ 'ਚ ਡੇਰਾ ਲਾ ਲਿਆ। ਜਦੋਂ ਮੁਸਲਮਾਨਾਂ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਗੁਰੂ ਜੀ ਨੇ ਆਪਣੀਆਂ ਪਿਛਲੇ ਜਨਮ ਦੀਆਂ ਨਿਸ਼ਾਨੀਆਂ, ਗੰਗਾ ਸਾਗਰ, ਅਤੇ ਪੱਥਰ ਦੀ ਚੌਕੀ ਦੱਸ ਕੇ ਜਦੋਂ ਪੀਰ ਦੀ ਕਬਰ ਪੁਟਵਾਈ

514 ਭਾਈ ਸੰਤੋਖ ਸਿੰਘ, *ਉਹੀ,* ਪੰਨੇ 6238-6239.

515 *ਉਹੀ,* ਪੰਨੇ 6240-6245.

516 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 348-350.

517 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 6282-6284.

ਤਾਂ ਇਹ ਨਿਸ਼ਾਨੀਆਂ ਨਿਕਲ ਆਈਆਂ। ਮੁਸਲਮਾਨ ਸ਼ਰਮਿੰਦੇ ਹੁੰਦੇ ਆਪਣੇ ਮੁਰਦੇ ਪੁੱਟਕੇ ਲੈ ਗਏ।[518] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਕੇ ਗੁਰੂ ਜੀ ਆਪ ਨੰਦੇੜ ਪਹੁੰਚ ਗਏ ਤੇ ਉੱਥੇ ਦੇ ਲੋਕਾਂ ਨੂੰ ਦੱਸਿਆ ਕਿ ਇਹ ਮੇਰਾ ਪੁਰਾਣਾ ਸਥਾਨ ਹੈ ਅਤੇ ਨਿਸ਼ਾਨੀ ਦੇ ਤੌਰ 'ਤੇ ਪੂਜਾ ਵਾਲੇ ਭਾਂਡੇ ਅਤੇ ਹਵਨ ਕੁੰਡ ਧਰਤੀ ਨੂੰ ਖੋਦ ਕੇ ਉੱਥੋਂ ਕੱਢ ਕੇ ਦਿਖਾਏ ਤੇ ਉਸ ਸਥਾਨ ਦਾ ਨਾਂ ਅਬਚਲਨਗਰ ਰੱਖ ਦਿੱਤਾ।[519]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪੈਂਦੇ ਖਾਂ ਦੇ ਖ਼ਾਨਦਾਨ ਵਿੱਚੋਂ ਗੁਲ ਖਾਂ ਅਤੇ ਅਤੋਲਾ ਖਾਂ ਨਾਂ ਦੇ ਦੋ ਪਠਾਣਾਂ ਨੇ ਆਪਣੇ ਬੁਜ਼ਰਗਾਂ ਦਾ ਬਦਲਾ ਲੈਣ ਲਈ ਗੁਰੂ ਸਾਹਿਬ ਦੇ ਢਿੱਡ ਵਿੱਚ ਛੁਰਾ ਮਾਰਿਆ, ਗੁਰੂ ਜੀ ਨੇ ਤਲਵਾਰ ਦੇ ਇੱਕੋ ਵਾਰ ਨਾਲ ਗੁਲ ਖਾਂ ਨੂੰ ਮਾਰ ਦਿੱਤਾ ਅਤੇ ਅਤੋਲਾ ਖਾਂ ਭੱਜਣ ਲੱਗਾ ਤੰਬੂ 'ਚ ਫਸ ਗਿਆ। ਉਸ ਨੂੰ ਸਿੰਘਾਂ ਨੇ ਫ਼ੜ ਕੇ ਸੋਧ ਦਿੱਤਾ। ਗੁਰੂ ਸਾਹਿਬ ਦੇ ਜ਼ਖ਼ਮ ਸਿਉਂ ਦਿੱਤੇ ਗਏ। ਜਦੋਂ ਬਹਾਦਰ ਸ਼ਾਹ ਨੂੰ ਪਤਾ ਲੱਗਿਆ ਤਾਂ ਉਸ ਨੇ ਗੁਰੂ ਜੀ ਦੀ ਸੇਵਾ ਲਈ ਵੈਦ-ਹਕੀਮ ਭੇਜੇ। ਇੱਕ ਦਿਨ ਇੱਕ ਸੌਦਾਗਰ ਗੁਰੂ ਜੀ ਨੂੰ ਤੀਰ-ਕਮਾਨ ਭੇਂਟ ਕਰਕੇ ਗਿਆ। ਗੁਰੂ ਜੀ ਜਦੋਂ ਕਮਾਨ ਦਾ ਚਿਲ੍ਹਾ ਚੜ੍ਹਾਉਣ ਲੱਗੇ ਤਾਂ ਅੱਲ੍ਹੇ ਜ਼ਖ਼ਮ ਖੁੱਲ੍ਹ ਗਏ। ਗੁਰੂ ਸਾਹਿਬ ਨੂੰ ਆਪਣੇ ਅੰਤਲੇ ਸਮੇਂ ਦਾ ਗਿਆਨ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦਾ ਗੁਰੂ ਥਾਪਕੇ, ਦਸਮ ਪਿਤਾ ਕੱਤਕ ਦੀ ਪੰਚਮੀ ਨੂੰ ਜੋਤੀ ਜੋਤ ਸਮਾ ਗਏ।[520] ਕੇਸਰ ਸਿੰਘ ਛਿੱਬਰ ਵੀ ਗੁਰੂ ਜੀ ਦੇ ਦੇਹ ਤਿਆਗਣ ਸੰਬੰਧੀ ਗਿਆਨੀ ਗਿਆਨ ਸਿੰਘ ਵਾਂਗ ਪੈਂਦੇ ਖਾਨ ਦੇ ਖ਼ਾਨਦਾਨ ਦੇ ਵਿੱਚੋਂ ਦੋ ਪਠਾਣਾਂ ਵੱਲੋਂ ਕੀਤੇ ਗਏ ਕਾਤਲਾਨਾ ਹਮਲੇ ਨੂੰ ਹੀ ਦੱਸਦਾ ਹੈ ਤੇ ਸਾਰੀ ਘਟਨਾ ਹੂਬਹੂ ਲਿਖਦਾ ਹੈ।[521] ਓਹ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਲੜ ਫੜਾ ਦਿੱਤਾ ਅਤੇ ਮਾਤਾ ਸਾਹਿਬ ਦੇਵੀ ਦੀ ਗੋਦੀ 'ਚ ਪੈ ਕੇ ਭਜਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਿੱਖਾਂ ਦੇ ਸਵਾਲਾਂ ਦਾ ਜਵਾਬ ਦੇ ਕੇ ਸੰਮਤ 1766 ਬਿਕ੍ਰਮੀ ਕੱਤਕ ਸੁਦੀ 5 ਨੂੰ ਜੋਤੀ ਜੋਤ ਸਮਾ ਗਏ।[522] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਗੁਰੂ ਜੀ ਨੇ ਇੱਕ ਪਠਾਣ ਦਾ ਕਤਲ ਕੀਤਾ ਸੀ ਅਤੇ ਉਸ ਦਾ ਬਦਲਾ ਦੇਣ (ਬਦਲਾ ਤਾਰਨ) ਲਈ ਉਸ ਦੇ ਪੁੱਤਰ ਨੂੰ ਨਾਲ ਰੱਖਿਆ ਹੋਇਆ ਸੀ। ਗੁਰੂ ਜੀ ਉਸ ਨੂੰ ਰੋਜ਼ ਲਾਹਨਤ ਪਾਉਂਦੇ ਕਿ ਉਹ ਆਪਣੇ ਪਿਉ ਦਾ ਬਦਲਾ ਨਹੀਂ ਲੈ ਸਕਿਆ। ਪਠਾਣ ਨੇ ਇੱਕ ਦਿਨ ਮੌਕਾ ਵੇਖ ਕੇ ਖੰਜਰ ਨਾਲ ਗੁਰੂ ਜੀ ਉੱਤੇ ਵਾਰ ਵਾਰ ਕਰ ਦਿੱਤਾ। ਜਦੋਂ ਸਿੱਖਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਪਠਾਣ ਦੇ ਟੁਕੜੇ-

---

518 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 184-186.

519 ਸਰੂਪ ਦਾਸ ਭੱਲਾ, *ਉ. ਰ.,* ਪੰਨਾ 856.

520 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 351-354.

521 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 188.

522 ਕੇਸਰ ਸਿੰਘ ਛਿੱਬਰ, *ਉਹੀ,* ਪੰਨੇ 189-190.

ਟੁਕੜੇ ਕਰ ਦਿੱਤੇ। ਗੁਰੂ ਸਾਹਿਬ ਦੇ ਜ਼ਖ਼ਮ ਸਿਵਾਏ ਗਏ, ਪਰ ਇੱਕ ਦਿਨ ਜਦੋਂ ਗੁਰੂ ਜੀ ਕਮਾਨ ਤੇ ਚਿਲਾ ਚੜ੍ਹਾਉਣ ਲੱਗੇ ਤਾਂ ਟਾਂਕੇ ਨਰਮ ਹੋਣ ਕਾਰਣ ਜ਼ਖ਼ਮ ਖੁੱਲ੍ਹ ਗਏ। ਗੁਰੂ ਗੋਬਿੰਦ ਸਿੰਘ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਗੁਰੂ ਘੋਸ਼ਿਤ ਕਰਕੇ ਅਤੇ ਸਿੱਖਾਂ ਨੂੰ ਤਲਵਾਰ ਦੀ ਗੋਦ ਵਿੱਚ ਪਾ ਕੇ ਜੋਤੀ ਜੋਤ ਸਮਾ ਗਏ।[523] ਸਰੂਪ ਦਾਸ ਭੱਲਾ ਗੋਬਿੰਦ ਸਿੰਘ ਦੇ ਜੋਤੀ ਜੋਤ ਦਾ ਸਮਾਂ ਸੰਮਤ 1765 ਬਿਕ੍ਰਮੀ ਕੱਤਕ ਸੁਦੀ ਪੰਜ ਨੰਦੇੜ ਸ਼ਹਿਰ ਲਿਖਦਾ ਹੈ।[524] ਸੰਤੋਖ ਸਿੰਘ ਵੀ ਗੁਰੂ ਜੀ ‘ਤੇ ਹਮਲੇ ਤੋਂ ਲੈ ਕੇ ਦੁਬਾਰਾ ਜ਼ਖ਼ਮ ਖੁੱਲ੍ਹ ਜਾਣ ਸੰਬੰਧੀ ਹੂ-ਬ-ਹੂ ਗਿਆਨੀ ਗਿਆਨ ਸਿੰਘ ਵਾਲੀ ਘਟਨਾ ਹੀ ਲਿਖਦਾ ਹੈ, ਪਰ ਅਤੋਲਾ ਖਾਂ ਦਾ ਜ਼ਿਕਰ ਨਹੀਂ ਕਰਦਾ। ਉਹ ਗੁਰੂ ਜੀ ਦੇ ਸਿੱਖ ਲੱਖਾ ਸਿੰਘ ਵੱਲੋਂ ਤਲਵਾਰ ਨਾਲ ਗੁਲ ਖਾਂ ਦਾ ਸਿਰ ਲਾਹੁਣ ਦੀ ਗੱਲ ਕਰਦਾ ਹੈ। ਸੰਤੋਖ ਸਿੰਘ ਮੁਤਾਬਿਕ ਅੰਤਲੇ ਸਮੇਂ ਗੁਰੂ ਜੀ ਨੇ ਦੀਵਾਨ ਸਜਾਏ ਅਤੇ ਸੰਗਤਾਂ ਨੂੰ ਪ੍ਰਭੂ ਦੇ ਚਰਨਾਂ ਵਿੱਚ ਰਹਿਣ ਤੇ ਗੁਰਬਾਣੀ ਦੇ ਲੜ ਲੱਗਣ ਦਾ ਉਪਦੇਸ਼ ਦੇ ਕੇ ਸੰਮਤ 1732 ਬਿਕ੍ਰਮੀ ਕੱਤਕ ਸੁਦੀ 5 ਨੂੰ ਜੋਤੀ ਜੋਤ ਸਮਾ ਗਏ।[525] ਮੈਕਾਲਿਫ਼ ਅਤੇ ਸੈਨਾਪਤਿ ਦਸਵੇਂ ਗੁਰੂ ਤੇ ਹਮਲਾ ਕਰਨ ਵਾਲੇ ਪਠਾਣ ਦਾ ਨਾਂ ਨਹੀਂ ਲਿਖਦੇ। ਗੰਡਾ ਸਿੰਘ ਵੀ ਲਿਖਦਾ ਹੈ ਕਿ ਦੋਵੇਂ ਪਠਾਣ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਗੁਰੂ ਜੀ ਦਾ ਕਤਲ ਕਰਨ ਲਈ ਭੇਜੇ ਸਨ।

## ਪੜਚੋਲ

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਪੰਥ ਪ੍ਰਕਾਸ਼ਾਂ ਵਿੱਚੋਂ ਗੁਰੂ ਕਾਲ ਨਾਲ ਸੰਬੰਧਿਤ ਜਾਣਕਾਰੀ ਦਾ ਤੁਲਨਾਤਮਿਕ ਅਧਿਐਨ ਇਸ ਅਧਿਆਇ ਵਿੱਚ ਕੀਤਾ ਗਿਆ ਹੈ। ਸਟੀਕ ਅਤੇ ਮੌਲਿਕ ਜਾਣਕਾਰੀ ਪ੍ਰਾਪਤ ਕਰਨ ਲਈ ਦੋਵਾਂ ਪੰਥ ਪ੍ਰਕਾਸ਼ਾਂ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਗੁਰੂ ਕਾਲ ਦੀ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ, ਸੰਤੋਖ ਸਿੰਘ ਦੀਆਂ ਲਿਖਤਾਂ ਨੂੰ ਵਿਸ਼ਲੇਸ਼ਣ ਲਈ ਇਸ ਅਧਿਆਇ ਵਿੱਚ ਦੋਵੇਂ ਗ੍ਰੰਥਾਂ ਦੇ ਨਾਲ ਵਰਤਿਆ ਹੈ। ਇਨ੍ਹਾਂ ਇਤਿਹਾਸਿਕ ਲਿਖਤਾਂ ਤੋਂ ਇਲਾਵਾ ਗੁਰਬਿਲਾਸ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ, ਗੁਰੂ ਕੀ ਸਾਖੀਆਂ, ਗੁਰਸੋਭਾ ਆਦਿ ਇਤਿਹਾਸਿਕ ਲਿਖਤਾਂ ਅਤੇ ਮੈਕਾਲਿਫ਼, ਤੇਜਾ ਸਿੰਘ ਗੰਡਾ ਸਿੰਘ, ਹਰੀ ਰਾਮ ਗੁਪਤਾ, ਇੰਦੂ ਭੂਸ਼ਨ ਬੈਨਰਜੀ, ਖੁਸ਼ਵੰਤ ਸਿੰਘ, ਕ੍ਰਿਪਾਲ ਸਿੰਘ, ਕਰਮ ਸਿੰਘ ਹਿਸਟੋਰੀਅਨ, ਈਸ਼ਰ ਸਿੰਘ ਨਾਰਾ ਆਦਿ ਇਤਿਹਾਸਕਾਰਾਂ ਦੀਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਗੁਰੂ ਕਾਲ ਬਾਰੇ ਮਹੱਤਵਪੂਰਨ ਜਾਣਕਾਰੀ

---

523 ਸਰੂਪ ਦਾਸ ਭੱਲਾ, *ਉ. ਹ.,* ਪੰਨਾ 862.

524 ਸਰੂਪ ਦਾਸ ਭੱਲਾ, *ਉਹੀ,* ਪੰਨਾ 863.

525 ਭਾਈ ਸੰਤੋਖ ਸਿੰਘ, *ਉ. ਹ.,* ਪੰਨੇ 6304-6306, 6321, 6331, 6339.

ਦਿੰਦੀਆਂ ਲਿਖਤਾਂ ਨੂੰ ਵੀ ਇਸ ਅਧਿਆਇ ਵਿੱਚ ਸਹੀ ਸਿੱਟੇ ਪ੍ਰਾਪਤ ਕਰਨ ਦੀ ਆਸ ਵਿੱਚ ਵਰਤਿਆ ਗਿਆ ਹੈ। ਇਸ ਅਧਿਆਇ ਤੋਂ ਸਾਬਿਤ ਹੁੰਦਾ ਹੈ ਕਿ ਰਤਨ ਸਿੰਘ ਭੰਗੂ ਸਿਰਫ਼ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ, ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਅਤੇ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਬਾਰੇ ਹੀ ਵਿਸਥਾਰਪੂਰਵਕ ਜਾਣਕਾਰੀ ਦੇ ਰਿਹਾ ਹੈ। ਬਾਕੀ ਦੇ ਸੱਤ ਗੁਰੂ ਸਾਹਿਬਾਨ ਬਾਰੇ ਉਸ ਵੱਲੋਂ ਦਿੱਤੀ ਜਾਣਕਾਰੀ ਬਹੁਤ ਹੀ ਸੀਮਿਤ ਹੈ। ਜਦੋਂ ਕਿ ਰਤਨ ਸਿੰਘ ਭੰਗੂ ਦੇ ਮੁਕਾਬਲਤਨ ਗਿਆਨੀ ਗਿਆਨ ਸਿੰਘ ਸਾਰੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਬਾਰੇ ਵੀ ਕਾਫ਼ੀ ਵਿਸਥਾਰਪੂਰਵਕ ਚਾਨਣਾ ਪਾਉਂਦਾ ਹੈ। ਇਸ ਅਧਿਆਇ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਗੁਰੂ ਕਾਲ ਸੰਬੰਧੀ ਬਹੁਤੇ ਇਤਿਹਾਸਕਾਰ ਗਿਆਨੀ ਗਿਆਨੀ ਸਿੰਘ ਦੁਆਰਾ ਗੁਰੂ ਕਾਲ ਸੰਬੰਧੀ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦੇ ਹੋਏ ਉਸ ਨਾਲ ਸਹਿਮਤੀ ਪ੍ਰਗਟ ਕਰਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਉਹ ਰਤਨ ਸਿੰਘ ਭੰਗੂ ਵੱਲੋਂ ਦਿੱਤੀ ਜਾਣਕਾਰੀ ਦੀ ਪੁਸ਼ਟੀ ਨਹੀਂ ਕਰਦੇ। ਕਾਰਣ ਇਹ ਹੈ ਕਿ ਇੱਕ ਤਾਂ ਗਿਆਨੀ ਗਿਆਨ ਸਿੰਘ ਦੇ ਮੁਕਾਬਲੇ ਰਤਨ ਸਿੰਘ ਭੰਗੂ ਵੱਲੋਂ ਆਪਣੀ ਲਿਖਤ ਵਿੱਚ ਗੁਰੂ ਕਾਲ ਸੰਬੰਧੀ ਦਿੱਤੀ ਜਾਣਕਾਰੀ ਸੰਖੇਪ ਹੈ। ਦੂਜਾ ਉਸ ਦੀ ਲਿਖਤ ਉੱਪਰ ਲਿਖਤੀ ਸ੍ਰੋਤਾਂ ਦੇ ਮੁਕਾਬਲਤਨ ਮੌਖਿਕ ਜਾਣਕਾਰੀ ਜਾਂ ਸਣੌਤਾਂ ਪ੍ਰਭਾਵ ਜ਼ਿਆਦਾ ਦੇਖਣ ਨੂੰ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ ਅਧਿਐਨ ਤੋਂ ਇਹ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਜਨਮ ਦਿਨ ਨੂੰ ਲੈ ਕੇ ਸਿੱਖ ਵਿਦਵਾਨਾਂ ਵਿੱਚ ਮੱਤਭੇਦ ਪਾਏ ਜਾਂਦੇ ਹਨ। ਬਹੁਤੇ ਸਿੱਖ ਵਿਦਵਾਨ ਗੁਰੂ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਮੰਨਦੇ ਹਨ, ਪਰ ਕੁਝ ਕੁ ਸਿੱਖ ਵਿਦਵਾਨ ਇਸ ਦਾ ਖੰਡਨ ਕਰਦੇ ਹੋਏ ਗੁਰੂ ਜੀ ਦਾ ਜਨਮ ਵਿਸਾਖ ਵਿੱਚ ਹੋਇਆ ਦੱਸਦੇ ਹਨ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਵੀ ਬਹੁਸੰਮਤੀ ਇਤਿਹਾਸਕਾਰਾਂ ਨਾਲ ਸਹਿਮਤ ਹੁੰਦੇ ਹੋਏ ਪਹਿਲੇ ਪਾਤਿਸ਼ਾਹ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਹੀ ਦੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਬਾਰੇ ਪਹਿਲੀ ਇਤਿਹਾਸਿਕ ਲਿਖਤ ਭਾਈ ਬਾਲੇ ਵਾਲੀ ਜਨਮਸਾਖੀ ਹੈ, ਪਰ ਕਰਮ ਸਿੰਘ ਹਿਸਟੋਰੀਅਨ, ਸੁਰਿੰਦਰ ਸਿੰਘ ਕੋਹਲੀ, ਜਗਜੀਤ ਸਿੰਘ ਆਦਿ ਵਿਦਵਾਨ ਇਸ ਜਨਮਸਾਖੀ ਦੀ ਹੋਂਦ ਨੂੰ ਨਹੀਂ ਸਵੀਕਾਰਦੇ। ਇਤਿਹਾਸਿਕ ਤੱਥਾਂ ਬਾਰੇ ਵਾਚਣ ਤੋਂ ਇਸ ਜਨਮਸਾਖੀ ਤੋਂ ਬਹੁਤ ਹੀ ਭਰੋਸੇਯੋਗ ਸਮੱਗਰੀ ਪ੍ਰਾਪਤ ਹੁੰਦੀ ਹੈ। ਪਹਿਲੀ ਵਾਰ ਇਤਿਹਾਸਿਕ ਤੌਰ ‘ਤੇ ਇਸ ਜਨਮਸਾਖੀ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਨੇ ਕੀਤਾ। ਉਸ ਦੀ ਜਾਣਕਾਰੀ ਇਸ ਲਈ ਵੀ ਭਰੋਸੇਯੋਗ ਮੰਨੀ ਜਾ ਸਕਦੀ ਹੈ, ਕਿਉਂਕਿ ਉਸ ਦੇ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਗੁਰੂ ਹਰਿ ਰਾਇ ਜੀ ਦੇ

ਕਾਲ ਤੋਂ ਹੀ ਗੁਰੂ ਘਰ ਨਾਲ ਚੱਲੀਆਂ ਆ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਘਰ ਵਿੱਚ ਮਿਲੀਆਂ ਜਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ।[526] ਗੁਰੂ ਨਾਨਕ ਦੇਵ ਜੀ ਸੰਬੰਧੀ ਜਾਣਕਾਰੀ ਦਿੰਦੀ ਸਭ ਤੋਂ ਪਹਿਲੀ ਲਿਖਤ ਭਾਈ ਬਾਲੇ ਦੀ ਜਨਮਸਾਖੀ ਵੀ ਗੁਰੂ ਜੀ ਦੇ ਜਨਮ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦੀ ਹੈ, ਪਰ 'ਕੱਤਕ ਕਿ ਵਿਸਾਖ' ਪੁਸਤਕ ਰਾਹੀਂ ਕਰਮ ਸਿੰਘ ਹਿਸਟੋਰੀਅਨ ਨੇ ਭਾਈ ਬਾਲੇ ਦੀ ਜਨਮਸਾਖੀ ਸੰਬੰਧੀ ਕਈ ਪ੍ਰਸ਼ਨ ਪੈਦਾ ਕਰ ਦਿੱਤੇ, ਜੋ ਕਿ ਗੁਰੂ ਸਾਹਿਬ ਦਾ ਜਨਮ ਕੱਤਕ ਦੀ ਥਾਂ 'ਤੇ ਵਿਸਾਖ ਵਿੱਚ ਹੋਇਆ ਪ੍ਰਮਾਣਿਤ ਕਰਦੀ ਹੈ।[527] ਪਰ ਪਿਆਰਾ ਸਿੰਘ ਪਦਮ,[528] ਗਿਆਨੀ ਮਹਾਂ ਸਿੰਘ,[529] ਕਵੀ ਸੈਨਾਪਤਿ[530] ਅਤੇ ਈਸ਼ਰ ਸਿੰਘ ਨਾਰਾ ਨੇ ਵੀ (ਵਿਸਾਖ ਨਹੀਂ ਕੱਤਕ ਪੁਸਤਕ ਲਿਖ ਕੇ) ਗੁਰੂ ਦਾ ਜਨਮ ਕੱਤਕ ਵਿੱਚ ਹੀ ਹੋਇਆ ਮੰਨਿਆ ਹੈ।[531]

ਬਾਕੀ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਕੁਝ ਕੁ ਪ੍ਰਸਿੱਧ ਘਟਨਾਵਾਂ ਜਿਵੇਂ ਪੜ੍ਹਾਈ ਵੇਲੇ ਪਾਂਧੇ ਜਾਂ ਮੁੱਲ੍ਹਾਂ ਨੂੰ ਸਵਾਲ ਕਰਨੇ, ਜਨੇਊ ਵਾਲੀ ਸਾਖੀ, ਮੱਝਾਂ ਦੁਆਰਾ ਫ਼ਸਲ ਨੂੰ ਚਰ ਜਾਣਾ, ਰੁੱਖ ਦੀ ਛਾਂ ਦਾ ਗੁਰੂ ਜੀ ਉੱਤੇ ਖਲੋ ਜਾਣਾ, ਸੱਪ ਦੁਆਰਾ ਸਿਰ 'ਤੇ ਛਾਂ ਕਰਨੀ, ਸੱਚੇ ਸੌਦੇ ਦੀ ਘਟਨਾ, ਮੋਦੀਖਾਨੇ ਦੀ ਨੌਕਰੀ, ਮੱਕਾ ਘੁੰਮਾਉਣਾ ਆਦਿ ਤਕਰੀਬਨ ਸਿੱਖ ਜਗਤ ਵੱਲੋਂ ਸਰਵਪ੍ਰਵਾਨਿਤ ਹਨ। ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਪਹਿਲੇ ਪਾਤਿਸ਼ਾਹ ਨਾਲ ਸੰਬੰਧਿਤ ਇਨ੍ਹਾਂ ਘਟਨਾਵਾਂ ਨੂੰ ਆਪਣੀ ਲਿਖਤ ਵਿੱਚ ਥਾਂ ਦਿੰਦਾ ਹੈ। ਜ਼ਿਆਦਾਤਰ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਇਨ੍ਹਾਂ ਦੀ ਪੁਸ਼ਟੀ ਵੀ ਕਰਦੀਆਂ ਹਨ। ਹਾਲਾਂਕਿ ਰਤਨ ਸਿੰਘ ਭੰਗੂ ਨੇ ਇਨ੍ਹਾਂ ਵਿੱਚੋਂ ਕਈ ਘਟਨਾਵਾਂ ਨੂੰ ਆਪਣੀ ਲਿਖਤ ਵਿੱਚ ਥਾਂ ਨਹੀਂ ਦਿੱਤੀ, ਕਿਉਂਕਿ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਲਿਖਣ ਦਾ ਮੰਤਵ ਸਿੱਖ ਇਤਿਹਾਸ ਲਿਖਣਾ ਨਹੀਂ ਸੀ, ਬਲਕਿ ਅੰਗਰੇਜ਼ਾਂ ਨੂੰ ਖ਼ਾਲਸੇ ਦੀ ਸ਼ਾਨ, ਸਿਦਕ, ਸਿਰੜ, ਦਲੇਰੀ, ਚੜ੍ਹਦੀਕਲਾ ਆਦਿ ਗੁਣਾਂ ਤੋਂ ਜਾਣੂ ਕਰਵਾਉਣਾ ਸੀ। ਰਤਨ ਸਿੰਘ ਭੰਗੂ ਗੁਰੂ ਸਾਹਿਬ ਦੇ ਗਿਆਨ ਪ੍ਰਾਪਤ ਕਰਨ ਮਗਰੋਂ ਵੇਈਂ ਨਦੀ ਵਿੱਚੋਂ ਬਾਹਰ ਨਿਕਲਣ ਵੇਲੇ ਗੁਰੂ

---

526 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 14-15,112,127.

527 ਕਰਮ ਸਿੰਘ ਹਿਸਟੋਰੀਅਨ, *ਉ. ਰ.,* ਪੰਨੇ 123-127.

528 ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 102.

529 ਗਿਆਨੀ ਮਹਾਂ ਸਿੰਘ (ਸੰਪਾ.), ਮਾਲਵਾ ਦੇਸ ਰਟਨ ਕੀ ਸਾਖੀ ਪੋਥੀ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1968, ਪੰਨੇ 30-31.

530 ਕਵੀ ਸੈਨਾਪਤਿ, *ਉ. ਰ.,* ਪੰਨਾ 109.

531 ਈਸ਼ਰ ਸਿੰਘ ਨਾਰਾ, *ਵਿਸਾਖ ਨਹੀਂ ਕੱਤਕ,* ਪੰਨੇ 258-259.

ਸਾਹਿਬ ਨੂੰ ਖੇਤ ਵਿੱਚ ਖੜ੍ਹੇ ਇੱਕ ਡਰਨੇ ਵਾਂਗ ਲਿਖਣਾ ਢੁਕਵਾਂ ਪ੍ਰਤੀਤ ਨਹੀਂ ਹੁੰਦਾ। ਗਿਆਨੀ ਗਿਆਨ ਸਿੰਘ ਦੁਆਰਾ ਆਪਣੀ ਲਿਖਤ ਵਿੱਚ ਗੁਰੂ ਨਾਨਕ ਦੇਵ ਜੀ ਦੀ ਕਬੀਰ ਮਿਲਣੀ ਕਰਵਾਉਣ ਦੀ ਪੁਸ਼ਟੀ ਕਰਨੀ ਸੰਭਵ ਨਹੀਂ, ਹਾਲਾਂਕਿ ਗਿਆਨੀ ਗਿਆਨ ਸਿੰਘ ਨੇ ਇਸ ਦਾ ਜ਼ਿਕਰ ਧਰਮਦਾਸ ਦੇ ਨਾਨਕ ਪ੍ਰਬੋਧਨਾਮੇ ਦੇ ਹਵਾਲੇ ਨਾਲ ਕੀਤਾ ਹੈ, ਪਰ ਕਾਫ਼ੀ ਪੁਣਛਾਣ ਦੇ ਬਾਅਦ ਵੀ ਧਰਮਦਾਸ ਲਿਖਤ ਪ੍ਰਬੋਧਨਾਮਾ ਨਾਂ ਦੀ ਕੋਈ ਲਿਖਤ ਨਹੀਂ ਮਿਲੀ। ਹਾਂ ਜੇ ਅਸੀਂ ਕਬੀਰ ਜੀ ਦਾ ਜੀਵਨ ਕਾਲ (1398-1520 ਈ.) ਸਹੀ ਮੰਨ ਲਈਏ ਤਾਂ ਹੀ ਗੁਰੂ ਜੀ ਦੀ ਪਹਿਲੀ ਉਦਾਸੀ ਵੇਲੇ ਕਬੀਰ ਮਿਲਣੀ ਸੰਭਵ ਵੀ ਲੱਗਦੀ ਹੈ। ਗਿਆਨੀ ਗਿਆਨ ਸਿੰਘ ਦੁਆਰਾ ਸਿਰਸਾ ਵਿਖੇ ਪੀਰਾਂ-ਫ਼ਕੀਰਾਂ ਨਾਲ ਚਲੀਹੇ ਵਿੱਚ ਚਰਚਾ ਕਰਨ ਦੇ ਸਬੂਤ ਵਜੋਂ ਉੱਥੇ ਅੱਜ ਵੀ ਗੁਰਦੁਆਰਾ ਚਲੀਹਾ ਸਾਹਿਬ ਸ਼ਸ਼ੋਭਿਤ ਹੈ। ਸੰਨ 1947 ਈ. ਦੀ ਵੰਡ ਤੋਂ ਪਹਿਲਾਂ ਇਸ ਜਗ੍ਹਾ ਦੀ ਸਾਂਭ-ਸੰਭਾਲ ਮੁਸਲਮਾਨ ਹੀ ਕਰਦੇ ਸਨ ਅਤੇ ਵੰਡ ਤੋਂ ਬਾਅਦ ਇਹ ਜ਼ਮੀਨ ਮੁਸਲਿਮ ਵਕਫ਼ ਬੋਰਡ ਨੂੰ ਦੇ ਦਿੱਤੀ ਗਈ। ਬਾਅਦ ਵਿੱਚ ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਬਣਾਇਆ ਗਿਆ। ਗਿਆਨੀ ਗਿਆਨ ਸਿੰਘ ਵੱਲੋਂ ਕਾਬਲ ਵਿੱਚ ਮਸਜ਼ਿਦ ਦੇ ਗੁਰੂ ਸਾਹਿਬ ਵੱਲ ਝੁਕ ਜਾਣ ਵਾਲੀ ਘਟਨਾ ਅਤੇ ਬਾਬਰ ਨੂੰ ਸੱਤ ਮੁੱਠੀਆ ਭੰਗ ਦੀਆਂ ਦੇ ਕੇ ਗੁਰੂ ਸਾਹਿਬ ਵੱਲੋਂ ਬਾਬਰ ਦੀ ਕੁਲ ਨੂੰ ਸੱਤ ਬਾਦਸ਼ਾਹੀਆਂ ਬਖ਼ਸਣ ਦੀ ਸਾਖੀ ਉਸ ਦੀ ਲਿਖਤ ਨੂੰ ਕਾਲਪਨਿਕ ਦਿੱਖ ਦਿੰਦੀਆਂ ਜਾਪਦੀਆਂ ਹਨ। ਗਿਆਨੀ ਗਿਆਨ ਸਿੰਘ ਏਮਨਾਬਾਦ ਜਾਂ ਸੈਦਪੁਰ ਉੱਪਰ ਬਾਬਰ ਦੁਆਰਾ ਕੀਤੇ ਹਮਲੇ ਨੂੰ ਗੁਰੂ ਜੀ ਦੁਆਰਾ ਕੀਤੇ ਬਚਨਾਂ ਨੂੰ ਮੰਨਦਾ ਹੈ, ਹਾਲਾਂਕਿ ਗਿਆਨੀ ਗਿਆਨ ਸਿੰਘ ਤੋਂ ਪਹਿਲਾਂ ਦੇ ਵਿਦਵਾਨ ਵੀ ਇਸ ਘਟਨਾ ਬਾਬਤ ਲਿਖਦੇ ਹਨ, ਪਰ ਗੁਰੂ ਜੀ ਦੁਆਰਾ ਸਰਾਪ ਦੇਣਾ ਸਿੱਖ ਰਹੁ-ਰੀਤਾਂ ਦੇ ਉਲਟ ਜਾਂਦਾ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸੰਬੰਧੀ ਵੱਖ-ਵੱਖ ਲੇਖਕਾਂ ਦੇ ਵੱਖ-ਵੱਖ ਮਤ ਹਨ। ਰਤਨ ਸਿੰਘ ਭੰਗੂ ਨੇ ਉਦਾਸੀਆਂ ਦੀ ਗਿਣਤੀ ਪੰਜ ਲਿਖੀ ਹੈ, ਪਰ ਗਿਆਨੀ ਗਿਆਨੀ ਸਿੰਘ ਚਾਰ ਲਿਖ ਰਿਹਾ ਹੈ। ਸੰਤੋਖ ਸਿੰਘ ਨੇ ਸਿੱਧੇ ਰੂਪ ਵਿੱਚ ਉਦਾਸੀਆ ਦੀ ਗਿਣਤੀ ਹੀ ਨਹੀਂ ਲਿਖੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਗੁਰੂ ਜੀ ਦੀਆਂ ਉਦਾਸੀਆਂ ਬਾਰੇ ਸੰਖੇਪ ਜਾਣਕਾਰੀ ਦਿੰਦੀਆਂ ਹਨ।[532] ਭਾਈ ਬਾਲੇ ਵਾਲੀ ਜਨਮ, ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ ਅਨੁਸਾਰ ਗੁਰੂ ਸਾਹਿਬ ਜੀ ਦੀਆਂ ਉਦਾਸੀਆਂ ਦੀ ਗਿਣਤੀ ਚਾਰ ਬਣਦੀ ਹੈ, ਜਦੋਂ ਕਿ ਫ਼ੌਜਾ ਸਿੰਘ ਗੁਰੂ ਸਾਹਿਬ ਦੀਆਂ ਉਦਾਸੀਆਂ ਦੀ ਗਿਣਤੀ

---

[532] ਭਾਈ ਗੁਰਦਾਸ ਜੀ, *ਵਾਰਾਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977, ਪੰਨਾ 23.

ਤਿੰਨ ਲਿਖਦਾ ਹੈ।[533]

ਮੈਕਾਲਿਫ਼, ਇੰਦੂ ਭੂਸ਼ਨ ਬੈਨਰਜੀ, ਹਰੀ ਰਾਮ ਗੁਪਤਾ, ਤੇਜਾ ਸਿੰਘ ਗੰਡਾ ਸਿੰਘ, ਕਿਰਪਾਲ ਸਿੰਘ ਆਦਿ ਗੁਰੂ ਸਾਹਿਬ ਦੀਆਂ ਉਦਾਸੀਆਂ ਦੀ ਗਿਣਤੀ ਚਾਰ ਹੀ ਮੰਨਦੇ ਹਨ। ਗੁਰੂ ਸਾਹਿਬ ਦੀਆਂ ਉਦਾਸੀਆਂ ਦੀਆਂ ਦਿਸ਼ਾਵਾਂ ਦੇ ਸੰਬੰਧ ਵਿੱਚ 'ਵਲੈਤ ਵਾਲੀ ਜਨਮਸਾਖੀ' ਪਹਿਲੀ ਉਦਾਸੀ ਪੂਰਬ ਦੀ, ਦੂਜੀ ਦੱਖਣ ਦੀ, ਤੀਜੀ ਉੱਤਰ, ਚੌਥੀ ਪੱਛਮ ਦੀ ਦਰਸਾਉਂਦੀ ਹੈ। ਮੈਕਾਲਿਫ਼ ਗੁਰੂ ਸਾਹਿਬ ਦੀਆਂ ਉਦਾਸੀਆਂ ਦੀਆਂ ਦਿਸ਼ਾਵਾਂ ਪੂਰਬੀ ਭਾਰਤ ਅਤੇ ਉੱਤਰੀ ਭਾਰਤ ਦੋ ਹੀ ਦੱਸਦਾ ਹੈ। ਮੱਕੇ ਵਾਲੀ ਉਦਾਸੀ ਦੀ ਦਿਸ਼ਾ ਸੰਬੰਧੀ ਕੁਝ ਨਹੀਂ ਲਿਖਦਾ ਹੈ।[534] ਇੰਦੂ ਭੂਸ਼ਣ ਬੈਨਰਜੀ ਗੁਰੂ ਜੀ ਦੀਆਂ ਉਦਾਸੀਆਂ ਬਾਰੇ ਪੂਰਬ, ਦੱਖਣ, ਉੱਤਰ ਅਤੇ ਪੱਛਮ ਚਾਰੇ ਦਿਸ਼ਾਵਾਂ ਦਾ ਵਰਣਨ ਕਰਦਾ ਹੈ। ਫੌਜਾ ਸਿੰਘ ਅਤੇ ਕਿਰਪਾਲ ਸਿੰਘ ਪਹਿਲੀ ਉਦਾਸੀ ਪੂਰਬ ਦੀ, ਦੂਜੀ ਉੱਤਰ ਦੀ ਅਤੇ ਤੀਜੀ ਪੱਛਮ ਦੀ ਲਿਖਦੇ ਹਨ।[535] ਹਰੀ ਰਾਮ ਗੁਪਤਾ ਅਨੁਸਾਰ ਗੁਰੂ ਸਾਹਿਬ ਨੇ ਪਹਿਲੀ ਯਾਤਰਾ ਪੂਰਬ ਵੱਲ, ਦੂਜੀ ਦੱਖਣੀ ਭਾਰਤ ਅਤੇ ਸ੍ਰੀ ਲੰਕਾ ਵੱਲ, ਤੀਜੀ ਉਦਾਸੀ ਹਿਮਾਲਿਆ ਪਰਬਤ ਵੱਲ ਅਤੇ ਚੌਥੀ ਪੱਛਮੀ ਏਸ਼ੀਆ ਦੀ ਕੀਤੀ।[536]

ਇਸ ਤਰ੍ਹਾਂ ਜ਼ਿਆਦਾਤਰ ਲੇਖਕਾਂ ਦੀਆਂ ਚਾਰ ਉਦਾਸੀਆਂ ਬਾਰੇ ਦਿੱਤੀ ਧਾਰਨਾ ਤੋਂ ਅਸੀਂ ਇਹ ਮੰਨ ਸਕਦੇ ਹਾਂ ਕਿ ਗਿਆਨੀ ਗਿਆਨ ਸਿੰਘ ਵੱਲੋਂ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਪੁਸ਼ਟੀ ਕਰਨਾ ਢੁੱਕਵਾਂ ਅਤੇ ਸਹੀ ਹੈ। ਗੁਰੂ ਨਾਨਕ ਦੇਵ ਜੀ ਦੇ ਮੱਕੇ ਮਦੀਨੇ ਸਮੇਂ ਬਗਦਾਦ ਜਾਣ ਦੀ ਘਟਨਾ ਨਾਲ ਮੈਕਾਲਿਫ਼, ਇੰਦੂ ਭੂਸ਼ਣ ਬੈਨਰਜੀ, ਹਰੀ ਰਾਮ ਗੁਪਤਾ, ਤੇਜਾ ਸਿੰਘ ਗੰਡਾ ਸਿੰਘ, ਕ੍ਰਿਪਾਲ ਸਿੰਘ ਵੀ ਇੱਕ ਮਤ ਹਨ। ਸੰਤੋਖ ਸਿੰਘ ਪਹਿਲੇ ਗੁਰੂ ਸਾਹਿਬ ਨੂੰ ਅਸਾਮ ਤੋਂ ਸਿੱਧਾ ਸਮੁੰਦਰ ਰਾਹੀਂ ਮੱਕੇ ਪਹੁੰਚਾ ਦਿੰਦਾ ਹੈ। ਬਰਮਾ ਤੋਂ ਸਿੱਧਾ ਭੱਖਰ-ਸੱਖਰ ਪਹੁੰਚਾ ਦਿੰਦਾ ਹੈ। ਸੰਤੋਖ ਸਿੰਘ ਨੇ ਆਪਣੀ ਲਿਖਤ ਨੂੰ ਵਿਸਥਾਰ ਦੇਣ ਦੇ ਚੱਕਰ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਨੌ ਖੰਡਾਂ ਦੀ ਯਾਤਰਾ ਕਰਵਾ ਕੇ, ਪ੍ਰਹਿਲਾਦ ਅਤੇ ਧਰੁਵ ਨਾਲ ਗੁਰੂ ਸਾਹਿਬ ਦੀ ਮਿਲਣੀ ਕਰਵਾ ਕੇ ਅਤੇ ਹੋਰ ਬੇਅੰਤ ਕਾਲਪਨਿਕ ਅਤੇ ਮਿਥਿਹਾਸਿਕ ਘਟਨਾਵਾਂ ਨੂੰ ਜੋੜ ਕੇ ਆਮ ਸਿੱਖ ਸੰਗਤ ਦੇ ਬੁੱਧ ਬਿਬੇਕ ਤੋਂ ਪਰ੍ਹੇ ਦਾ ਗ੍ਰੰਥ ਸਿਰਜ ਦਿੱਤਾ। ਕੇਸਰ ਸਿੰਘ ਛਿੱਬਰ ਅਤੇ ਸਰੂਪ ਦਾਸ

---

533 ਫ਼ੌਜਾ ਸਿੰਘ ਅਤੇ ਕ੍ਰਿਪਾਲ ਸਿੰਘ, *ਐਟਲਸ: ਗੁਰੂ ਨਾਨਕ ਦੇਵ ਜੀ ਦੇ ਸਫ਼ਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2004, ਪੰਨਾ 49-72.

534 ਮੈਕਸ ਆਰਥਰ ਮੈਕਾਲਿਫ਼, *ਸਿੱਖ ਧਰਮ ਗੁਰੂ ਸਾਹਿਬਾਨ:ਪਵਿੱਤਰ ਰਚਨਾਵਾਂ ਅਤੇ ਰਚਨਾਕਾਰ-ਜਿਲਦ ਪਹਿਲੀ,* (ਸੰਪਾ.ਅਤੇ ਪੰਜਾਬੀ ਅਨੁ. ਕ੍ਰਿਪਾਲ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ 2003), ਪੰਨੇ 165-180.

535 ਫ਼ੌਜਾ ਸਿੰਘ ਅਤੇ ਕ੍ਰਿਪਾਲ ਸਿੰਘ, *ਐਟਲਸ: ਗੁਰੂ ਨਾਨਕ ਦੇਵ ਜੀ ਦੇ ਸਫ਼ਰ,* ਪੰਨੇ 49-72.

536 Hari Ram Gupta, *History of the Sikhs Gurus,* 1973, pp.43-47.

ਭੱਲਾ ਦੀ ਗੁਰੂ ਜੀ ਦੀਆਂ ਉਦਾਸੀਆਂ ਸੰਬੰਧੀ ਜਾਣਕਾਰੀ ਅੱਘੜ-ਦੁਘੜ ਰੂਪ ਵਿੱਚ ਹੀ ਮਿਲਦੀ ਹੈ। ਰਤਨ ਸਿੰਘ ਭੰਗੂ ਆਪਣੀ ਲਿਖਤ ਵਿੱਚ ਲਿਖਦਾ ਹੈ ਕਿ ਮੁਸਲਮਾਨਾਂ ਨੇ ਦੱਖਣ ਦੇ ਸਾਰੇ ਹਿੰਦੂ ਮੰਦਰ ਪਲੀਤ ਕਰ ਦਿੱਤੇ ਕਈਆਂ ਨੂੰ ਢਾਹ ਕੇ ਮਸਜ਼ਿਦਾਂ ਵਿੱਚ ਤਬਦੀਲ ਕਰ ਦਿੱਤਾ। ਪਰ ਇਤਿਹਾਸਿਕ ਦਸਤਾਵੇਜ਼ਾਂ ਅਤੇ ਦੱਖਣ ਵਿੱਚ ਸਾਬਤ ਸੂਰਤ ਸਦੀਆਂ ਪੁਰਾਣੇ ਪ੍ਰਸਿੱਧ ਮੰਦਰ ਅੱਜ ਵੀ ਆਪਣੇ ਪੁਰਾਤਨ ਸੰਸਕਾਰਾਂ ਨੂੰ ਕਾਇਮ ਰੱਖਦੇ ਹੋਏ ਅੱਜ ਵੀ ਮੌਜੂਦ ਹਨ। ਹਾਂ ਇਹ ਵੀ ਸੱਚ ਹੈ ਕਿ ਦੱਖਣ ਵਿੱਚ ਮੁਗਲਾਂ ਤੋਂ ਪਹਿਲਾਂ ਦੇ ਵੀ ਕਈ ਪੁਰਾਤਨ ਮੰਦਰ ਅੱਜ ਵੀ ਜਿਉਂ-ਤਿਉਂ ਖੜ੍ਹੇ ਹਨ, ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੁਸਲਮਾਨਾਂ ਵੱਲੋਂ ਕੋਈ ਮੰਦਰ ਢਾਹਿਆ ਹੀ ਨਾ ਗਿਆ ਹੋਵੇ। ਕਿਉਂਕਿ ਇਤਿਹਾਸ ਇਸ ਗੱਲ ਦੀ ਗਵਾਹੀ ਵੀ ਭਰਦਾ ਹੈ ਕਿ ਮੁਗਲਾਂ ਦੇ ਰਾਜ ਦੌਰਾਨ ਧਾਰਮਿਕ ਕੱਟੜਤਾ ਕਾਰਣ ਕਈ ਵਾਰ ਹਿੰਦੂ ਸਮਾਜ ਨਾਲ ਵਧੀਕੀਆਂ ਹੁੰਦੀਆਂ ਰਹੀਆਂ ਹਨ। ਹੋ ਸਕਦੈ ਰਤਨ ਸਿੰਘ ਭੰਗੂ ਨੇ ਉਦਾਸੀਆਂ ਸੰਬੰਧੀ ਥੋੜ੍ਹਾ ਸੰਖੇਪ ਲਿਖਣ ਕਾਰਣ ਢਾਹੇ ਗਏ ਮੰਦਰਾਂ ਬਾਰੇ ਵਿਸਥਾਰ ਨਾਲ ਲਿਖਣ ਤੋਂ ਗੁਰੇਜ਼ ਕੀਤਾ ਹੋਵੇ, ਪਰ ਗਿਆਨੀ ਗਿਆਨ ਸਿੰਘ ਰਤਨ ਸਿੰਘ ਭੰਗੂ ਤੋਂ ਪ੍ਰੇਰਿਤ ਹੋ ਕੇ ਹੀ ਉਸ ਦੀ ਲਿਖਤ ਵਿੱਚ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਕਾਫ਼ੀ ਖੋਜ-ਪੜਤਾਲ ਮਗਰੋਂ ਗੁਰੂ ਸਾਹਿਬ ਦੀਆਂ ਉਦਾਸੀਆਂ ਨੂੰ ਤਰਤੀਬਵਾਰ ਲਿਖਣ ਦਾ ਯਤਨ ਕੀਤਾ ਹੋਵੇ।

ਭਾਈ ਬਾਲੇ ਦੀ ਜਨਮਸਾਖੀ ਅਨੁਸਾਰ ਗੁਰੂ ਸਾਹਿਬ ਨੇ ਪਹਿਲੀ ਉਦਾਸੀ 9 ਪੋਹ ਸੰਮਤ 1553 ਬਿਕ੍ਰਮੀ ਨੂੰ ਤਲਵੰਡੀ ਤੋਂ ਸ਼ੁਰੂ ਕੀਤੀ। ਕੇਸਰ ਸਿੰਘ ਛਿੱਬਰ ਵੱਲੋਂ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਗਈ। ਸਰੂਪ ਦਾਸ ਭੱਲਾ ਅਤੇ ਵਲਾਇਤ ਵਾਲੀ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਨੂੰ ਪੂਰਾ ਕਰਨ ਲਈ ਬਾਰ੍ਹਾਂ ਸਾਲ ਲਾਏ। ਹੁਣ ਤੱਕ ਦੇ ਇਤਿਹਾਸਕਾਰਾਂ ਵਿੱਚ ਗਿਆਨੀ ਗਿਆਨ ਸਿੰਘ ਨੇ ਹੀ ਆਪਣੀ ਇੱਕ ਹੋਰ ਲਿਖਤ ਤਵਾਰੀਖ਼ ਗੁਰੂ ਖ਼ਾਲਸਾ ਵਿੱਚ ਗੁਰੂ ਸਾਹਿਬ ਦੀਆਂ ਉਦਾਸੀਆਂ ਬਾਰੇ ਸਭ ਤੋਂ ਜ਼ਿਆਦਾ ਮਿਤੀਆਂ ਦਿੱਤੀਆਂ ਹਨ ਕਿ ਗੁਰੂ ਸਾਹਿਬ ਕਦੋਂ ਅਤੇ ਕਿੱਥੇ ਗਏ। ਉਹ ਪਹਿਲੀ ਉਦਾਸੀ 22 ਕੱਤਕ ਸੰਮਤ 1558 ਬਿਕ੍ਰਮੀ ਤੋਂ ਸ਼ੁਰੂ ਹੋ ਨੇ 11 ਪੋਹ 1566 ਬਿਕ੍ਰਮੀ ਤੱਕ ਲਗਭਗ 8 ਸਾਲ 2 ਮਹੀਨਿਆਂ ਵਿੱਚ ਪੂਰੀ ਹੋਈ ਲਿਖਦਾ ਹੈ। ਦੂਜੀ ਉਦਾਸੀ ਸੰਮਤ 1567 ਬਿਕ੍ਰਮੀ ਦੇ ਵੈਸਾਖ ਮਹੀਨੇ ਤੋਂ ਲੈ ਕੇ ਸੰਮਤ 1573 ਬਿਕ੍ਰਮੀ ਮਾਘ ਸੁਦੀ 13 ਤੱਕ ਲਗਭਗ 5 ਸਾਲ 9 ਮਹੀਨਿਆਂ ਵਿੱਚ ਪੂਰੀ ਹੋਈ ਲਿਖਦਾ ਹੈ। ਤੀਜੀ ਉਦਾਸੀ ਦਾ ਸਮਾਂ ਗਿਆਨੀ ਗਿਆਨ ਸਿੰਘ ਸੰਮਤ 1574 ਬਿਕ੍ਰਮੀ ਅੱਸੂ ਸੁਦੀ 15 ਤੋਂ ਲੈ ਕੇ ਸੰਮਤ 1575 ਬਿਕ੍ਰਮੀ ਕੱਤਕ ਸੁਦੀ 11 ਤੱਕ ਲਗਭਗ ਇੱਕ ਸਾਲ ਵਿੱਚ ਪੂਰੀ ਕੀਤੀ ਦੱਸਦਾ ਹੈ ਅਤੇ ਚੌਥੀ

ਉਦਾਸੀ ਸੰਮਤ 1576 ਬਿਕ੍ਰਮੀ ਤੋਂ ਲੈ ਕੇ ਸੰਮਤ 1583 ਬਿਕ੍ਰਮੀ ਤੱਕ ਲਗਭਗ 8 ਸਾਲਾਂ ਵਿੱਚ ਪੂਰੀ ਕੀਤੀ ਦੱਸਦਾ ਹੈ ਅਤੇ ਇਸ ਤਰ੍ਹਾਂ ਗੁਰੂ ਸਾਹਿਬ ਦਾ ਉਦਾਸੀਆਂ ਵਿੱਚ ਬਤੀਤ ਕੀਤਾ ਵਕਤ 22 ਸਾਲ ਦੇ ਕਰੀਬ ਬਣਦਾ ਹੈ।[537] ਹਰੀ ਰਾਮ ਗੁਪਤਾ ਵੀ ਪਹਿਲੀ ਉਦਾਸੀ 1497 ਈਸਵੀਂ ਤੋਂ 1509 ਈਸਵੀ ਤੱਕ 12 ਸਾਲਾਂ ਵਿੱਚ, ਦੂਜੀ 1510 ਈ. ਤੋਂ 1515 ਈ. ਤੱਕ 5 ਸਾਲਾਂ ਵਿੱਚ, ਤੀਜੀ 1515-1517 ਈ. ਤੱਕ 2 ਸਾਲਾਂ ਵਿੱਚ ਅਤੇ ਚੌਥੀ 1517 ਈ., 1521 ਈ., 4 ਸਾਲਾਂ ਵਿੱਚ ਪੂਰੀ ਕੀਤੀ ਲਿਖਦਾ ਹੈ।[538]

ਗੁਰੂ ਸਾਹਿਬ ਦੀਆਂ ਉਦਾਸੀਆਂ ਦੌਰਾਨ ਗਿਆਨੀ ਗਿਆਨ ਸਿੰਘ ਵੱਲੋਂ ਦੱਸੇ ਗਏ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਪਿੰਡ, ਕਸਬੇ, ਸ਼ਹਿਰ, ਸਥਾਨ ਆਦਿ ਥਾਵਾਂ ਸੰਬੰਧੀ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ, ਸੰਤੋਖ ਸਿੰਘ, ਤੇਜਾ ਸਿੰਘ ਤੇ ਗੰਡਾ ਸਿੰਘ, ਮੈਕਾਲਿਫ਼, ਹਰੀ ਰਾਮ ਗੁਪਤਾ ਆਦਿ ਲੇਖਕ ਸਹਿਮਤ ਹਨ। ਗਿਆਨੀ ਗਿਆਨ ਸਿੰਘ ਨੇ ਖੁਦ ਬਹੁਤ ਸਾਰੀਆਂ ਥਾਵਾਂ 'ਤੇ ਜਾ ਕੇ ਉੱਥੋਂ ਵਸਨੀਕਾਂ ਕੋਲੋ ਕਾਫ਼ੀ ਜਾਣਕਾਰੀ ਇੱਕਠੀ ਕੀਤੀ। ਉਪਰੋਕਤ ਸਾਰੇ ਤੱਥ ਅਤੇ ਜ਼ਿਆਦਾਤਰ ਲੇਖਕਾਂ ਦੀ ਸਹਿਮਤੀ ਗਿਆਨੀ ਗਿਆਨ ਸਿੰਘ ਦੀ ਉਦਾਸੀਆਂ ਬਾਰੇ ਦਿੱਤੀ ਜਾਣਕਾਰੀ ਨੂੰ ਰਤਨ ਸਿੰਘ ਭੰਗੂ ਦੇ ਮੁਕਾਬਲਤਨ ਕੁਝ ਹੱਦ ਤੱਕ ਸਹੀ ਅਤੇ ਮੌਲਿਕ ਤਾਂ ਸਿੱਧ ਕਰਦੀ ਹੈ, ਪਰ ਦੋਵਾਂ ਲੇਖਕਾਂ ਨੇ ਪਹਿਲੇ ਗੁਰੂ ਸਾਹਿਬ ਨੂੰ ਆਪਣੀਆਂ ਲਿਖਤਾਂ ਵਿੱਚ ਬਚਪਨ ਤੋਂ ਹੀ ਕਰਾਮਾਤੀ ਪੁਰਸ਼ ਸਿੱਧ ਕਰਨ ਦਾ ਭਰਪੂਰ ਯਤਨ ਕੀਤਾ ਹੈ।

ਦੂਜੇ ਗੁਰੂ ਸਾਹਿਬਾਨ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬਾਨ ਤੱਕ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਇੱਕ ਦੁੱਕਾ ਘਟਨਾਵਾਂ ਨੂੰ ਛੱਡ ਕੇ ਸਿੱਖ ਜਗਤ ਵਿੱਚ ਸਰਵ ਪ੍ਰਮਾਣਿਤ ਹੈ। ਇੱਥੇ ਵੀ ਗਿਆਨ ਗਿਆਨ ਸਿੰਘ ਨੇ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬ ਤੱਕ ਗੁਰੂ ਕਾਲ ਨਾਲ ਸੰਬੰਧਿਤ ਹਰ ਪ੍ਰਸਿੱਧ ਘਟਨਾ ਨੂੰ ਆਪਣੀ ਲਿਖਤ ਵਿੱਚ ਥਾਂ ਦੇਣ ਦਾ ਯਤਨ ਕੀਤਾ ਹੈ। ਉਸ ਨੇ ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਜਨਮ ਸਥਾਨ, ਵਿਆਹ, ਔਲਾਦ, ਉਨ੍ਹਾਂ ਦੇ ਜੋਤੀ ਜੋਤ ਸਮਾਉਣ ਸੰਬੰਧੀ, ਉਨ੍ਹਾਂ ਵੱਲੋਂ ਵਸਾਈਆਂ ਪ੍ਰਸਿੱਧ ਥਾਵਾਂ, ਉਨ੍ਹਾਂ ਸਾਰਿਆਂ ਵੱਲੋਂ ਆਪਣੇ ਤੌਰ 'ਤੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿੱਚ ਪਾਏ ਯੋਗਦਾਨ ਬਾਰੇ ਬਾਖੂਬੀ ਦੱਸਦਾ ਹੈ। ਉਸ ਨੇ ਦੂਜੇ ਪਾਤਿਸ਼ਾਹ ਵੱਲੋਂ ਗੁਰਮੁਖੀ ਲਿਪੀ ਦੀ ਰਚਨਾ,

---

[537] ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ- ਭਾਗ ਪਹਿਲਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1999, ਪੰਨੇ 86-303.

[538] Hari Ram Gupta, *op. cit.*

ਹਮਾਯੂੰ ਨੂੰ ਵਰ ਦੇਣਾ, ਜੋਗੀ ਵਾਲੀ ਘਟਨਾ ਆਦਿ; ਗੁਰੂ ਅਮਰਦਾਸ ਜੀ ਦੁਆਰਾ ਬਾਈ ਮੰਜੀਆਂ ਦੀ ਸਥਾਪਨਾ, ਪਹਿਲਾਂ ਪੰਗਤ ਫ਼ੇਰ ਸੰਗਤ ਦੀ ਪ੍ਰਥਾ, ਮਾਪਿਆਂ ਦੇ ਜਿਊਂਦਿਆਂ ਪੁੱਤਰ ਦੇ ਨਾ ਮਰਨ ਦਾ ਵਰ, ਗੋਇੰਦਵਾਲ ਸਾਹਿਬ ਬਾਉਲੀ ਦਾ ਨਿਰਮਾਣ, ਅਕਬਰ ਨੂੰ ਚਿਤੌੜ ਦਾ ਕਿਲ੍ਹਾ ਜਿੱਤਣ ਦਾ ਵਰ ਦੇਣਾ ਆਦਿ; ਗੁਰੂ ਰਾਮਦਾਸ ਜੀ ਵੱਲੋਂ ਰਾਮਦਾਸਪੁਰ ਵਸਾਉਣ ਬਾਰੇ, ਸੰਤੋਖਸਰ ਸਰੋਵਰ ਖੁਦਵਾਉਣ ਬਾਰੇ, ਦੁਖ ਭੰਜਣ ਬੇਰੀ ਤੇ ਪਿੰਗਲੇ ਵਾਲੀ ਘਟਨਾ ਆਦਿ ਬਾਰੇ; ਪੰਜਵੇਂ ਗੁਰੂ ਸਾਹਿਬ ਵੱਲੋਂ ਅੰਮ੍ਰਿਤਸਰ ਸਰੋਵਰ ਦੀ ਖੁਦਵਾਈ, ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ, ਹਰਿਮੰਦਰ ਸਾਹਿਬ ਦੇ ਨਿਰਮਾਣ ਬਾਰੇ, ਤਰਨਤਾਰਨ ਸਾਹਿਬ ਤੇ ਕਰਤਾਰਪੁਰ ਨਗਰ ਵਸਾਉਣ ਬਾਰੇ, ਪੰਜਵੇਂ ਪਾਤਿਸ਼ਾਹ ਦੀ ਸ਼ਹੀਦੀ ਆਦਿ ਬਾਰੇ; ਛੇਵੇਂ ਪਾਤਿਸ਼ਾਹ ਵੱਲੋਂ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣਾ, ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਸੈਨਾ ਰੱਖਣ ਬਾਰੇ, ਬਿਧੀ ਚੰਦ ਵੱਲੋਂ ਘੋੜੇ ਚੋਰੀ ਕਰਨ ਦੀ ਘਟਨਾ, ਪੈਂਦੇ ਖਾਂ ਦਾ ਹੰਕਾਰ, ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੇ 52 ਰਾਜਿਆਂ ਸਮੇਤ ਰਿਹਾਈ, ਬੀਬੀ ਕੌਲਾਂ ਦਾ ਕਿੱਸਾ, ਚੰਦੂ ਨੂੰ ਸਜ਼ਾ ਦੇਣ ਸੰਬੰਧੀ, ਸ੍ਰੀ ਹਰਗੋਬਿੰਦਪੁਰ ਨਗਰ ਵਸਾਉਣ ਸੰਬੰਧੀ, ਮੁਗਲਾਂ ਨਾਲ ਲੜੀਆਂ ਲੜਾਈਆਂ ਆਦਿ ਬਾਰੇ; ਸੱਤਵੇਂ ਪਾਤਿਸ਼ਾਹ ਵੱਲੋਂ ਦਾਰਾ ਸ਼ਿਕੋਹ ਨੂੰ ਤੰਦਰੁਸਤ ਕਰਨ ਸੰਬੰਧੀ, ਰਾਮ ਰਾਇ ਨੂੰ ਗੁਰਬਾਣੀ ਦੀ ਗਲਤ ਵਿਆਖਿਆ ਕਰਨ ਕਰ ਕੇ ਬੇਦਖਲ ਕਰਨ ਆਦਿ ਸੰਬੰਧੀ; ਅੱਠਵੇਂ ਗੁਰੂ ਸਾਹਿਬ ਦੇ ਦਿੱਲੀ ਜਾਣ ਬਾਰੇ, ਰਾਜਾ ਜੈ ਸਿੰਘ ਦੇ ਮਹਿਲਾਂ ਵਿੱਚ ਰੁਕਣ ਸੰਬੰਧੀ, ਉਸ ਦੀ ਰਾਣੀ ਨੂੰ ਪੁੱਤਰ ਦਾ ਵਰ ਦੇਣ ਸੰਬੰਧੀ, ਦਿੱਲੀ ਵਿੱਚ ਹੈਜਾ ਫ਼ੈਲਣ ਕਾਰਨ ਗੁਰੂ ਜੀ ਦੇ ਬਿਮਾਰ ਹੋਣ, ਅਗਲੇ ਗੁਰੂ ਦੇ ਬਕਾਲੇ ਵਿੱਚ ਹੋਣ ਆਦਿ ਘਟਨਾਵਾਂ ਬਾਰੇ ਸਿਲਸਿਲੇਵਾਰ, ਵਿਸਥਾਰਪੂਰਵਕ ਅਤੇ ਸਟੀਕ ਸੂਚਨਾ ਆਪਣੀ ਲਿਖਤ ਰਾਹੀਂ ਪੇਸ਼ ਕਰਦਾ ਹੈ। ਹਾਲਾਂਕਿ ਰਤਨ ਸਿੰਘ ਭੰਗੂ ਵੱਲੋਂ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬਾਨ ਤੱਕ ਦਿੱਤੀ ਜਾਣਕਾਰੀ ਗਿਆਨੀ ਗਿਆਨ ਸਿੰਘ ਦੇ ਮੁਕਾਬਲੇ ਸੀਮਿਤ ਸਤਰਾਂ ਵਿੱਚ ਹੈ, ਪਰ ਉਸ ਨੇ ਵੀ ਗੁਰੂ ਸਾਹਿਬਾਨ ਦੇ ਨਾਲ ਜੁੜੇ ਉਪਰੋਕਤ ਪੱਖਾਂ ਵਿੱਚੋਂ ਕਈ ਮਹੱਤਵਪੂਰਨ ਪੱਖ ਉਜਾਗਰ ਕੀਤੇ ਹਨ।

ਦੂਜੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਅੱਠਵੇਂ ਗੁਰੂ ਸ੍ਰੀ ਹਰਿ ਕ੍ਰਿਸ਼ਨ ਜੀ ਤੱਕ ਦੀ ਜਾਣਕਾਰੀ, ਚਾਹੇ ਰਤਨ ਸਿੰਘ ਭੰਗੂ ਵੱਲੋਂ ਸੰਖੇਪ ਰੂਪ ਵਿੱਚ ਹੀ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਗਿਆਨੀ ਗਿਆਨ ਸਿੰਘ ਨੇ ਕਾਫ਼ੀ ਵਿਸਥਾਰ ਨਾਲ ਸੰਬੰਧਿਤ ਗੁਰੂ ਸਾਹਿਬਾਨ ਬਾਰੇ ਚਾਨਣਾ ਪਾਇਆ ਹੈ, ਇਸ ਬਾਬਤ ਇਸ ਅਧਿਐਨ ਵਿੱਚ ਵਰਤੇ ਗਏ ਹਵਾਲੇ ਦੋਵੇਂ ਲੇਖਕਾਂ ਵੱਲੋਂ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ। ਦੋਵਾਂ ਲੇਖਕਾਂ ਵੱਲੋਂ ਇੱਥੇ ਤੱਕ ਦਿੱਤੀ ਜਾਣਕਾਰੀ ਸਹੀ ਅਰਥਾਂ ਵਿੱਚ ਪੜਾਅ ਦਰ ਪੜਾਅ ਸਿੱਖ ਧਰਮ ਦੇ ਵਿਕਾਸ ਨੂੰ ਵੀ

ਉਭਾਰਦੀ ਹੈ। ਇੱਥੇ ਇਹ ਵੀ ਧਿਆਨਦੇਣ ਯੋਗ ਹੈ ਕਿ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਮਸੰਦ ਪ੍ਰਥਾ ਅਤੇ ਉਸ ਦੀ ਸ਼ੁਰੂਆਤ ਸੰਬੰਧੀ ਜਾਣਕਾਰੀ ਨਹੀਂ ਦਿੱਤੀ ਗਈ। ਇਹ ਮੰਨਣਯੋਗ ਹੈ ਕਿ ਦਸਵੇਂ ਗੁਰੂ ਸਾਹਿਬ ਤੱਕ ਆਉਂਦੇ ਆਉਂਦੇ ਮਸੰਦ ਪ੍ਰਥਾ ਵਿੱਚ ਨਿਘਾਰ ਆ ਗਿਆ ਸੀ ਅਤੇ ਦੋਵਾਂ ਲੇਖਕਾਂ ਦੇ ਸਮਕਾਲ ਤੱਕ ਮਸੰਦ ਪ੍ਰਥਾ ਦਾ ਨਾਂ-ਨਿਸ਼ਾਨ ਮਿੱਟ ਚੁੱਕਿਆ ਸੀ, ਪਰ ਸ਼ੁਰੂ ਵਿੱਚ ਤਾਂ ਮਸੰਦ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ, ਪਸਾਰ ਅਤੇ ਆਰਥਿਕ ਵਸੀਲੇ ਇਕੱਠੇ ਕਰਨ ਵਿੱਚ ਪੂਰਨ ਤੌਰ 'ਤੇ ਸਫ਼ਲ ਸਿੱਧ ਹੋਈ ਸੀ। ਦੂਜਾ ਗਿਆਨੀ ਗਿਆਨ ਸਿੰਘ ਨੇ ਦੂਜੇ ਗੁਰੂ ਸਾਹਿਬ ਤੋਂ ਹਮਾਂਯੂੰ ਨੂੰ ਵਰ, ਜੋਗੀ ਵਾਲੀ ਘਟਨਾ; ਤੀਜੇ ਗੁਰੂ ਸਾਹਿਬ ਵੱਲੋਂ ਅਕਬਰ ਨੂੰ ਚਿਤੌੜ ਦਾ ਕਿਲ੍ਹਾ ਜਿੱਤਣ ਦਾ ਵਰ, ਮਾਪਿਆਂ ਦੇ ਜਿਊਂਦਿਆਂ ਪੁੱਤਰ ਦੇ ਨਾ ਮਰਨ ਦਾ ਵਰ; ਅੱਠਵੇਂ ਗੁਰੂ ਸਾਹਿਬ ਵੱਲੋਂ ਰਾਣੀ ਨੂੰ ਪੁੱਤਰ ਦਾ ਵਰ ਆਦਿ ਜਾਣਕਾਰੀ ਦਰਜ ਕਰਕੇ ਆਪਣੀ ਲਿਖਤ ਨੂੰ ਕਰਾਮਾਤੀ ਰੰਗਤ ਵੀ ਦਿੱਤੀ ਹੈ।

ਹਾਲਾਂਕਿ ਰਤਨ ਸਿੰਘ ਭੰਗੂ ਨੌਵੇਂ ਪਾਤਿਸ਼ਾਹ ਦੇ ਤਿਲਕ ਜੰਞੂ ਦਾ ਰਾਖਾ ਹੋਣ ਦੀ ਪੁਸ਼ਟੀ ਕਰਦਾ ਹੈ, ਪਰ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਉਸ ਦੀ ਜਾਣਕਾਰੀ ਥੋੜ੍ਹਾ ਕਾਲਪਨਿਕ ਦਿਸ਼ਾ ਵੱਲ ਨੂੰ ਮੁੜਦੀ ਭੁਲੇਖਾ ਪੈਦਾ ਕਰਦੀ ਹੈ। ਰਤਨ ਸਿੰਘ ਭੰਗੂ ਖੁਦ ਹੀ ਲਿਖਦਾ ਹੈ ਕਿ ਨੌਵੇਂ ਪਾਤਿਸ਼ਾਹ ਨੇ ਔਰੰਗਜ਼ੇਬ ਨੂੰ ਕਰਾਮਾਤ ਦਿਖਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਖੁਦ ਹੀ ਲਿਖਦਾ ਹੈ ਕਿ ਗੁਰੂ ਜੀ ਨੇ ਦੈਵੀ ਸ਼ਕਤੀ ਨਾਲ ਛੱਲ ਕਰਕੇ ਆਪਣਾ ਸੀਸ ਦੇ ਦਿੱਤਾ। ਮੁਗਲ ਗੁਰੂ ਜੀ ਦਾ ਸੀਸ ਤਲਵਾਰ ਨਾਲ ਨਾ ਕੱਟ ਸਕੇ। ਰਤਨ ਸਿੰਘ ਭੰਗੂ ਦੀ ਇਹ ਹਾਲ ਬਿਆਨੀ ਆਪਾ ਵਿਰੋਧੀ ਜਾਣਕਾਰੀ ਸਗੋਂ ਗੁਰੂ ਜੀ ਨੂੰ ਇੱਕ ਕਰਾਮਾਤੀ ਪੁਰਸ਼ ਸਿੱਧ ਕਰਦੀ ਹੋਈ, ਉਨ੍ਹਾਂ ਦੀ ਸ਼ਹੀਦੀ ਦੀ ਸ਼ਾਨ-ਬਾਨ, ਉਚਮਤਾ ਅਤੇ ਮਹੱਤਵ ਨੂੰ ਘਟਾਉਂਦੀ ਹੋਈ ਗੁਰੂ ਜੀ ਦੀ ਉੱਚੀ, ਰੂਹਾਨੀ ਅਤੇ ਲਾਸਾਨੀ ਸ਼ਖ਼ਸੀਅਤ ਨੂੰ ਧੁੰਦਲਾ ਕਰਦੀ ਪ੍ਰਤੀਤ ਹੁੰਦੀ ਹੈ। ਰਤਨ ਸਿੰਘ ਭੰਗੂ ਦੇ ਮੁਕਾਬਲਤਨ ਗਿਆਨੀ ਗਿਆਨ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਬਣਨ ਤੋਂ ਲੈ ਕੇ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਜਿਵੇਂ ਮੱਖਣ ਸ਼ਾਹ ਲੁਬਾਣੇ ਵੱਲੋਂ ਗੁਰੂ ਨੂੰ ਲੱਭਣਾ, ਅਨੰਦਪੁਰ ਵਸਾਉਣ, ਸਿੱਖੀ ਦੇ ਪ੍ਰਚਾਰ ਲਈ ਪੂਰਬ ਵਲ ਜਾਣਾ, ਪਟਨੇ ਵਿੱਚ ਬਾਲ ਗੋਬਿੰਦ ਦਾ ਜਨਮ ਹੋਣਾ, ਰਾਜਾ ਬਿਸ਼ਨ ਸਿੰਘ ਅਤੇ ਅਸਾਮ ਦੇ ਰਾਜੇ ਵਿਚਕਾਰ ਸੁਲ੍ਹਾ ਕਰਵਾਉਣੀ, ਅਸਾਮ ਦੇ ਰਾਜੇ ਨੂੰ ਸੰਤਾਨ ਦਾ ਵਰ ਦੇਣਾ, ਕਸ਼ਮੀਰੀ ਪੰਡਤਾਂ ਦਾ ਫ਼ਰਿਆਦ ਲੈ ਕੇ ਆਉਣਾ ਤੇ ਪੁੱਤਰ ਗੋਬਿੰਦ ਰਾਏ ਵੱਲੋਂ ਸ਼ਹੀਦੀ ਲਈ ਪ੍ਰੇਰਣਾ, ਦਿੱਲੀ ਜਾ ਕੇ ਇਸਲਾਮ ਨਾ ਕਬੂਲਦੇ ਹੋਏ ਆਪਣੇ ਸਿੱਖਾਂ ਸਮੇਤ ਸ਼ਹੀਦ ਹੋ ਜਾਣਾ ਆਦਿ ਸੰਬੰਧੀ ਬਹੁਸੰਮਤੀ

ਲੇਖਕ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ, ਪਰ ਉਸ ਨੇ ਵੀ ਭਾਈ ਸਤੀ ਦਾਸ ਅਤੇ ਉਸ ਦੀ ਲਾਸਾਨੀ ਸ਼ਹੀਦੀ ਨੂੰ ਅਣਗੌਲਿਆਂ ਕੀਤਾ ਹੈ। ਗਿਆਨੀ ਗਿਆਨ ਸਿੰਘ ਵੱਲੋਂ ਨੌਵੇਂ ਗੁਰੂ ਤੇਗ ਬਹਾਦਰ ਸੰਬੰਧੀ ਦਿੱਤੀ ਜਾਣਕਾਰੀ ਜਿੱਥੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਭਾਰਦੀ ਹੈ, ਉੱਥੇ ਨਾਲ ਹੀ ਗੋਬਿੰਦ ਰਾਏ ਵੱਲੋਂ ਭਵਿੱਖ ਵਿੱਚ ਅਖ਼ਤਿਆਰ ਕਰਨ ਵਾਲੇ ਪੈਂਤੜਿਆਂ ਸੰਬੰਧੀ ਵੀ ਅਨੁਮਾਨ ਕਰਵਾਉਂਦੀ ਹੈ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਬਾਰੇ ਇਸ ਅਧਿਆਇ ਵਿੱਚ ਦੋਵੇਂ ਗ੍ਰੰਥਾਂ ਦੇ ਤੁਲਨਾਤਮਿਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਰਤਨ ਸਿੰਘ ਭੰਗੂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਬਣਨ ਤੋਂ ਲੈ ਕੇ ਖ਼ਾਲਸਾ ਸਾਜਣ ਤੱਕ ਦੇ ਸ਼ੁਰੂਆਤੀ ਦਿਨਾਂ ਦੀ ਅਤਿ ਮਹੱਤਵਪੂਰਨ ਜਾਣਕਾਰੀ, ਜੋ ਕਿ ਮੁੱਖ ਤੌਰ 'ਤੇ ਗੁਰੂ ਸਾਹਿਬ ਅਤੇ ਪਹਾੜੀਆਂ ਵਿਚਕਾਰ ਵੈਰ-ਵਿਰੋਧ ਦਾ ਮੁੱਖ ਕਾਰਣ ਬਣੀ, ਭੰਗਾਣੀ ਦੀ ਲੜਾਈ, ਪੀਰ ਬੁੱਧੂ ਸ਼ਾਹ ਦੀ ਕੁਰਬਾਨੀ, ਸਿੱਖ ਸਾਹਿਤ ਸਿਰਜਣਾ ਲਈ ਕਵੀਆਂ ਨੂੰ ਸਰਪ੍ਰਸਤੀ ਆਦਿ ਮਹੱਤਵਪੂਰਨ ਘਟਨਾਵਾਂ ਨਾਲ ਓਤ-ਪੋਤ ਹੈ, ਬਾਰੇ ਆਪਣੀ ਲਿਖਤ ਵਿੱਚ ਜ਼ਿਕਰ ਨਹੀਂ ਕਰਦਾ। ਰਤਨ ਸਿੰਘ ਭੰਗੂ ਵੱਲੋਂ ਦਸਮ ਪਿਤਾ ਦੁਆਰਾ ਦੇਵੀ ਦੀ ਪੂਜਾ ਕਰਨ ਦੀ ਘਟਨਾ ਦੀ ਪੜਚੋਲ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਕੋਇਰ ਸਿੰਘ ਪਹਿਲਾ ਲਿਖਾਰੀ ਸੀ, ਜੋ ਦੇਵੀ ਪੂਜਨ ਦੀ ਘਟਨਾ ਦੇ ਰਿਹਾ ਹੈ।[539] ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ, ਸੁੱਖਾ ਸਿੰਘ ਵੀ ਦੇਵੀ ਪੂਜਨ ਦਾ ਬਿਰਤਾਂਤ ਦੇ ਰਹੇ ਹਨ।[540] ਗਿਆਨੀ ਗਿਆਨ ਸਿੰਘ ਨੇ ਵੀ ਗੁਰੂ ਜੀ ਵੱਲੋਂ ਦੇਵੀ ਪੂਜਨ ਦੀ ਘਟਨਾ ਨੂੰ ਆਪਣੀ ਲਿਖਤ ਵਿੱਚ ਸ਼ਾਮਿਲ ਕੀਤਾ ਹੈ, ਪਰ ਨਾਲ ਹੀ ਉਸ ਨੇ ਗੁਰੂ ਜੀ ਨੂੰ ਦੇਵੀ ਦੀ ਥਾਂ ਅਕਾਲ ਦਾ ਪੂਜਕ ਦੱਸ ਕੇ, ਇਸ ਦਾ ਖੰਡਨ ਬੜੀ ਹੀ ਸੂਝਬੂਝ ਨਾਲ ਕੀਤਾ ਹੈ। ਗਿਆਨੀ ਗਿਆਨ ਸਿੰਘ ਦੀ ਤਰ੍ਹਾਂ ਮੈਕਾਲਿਫ਼ ਖ਼ਾਲਸਾ ਪੰਥ ਦੀ ਸਾਜਨਾ ਦਾ ਜ਼ਿਕਰ ਤਾਂ ਕਰਦਾ ਹੈ, ਪਰ ਦੇਵੀ ਪੂਜਣ ਦੀ ਗੱਲ ਨਹੀਂ ਕਰਦਾ।[541] ਇੰਦੂ ਭੂਸ਼ਨ ਬੈਨਰਜੀ ਵੀ ਦੇਵੀ ਪੂਜਣ ਦੀ ਘਟਨਾ ਨੂੰ ਨਹੀਂ ਮੰਨਦਾ ਅਤੇ ਮਸੰਦਾਂ ਦੀ ਵਿਚੋਲਗੀ ਖ਼ਤਮ ਕਰਨ ਲਈ ਗੁਰੂ ਵੱਲੋਂ ਖ਼ਾਲਸਾ ਦੀ ਸਾਜਨਾ ਕਰਕੇ ਸਿੱਖਾਂ ਨੂੰ ਸਿੱਧਾ ਗੁਰੂ ਘਰ ਨਾਲ ਜੋੜਨ ਦੀ ਪੁਸ਼ਟੀ ਕਰਦਾ ਹੈ।[542] ਰਤਨ ਸਿੰਘ ਭੰਗੂ ਵੱਲੋਂ ਖ਼ਾਲਸਾ ਪੰਥ ਸਾਜਣ ਲਈ ਗੁਰੂ ਜੀ ਦੁਆਰਾ ਜੋਤਸ਼ੀਆਂ ਤੋਂ ਪੰਜ ਪਿਆਰਿਆਂ ਦੀ ਚੋਣ ਕਰਵਾਉਣ ਵਾਲੀ ਜਾਣਕਾਰੀ ਦੀ ਕੋਈ ਵੀ ਲੇਖਕ ਪੁਸ਼ਟੀ ਨਹੀਂ ਕਰਦਾ। ਦੂਜਾ ਸਿੱਖ ਰਹੁ-ਰੀਤਾਂ ਦੇ ਉਲਟ ਜਾਂਦੀ ਜਾਣਕਾਰੀ ਆਪਣੇ ਆਪ ਹੀ ਰੱਦ ਹੋ ਜਾਂਦੀ ਹੈ। ਗੁਰੂ ਜੀ

---

539 ਕੋਇਰ ਸਿੰਘ, *ਉ. ਰ.,* ਪੰਨੇ 103-121.

540 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1989, ਪੰਨੇ 126-185.

541 ਮੈਕਾਲਿਫ਼, *ਉ. ਰ., ਭਾਗ ਤੀਜਾ,* ਪੰਨਾ 399.

542 ਇੰਦੂ ਭੂਸ਼ਨ ਬੈਨਰਜੀ, *ਉ. ਰ.,* ਪੰਨੇ 95-125.

ਵੱਲੋਂ ਅਨੰਦਪੁਰ ਛੱਡਣ ਤੱਕ ਲੜੀਆਂ ਲੜਾਈਆਂ ਸੰਬੰਧੀ ਰਤਨ ਸਿੰਘ ਭੰਗੂ ਵੱਲੋਂ ਦਿੱਤੀ ਜਾਣਕਾਰੀ ਮੌਖਿਕ ਪ੍ਰੰਪਰਾ ਦਾ ਪ੍ਰਭਾਵ ਕਬੂਲਦੀ ਹੋਈ ਸੰਖੇਪ ਅਤੇ ਅੱਗੇ-ਪਿੱਛੇ ਤਾਂ ਜਰੂਰ ਹੈ, ਪਰ ਜਿੰਨੀ ਵੀ ਹੈ ਤਕਰੀਬਨ ਢੁਕਵੀਂ ਤੇ ਦਰੁਸਤ ਜਾਪਦੀ ਹੈ, ਪਰ ਚਮਕੌਰ ਦੀ ਲੜਾਈ ਵਿੱਚੋਂ ਨਿਕਲਣ ਵੇਲੇ ਗੁਰੂ ਜੀ ਨੂੰ ਹਿੰਦੂ ਦੱਸਣਾ, ਵੱਡੇ ਸਾਹਿਬਜ਼ਾਦਿਆਂ ਦੇ ਨਾਂ ਗਲਤ ਦੱਸਣਾ, ਛੋਟੇ ਸਾਹਿਬਜ਼ਾਦਿਆਂ ਦੇ ਨਾਂਵਾਂ ਦਾ ਜ਼ਿਕਰ ਵੀ ਨਹੀਂ ਕਰਨਾ, ਮਾਝੇ ਦੇ ਸਿੱਖਾਂ ਨੂੰ ਬਰਾੜ ਸਿੱਖਾਂ ਦੇ ਜਵਾਈ ਦੱਸਣਾ, ਖਿਦਰਾਣੇ ਦੀ ਲੜਾਈ ਸ਼ਹੀਦ ਹੋਣ ਵਾਲੇ ਭਾਈ ਮਹਾਂ ਸਿੰਘ ਅਤੇ ਬਹਾਦਰੀ ਦੇ ਜ਼ੌਹਰ ਦਿਖਾਉਣ ਵਾਲੀ ਵਿੱਚ ਮਾਈ ਭਾਗੋ ਸੰਬੰਧੀ ਜ਼ਿਕਰ ਨਾ ਕਰਨਾ ਆਦਿ ਭੁੱਲਾਂ ਸਾਹਮਣੇ ਆਉਂਦੀਆਂ ਹਨ। ਇਸ ਤੋਂ ਅਗਾਂਹ ਰਤਨ ਸਿੰਘ ਭੰਗੂ ਗੁਰੂ ਸਾਹਿਬ ਵੱਲੋਂ ਬਹਾਦਰ ਸ਼ਾਹ ਦੇ ਬਾਦਸ਼ਾਹ ਬਣਾਉਣ ਸੰਬੰਧੀ ਉਸ ਦੀ ਮਦਦ ਕਰਨੀ, ਆਗਰੇ ਜਾਂ ਜਾਜੋਂ ਦੀ ਲੜਾਈ ਦਾ ਜ਼ਿਕਰ ਨਾ ਕਰਨਾ, ਗੁਰੂ ਜੀ ਦੇ ਮਹਿਲਾਂ ਸੰਬੰਧੀ ਕੋਈ ਗੱਲ ਨਾ ਕਰਨੀ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਵੀ ਬਿਲਕੁਲ ਹੀ ਚੁੱਪ ਹੈ। ਇਸ ਤਰ੍ਹਾਂ ਰਤਨ ਸਿੰਘ ਭੰਗੂ ਵੱਲੋਂ ਦਸਮ ਪਿਤਾ ਨਾਲ ਸੰਬੰਧਿਤ ਕਈ ਮਹੱਤਵਪੂਰਨ ਘਟਨਾਵਾਂ ਬਾਰੇ ਜਾਣਕਾਰੀ ਨਾ ਦੇਣ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਰਤਨ ਸਿੰਘ ਭੰਗੂ ਦਾ ਮਕਸਦ ਗਿਆਨੀ ਗਿਆਨ ਸਿੰਘ ਵਾਂਗ ਸਿੱਖ ਇਤਿਹਾਸ ਲਿਖਣਾ ਨਹੀਂ ਸੀ, ਬਲਕਿ ਅੰਗਰੇਜ਼ਾਂ ਨੂੰ ਸਿੱਖਾਂ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਮੁਹੱਈਆ ਕਰਵਾਉਣਾ ਸੀ। ਦੂਜਾ ਸਣੋਤਾਂ ਰਾਹੀਂ ਉਸ ਤੱਕ ਇਸ ਜਾਣਕਾਰੀ ਦਾ ਸੰਪੂਰਨ ਅਤੇ ਸਹੀ ਰੂਪ ਵਿੱਚ ਨਾ ਪਹੁੰਚਣਾ ਵੀ ਇਸ ਦੇ ਛੁੱਟ ਜਾਣ ਦਾ ਕਾਰਣ ਹੋ ਸਕਦਾ ਹੈ, ਪਰ ਅਨੰਦਪੁਰ ਦੀਆਂ ਲੜਾਈਆਂ ਵਿੱਚ ਸਰਗਰਮ ਰਹੇ ਮਾਨਵਤਾ ਅਤੇ ਸੇਵਾ ਦੇ ਪੁੰਜ ਭਾਈ ਘਨ੍ਹੱਈਆ ਬਾਰੇ ਰਤਨ ਸਿੰਘ ਭੰਗੂ ਅਤੇ ਗਿਆਨ ਗਿਆਨ ਸਿੰਘ ਦੋਵਾਂ ਵੱਲੋਂ ਹੀ ਆਪਣੀਆਂ ਲਿਖਤਾਂ ਵਿੱਚ ਉੱਕਾ ਵੀ ਜ਼ਿਕਰ ਨਾ ਕਰਨਾ ਤੇ ਖਿਦਰਾਣੇ ਦੀ ਲੜਾਈ ਬਹਾਦਰੀ ਦੇ ਜ਼ੌਹਰ ਦਿਖਾਉਣ ਵਾਲੀ ਵਿੱਚ ਮਾਈ ਭਾਗੋ ਨੂੰ ਗਿਆਨੀ ਗਿਆਨ ਸਿੰਘ ਵੱਲੋਂ ਅਣਗੌਲਿਆਂ ਕਰਨਾ ਵੱਡੀਆਂ ਇਤਿਹਾਸਿਕ ਭੁੱਲਾਂ ਪ੍ਰਤੀਤ ਹੁੰਦੀਆਂ ਹਨ।

ਦੋਵੇਂ ਗ੍ਰੰਥਾਂ ਦਾ ਗੁਰੂ ਕਾਲ ਨਾਲ ਸੰਬੰਧਿਤ ਉਪਰੋਕਤ ਅਧਿਐਨ ਇਹ ਸਿੱਧ ਕਰਦਾ ਹੈ ਕਿ ਰਤਨ ਸਿੰਘ ਭੰਗੂ ਦਾ ਪ੍ਰੰਥ ਪ੍ਰਕਾਸ਼ ਗੁਰੂ ਕਾਲ ਬਾਰੇ ਬਹੁਤ ਹੀ ਸੰਖੇਪ ਅਤੇ ਸੀਮਿਤ ਜਾਣਕਾਰੀ ਉਪਲੱਬਧ ਕਰਵਾਉਂਦਾ ਹੈ। ਰਤਨ ਸਿੰਘ ਭੰਗੂ ਨੇ ਸਿਰਫ਼ ਵਿਸਥਾਰ ਨਾਲ ਕੁਝ ਕੁ ਜਾਣਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ, ਕੁਝ ਕੁ ਗੁਰੂ ਤੇਗ ਬਹਾਦਰ ਜੀ ਬਾਰੇ ਅਤੇ ਥੋੜ੍ਹੀ-ਬਹੁਤ ਜਾਣਕਾਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਹੀ ਪ੍ਰਦਾਨ ਕੀਤੀ ਹੈ। ਬਾਕੀ ਗੁਰੂ ਸਾਹਿਬਾਨ ਬਾਰੇ ਰਤਨ ਸਿੰਘ ਭੰਗੂ ਦੀ ਜਾਣਕਾਰੀ ਬਹੁਤ ਹੀ ਸੰਖੇਪਮਈ ਹੈ। ਰਤਨ ਸਿੰਘ ਭੰਗੂ ਦੇ ਮੁਕਾਬਲਤਨ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਗੁਰੂ ਕਾਲ ਬਾਰੇ

ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ। ਉਸ ਨੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਨਾਲ ਸੰਬੰਧਿਤ ਸਿੱਖ ਜਗਤ ਨੂੰ ਪ੍ਰਵਾਨਿਤ ਘਟਨਾਵਾਂ ਨੂੰ ਆਪਣੀ ਇਸ ਲਿਖਤ ਰਾਹੀਂ ਵਿਸਥਾਰਪੂਰਵਕ, ਸਿਲਸਿਲੇਵਾਰ ਅਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।

ਹਾਲਾਂਕਿ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨੂੰ ਰਤਨ ਸਿੰਘ ਭੰਗੂ ਨੇ ਵਿਸਥਾਰ ਦੇਣ ਦੀ ਕੋਸ਼ਿਸ ਕੀਤੀ ਹੈ, ਪਰ ਚੌਧਰੀ ਰਾਏ ਬੁਲਾਰ ਨੂੰ ਬਲਵੰਡ ਲਿਖਣਾ, ਸੱਚੇ ਸੌਦੇ ਦੀ ਘਟਨਾ ਦਾ ਜ਼ਿਕਰ ਨਾ ਕਰਨਾ, ਇਹ ਕਹਿ ਕੇ ਖਹਿੜਾ ਛਡਾਉਣ ਦਾ ਯਤਨ ਕਰਨਾ ਕਿ ਜੇ ਮੈਂ ਗੁਰੂ ਜੀ ਦੇ ਬਚਪਨ ਦੀਆਂ ਸਾਰੀਆਂ ਘਟਨਾਵਾਂ ਲਿਖਣ ਲਗਿਆ ਤਾਂ ਗ੍ਰੰਥ ਵੱਡਾ ਹੋ ਜਾਵੇਗਾ।[543] ਗੁਰੂ ਜੀ ਦੀ ਪਤਨੀ ਅਤੇ ਪੁੱਤਰਾਂ ਦਾ ਨਾਮ ਨਾ ਦੱਸਣਾ, ਗੁਰੂ ਸਾਹਿਬ ਨੂੰ ਡਰਨੇ ਵਰਗਾ ਲਿਖਣਾ, ਉਦਾਸੀਆਂ ਸੰਬੰਧੀ ਥੋੜ੍ਹੀ ਜਾਣਕਾਰੀ ਦੇ ਕੇ ਪਾਠਕਾਂ ਨੂੰ ਹੋਰ ਕਿਤਾਬਾਂ ਪੜ੍ਹਨ ਲਈ ਕਹਿਣਾ, ਮੱਕੇ ਦੀ ਸਾਖੀ ਨੂੰ ਸਿੱਖ ਧਰਮ ਵਿੱਚ ਪ੍ਰਚਲਿਤ ਰੂਪ ਤੋਂ ਅਲਹਿਦਾ ਪੇਸ਼ ਕਰਨ ਦੇ ਰੂਪ ਵਿੱਚ ਕੁਝ ਖਾਮੀਆਂ ਜਰੂਰ ਰਹੀਆਂ ਹਨ, ਪਰ ਇਹ ਸਪਸ਼ਟ ਹੈ ਕਿ ਇਹ ਖਾਮੀਆਂ ਉਸ ਵੱਲੋਂ ਨਹੀਂ ਰਹੀਆਂ, ਬਲਕਿ ਸਣੈਤਾਂ ਰਾਹੀਂ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਕੇ ਉਸ ਤੱਕ ਪਹੁੰਚੀ ਜਾਣਕਾਰੀ ਵਿੱਚ ਰਲਾ ਪੈ ਜਾਣ ਕਾਰਣ ਜਾਂ ਜਾਣਕਾਰੀ ਮੌਖਿਕ ਰੂਪ ਵਿੱਚ ਇੱਕ ਤੋਂ ਦੂਜੇ ਤੱਕ ਪਹੁੰਚਦਿਆਂ ਕਾਫ਼ੀ ਹਿੱਸਾ ਛੁੱਟ ਜਾਣ ਕਾਰਣ ਰਹੀਆਂ ਪ੍ਰਤੀਤ ਹੁੰਦੀਆਂ ਹਨ। ਗਿਆਨੀ ਗਿਆਨ ਸਿੰਘ ਖੁਦ ਜ਼ਿਕਰ ਕਰਦਾ ਹੈ ਕਿ ਉਸ ਵੱਲੋਂ ਪੰਥ ਪ੍ਰਕਾਸ਼ ਲਿਖਣ ਲਈ ਪ੍ਰੇਰਨਾ ਦਾ ਸ੍ਰੋਤ ਰਤਨ ਸਿੰਘ ਭੰਗੂ ਦਾ ਪ੍ਰੰਥ ਪ੍ਰਕਾਸ਼ ਹੀ ਹੈ। ਪਰ ਰਤਨ ਸਿੰਘ ਭੰਗੂ ਦੀ ਇਹ ਲਿਖਤ ਵਿਚ ਦਰਜ ਕਵਿਤਾ, ਕਾਵਿ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਹੌਲੀ ਸੀ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਵੇਲੇ ਸਿੱਖਾਂ ਨੂੰ ਤਵਾਰੀਖ਼ ਦੇ ਅਰਥ ਤੱਕ ਨਹੀਂ ਸੀ ਪਤਾ। ਇਸ ਲਈ ਅਖ਼ਤਰਲੋਨੀ ਦੇ ਜੂਨੀਅਰ ਕਪਤਾਨ ਮਰੇ ਨੇ ਮੌਲਵੀ ਬੂਟੇ ਸ਼ਾਹ ਨੂੰ ਸਿੱਖਾਂ ਦੀ ਤਵਾਰੀਖ਼ ਲਿਖਣ ਦਾ ਕੰਮ ਦੇ ਦਿੱਤਾ, ਪਰ ਈਰਖਾ ਵਿੱਚ ਇਹ ਕੰਮ ਰਤਨ ਸਿੰਘ ਭੰਗੂ ਨੇ ਲੈ ਲਿਆ। ਇਸ ਤਰ੍ਹਾਂ ਮੌਲਵੀ ਬੂਟੇ ਸ਼ਾਹ ਅਤੇ ਰਤਨ ਸਿੰਘ ਭੰਗੂ ਦੋਵਾਂ ਨੇ ਹੀ ਤਵਾਰੀਖ਼ ਤੇ ਪੰਥ ਪ੍ਰਕਾਸ਼ ਰਚ ਦਿੱਤੇ ਜੋ ਮਰੇ ਨੇ ਆਪਣੇ ਦਫ਼ਤਰ ਵਿੱਚ ਰਖਵਾ ਲਏ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਨੇ ਦੋਵੇਂ ਇਹ ਲਿਖਤਾਂ ਖੁਦ ਅੱਖੀਂ ਦੇਖੀਆਂ ਅਤੇ ਉਨ੍ਹਾਂ ਵਿੱਚ ਬਹੁਤ ਸਾਰੀਆਂ ਘਟਨਾਵਾਂ ਇੱਕਠੀਆਂ ਕੀਤੀਆਂ, ਬਹੁਤੀਆਂ ਜੋ ਉਸ ਨੇ ਬਜ਼ੁਰਗਾਂ ਤੋਂ ਸੁਣੀਆਂ ਹੋਈਆਂ ਸਨ ਤੇ ਕੁਝ ਉਹ ਘਟਨਾਵਾਂ ਜੋ ਸਾਖੀਆਂ ਤੋਂ ਪਤਾ ਲੱਗੀਆਂ, ਇਸ ਤਰ੍ਹਾਂ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਇੱਕਠੀਆਂ

543 ਰਤਨ ਸਿੰਘ ਭੰਗੂ, *ਉ. ਹ.,* ਪੰਨਾ 12.

ਕਰਕੇ ਇਸ ਪੰਥ ਪ੍ਰਕਾਸ਼ ਵਿੱਚ ਲਿਖ ਦਿੱਤਾ।[544] ਜੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਗੱਲ ਕਰੀਏ ਤਾਂ ਰਤਨ ਸਿੰਘ ਭੰਗੂ ਗਿਆਨ ਗਿਆਨ ਸਿੰਘ ਨਾਲੋਂ ਬਹੁਤ ਹੀ ਸੰਖੇਪ ਜਾਣਕਾਰੀ ਦਿੰਦਾ ਹੈ ਤੇ ਉਹ ਵੀ ਜਨਮਸਾਖੀ 'ਚ ਵੇਖ ਕੇ ਲਿਖੀ ਦੱਸਦਾ ਹੈ। ਰਤਨ ਸਿੰਘ ਭੰਗੂ ਗੁਰੂ ਜੀ ਦੀ ਗੱਲਬਾਤ ਕਲਯੁੱਗ ਨਾਲ ਵੀ ਕਰਵਾ ਰਿਹਾ ਹੈ। ਕਲਯੁੱਗ ਨਾਲ ਵਾਰਤਾਲਾਪ ਸੰਬੰਧੀ ਰਤਨ ਸਿੰਘ ਭੰਗੂ ਪਾਠਕਾਂ ਨੂੰ ਸੰਬੋਧਨ ਕਰਦਾ ਹੈ ਕਿ ਇਸ ਦੀ ਕਥਾ ਹਰ ਰੋਜ਼ ਹੁੰਦੀ ਹੈ ਜੇ ਕੋਈ ਚਾਹੁੰਦਾ ਹੈ ਤਾਂ ਸੁਣ ਲਵੇ ਜਾਂ ਫ਼ੇਰ ਕੋਈ ਹੋਰ ਕਿਤਾਬਾਂ ਦੇਖ ਲਵੇ। ਗੁਰੂ ਜੀ ਦੇ ਵੇਲੇ ਵੀ ਕਲਯੁੱਗ ਦਾ ਵਰਤਾਰਾ ਪਸਰਿਆ ਹੋਇਆ ਸੀ, ਗੁਰੂ ਸਾਹਿਬ ਵਰਗੀ ਰੂਹ-ਏ-ਪਾਕ ਸ਼ਖ਼ਸੀਅਤ ਵੱਲੋਂ ਕਲਯੁੱਗ ਨਾਲ ਵਾਰਤਾਲਾਪ ਕਰਨਾ ਕੋਈ ਵੱਡੀ ਗੱਲ ਨਹੀਂ। ਪੂਰਵ ਦੀ ਉਦਾਸੀ ਦਾ ਜ਼ਿਕਰ ਕਰਦੇ ਹੋਏ ਰਤਨ ਸਿੰਘ ਭੰਗੂ ਨੇ ਗੁਰੂ ਜੀ ਨਾਲ ਸੰਬੰਧਿਤ ਪ੍ਰਸਿੱਧ ਸਥਾਨਾਂ, ਸਿੱਧਾਂ ਨਾਲ ਗੋਸਟਿ, ਸੱਜਣ ਠੱਗ ਆਦਿ ਦਾ ਜ਼ਿਕਰ ਕਰਕੇ ਆਪਣੀ ਲਿਖਤ ਨੂੰ ਵਾਸਤਵਿਕਤਾ ਦੇ ਨੇੜੇ ਲਿਆਉਣ ਦਾ ਯਤਨ ਕੀਤਾ ਹੈ, ਪਰ ਪੂਰਵ ਦੀ ਉਦਾਸੀ ਦਾ ਜ਼ਿਕਰ ਕਰਦੇ ਹੋਏ ਰਤਨ ਸਿੰਘ ਭੰਗੂ ਸ੍ਰੀ ਲੰਕਾ ਤੋਂ ਗੁਰੂ ਜੀ ਨੂੰ ਸਿੱਧਾ ਕਲਯੁੱਗ ਕੋਲ ਪਹੁੰਚਾ ਦਿੰਦਾ ਹੈ ਅਤੇ ਇਹ ਕਹਿ ਕੇ ਕਿ ਜੇ ਮੈਂ ਸਾਰੀਆਂ ਸਾਖੀਆਂ ਲਿਖ ਦਿੱਤੀਆਂ ਤਾਂ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ ਤੇ ਪੂਰਵ ਦੀ ਉਦਾਸੀ ਨੂੰ ਸਮੇਟ ਦਿੰਦਾ ਹੈ। ਇਸੇ ਤਰ੍ਹਾਂ ਰਤਨ ਸਿੰਘ ਭੰਗੂ ਪੱਛਮ ਦੀ ਉਦਾਸੀ ਬਾਰੇ ਦੱਸਦਾ ਹੋਇਆ ਗੁਰੂ ਜੀ ਦੇ ਪੈਰਾਂ ਨਾਲ ਕਾਅਬੇ ਦੇ ਘੁੰਮਣ ਵਾਲੀ ਸਿੱਖ ਜਗਤ ਵਿੱਚ ਸਰਵਪ੍ਰਵਾਨਿਤ ਘਟਨਾ ਦੀ ਥਾਂ 'ਤੇ ਦਰਵਾਜ਼ੇ ਦਾ ਖੁੱਲਣਾ ਜਾਂ ਬੰਦ ਹੋਣਾ ਲਿਖ ਰਿਹਾ ਹੈ। ਉਹ ਗੁਰੂ ਜੀ ਦੇ ਮਦੀਨੇ ਜਾ ਕੇ ਪੱਛਮੀ ਦੇਸ਼ਾਂ ਵੱਲ ਜਾਣ ਦਾ ਜ਼ਿਕਰ ਤਾਂ ਕਰਦਾ ਹੈ, ਪਰ ਕਿਸੇ ਦੇਸ਼ ਜਾਂ ਨਗਰ, ਸਥਾਨ ਦਾ ਥਹੁ-ਪਤਾ, ਨਾਂ ਨਹੀਂ ਲਿਖ ਰਿਹਾ ਹੈ। ਸਗੋਂ ਗੁਰੂ ਸਾਹਿਬ ਦੀ ਯਾਤਰਾ ਨੂੰ ਕਾਲਪਨਿਕ ਰੂਪ ਦਿੰਦਾ ਹੋਇਆ ਸਮੁੰਦਰ ਕਿਨਾਰੇ ਵਰੁਣ ਦੇਵਤਾ ਨਾਲ ਗੁਰੂ ਜੀ ਦੀ ਮੁਲਾਕਾਤ ਕਰਵਾਉਂਦਾ ਹੈ ਅਤੇ ਭਾਈ ਮਰਦਾਨੇ ਦੇ ਵਰੁਣ ਦੇਵਤਾ ਨੂੰ ਦੇਖ ਕੇ ਡਰ ਜਾਣ ਨੂੰ ਕਾਰਣ ਮੰਨ ਕੇ ਉਦਾਸੀ ਖ਼ਤਮ ਕਰਕੇ ਪੰਜਾਬ ਆਉਣਾ ਲਿਖਦਾ ਹੈ। ਕਾਰੂੰ ਬਾਦਸ਼ਾਹ ਵਾਲੀ ਸਾਖੀ ਨੂੰ ਰਤਨ ਸਿੰਘ ਭੰਗੂ ਗੁਰੂ ਨਾਨਕ ਦੇਵ ਜੀ ਵੇਲੇ ਦੀ ਨਹੀਂ ਮੰਨਦਾ ਹੈ। ਪਰ ਇਸ ਸਾਖੀ ਗੁਰੂ ਜੀ ਨੇ ਮੁੱਖ ਉਚਾਰੀ ਹੋਣ ਕਰਕੇ ਕਿਸੇ ਲੇਖਕ ਵੱਲੋਂ ਗਲਤੀ ਨਾਲ ਗੁਰੂ ਜੀ ਅਤੇ ਕਾਰੂੰ ਵਿੱਚ ਸੰਵਾਦ ਲਿਖ ਦੇਣ ਦੀ ਗੱਲ ਕਰਦਾ ਹੈ, ਜੋ ਕਿ ਕੁਝ ਹੱਦ ਤੱਕ ਸਹੀ ਮੰਨੀ ਜਾ ਸਕਦੀ ਹੈ। ਰਤਨ ਸਿੰਘ ਭੰਗੂ ਇਤਿਹਾਸਿਕ ਗਲਤੀ ਕਰਦਾ ਹੋਇਆ ਨਾਨਕ ਦੇ ਸਮੇਂ ਦਾ ਦਿੱਲੀ ਦਾ ਬਾਦਸ਼ਾਹ ਸਿਕੰਦਰ ਲੋਧੀ

---

[544] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 18, 20-21

ਦੀ ਥਾਂ ਬ੍ਰਹਮ ਖਾਂ ਲੋਧੀ ਲਿਖ ਰਿਹਾ ਹੈ ਅਤੇ ਸੰਮਤ 1770 ਬਿਕ੍ਰਮੀ ਵਿੱਚ ਸਿੱਖਾਂ ਦੇ ਦਿੱਲੀ 'ਤੇ ਕਾਬਜ ਹੋਣ ਪਿੱਛੇ ਗੁਰੂ ਜੀ ਵੱਲੋਂ ਆਪਣੀ ਗ੍ਰਿਫ਼ਤਾਰੀ ਕਰਕੇ ਬ੍ਰਹਮ ਖਾਂ ਲੋਧੀ ਨੂੰ ਦਿੱਤੇ ਸ਼ਰਾਪ ਨੂੰ ਕਾਰਣ ਮੰਨਦਾ ਹੈ। ਰਤਨ ਸਿੰਘ ਭੰਗੂ ਆਪਣੀ ਲਿਖਤ ਨੂੰ ਹੋਰ ਵਧੇਰੇ ਕਾਲਪਨਿਕ ਛੋਹ ਦਿੰਦਾ ਹੋਇਆ ਗੁਰੂ ਸਾਹਿਬ ਦੁਆਰਾ ਅਕਾਸ਼ ਦੀ ਯਾਤਰਾ ਕਰਨ ਦੀ ਗੱਲ ਵੀ ਲਿਖਦਾ ਹੈ। ਉੱਤਰ ਦੀ ਉਦਾਸੀ ਦਾ ਜ਼ਿਕਰ ਕਰਦਾ ਹੋਇਆ ਵੀ ਰਤਨ ਸਿੰਘ ਭੰਗੂ ਮੈਦਾਨਾਂ ਤੋਂ ਬਰਫ਼ੀਲੇ ਇਲਾਕਿਆਂ ਵਿੱਚ ਗੁਰੂ ਸਾਹਿਬ ਦੇ, ਜਿੱਥੇ ਸ਼ਿਵਲਿੰਗ ਦੇ ਪੁਜਾਰੀ ਜਾਂ ਮੱਤ ਪੂਜਕ ਰਹਿੰਦੇ ਹਨ, ਜਾਣ ਦੀ ਗੱਲ ਕਰਦਾ ਹੈ। ਇਸ ਤੋਂ ਅੱਗੇ ਹੋਰ ਉੱਚੇ ਦੇਸ਼ਾਂ 'ਚ ਜਾਣ ਦੀ ਗੱਲ ਕਰਕੇ ਉਦਾਸੀ ਸਮੇਟ ਦਿੰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ, ਰਤਨ ਸਿੰਘ ਭੰਗੂ ਦੇ ਮੁਕਾਬਲਤਨ ਗਿਆਨੀ ਗਿਆਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਕੀਤਾ ਹੈ ਅਤੇ ਹਰੇਕ ਉਦਾਸੀ ਦਾ ਵਰਣਨ ਜਿੱਥੇ-ਜਿੱਥੇ ਵੀ ਗੁਰੂ ਸਾਹਿਬ ਗਏ, ਤਕਰੀਬਨ ਸਾਰੇ ਸਥਾਨ ਅਤੇ ਸੰਬੰਧਿਤ ਮੁੱਖ ਘਟਨਾਵਾਂ ਦੱਸ ਕੇ ਵਿਸਥਾਰਪੂਰਕ ਲਿਖਿਆ ਹੈ।

ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿੱਚ ਜਿੱਥੇ ਤਾਰੀਖਾਂ ਜਾਂ ਸੰਮਤ ਦੀ ਖ਼ੂਬ ਵਰਤੋਂ ਕੀਤੀ ਹੈ। ਉੱਥੇ ਨਾਲ ਹੀ ਉਸ ਨੇ ਵਰਤੀਆਂ ਲਿਖਤਾਂ ਦੇ ਹਵਾਲੇ ਦੇ ਕੇ ਆਪਣੀ ਲਿਖਤ ਨੂੰ ਉੱਚਮਤਾ ਅਤੇ ਮੌਲਿਕਤਾ ਵੀ ਪ੍ਰਦਾਨ ਕਤੀ ਹੈ। ਭਾਈ ਮਰਦਾਨੇ ਨੂੰ ਮੀਢਾ ਬਣਾਉਣ ਵਾਲੀ ਘਟਨਾ ਜਨਮਸਾਖੀ ਵਿੱਚੋਂ ਲਈ ਦੱਸਦਾ ਹੈ। ਚੀਨ ਜਾਣ ਸੰਬੰਧੀ ਜਨਮਸਾਖੀ ਦਾ ਹਵਾਲਾ, ਬਗਦਾਦ ਦੀ ਖ਼ਲੀਫਾ ਬਕਰ ਵਾਲੀ ਘਟਨਾ ਜਨਮਸਾਖੀ ਵਿੱਚੋਂ ਅਤੇ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਬਾਰੇ ਸੂਰਜ ਪ੍ਰਕਾਸ਼ ਵਾਰਤਕ ਦਾ ਹਵਾਲਾ ਦਿੰਦਾ ਹੈ।

ਰਤਨ ਸਿੰਘ ਭੰਗੂ ਪਹਿਲੇ ਪਾਤਿਸ਼ਾਹ ਤੋਂ ਬਾਅਦ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬ ਤੱਕ ਗਿਆਨੀ ਗਿਆਨ ਸਿੰਘ ਦੇ ਮੁਕਾਬਲਤਨ ਥੋੜ੍ਹੀ ਜਾਣਕਾਰੀ ਦੇ ਰਿਹਾ ਹੈ, ਜਦੋਂ ਕਿ ਗਿਆਨੀ ਗਿਆਨ ਸਿੰਘ ਨੇ ਸਾਰੇ ਗੁਰੂ ਸਾਹਿਬਾਨ ਦਾ ਪਿੰਡ, ਪਰਿਵਾਰ, ਜਨਮ ਸਥਾਨ, ਉਨ੍ਹਾਂ ਨਾਲ ਸੰਬੰਧਿਤ ਸਿੱਖ ਜਗਤ ਨੂੰ ਪ੍ਰਵਾਇਤ ਘਟਨਾਵਾਂ ਦਾ ਸਿਲਸਿਲੇਵਾਰ ਜ਼ਿਕਰ ਆਪਣੀ ਲਿਖਤ ਵਿੱਚ ਕੀਤਾ ਹੈ। ਗਿਆਨੀ ਗਿਆਨ ਸਿੰਘ ਨੇ ਹਾਲਾਂਕਿ ਹਰ ਇੱਕ ਗੁਰੂ ਸਾਹਿਬ ਬਾਰੇ ਕਾਫ਼ੀ ਵਿਸਥਾਰ ਨਾਲ ਚਾਨਣਾ ਪਾਇਆ ਹੈ, ਪਰ ਉਸ ਵੱਲੋਂ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਦਾ ਜ਼ਿਕਰ ਆਪਣੀ ਲਿਖਤ ਨਾ ਕਰਨਾ ਇੱਕ ਵੱਡੀ ਇਤਿਹਾਸਿਕ ਭੁੱਲ ਜਾਪਦੀ ਹੈ। ਹਰੀ ਰਾਮ ਗੁਪਤਾ ਵੀ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ

ਮੀਰ ਤੋਂ ਰਖਵਾਉਣ ਦੀ ਪੁਸ਼ਟੀ ਕਰਦਾ ਹੈ।[545] ਹਰਿੰਦਰ ਸਿੰਘ ਮਹਿਬੂਬ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਵੱਲੋਂ ਰੱਖੇ ਜਾਣ ਸੰਬੰਧੀ ਬੜੀ ਖੂਬਸੂਰਤੀ ਨਾਲ ਤਸਦੀਕ ਕਰਦਾ ਲਿਖਦਾ ਹੈ। "ਭਾਵੇ ਇਸ ਸੰਬੰਧ ਵਿੱਚ ਸਾਨੂੰ ਕੋਈ ਵੀ ਮਹੱਤਵਪੂਰਨ ਲਿਖਤੀ ਗਵਾਹੀ ਨਹੀਂ ਮਿਲਦੀ, ਪਰ ਪਿਛਲੀਆਂ ਤਿੰਨ ਸਦੀਆਂ ਦੀ ਫ਼ਿਤਰਤ ਦੇ ਸਮੁੱਚੇ ਮੁਸਲਮਾਨ ਵਿਰੋਧੀ ਝੁਕਾਵਾਂ ਦੇ ਹੁੰਦਿਆਂ ਹੋਇਆਂ ਸੱਚ ਹੋਣ ਤੋਂ ਬਿਨਾਂ ਕਿਸੇ ਮੁਸਲਮਾਨ ਦੇ ਹੱਕ ਵਿੱਚ ਐਡੀ ਬਲਵਾਨ ਮਿੱਥ ਨਹੀਂ ਸੀ ਉੱਭਰ ਸਕਦੀ।"[546]

ਇਸ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਦੀ ਲਿਖਤ ਦੀ ਇੱਕ ਵਿਸ਼ੇਸਤਾ ਹੋਰ ਵੀ ਝਲਕਦੀ ਹੈ ਕਿ ਉਸ ਨੇ ਗੁਰੂ ਕਾਲ ਨੂੰ ਸਿਲਸਿਲੇਵਾਰ ਕਲਮਬੱਧ ਕਰਨ ਦਾ ਯਤਨ ਕੀਤਾ ਹੈ। ਜਿੱਥੇ ਉਸ ਨੇ ਰਤਨ ਸਿੰਘ ਭੰਗੂ ਅਤੇ ਬੂਟੇ ਸ਼ਾਹ ਦੀ ਲਿਖਤ ਤੋਂ ਇਲਾਵਾ ਪੁਰਾਤਨ ਸਿੱਖ ਇਤਿਹਾਸਿਕ ਸੋਮਿਆਂ ਦੀ ਵਰਤੋਂ ਕੀਤੀ ਹੈ। ਵੱਡੇ-ਵਡੇਰਿਆਂ ਦੀਆਂ ਸਣੌਤਾਂ ਨੂੰ ਵੀ ਵਰਤਿਆ ਹੈ। ਉੱਥੇ ਉਸ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਦੇਸ਼ ਵਿਦੇਸ਼ ਵਿੱਚ ਮੌਜੂਦ ਸਥਾਨਾਂ ਦੀ ਯਾਤਰਾ ਕਰਕੇ ਆਪਣੀ ਇਸ ਲਿਖਤ ਨੂੰ ਯਥਾਯੋਗ ਅਤੇ ਮੌਲਿਕ ਬਣਾਉਣ ਦਾ ਸੁਚੱਜਾ ਯਤਨ ਕੀਤਾ ਹੈ। ਹਾਲਾਂਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਵੀ ਕਈ ਕਾਲਪਨਿਕ ਘਟਨਾਵਾਂ ਭਰੀਆਂ ਹੋਈਆ ਹਨ, ਪਰ ਫ਼ੇਰ ਵੀ ਉਸ ਨੇ ਆਪਣੇ ਤੋਂ ਪਹਿਲੇ ਲਿਖਾਰੀਆਂ ਦੁਆਰਾ ਆਪਣੀਆਂ ਲਿਖਤਾਂ ਵਿੱਚ ਦਰਜ ਕੀਤੀਆਂ ਬਹੁਗਿਣਤੀ ਅਤੇ ਮਨਘੜਤ, ਮਿਥਿਹਾਸਿਕ ਅਤੇ ਕਾਲਪਨਿਕ ਘਟਨਾਵਾਂ ਨੂੰ ਆਪਣੀ ਲਿਖਤ ਤੋਂ ਅਲਹਿਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਦੂਜਾ ਉਸ ਨੇ ਗੁਰੂ ਕਾਲ ਨਾਲ ਸੰਬੰਧਿਤ ਪਹਿਲੇ ਲਿਖਾਰੀਆਂ ਵੱਲੋਂ ਹੇਠਲੇ ਪੱਧਰ 'ਤੇ ਜਾ ਕੇ ਦਰਜ ਕੀਤੀਆਂ ਕੁਝ ਘਟਨਾਵਾਂ ਨੂੰ ਉਸ ਪ੍ਰਵਾਨਯੋਗ ਰੂਪ ਵਿੱਚ ਸੁੱਚਜੇ ਢੰਗ ਨਾਲ ਪੇਸ਼ ਕਰਨ ਦਾ ਯਤਨ ਵੀ ਕੀਤਾ ਹੈ। ਉਦਾਹਰਨ ਦੇ ਤੌਰ 'ਤੇ ਸੰਤੋਖ ਸਿੰਘ ਵੱਲੋਂ ਬਿਆਨੀ ਮਾਤਾ ਕੌਲਾਂ ਅਤੇ ਮਾਈ ਭਾਗੋ ਦੀ ਘਟਨਾ, ਜੋ ਸਿੱਖ ਰਹੁ-ਰੀਤਾਂ, ਵਿਸ਼ਵਾਸਾਂ ਦੇ ਬਿਲਕੁਲ ਉਲਟ ਹਨ। ਪਰ ਗਿਆਨੀ ਗਿਆਨ ਸਿੰਘ ਨੇ ਉਸ ਨੂੰ ਦਰੁਸਤ ਕਰਕੇ ਸੁਚੱਜੀ ਸ਼ਬਦਾਵਲੀ ਰਾਹੀਂ ਆਪਣੀ ਲਿਖਤ ਵਿੱਚ ਦਰਜ ਕੀਤਾ ਹੈ। ਇਸੇ ਤਰ੍ਹਾਂ ਸੰਤੋਖ ਸਿੰਘ ਨੇ ਆਪਣੇ ਗ੍ਰੰਥ ਵਿੱਚ ਕਈ ਮੌਕਿਆਂ 'ਤੇ ਦਸਮ ਪਿਤਾ ਵੱਲੋਂ ਸੁੱਖਾ, ਅਫੀਮ, ਭੰਗ ਆਦਿ ਸੇਵਨ ਕਰਨ ਦਾ ਜ਼ਿਕਰ ਕੀਤਾ ਹੈ। ਪਰ ਗਿਆਨੀ ਗਿਆਨ ਸਿੰਘ ਨੇ ਸਿਰਫ ਇੱਕ ਥਾਂ 'ਤੇ ਜਦੋਂ ਗੁਰੂ ਜੀ ਉੱਪਰ ਕਾਤਲਾਨਾ ਹਮਲਾ ਹੋਇਆ। ਉਸ ਤੋਂ ਬਾਅਦ ਇਨ੍ਹਾਂ

[545] Hari Ram Gupta, *op. cit.*, p.131.

[546] ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ 2000, ਪੰਨਾ 22.

ਨਸ਼ੀਲੀਆਂ ਵਸਤਾਂ ਦੇ ਸੇਵਨ ਦਾ ਜ਼ਿਕਰ ਕੀਤਾ ਹੈ। ਸ਼ਾਇਦ ਉਹ ਇਸ ਲਈ ਹੋ ਸਕਦਾ ਹੈ ਉਸ ਸਮੇਂ ਇਹ ਚੀਜ਼ਾਂ ਦਰਦ ਨੂੰ ਘੱਟ ਕਰਨ ਲਈ ਦਵਾਈ ਦੇ ਤੌਰ ‘ਤੇ ਵਰਤੀਆਂ ਜਾਂਦੀਆਂ ਹੋਣ। ਦੋਵੇਂ ਹੀ ਲੇਖਕਾਂ ਨੇ ਗੁਰੂ ਸਾਹਿਬਾਨ ਦੀਆਂ ਕਰਾਮਾਤਾਂ, ਉੱਚਮਤਾ, ਦੁਸ਼ਮਣਾਂ ਵੱਲੋਂ ਗੁਰੂ ਅਰਜਨ ਦੇਵ ਜੀ, ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ, ਗੋਬਿੰਦ ਸਿੰਘ ਜੀ ਅਤੇ ਸਿੱਖਾਂ ਨਾਲ ਹੋਈਆਂ ਸਖਤੀਆਂ ਜਾਂ ਜ਼ੁਲਮ ਨੂੰ ਆਪੋ-ਆਪਣੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਗੁਰੂ ਕਾਲ ਸੰਬੰਧੀ ਅਧਿਐਨ ਤੋਂ ਕਰਨ ‘ਤੇ ਦੋਵੇਂ ਲਿਖਤਾਂ ਵਿੱਚ ਅੰਤਰ-ਸਮਾਨਤਾਵਾਂ ਨਜ਼ਰੀਂ ਪੈਂਦੀਆਂ ਹਨ। ਗਿਆਨੀ ਗਿਆਨ ਸਿੰਘ ਦੀ ਲਿਖਤ ਦੇ ਰਤਨ ਸਿੰਘ ਭੰਗੂ ਦੀ ਲਿਖਤ ਤੋਂ ਜ਼ਿਆਦਾ ਵਿਸਥਾਰਮਈ ਅਤੇ ਜਾਣਕਾਰੀ ਨਾਲ ਭਰਪੂਰ ਹੋਣ ਦਾ ਸਿਹਰਾ ਵੀ ਅਸਲ ਵਿੱਚ ਰਤਨ ਸਿੰਘ ਭੰਗੂ ਦੇ ਸਿਰ ਹੀ ਬੱਝਦਾ ਹੈ, ਕਿਉਂਕਿ ਗਿਆਨੀ ਗਿਆਨ ਸਿੰਘ ਦੇ ‘ਸ੍ਰੀ ਗੁਰੂ ਪੰਥ ਪ੍ਰਕਾਸ਼’ ਦਾ ਮੁੱਢ ਰਤਨ ਸਿੰਘ ਭੰਗੂ ਵੱਲੋਂ ਲਿਖਿਆ ਗਿਆ ‘ਸ੍ਰੀ ਗੁਰੂ ਪੰਥ ਪ੍ਰਕਾਸ਼’ ਹੀ ਹੈ। ਇਸ ਤੋਂ ਅਗਲਾ ਅਧਿਆਇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹੈ, ਜਿਸ ਵਿੱਚ ਦੋਵੇਂ ਗ੍ਰੰਥਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਦਿੱਤੀ ਜਾਣਕਾਰੀ ਦਾ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ।

## ਅਧਿਆਇ ਚੌਥਾ

# ਬਾਬਾ ਬੰਦਾ ਸਿੰਘ ਬਹਾਦਰ ਕਾਲ

ਗੁਰੂ ਕਾਲ ਨਾਲ ਸੰਬੰਧਿਤ ਪਿਛਲੇ ਅਧਿਆਇ ਵਿੱਚ ਕੀਤੇ ਗਏ ਅਧਿਐਨ ਤੋਂ ਇਹ ਅਨੁਭਵ ਹੁੰਦਾ ਹੈ ਕਿ ਗੁਰਮਤਿ ਦੇ ਆਦਰਸ਼ਾਂ ਅਨੁਸਾਰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਪੰਜਾਬ ਦੇ ਦੱਬੇ-ਕੁਚਲੇ, ਜਾਤਾਂ-ਪਾਤਾਂ ਵਿੱਚ ਵੰਡੇ ਲੋਕਾਂ ਨੂੰ ਇੱਕਜੁੱਟ ਕਰਕੇ ਭਗਤੀ ਅਤੇ ਸ਼ਕਤੀ ਦੇ ਧਾਰਨੀ ਭਾਵ ਸੰਤ ਸਿਪਾਹੀ ਬਣਾ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਮਨੋਵਿਗਿਆਨਿਕ ਤੌਰ ‘ਤੇ ਏਨਾ ਕੁ ਮਜ਼ਬੂਤ ਕੀਤਾ ਕਿ ਇਕੱਲਾ ਸਿੱਖ ਆਪਣੇ-ਆਪ ਨੂੰ ਸਵਾ ਲੱਖ ਦੇ ਬਰਾਬਰ ਸਮਝਣ ਲੱਗਾ। ਗੁਰੂ ਸਾਹਿਬ ਨੇ ਸਿੱਖਾਂ ਦੀ ਥੋੜ੍ਹੀ ਗਿਣਤੀ ਹੋਣ ਦੇ ਬਾਵਜੂਦ ਭੰਗਾਣੀ, ਅਨੰਦਪੁਰ ਸਾਹਿਬ, ਨਿਰਮੋਹੀ, ਨਦੌਣ, ਚਮਕੌਰ ਸਾਹਿਬ, ਖਿਦਰਾਣਾ ਆਦਿ ਸਥਾਨਾਂ ‘ਤੇ ਹੋਈਆਂ ਲੜਾਈਆਂ ਵਿੱਚ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਸਾਂਝੀਆਂ ਫੌਜਾਂ ਨੂੰ ਕਈ ਵਾਰ ਸਿਕਸ਼ਤ ਦਿੱਤੀ। ਸਹੀ ਅਰਥਾਂ ਵਿੱਚ ਖ਼ਾਲਸੇ ਨੂੰ ਲੜਣਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਇਆ, ਪਰ ਖ਼ਾਲਸੇ ਅੰਦਰ ਰਾਜ ਕਰਨ ਦੀ ਕਲਾ ਬਾਬਾ ਬੰਦਾ ਸਿੰਘ ਬਹਾਦਰ ਨੇ ਭਰੀ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖਾਂ ਨੇ ਦਰਿਆ ਜਮਨਾ ਤੋਂ ਲੈ ਕੇ ਰਾਵੀਓਂ ਪਾਰ ਦਰਿਆ ਸਿੰਧ ਤੱਕ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਮੁਗਲੀਆ ਹਕੂਮਤ ਨੂੰ ਢਹਿ ਢੇਰੀ ਕਰਕੇ, ਪਹਿਲੇ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਕੈਲੰਡਰ ਦੀ ਸ਼ੁਰੂਆਤ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਤੇ ਸਿੱਕੇ ਅਤੇ ਮੋਹਰਾਂ ਵੀ ਜਾਰੀ ਕੀਤੀਆਂ।

ਬਾਬਾ ਬੰਦਾ ਸਿੰਘ ਬਹਾਦਰ ਦੇ ਅਧੀਨ ਸਿੱਖਾਂ ਦੀ ਚੜ੍ਹਤ ਨੇ ਮੁਗਲੀਆ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ। ਜਿਸ ਕਾਰਨ ਬਾਦਸ਼ਾਹ ਬਹਾਦਰ ਸ਼ਾਹ ਨੂੰ 60 ਹਜ਼ਾਰ ਦੇ ਕਰੀਬ ਮੁਗਲ ਫ਼ੌਜਾਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਬਾਉਣ ਲਈ ਨਿਕਲਣਾ ਪਿਆ। ਪਰ ਬਾਬਾ ਬੰਦਾ ਸਿੰਘ ਬਹਾਦਰ ਏਨੀ ਵੱਡੀ ਮੁਗਲ ਫ਼ੌਜ ਦੇ ਬਾਵਜੂਦ ਵੀ ਉਨ੍ਹਾਂ ਦੇ ਘੇਰੇ ‘ਚੋਂ ਨਿਕਲਣ ਵਿੱਚ ਸਫ਼ਲ ਹੋ ਗਿਆ। ਗੁਰਦਾਸ ਨੰਗਲ ਦੀ ਲੜਾਈ ਦੌਰਾਨ ਅੱਠ ਮਹੀਨੇ ਦੀ ਲੰਬੀ ਜਦੋ-ਜਹਿਦ ਮਗਰੋਂ ਮੁਗਲ ਸੈਨਾ ਬਾਬਾ ਬੰਦਾ ਸਿੰਘ ਬਹਾਦਰ ਨੂੰ

ਫੜਨ ਵਿੱਚ ਸਫ਼ਲ ਹੋ ਸਕੀ। ਤਕਰੀਬਨ ਤਿੰਨ ਮਹੀਨੇ ਦਿੱਲੀ ਵਿੱਚ ਅੰਤਾਂ ਦਾ ਜ਼ਬਰ-ਜ਼ੁਲਮ, ਤਸ਼ੱਦਦ ਅਤੇ ਤਸੀਹੇ ਸਹਿਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ 9 ਜੂਨ 1716 ਈ. ਨੂੰ ਆਪਣੇ ਸਾਥੀਆਂ ਅਤੇ ਪੁੱਤਰ ਬਾਲਕ ਅਜੈ ਸਿੰਘ ਸਮੇਤ ਸ਼ਹਾਦਤ ਦਾ ਜਾਮ ਪੀਤਾ। ਉਸ ਦੀ ਲਾਸਾਨੀ ਸ਼ਹੀਦੀ ਦੀਆਂ ਬੇਮਿਸਾਲ ਮਿਸਾਲਾਂ ਸਮਕਾਲੀ ਮੁਸਲਮਾਨ ਲੇਖਕਾਂ ਅਤੇ ਮੌਕੇ 'ਤੇ ਮੌਜੂਦ ਅੰਗਰੇਜ਼ ਅਫ਼ਸਰਾਂ ਦੀਆਂ ਚਿੱਠੀਆਂ ਤੋਂ ਵੀ ਮਿਲਦੀਆਂ ਹਨ।

ਬਾਬਾ ਬੰਦਾ ਸਿੰਘ ਬਹਾਦਰ ਅਜਿਹਾ ਤੂਫ਼ਾਨ ਬਣਕੇ ਉੱਭਰਿਆ ਕਿ ਉਸ ਨੇ 5-6 ਸਾਲਾਂ ਦੇ ਥੋੜ੍ਹੇ ਸਮੇਂ ਵਿੱਚ ਸੀਮਿਤ ਸਾਧਨਾਂ ਦੇ ਬਾਵਜੂਦ ਆਪਣੀ ਯੋਗਤਾ, ਸਿਦਕ, ਸਿਰੜ, ਬਹਾਦਰੀ ਸਦਕਾ ਮੁੱਠੀ ਭਰ ਸਿੰਘਾਂ ਨੂੰ ਨਾਲ ਲੈ ਕੇ ਚੱਟਾਨ ਜਿਹੀ ਮਜ਼ਬੂਤ ਮੁਗਲੀਆ ਹਕੂਮਤ ਨੂੰ ਚਕਨਾਚੂਰ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਰਾਜ ਦੀਆਂ ਅਜਿਹੀਆਂ ਜੜ੍ਹਾਂ ਪੁੱਟੀਆਂ ਕਿ ਮੁੜ ਕੇ ਮੁਗਲ ਪੈਰਾਂ ਸਿਰ ਨਾ ਹੋ ਸਕੇ। ਦੂਜੇ ਪਾਸੇ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਰਾਜ ਕਰਨ ਦੀ ਮਘਾਈ ਚਿਣਗ ਨੂੰ ਉਸ ਦੀ ਸ਼ਹੀਦੀ ਤੋਂ ਬਾਅਦ ਵੀ ਬੁਝਣ ਨਹੀਂ ਦਿੱਤਾ। ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਭ ਤੋਂ ਔਖੇ ਤੇ ਮੁਸ਼ਕਿਲ ਦੌਰ ਵਿੱਚ ਵੀ ਜ਼ਾਲਮਾਂ ਨਾਲ ਆਪਣਾ ਸੰਘਰਸ਼ ਜਾਰੀ ਰੱਖਿਆ ਅਤੇ ਅੰਤ ਵਿੱਚ ਖ਼ਾਲਸਾ ਰਾਜ ਸਥਾਪਿਤ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ।

ਹੁਣ ਤੱਕ ਦੀ ਮਿਲੀ ਜਾਣਕਾਰੀ ਦੇ ਅਨੁਸਾਰ ਸ਼ਿਕਾਰ ਖੇਡਦੇ ਸਮੇਂ ਇੱਕ ਗਰਭਵਤੀ ਹਿਰਨੀ ਨੂੰ ਮਾਰਨ ਦੇ ਸਦਮੇ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਰਾਜਪੂਤ ਖੱਤਰੀ ਤੋਂ ਮਾਧੋ ਦਾਸ ਬੈਰਾਗੀ ਬਣਾ ਦਿੱਤਾ। ਬੈਰਾਗੀ ਸਾਧ ਬਣਕੇ ਉਹ ਰਿਧੀਆਂ-ਸਿਧੀਆਂ, ਜੰਤਰਾਂ-ਮੰਤਰਾਂ ਤੇ ਜਾਦੂ-ਟੂਣਿਆਂ ਦਾ ਏਨਾ ਪ੍ਰਪੱਕ ਹੋ ਗਿਆ ਕਿ ਉਹ ਆਪਣੇ ਡੇਰੇ ਉੱਤੇ ਆਏ ਸਾਧੂ-ਸੰਤਾਂ ਦਾ ਰੱਜ ਕੇ ਮਜ਼ਾਕ ਉਡਾਉਂਦਾ ਅਤੇ ਬੇਇੱਜ਼ਤੀ ਕਰਦਾ। ਉਸ ਦੀਆਂ ਕਰਾਮਾਤਾਂ ਕਰਕੇ ਉਸ ਦੀ ਪ੍ਰਸਿੱਧੀ ਦੂਰ ਦੂਰ ਤੱਕ ਫ਼ੈਲ ਗਈ। ਪਰ ਗੁਰੂ ਗੋਬਿੰਦ ਸਿੰਘ ਅੱਗੇ ਉਸ ਦੀਆਂ ਕੁੱਲ ਕਰਾਮਾਤਾਂ ਅਸਫ਼ਲ ਹੋ ਗਈਆਂ। ਅੰਤ ਉਹ ਹਾਰ ਮੰਨ ਕੇ ਗੁਰੂ ਜੀ ਦੇ ਪੈਰੀਂ ਡਿੱਗ ਪਿਆ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਾਂ ਬੰਦਾ ਸਿੰਘ ਰੱਖਿਆ। ਗੁਰੂ ਜੀ ਨੇ ਉਸ ਦੀ ਕਾਬਲੀਅਤ ਨੂੰ ਦੇਖਦੇ ਹੋਏ ਉਸ ਨੂੰ ਖ਼ਾਲਸੇ ਦਾ ਆਗੂ ਥਾਪ ਕੇ ਮੁਗਲਾਂ ਦੇ ਜ਼ੁਲਮਾਂ ਦਾ ਨਾਸ਼ ਕਰਨ ਲਈ ਪੰਜਾਬ ਭੇਜਿਆ। ਉਸ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਵਿੱਚੋਂ ਮੁਗਲ ਰਾਜ ਦਾ ਖ਼ਾਤਮਾ ਕਰਕੇ ਸੁਤੰਤਰ ਸਿੱਖ ਰਾਜ ਦੀ ਨੀਂਹ ਰੱਖੀ।

ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਤਾ-ਪਿਤਾ, ਪਿੰਡ ਅਤੇ ਪਰਿਵਾਰਿਕ ਪਿਛੋਕੜ ਦੀ ਕੋਈ ਜਾਣਕਾਰੀ ਨਹੀਂ ਦਿੰਦਾ। ਉਹ ਸਿੱਧਾ ਰਾਜਸਥਾਨ ਦੇ ਕਸਬੇ ਨਰਾਇਣਾ ਦੇ ਦਾਦੂਪੰਥੀ ਮਹੰਤ ਜੈਤਰਾਮ

ਦੁਆਰਾ ਗੁਰੂ ਗੋਬਿੰਦ ਸਿੰਘ ਨੂੰ ਦੱਖਣ ਵੱਲ ਰਹਿੰਦੇ ਬੈਰਾਗੀ ਸਾਧੂ ਨਰਾਇਣ ਦਾਸ ਬਾਰੇ ਦੱਸਣ ਦਾ ਜ਼ਿਕਰ ਕਰਦਾ ਹੈ। ਉਹ ਗੁਰੂ ਜੀ ਨੂੰ ਇਹ ਵੀ ਦੱਸਦਾ ਹੈ ਕਿ ਉਹ ਹੋਰਾਂ ਸਾਧੂ-ਸੰਤਾਂ ਨੂੰ ਆਪਣੀ ਤੰਤਰ ਵਿੱਦਿਆ ਨਾਲ ਹੇਠੀ ਦਿਖਾ ਕੇ ਮਖੌਲ ਉਡਾਉਂਦਾ ਹੈ ਅਤੇ ਬੜਾ ਖੁਸ਼ ਹੁੰਦਾ ਹੈ। ਜਿਸ ਦਾ ਸ਼ਿਕਾਰ ਜੈਤਰਾਮ ਖ਼ੁਦ ਨੂੰ ਵੀ ਹੋਇਆ ਦੱਸਦਾ ਹੈ। ਜੈਤਰਾਮ ਗੁਰੂ ਜੀ ਨੂੰ ਨਰਾਇਣ ਦਾਸ (ਬਾਬਾ ਬੰਦਾ ਸਿੰਘ ਬਹਾਦਰ) ਦੇ ਡੇਰੇ ਦਾ ਪਤਾ ਦੱਖਣ ਦਿਸ਼ਾ ਵਿੱਚ ਨਾਂਦੇੜ ਨਾਂ ਦੇ ਸਥਾਨ 'ਤੇ ਗੋਦਾਵਰੀ ਨਦੀ ਦੇ ਕੰਢੇ ਉੱਪਰ ਦੱਸਦਾ ਹੈ। ਜੈਤਰਾਮ ਗੁਰੂ ਜੀ ਨੂੰ ਵਰਜਦਾ ਹੈ ਕਿ ਨਰਾਇਣ ਦਾਸ ਕੋਲ ਅਲੂਣੀਏ ਦੀ ਜੰਤਰ, ਮੰਤਰ, ਤੰਤਰ ਵਿੱਦਿਆ ਵਾਲੀ ਪੋਥੀ ਹੋਣ ਕਰਕੇ ਉਹ ਵਧੇਰੇ ਕਰਾਮਾਤੀ ਅਤੇ ਸ਼ਕਤੀਸ਼ਾਲੀ ਹੈ, ਇਸ ਕਰਕੇ ਉਹ ਉਸ ਵੱਲ ਨਾ ਜਾਣ। ਰਤਨ ਸਿੰਘ ਭੰਗੂ ਦੱਸਦਾ ਹੈ ਕਿ ਗੁਰੂ ਜੀ ਜਦੋਂ ਨਰਾਇਣ ਦਾਸ ਦੇ ਡੇਰੇ ਪਹੁੰਚੇ ਤਾਂ ਹਰਟ ਬਿਨਾਂ ਬਲਦਾਂ ਤੋਂ ਚਲ ਰਿਹਾ ਸੀ। ਉਸ ਦਾ ਪਲੰਘ ਜ਼ਮੀਨ ਤੋਂ ਸਵਾ ਗਜ ਉੱਚਾ ਹਵਾ ਵਿੱਚ ਸੀ। ਸਿੰਘਾਂ ਨੇ ਡੇਰੇ ਵਿੱਚ ਵੜਦਿਆਂ ਹੀ ਨਰਾਇਣ ਦਾਸ ਦੇ ਪਾਲੇ ਬੱਕਰੇ ਝਟਕਾਉਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨਰਾਇਣ ਦਾਸ ਦੇ ਪਲੰਘ ਉੱਪਰ ਜਾ ਬੈਠੇ। ਅਤੇ ਚਾਰ ਤੀਰਾਂ ਨੂੰ ਗੁਰੂ ਜੀ ਦੁਆਰਾ ਪਲੰਘ ਦੇ ਪਾਵਿਆਂ 'ਚ ਗੱਡ ਦਿੱਤਾ ਗਿਆ। ਉਸ ਨੇ ਬੀਰਾਂ ਰਾਹੀਂ ਪਲੰਘ ਉਲਟਾਉਣ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਿਹਾ। ਜਦੋਂ ਬੀਰ ਸਿੰਘਾਂ ਨੂੰ ਮਾਰਨ ਪਏ ਤਾਂ ਗੁਰੂ ਸਾਹਿਬ ਦਾ ਤੀਰ ਸੁਦਰਸ਼ਨ ਚੱਕਰ ਵਾਂਗ ਘੁੰਮਕੇ ਉਨ੍ਹਾਂ ਦੀ ਰੱਖਿਆ ਕਰਨ ਲੱਗਾ। ਅੰਤ ਨਰਾਇਣ ਦਾਸ ਹਾਰ ਕੇ ਗੁਰੁ ਜੀ ਦੇ ਚਰਨੀਂ ਢਹਿ ਪਿਆ। ਜਦੋਂ ਗੁਰੂ ਜੀ ਨੇ ਉਸ ਨੂੰ ਪੁੱਛਿਆ ਤੂੰ ਕੌਣ ਹੈ ਤਾਂ ਉਹ ਅੱਗੋਂ ਬੋਲਿਆ ਮੈਂ ਤੁਹਾਡਾ ਬੰਦਾ ਹਾਂ ਤੇ ਤੁਹਾਡਾ ਸਿੱਖ ਹਾਂ ਤੇ ਤੁਸੀਂ ਮੇਰੇ ਗੁਰੂ ਹੋ। ਹੁਣ ਤੋਂ ਮੈਂ ਤੁਹਾਡਾ ਦਾਸ ਹਾਂ।[1] ਗਿਆਨੀ ਗਿਆਨ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਵੈਰਾਗੀ ਜੀਵਨ ਸਮੇਂ ਦੀ ਨਾਂਦੇੜ ਦੇ ਆਸ਼ਰਮ ਵਿੱਚ ਵਾਪਰੀ ਉਪਰੋਕਤ ਘਟਨਾ ਸੰਬੰਧੀ ਰਤਨ ਸਿੰਘ ਭੰਗੂ ਵਾਂਗ ਹੂ-ਬ-ਹੂ ਹੀ ਲਿਖ ਰਿਹਾ ਹੈ, ਸਿਰਫ਼ ਪਲੰਘ ਦੇ ਪਾਵਿਆਂ ਉੱਪਰ ਤੀਰ ਰੱਖਣ ਦਾ ਵੇਰਵਾ ਨਹੀਂ ਦੇ ਰਿਹਾ।[2]

ਇਸ ਤੋਂ ਅੱਗੇ ਗੁਰੂ ਦੇ ਡੇਰੇ ਵਿੱਚ ਜਾਣ ਦਾ ਬਿਰਤਾਂਤ ਵੀ ਗਿਆਨੀ ਗਿਆਨ ਸਿੰਘ ਹੂ-ਬ-ਹੂ ਦੇ ਰਿਹਾ ਹੈ, ਪਰ ਜਿੱਥੇ ਰਤਨ ਸਿੰਘ ਭੰਗੂ ਅਨੁਸਾਰ ਗੁਰੂ ਜੀ ਦੁਆਰਾ ਸਿੰਘਾਂ ਨੂੰ ਬੀਰਾਂ ਤੋਂ ਬਚਾਉਣ ਲਈ ਆਪਣੇ ਤੀਰ ਦਾ ਸੁਦਰਸ਼ਨ ਚੱਕਰ ਰੂਪੀ ਘੇਰਾ ਬਣਾਉਂਦੇ ਹਨ। ਇੱਥੇ ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਜੀ ਆਪਣਾ ਤੀਰ ਭਾਈ ਦਯਾ ਸਿੰਘ ਨੂੰ ਦੇ ਦਿੰਦੇ ਹਨ ਅਤੇ ਆਪਣੇ ਆਲੇ ਦੁਆਲੇ ਲਕੀਰ ਕੱਢਣ ਅਤੇ ਸਤਿ ਸ੍ਰੀ ਅਕਾਲ ਦੇ ਉਚਾਰਣ ਲਈ ਕਹਿੰਦੇ ਹਨ। ਨਰਾਇਣ ਦਾਸ ਆਪਣੇ ਸਾਰੇ ਯਤਨਾਂ ਵਿੱਚ ਅਸਫ਼ਲ ਹੋ ਕੇ ਗੁਰੂ ਜੀ ਦੇ ਚਰਨੀਂ ਡਿਗਦਾ ਹੈ ਤੇ

---

1. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨੇ 75-76.
2. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨੇ 337-339.

ਫ਼ਰਮਾਉਂਦਾ ਹੈ ਕਿ ਮੈਂ ਤੁਹਾਡਾ ਬੰਦਾ ਹਾਂ। ਗੁਰੂ ਸਾਹਿਬ ਉਚਾਰਦੇ ਹਨ ਕਿ ਜੇ ਤੂੰ ਸਾਡਾ ਬੰਦਾ ਹੁੰਦਾ ਤਾਂ ਬੰਦਗੀ ਨਾ ਕਰਦਾ। ਅੱਗੋਂ ਨਰਾਇਣ ਦਾਸ ਨੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਕੋਈ ਜਿੰਮੇਵਾਰੀ ਦਿਉ, ਮੈਂ ਤਨ ਮਨ ਤੋਂ ਪੂਰੀ ਕਰਾਂਗਾ।[3] ਗੰਡਾ ਸਿੰਘ ਵੀ ਗੁਰੂ ਜੀ ਦੇ ਬਾਬਾ ਬੰਦਾ ਸਿੰਘ ਬਹਾਦਰ ਦੇ ਡੇਰੇ ਜਾਣ ਦੀ ਪੁਸ਼ਟੀ ਕਰਦਾ ਹੈ, ਪਰ ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਦੇ ਉਲਟ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਮਾਧੋ ਦਾਸ ਲਿਖ ਰਿਹਾ ਹੈ।[4]

ਸਰੂਪ ਦਾਸ ਭੱਲਾ ਆਪਣੀ ਲਿਖਤ ਦੇ ਅੰਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਬਹੁਤ ਹੀ ਸੰਖੇਪ ਜਾਣਕਾਰੀ ਦਿੰਦਾ ਹੈ। ਸਰੂਪ ਦਾਸ ਭੱਲੇ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਂ ਮਾਧੋ ਦਾਸ ਤੇ ਉਸ ਨੂੰ ਦੱਖਣ ਵਿੱਚ ਰਹਿਣ ਵਾਲਾ ਦੱਸਦਾ ਹੈ। ਉਹ ਗੁਰੂ ਨਾਲ ਉਸ ਦਾ ਮਿਲਾਪ ਦੱਖਣ ਵੱਲ ਜਾਣ ਸਮੇਂ ਹੋਇਆ ਦੱਸਦਾ ਹੈ, ਪਰ ਸਮੇਂ ਅਤੇ ਸਥਾਨ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾ ਰਿਹਾ। ਸਰੂਪ ਦਾਸ ਭੱਲਾ ਨਾ ਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਤਾ-ਪਿਤਾ ਜਾਂ ਪਰਿਵਾਰ ਬਾਰੇ ਕੁਝ ਦੱਸਦਾ ਹੈ ਅਤੇ ਨਾ ਉਸ ਦੁਆਰਾ ਹਿਰਨੀ ਦਾ ਸ਼ਿਕਾਰ ਕਰਨ ਬਾਰੇ ਲਿਖਦਾ ਹੈ। ਉਹ ਸਿੱਧਾ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੱਖਣ ਨੂੰ ਜਾਂਦਿਆਂ ਮਾਧੋ ਦਾਸ ਦੇ ਡੇਰੇ ਵਿੱਚ ਜਾ ਕੇ ਉਸ ਦੇ ਪਲੰਘ 'ਤੇ ਬੈਠਣਾ, ਮਾਧੋ ਦਾਸ ਦੇ ਚੇਲਿਆਂ ਵੱਲੋਂ ਮੰਤਰਾਂ ਨਾਲ ਪਲੰਘ ਨੂੰ ਉਲਟਾਉਣ ਦੀ ਕੋਸ਼ਿਸ਼ ਕਰਨੀ, ਉਨ੍ਹਾਂ ਦਾ ਅਸਫ਼ਲ ਹੋਣਾ ਅਤੇ ਮਾਧੋ ਦਾਸ ਵੱਲੋਂ ਗੁਰੂ ਜੀ ਨੂੰ ਦੇਖਦਿਆਂ ਹੀ ਚਰਨੀਂ ਪੈ ਜਾਣ ਬਾਰੇ ਲਿਖਦਾ ਹੈ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਹੁਣ ਪੰਥ ਦਾ ਬੰਦਾ ਹੋ ਚੁੱਕਿਆ ਹੈ। ਉਹ ਹੁਣ ਲੰਗੋਟਬੰਦ ਭਾਵ ਜਤੀ ਰਹੇ ਅਤੇ ਆਪਣਾ ਵੱਖਰਾ ਪੰਥ ਨਾ ਚਲਾਵੇ। ਜੇ ਉਸ ਨੇ ਆਪਣਾ ਲੰਗੋਟ ਖੋਲ੍ਹਿਆ ਤਾਂ ਉਹ ਕੁਠਾਲੀ ਵਿੱਚ ਸੋਨੇ ਦੀ ਤਰ੍ਹਾਂ ਗਲ ਜਾਵੇਗਾ।[5]

ਭਾਈ ਸੰਤੋਖ ਸਿੰਘ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਦਿੱਤੀ ਜਾਣਕਾਰੀ ਉਸ ਤੋਂ ਪਹਿਲੀਆਂ ਸਾਰੀਆਂ ਲਿਖਤਾਂ ਨਾਲੋਂ ਵੱਖਰੀ ਹੈ। ਸੰਤੋਖ ਸਿੰਘ ਲਿਖਦਾ ਹੈ ਕਿ ਨਾਂਦੇੜ ਦੇ ਇਲਾਕੇ ਵਿੱਚ ਸ਼ਿਕਾਰ ਖੇਡਦੇ ਹੋਏ ਦਸਮੇਸ਼ ਪਿਤਾ ਜੰਗਲ ਵਿੱਚ ਪਹੁੰਚ ਗਏ। ਉੱਥੇ ਉਨ੍ਹਾਂ ਨੇ ਬੈਰਾਗੀ ਸਾਧ ਦਾ ਆਸ਼ਰਮ ਦੇਖਿਆ, ਪਰ ਸਾਧ ਖ਼ੁਦ ਮੌਜੂਦ ਨਹੀਂ ਸੀ। ਗੁਰੂ ਜੀ ਨੇ ਆਸ਼ਰਮ ਵਿੱਚ ਖੜ੍ਹੇ ਸਾਧ ਦੇ ਬੱਕਰੇ ਝਟਕਾ ਦਿੱਤੇ ਅਤੇ ਇਨ੍ਹਾਂ ਨੂੰ ਰਿੰਨ੍ਹ ਕੇ ਖਾ ਲਿਆ। ਥੋੜ੍ਹੇ ਸਮੇਂ ਬਾਅਦ ਗੁਰੂ ਜੀ ਆਸ਼ਰਮ ਦੇ ਕੋਠੇ ਅੰਦਰ ਵਿਛੀ ਸੁੰਦਰ ਸੇਜ 'ਤੇ ਬੈਠ ਗਏ। ਕੁਝ ਸਮੇਂ ਬਾਅਦ

---

3 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨੇ 350-351.

4 ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 07.

5 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ ਦੂਜਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999, ਪੰਨਾ 854.

ਸਾਧ ਨੂੰ ਆਪਣੇ ਕਿਸੇ ਚੇਲੇ ਰਾਹੀਂ ਬੱਕਰੇ ਝਟਕਾਉਣ ਦਾ ਅਤੇ ਗੁਰੂ ਸਾਹਿਬ ਦਾ ਉਸ ਦੀ ਸੇਜ 'ਤੇ ਬੈਠਣ ਬਾਰੇ ਪਤਾ ਚਲਦਾ ਹੈ। ਜਦੋਂ ਮਾਧੋ ਦਾਸ ਨੇ ਇਹ ਗੱਲ ਸੁਣੀ ਤਾਂ ਉਹ ਸੋਚੀਂ ਪੈ ਗਿਆ ਕਿ ਉਹ ਕਿਹੋ ਜਿਹਾ ਸਾਧ ਹੈ, ਜੋ ਗ੍ਰਹਿਸਥੀ ਵੀ ਹੈ ਤੇ ਸ਼ਾਸਤਰਧਾਰੀ ਵੀ। ਫ਼ੇਰ ਉਸ ਨੇ ਆਪਣੇ ਬੀਰ ਨੂੰ ਗੁਰੂ ਜੀ ਦਾ ਪਲੰਘ ਉਲਟਾ ਕੇ ਉਨ੍ਹਾਂ ਨੂੰ ਮਾਰਨ ਲਈ ਭੇਜਿਆ। ਜਦੋਂ ਇੱਕ ਬੀਰ ਪਲੰਘ ਪਲਟਾਉਣ ਵਿੱਚ ਅਸਫ਼ਲ ਹੋ ਗਿਆ, ਫ਼ੇਰ ਮਾਧੋ ਦਾਸ ਨੇ ਦੋ ਬੀਰ ਭੇਜੇ, ਗੁਰੂ ਜੀ ਨੇ ਪਲੰਘ ਦੇ ਪਾਵਿਆਂ ਉੱਪਰ ਦੋ ਤੀਰ ਟਿਕਾ ਦਿੱਤੇ, ਉਹ ਦੋਵੇਂ ਵੀ ਪਲੰਘ ਉਲਟਾਉਣ ਵਿਚ ਅਸਫ਼ਲ ਰਹੇ। ਅੰਤ ਮਾਧੋ ਦਾਸ ਨੇ ਚਾਰ ਬੀਰ ਇਕੱਠੇ ਭੇਜੇ, ਗੁਰੂ ਜੀ ਨੇ ਪਲੰਘ ਦੇ ਚਾਰੇ ਪਾਵਿਆਂ ਉੱਪਰ ਤੀਰ ਰੱਖ ਦਿੱਤੇ। ਚਾਰ ਤੀਰ ਰੱਖਣ ਨਾਲ ਪਲੰਘ ਏਨਾ ਭਾਰੀ ਹੋ ਗਿਆ ਕਿ ਉਲਟਾਉਣਾ ਤਾਂ ਦੂਰ ਦੀ ਗੱਲ, ਉਲਟਾ ਪਲੰਘ ਜ਼ਮੀਨ ਵਿੱਚ ਧੱਸਣਾ ਸ਼ੁਰੂ ਹੋ ਗਿਆ। ਮਾਧੋ ਦਾਸ ਦੀ ਸਾਰੀ ਸ਼ਕਤੀ ਅਤੇ ਕਰਾਮਾਤ ਵਿਅਰਥ ਗਈ। ਉਹ ਬੜੀ ਹਲੀਮੀ ਨਾਲ ਗੁਰੂ ਜੀ ਨੂੰ ਆ ਕੇ ਮਿਲਿਆ ਅਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ। ਗੁਰੂ ਜੀ ਨੇ ਉਸ ਨੂੰ ਪੁੱਛਿਆ ਕਿ ਤੂੰ ਕੌਣ ਹੈ ਅਤੇ ਇੱਥੇ ਕਿਉਂ ਰਹਿ ਰਿਹਾ ਹੈ। ਮਾਧੋ ਦਾਸ ਨੇ ਉੱਤਰ ਦਿੱਤਾ ਕਿ ਇਹ ਉਸ ਦੇ ਗੁਰੂ ਦਾ ਆਸ਼ਰਮ ਹੈ ਜਿਸ ਨੇ ਇੱਥੇ ਲੰਬਾ ਸਮਾਂ ਤਪ ਕੀਤਾ ਸੀ। ਆਪਣੇ ਗੁਰੂ ਜੀ ਦੀ ਮੌਤ ਤੋਂ ਬਾਅਦ ਉਹ ਇੱਥੇ ਰਹਿਣ ਲੱਗ ਪਿਆ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਮਰਨ ਤੋਂ ਬਾਅਦ ਤੇਰਾ ਗੁਰੂ ਇਸੇ ਆਸ਼ਰਮ ਵਿੱਚ ਹੀ ਇਕ ਫ਼ਲਦਾਰ ਦਰੱਖਤ 'ਤੇ ਲੱਗੇ ਫ਼ਲ ਵਿੱਚ ਕੀੜੇ ਦੇ ਰੂਪ ਵਿੱਚ ਮੌਜੂਦ ਹੈ। ਮਾਧੋ ਦਾਸ ਉਹ ਫ਼ਲ ਤੋੜ ਲਿਆਉਂਦਾ ਹੈ ਤਾਂ ਗੁਰੂ ਜੀ ਉਸ ਫ਼ਲ ਵਿੱਚ ਮੌਜੂਦ ਕੀੜਾ ਮਾਧੋ ਦਾਸ ਨੂੰ ਦਿਖਾਉਂਦੇ ਹਨ। ਜਦੋਂ ਗੁਰੂ ਸਾਹਿਬ ਮਾਧੋ ਦਾਸ ਦੇ ਗੁਰੂ ਦਾ ਨਾਂ ਲੈਂਦੇ ਹਨ ਤਾਂ ਉਹ ਕੀੜਾ ਕਿਰਰ-ਕਿਰਰ ਭਾਵ ਬੋਲਣ ਲੱਗ ਪੈਂਦਾ ਹੈ। ਅੰਤ ਮਾਧੋ ਦਾਸ ਗੁਰੂ ਜੀ ਤੋਂ ਆਪਣੀਆਂ ਗੁਸਤਾਖੀਆਂ ਦੀ ਮੁਆਫ਼ੀ ਮੰਗਦਾ ਹੋਇਆ ਉਨ੍ਹਾਂ ਦੇ ਚਰਨਾਂ ਵਿੱਚ ਨਿਵਾਸ ਅਤੇ ਕੋਈ ਵੀ ਸੇਵਾ ਲੈਣ ਲਈ ਬੇਨਤੀ ਕਰਦਾ ਹੈ। ਗੁਰੂ ਜੀ ਉਸ ਦੀ ਨਿਮਰਤਾ ਦੇਖ ਕੇ ਬਚਨ ਕਰਦੇ ਹਨ ਕਿ ਤੈਨੂੰ ਵਾਹਿਗੁਰੂ ਦਾ ਹੁਕਮ ਹੈ ਕਿ ਤੂੰ ਪੰਥ ਦੇ ਤੇਜ ਪ੍ਰਤਾਪ ਨੂੰ ਫ਼ੈਲਾ ਕੇ ਤੁਰਕਾਂ ਦੇ ਚਾਰੇ ਪਾਸੇ ਫ਼ੈਲੇ ਤਪ ਤੇਜ ਨੂੰ ਖ਼ਤਮ ਕਰਨਾ ਹੈ। ਹੁਣ ਤੂੰ ਦੱਸ ਕਿ ਤੂੰ ਸਾਡੇ ਨਾਲ ਮਿਲਕੇ ਦੁਸ਼ਮਣਾਂ ਦਾ ਖ਼ਾਤਮਾ ਕਰਨਾ ਹੈ ਜਾਂ ਨਹੀਂ। ਇਹ ਸੁਣਕੇ ਮਾਧੋ ਦਾਸ ਨੇ ਕਿਹਾ ਮਾਲਕ ਮੈਂ ਤੁਹਾਡਾ ਬੰਦਾ ਹਾਂ, ਜਿਸ ਤਰ੍ਹਾਂ ਦਾ ਹੁਕਮ ਕਰੋਗੇ ਮੈਂ ਪੂਰਾ ਕਰਨ ਵਿੱਚ ਰਤਾ ਦੇਰੀ ਨਹੀਂ ਕਰਾਂਗਾ। ਗੁਰੂ ਜੀ ਉਸ ਨੂੰ ਪੰਜਾਬ ਜਾ ਕੇ ਆਪਣੇ ਨਾਲ ਹੋਏ ਜ਼ੁਲਮ ਦਾ ਬਦਲਾ ਲੈਣ ਦਾ ਹੁਕਮ ਦਿੰਦੇ ਹਨ। ਗੁਰੂ ਜੀ ਨੇ ਉਸ ਨੂੰ ਪੰਥ ਦਾ ਮੁਖੀ ਬਣਾਕੇ 'ਬੰਦੇ' ਦੇ ਨਾਂ ਨਾਲ ਵਿਚਰਣ ਲਈ ਕਿਹਾ ਅਤੇ ਵਰ ਦਿੱਤਾ ਕਿ ਕੋਈ ਵੀ ਰਾਜਾ ਤੇਰੇ ਅੱਗੇ ਨਹੀਂ ਟਿਕੇਗਾ। ਜੰਗ ਵਿੱਚ, ਲੱਖਾਂ ਹੀ ਅੜਣਗੇ ਅਤੇ ਲੱਖਾਂ ਹੀ ਮਰਨਗੇ, ਸਿਰਫ਼ ਭੱਜ ਕੇ ਹੀ ਉਹ ਤੇਰੇ ਕੋਲੋਂ

ਬਚ ਸਕਣਗੇ। ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਬੋਲ ਸੁਣਕੇ ਹੱਥ ਜੋੜ ਕੇ ਖੜ੍ਹਾ ਹੋ ਗਿਆ।[6]

ਰਤਨ ਸਿੰਘ ਭੰਗੂ ਅੱਗੇ ਲਿਖਦਾ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਚਰਨੀਂ ਢਹਿ ਜਾਂਦਾ ਹੈ ਅਤੇ ਉਨ੍ਹਾਂ ਦਾ ਬੰਦਾ ਬਣਨ ਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਗੁਰੂ ਜੀ ਉਸ ਦਾ ਨਾਂ ਨਰਾਇਣ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਰੱਖ ਦਿੰਦੇ ਹਨ। ਰਤਨ ਸਿੰਘ ਭੰਗੂ ਦੇ ਅਨੁਸਾਰ ਉਹ ਬਾਬਾ ਬੰਦਾ ਸਿੰਘ ਬਹਾਦਰ ਬਣਨ ਤੋਂ ਬਾਅਦ ਸੇਵਾ ਦੀ ਬਖ਼ਸ਼ਿਸ਼ ਮੰਗਦਾ ਹੈ ਤਾਂ ਗੁਰੂ ਜੀ ਫ਼ਰਮਾਉਂਦੇ ਹਨ ਕਿ ਤੂੰ ਉਨ੍ਹਾਂ ਨੂੰ ਮਾਰ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦਾ ਕਤਲ ਕੀਤਾ ਹੈ। ਫ਼ੇਰ ਤੂੰ ਸਰਹਿੰਦ ਨੂੰ ਮਾਰ ਕੇ ਪਹਾੜੀ ਰਾਜਿਆਂ ਨੂੰ ਸੋਧੀਂ, ਜਿਨ੍ਹਾਂ ਕਰਕੇ ਇਹ ਮੁਸੀਬਤਾਂ ਸ਼ੁਰੂ ਹੋਈਆਂ। ਇਸ ਤਰ੍ਹਾਂ ਤੂੰ ਸਿੱਖਾਂ ਨੂੰ ਬਚਾਉਣਾ ਹੈ ਅਤੇ ਜੋ ਸਿੱਖੀ ਦੇ ਦੁਸ਼ਮਣ ਹਨ। ਉਨ੍ਹਾਂ ਸਾਰਿਆਂ ਦਾ ਨਾਸ਼ ਕਰਨਾ ਹੈ। ਗੁਰੂ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਹਿੰਦੇ ਹਨ ਕਿ ਦਿੱਲੀ ਤੋਂ ਹੀ ਸਾਰੇ ਇਲਾਕੇ ਵਿੱਚ ਦੰਗੇ ਮਚਾ ਦਿਊ ਅਰਥਾਤ ਪੰਜਾਬ ਅਤੇ ਪਹਾੜੀ ਰਾਜਿਆਂ ਨੂੰ ਧੂੜ ਵਿਚ ਮਿਲਾ ਦਿਓ। ਗੁਰੂ ਸਾਹਿਬ ਉਸ ਨੂੰ ਆਪਣਾ ਖੰਡਾ ਬਖ਼ਸ਼ਦੇ ਹਨ ਅਤੇ ਉਹ ਖੰਡਾ ਆਪਣੇ ਗਲ ਵਿੱਚ ਪਹਿਨ ਲੈਂਦਾ ਹੈ। ਇਹ ਸਭ ਦੇਖ ਕੇ ਦੂਜੇ ਸਿੰਘਾਂ ਦਾ ਰੰਗ ਬਦਲ ਗਿਆ ਤੇ ਉਨ੍ਹਾਂ ਨੂੰ ਗੁੱਸਾ ਆ ਗਿਆ। ਜਿਸ ਕਰਕੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਗਲੋਂ ਖੰਡਾ ਲਾਹ ਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਅੱਗੇ ਜਦੋਂ ਸਿੰਘਾਂ ਵੱਲੋਂ ਉਸ ਤੋਂ ਖੰਡਾ ਖੋਹ ਲੈਣ ਸੰਬੰਧੀ ਫ਼ਰਿਆਦ ਕੀਤੀ ਤਾਂ ਗੁਰੂ ਜੀ ਉਸ ਨੂੰ ਪੰਜ ਤੀਰ ਬਖ਼ਸ਼ ਦਿੰਦੇ ਹਨ ਤੇ ਕਹਿੰਦੇ ਹਨ ਕਿ ਜਦੋਂ ਵੀ ਤੈਨੂੰ ਲੋੜ ਪਵੇ ਤਾਂ ਇਨ੍ਹਾਂ ਤੀਰਾਂ ਨੂੰ ਇੱਕ-ਇੱਕ ਕਰਕੇ ਚਲਾ ਲਵੀਂ।[7] ਗਿਆਨੀ ਗਿਆਨ ਸਿੰਘ ਵੀ ਉਪਰੋਕਤ ਜਾਣਕਾਰੀ ਦੀ ਤਸਦੀਕ ਕਰਦਾ ਹੋਇਆ ਰਤਨ ਸਿੰਘ ਭੰਗੂ ਵਾਂਗ ਹੀ ਸਿੰਘਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਤੋਂ ਖੰਡਾ ਖੋਹਣ ਦੀ ਅਤੇ ਗੁਰੂ ਜੀ ਵੱਲੋਂ ਉਸ ਨੂੰ ਪੰਜ ਤੀਰ ਬਖ਼ਸ਼ਣ ਦੀ ਘਟਨਾ ਦਾ ਜ਼ਿਕਰ ਕਰਦਾ ਹੈ।[8] ਸੰਤੋਖ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਵਿੱਚ ਸ਼ਾਮਿਲ ਕਰਨ ਸੰਬੰਧੀ ਲਿਖਦਾ ਹੈ ਕਿ ਗੁਰੂ ਜੀ ਉਸ ਨੂੰ ਕੋਲ ਬਿਠਾ ਕੇ ਆਪਣੇ ਗਲੋਂ ਖੜਗ ਉਤਾਰ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇਣ ਲੱਗੇ ਤਾਂ ਭਾਈ ਦਯਾ ਸਿੰਘ ਤੇ ਧਰਮ ਸਿੰਘ ਰੋ ਪਏ। ਉਨ੍ਹਾਂ ਨੇ ਇਤਰਾਜ਼ ਪ੍ਰਗਟ ਕੀਤਾ ਕਿ ਪੰਥ ਮੁੱਢ ਤੋਂ ਤੁਹਾਡੇ ਨਾਲ ਰਿਹਾ, ਬੜੇ ਕਸ਼ਟ ਸਹੇ। ਜੇ ਖੜਗ ਤੁਸੀਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇ ਦਿੱਤੀ ਤਾਂ ਪੰਥ ਕੀ ਕਰੇਗਾ। ਹੁਣ ਤੱਕ ਪੰਥ ਨੇ ਜੋ ਤੁਹਾਡੀ ਸੇਵਾ ਕੀਤੀ ਤੁਸੀਂ ਉਸ ਦਾ ਕੀ ਮੁੱਲ ਪਾਇਆ? ਦਯਾ ਸਿੰਘ ਤੇ ਧਰਮ ਸਿੰਘ ਨੇ ਰੋਂਦਿਆਂ ਕਿਹਾ ਕਿ ਜੇ ਤੁਸੀਂ ਇਸ

---

6 ਭਾਈ ਸੰਤੋਖ ਸਿੰਘ, *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦ੍ਹਵੀਂ,* (ਸੰਪਾ. ਭਾਈ ਵੀਰ ਸਿੰਘ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਦੂਜਾ, 2011, ਪੰਨੇ 6240-6243.

7 ਰਤਨ ਸਿੰਘ ਭੰਗੂ, *ਉ. ਹ.,* ਪੰਨੇ 76-77.

8 ਗਿਆਨੀ ਗਿਆਨ ਸਿੰਘ, *ਉ. ਹ.*, ਪੰਨਾ 341.

ਨੂੰ ਕੁਝ ਦੇਣਾ ਹੀ ਹੈ ਤਾਂ ਪੰਜ ਤੀਰ ਦੇ ਦਿਉ ਅਤੇ ਖੜਗ ਪੰਥ ਪਾਸ ਰਹਿਣ ਦਿਉ। ਗੁਰੂ ਜੀ ਨੇ ਭਾਈ ਦਯਾ ਸਿੰਘ ਤੇ ਧਰਮ ਸਿੰਘ ਨੂੰ ਸਮਝਾਇਆ ਕਿ ਤੁਸੀਂ ਚਿੰਤਾ ਨਾ ਕਰੋ। ਬਾਬਾ ਬੰਦਾ ਸਿੰਘ ਬਹਾਦਰ ਜੋ ਕਮਾਵੇਗਾ, ਉਸ ਨੂੰ ਖ਼ਾਲਸਾ ਹੀ ਖਾਵੇਗਾ। ਖ਼ਾਲਸਾ ਮੇਰਾ ਪੁੱਤਰ ਹੈ। ਇਹ ਰਾਜਿਆਂ ਨੂੰ ਮਾਰੇਗਾ ਅਤੇ ਖ਼ਾਲਸਾ ਅਰਾਮ ਨਾਲ ਰਹੇਗਾ। ਸਾਰੇ ਦੇਸ਼ 'ਤੇ ਰਾਜ ਖ਼ਾਲਸੇ ਦਾ ਹੀ ਹੋਵੇਗਾ। ਇਸ ਤਰ੍ਹਾਂ ਗੁਰੂ ਜੀ ਖ਼ਾਲਸੇ ਨੂੰ ਵਡਿਔਉਂਦੇ ਹੋਏ, ਬਾਬਾ ਬੰਦਾ ਸਿੰਘ ਬਹਾਦਰ ਤੋਂ ਖੜਗ ਵਾਪਸ ਲੈ ਕੇ, ਉਸ ਨੂੰ ਪੰਜ ਤੀਰ ਬਖ਼ਸ਼ ਦਿੰਦੇ ਹਨ।[9] ਗੰਡਾ ਸਿੰਘ ਵੀ ਮਾਧੋ ਦਾਸ ਦੇ ਗੁਰੂ ਜੀ ਦਾ ਬੰਦਾ ਬਣਨ ਸੰਬੰਧੀ ਜਾਣਕਾਰੀ ਦਿੰਦਾ ਹੈ, ਪਰ ਉਹ ਗੁਰੂ ਜੀ ਦੁਆਰਾ ਮਾਧੋ ਦਾਸ ਦਾ ਨਾਂ ਬੰਦਾ ਸਿੰਘ ਰੱਖਣ ਦੀ ਅਤੇ ਸਿੱਖ ਰਹੁ-ਰੀਤਾਂ ਅਨੁਸਾਰ ਉਸ ਨੂੰ ਅੰਮ੍ਰਿਤ ਛਕਾਉਣ ਦੀ ਪੁਸ਼ਟੀ ਵੀ ਕਰਦਾ ਹੈ।[10] ਗੰਡਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਤੋਂ ਸਿੱਖਾਂ ਵੱਲੋਂ ਖੰਡਾ ਖੋਹਣ 'ਤੇ ਗੁਰੂ ਜੀ ਵੱਲੋਂ ਖੰਡੇ ਦੀ ਥਾਂ ਤੀਰ ਬਖ਼ਸ਼ਣ ਵਾਲੀ ਅਜਿਹੀ ਕੋਈ ਘਟਨਾ ਨਹੀਂ ਦੱਸਦਾ।

ਰਤਨ ਸਿੰਘ ਭੰਗੂ ਲਿਖਦਾ ਹੈ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਹਾ ਕਿ ਜਿਹੜੇ ਸਿੰਘ ਤੈਨੂੰ ਆ ਕੇ ਮਿਲਣ ਉਨ੍ਹਾਂ ਨੂੰ ਆਪਣੇ ਜਥੇ ਵਿਚ ਮਿਲਾ ਲਵੀਂ ਅਤੇ ਜੰਗ ਲੜਨ ਲਈ ਸਭ ਤੋਂ ਮੂਹਰੇ ਲਾ ਲਵੀਂ। ਮਾਝੇ ਦੇ ਸਿੰਘਾਂ ਨੂੰ ਵੀ ਜੰਗ ਦੇ ਵਿੱਚ ਬੁਲਾ ਲਵੀਂ। ਮਾਝੇ ਦੇ ਸਿੰਘ ਬੜੇ ਹੀ ਸੂਰਮੇ ਤੇ ਹੱਠ ਵਾਲੇ ਹਨ। ਇਨ੍ਹਾਂ ਸਿੰਘਾਂ ਤੋਂ ਡਰਦੀ ਤੁਰਕਾਂ ਦੀ ਫ਼ੌਜ ਮੈਦਾਨ ਛੱਡ ਕੇ ਭੱਜ ਜਾਂਦੀ ਹੈ। ਗੁਰੂ ਸਾਹਿਬ ਮਾਝੇ ਦੇ ਸਿੰਘਾਂ ਉੱਪਰ ਬਹੁਤ ਮਿਹਰਬਾਨ ਹਨ। ਉਹ ਬਹੁਤ ਬਹਾਦਰ ਮਹਾਂਬਲੀ ਯੋਧੇ ਹਨ। ਉਹ ਗੁਰੂ ਸਾਹਿਬਾਨ ਦੇ ਸੇਵਕ ਹਨ। ਅਸੀਂ ਉਨ੍ਹਾਂ ਨੂੰ ਗੁਰਿਆਈ ਬਖ਼ਸ਼ੀ ਹੈ ਤੇ ਖ਼ਾਲਸੇ ਦਾ ਰੂਪ ਦਿੱਤਾ ਹੈ। ਸਾਡੇ ਅਤੇ ਉਨ੍ਹਾਂ ਸਿੰਘਾਂ ਵਿੱਚ ਕੋਈ ਭੇਦ ਨਹੀਂ ਹੈ, ਭਾਵ ਉਹ ਖ਼ਾਲਸਾ ਹੈ, ਮੈਂ ਗੁਰੂ ਹਾਂ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਜਾ ਕੇ ਦੁਸ਼ਟਾਂ ਨੂੰ ਸੋਧਣ ਦੀ ਆਗਿਆ ਦੇ ਦਿੱਤੀ ਤੇ ਕਿਹਾ ਕਿ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ, ਤੂੰ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣੀ ਹੈ। ਗੁਰੂ ਜੀ ਨੇ ਜੋ ਵੀ ਹੁਕਮ ਦਿੱਤੇ, ਬਾਬਾ ਬੰਦਾ ਸਿੰਘ ਬਹਾਦਰ ਨੇ ਉਹ ਸਾਰੇ ਕਾਗਜ਼ ਉੱਪਰ ਲਿਖ ਲਏ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਨੂੰ ਕਿਹਾ ਕਿ ਮੇਰੇ ਨਾਲ ਉਨ੍ਹਾਂ ਨੂੰ ਭੇਜਣਾ ਜੋ ਮੈਨੂੰ ਸਿੱਖੀ ਦਾ ਉਪਦੇਸ਼ ਦੱਸਣ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਪੰਜ ਪਿਆਰੇ ਭੇਜੇ। ਇਨ੍ਹਾਂ ਤੋਂ ਇਲਾਵਾ ਬਾਜ ਸਿੰਘ, ਉਸ ਦੇ ਚਾਰ ਭਰਾ ਅਤੇ ਹੋਰ ਵੀ ਕਈ ਵੱਡੇ ਸਿਦਕੀ ਅਤੇ ਗੁਰੂ ਜੀ ਦੇ ਪਿਆਰੇ ਸਿੱਖ ਉਸ ਦੀ ਮਦਦ ਲਈ ਨਾਲ ਭੇਜੇ। ਮਾਝੇ ਦੇ ਸਿੱਖਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲਣ ਲਈ ਹੁਕਮਨਾਮਾ ਵੀ ਭੇਜਿਆ। ਗੁਰੂ ਜੀ ਨੇ ਇਹ ਵੀ

---

9 ਸੰਤੋਖ ਸਿੰਘ, *ੳ. ਰ.*, ਪੰਨੇ 6243-6245.

10 ਗੰਡਾ ਸਿੰਘ, *ੳ. ਰ.,* ਪੰਨੇ 07-08.

ਹੁਕਮ ਦਿੱਤਾ ਕਿ ਜੋ ਖ਼ਾਲਸਾ ਪੰਥ ਦੇ ਦੋਖੀ ਹਨ, ਜਿਨ੍ਹਾਂ ਨੇ ਮੇਰੇ ਨਾਲ ਵੈਰ ਰੱਖਿਆ ਹੈ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ ਅਤੇ ਜੋ ਪਹਾੜੀ ਰਾਜਿਆਂ ਨੇ ਧੋਖਾ ਕੀਤਾ ਹੈ। ਇਨ੍ਹਾਂ ਪਹਾੜੀ ਰਾਜਿਆਂ ਨੂੰ ਖ਼ੂਬ ਲੁੱਟੋ। ਪਹਿਲਾਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਮਾਰ ਲੈਣਾ ਅਤੇ ਇਸ ਦੀ ਲੋਥ ਨੂੰ ਚੰਗੀ ਤਰ੍ਹਾਂ ਖਰਾਬ ਕਰਨਾ।[11]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਹਿੰਦੇ ਹਨ ਕਿ ਜਦੋਂ ਤੂੰ ਕੋਈ ਕਾਰਜ ਕਰਨਾ ਹੈ ਤਾਂ ਪੰਜ ਸਿੰਘਾਂ ਨੂੰ ਇਕੱਠੇ ਕਰਕੇ ਅਰਦਾਸ ਬੇਨਤੀ ਕਰੀਂ, ਤੇਰੇ ਸਭ ਕਾਰਜ ਰਾਸ ਹੋਣਗੇ। ਨਾਲ ਹੀ ਮਾਝੇ ਤੇ ਮਾਲਵੇ ਦੇ ਸਿੰਘਾਂ ਨੂੰ ਹੁਕਮਨਾਮੇ ਭੇਜ ਕੇ ਤੂੰ ਉਨ੍ਹਾਂ ਨਾਲ ਮੁਲਾਕਾਤ ਕਰ। ਤੂੰ ਸਿੰਘਾਂ ਨਾਲ ਹਮੇਸ਼ਾ ਮੇਲ -ਮਿਲਾਪ ਰੱਖੀਂ, ਜੋ ਵੀ ਧਨ ਦੌਲਤ ਮਿਲਦੀ ਹੈ, ਉਸ ਨੂੰ ਵੰਡ ਕੇ ਰੱਖੀਂ, ਆਪਣੇ ਆਪ ਨੂੰ ਕਦੇ ਵੀ ਗੁਰੂ ਨਾ ਅਖਵਾਈਂ, ਨਾ ਹੀ ਕਦੇ ਵਿਆਹ ਕਰਵਾਈਂ, ਆਪਣਾ ਪੰਥ ਨਾ ਚਲਾਈਂ, ਗੁਰਗੱਦੀ ‘ਤੇ ਪੈਰ ਨਾ ਪਾਵੀਂ, ਮਨ ‘ਚ ਕਦੇ ਵੀ ਹੰਕਾਰ ਨਾ ਲੈ ਕੇ ਆਵੀਂ, ਸਿੰਘਾਂ ਨਾਲ ਕਦੇ ਵੀ ਵਿਗਾੜੀਂ ਨਾ, ਜੇ ਤੂੰ ਇਨ੍ਹਾਂ ਦੀ ਇੱਕ ਮੰਨੇਂਗਾ ਤਾਂ ਇਹ ਤੇਰੀਆਂ ਦਸ ਮੰਨਣਗੇ, ਤੂੰ ਇਨ੍ਹਾਂ ਨੂੰ ਕਦੇ ਲੁੱਟਮਾਰ ਕਰਨ ਤੋਂ ਨਾ ਰੋਕੀਂ, ਪਰ ਤੂੰ ਆਪ ਹਮੇਸ਼ਾ ਤਿਆਗੀ ਬਣਿਆ ਰਹੀਂ। ਜੇ ਤੂੰ ਮੇਰੇ ਬਚਨਾਂ ‘ਤੇ ਪੂਰਾ ਰਹੇਂਗਾ ਤਾਂ ਸਦਾ ਹੀ ਸੁਖ ਤੇ ਵਡਿਆਈ ਪਾਵੇਂਗਾ। ਜੇ ਤੂੰ ਮੇਰੇ ਬਚਨਾਂ ਦੀ ਉਲੰਘਣਾ ਕਰੇਂਗਾ ਤਾਂ ਤੈਨੂੰ ਦੋਜ਼ਖ਼ ਭੋਗਣਾ ਪਵੇਗਾ। ਗੁਰੂ ਜੀ ਨੇ ਜੋ ਵੀ ਬਚਨ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਖੇ, ਉਸ ਨੇ ਉਹ ਲੜ ਬੰਨ੍ਹ ਲਏ। ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਤੋਂ ਕੁਝ ਸਿੰਘਾਂ ਦਾ ਸਾਥ ਮੰਗਦਾ ਹੈ ਤਾਂ ਗੁਰੂ ਜੀ ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਬਾਜ਼ ਸਿੰਘ, ਭਾਈ ਬਿਜੈ ਸਿੰਘ ਅਤੇ ਭਾਈ ਰਾਮ ਸਿੰਘ ਨਾਂ ਦੇ ਸਿੰਘਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜਾਣ ਦਾ ਹੁਕਮ ਕਰਦੇ ਹਨ। ਗੁਰੂ ਜੀ ਸਿੰਘਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਹੁਕਮ ‘ਚ ਰਹਿਣ, ਸਾਹਿਬਜ਼ਾਦਿਆਂ ਦਾ ਬਦਲਾ ਲੈਣ, ਤੁਰਕਾਂ ਦਾ ਰਾਜ ਖ਼ਤਮ ਕਰਨ, ਆਪਸ ‘ਚ ਮੇਲ-ਜੋਲ ਪਿਆਰ ਬਣਾਈ ਰੱਖਣ ਦੀ ਤਾਕੀਦ ਕਰਦੇ ਹਨ। ਗੁਰੂ ਜੀ ਨੇ ਇਨ੍ਹਾਂ ਪੰਜ ਸਿੰਘਾਂ ਤੋਂ ਇਲਾਵਾ ਪੱਚੀ ਸਿੰਘ ਹੋਰ ਦੇ ਕੇ, ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਤੋਰਿਆ।[12] ਜਦੋਂ ਕਿ ਗੰਡਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨਾਲ ਆਉਣ ਵਾਲਿਆਂ ਪੰਜ ਪਿਆਰਿਆ ਦੇ ਨਾਂ ਭਾਈ ਬਿਨੋਦ ਸਿੰਘ, ਕਾਨ੍ਹ ਸਿੰਘ, ਬਾਜ਼ ਸਿੰਘ, ਦਇਆ ਸਿੰਘ ਅਤੇ ਰਣ ਸਿੰਘ ਲਿਖਦਾ ਹੈ।[13]

ਸੰਤੋਖ ਸਿੰਘ ਮੁਤਾਬਿਕ ਗੁਰੂ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਤੀ-ਸਤੀ ਤੇ ਬ੍ਰਹਮਚਾਰੀ ਬਣੇ ਰਹਿਣ ਦੀ ਨਸੀਹਤ ਕਰਦੇ ਹਨ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਮਨਾ ਦਰਿਆ ਤੋਂ ਪਾਰ ਪੰਜਾਬ

---

11 ਰਤਨ ਸਿੰਘ ਭੰਗੂ, *ਉ. ਰ.*, ਪੰਨੇ 77-78.

12 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 342-344.

13 ਗੰਡਾ ਸਿੰਘ, *ਉ. ਰ.*, ਪੰਨਾ 12.

ਪਹੁੰਚ ਕੇ ਡੇਰਾ ਲਾਉਣ ਦੀ ਹਦਾਇਤ ਵੀ ਦਿੱਤੀ ਅਤੇ ਕਿਹਾ ਕਿ ਉੱਥੇ ਉਹ ਦੁਸ਼ਟਾਂ ਨੂੰ ਮਾਰ ਕੇ ਫ਼ੇਰ ਬੂੜੀਏ ਤੋਂ ਕੁਝ ਪਰ੍ਹੇ ਜਾ ਕੇ ਇੱਕ ਉੱਚੀ ਥਾਂ ਦੇਖ ਕੇ ਡੇਰਾ ਕਰ ਲਵੇ ਅਤੇ ਸਿੰਘਾਂ ਨੂੰ ਇੱਥੋਂ ਹੁਕਮਨਾਮੇ ਭੇਜੇ। ਇਹ ਹੁਕਮਨਾਮੇ ਦੇਖਦੇ ਹੀ ਸਿੰਘ ਉਸ ਨੂੰ ਆ ਮਿਲਣਗੇ। ਫ਼ੇਰ ਰਲਕੇ ਸਾਰਾ ਦੇਸ਼ ਲੁੱਟ ਲੈਣਾ। ਜਿਨ੍ਹਾਂ ਨਾਲ ਲੜਨ ਲਈ ਭੇਜਿਆ ਹੈ, ਉਨ੍ਹਾਂ ਨੂੰ ਮਾਰ ਦੇਣਾ। ਪਹਿਲਾਂ ਸਢੌਰੇ ਨੂੰ ਲੁੱਟ ਕੇ ਬਰਬਾਦ ਕਰ ਦੇਣਾ, ਫ਼ੇਰ ਸਰਹਿੰਦ ਵੱਲ ਵੱਧਣਾ ਅਤੇ ਵਜ਼ੀਰ ਖਾਂ ਨੂੰ ਮਾਰ ਕੇ ਸਰਹਿੰਦ ਨੂੰ ਬਰਬਾਦ ਕਰ ਦੇਣਾ। ਸੁਨਾਮ ਨੂੰ ਨਾ ਲੁੱਟਣਾ, ਕਿਉਂਕਿ ਉੱਥੇ ਭਾਈ ਮੂਲ ਚੰਦ ਦਾ ਨਿਵਾਸ ਹੈ। ਸਾਰੇ ਦੇਸ਼ ਵਿੱਚ ਘਮਸਾਨ ਮਚਾ ਦੇਣਾ ਅਤੇ ਫ਼ੇਰ ਪਹਾੜਾਂ ਵਿੱਚ ਪ੍ਰਵੇਸ਼ ਕਰਨਾ। ਉੱਥੇ ਦੇ ਰਾਜੇ-ਰਾਣਿਆਂ ਨੂੰ ਨਸ਼ਟ ਕਰ ਦੇਣਾ। ਸਭ ਮੁਸਲਮਾਨ ਹਾਕਮਾਂ ਅਤੇ ਪਹਾੜੀ ਰਾਜਿਆਂ ਨੂੰ ਮਾਰ ਕੇ ਹੀ ਘਰ ਮੁੜਣਾ। ਤੁਸੀਂ ਅਜਿਹਾ ਬਦਲਾ ਲੈਣਾ ਕਿ ਦੇਸ਼ ਯਾਦ ਰੱਖੇ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਕਿ ਉਹ ਏਨੀ ਵੱਡੀ ਜਿੰਮੇਵਾਰੀ ਕਿੰਝ ਨਿਭਾਏਗਾ ਤਾਂ ਗੁਰੂ ਜੀ ਨੇ ਕਿਹਾ ਕਿ ਲੱਖਾਂ ਹਜ਼ਾਰਾਂ ਅਕਾਲੀ ਤੇਰਾ ਸਾਥ ਦੇਣਗੇ। ਪਰ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਜਦੋਂ ਤੱਕ ਤੂੰ ਨਿੱਜਪੁਣੇ ਤੋਂ ਨਿਰਲੇਪ ਰਹੇਂਗਾ ਖ਼ਾਲਸਾ ਤੇਰੇ ਨਾਲ ਨਿਭੇਗਾ। ਜੇ ਤੂੰ ਲੰਗੋਟਬੰਦ ਨਹੀਂ ਰਹੇਂਗਾ ਤਾਂ ਤੇਰੇ ਨਾਲ ਕੁਠਾਲੀ ਵਿੱਚ ਪਏ ਸੋਨੇ ਵਾਲੀ ਬਣੇਗੀ ਭਾਵ ਤੂੰ ਗਲ ਜਾਵੇਂਗਾ। ਤ੍ਰੇਹਨ ਖ਼ਾਨਦਾਨ ਦੇ ਦੋਵੇਂ ਸਾਹਿਬਜ਼ਾਦੇ ਬਾਬਾ ਕਾਨ੍ਹ ਸਿੰਘ ਤੇ ਬਾਬਾ ਬਿਨੋਦ ਸਿੰਘ, ਤੀਜਾ ਬਾਜ਼ ਸਿੰਘ, ਜਿਸ ਨੇ ਮੇਰੇ ਤੋਂ ਅੰਮ੍ਰਿਤ ਛਕਿਆ ਹੈ, ਇਹ ਤਿੰਨੇ ਤੇਰੇ ਨਾਲ ਰਹਿਣਗੇ। ਇਸ ਲਈ ਤਿਆਰ ਹੋਵੋ। ਪੰਜ ਤੀਰ ਸੰਭਾਲੋ ਤੇ ਜਾ ਕੇ ਬਦਲਾ ਲਉ।[14]

ਰਤਨ ਸਿੰਘ ਭੰਗੂ ਅਨੁਸਾਰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰਨ ਲੱਗਿਆ ਤਾਂ ਖ਼ਾਲਸੇ ਨੇ ਗੁਰੂ ਜੀ ਦੇ ਅੱਗੇ ਅਰਦਾਸ ਕੀਤੀ ਕਿ ਹਜ਼ੂਰ ਨੇ ਸਾਨੂੰ ਖ਼ਾਲਸੇ ਦੀ ਪਾਤਸ਼ਾਹੀ ਦਿੱਤੀ ਹੈ, ਤੁਹਾਡੇ ਬਲ ਆਸਰੇ ਖ਼ਾਲਸਾ ਤੁਰਕਾਂ ਨੂੰ ਮਾਰੇਗਾ, ਆਪ ਜੀ ਦਾ ਹੁਕਮ ਦਰਗਾਹੋਂ ਲਿਖਿਆ ਆਇਆ ਹੈ, ਜਿਸ ਤੋਂ ਅਸੀਂ ਜਾਣ ਗਏ ਹਾਂ ਕਿ ਤੁਰਕ ਦਰਗਾਹ ਤੋਂ ਹੀ ਮਾਰੇ ਗਏ ਹਨ। ਜੇ ਅਸੀਂ ਤੁਰਕਾਂ ਨੂੰ ਖ਼ਤਮ ਕਰ ਦਿੱਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਚਾਹਿਆ ਕਿ ਹੁਣ ਮੈਂ ਖ਼ਾਲਸੇ ਦਾ ਪਾਤਸ਼ਾਹ ਬਣ ਜਾਵਾਂ, ਤਾਂ ਅਸੀਂ ਇਸ ਦੇ ਨਾਲ ਨਹੀਂ ਰਹਾਂਗੇ। ਜਦੋਂ ਗੁਰੂ ਜੀ ਨੇ ਖ਼ਾਲਸੇ ਤੋਂ ਇਹ ਸੁਣਿਆ ਤਾਂ ਬਹੁਤ ਖੁਸ਼ ਹੋਏ ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੁਕਮ ਦਿੱਤਾ ਕਿ ਜਦੋਂ ਤੂੰ ਖ਼ਾਲਸੇ ਨੂੰ ਨਾ ਮੰਨਿਆ ਤਾਂ ਤੇਰੀ ਬੜੀ ਹਾਨੀ ਹੋਵੇਗੀ। ਜੇ ਤੂੰ ਸਿੰਘਾਂ ਨੂੰ ਖੁਸ਼ ਰੱਖੇਂਗਾ ਤਾਂ ਆਪ ਵੀ ਸਦਾ ਸੁਖੀ ਰਹੇਂਗਾ ਜੇ ਤੂੰ ਸਿੰਘਾਂ ਨੂੰ ਦੁੱਖ ਦੇਵੇਂਗਾ ਤਾਂ ਤੂੰ ਖ਼ੁਦ ਵੀ ਦੁੱਖ ਪਾਵੇਂਗਾ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਦੇ ਹੁਕਮ ਮੰਨ ਲਏ ਅਤੇ ਖ਼ਾਲਸਾ ਵੀ ਉਸ ਦੇ ਨਾਲ ਉਸੇ ਘੜੀ ਪੰਜਾਬ ਵਲ ਤੁਰ ਪਿਆ। ਗੁਰੂ ਜੀ ਤੋਂ

---

14 ਭਾਈ ਸੰਤੋਖ ਸਿੰਘ, *ਉ. ਰ.*, ਪੰਨੇ 6245-6250,

ਹੁਕਮਨਾਮੇ ਲਿਖਵਾ ਲਏ, ਇਹ ਹੁਕਮਨਾਮੇ ਪੰਜਾਬ 'ਚ ਰਹਿੰਦੇ ਮਾਝੇ ਤੇ ਮਾਲਵੇ ਦੇ ਸਿੰਘਾਂ ਲਈ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਨੂੰ ਕੋਈ ਰਿਧੀ-ਸਿਧੀ ਦੀ ਕਲਾ ਬਖ਼ਸ਼ਣ ਲਈ ਬੇਨਤੀ ਵੀ ਕੀਤੀ। ਉਸ ਨੇ ਗੁਰੂ ਜੀ ਨਾਲ ਵਾਅਦਾ ਕੀਤਾ ਕਿ ਜੇ ਮੈਂ ਸਿੰਘਾਂ ਨਾਲ ਕਦੇ ਧੋਖਾ ਜਾਂ ਦਗਾ ਕਮਾਂਵਾਂ, ਤਾਂ ਮੇਰੇ ਕੋਲ ਜੋ ਵੀ ਅਗਲੀ ਸ਼ਕਤੀ ਹੈ ਉਹ ਖੋਹ ਲੈਣਾ, ਗੁਰੂ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਫ਼ੇਰ ਕਹਿੰਦੇ ਹਨ ਕਿ ਅਸੀਂ ਤਾਂ ਸਾਰੀ ਭਗਤੀ ਤੇ ਸ਼ਕਤੀ ਖ਼ਾਲਸੇ ਨੂੰ ਬਖ਼ਸ਼ ਦਿੱਤੀ ਹੈ। ਖ਼ਾਲਸਾ ਪੰਥ ਵਿੱਚ ਹੀ ਤੈਨੂੰ ਰਲਾਇਆ ਹੈ। ਤੂੰ ਵੀ ਖ਼ਾਲਸੇ ਵਿੱਚੋਂ ਆਪਣਾ ਹਿੱਸਾ ਲੈ ਲਵੀਂ, ਤੂੰ ਪੰਜ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰੀਂ, ਜੋ ਵੀ ਤੇਰੀ ਮੁਰਾਦ ਹੋਵੇਗੀ, ਪੂਰੀ ਹੋ ਜਾਵੇਗੀ। ਇਹ ਹੁਕਮ ਸੁਣਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਚੜ੍ਹਾਈ ਕਰ ਦਿੱਤੀ ਤੇ ਖ਼ਾਲਸੇ ਦੇ ਡੇਰੇ ਸਰਹਿੰਦ ਵੱਲ ਚਾਲੇ ਪਾ ਦਿੱਤੇ।[15*]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਦੇ ਬਚਨਾਂ ਦੀ ਪਰਖ ਕਰਨ ਲਈ ਸਾਰੇ ਸਿੰਘਾਂ ਨੂੰ ਸੱਦ ਕੇ ਦੀਵਾਨ ਸਜਾਇਆ। ਉਸ ਨੇ ਪੰਜ ਮੁਖੀ ਸਿੰਘਾਂ ਤੋਂ ਸਰਬੱਤ ਖ਼ਾਲਸਾ ਸਮੇਤ ਇਕ ਮਨ-ਚਿੱਤ ਹੋ ਕੇ ਗੁਰੂ ਦੇ ਚਰਨਾਂ ਵਿਚ ਅਰਦਾਸ ਕਰਵਾਈ ਕਿ ਸਾਡੇ ਕੋਲ ਹੁਣ ਖਰਚ ਦੀ ਤੋਟ ਹੈ, ਜੋ ਖਰਚਾ ਆ ਰਿਹਾ ਹੈ, ਉਸ ਲਈ ਸਾਨੂੰ ਮਾਇਆ ਦੀ ਲੋੜ ਹੈ ਤਾਂ ਇਹ ਅਰਦਾਸ ਪ੍ਰਵਾਨ ਹੁੰਦੀ ਹੈ ਤੇ ਲੁਬਾਣੇ ਸਿੱਖਾਂ ਦਾ ਇੱਕ ਜਥਾ ਉੱਥੇ ਹਾਜ਼ਰ ਹੋ ਜਾਂਦਾ ਹੈ ਤੇ ਉਹ ਹਜ਼ਾਰ ਰੁਪਏ ਦਸਵੰਧ ਬਾਬਾ ਬੰਦਾ ਸਿੰਘ ਬਹਾਦਰ ਅੱਗੇ ਰੱਖ ਦਿੰਦੇ ਹਨ। ਇਸ ਤਰ੍ਹਾਂ ਉਸ ਦਿਨ ਤੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸੇ ਨਾਲ ਪਿਆਰ ਵੱਧ ਗਿਆ। ਉਸ ਦੇ ਮਨ ਵਿਚ ਖ਼ਾਲਸੇ ਲਈ ਪੂਰਾ ਭਰੋਸਾ ਪੈਦਾ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ 'ਅਕਾਲ ਉਸਤਤਿ' ਤੇ 'ਚੰਡੀ ਦੀ ਵਾਰ' ਦੇ ਪਾਠ ਹਰ ਰੋਜ਼ ਕਰਵਾਉਂਦਾ ਸੀ। ਗੁਰੂ ਦੀ ਸੰਗਤ ਤੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਵਾਉਂਦਾ ਸੀ। ਉਹ ਆਪਣੇ ਮੁੱਖੋਂ ਸਦਾ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਪ੍ਰਪੱਕ ਤਿਆਰ-ਬਰ-ਤਿਆਰ ਸਿੰਘਾਂ ਨੂੰ ਲੈ ਕੇ ਪੰਜਾਬ 'ਤੇ ਚੜ੍ਹਾਈ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਜਿੱਥੇ ਵੀ ਰਸਤੇ 'ਚ ਪੜਾਅ ਕਰਦਾ, ਗੁਰੂ ਦੇ ਸਿੱਖ ਉਸ ਨੂੰ ਵੱਖ-ਵੱਖ ਪਦਾਰਥ ਭੇਂਟ ਕਰਦੇ। ਬਾਬਾ ਬੰਦਾ ਸਿੰਘ ਬਹਾਦਰ ਕੋਲ ਜਿਹੜੇ ਬੀਰ ਸਨ, ਉਹ ਸਿੱਖਾਂ ਦੀ ਅਰਦਾਸ ਸੁਣ ਕੇ ਆਉਂਦੇ ਸਨ। ਜੇ ਉਸ ਤੋਂ ਕੋਈ ਪੁੱਤਰ ਮੰਗਦਾ ਤਾਂ ਉਹ ਅਕਾਲ ਪੁਰਖ ਤੋਂ ਪੁੱਤਰ ਦਿਵਾ ਦਿੰਦਾ। ਜੇ ਕੋਈ ਦੁੱਧ ਮੰਗਦਾ ਤਾਂ ਉਸ ਨੂੰ ਦੁੱਧ ਦੀ ਬਖ਼ਸ਼ਿਸ਼ ਕਰ ਦਿੰਦਾ। ਜੇ ਕੋਈ ਦੁੱਖੀ ਉਸ ਦੀ ਸ਼ਰਨ 'ਚ ਆਉਂਦਾ ਤਾਂ ਖ਼ਾਲਸੇ ਤੋਂ ਅਰਦਾਸ ਕਰਵਾ ਕੇ ਉਸ ਦਾ ਦੁੱਖ ਮਿਟਾ ਦਿੰਦਾ ਅਤੇ ਉਨ੍ਹਾਂ ਤੋਂ

---

15 ਰਤਨ ਸਿੰਘ ਭੰਗੂ, *ਉ. ਰ.*, ਪੰਨੇ 78-79.

* ਡਾ. ਗੰਡਾ ਸਿੰਘ ਰਚਿਤ ਬੰਦਾ ਸਿੰਘ ਬਹਾਦਰ ਦੇ ਪੰਨਾ 19 ਤੋਂ 21 ਤੱਕ ਜਿਸ ਵਿੱਚ ਪੁਰਾਣੇ ਇਤਿਹਾਸਕਾਰਾਂ ਦੇ ਹਵਾਲਿਆ ਦੇ ਨਾਲ ਇਹ ਸਿੱਧ ਕੀਤਾ ਗਿਆ ਹੈ ਕਿ ਮਾਧੋ ਦਾਸ, ਅੰਮ੍ਰਿਤ ਛਕ ਕੇ ਬੰਦਾ ਸਿੰਘ ਬਹਾਦਰ ਬਣ ਗਿਆ ਸੀ।

ਵਾਹਿਗੁਰੂ ਦਾ ਜਾਪ ਕਰਵਾਉਂਦਾ। ਬਾਬਾ ਬੰਦਾ ਸਿੰਘ ਬਹਾਦਰ ਦਾ ਦਬਦਬਾ ਸਾਰੇ ਸੰਸਾਰ ਵਿਚ ਜਮ ਗਿਆ। ਉਸ ਨੂੰ ਰਾਜੇ ਵੀ ਅਤੇ ਗ਼ਰੀਬ ਵੀ ਸਾਰੇ ਆ ਕੇ ਮਿਲਦੇ ਸਨ। ਦੂਰੋਂ ਜੋ ਵੀ ਕੋਈ ਬੰਦਾ ਸਿੰਘ ਦੀ ਨਿੰਦਿਆ ਕਰਦਾ ਸੀ, ਪਰ ਜਦੋਂ ਖ਼ਾਲਸਾ ਪੰਥ ਦੇ ਨੇੜੇ ਆਉਂਦਾ ਤਾਂ ਉਸ ਦੇ ਚਰਨੀਂ ਲਗ ਜਾਂਦਾ। ਜੇ ਕੋਈ ਸਿੰਘ ਸਜ ਕੇ ਸ਼ਸਤਰਾਂ ਨਾਲ ਤਿਆਰ-ਬਰ-ਤਿਆਰ ਹੋ ਕੇ ਆਉਂਦਾ ਤਾਂ ਉਸ ਨੂੰ ਆਪਣੀ ਫ਼ੌਜ ਵਿਚ ਸ਼ਾਮਿਲ ਕਰ ਲੈਂਦਾ ਸੀ।[16]

ਗਿਆਨੀ ਗਿਆਨ ਸਿੰਘ ਦੇ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਸੰਮਤ 1764 ਬਿਕ੍ਰਮੀ ਵਿੱਚ ਗੁਰੂ ਜੀ ਤੋਂ ਆਗਿਆ ਲੈ ਕੇ ਜ਼ਾਲਮਾਂ ਨੂੰ ਸੋਧਣ ਲਈ ਨਾਂਦੇੜ ਤੋਂ ਪੰਜਾਬ ਵੱਲ ਚਾਲੇ ਪਾ ਦਿੰਦਾ ਹੈ। ਹੌਲੀ-ਹੌਲੀ ਉਸ ਦਾ ਦਬਦਬਾ ਸਾਰੇ ਦੇਸ਼ ਵਿਚ ਫ਼ੈਲ ਜਾਂਦਾ ਹੈ ਅਤੇ ਮੁਗਲ ਉਸ ਤੋਂ ਥ਼ਰ-ਥ਼ਰ ਕੰਬਣ ਲੱਗਦੇ ਹਨ। ਗੁਰੂ ਨੇ ਉਸ ਦੀ ਮਦਦ ਲਈ ਹੋਰ ਵੀ ਕਈ ਯੋਧੇ ਬਲਕਾਰੀ ਸਿੰਘ ਸੂਰਮੇ ਉਸ ਦੇ ਨਾਲ ਭੇਜੇ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਚੱਲ ਕੇ ਗੌਂਡ ਦੇਸ਼ ਰਾਜਪੂਤਾਨੇ ਪਹੁੰਚ ਗਿਆ (ਜਿਸ ਨੂੰ ਅੱਜ ਕਲ੍ਹ ਰਾਜਸਥਾਨ ਕਿਹਾ ਜਾਂਦਾ ਹੈ)। ਬਾਬਾ ਬੰਦਾ ਸਿੰਘ ਬਹਾਦਰ ਨੇ ਇੱਥੇ ਗੁਰੂ ਜੀ ਦੇ ਬਚਨ ਪਰਖਣ ਲਈ ਅਰਦਾਸ ਕੀਤੀ ਕਿ ਰਸਦ ਦੇ ਲਈ ਖਰਚ ਦਾ ਇੰਤਜ਼ਾਮ ਹੋਵੇ। ਅਰਦਾਸ ਕੀਤੀ ਨੂੰ ਦੋ ਕੁ ਪਹਿਰ ਹੀ ਲੰਘੇ ਸਨ ਕਿ ਲੁਬਾਣਿਆਂ ਸਿੱਖਾਂ ਦਾ ਇੱਕ ਸਮੂਹ ਉੱਥੇ ਪਹੁੰਚ ਗਿਆ ਅਤੇ ਦਸਵੰਧ ਦੇ ਰੂਪ ਵਿਚ ਉਨ੍ਹਾਂ ਨੇ 500 ਰੁਪਏ ਭੇਟ ਕੀਤੇ। ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਸਾਰਾ ਧੰਨ ਸਿੰਘਾਂ ਵਿਚ ਹੀ ਵੰਡ ਦਿੱਤਾ, ਬਾਬਾ ਬੰਦਾ ਸਿੰਘ ਬਹਾਦਰ ਬਿਨਾਂ ਮੁੱਲ ਦਿੱਤੇ ਕਿਸੇ ਕੋਲੋਂ ਕੋਈ ਵੀ ਚੀਜ਼ ਨਹੀਂ ਸੀ ਲੈਂਦਾ। ਉਹ ਨਿੱਤ ਪ੍ਰਸ਼ਾਦ ਬਣਾ ਕੇ ਗੁਰੂ ਦਾ ਭੋਗ ਲਵਾ ਕੇ, ਸੰਗਤ ਨੂੰ ਵਰਤਾਉਂਦਾ ਸੀ। ਸਿੰਘਾਂ ਨੂੰ ਬਹੁਤ ਖੁਸ਼ ਰੱਖਦਾ ਸੀ। ਕਦੇ ਮੂੰਹੋਂ ਕੌੜਾ ਸ਼ਬਦ ਨਹੀਂ ਬੋਲਦਾ ਸੀ। ਇਕ ਦਿਨ ਸਿੰਘਾਂ ਨੇ ਜੰਗਲ ਵਿਚ ਉਤਾਰਾ ਕੀਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਜ਼ਮਤ ਨੂੰ ਪਰਖਣ ਲਈ ਸਿੰਘਾਂ ਨੇ ਇਕ ਤਰਕੀਬ ਬਣਾਈ ਕਿ ਅਸੀਂ ਆਪਣੇ-ਆਪਣੇ ਘਰ ਜਾਣਾ ਹੈ। ਸਾਨੂੰ 100-100 ਰੁਪਏ ਚਾਹੀਦੇ ਹਨ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਨੇ ਕੁਝ ਸਮਾਂ ਸ਼ਾਂਤ ਚਿੱਤ ਹੋ ਕੇ ਕੁਦਰਤ ਵੱਲ ਧਿਆਨ ਲਾਇਆ ਅਤੇ ਜਿੱਥੇ ਉਹ ਰੁਕੇ ਸੀ, ਉੱਥੇ ਹੀ ਜ਼ਮੀਨ ਖੋਦੀ ਤਾਂ ਉੱਥੋਂ ਅਸ਼ਰਫ਼ੀਆਂ ਦਾ ਥੈਲਾ ਨਿਕਲ ਆਇਆ। ਉਸ ਨੇ ਅਸ਼ਰਫ਼ੀਆਂ ਸਾਰੇ ਸਿੰਘਾਂ ਨੂੰ ਮੁੱਠੀਆਂ ਭਰ-ਭਰ ਕੇ ਵੰਡ ਦਿੱਤੀਆਂ। ਇਸ ਤਰ੍ਹਾਂ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਜ਼ਮਤ ਨੂੰ ਪਰਖਿਆ, ਪਰ ਮੁੜ ਕੇ ਕੋਈ ਗੱਲ ਨਾ ਕੀਤੀ। ਇਕ ਦਿਨ ਨਾਰਨੌਲ ਦੇ ਨੇੜੇ ਇਕ ਪਿੰਡ ਨੂੰ ਲੁਟੇਰੇ ਲੁੱਟਣ ਆਏ, ਉੱਥੋਂ ਦੇ ਲੋਕ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਰਨ ਵਿੱਚ ਆ ਗਏ।[17] ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਡਾਕੂਆਂ ਦੇ 70 ਬੰਦੇ ਆਪਣੇ ਸਿੰਘਾਂ

---

16 ਰਤਨ ਸਿੰਘ ਭੰਗੂ, *ਉਹੀ,* ਪੰਨੇ 79-80.

17 ਗਿਆਨੀ ਗਿਆਨ ਸਿੰਘ, *ੳ. ਰ.,* ਪੰਨੇ 358-359

ਤੋਂ ਮਰਵਾ ਦਿੱਤੇ, ਦੂਸਰੇ ਦਿਨ ਉਨ੍ਹਾਂ ਲੁਟੇਰਿਆਂ ਦੀ ਮਦਦ ਲਈ ਫ਼ੌਜਦਾਰ ਚੜ੍ਹ ਆਇਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀ ਸ਼ਕਤੀ ਨਾਲ ਉਸ ਨੂੰ ਅੰਨ੍ਹਾ ਕਰ ਦਿੱਤਾ ਤੇ ਉਸ ਦੇ ਘੋੜੇ ਖੋਹ ਲਏ। ਉਹ ਘੋੜੇ ਹਰ ਇੱਕ ਸਿੰਘ ਨੇ ਦੋ-ਦੋ ਵੰਡ ਲਏ। ਅੱਗੇ ਜਾ ਕੇ ਸਿੰਘਾਂ ਨੂੰ ਜਦੋਂ ਹੋਰ ਸਿੱਖ ਮਿਲੇ ਤਾਂ ਉਨ੍ਹਾਂ ਨੂੰ ਵੀ ਘੋੜੇ ਦੇ ਦਿੱਤੇ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਦਾ ਚਾਰੇ ਪਾਸੇ ਰੌਲਾ ਪੈ ਗਿਆ। ਇਸ ਘਟਨਾ ਤੋਂ ਬਆਦ ਬਾਬਾ ਬੰਦਾ ਸਿੰਘ ਬਹਾਦਰ ਸੇਹਰੀ-ਖੰਡਾ ਪਿੰਡ ਵਿਚ ਉਤਾਰਾ ਕਰਦਾ ਹੈ ਅਤੇ ਉਹ ਪੰਜਾਬ ਦੇ ਸਿੰਘਾਂ ਨੂੰ ਹੁਕਮਨਾਮੇ ਭੇਜਦਾ ਹੈ।[18] ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਰਬੱਤ ਦੇ ਭਲੇ ਲਈ ਅਰਦਾਸਾਂ ਕਰਨ ਵਾਲਾ ਲਿਖਦਾ ਹੈ।[19] ਗੰਡਾ ਸਿੰਘ ਵੀ ਡਾਕੂਆਂ ਨੂੰ ਮਾਰਨ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[20]

## ਬਾਬਾ ਬੰਦਾ ਸਿੰਘ ਬਹਾਦਰ ਦਾ ਮੁਗਲਾਂ ਨਾਲ ਸੰਘਰਸ

ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਅਤੇ ਕੇਸਰ ਸਿੰਘ ਛਿੱਬਰ ਸੇਹਰੀ-ਖੰਡੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਪਹਿਲਾਂ ਪੜਾਅ ਕਰਨ ਦੀ ਗੱਲ ਲਿਖਦੇ ਹਨ।[21] ਫ਼ਾਰਸੀ ਦਾ ਵਿਦਵਾਨ ਮੁਹੰਮਦ ਸ਼ਫ਼ੀ ਵਰੀਦ ਆਪਣੀ ਲਿਖਤ 'ਮੀਰਾਂਤ-ਏ-ਵਰੀਦਾਤ' ਵਿੱਚ ਬੜੀ ਸਪੱਸ਼ਟਤਾ ਨਾਲ ਖਰਖੌਦਾ ਕਸਬੇ ਕੋਲ ਸਥਿਤ ਸੇਹਰੀ-ਖੰਡੇ ਨਾਮੀ ਦੋ ਪਿੰਡਾਂ ਦੀ ਜੂਹ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਨਾਂਦੇੜ ਤੋਂ ਪੰਜਾਬ ਆ ਕੇ ਪਹਿਲਾ ਪੜਾਅ ਕਰਨ ਦੀ ਵਕਾਲਤ ਕਰਦਾ ਹੈ।[22] ਤੇਜਾ ਸਿੰਘ ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਆਪਣੀ ਮੁਹਿੰਮ ਦੀ ਸ਼ੁਰੂਆਤ ਸੇਹਰੀ ਖੰਡਾ ਨੇੜਿਓਂ ਸ਼ੁਰੂ ਕਰਨ ਦੀ ਪੁਸ਼ਟੀ ਕਰਦੇ ਹਨ।[23] ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਆਪਣੀ ਮੁਹਿੰਮ ਸੇਹਰੀ ਖੰਡਾ ਤੋਂ ਸ਼ੁਰੂ ਕਰਨ ਦੀ ਗੱਲ ਕਰਦਾ ਹੈ।[24]

---

18 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 360.

19 ਗੰਡਾ ਸਿੰਘ, *ਉ. ਰ.,* ਪੰਨਾ, 14.

20 ਗੰਡਾ ਸਿੰਘ, *ਉਹੀ,* ਪੰਨਾ, 15.

21 ਰਤਨ ਸਿੰਘ ਭੰਗੂ, *ਉ. ਰ.,* ਪੰਨਾ 86; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 359; ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਡੀਸ਼ਨ ਦੂਜਾ, 2005, ਪੰਨੇ 195-196.

22 Mohd. Shafi Warid, *Mirat-I-Waridat (1734),* in J.S. Grewal and Irfan Habeeb (Eds.), Sikh History from Persian Sources, Tulika New Delhi, 2001, pp.160-61.

23 ਤੇਜਾ ਸਿੰਘ ਅਤੇ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ,* 1469-1765 (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 82.

24 ਗੰਡਾ ਸਿੰਘ, *ਉ. ਰ.,* ਪੰਨਾ 16.

ਜਦੋਂ ਕਿ ਸੰਤੋਖ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਦੇੜ ਤੋਂ ਪੰਜਾਬ ਪਹੁੰਚ ਕੇ ਕਪਾਲ ਮੋਚਨ ਵਿਖੇ ਪੜਾਅ ਕਰਨ ਦੀ ਗੱਲ ਲਿਖਦਾ ਹੈ। ਸੰਤੋਖ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਹਮਲਿਆਂ ਦਾ ਆਗਾਜ਼ ਕਪਾਲ ਮੋਚਨ ਲਾਗੇ ਪੈਂਦੇ ਪਿੰਡ ਦੇਹ ਗਰਾਮ ਤੋਂ ਹੋਇਆ ਮੰਨਦਾ ਹੈ। ਉਸ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਖੇਤ ਰੋਟੀ ਲਈ ਜਾਂਦੀਆ ਔਰਤਾਂ ਤੋਂ ਰੋਟੀਆਂ ਲੁੱਟੀਆਂ, ਫ਼ੇਰ ਉਸ ਇਲਾਕੇ ਦੇ ਆਲੇ-ਦੁਆਲੇ ਦੇ ਨਿੱਕੇ-ਮੋਟੇ ਪਿੰਡ ਲੁੱਟੇ।[25] ਉਹ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਪਹਿਲੀ ਵੱਡੀ ਲੜਾਈ ਮੁਸਤਫ਼ਾਬਾਦ ਦੇ ਹਾਕਮ ਨੂੰ ਹਰਾਉਣ ਦੀ ਦੱਸਦਾ ਹੈ। ਮੁਗਲ ਫ਼ੌਜ ਦੇ ਮੈਦਾਨ ਛੱਡ ਕੇ ਭੱਜ ਜਾਣ ਨਾਲ ਕਾਫ਼ੀ ਵੱਡੀ ਮਾਤਰਾ ਵਿੱਚ ਘੋੜੇ, ਹਥਿਆਰ ਅਤੇ ਹੋਰ ਜੰਗੀ ਸਾਜੋ-ਸਮਾਨ ਸਿੰਘਾਂ ਦੇ ਹੱਥ ਲੱਗਿਆ। ਅਗਲੇ ਦਿਨ ਸਿੰਘਾਂ ਨੇ ਮੁਸਤਫ਼ਾਬਾਦ ਨੂੰ ਖ਼ੂਬ ਲੁੱਟਿਆ ਅਤੇ ਫ਼ੇਰ ਸਢੌਰੇ 'ਤੇ ਚੜ੍ਹਾਈ ਕਰ ਦਿੱਤੀ।[26]

ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਨੇ ਤਰਕੀਬ ਨਾਲ ਕੈਂਥਲ ਦੇ ਫ਼ੌਜਦਾਰ ਅਤੇ ਉਸ ਦੇ 400 ਘੋੜਸਵਾਰਾਂ ਨੂੰ ਘੇਰੇ ਵਿਚ ਲੈ ਲਿਆ, ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹਾ ਮੰਤਰ ਮਾਰਿਆ ਕਿ ਦੁਸ਼ਮਣ ਦੇ ਘੋੜੇ ਤੁਰਨੋਂ ਹਟ ਗਏ। ਸਿੱਖਾਂ ਉੱਤੇ ਜੋ ਵੀ ਹਥਿਆਰ ਦੁਸ਼ਮਣ ਚਲਾਉਂਦੇ ਸਨ, ਉਨ੍ਹਾਂ ਨਾਲ ਸਿੱਖਾਂ ਨੂੰ ਕੋਈ ਵੀ ਜ਼ਖਮ ਜਾਂ ਫੱਟ ਨਹੀਂ ਲੱਗਦਾ ਸੀ। ਸਿੱਖਾਂ ਨੇ ਫ਼ੌਜਦਾਰ ਨੂੰ ਘੋੜੇ ਤੋਂ ਲਾਹ ਕੇ ਕੈਦ ਕਰ ਲਿਆ। ਪਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਸ ਉੱਪਰ ਰਹਿਮ ਆ ਗਿਆ ਅਤੇ ਉਸ ਨੂੰ ਫ਼ੇਰ ਫ਼ੌਜਦਾਰੀ ਦੇ ਦਿੱਤੀ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਦਬਦਬਾ ਕਾਇਮ ਹੋ ਗਿਆ। ਜਿਹੜੀ ਉਸ ਮੁਲਖ ਵਿਚ ਉਗਰਾਹੀ ਬਾਕੀ ਪਈ ਸੀ, ਫ਼ੌਜਦਾਰ ਨੂੰ ਉਹ ਉਗਰਾਹੀ ਸਿੰਘਾਂ ਵੱਲੋਂ ਕਰਨ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਉਹ ਬਾਬਾ ਬੰਦਾ ਸਿੰਘ ਬਹਾਦਰ ਲਈ ਉਗਰਾਹੀਂ ਕਰਨ ਲਗ ਪਿਆ।[27]

ਰਤਨ ਸਿੰਘ ਭੰਗੂ ਅਨੁਸਾਰ ਸੇਹਰੀ ਖੰਡੇ ਤੋਂ ਸਿੱਖਾਂ ਨੂੰ ਭੇਜੇ ਹੁਕਮਨਾਮਿਆਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਲਿਖਦਾ ਹੈ, ਮੈਨੂੰ ਸਾਰਾ ਦੇਸ਼ ਜਿੱਤਣ ਵਾਸਤੇ ਗੁਰੂ ਜੀ ਨੇ ਭੇਜਿਆ ਹੈ। ਮੈਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਜੜ੍ਹ ਨੂੰ ਪੁੱਟਣ ਅਤੇ ਪਹਾੜੀਆਂ ਨੂੰ ਮਾਰਨ ਆਇਆ ਹਾਂ। ਮੈ ਵੀ ਉਸੇ ਸਾਹਿਬ ਦਾ ਦਾਸ ਹਾਂ, ਜਿਸ ਨੇ ਖ਼ਾਲਸਾ ਸਜਾਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਕਹਿੰਦਾ ਜੋ ਵੀ ਗੁਰੂ ਜੀ ਦੇ ਸਾਬਿਤ-ਸੂਰਤ ਸਿੱਖ ਹਨ, ਉਹ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲੈਣ ਲਈ ਆ ਕੇ ਉਸ ਦਾ ਸਾਥ ਦੇਣ। ਉਹ ਗੁਰੂ ਦੇ ਸਿੱਖਾਂ ਦਾ ਭਾਈ ਹੈ। ਜੋ

---

25 ਸੰਤੋਖ ਸਿੰਘ, *ਉ. ਰ.,* ਪੰਨਾ 6253.

26 ਸੰਤੋਖ ਸਿੰਘ, *ਉਹੀ,* ਪੰਨੇ 6255, 6257-6258.

27 ਰਤਨ ਸਿੰਘ ਭੰਗੂ, *ਉ. ਰ.,* ਪੰਨੇ 81-82.

ਵੀ ਖ਼ਾਲਸੇ ਨਾਲ ਆ ਰਲੇਗਾ, ਉਸ ਨੂੰ ਮੈਂ ਪਾਤਸ਼ਾਹੀ ਨਾਲੋਂ ਵੀ ਉੱਚਾ ਅਹੁਦਾ ਦੇਵਾਂਗਾ।[28] ਰਤਨ ਸਿੰਘ ਭੰਗੂ ਇਹ ਵੀ ਲਿਖਦਾ ਹੈ ਸੇਹਰੀ-ਖੰਡੇ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਰੇ ਪੰਜਾਬ ਵਿੱਚ ਹੁਕਮਨਾਮੇ ਭੇਜਣ ਤੋਂ ਇਲਾਵਾ ਕਾਬਲ, ਕੰਧਾਰ, ਠੱਠੇ, ਭੱਖਰ, ਪੂਰਬ, ਦੱਖਣ ਅਤੇ ਉੱਤਰ ਦਿਸ਼ਾਵਾਂ ਵੱਲ, ਜਿੱਥੇ ਵੀ ਖ਼ਾਲਸੇ ਦਾ ਬੋਲਬਾਲਾ ਸੀ, ਇਹ ਹੁਕਮਨਾਮੇ ਭੇਜ ਦਿੱਤੇ, ਇਨ੍ਹਾਂ ਵਿੱਚ ਲਿਖਿਆ ਸੀ ਕਿ ਗੁਰੂ ਜੀ ਨੇ ਮੈਨੂੰ ਤੁਰਕਾਂ ਕੋਲੋਂ ਦੇਸ ਖੋਹਣ ਲਈ ਭੇਜਿਆ ਹੈ। ਅੱਗੋਂ ਸਿੰਘਾਂ ਨੇ ਵੀ ਹੁਕਮਨਾਮਿਆਂ ਨੂੰ ਸਿਰ ਮੱਥੇ ਮੰਨਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲਣ ਲਈ ਚਾਲੇ ਪਾ ਦਿੱਤੇ।[29] ਮਾਝਾ, ਪੋਠੋਹਾਰ, ਕਾਬਲ, ਕੰਧਾਰ, ਕਸ਼ਮੀਰ, ਪਿਸ਼ਾਵਰ, ਪਟਿਆਲਾ, ਅੰਬਾਲਾ, ਮਾਲਵਾ, ਹਾਂਸੀ, ਸਰਸਾ, ਲਾਹੌਰ ਆਦਿ ਥਾਵਾਂ 'ਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹੁਕਮਨਾਮੇ ਭੇਜਣ ਸੰਬੰਧੀ ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੀ ਤਰ੍ਹਾਂ ਹੀ ਲਿਖਦਾ ਹੈ।[30]

ਗਿਆਨੀ ਗਿਆਨ ਸਿੰਘ ਵਰਣਨ ਕਰਦਾ ਹੈ ਕਿ ਮਾਝੇ ਦੇ ਸਿੰਘ, ਮਾਝੇ ਵਿਚ ਤੁਰਕਾਂ ਦਾ ਜ਼ੋਰ ਹੋਣ ਕਰਕੇ, ਭੇਸ ਬਦਲ ਕੇ ਦੁਆਬੇ ਦੇ ਰਸਤੇ ਪਹਾੜਾਂ ਵਿੱਚੋਂ ਦੀ ਹੁੰਦੇ ਹੋਏ, ਰੋਪੜ ਤੱਕ ਪਹੁੰਚ ਗਏ, ਪਰ ਉੱਥੇ ਤੁਰਕਾਂ ਦੇ ਨਾਕੇ ਕਰਕੇ ਅੱਗੇ ਨਾ ਜਾ ਸਕੇ, ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤਕ ਇਹ ਖ਼ਬਰ ਪਹੁੰਚਾਈ ਤੇ ਅੱਗੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਉੱਥੇ ਹੀ ਰੁਕ ਕੇ ਇੰਤਜ਼ਾਰ ਕਰਨ ਲਈ ਕਿਹਾ ਤੇ ਨਾਲ ਹੀ ਮਾਝੇ ਦੇ ਸਿੰਘਾਂ ਨੂੰ ਇਹ ਵੀ ਸੁਨੇਹਾ ਘੱਲਿਆ ਕਿ ਜਦੋਂ ਮੈਂ ਸਰਹਿੰਦ 'ਤੇ ਹਮਲਾ ਕਰਾਂਗਾ ਤਾਂ ਤੁਹਾਨੂੰ ਨਾਲ ਰਲਾ ਲਵਾਂਗਾ।[31] ਰਤਨ ਸਿੰਘ ਭੰਗੂ ਵੀ ਅਜਿਹਾ ਹੀ ਲਿਖਦਾ ਹੈ।[32] ਰਤਨ ਸਿੰਘ ਭੰਗੂ ਲਿਖਦਾ ਹੈ ਕੀ ਸਿੱਖ ਵਣਜਾਰਿਆਂ ਤੇ ਭੇਸ 'ਚ ਰੋਪੜ ਤਕ ਪਹੁੰਚੇ ਅਤੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਰੋਕਣ 'ਤੇ ਕੀਰਤਪੁਰ 'ਚ ਡੇਰਾ ਲਾ ਲਿਆ। ਜਿੱਥੇ ਪਿਸ਼ੌਰਾ ਸਿੰਘ ਨਾਂ ਦੇ ਗੁਰਸਿੱਖ ਨੇ ਉਨ੍ਹਾਂ ਦੀ ਸੇਵਾ ਕੀਤੀ। ਇੱਥੇ ਰਤਨ ਸਿੰਘ ਭੰਗੂ, ਪਿਸ਼ੌਰਾ ਸਿੰਘ ਨੂੰ ਅਰੋੜਾ ਸਿੱਖ ਲਿਖ ਰਿਹਾ ਹੈ।[33] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਸਿੱਖ ਵਣਜਾਰਿਆਂ ਦੇ ਭੇਸ 'ਚ ਪਹਾੜਾਂ ਤੱਕ ਪਹੁੰਚੇ, ਪਰ ਉਹ ਪਿਸ਼ੌਰਾ ਸਿੰਘ ਨੂੰ ਵਣਜਾਰਾ ਸਿੱਖ ਲਿਖ ਰਿਹਾ ਹੈ ਅਤੇ ਕੀਰਤਪੁਰ ਵਿਚ ਸਿੰਘਾਂ ਦੇ ਟਿਕਾਣੇ ਦਾ ਵੀ ਕੋਈ ਜ਼ਿਕਰ ਨਹੀਂ ਕਰਦਾ।[34] ਕੀਰਤਪੁਰ ਵਿੱਚ ਸਿੰਘਾਂ ਲਈ ਪਿਸ਼ੌਰਾ ਸਿੰਘ, ਕਿਸ਼ੋਰਾ ਸਿੰਘ ਵੱਲੋਂ ਲਾਏ

---

28 ਰਤਨ ਸਿੰਘ ਭੰਗੂ, *ਉਹੀ,* ਪੰਨੇ 82-83.

29 *ਉਹੀ,* ਪੰਨਾ 83.

30 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 360.

31 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 361.

32 ਰਤਨ ਸਿੰਘ ਭੰਗੂ, *ਉ. ਰ.,,* ਪੰਨਾ 83.

33 ਰਤਨ ਸਿੰਘ ਭੰਗੂ, *ਉਹੀ,* ਪੰਨਾ 84.

34 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 361.

ਲੰਗਰ ਦੀ ਪੁਸ਼ਟੀ ਗੰਡਾ ਸਿੰਘ ਵੀ ਕਰਦਾ ਹੈ।[35]

ਰਤਨ ਸਿੰਘ ਭੰਗੂ ਸਿਰਫ਼ ਏਨਾ ਹੀ ਲਿਖਦਾ ਹੈ ਕਿ ਮਾਲਵੇ ਦੇ ਬਾਂਗਰ ਦੇਸ ਨੇੜੇ ਹੋਣ ਕਰਕੇ ਕੁਝ ਮਲਵਈ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਲ ਗਏ।[36] ਪਰ ਗਿਆਨੀ ਗਿਆਨ ਸਿੰਘ ਵਿਸਥਾਰ ਦਿੰਦਾ ਹੋਇਆ ਲਿਖਦਾ ਹੈ ਕਿ ਮਾਲਵੇ ਤੋਂ ਫ਼ਤਹਿ ਸਿੰਘ ਭਾਈ ਕਾ ਆਪਣੇ ਨਾਲ ਕਾਫ਼ੀ ਸਿੰਘ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲਿਆ, ਭਾਈ ਰੂਪੇ ਤੋਂ ਕਰਮ ਸਿੰਘ ਤੇ ਧਰਮ ਸਿੰਘ ਆਏ, ਭਾਈ ਰਾਮਾ ਤੇ ਤਲੋਕਾ ਆਪ ਤਾਂ ਨਹੀਂ ਪਹੁੰਚੇ, ਪਰ ਉਨ੍ਹਾਂ ਨੇ ਆਪਣੇ ਨੌਕਰਾਂ-ਚਾਕਰਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਕੋਲ ਭੇਜਿਆ, ਉਹ ਇਹ ਵੀ ਲਿਖਦਾ ਹੈ ਕਿ ਬਰਾੜ, ਗਰੇਵਾਲ, ਗਿੱਲ, ਦੁਲੱਟ, ਰੰਧਾਵੇ, ਚਾਹਲ, ਮਾਨ, ਮਹਿਲ, ਆਲੀ ਸਿੰਘ, ਮਾਲੀ ਸਿੰਘ, ਹਰੀ ਸਿੰਘ, ਮਾਨਸ਼ਾਹੀਏ ਆਦਿ ਵੱਡੀ ਗਿਣਤੀ ਵਿਚ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਕੋਲ ਪਹੁੰਚੇ।[37] ਤੇਜਾ ਸਿੰਘ ਤੇ ਗੰਡਾ ਸਿੰਘ ਵੀ ਭਾਈ ਭਗਤੂ ਦੀ ਔਲਾਦ, ਭਾਈ ਰੂਪੇ ਦੇ ਵੰਸ਼ਜ, ਸਲੌਦੀ ਵਾਲੇ ਆਲੀ ਸਿੰਘ, ਮਾਲੀ ਸਿੰਘ, ਫੂਲਕਿਆਂ ਵਿੱਚੋਂ ਰਾਮ ਸਿੰਘ ਤੇ ਤਿਲੋਕ ਸਿੰਘ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਮੱਦਦ ਦੀ ਪੁਸ਼ਟੀ ਕਰਦੇ ਹਨ।[38] ਗੰਡਾ ਸਿੰਘ ਵੀ ਮਾਲਵੇ ਤੋਂ ਫ਼ਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ, ਚੂਹੜ ਸਿਘ, ਨਿਗਾਹੀਆ ਸਿੰਘ, ਬਘੜ ਸਿੰਘ ਅਤੇ ਫੂਲਕਿਆਂ ਦੇ ਆਦਮੀਆਂ ਦੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲਣ ਦੀ ਪੁਸ਼ਟੀ ਕਰਦਾ ਹੈ।[39]

ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਭਾਈ ਆਲੀ ਸਿੰਘ ਤੇ ਮਾਲੀ ਸਿੰਘ ਨੂੰ ਵਜ਼ੀਰ ਖਾਂ ਦੁਆਰਾ ਗ੍ਰਿਫ਼ਤਾਰ ਕਰਨ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਬੀਰਾਂ ਦੁਆਰਾ ਉਨ੍ਹਾਂ ਨੂੰ ਰਿਹਾਅ ਕਰਵਾਉਣ ਦੀ ਵੀ ਪੁਸ਼ਟੀ ਕਰਦੇ ਹਨ।[40] ਗੰਡਾ ਸਿੰਘ ਵੀ ਸਲੌਦੀ ਦੇ ਆਲੀ ਸਿੰਘ ਦੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲਣ ਦੀ ਪੁਸ਼ਟੀ ਕਰਦਾ ਹੈ।[41] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਕੋਲ ਪੰਜ ਸੌ ਮਲਵਈ ਸਿੰਘ ਇਕੱਠੇ ਹੋ ਗਏ, ਤਾਂ ਉਸ ਨੇ ਇਨ੍ਹਾਂ ਸਿੰਘਾਂ ਦੀ ਮਦਦ ਨਾਲ ਕੈਂਥਲ ਨੇੜੇ ਭੂਨੇ ਕੋਲ ਸੁਨਾਮ ਤੋਂ ਦਿੱਲੀ ਨੂੰ ਜਾ ਰਿਹਾ ਸ਼ਾਹੀ ਖਜ਼ਾਨਾ ਲੁੱਟਿਆ। ਇਸ 'ਤੇ ਗੁੱਸੇ ਹੋ ਕੇ ਕੈਂਥਲ ਦੇ ਫ਼ੌਜਦਾਰ ਨੇ ਸਿੰਘਾਂ 'ਤੇ ਚੜ੍ਹਾਈ

35 ਗੰਡਾ ਸਿੰਘ, *ਉ. ਹ.,* ਪੰਨਾ 17.

36 ਰਤਨ ਸਿੰਘ ਭੰਗੂ, *ਉ. ਹ.,* ਪੰਨਾ 83.

37 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 361-362.

38 ਤੇਜਾ ਸਿੰਘ ਅਤੇ, ਗੰਡਾ ਸਿੰਘ, *ਸਿੱਖ ਇਤਿਹਾਸ,* 1469-1765 (ਪੰਜਾਬੀ ਅਨੁਵਾਦ), ਪੰਨਾ 82.

39 ਗੰਡਾ ਸਿੰਘ, *ਉ. ਹ.,* ਪੰਨੇ 16-17.

40 ਰਤਨ ਸਿੰਘ ਭੰਗੂ, *ਉ. ਹ.,* ਪੰਨਾ 84; ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 362.

41 ਗੰਡਾ ਸਿੰਘ, *ਉ. ਹ.,* ਪੰਨਾ, 17.

ਕਰ ਦਿੱਤੀ ਅਤੇ ਸਿੰਘਾਂ ਨੇ ਲੜਾਈ ਵਿਚ ਕੈਂਥਲ ਦੇ ਫ਼ੌਜਦਾਰ ਨੂੰ ਹਰਾ ਦਿੱਤਾ। ਸਿੰਘਾਂ ਨੇ ਕੈਂਥਲ ਵਿਚ ਭਾਰੀ ਲੁੱਟਮਾਰ ਕੀਤੀ ਅਤੇ ਕੈਂਥਲ ਤੋਂ ਜਾਟਾਂ ਅਤੇ ਬਾਂਗਰੂਆਂ ਨੂੰ ਨਾਲ ਲੈ ਕੇ ਟੋਹਾਣੇ 'ਤੇ ਚੜ੍ਹਾਈ ਕਰ ਦਿੱਤੀ ਅਤੇ ਉੱਥੇ ਵੀ ਕਾਫ਼ੀ ਲੁੱਟਮਾਰ ਕੀਤੀ।[42] ਗੰਡਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਭੂਨੇ ਵਿਖੇ ਸ਼ਾਹੀ ਖਜ਼ਾਨਾ ਲੁੱਟਣ ਅਤੇ ਕੈਂਥਲ ਦੇ ਫ਼ੌਜਦਾਰ ਨੂੰ ਹਰਾ ਕੇ ਉਸ ਤੋਂ ਘੋੜੇ ਖੋਹਣ ਦੀ ਪੁਸ਼ਟੀ ਤਾਂ ਕਰਦਾ ਹੈ, ਪਰ ਟੋਹਾਣੇ 'ਤੇ ਚੜ੍ਹਾਈ ਦਾ ਜ਼ਿਕਰ ਨਹੀਂ ਕਰਦਾ।[43] ਉਂਝ ਗੰਡਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੀ ਪਹਿਲੀ ਜਿੱਤ ਸੋਨੀਪਤ ਦੀ ਲਿਖਦਾ ਹੈ।[44]

ਪਰ ਰਤਨ ਸਿੰਘ ਭੰਗੂ ਕਿਤੇ ਵੀ ਟੋਹਾਣੇ ਦੀ ਲੜਾਈ ਦਾ ਜ਼ਿਕਰ ਨਹੀਂ ਕਰਦਾ। ਰਤਨ ਸਿੰਘ ਭੰਗੂ ਸਮਾਣੇ ਉੱਪਰ ਜਿੱਤ ਉਪਰੰਤ ਫ਼ਤਿਹ ਸਿੰਘ ਨੂੰ ਉੱਥੋਂ ਦਾ ਫ਼ੌਜਦਾਰ ਨਿਯੁਕਤ ਕਰਨ ਦੀ ਪੁਸ਼ਟੀ ਕਰਦਾ ਹੈ। ਰਤਨ ਸਿੰਘ ਭੰਗੂ ਅਨੁਸਾਰ ਸਿੰਘਾਂ ਨੇ ਬਿਨਾਂ ਬੋਦੀ ਵਾਲਾ ਕੋਈ ਆਦਮੀ ਸਮਾਣਾ ਸ਼ਹਿਰ ਵਿੱਚ ਜਿਊਂਦਾ ਨਹੀਂ ਛੱਡਿਆ। ਸਮਾਣੇ ਦੀ ਜਿੱਤ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਏਨਾ ਕੁ ਪੈਸਾ ਲੱਗਿਆ ਕਿ ਉਸ ਨੇ ਕੰਗਾਲਾਂ ਦੀ ਕੰਗਾਲੀ ਹੀ ਖ਼ਤਮ ਕਰ ਦਿੱਤੀ।[45] ਪਰ ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਦੁਆਰਾ ਦੱਸੀ ਇਸ ਕਤਲੋਗਾਰਤ ਜਾਂ ਲੁੱਟ ਦੀ ਕੋਈ ਪੁਸ਼ਟੀ ਨਹੀਂ ਕਰਦਾ। ਪਰ ਸੰਤੋਖ ਸਿੰਘ ਲਿਖਦਾ ਹੈ ਕਿ ਸਿੰਘਾਂ ਨੇ ਸਢੌਰਾ ਫ਼ਤਿਹ ਕਰਨ ਤੋਂ ਬਾਅਦ ਸਮਾਣੇ 'ਤੇ ਚੜ੍ਹਾਈ ਕੀਤੀ।[46] ਸਮਾਣੇ ਦੀ ਜਿੱਤ ਅਤੇ ਫ਼ਤਿਹ ਸਿੰਘ ਨੂੰ ਸਮਾਣੇ ਦਾ ਫ਼ੌਜਦਾਰ ਨਿਯੁਕਤ ਕਰਨ ਦੀ ਪੁਸ਼ਟੀ ਗੰਡਾ ਸਿਘ ਵੀ ਕਰਦਾ ਹੈ।[47]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਵਜ਼ੀਰ ਖਾਂ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਹ ਲੈਣ ਲਈ ਸਮਾਣੇ ਭੇਜੇ ਗਏ ਜਾਸੂਸਾਂ ਦੀ ਪੁਸ਼ਟੀ ਕਰਦੇ ਹਨ।[48] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਵਜ਼ੀਰ ਖਾਂ ਦੇ ਪਿੰਡ ਕੁੰਜਪੁਰਾ ਨੂੰ ਜਿੱਤਣ ਦਾ ਜ਼ਿਕਰ ਕਰਦੇ ਹਨ।[49] ਉਸ ਤੋਂ ਬਾਅਦ ਗਿਆਨੀ ਗਿਆਨ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਪਿੰਡ ਦਾਮਲਾ ਨੂੰ ਲੁੱਟਣ ਤੇ

---

42 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 363-364.

43 ਗੰਡਾ ਸਿੰਘ, *ਉ. ਰ.,* ਪੰਨਾ, 19.

44 ਗੰਡਾ ਸਿੰਘ, *ਉਹੀ,* ਪੰਨਾ, 18.

45 ਰਤਨ ਸਿੰਘ ਭੰਗੂ, *ਉ. ਰ.,* ਪੰਨਾ 86.

46 ਸੰਤੋਖ ਸਿੰਘ, *ਉ. ਰ.,* ਪੰਨਾ 6262.

47 ਗੰਡਾ ਸਿੰਘ, *ਉ. ਰ.,* ਪੰਨੇ 20-21.

48 ਰਤਨ ਸਿੰਘ ਭੰਗੂ, *ਉ. ਰ.,* ਪੰਨਾ 86; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 366.

49 ਰਤਨ ਸਿੰਘ ਭੰਗੂ, *ਉਹੀ,* ਪੰਨਾ 87; ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 367.

ਮੁਸਤਫ਼ਾਬਾਦ ਨੂੰ ਜਿੱਤਣ ਦਾ ਜ਼ਿਕਰ ਕਰਦਾ ਹੈ।[50] ਪਰ ਤੇਜਾ ਸਿੰਘ ਗੰਡਾ ਸਿੰਘ ਨੇ ਸਿਲਸਿਲੇਵਾਰ ਸਮਾਣਾ, ਘੜਾਮ, ਠਸਕਾ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ ਨੂੰ ਜਿੱਤਣ ਦਾ ਜ਼ਿਕਰ ਕੀਤਾ ਹੈ।[51]

ਰਤਨ ਸਿੰਘ ਭੰਗੂ ਸਢੌਰੇ ਨੂੰ ਜਿੱਤਣ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹਿਰ ਦੇ ਮੁੱਖ ਦਰਵਾਜ਼ੇ ਦੇ ਉੱਤੇ ਰੱਖੀ ਪੀਰ ਦੀ ਦੇਹ ਨੂੰ ਤਾਬੂਤ ਵਿੱਚੋਂ ਕੱਢ ਕੇ ਅੱਗ ਦੇ ਹਵਾਲੇ ਕਰ ਦਿੱਤਾ। ਉਸ ਦੇ ਸਿੰਘਾਂ ਨੇ ਸ਼ਹਿਰ ਦੇ ਮੁਸਲਮਾਨਾਂ ਦਾ ਵੀ ਭਾਰੀ ਕਤਲੇਆਮ ਕੀਤਾ।[52] ਪੀਰ ਬੁੱਧੂ ਸ਼ਾਹ ਦੀ ਮੌਤ ਦਾ ਬਦਲਾ ਲੈਣ ਅਤੇ ਸਢੌਰੇ ਨੂੰ ਜਿੱਤਣ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਵੀ ਕਰਦਾ ਹੈ।[53] ਉਹ ਵੀ ਲਿਖਦਾ ਹੈ ਕਿ ਸ਼ਹਿਰ ਦੇ ਦਰਵਾਜ਼ੇ ਕੋਲ ਸਥਿਤ ਕੁਤਬਦੀਨ ਪੀਰ ਦੀ ਕਬਰ 'ਚੋਂ ਉਸ ਦੀ ਦੇਹ ਕੱਢ ਕੇ ਅੱਗ ਦੇ ਹਵਾਲੇ ਕਰ ਦਿੱਤੀ। ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰੇ ਦੇ ਕਾਫ਼ੀ ਅਮੀਰ, ਸੱਯਦ, ਪੀਰ ਆਦਿ ਮੁਸਲਮਾਨਾਂ ਨੂੰ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਸਮੇਤ ਇੱਕ ਹਵੇਲੀ ਵਿੱਚ ਵਾੜ ਕੇ, ਸਾਰਿਆਂ ਦਾ ਕਤਲ ਕਰਵਾ ਦਿਤਾ। ਉਸ ਦਿਨ ਤੋਂ ਬਾਅਦ ਸਢੌਰੇ ਦਾ ਨਾਂ ਕਤਲਗੜ੍ਹੀ ਪੈ ਗਿਆ। ਪਰ ਨਾਲ ਉਹ ਇਹ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਸੇ ਗ਼ਰੀਬ ਮੁਸਲਮਾਨ 'ਤੇ ਜ਼ੁਲਮ ਨਹੀਂ ਕੀਤਾ[54] ਰਤਨ ਸਿੰਘ ਭੰਗੂ ਸਢੌਰੇ ਵਿੱਚ ਵਾਪਰੀ ਇਸ ਘਟਨਾ ਦਾ ਕੋਈ ਜ਼ਿਕਰ ਨਹੀਂ ਕਰਦਾ। ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾ ਹਮਲਾ ਸਢੌਰੇ ਉੱਪਰ ਕੀਤਾ। ਉਸ ਨੇ ਉੱਥੇ ਬੜੀ ਲੁੱਟ-ਮਾਰ ਕੀਤੀ, ਇੱਥੋਂ ਤੱਕ ਕਿ ਕਬਰਾਂ ਵਿੱਚੋਂ ਮੁਰਦੇ ਵੀ ਕੱਢ ਕੇ ਸਾੜ ਦਿੱਤੇ ਗਏ।[55] ਸੰਤੋਖ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰੇ ਵਿੱਚ ਇੱਕ ਵੱਡੇ ਕਤਲੇਆਮ ਨੂੰ ਅੰਜਾਮ ਦਿੱਤਾ। ਕੋਈ ਵੀ ਮੁਗਲ, ਪਠਾਣ ਜਾਂ ਸੱਯਦ ਨਹੀਂ ਬਖ਼ਸ਼ਿਆ ਗਿਆ।[56] ਸਢੌਰੇ 'ਤੇ ਹਮਲੇ ਸੰਬੰਧੀ ਤੇਜਾ ਸਿੰਘ ਗੰਡਾ ਸਿੰਘ ਵੀ ਸਹਿਮਤ ਹਨ।[57] ਜਦੋਂ ਕਿ ਸਰੂਪ ਦਾਸ ਭੱਲਾ ਸਿੱਧਾ ਹੀ ਸਰਹਿੰਦ ਨੂੰ ਜਿੱਤਣ ਦਾ ਜ਼ਿਕਰ ਕਰਦਾ ਹੈ।[58]

---

50 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 368.

51 ਤੇਜਾ ਸਿੰਘ ਅਤੇ, ਗੰਡਾ ਸਿੰਘ, *ਉ. ਰ.,* ਪੰਨਾ 82.

52 ਰਤਨ ਸਿੰਘ ਭੰਗੂ, *ਉ. ਰ.,* ਪੰਨਾ 87-88.

53 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 370.

54 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 371-372, 374.

55 ਕੇਸਰ ਸਿੰਘ ਛਿੱਬਰ, *ਉ. ਰ.,* ਪੰਨਾ 197.

56 ਸੰਤੋਖ ਸਿੰਘ, *ਉ. ਰ.,* ਪੰਨਾ 6261.

57 ਤੇਜਾ ਸਿੰਘ ਅਤੇ, ਗੰਡਾ ਸਿੰਘ, *ਉ. ਰ.,* ਪੰਨਾ, 83.

58 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ ਦੂਜਾ,* ਪੰਨਾ 865.

ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਬਨੂੜ ਜਿੱਤਣ ਦਾ ਵਰਣਨ ਕਰਦਾ ਹੈ ।[59] ਗਿਆਨੀ ਗਿਆਨ ਸਿੰਘ ਵੀ ਹਿੰਦੂਆਂ ਦੇ ਬੁਲਾਵੇ ਉੱਪਰ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਬਨੂੜ ਜਿੱਤਣ ਦਾ ਜ਼ਿਕਰ ਕਰਦਾ ਹੈ।[60] ਰਤਨ ਸਿੰਘ ਭੰਗੂ ਵਜ਼ੀਰ ਖਾਂ ਦੁਆਰਾ ਭੇਜੇ ਇਕ ਰੰਘੜ, ਦੁਆਰਾ ਹਿੰਦੂ ਬਣਕੇ ਹਜ਼ਾਰ ਤੋਂ ਜ਼ਿਆਦਾ ਸਿਪਾਹੀਆਂ ਦੇ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਸ਼ਾਮਿਲ ਹੋਣ ਦਾ ਜ਼ਿਕਰ ਕਰਦਾ ਹੈ।[61] ਗਿਆਨੀ ਗਿਆਨ ਸਿੰਘ ਵੀ ਇਸ ਘਟਨਾ ਦਾ ਜ਼ਿਕਰ ਕਰਦਾ ਹੈ, ਪਰ ਉਹ ਬਨੂੜ ਦੀ ਥਾਂ 'ਤੇ ਚੱਪੜਝਿੜ੍ਹੀ ਵਿਖੇ ਆ ਕੇ ਮਿਲਣ ਦਾ ਜ਼ਿਕਰ ਕਰਦਾ ਹੈ।[62]

ਰਤਨ ਸਿੰਘ ਭੰਗੂ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੇ ਬਨੂੜ ਨੂੰ ਜਿੱਤ ਕੇ ਸਰਹਿੰਦ ਵੱਲ ਕੂਚ ਕੀਤਾ। ਉਸ ਨੇ ਮਝੈਲ ਸਿੰਘਾਂ ਨੂੰ ਵੀ ਸਰਹਿੰਦ ਉੱਪਰ ਹਮਲੇ ਵਿੱਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ। ਜਦੋਂ ਵਜ਼ੀਰ ਖਾਂ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੀ ਫ਼ੌਜ ਸਿੰਘਾਂ ਨੂੰ ਰੋਕਣ ਲਈ ਅੱਗੇ ਭੇਜ ਦਿੱਤੀ। ਵਜ਼ੀਰ ਖਾਂ ਦੀ ਫ਼ੌਜ ਨਾਲ ਨਵਾਬ ਮਲੇਰਕੋਟਲਾ ਦੀ ਫ਼ੌਜ ਵੀ ਆ ਰਲੀ। ਰੋਪੜ ਦੇ ਨੇੜੇ ਸਿੰਘਾਂ ਅਤੇ ਮੁਗਲਾਂ ਵਿੱਚ ਭਾਰੀ ਜੰਗ ਹੋਈ, ਜਿਸ ਵਿੱਚ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ ਦੇ ਭਰਾ ਵੀ ਮਾਰੇ ਗਏ ਤੇ ਉਹ ਖ਼ੁਦ ਵੀ ਜ਼ਖ਼ਮੀ ਹੋ ਗਿਆ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਇਸ ਘਟਨਾ ਦੀ ਪੁਸ਼ਟੀ ਕਰਦੇ ਹਨ, ਪਰ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਇੱਕ ਹਜ਼ਾਰ ਹਠੀ ਮਲਵਈ ਸਿੰਘ, ਮਝੈਲ ਸਿੰਘਾਂ ਦੀ ਮਦਦ ਲਈ ਭੇਜੇ।[63] ਮਝੈਲ ਸਿੰਘਾਂ ਅਤੇ ਮਲੇਰਕੋਟਲੇ ਦੇ ਪਠਾਣਾਂ ਦੀ ਫ਼ੌਜ ਵਿਚਕਾਰ ਹੋਈ ਲੜਾਈ ਨੂੰ ਲੈ ਕੇ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀ ਰਾਏ ਵਿੱਚ ਇੱਕ ਵਖਰੇਂਵਾ ਸਾਹਮਣੇ ਆਉਂਦਾ ਹੈ ਕਿ ਜਿੱਥੇ ਰਤਨ ਸਿੰਘ ਭੰਗੂ ਰੋਪੜ ਦੇ ਨੇੜੇ ਜੰਗ ਹੋਣ ਦੀ ਗੱਲ ਕਰਦਾ ਹੈ, ਪਰ ਗਿਆਨੀ ਗਿਆਨ ਸਿੰਘ ਚਮਕੌਰ ਦੇ ਨੇੜੇ ਹੋਣ ਦੀ ਗੱਲ ਕਰਦਾ ਹੈ। ਮਾਝੇ ਅਤੇ ਦੁਆਬੇ ਦੇ ਸਿੰਘਾਂ ਦੁਆਰਾ ਮਲੇਰਕੋਟਲੀਏ ਪਠਾਣਾਂ ਨੂੰ ਹਰਾਉਣ ਦਾ ਜ਼ਿਕਰ ਗੰਡਾ ਸਿੰਘ ਵੀ ਕਰਦਾ ਹੈ।[64]

ਚੱਪੜਝਿੜ੍ਹੀ ਦੀ ਲੜਾਈ ਦਾ ਹਾਲ ਦੋਵੇਂ ਲੇਖਕ ਹੂ-ਬ-ਹੂ ਹੀ ਬਿਆਨ ਕਰਦੇ ਹਨ। ਲੜਾਈ ਦੇ ਸ਼ੁਰੂ ਵਿੱਚ ਸਿੰਘਾਂ ਦਾ ਪਾਸਾ ਹੌਲਾ ਰਿਹਾ। ਮੁਗਲਾਂ ਦੇ ਭਾਰੀ ਹਮਲੇ ਕਾਰਨ ਸਿੰਘਾਂ ਦੇ ਪੈਰ ਉਖੜਨ ਲੱਗੇ। ਜਿਹੜਾ

---

59 ਰਤਨ ਸਿੰਘ ਭੰਗੂ, *ਉ. ਰ.,* ਪੰਨਾ 89.

60 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 375.

61 ਰਤਨ ਸਿਘ ਭੰਗੂ, *ਉ. ਰ.,* ਪੰਨਾ 89

62 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 380

63 ਰਤਨ ਸਿੰਘ, ਭੰਗੂ, *ਉ. ਰ.,* ਪੰਨਾ 90; ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 376-377.

64 ਗੰਡਾ ਸਿੰਘ, *ਉ. ਰ.,* ਪੰਨੇ 27-28.

ਰੰਘੜ ਛਲੀਆ ਹਿੰਦੂ ਬਣ ਕੇ, ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ 'ਚ ਸ਼ਾਮਿਲ ਹੋਇਆ ਸੀ, ਉਹ ਵੀ ਆਪਣੀ ਫ਼ੌਜ ਸਮੇਤ ਨੱਠ ਤੁਰਿਆ। ਪਰ ਬਾਬਾ ਬੰਦਾ ਸਿੰਘ ਬਹਾਦਰ ਦੇ ਬਚਨਾਂ ਅਨੁਸਾਰ ਉਸ ਦਾ ਪੈਰ ਰਕਾਬ ਵਿੱਚ ਫ਼ਸ ਗਿਆ ਅਤੇ ਉਹ ਘੋੜੇ ਨਾਲ ਲਮਕਦਾ ਹੋਇਆ, ਬੁਰੀ ਤਰ੍ਹਾਂ ਮਾਰਿਆ ਗਿਆ। ਜਿਹੜੇ ਲੁੱਟ ਖੋਹ ਦੇ ਮਕਸਦ ਨਾਲ ਫ਼ੌਜ ਵਿੱਚ ਸ਼ਾਮਿਲ ਹੋਏ ਸਨ, ਉਹ ਸਭ ਭੱਜ ਗਏ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਰੋਅਬ ਵਿਚ ਆ ਕੇ ਟਿੱਲੇ ਤੋਂ ਉੱਠਦਾ ਹੈ ਤੇ ਘੋੜੇ 'ਤੇ ਸਵਾਰ ਹੋ ਕੇ ਲੜਾਈ ਵਿਚ ਸ਼ਾਮਿਲ ਹੋ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਜੀ ਦੇ ਬਖ਼ਸ਼ੇ ਹੋਏ ਤੀਰਾਂ ਵਿੱਚੋਂ ਇੱਕ ਤੀਰ ਚਲਾਉਣ ਨਾਲ ਇੱਕੋ ਦਮ ਹਵਾ ਦਾ ਰੁੱਖ ਬਦਲ ਗਿਆ। ਮਿੱਟੀ-ਘੱਟਾ ਉੱਡ ਕੇ ਦੁਸ਼ਮਣ ਦੀ ਫ਼ੌਜ ਦੀਆਂ ਅੱਖਾਂ ਵਿਚ ਪੈਣ ਲੱਗਿਆ। ਉਨ੍ਹਾਂ ਨੂੰ ਕੁਝ ਵੀ ਨਜ਼ਰ ਆਉਣੋਂ ਹਟ ਗਿਆ। ਉਹ ਆਪਸ ਵਿਚ ਹੀ ਲੜ-ਲੜ ਮਰਨ ਲੱਗੇ ਸਨ। ਇਹ ਸਭ ਦੇਖ ਕੇ ਖ਼ਾਲਸਾ ਫ਼ੌਜ ਦੇ ਹੌਂਸਲੇ ਦੁੱਗਣੇ ਹੋ ਗਏ। ਸਿੰਘ ਸ਼ੇਰਾਂ ਵਾਂਗ ਦੁਸ਼ਮਣ ਨੂੰ ਬੱਕਰੀਆਂ ਸਮਝ ਕੇ ਪਾੜ-ਪਾੜ ਸੁੱਟਣ ਲੱਗੇ। ਖ਼ਾਲਸਾ ਫ਼ੌਜ ਅੱਗੇ ਵਧਦੀ ਹੈ ਤਾਂ ਵਜ਼ੀਰ ਖਾਂ ਜ਼ਖ਼ਮੀ ਹੋਇਆ ਜ਼ਮੀਨ 'ਤੇ ਡਿੱਗਿਆ ਪਿਆ ਹੁੰਦਾ ਹੈ। ਸਿੰਘਾਂ ਨੇ ਉਸ ਨੂੰ ਬਲਦਾਂ ਦੇ ਮਗਰ ਬੰਨ੍ਹ ਕੇ ਘੜੀਸਿਆ ਤੇ ਜੀਉਂਦੇ ਨੂੰ ਅੱਗ ਲਾ ਕੇ ਫੂਕ ਦਿਤਾ।[65] ਰਤਨ ਸਿੰਘ ਭੰਗੂ, ਵਜ਼ੀਰ ਖਾਂ ਨੂੰ ਮਾਰਨ ਦੀ ਤਾਰੀਖ਼ ਜੇਠ ਸੁਦੀ ਸੰਮਤ 1767 ਬਿਕ੍ਰਮੀ ਦੇ ਰਿਹਾ ਹੈ।[66] ਗਿਆਨੀ ਗਿਆਨ ਸਿੰਘ ਦੁਆਰਾ ਛੋਟੇ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲੈਣ ਦੀ ਮਿਤੀ 14 ਜੇਠ ਸੁਦੀ ਸੰਮਤ 1765 ਬਿਕ੍ਰਮੀ ਦੱਸੀ ਗਈ ਹੈ।[67] ਚੱਪੜਝਿੜ੍ਹੀ ਦੀ ਲੜਾਈ ਵਿੱਚ ਵਜ਼ੀਰ ਖਾਂ ਦੇ ਮਾਰੇ ਜਾਣ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਜਿੱਤ ਦੀ ਪੁਸ਼ਟੀ ਤੇਜਾ ਸਿੰਘ, ਗੰਡਾ ਸਿੰਘ ਵੀ ਕਰਦੇ ਹਨ।[68] ਗੰਡਾ ਸਿੰਘ ਚੱਪੜਝਿੜ੍ਹੀ ਦੀ ਲੜਾਈ ਸੰਬੰਧੀ ਦੋਵੇਂ ਲੇਖਕਾਂ ਦੁਆਰਾ ਦਿੱਤੀ ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦਾ ਹੈ।[69]

ਦੋਵੇਂ ਲੇਖਕ ਇਹ ਹਵਾਲਾ ਦਿੰਦੇ ਹਨ ਕਿ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਤੇ ਭਾਈ ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ ਸੂਬੇਦਾਰ ਬਣਾਇਆ ਗਿਆ। ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਬਾਜ਼ ਸਿੰਘ ਦੇ ਭਰਾਵਾਂ ਰਾਮ ਸਿੰਘ, ਕੋਇਰ ਸਿੰਘ ਤੇ ਸ਼ਯਾਮ ਸਿੰਘ ਨੂੰ, ਬਾਜ਼ ਸਿੰਘ ਦੇ ਅਧਿਕਾਰੀਆਂ ਦੇ ਤੌਰ 'ਤੇ ਸਰਹਿੰਦ ਵਿੱਚ ਹੀ ਨਿਯੁਕਤ ਕਰ ਦਿੱਤਾ। ਸਰਹਿੰਦ ਦੀ ਲੁੱਟ ਤੋਂ ਪ੍ਰਾਪਤ ਧਨ ਮਾਲ

---

65 ਰਤਨ ਸਿੰਘ, ਭੰਗੂ, *ਉ. ਰ.,* ਪੰਨੇ 92-94; ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 381-387.

66 ਰਤਨ ਸਿੰਘ ਭੰਗੂ, *ਉਹੀ,* ਪੰਨਾ 94.

67 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 389.

68 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨਾ 85.

69 ਗੰਡਾ ਸਿੰਘ, *ਉ. ਰ.,* ਪੰਨੇ 29-34.

ਬਾਜ਼ ਸਿੰਘ ਦੇ ਹਵਾਲੇ ਕਰ ਦਿੱਤਾ ਗਿਆ।[70] ਗਿਆਨੀ ਗਿਆਨ ਸਿੰਘ ਸਰਹਿੰਦ ਨੂੰ 52 ਲੱਖ ਰੁਪਏ ਸਾਲਾਨਾ ਦੀ ਆਮਦਨ ਦਾ ਪਰਗਨਾ ਲਿਖਦਾ ਹੈ।[71] ਜਦੋਂ ਕਿ ਰਤਨ ਸਿੰਘ ਭੰਗੂ ਸਰਹਿੰਦ ਨੂੰ 36 ਲੱਖ ਰੁਪਏ ਦੀ ਸਾਲਾਨਾ ਆਮਦਨ ਦਾ ਪਰਗਨਾ ਦੱਸਦਾ ਹੈ।[72] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਸਿੱਖਾਂ ਨੇ ਸਰਹਿੰਦ ਵਿਚ ਕਾਫ਼ੀ ਲੁੱਟਮਾਰ ਅਤੇ ਕਤਲੇਆਮ ਕੀਤਾ।[73] ਜਦੋਂ ਲੋਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਅੱਗੇ ਅਰਦਾਸ ਕੀਤੀ ਕਿ ਸ਼ਹਿਰ ਨੂੰ ਨਾ ਉਜਾੜੇ, ਆਮ ਲੋਕਾਂ ਦਾ ਲਿਹਾਜ ਰੱਖ ਲਵੇ ਤਾਂ ਉਸ ਨੇ ਕਿਹਾ ਕਿ ਇਹ ਸ਼ਹਿਰ ਇਕ ਦਿਨ ਉੱਜੜ ਹੀ ਜਾਵੇਗਾ। ਮੈਨੂੰ ਇਹ ਗੁਰੂ ਜੀ ਦਾ ਹੁਕਮ ਹੈ। ਖ਼ਾਲਸਾ ਪੰਥ ਇਸ ਸ਼ਹਿਰ ਨੂੰ ਕਿਸੇ ਦਿਨ ਉਜਾੜ ਹੀ ਦੇਵੇਗਾ।[74] ਪਰ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦੇ ਹੁਕਮਾਂ ਦੀ ਤਾਮੀਲ ਨਹੀਂ ਕੀਤੀ। ਉਸ ਨੇ ਨਾ ਤਾਂ ਸਰਹਿੰਦ ਸ਼ਹਿਰ ਨੂੰ ਲੁੱਟਿਆ ਤੇ ਨਾ ਹੀ ਬਰਬਾਦ ਕੀਤਾ। ਜਿਸ ਦਾ ਬਾਅਦ ਵਿਚ ਉਸ ਨੂੰ ਪਛਤਾਵਾ ਵੀ ਹੋਇਆ, ਕਿਉਂਕਿ ਸਤਿਗੁਰਾਂ ਦਾ ਹੁਕਮ ਸ਼ਹਿਰ ਨੂੰ ਉਜਾੜਨ ਦਾ ਤੇ ਲੁੱਟਮਾਰ ਕਰਕੇ ਮਿੱਟੀ ਵਿੱਚ ਮਿਲਾਉਣ ਦਾ ਸੀ।[75] ਕੇਸਰ ਸਿੰਘ ਛਿੱਬਰ ਵੀ ਸਢੌਰੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਿੱਧਾ ਹੀ ਸਰਹਿੰਦ ਨੂੰ ਮਾਰਨ ਦਾ ਜ਼ਿਕਰ ਕਰਦਾ ਹੈ। ਉਸ ਅਨੁਸਾਰ ਸੁੱਚੇ ਨੰਦ ਦੇ ਜਿੰਨੇ ਵੀ ਸਾਕ-ਸੰਬੰਧੀ ਸਨ, ਸਭ ਪੁੱਠੇ ਲਮਕਾ ਦਿੱਤੇ। ਸਭ ਦੇ ਘਰ ਬਰਬਾਦ ਕਰ ਦਿੱਤੇ।[76] ਕੇਸਰ ਸਿੰਘ ਛਿੱਬਰ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਸਥਾਪਿਤ ਕਰਨ ਤੋਂ ਬਾਅਦ ਕੋਇਰ ਸਿੰਘ, ਬਾਜ਼ ਸਿੰਘ ਅਤੇ ਭਗਵੰਤ ਸਿੰਘ ਨੂੰ ਉੱਚੇ ਅਹੁਦਿਆਂ 'ਤੇ ਬਿਠਾਇਆ। ਸਿੱਖ ਫ਼ੌਜਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਸੀ। ਕੇਸਰ ਸਿੰਘ ਛਿੱਬਰ ਇਹ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਕਹਿੰਦਾ ਹੈ ਕਿ ਉਸ ਨੂੰ ਗੁਰੂ ਦਾ ਹੁਕਮ ਹੈ ਕਿ ਉਹ ਤੁਹਾਨੂੰ ਸਭ ਨੂੰ (ਖ਼ਾਲਸੇ) ਧਰਮ ਦੇ ਮਾਰਗ 'ਤੇ ਚੱਲਣ ਲਈ ਤਿਆਰ ਕਰੇ।[77] ਚੱਪੜਝਿੜੀ ਤੋਂ ਬਾਅਦ ਅਗਲੇ ਦਿਨ ਸਰਹਿੰਦ ਫ਼ਤਹਿ ਕਰਨ ਅਤੇ ਬਾਜ਼ ਸਿੰਘ ਨੂੰ ਸਰਹਿੰਦ ਦਾ ਗਵਰਨਰ, ਫ਼ਤਿਹ ਸਿੰਘ ਨੂੰ ਸਮਾਣੇ ਦਾ ਅਤੇ ਰਾਮ ਸਿੰਘ ਨੂੰ ਥਾਨੇਸਰ ਦਾ ਗਵਰਨਰ ਨਿਯੁਕਤ ਕਰਨ ਦੀ ਪੁਸ਼ਟੀ ਤੇਜਾ ਸਿੰਘ ਅਤੇ ਗੰਡਾ ਸਿੰਘ ਵੀ ਕਰਦੇ ਹਨ।[78] ਸਰਹਿੰਦ ਸ਼ਹਿਰ

---

70 ਰਤਨ ਸਿੰਘ, ਭੰਗੂ, *ਉ. ਰ.,* ਪੰਨਾ 95; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 389.

71 ਗਿਆਨੀ ਗਿਆਨ ਸਿੰਘ, *ਉਹੀ.*

72 ਰਤਨ ਸਿੰਘ, ਭੰਗੂ, *ਉਹੀ.*

73 ਗਿਆਨੀ ਗਿਆਨ ਸਿੰਘ, *ਉਹੀ.*

74 *ਉਹੀ.*

75 ਰਤਨ ਸਿੰਘ, ਭੰਗੂ, *ਉ. ਰ.,* ਪੰਨਾ 95.

76 ਕੇਸਰ ਸਿੰਘ, ਛਿੱਬਰ, *ਉ. ਰ.,* ਪੰਨੇ 197-198.

77 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 199.

78 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨੇ 85-86.

ਦੀ ਲੁੱਟ ਅਤੇ ਬਾਜ਼ ਸਿੰਘ ਨੂੰ ਸਰਹਿੰਦ ਦਾ ਹਾਕਮ ਅਤੇ ਮਾਲੀ ਸਿੰਘ ਨੂੰ ਉਸ ਦਾ ਨਾਇਬ ਨਿਯੁਕਤ ਕਰਨ, ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਮ ਅਤੇ ਬਾਬਾ ਬਿਨੋਦ ਸਿੰਘ ਨੂੰ ਉਸ ਦਾ ਨਾਇਬ ਨਿਯੁਕਤ ਕਰਨ ਦੀ ਜਾਣਕਾਰੀ ਗੰਡਾ ਸਿੰਘ ਵੀ ਦੇ ਰਿਹਾ ਹੈ।[79]

ਸੰਤੋਖ ਸਿੰਘ ਕੈਂਥਲ, ਸਮਾਣਾ, ਕੁੰਜਪੁਰਾ ਦੀਆਂ ਲੜਾਈਆਂ ਦਾ ਕੋਈ ਜ਼ਿਕਰ ਨਹੀਂ ਕਰਦਾ, ਬਲਕਿ ਉਹ ਲਿਖਦਾ ਹੈ ਕਿ ਮੁਸਤਫ਼ਾਬਾਦ ਤੇ ਸਢੌਰੇ ਨੂੰ ਜਿੱਤਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦਾ ਅਗਲਾ ਪੜਾਅ ਸਰਹਿੰਦ ਸੀ। ਵਜ਼ੀਰ ਖਾਨ ਦਾ ਮੁਕਾਬਲਾ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਅੰਬਾਲੇ ਵੱਲੋਂ ਚੜ੍ਹਾਈ ਕਰਕੇ ਆਇਆ। ਦੋਵਾਂ ਦਲਾਂ ਦਾ ਮੁਕਾਬਲਾ ਛੱਤ ਬਨੂੜ ਵਿਖੇ ਹੋਇਆ। ਦੋਵਾਂ ਦਲਾਂ ਵਿੱਚ ਘਮਸਾਨ ਦਾ ਯੁੱਧ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਂ ਨੂੰ ਟੰਗ ਤੋਂ ਫ਼ੜ ਕੇ ਹੇਠਾਂ ਸੁੱਟ ਲਿਆ। ਹੇਠਾਂ ਡਿੱਗੇ ਵਜ਼ੀਰ ਖਾਂ ਉੱਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣਾ ਘੋੜਾ ਚੜ੍ਹਾ ਦਿੱਤਾ। ਘੋੜੇ ਦੇ ਪੈਰਾਂ ਨਾਲ ਮਿੱਧਿਆ ਜਾਣ ਕਰਕੇ ਵਜ਼ੀਰ ਖਾਂ ਦੇ ਪ੍ਰਾਣ ਨਿਕਲ ਗਏ। ਸਰਹਿੰਦ ਦੇ ਬਜ਼ਾਰਾਂ ਨੂੰ ਲੁੱਟ ਲਿਆ ਗਿਆ। ਕਰੋੜਾਂ ਰੁਪਏ ਦਾ ਸਮਾਨ ਇਕੱਠਾ ਕਰ ਲਿਆ ਗਿਆ। ਮੁਗਲਾਨੀਆਂ, ਸਯੱਦਾਨੀਆਂ, ਪਠਾਣੀਆਂ ਨੂੰ ਫ਼ੜ ਕੇ ਨੀਚ ਲੋਕਾਂ ਦੇ ਹਵਾਲੇ ਕਰ ਦਿੱਤਾ ਗਿਆ। ਸੁੱਚਾ ਨੰਦ ਦੇ ਨਕੇਲ ਪਾਕੇ ਭੀਖ ਮੰਗਾਈ ਗਈ। ਹਰ ਘਰ ਵਿੱਚੋਂ ਉਸ ਦੇ ਛਿੱਤਰ ਮਰਵਾਏ ਗਏ। ਇਸ ਤਰ੍ਹਾਂ ਉਹ ਮਰ ਗਿਆ। ਸਰਹਿੰਦ ਸ਼ਹਿਰ ਦੇ ਸਾਰੇ ਗੁਰੂ ਨਿੰਦਕਾਂ ਦੇ ਹੱਥ-ਪੈਰ ਕੱਟ ਦਿੱਤੇ ਗਏ। ਗੁਰੂ ਨਿੰਦਕਾਂ ਨੂੰ ਕ-ਮੌਤ ਮਾਰਿਆ ਗਿਆ। ਸਰਹਿੰਦ ਨੂੰ ਉਜਾੜ ਦਿੱਤਾ ਗਿਆ। ਦੱਬੇ ਹੋਏ ਕਰੋੜਾਂ ਰੁਪਏ ਕੱਢ ਲਏ ਗਏ। ਸਰਹਿੰਦ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਅਨੰਦਪੁਰ ਸਾਹਿਬ ਜਾ ਕੇ ਗੁਰੂਆਂ ਨਾਲ ਸੰਬੰਧਿਤ ਸਥਾਨਾਂ ਉੱਪਰ ਮੱਥਾ ਟੇਕਿਆ। ਬਿਲਾਸਪੁਰ ਨੂੰ ਜਿੱਤ ਲਿਆ ਗਿਆ। ਭੀਮ ਚੰਦ ਦੀ ਹਾਰ ਤੋਂ ਬਾਅਦ ਅਨੇਕਾਂ ਹੀ ਪਹਾੜੀ ਰਾਜੇ ਉਸ ਦੀ ਈਨ ਮੰਨਣ ਆ ਗਏ। ਚੰਬੇ ਰਿਆਸਤ ਦੇ ਰਾਜੇ ਨੇ ਆਪਣੀ ਰਾਜਕੁਮਾਰੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਵਿਆਹ ਦਿੱਤੀ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਲੰਧਰ, ਫ਼ੇਰ ਬਟਾਲਾ ਜਿੱਤਿਆ। ਇੱਥੋਂ ਹੀ ਉਸ ਨੇ ਲਾਹੌਰ 'ਤੇ ਹਮਲਾ ਕਰਨ ਦਾ ਸੋਚਿਆ। ਫ਼ੇਰ ਚੱਪੜਝਿੜ੍ਹੀ ਦੀ ਭਿਆਨਕ ਲੜਾਈ ਲੜੀ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਰੀਆਂ ਪਹਾੜੀ ਰਿਆਸਤਾਂ, ਦੁਆਬਾ ਅਤੇ ਮਾਝੇ ਦਾ ਲਾਹੌਰ ਤੱਕ ਦਾ ਖੇਤਰ ਆਪਣੇ ਅਧੀਨ ਕਰ ਲਿਆ ਸੀ।[80]

ਸਰਹਿੰਦ ਦੀ ਜਿੱਤ ਤੋਂ ਬਾਅਦ ਸਿੱਖਾਂ ਦੁਆਰਾ ਭਾਈ ਬਲਾਕਾ ਸਿੰਘ ਦੀ ਬੇਨਤੀ 'ਤੇ ਘੁੜ੍ਹਾਣੀ ਅਤੇ

---

[79] ਗੰਡਾ ਸਿੰਘ, *ਉ. ਰ.,* ਪੰਨੇ 34-36.

[80] ਸੰਤੋਖ ਸਿੰਘ, *ਉ. ਰ.,* ਪੰਨੇ 6272-6274.

ਪਾਇਲ ਦੇ ਆਪੇ ਗੁਰੂ ਬਣ ਬੈਠੇ ਰਾਮਰਾਈਏ ਮਸੰਦਾਂ ਨੂੰ ਸੋਧਣ ਬਾਰੇ ਅਤੇ ਉਨ੍ਹਾਂ ਦੇ ਇਲਾਕਿਆਂ ਵਿੱਚ ਲੁੱਟਮਾਰ ਕਰਨ ਬਾਰੇ ਦੋਵੇਂ ਲੇਖਕ ਲਿਖਦੇ ਹਨ, ਪਰ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਭਾਈ ਬਲਾਕਾ ਸਿੰਘ ਨੇ ਭਾਈ ਆਲੀ ਸਿੰਘ ਕੋਲ ਆ ਕੇ ਇਸ ਕਾਰਜ ਲਈ ਬੇਨਤੀ ਕੀਤੀ ਸੀ।[81] ਜਦੋਂ ਕਿ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਭਾਈ ਬਲਾਕਾ ਸਿੰਘ ਸਿੱਧਾ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਇਆ ਅਤੇ ਰਾਮਰਈਏ ਮਸੰਦਾਂ ਨੂੰ ਸੋਧਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਈ ਬਲਾਕਾ ਸਿੰਘ ਨੂੰ ਪਾਇਲ ਦਾ ਥਾਣੇਦਾਰ ਲਗਾ ਦਿੱਤਾ।[82] ਰਤਨ ਸਿੰਘ ਭੰਗੂ ਵੀ ਇਸ ਤਰ੍ਹਾਂ ਹੀ ਲਿਖਦਾ ਹੈ।[83]

ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਮਲੇਰਕੋਟਲੇ 'ਤੇ ਚੜ੍ਹਾਈ ਕਰ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਉੱਥੇ ਭਾਰੀ ਲੁੱਟਮਾਰ ਕਰਨਾ ਚਾਹੁੰਦਾ ਸੀ। ਪਰ ਗੁਰੂਆਂ ਦੇ ਬਚਨ ਹੋਣ ਕਰਕੇ ਉਸ ਨੇ ਮਲੇਰਕੋਟਲੇ ਨੂੰ ਵਡਿਆਈ ਬਖ਼ਸ਼ੀ। ਉਹ ਲਿਖਦਾ ਹੈ ਕਿ ਪਹਿਲਾਂ ਕਿਸੇ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਚਾਰ ਮਹੀਨੇ ਮਲੇਰਕੋਟਲੇ ਰਹਿ ਕੇ ਗਿਆ ਸੀ। ਕਿਸ਼ਨ ਦਾਸ ਨੂੰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਲੇਰਕੋਟਲੇ ਆਉਣ ਦਾ ਪਤਾ ਲੱਗਿਆ ਤਾਂ ਉਹ ਆ ਕੇ ਉਸ ਨੂੰ ਮਿਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਬੜਾ ਸਤਿਕਾਰ ਦਿੱਤਾ ਹੈ।[84] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਡਰਦੇ ਮਲੋਰੇਕੋਟਲੇ ਦੇ ਪਠਾਣ ਭੱਜ ਗਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹਿਰ ਵਿੱਚ ਬਹੁਤ ਲੁੱਟਮਾਰ ਕੀਤੀ। ਕਿਸ਼ਨ ਦਾਸ ਬਾਣੀਏ ਨੇ ਪੰਚਾਇਤ ਲੈ ਕੇ ਸ਼ਹਿਰ ਦੀ ਲੁੱਟਮਾਰ ਅਤੇ ਕਤਲੇਆਮ ਰੁਕਵਾਇਆ।[85] ਘੁੜ੍ਹਾਣੀ ਅਤੇ ਮਲੇਰਕੋਟਲੇ ਦੀ ਜਿੱਤ ਅਤੇ ਕਿਸ਼ਨ ਦਾਸ ਬਾਣੀਏ ਵੱਲੋਂ ਲੁੱਟਮਾਰ ਰੁਕਵਾਉਣ ਦੀ ਪੁਸ਼ਟੀ ਗੰਡਾ ਸਿੰਘ ਵੀ ਕਰਦਾ ਹੈ।[86]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੀ ਸਿੱਖ ਸੈਨਾ ਕਾਫ਼ੀ ਸਮਾਂ ਮਲੇਰਕੋਟਲੇ ਟਿਕੀ ਰਹੀ। ਬਾਬਾ ਬੰਦਾ ਸਿੰਘ ਬਹਾਦਰ ਨੇ ਫ਼ਤਿਹ ਸਿੰਘ ਨੂੰ ਮਲੇਰਕੋਟਲੇ ਦਾ ਨਵਾਬ ਨਿਯੁਕਤ ਕਰ ਦਿੱਤਾ। ਕਰਮ ਸਿੰਘ ਤੇ ਧਰਮ ਸਿੰਘ ਭਾਈ ਰੂਪੇ ਵਾਲਿਆਂ ਨੂੰ ਤਿੰਨ-ਤਿੰਨ ਸੌ ਘੋੜਸਵਾਰ ਸੈਨਾ ਦਾ ਤਾਬਿਆਦਾਰ ਬਣਾ ਦਿੱਤਾ। ਹੋਰ ਵੀ ਜਿੰਨੇ ਸਰਦਾਰ ਗਰੇਵਾਲ, ਬਰਾੜ, ਦੁਲੱਟ, ਮਾਨਸ਼ਾਹੀਏ, ਮਾਨ ਅਤੇ ਅਨੇਕਾਂ

---

81 ਰਤਨ ਸਿੰਘ ਭੰਗੂ, *ਉ. ਰ.,* ਪੰਨਾ 96; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 390-391.

82 ਗਿਆਨੀ ਗਿਆਨ ਸਿੰਘ, *ਉਹੀ.*

83 ਰਤਨ ਸਿੰਘ ਭੰਗੂ, *ਉਹੀ.*

84 ਰਤਨ ਸਿੰਘ ਭੰਗੂ, *ਉਹੀ,* ਪੰਨਾ 97

85 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 392.

86 ਗੰਡਾ ਸਿੰਘ, *ਉ. ਰ.,* ਪੰਨੇ 37-40.

ਹੀ ਮਝੈਲ ਸਿੰਘਾਂ ਨੂੰ ਜਥੇਦਾਰੀਆਂ ਬਖ਼ਸ਼ ਦਿੱਤੀਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸੱਤ ਹਜ਼ਾਰ ਸੈਨਿਕ ਤਨਖ਼ਾਹ ਦੇ ਉੱਪਰ ਵੀ ਰੱਖ ਲਏ। ਦਰਿਆ ਸਤਲੁਜ ਤੋਂ ਲੈ ਕੇ ਦਰਿਆ ਜਮਨਾ ਤੱਕ ਜਿੰਨੇ ਵੀ ਥਾਣੇ ਜਾਂ ਤਹਿਸੀਲਾਂ ਸਨ, ਉਨ੍ਹਾਂ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਹੋ ਗਿਆ ਅਤੇ ਸਿੰਘਾਂ ਨੇ ਮੁਗਲਾਂ ਲਈ ਲਾਹੌਰ ਤੋਂ ਦਿੱਲੀ ਤੱਕ ਦਾ ਲਾਂਘਾ ਬਿਲਕੁਲ ਬੰਦ ਕਰ ਦਿੱਤਾ।[87] ਰਤਨ ਸਿੰਘ ਭੰਗੂ ਇੱਥੇ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਜਥੇਦਾਰੀਆਂ ਤੇ ਨਵਾਬੀਆਂ ਫ਼ਤਿਹ ਸਿੰਘ ਅਤੇ ਉਸ ਦੇ ਮਗਰ ਲੱਗੇ ਮਲਵਈ ਸਿੰਘਾਂ ਨੂੰ ਹੀ ਦਿੱਤੀਆਂ।[88] ਰਤਨ ਸਿੰਘ ਭੰਗੂ ਇਹ ਵੀ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮਲੇਰਕੋਟਲੇ ਵਿੱਚ ਖ਼ਵਾਜਾ ਖਿਜ਼ਰ, ਸ਼ੇਖ ਸੱਦੋ, ਬੁੱਢਣ ਪੀਰ ਆਦਿ ਨੂੰ ਕਬਰਾਂ ਵਿੱਚੋਂ ਕਢਵਾ ਕੇ ਅੱਗ ਦੇ ਹਵਾਲੇ ਕਰ ਦਿੱਤਾ।[89] ਗਿਆਨੀ ਗਿਆਨ ਸਿੰਘ ਵੀ ਸ਼ੇਖ ਸੱਦੋ ਵਰਗੇ ਪੀਰਾਂ ਨੂੰ ਕਬਰਾਂ 'ਚੋਂ ਕੱਢ ਕੇ ਅੱਗ ਨਾਲ ਸਾੜਨ ਦੀ ਘਟਨਾ ਦੀ ਪ੍ਰੋੜਤਾ ਕਰਦਾ ਹੈ।[90]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦਰਿਆ ਸਤਲੁਜ ਪਾਰ ਕਰਕੇ ਦੁਆਬੇ ਵਿੱਚ ਵੜਿਆ ਤਾਂ ਦੁਆਬੇ ਦੇ ਕਈ ਹਾਕਮ ਇੱਧਰ-ਉੱਧਰ ਭੱਜ ਗਏ, ਕਈਆਂ ਨੇ ਉਸ ਦੀ ਈਨ ਮੰਨ ਲਈ। ਹੌਲੀ-ਹੌਲੀ ਬਾਬਾ ਬੰਦਾ ਸਿੰਘ ਬਹਾਦਰ ਸਾਰੇ ਮਾਝੇ-ਦੁਆਬੇ ਉੱਪਰ ਕਬਜ਼ਾ ਕਰ ਲੈਂਦਾ ਹੈ। ਜਿਸ ਵਿੱਚ ਜਲੰਧਰ, ਪਠਾਣਕੋਟ, ਹੁਸ਼ਿਆਰਪੁਰ, ਰਾਹੋਂ, ਸਠਿਆਲਾ, ਬੁਤਾਲਾ, ਜਸਵਾਲੀ, ਬਸੌਲੀ, ਬਟਾਲਾ ਆਦਿ ਸ਼ਹਿਰ ਆਉਂਦੇ ਹਨ। ਦੁਆਬੇ ਇਲਾਕੇ ਦੇ ਸਾਰੇ ਥਾਣੇ ਤੇ ਤਹਿਸੀਲਾਂ ਉੱਤੇ ਅਧਿਕਾਰ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਮਝੈਲਾਂ 'ਚ ਵੰਡ ਦਿੰਦਾ ਹੈ।[91] ਪਰ ਜਿੱਥੇ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਇਲਾਕੇ ਮਝੈਲਾਂ ਵਿੱਚ ਵੰਡ ਦਿੱਤੇ, ਉੱਥੇ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੁਆਬੇ ਦੀ ਨਵਾਬੀ ਭਾਈ ਬਾਜ਼ ਸਿੰਘ ਦੇ ਦੂਜੇ ਭਰਾ ਭਾਈ ਰਾਮ ਸਿੰਘ ਨੂੰ ਪਠਾਣਕੋਟ ਤੇ ਅੱਚਲ ਬਟਾਲਾ ਬਾਜ਼ ਸਿੰਘ ਦੇ ਤੀਜੇ ਭਰਾ ਸਯਾਮ ਸਿੰਘ ਨੂੰ ਦੇ ਦਿੰਦਾ ਹੈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਖ਼ਾਲਸਿਆਂ ਨੇ ਪਾਣੀਪਤ 'ਚੋਂ ਤੁਰਕਾਂ ਦੇ ਝੰਡੇ ਪੁੱਟ ਕੇ ਆਪਣੇ ਝੰਡੇ ਝੁਲਾ ਦਿੱਤੇ। ਪਾਣੀਪਤ ਤੋਂ ਲੈ ਕੇ ਪਠਾਣਕੋਟ ਤੱਕ ਬਾਬਾ ਬੰਦਾ ਸਿੰਘ ਬਹਾਦਰ ਨੇ ਕਈ ਕਿਲ੍ਹੇ ਬਣਾਏ। ਬਾਬਾ ਬੰਦਾ ਸਿੰਘ ਬਹਾਦਰ ਲਗਾਤਾਰ

---

87 ਗਿਆਨੀ ਗਿਆਨ ਸਿੰਘ, *ਉ. ਰ.*.

88 ਰਤਨ ਸਿੰਘ, ਭੰਗੂ, *ਉ. ਰ.*, ਪੰਨਾ 98.

89 ਰਤਨ ਸਿੰਘ ਭੰਗੂ, *ਉਹੀ*, ਪੰਨਾ 97.

90 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 392.

91 ਗਿਆਨੀ ਗਿਆਨ ਸਿੰਘ, *ਉਹੀ*, ਪੰਨੇ 393-394.

ਇਨ੍ਹਾਂ ਕਿਲ੍ਹਿਆਂ ਵਿੱਚ ਫਿਰਦਾ ਰਹਿੰਦਾ ਸੀ। ਉਹ ਕਦੋਂ ਸੌਂਦਾ, ਕਦੋਂ ਅੰਨ-ਪਾਣੀ ਖਾਂਦਾ, ਲੋਕ ਇਸ ਬਾਰੇ ਸੋਚਦੇ ਰਹਿੰਦੇ ਸਨ। ਰਤਨ ਸਿੰਘ ਭੰਗੂ ਇਸ ਦਾ ਜੁਆਬ ਦਿੰਦਾ ਲਿਖਦਾ ਹੈ ਕਿ ਉਸ ਕੋਲ ਜੋ ਜਾਦੂ-ਮੰਤਰਾਂ ਵਾਲੀ ਪੋਥੀ ਸੀ, ਇਹ ਸਭ ਉਸ ਦੇ ਸਹਾਰੇ ਕਰਦਾ ਸੀ।[92] ਗਿਆਨੀ ਗਿਆਨ ਸਿੰਘ ਵੀ ਪਾਣੀਪਤ ਤੋਂ ਪਠਾਣਕੋਟ ਤੱਕ ਕਿਲ੍ਹੇ ਬਣਾਉਣ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਦਿਖਾਈਆਂ ਕਰਾਮਾਤਾਂ ਦਾ ਜ਼ਿਕਰ ਕਰਦਾ ਹੈ। ਪਰ ਕਰਾਮਾਤਾਂ ਦੇ ਬਾਵਜੂਦ ਵੀ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਦੁਆਰੇ ਜਾ ਕੇ ਸਿਰ ਝੁਕਾਉਣ ਅਤੇ ਪ੍ਰਸ਼ਾਦ ਕਰਵਾਉਣ, ਗੁਰਦੁਆਰਿਆਂ ਦੀ ਸੇਵਾ ਕਰਨ, ਨਿੱਤ ਦੀਵਾਨ ਲਾਉਣ ਦੀ ਪੁਸ਼ਟੀ ਕਰਦਾ ਹੈ।[93] ਰਾਹੋਂ, ਜਲੰਧਰ, ਹੁਸ਼ਿਆਰਪੁਰ, ਕਲਾਨੌਰ, ਬਟਾਲੇ ਅਤੇ ਪਠਾਣਕੋਟ ਉੱਤੇ ਕਬਜ਼ਾ ਕਰਨ ਅਤੇ ਲਾਹੌਰ ਦੇ ਹਾਕਮ ਅਸਲਮ ਖਾਂ ਦੀਆਂ ਫੌਜਾਂ ਨੂੰ ਦੋ ਵਾਰ ਹਰਾਉਣ ਦਾ ਜ਼ਿਕਰ ਤੇਜਾ ਸਿੰਘ, ਗੰਡਾ ਸਿੰਘ ਵੀ ਕਰਦੇ ਹਨ।[94] ਗੰਡਾ ਸਿੰਘ ਸਿੰਘਾਂ ਵੱਲੋਂ ਰਾਹੋਂ ਤੇ ਜਲੰਧਰ ਦੇ ਇਲਾਕੇ ਜਿੱਤਣ, ਲਾਹੌਰ ਦੇ ਹਾਕਮ ਅਸਲਮ ਖਾਂ ਦੀਆਂ ਫ਼ੌਜਾਂ ਨੂੰ ਦੋ ਵਾਰ ਹਰਾਉਣ, ਬਟਾਲਾ, ਕਲਾਨੌਰ, ਪਠਾਣਕੋਟ ਸਮੇਤ (ਸਿਰਫ਼ ਲਾਹੌਰ ਸ਼ਹਿਰ ਨੂੰ ਛੱਡ ਕੇ) ਸਾਰੇ ਮਾਝੇ ਦਾ ਇਲਾਕਾ ਬਾਬਾ ਬੰਦਾ ਸਿੰਘ ਬਹਾਦਰ ਦੇ ਕਬਜ਼ੇ ਵਿੱਚ ਆ ਜਾਣ ਦੀ ਹਾਮੀ ਗੰਡਾ ਸਿੰਘ ਵੀ ਭਰਦਾ ਹੈ।[95]

ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਕੀਰਤਪੁਰ ਅਤੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਾ ਜ਼ਿਕਰ ਵੀ ਕਰਦੇ ਹਨ। ਗਿਆਨੀ ਗਿਆਨ ਸਿੰਘ ਇਸ ਦੀ ਤਾਰੀਖ਼ ਸੰਮਤ 1767 ਬਿਕ੍ਰਮੀ ਦੇ ਰਿਹਾ ਹੈ, ਪਰ ਰਤਨ ਸਿੰਘ ਭੰਗੂ ਕੋਈ ਤਾਰੀਖ਼ ਨਹੀਂ ਦਿੰਦਾ।[96] ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਖ ਭਾਈ ਬਾਘੜ ਸਿੰਘ ਦੁਆਰਾ ਪਹਾੜੀ ਰਾਜਿਆਂ ਦੇ ਪੰਜ ਪਹਿਲਵਾਨਾਂ ਨੂੰ ਹਰਾਉਣ ਦਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਗੱਡੇ ਗਏ ਝੰਡੇ ਨੂੰ ਪੁੱਟਣ, ਤੋੜਨ, ਕੱਟਣ ਅਤੇ ਪਾੜਨ ਵਿੱਚ ਪਹਾੜੀ ਰਾਜਿਆਂ ਦੇ ਅਸਫ਼ਲ ਰਹਿਣ ਦਾ ਜ਼ਿਕਰ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਕਰਦੇ ਹਨ।[97] ਇੱਥੇ ਰਤਨ ਸਿੰਘ ਭੰਗੂ ਭਾਈ ਬਘੇਰਾ ਸਿੰਘ ਦੁਆਰਾ ਇੱਕ ਤੀਰ ਨਾਲ ਹਾਥੀ ਨੂੰ ਮਾਰਨ ਦਾ

---

92 ਰਤਨ ਸਿੰਘ ਭੰਗੂ, *ਉ. ਰ.,* ਪੰਨੇ 99-100

93 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 395-396

94 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨੇ 91-92.

95 ਗੰਡਾ ਸਿੰਘ, *ਉ. ਰ.,* ਪੰਨੇ 64-65, 54-59.

96 ਰਤਨ ਸਿੰਘ ਭੰਗੂ, *ਉ. ਰ.,* ਪੰਨਾ 102; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 396.

97 ਰਤਨ ਸਿੰਘ ਭੰਗੂ, *ਉਹੀ,* ਪੰਨਾ 104-106; ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 402-403.

ਜ਼ਿਕਰ ਵੀ ਕਰਦਾ ਹੈ।[98] ਉੱਥੇ ਗਿਆਨੀ ਗਿਆਨ ਸਿੰਘ ਪੰਜ ਸਿੰਘਾਂ ਭਾਈ ਬਾਘੜ ਸਿੰਘ, ਭਾਈ ਰਣਜੀਤ ਸਿੰਘ, ਭਾਈ ਬੱਜਰ ਸਿੰਘ, ਭਾਈ ਰਣਜੋਰ ਸਿੰਘ, ਭਾਈ ਕੇਹਰ ਸਿੰਘ ਦਾ ਜ਼ਿਕਰ ਕਰਦਾ ਹੈ। ਉਹ ਲਿਖਦਾ ਹੈ ਕਿ ਭਾਈ ਬੱਜਰ ਸਿੰਘ ਨੇ ਕਿਲ੍ਹੇ ਦੇ ਦਰਵਾਜ਼ੇ ਤੋੜ ਦਿੱਤੇ। ਭਾਈ ਕੇਹਰ ਸਿੰਘ ਤੇ ਬਾਘੜ ਸਿੰਘ ਨੇ ਦੋਵੇਂ ਹਾਥੀ ਜ਼ਖ਼ਮੀ ਕਰਕੇ ਭਜਾ ਦਿੱਤੇ। ਰਣਜੀਤ ਤੇ ਰਣਜੋਰ ਸਿੰਘ ਨੇ ਦੋ ਤੀਰਾਂ ਦੀ ਵਾਛੜ ਨਾਲ ਸੈਨਾ ਨੂੰ ਵਿੰਨ੍ਹ ਦਿੱਤਾ। ਸਿੰਘਾਂ ਨੇ ਡੇਢ ਹਜ਼ਾਰ ਦੇ ਕਰੀਬ ਪਹਾੜੀਆਂ ਨੂੰ ਮਾਰ ਮੁਕਾਇਆ। ਬਾਕੀ ਬਚੇ ਪਹਾੜੀ ਚਾਰੇ ਦਿਸ਼ਾਵਾਂ 'ਚ ਭੱਜ ਗਏ। ਇਹ ਘਟਨਾ ਸੰਮਤ 1767 ਬਿਕ੍ਰਮੀ ਦੀ ਹੈ।[99] ਇਸ ਘਟਨਾ ਦੀ ਪੁਸ਼ਟੀ ਰਤਨ ਸਿੰਘ ਭੰਗੂ ਵੀ ਕਰਦਾ ਹੈ।[100] ਪਰ ਰਤਨ ਸਿੰਘ ਭੰਗੂ 1300 ਪਹਾੜੀਆਂ ਦੇ ਮਰਨ ਦੀ ਅਤੇ ਨਾਲ ਹੀ ਕਹਿਲੂਰ ਰਿਆਸਤ ਦੀ ਰਾਜਧਾਨੀ ਬਿਲਾਸਪੁਰ ਨੂੰ ਲੁੱਟਣ ਅਤੇ ਅੱਗ ਲਾਉਣ ਦੀ ਵੀ ਪੁਸ਼ਟੀ ਕਰਦਾ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕੋਟ ਗੁਰੂ ਨਾਂ ਦੇ ਸਥਾਨ 'ਤੇ ਅਪਣਾ ਥਾਣਾ ਸਥਾਪਿਤ ਕਰਨ ਅਤੇ ਸੁਕੇਤ, ਨਦੌਣ ਅਤੇ ਕਈ ਹੋਰ ਰਾਜਿਆਂ ਤੋਂ ਨਜ਼ਰਾਨਾ ਵਸੂਲ ਕਰਨ ਦਾ ਜ਼ਿਕਰ ਵੀ ਕਰਦਾ ਹੈ। ਉਹ ਇਹ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਪੰਜ ਸਿੰਘਾਂ ਤੋਂ ਅਰਦਾਸ ਕਰਵਾ ਕੇ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਵਾਉਂਦਾ ਸੀ। ਉਸ ਨੇ ਇਹ ਢੰਡੋਰਾ ਪਿਟਵਾਇਆ ਸੀ ਕਿ ਕੋਈ ਵੀ ਸਿੰਘ ਇਸਤਰੀ ਦੇ ਤਨ ਦੇ ਕਿਸੇ ਵੀ ਗਹਿਣੇ ਨੂੰ ਅਤੇ ਪੁਰਸ਼ਾਂ ਦੀ ਪੁਸ਼ਾਕ ਤੇ ਪੱਗ ਨੂੰ ਹੱਥ ਨਾ ਪਾਵੇ।[101] ਦੋਵੇਂ ਲੇਖਕ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਆਪਣੇ ਆਪ ਨੂੰ ਗਿਆਰ੍ਹਵਾਂ ਗੁਰੂ ਅਖਵਾਉਣ ਦੀ ਪੁਸ਼ਟੀ ਕਰਦੇ ਹਨ।[102] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਨੂੰ ਮਾਸ ਅਤੇ ਸ਼ਰਾਬ ਪੀਣ ਦੀ ਮਨਾਹੀ ਕਰਦਾ ਸੀ। ਉਹ ਉਨ੍ਹਾਂ ਨੂੰ ਤਿਲਕ ਵੀ ਲਗਵਾਉਂਦਾ ਸੀ ਅਤੇ ਤਿਲਕ ਦੀ ਰੱਖਿਆ ਦਾ ਉਪਦੇਸ਼ ਵੀ ਦਿੰਦਾ ਸੀ।[103] ਪਰ ਰਤਨ ਸਿੰਘ ਭੰਗੂ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਕਰਦਾ। ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਮੰਡੀ ਦੇ ਰਾਜੇ ਸੁਧਰ ਸੈਨ ਦਾ ਮਹਿਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਲਾਉਣ ਦੀ ਪੁਸ਼ਟੀ ਕਰਦੇ ਹਨ।[104] ਪਹਾੜੀ ਰਾਜੇ ਭੀਮ ਚੰਦ

98 ਰਤਨ ਸਿੰਘ ਭੰਗੂ, *ਉਹੀ,* ਪੰਨਾ 106.

99 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 404.

100 ਰਤਨ ਸਿੰਘ ਭੰਗੂ, *ਉ. ਰ.,* ਪੰਨਾ 108.

101 ਰਤਨ ਸਿੰਘ, ਭੰਗੂ, *ਉਹੀ,* ਪੰਨਾ 109-110.

102 *ਉਹੀ,* ਪੰਨਾ 130; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 405.

103 ਗਿਆਨੀ ਗਿਆਨ ਸਿੰਘ, *ਉਹੀ.*

104 ਰਤਨ ਸਿੰਘ ਭੰਗੂ, *ਉ. ਰ.,* ਪੰਨਾ 107; ਗਿਆਨੀ ਗਿਆਨ ਸਿੰਘ, *ਉਹੀ.*

ਨੂੰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਰਾਉਣ ਦਾ ਜ਼ਿਕਰ ਤੇਜਾ ਸਿੰਘ, ਗੰਡਾ ਸਿੰਘ ਵੀ ਕਰਦੇ ਹਨ।[105] ਗੰਡਾ ਸਿੰਘ ਸਿਰਫ਼ ਬਿਲਾਸਪੁਰ ਦੀ ਲੜਾਈ ਵਿੱਚ ਭੀਮ ਚੰਦ ਕਹਲੂਰੀਏ ਅਤੇ ਉਸ ਦੇ ਸਾਥੀ ਪਹਾੜੀ ਰਾਜਿਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਹਰਾਉਣ ਦਾ ਜ਼ਿਕਰ ਕਰਦਾ ਹੈ।[106]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮੰਡੀ ਦੀ ਕੋਈ ਮਾਈ ਰੋੜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੇਵਾ ਸੰਭਾਲ ਕੀਤੀ ਸੀ। ਉਹ ਜੇਜੋਵਾਲ ਵਿੱਚ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਹੀ।[107] ਪਰ ਇਸ ਦੇ ਉਲਟ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮੰਡੀ ਦੀ ਇੱਕ ਖ਼ੂਬਸੂਰਤ ਰੰਡੀ ਨਾਲ ਵਿਆਹ ਕਰਵਾਇਆ ਸੀ।[108] ਦੋਵੇਂ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਦੇ ਕੁੱਲੂ ਜਾਣ ਦਾ, ਉੱਥੋਂ ਦੇ ਰਾਜੇ ਦੁਆਰਾ ਉਸ ਨੂੰ ਨਜ਼ਰਬੰਦ ਕਰਨ ਦਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਪਿੰਜਰੇ ਸਮੇਤ ਉੱਥੋਂ ਉੱਡ ਜਾਣ ਦਾ ਜ਼ਿਕਰ ਕਰਦੇ ਹਨ।[109] ਗਿਆਨੀ ਗਿਆਨ ਸਿੰਘ ਜ਼ਿਕਰ ਕਰਦਾ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਕੁੱਲੂ 'ਚ ਕੈਦ ਹੁੰਦਾ ਹੈ ਤਾਂ ਉਸ ਤੋਂ ਬਾਅਦ ਸਿੱਖਾਂ 'ਤੇ ਭਾਰੀ ਮੁਸੀਬਤਾਂ ਟੁੱਟ ਪੈਂਦੀਆਂ ਹਨ। ਕਰਨਾਲ, ਤਰਾਵੜੀ, ਸਰਹਿੰਦ ਸਾਰੇ ਇਲਾਕੇ ਉੱਪਰ ਤੁਰਕਾਂ ਦਾ ਕਬਜ਼ਾ ਹੋ ਜਾਂਦਾ ਹੈ। ਸਿੰਘ ਵਿਚਾਰੇ ਦੁਆਬੇ ਵਿੱਚ ਫ਼ਸ ਜਾਂਦੇ ਹਨ। ਜਿੱਥੇ ਸਿੰਘਾਂ ਦਾ ਕਾਫ਼ੀ ਜਾਨੀ-ਮਾਲੀ ਨੁਕਸਾਨ ਹੁੰਦਾ ਹੈ। ਏਨੇ ਨੂੰ ਬਾਬਾ ਬੰਦਾ ਸਿੰਘ ਬਹਾਦਰ ਵੀ ਕੁੱਲੂ ਦੇ ਰਾਜੇ ਦੀ ਕੈਦ 'ਚੋਂ ਉੱਡ ਕੇ ਮੰਡੀ ਪਹੁੰਚ ਜਾਂਦਾ ਹੈ। ਦੁੱਖੀ ਹੋਏ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲਣ ਲਈ ਪਹੁੰਚਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਝੱਟਪੱਟ ਮੰਡੀ ਤੋਂ ਮੁਗਲਾਂ ਵੱਲ ਚੜ੍ਹਾਈ ਕਰ ਦਿੰਦਾ ਹੈ। ਹੁਸ਼ਿਆਰਪੁਰ ਦੇ ਨੇੜੇ ਭਾਰੀ ਜੰਗ ਹੁੰਦੀ ਹੈ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਹੱਲਾ ਬੋਲ ਦਿੰਦਾ ਹੈ ਤਾਂ ਤੁਰਕਾਂ ਵਿੱਚ ਤਰਥੱਲੀ ਮੱਚ ਜਾਂਦੀ ਹੈ, ਸਿੰਘਾਂ ਦੇ ਹੌਂਸਲੇ ਦੁੱਗਣੇ ਹੋ ਜਾਂਦੇ ਹਨ। ਫ਼ਤਿਹ ਸਿੰਘ ਦੀਨ ਖਾਂ ਦਾ ਕਤਲ ਕਰ ਦਿੰਦਾ ਹੈ। ਹਾਜੀ ਇਸਮਾਇਲ ਖਾਂ, ਯਾਰ ਬੇਗ ਖਾਂ ਵੀ ਸਿੰਘਾਂ ਹੱਥੋਂ ਮਾਰੇ ਜਾਂਦੇ ਹਨ। ਮੁਗਲਾਂ ਦੇ ਕਈ ਹੋਰ ਸਿਰਕੱਢ ਜਾਂਬਾਜ਼ ਸਰਦਾਰ ਮੌਤ ਨੂੰ ਪਿਆਰੇ ਹੋ ਜਾਂਦੇ ਹਨ। ਮੁਨੀਮ ਖਾਂ ਜਾਨ ਬਚਾ ਕੇ ਦਿੱਲੀ ਭੱਜ ਜਾਂਦਾ ਹੈ ਅਤੇ ਦਿੱਲੀ ਦੇ ਦਰਬਾਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਦੇ ਹਾਲ ਦਾ ਵਰਣਨ ਕਰਦਾ ਹੈ।[110] ਪਰ ਰਤਨ ਸਿੰਘ ਭੰਗੂ ਹੁਸ਼ਿਆਰਪੁਰ ਲਾਗੇ ਹੋਈ ਇਸ ਲੜਾਈ ਦਾ ਕੋਈ ਜ਼ਿਕਰ ਨਹੀਂ ਕਰਦਾ। ਗੰਡਾ ਸਿੰਘ ਵੀ ਸਿੰਘਾਂ

---

105 ਤੇਜਾ ਸਿੰਘ ਅਤੇ, ਗੰਡਾ ਸਿੰਘ, *ੳ. ਹ.,* ਪੰਨਾ 94.

106 ਗੰਡਾ ਸਿੰਘ, *ੳ. ਹ.,* ਪੰਨਾ 88.

107 ਰਤਨ ਸਿੰਘ ਭੰਗੂ, *ੳ. ਹ.,* ਪੰਨਾ 111.

108 ਗਿਆਨੀ ਗਿਆਨ ਸਿੰਘ, *ੳ. ਹ.,* ਪੰਨਾ 406.

109 ਰਤਨ ਸਿੰਘ ਭੰਗੂ, *ੳ. ਹ.,* ਪੰਨੇ 112-113; ਗਿਆਨੀ ਗਿਆਨ ਸਿੰਘ, ਪੰਨਾ 406.

110 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 407-408.

ਵੱਲੋਂ ਜਿੱਤੇ ਕਰਨਾਲ ਦੇ ਕੁਝ ਇਲਾਕਿਆਂ ਅਤੇ ਥਾਨੇਸਰ ਉੱਤੇ ਮੁਗਲਾਂ ਵੱਲੋਂ ਕਬਜ਼ਾ ਕੀਤੇ ਜਾਣ,[111] ਬਾਬਾ ਬੰਦਾ ਸਿੰਘ ਬਹਾਦਰ ਦੇ ਮੰਡੀ ਅਤੇ ਕੁੱਲੂ ਜਾਣ ਤੇ ਉੱਥੋਂ ਦੇ ਰਾਜੇ ਵੱਲੋਂ ਕੈਦ ਕਰਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਪਿੰਜਰੇ ਸਮੇਤ ਕੁੱਲੂ ਤੋਂ ਉੱਡ ਕੇ ਮੰਡੀ ਆ ਜਾਣ ਸੰਬੰਧੀ ਪੰਥ ਪ੍ਰਕਾਸ਼ ਦੇ ਹਵਾਲੇ ਨਾਲ ਜ਼ਿਕਰ ਕਰਦਾ ਹੈ।[112] ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕੁੱਲੂ ਰਿਆਸਤ ਨੂੰ ਸਰਾਪ ਦਿੱਤੇ ਜਾਣ ਦਾ ਵੀ ਜ਼ਿਕਰ ਕਰਦਾ ਹੈ ਤੇ ਕਹਿੰਦਾ ਹੈ ਕਿ ਖ਼ਾਲਸਾ ਇੱਕ ਦਿਨ ਕੁੱਲੂ ਰਿਆਸਤ ਨੂੰ ਖਾਕ ਵਿੱਚ ਮਿਲਾ ਦੇਵੇਗਾ।[113]

ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਢੌਰੇ ਨੇੜੇ ਲੋਹਗੜ੍ਹ ਨਾਂ ਦੀ ਗੜ੍ਹੀ ਬਣਾਉਣ ਦਾ ਜ਼ਿਕਰ ਕਰਦਾ ਹੈ।[114] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਦੀਆਂ ਧੁੰਮਾਂ ਪੈ ਜਾਣ 'ਤੇ ਮੁਗਲ ਦਰਬਾਰ ਦੇ ਦਰਬਾਰੀਆਂ ਦੇ ਮਨਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਡਰ ਪੈਦਾ ਹੋ ਗਿਆ। ਦੱਖਣ ਵਿੱਚ ਜੰਗ ਲੜ ਰਹੇ ਬਾਦਸ਼ਾਹ ਬਹਾਦਰ ਸ਼ਾਹ ਦੇ ਅਮੀਰ, ਵਜ਼ੀਰ, ਸੈਨਿਕ ਸਾਰੇ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਤੋਂ ਭੈਅ ਖਾਂਦੇ ਸਨ। ਉਹ ਡਰਦੇ ਸਨ ਕਿ ਬਾਦਸ਼ਾਹ ਕਿਧਰੇ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਵੱਲ ਨਾ ਭੇਜ ਦੇਵੇ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸੰਮਤ 1767 ਬਿਕ੍ਰਮੀ ਤੱਕ ਸਾਰੇ ਪੰਜਾਬ ਵਿੱਚ ਸਿੰਘਾਂ ਦਾ ਰਾਜ ਫ਼ੈਲ ਗਿਆ ਸੀ। ਸਾਰੀ ਉਗਰਾਹੀ ਦਾ ਦਸਵਾਂ ਹਿੱਸਾ ਮਾਤਾ ਸੁੰਦਰੀ ਜੀ ਨੂੰ ਦਿੱਲੀ ਭੇਜਿਆ ਜਾਂਦਾ ਸੀ। ਮੁਖ਼ਲਿਸਗੜ੍ਹ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣਾ ਡੇਰਾ ਭਾਵ ਰਾਜਧਾਨੀ ਬਣਾ ਲਿਆ ਸੀ ਅਤੇ ਸਿੰਘਾਂ ਨੇ ਉਸ ਦਾ ਨਾਂ ਬਦਲ ਕੇ ਲੋਹਗੜ੍ਹ ਰੱਖ ਲਿਆ।[115] ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਿਲ੍ਹਾ ਮੁਖ਼ਲਿਸਗੜ੍ਹ ਦੀ ਮੁਰੰਮਤ ਕਰਵਾ ਕੇ, ਉਸ ਦਾ ਨਾਂ ਬਦਲ ਕੇ ਲੋਹਗੜ੍ਹ ਰੱਖਕੇ ਆਪਣੀ ਰਾਜਧਾਨੀ ਬਣਾਉਣ ਦੀ ਪੁਸ਼ਟੀ ਕਰਦਾ ਹੈ।[116]

ਗਿਆਨੀ ਗਿਆਨ ਸਿੰਘ ਹੁਸ਼ਿਆਰਪੁਰ ਲਾਗੇ ਹੋਈ ਲੜਾਈ ਤੋਂ ਬਾਅਦ ਸਿੱਖਾਂ ਦੁਆਰਾ ਸਹਾਰਨਪੁਰ ਉੱਪਰ ਕਬਜ਼ਾ ਕਰਨ ਦਾ ਜ਼ਿਕਰ ਕਰਦਾ ਹੈ।[117] ਸਾਰੀ ਲੁੱਟਮਾਰ ਦੀ ਧਨ-ਦੌਲਤ ਵਿੱਚੋਂ ਬਾਬਾ ਬੰਦਾ ਸਿੰਘ

---

111 ਗੰਡਾ ਸਿੰਘ, *ਉ. ਰ.*, ਪੰਨਾ, 71.

112 ਗੰਡਾ ਸਿੰਘ, *ਉਹੀ,* ਪੰਨੇ 89-90.

113 ਰਤਨ ਸਿੰਘ ਭੰਗੂ, *ਉ. ਰ.*, ਪੰਨਾ 113.

114 ਰਤਨ ਸਿੰਘ ਭੰਗੂ, *ਉਹੀ,* ਪੰਨਾ 120.

115 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 409-411.

116 ਗੰਡਾ ਸਿੰਘ, *ਉ. ਰ.*, ਪੰਨੇ 41-42.

117 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 416-419.

ਬਹਾਦਰ ਆਪਣੇ ਕੋਲ ਕੁਝ ਵੀ ਨਹੀਂ ਰੱਖਦਾ। ਉਹ ਸਾਰੇ ਧਨ ਨੂੰ ਸਿੰਘਾਂ ਦੇ ਘਰ-ਘਰ ਪਹੁੰਚਾ ਦਿੰਦਾ ਹੈ। ਇਸ ਤੋਂ ਬਾਅਦ ਸਿੰਘ ਹਰਿਦੁਆਰ, ਕਨਖਲ, ਜਵਾਲਾਪੁਰ ਨੂੰ ਵੀ ਲੁੱਟਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਿੰਘ ਗੰਗਾ ਪਾਰ ਕਰਕੇ ਮੀਰਾਂਪੁਰ, ਨਜ਼ੀਬਾਬਾਦ, ਮੁਰਾਦਾਬਾਦ ਆਦਿ ਪਿੰਡਾਂ ਨੂੰ ਲੁੱਟਦੇ ਹਨ ਤੇ ਆਪਣਾ ਕਬਜ਼ਾ ਕਰਦੇ ਹਨ।[118] ਸਹਾਰਨਪੁਰ, ਇਸ ਦੇ ਆਲੇ ਦੁਆਲੇ ਦੇ ਇਲਾਕੇ, ਬੂੜੀਏ ਨੂੰ ਜਿੱਤਣ ਦੀ ਪੁਸ਼ਟੀ ਗੰਡਾ ਸਿੰਘ ਵੀ ਕਰਦਾ ਹੈ।[119] ਤੇਜਾ ਸਿੰਘ, ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਹਾਰਨਪੁਰ ਦੀ ਜਿੱਤ ਦਾ ਜ਼ਿਕਰ ਕਰਦੇ ਹਨ।[120]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਕੁਝ ਲੁਟੇਰੇ ਸਿੰਘ ਜਲਾਲਾਬਾਦ ਦੇ ਨਵਾਬ ਜਲਾਲ ਖਾਂ ਦੀ ਰੁਹੇਲੀ ਸੈਨਾ ਨਾਲ ਪੰਗਾ ਲੈ ਲੈਂਦੇ ਹਨ ਤੇ ਉੱਥੋਂ ਹਾਰ ਖਾ ਕੇ ਭੱਜਦੇ ਹਨ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਹਗੜ੍ਹ ਦੇ ਕਿਲ੍ਹੇ ਵਿੱਚ ਇਹ ਖ਼ਬਰ ਪਹੁੰਚਦੀ ਹੈ ਤਾਂ ਉਹ ਭੜਕ ਉੱਠਦਾ ਹੈ ਤੇ ਨਾਲ ਦੀ ਨਾਲ ਉਹ ਮਾਲਵੇ ਦੇ ਸਿੰਘਾਂ ਨੂੰ ਸੰਦੇਸ਼ ਭੇਜਦਾ ਹੈ ਅਤੇ ਦੋ ਹਜ਼ਾਰ ਸਿੰਘ ਮਾਲਵੇ ਤੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਪਹੁੰਚ ਜਾਂਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਜਲਾਲਾਬਾਦ ਨੂੰ ਜਾ ਕੇ ਘੇਰਾ ਪਾ ਲੈਂਦਾ ਹੈ। ਰੁਹੇਲਿਆਂ ਨੇ ਸਿੰਘਾਂ ਦਾ ਬਹੁਤ ਨੁਕਸਾਨ ਕੀਤਾ, ਪਰ ਸਿੰਘ ਪਿੱਛੇ ਨਹੀਂ ਹਟਦੇ। ਅੰਤ ਬਾਬਾ ਬੰਦਾ ਸਿੰਘ ਬਹਾਦਰ ਜਲਾਲਾਬਾਦ ਨੂੰ ਜਿੱਤ ਲੈਂਦਾ ਹੈ ਤੇ ਨਜ਼ਰਾਨੇ ਵਜੋਂ ਜਲਾਲ ਖਾਂ ਤੋਂ ਢੇਰ ਸਾਰੀ ਧਨ ਦੌਲਤ ਵਸੂਲ ਕੇ ਉਸ ਦੀ ਜਾਨ ਬਖ਼ਸ਼ ਦਿੰਦਾ ਹੈ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਖ਼ਾਫ਼ੀ ਖਾਂ ਆਪਣੀ ਲਿਖਤ ਵਿੱਚ ਇਸ ਘਟਨਾ ਦਾ ਵਿਸ਼ੇਸ਼ ਜ਼ਿਕਰ ਕਰਦਾ ਹੈ।[121] ਗੰਡਾ ਸਿੰਘ ਵੀ ਜਲਾਲਾਬਾਦ ਹਾਕਮ ਜਲਾਲ ਖਾਨ ਹੱਥੋਂ ਸਿੰਘਾਂ ਦੀ ਪਹਿਲੇ ਹਮਲੇ ਵਿੱਚ ਹਾਰ ਹੋਈ ਲਿਖਦਾ ਹੈ ਅਤੇ ਪਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੇ ਦੂਜੇ ਹਮਲੇ ਵੇਲੇ ਸਿੰਘਾਂ ਵੱਲੋਂ ਜਲਾਲਾਬਾਦ ਦਾ ਘੇਰਾ ਵਿਚਕਾਰੋਂ ਹੀ ਚੁੱਕ ਕੇ ਪੰਜਾਬ ਪਰਤਣ ਦੀ ਗੱਲ ਕਰਦਾ ਹੈ।[122] ਤੇਜਾ ਸਿੰਘ ਅਤੇ ਗੰਡਾ ਸਿੰਘ ਵੀ ਜਲਾਲਾਬਾਦ ਉੱਤੇ ਸਿੰਘਾਂ ਵੱਲੋਂ ਕੀਤੇ ਹਮਲੇ ਦੀ ਪੁਸ਼ਟੀ ਕਰਦੇ ਹਨ।[123]

ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਲੜੀਆਂ ਲੜਾਈਆਂ ਲਈ ਜਿੱਥੇ ਖ਼ਾਫ਼ੀ ਖਾਂ ਦੇ ਹਵਾਲੇ ਦਿੰਦਾ ਹੈ। ਉਹ ਲਿਖਦਾ ਹੈ ਕਿ ਬਦਰਦੀਨ, ਜੋ ਕਿ ਪਹਿਲਾਂ ਸਹਾਰਨਪੁਰ ਦਾ ਕੋਤਵਾਲ ਸੀ, ਬਾਬਾ

---

118 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 420.

119 ਗੰਡਾ ਸਿੰਘ, *ਉ. ਰ.,* ਪੰਨੇ 47-49.

120 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨਾ, 89.

121 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 422.

122 ਗੰਡਾ ਸਿੰਘ, *ਉ. ਰ.,* ਪੰਨੇ 51-52.

123 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨਾ, 90.

ਬੰਦਾ ਸਿੰਘ ਬਹਾਦਰ ਦਆਰਾ ਸਹਾਰਨਪੁਰ 'ਤੇ ਕਬਜ਼ਾ ਕਰਨ ਤੋਂ ਬਾਅਦ ਉਹ ਸੂਰਤ ਸ਼ਹਿਰ ਦੇ ਨਵਾਬ ਕੋਲ ਜਾ ਕੇ ਨੌਕਰੀ ਕਰ ਲੈਂਦਾ ਹੈ ਅਤੇ ਸਿੰਘਾਂ ਦੀ ਬਹਾਦਰੀ ਦੀ ਕਹਾਣੀ ਨਵਾਬ ਦੀ ਬੇਗਮ ਮਹਿਤਾਬ ਨੂੰ ਸੰਮਤ 1778 ਬਿਕ੍ਰਮੀ ਵਿੱਚ ਸੁਣਾਉਂਦਾ ਹੈ।[124] ਗਿਆਨੀ ਗਿਆਨ ਸਿੰਘ ਅਨੁਸਾਰ ਬਦਰਦੀਨ ਮਹਿਤਾਬ ਬੇਗਮ ਨੂੰ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਮਤ 1768 ਬਿਕ੍ਰਮੀ ਵਿੱਚ ਆਮ ਲੋਕ, ਲੁਟੇਰੇ, ਧਾੜਵੀ, ਸਿੱਖ ਇਕੱਠੇ ਕੀਤੇ। ਉਸ ਨੇ ਸਮਾਣਾ ਅਤੇ ਸਢੌਰਾ ਸ਼ਹਿਰ ਬਰਬਾਦ ਕਰ ਦਿੱਤੇ, ਸਰਹਿੰਦ ਜਾ ਲੁੱਟੀ ਅਤੇ ਸਾਰੇ ਦੁਆਬੇ ਉੱਪਰ ਵੀ ਕਬਜ਼ਾ ਕਰ ਲਿਆ। ਬਦਰਦੀਨ ਦੱਸਦਾ ਹੈ ਕਿ ਸਹਾਰਨਪੁਰ ਦੇ ਰਾਜ ਵਿੱਚ ਵੱਡੇ-ਵੱਡੇ ਨਾਮੀ ਮੁਸਲਮਾਨ ਰਹਿੰਦੇ ਸਨ। ਜਿਨ੍ਹਾਂ ਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਖ਼ਾਨਦਾਨ ਦੇ ਖ਼ਾਨਦਾਨ ਖ਼ਤਮ ਕਰ ਦਿੱਤੇ ਅਤੇ ਉਨ੍ਹਾਂ ਦੀਆਂ ਔਰਤਾਂ ਘਰ-ਬਾਰ ਛੱਡ ਕੇ ਭੱਜ ਗਈਆਂ ਅਤੇ ਉਨ੍ਹਾਂ ਨੇ ਦਿੱਲੀ ਦਰਬਾਰ ਵਿੱਚ ਜਾ ਕੇ ਆਪਣੇ ਉੱਪਰ ਟੁੱਟੀਆਂ ਮੁਸੀਬਤਾਂ ਬਾਰੇ ਦੱਸਿਆ।

ਉਨ੍ਹਾਂ ਦੀ ਫ਼ਰਿਆਦ ਸੁਣ ਕੇ ਮੁਗਲ ਬਾਦਸ਼ਾਹ ਨੇ ਆਪਣੇ ਜਰਨੈਲਾਂ ਸਮੁੰਦ ਖਾਂ, ਨੂਰ ਖਾਂ, ਦਵੇਸ਼ ਦੁੱਲਾ ਖਾਂ ਬਖ਼ਸ਼ੀ ਨੂੰ ਦਸ ਹਜ਼ਾਰ ਦੀ ਫ਼ੌਜ ਦੇ ਕੇ ਸਿੰਘਾਂ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ ਅਤੇ ਦੀਨਾ ਬੇਗ ਨੂੰ ਵੀ ਨਾਲ ਸ਼ਾਮਿਲ ਹੋਣ ਲਈ ਲਿਖ ਭੇਜਿਆ। ਮੁਗਲ ਸੈਨਾ ਸਮੁੰਦ ਖਾਂ ਦੇ ਅਧੀਨ ਤਰਾਵੜੀ ਵਿੱਚ ਹੀ ਸਿੱਖਾਂ ਨੂੰ ਹਰਾ ਦਿੰਦੀ ਹੈ। ਸਿੱਖ ਥਾਨੇਸਰ ਸ਼ਹਿਰ ਵੱਲ ਭੱਜ ਜਾਂਦੇ ਹਨ ਅਤੇ ਨਦੀ ਸਰਸਵਤੀ ਦੇ ਕਿਨਾਰੇ ਮੋਰਚਾ ਲਾ ਕੇ ਤਿੰਨ ਦਿਨਾਂ ਤੱਕ ਮੁਗਲ ਸੈਨਾਂ ਨੂੰ ਰੋਕੀ ਰੱਖਦੇ ਹਨ। ਸਿੱਖ ਮੁਗਲ ਸੈਨਾ ਦਾ ਮੁਕਾਬਲਾ ਨਾ ਕਰਦੇ ਹੋਏ, ਇੱਥੋਂ ਮੋਰਚੇ ਪੁੱਟ ਕੇ ਲੋਹਗੜ੍ਹ ਵੱਲ ਨੂੰ ਚਲੇ ਜਾਂਦੇ ਹਨ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਤਾਂ ਉਹ ਪਹਾੜਾਂ ਤੋਂ ਥੱਲੇ ਉਤਰ ਆਉਂਦਾ ਹੈ ਤੇ ਸਿੰਘਾਂ ਨੂੰ ਇਕੱਠੇ ਕਰ ਲੈਂਦਾ ਹੈ। ਦੂਜੇ ਪਾਸੇ ਸ਼ਾਹੀ ਸੈਨਾ ਦੇ ਨਾਲ ਵੱਡੀ ਗਿਣਤੀ ਵਿੱਚ ਆਮ ਮੁਸਲਮਾਨ ਵੀ ਰਲ ਜਾਂਦੇ ਹਨ। ਬਦਰਦੀਨ ਦੱਸਦਾ ਹੈ ਕਿ ਕੋਟ ਅੱਬੂ ਖਾਂ ਦੇ ਨੇੜੇ ਸਿੱਖਾਂ ਅਤੇ ਮੁਗਲਾਂ ਵਿੱਚ ਘਮਸਾਨ ਦੀ ਜੰਗ ਹੋਈ। ਉਹ ਦੱਸਦਾ ਹੈ ਕਿ ਸਿੱਖਾਂ ਦੀ ਗਿਣਤੀ ਵੀਹ ਕੁ ਹਜ਼ਾਰ ਦੇ ਕਰੀਬ ਸੀ ਅਤੇ ਮੁਗਲ ਸੈਨਾ ਇੱਕ ਲੱਖ ਤੋਂ ਵੱਧ ਸੀ। ਉਹ ਦੱਸਦਾ ਹੈ ਕਿ ਦੋ ਪ੍ਹੈਰਾਂ (ਦੁਪਹਿਰ) ਤੱਕ ਸਿੰਘ ਬੜੀ ਬਹਾਦਰੀ ਨਾਲ ਲੜੇ, ਜੰਗ ਦੇ ਮੈਦਾਨ ਵਿੱਚ ਲੋਥਾਂ ਹੀ ਲੋਥਾਂ ਵਿਛ ਗਈਆਂ, ਪੈਰ ਧਰਨ ਨੂੰ ਵੀ ਥਾਂ ਨਾ ਰਹੀ। ਮੁਗਲ ਸੈਨਾ ਦੇ ਬਹੁਤ ਜ਼ਿਆਦਾ ਗਿਣਤੀ ਵਿੱਚ ਹੋਣ ਕਾਰਨ ਸਿੰਘ ਚਾਰੇ ਪਾਸਿਓਂ ਘਿਰ ਗਏ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰੀਰ 'ਤੇ ਕਈ ਫੱਟ ਲੱਗੇ। ਅੰਤ ਨੂੰ ਮੈਦਾਨ ਹੱਥੋਂ ਖੁਸਦਾ ਵੇਖ ਸਿੰਘ ਭੱਜ ਤੁਰੇ। ਉਪਰੋਂ ਮੋਹਲੇਧਾਰ

[124] ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 423.

ਮੀਂਹ ਸ਼ੁਰੂ ਹੋ ਗਿਆ। ਸਾਰੇ ਸਿੰਘ ਬਿਖਰ ਗਏ ਤੇ ਬਾਬਾ ਬੰਦਾ ਸਿੰਘ ਬਹਾਦਰ ਇਕੱਲਾ ਰਹਿ ਗਿਆ।[125] ਬਦਰਦੀਨ ਅੱਗੇ ਦੱਸਦਾ ਹੈ ਕਿ ਮੁਗਲ ਬਾਬਾ ਬੰਦਾ ਸਿੰਘ ਬਹਾਦਰ ਦੇ ਪਿੱਛੇ ਲੱਗੇ ਹੋਏ ਸਨ। ਪਰ ਡਰਦਾ ਬਾਬਾ ਬੰਦਾ ਸਿੰਘ ਬਹਾਦਰ ਦੇ ਨੇੜੇ ਕੋਈ ਨਹੀਂ ਸੀ ਜਾਂਦਾ। ਦਸ ਕੋਹ ਪੈਂਡਾ ਕੱਢਕੇ ਉਸ ਦਾ ਦਾ ਘੋੜਾ ਵੀ ਹਾਰ ਗਿਆ ਤੇ ਉਹ ਹਨੇਰੇ ਦਾ ਫ਼ਾਇਦਾ ਉਠਾ ਕੇ ਜੰਗਲ ਵਿੱਚ ਵੜ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਰਾਤ ਨੂੰ ਇੱਕ ਮਾਲੀ ਕੋਲ ਜਾ ਕੇ ਅੰਨ-ਪਾਣੀ ਛਕਿਆ। ਮੁਗਲਾਂ ਦੀ ਸੈਨਾ ਉਸ ਨੂੰ ਖੋਜਦੀ ਹੋਈ ਉੱਥੇ ਵੀ ਆ ਗਈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਸੈਨਾ ਦੇ ਆਉਣ ਪਤਾ ਲੱਗ ਜਾਂਦਾ ਹੈ ਤੇ ਉਸ ਨੇ ਮਾਲੀ ਨੂੰ ਦੱਸਿਆ ਕਿ ਇਹ ਮੇਰੇ ਦੁਸ਼ਮਣ ਹਨ ਅਤੇ ਮਾਲੀ ਨੂੰ ਕੁਰਾਨ ਦੀ ਕਸਮ ਖਵਾ ਕੇ, ਤਾਂ ਜੋ ਮਾਲੀ ਉਸ ਬਾਰੇ ਮੁਗਲ ਸੈਨਾ ਨੂੰ ਨਾ ਦੱਸੇ, ਲੁਕਣ ਲਈ ਖੂਹ ਵਿੱਚ ਲਟਕ ਗਿਆ।[126] ਜਦੋਂ ਤੁਰਕਾਂ ਦੀ ਸੈਨਾ ਨੇ ਮਾਲੀ ਨੂੰ ਦੱਸਿਆ ਕਿ ਇੱਧਰ ਇੱਕ ਕਾਫ਼ਰ ਬੰਦਾ ਭੱਜ ਕੇ ਆਇਆ ਹੈ, ਜਿਸ ਨੇ ਇਸਲਾਮ ਦਾ ਬੀਜ਼ ਨਾਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਜਦੋਂ ਮਾਲੀ ਨੇ ਇਹ ਸੁਣਿਆ ਤਾਂ ਉਹ ਮੁਗਲ ਸੈਨਾ ਨੂੰ ਕਹਿੰਦਾ ਹੈ ਕਿ ਮੈਂ ਕੁਰਾਨ ਦੀ ਕਸਮ ਖਾਧੀ ਹੈ ਕਿ ਮੈ ਉਸ ਬਾਰੇ ਕੁਝ ਨਹੀਂ ਦੱਸ ਸਕਦਾ, ਪਰ ਮੇਰੀ ਪਤਨੀ ਨੇ ਕੋਈ ਕਸਮ ਨਹੀਂ ਖਾਧੀ ਤੇ ਉਹ ਤੁਹਾਨੂੰ ਕਾਫ਼ਰ ਬੰਦੇ ਬਾਰੇ ਦੱਸ ਦੇਵੇਗੀ। ਪਰ ਜਦੋਂ ਸੈਨਾ ਨੇ ਖੂਹ ਵਿੱਚ ਜਾ ਕੇ ਦੇਖਿਆ ਤਾਂ ਉਹ ਖਾਲੀ ਸੀ। ਖੂਹ ਦੇ ਉੱਪਰ ਇੱਕ ਬੋਹੜ ਦਾ ਦਰੱਖ਼ਤ ਸੀ। ਜਿਸ ਦੀਆਂ ਜੜ੍ਹਾਂ ਫ਼ੜ ਕੇ ਬਾਬਾ ਬੰਦਾ ਸਿੰਘ ਬਹਾਦਰ ਖੂਹ ਵਿਚ ਲਟਕਿਆ ਹੋਇਆ ਸੀ। ਪਰ ਹਨੇਰੀ ਰਾਤ ਤੇ ਬਾਰਿਸ਼ ਦਾ ਫ਼ਾਇਦਾ ਉਠਾ ਕੇ ਬਾਬਾ ਬੰਦਾ ਸਿੰਘ ਬਹਾਦਰ ਉੱਥੋਂ ਵੀ ਬਚ ਨਿਕਲਿਆ ਅਤੇ ਅਗਲੇ ਦਿਨੀਂ ਜੰਗਲ ਵਿੱਚੋਂ ਦੀ ਹੁੰਦਾ ਹੋਇਆ, ਦਸਵੇਂ ਦਿਨ ਲੋਹਗੜ੍ਹ ਪਹੁੰਚ ਗਿਆ ਅਤੇ ਸਿੰਘਾਂ ਨੂੰ ਸਾਰੀ ਘਟਨਾ ਬਿਆਨ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸਹੀ ਸਲਾਮਤ ਦੇਖ ਕੇ ਸਿੰਘਾਂ ਵਿੱਚ ਜਾਨ ਆ ਗਈ। ਹੋਰ ਵੀ ਸਿੱਖ ਦੂਰੋਂ-ਦੂਰੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਬਚ ਕੇ ਆਉਣ 'ਤੇ ਉਸ ਦੇ ਦਰਸ਼ਨ ਕਰਨ ਲਈ ਆਏ।[127] ਗਿਆਨੀ ਗਿਆਨ ਸਿੰਘ ਖ਼ਾਫ਼ੀ ਖਾਂ ਦੀ ਕਿਤਾਬ ਦੇ ਪੰਨੇ 149 ਦੇ ਹਵਾਲੇ ਨਾਲ ਦੱਸਦਾ ਹੈ ਕਿ ਸੰਮਤ 1769 ਬਿਕ੍ਰਮੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਵੀਹ ਹਜ਼ਾਰ ਦੇ ਕਰੀਬ ਸਿੰਘਾਂ ਨੂੰ ਫ਼ੇਰ ਇਕੱਠਾ ਕੀਤਾ। ਉਸ ਨੇ ਮੁਗਲਾਂ ਦੇ ਸ਼ਹਿਰ, ਕਸਬੇ ਉਜਾੜ ਦਿੱਤੇ, ਗੰਗਾ ਪਾਰ ਤੋਂ ਜਾ ਕੇ ਮੁਰਾਦਾਬਾਦ ਵਿੱਚ ਜਾ ਭਾਰੀ ਲੁੱਟ ਮਚਾਈ। ਨਜ਼ੀਬਾਬਾਦ ਦੀ ਘੇਰਾਬੰਦੀ ਕਰਕੇ, ਉੱਥੋਂ ਦੇ ਨਵਾਬ ਸ਼ਾਹਨਵਾਜ਼ ਤੋਂ ਭਾਰੀ ਨਜ਼ਰਾਨਾ ਵਸੂਲ ਕੀਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਲਾਲਾਬਾਦ ਨੂੰ ਫ਼ੇਰ ਜਾ ਘੇਰਾ ਪਾਇਆ, ਜਿਸ ਨੂੰ

---

125 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 424-425.

126 *ਉਹੀ,* ਪੰਨਾ 427.

127 *ਉਹੀ,* ਪੰਨੇ 427-430.

ਉਸ ਨੇ ਤਿੰਨ ਸਾਲ ਪਹਿਲਾਂ ਵੀ ਬਰਬਾਦ ਕਰ ਦਿੱਤਾ ਸੀ। ਉੱਥੋਂ ਦੇ ਨਵਾਬ ਜਲਾਲ ਖਾਂ ਨੇ ਡਰਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਨੂੰ ਭਾਰੀ ਨਜ਼ਰਾਨਾ ਪੇਸ਼ ਕੀਤਾ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੁਸ਼ਮਣ ਦੇ ਦੇਸ਼ ਵਿੱਚ ਭਾਰੀ ਲੁੱਟ ਖਸੁੱਟ ਕਰਕੇ ਦੁਸ਼ਮਣਾਂ ਤੋਂ ਬਦਲਾ ਲੈ ਕੇ, ਮੁਸਲਮਾਨਾਂ ਦੀ ਦੁਰਦਸ਼ਾ ਕਰਕੇ ਅਤੇ ਹਿੰਦੂਆਂ ਨੂੰ ਸੁੱਖ ਦੇ ਕੇ ਵਾਪਸ ਲੋਹਗੜ੍ਹ ਮੁੜ ਆਇਆ।[128] ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਵੱਲੋਂ ਬਿਆਨੀਆਂ ਇਨ੍ਹਾਂ ਘਟਨਾਵਾਂ ਬਾਰੇ ਕੋਈ ਜ਼ਿਕਰ ਨਹੀਂ ਕਰਦਾ।

ਗਿਆਨੀ ਗਿਆਨ ਸਿੰਘ ਖਾਫ਼ੀ ਖਾਂ ਦੇ ਹਵਾਲੇ ਨਾਲ ਲਿਖਦਾ ਹੈ ਕਿ ਹਿਜਰੀ 1124 ਰਮਜ਼ਾਨ ਦੇ ਮਹੀਨੇ ਵਿੱਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸੈਨਾਪਤੀ ਗਾਲਿਬ ਖਾਂ, ਅਮੀਰ ਖਾਂ ਅਤੇ ਅਗਰ ਖਾਂ ਨੂੰ ਨਾਲ ਲੈ ਕੇ ਸਿੰਘਾਂ 'ਤੇ ਚੜ੍ਹਾਈ ਕਰ ਦਿੱਤੀ ਅਤੇ ਭਾਰੀ ਲੜਾਈ ਸ਼ੁਰੂ ਹੋ ਗਈ। ਦੋ ਦਿਨਾਂ ਤੱਕ ਜੰਗ ਦਾ ਕੋਈ ਨਤੀਜਾ ਨਾ ਨਿਕਲਿਆ। ਤੀਜੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਵੀ ਦਸ ਹਜ਼ਾਰ ਸਿੰਘ ਲੈ ਕੇ ਲੜਾਈ ਵਿੱਚ ਸ਼ਾਮਿਲ ਹੋ ਗਿਆ। ਜਿਸ ਨਾਲ ਸਿੰਘਾਂ ਦੇ ਹੌਂਸਲੇ ਦੁੱਗਣੇ ਹੋ ਗਏ ਅਤੇ ਮੁਗਲ ਸੈਨਾ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਤੀਜੇ ਦਿਨ ਸਿੰਘਾਂ ਨੇ ਅਜਿਹੇ ਭਾਰੀ ਖੰਡੇ ਖੜਕਾਏ ਕਿ ਮੁਗਲ ਸੈਨਾ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਤ ਖਾਂ ਅਹਿਮਦ, ਹਸਨ ਖਾਂ, ਸੱਯਦ ਅਹਿਮਦ ਖਾਂ, ਅਨਵਰ ਖਾਂ ਵਰਗੇ ਕਈ ਮੁਸਲਮਾਨ ਸੈਨਾਪਤੀ ਮਾਰੇ ਗਏ। ਗੈਰਤ ਖਾਂ, ਹੁਸੈਨ ਖਾਂ, ਗਾਲਿਬ ਖਾਂ ਵਰਗੇ ਲੜਾਈ ਵਿੱਚ ਬੜੀ ਬਹਾਦਰੀ ਨਾਲ ਲੜੇ, ਪਰ ਹੱਥ ਪੱਲੇ ਕੁੱਝ ਨਾ ਪਿਆ। ਅੰਤ ਵਿੱਚ ਅਗਰ ਖਾਂ ਨੇ ਮੁਗਲ ਸੈਨਾ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਦੇ ਮੂੰਹ 'ਚੋਂ ਬੁਰਕੀ ਖੋਹਣ ਵਾਂਗ, ਮੈਦਾਨ ਮਾਰ ਲਿਆ।[129] ਰਤਨ ਸਿੰਘ ਭੰਗੂ ਇਸ ਬਾਬਤ ਵੀ ਕੁਝ ਨਹੀਂ ਲਿਖਦਾ।

ਕੇਸਰ ਸਿੰਘ ਛਿੱਬਰ ਵੀ ਲਿਖਦਾ ਹੈ ਕਿ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਭਾਰੀ ਸੈਨਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਉੱਪਰ ਚੜ੍ਹਾਈ ਕਰ ਦਿੱਤੀ। ਬਹਾਦਰ ਸ਼ਾਹ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਵੀ ਕਿਹਾ ਕਿ ਉਹ ਵੀ ਉਸ ਦੇ ਵਾਂਗ ਹੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਹੈ। ਫ਼ੇਰ ਉਹ ਉਸ ਖਿਲਾਫ਼ ਕਿਉਂ ਲੜ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਕਿ ਉਹ ਆਪਣੇ ਗੁਰੂ ਦੇ ਹੁਕਮ ਅਨੁਸਾਰ ਹੀ ਲੜ ਰਿਹਾ ਹੈ। ਕੇਸਰ ਸਿੰਘ ਛਿੱਬਰ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਵੀ ਬੁਰੀ ਤਰ੍ਹਾਂ ਹਰਾਇਆ।[130] ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਬਾਦਸ਼ਾਹ ਬਹਾਦਰ ਸ਼ਾਹ ਨੇ ਪੇਸ਼ ਨਾ ਜਾਂਦੀ ਦੇਖ ਕੇ

---

[128] *ਉਹੀ,* ਪੰਨੇ 430-431.

[129] *ਉਹੀ,* ਪੰਨੇ 431-434.

[130] ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 198-199.

ਅਸਦ ਖਾਂ ਨਾਂ ਦੇ ਜਰਨੈਲ ਨੂੰ ਸਿੰਘਾਂ ਉੱਪਰ ਹਮਲਾ ਕਰਨ ਲਈ ਬੁਲਾ ਲਿਆ, ਜਿਸ ਨੇ ਮੁਗਲਾਂ ਲਈ ਕਈ ਜੰਗ ਜਿੱਤੇ ਸਨ। ਸ਼ਹਿਜਾਦਾ ਰਫ਼ੀਉਲ ਮੁਅੱਜ਼ਮ ਵੀ ਆਪਣੀ ਅਤੇ ਰਾਜਪੂਤਾਂ ਦੀ ਭਾਰੀ ਸੈਨਾ ਲੈ ਕੇ ਲੜਾਈ ਵਿੱਚ ਸ਼ਾਮਿਲ ਹੋ ਗਿਆ ਤੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸਿੰਘਾਂ ਦਾ ਨਾਮੋ-ਨਿਸ਼ਾਨ ਮਿਟਾ ਦਿਉ ਅਤੇ ਬੰਦੇ ਨੂੰ ਫ਼ੜ ਕੇ ਮੇਰੇ ਕੋਲ ਲੈ ਕੇ ਆਉ। ਦੂਜੇ ਪਾਸੇ ਮੁਗਲ ਸੈਨਾ ਨੂੰ ਲੜਾਈ ਵਿੱਚ ਮਾਤ ਦੇਣ ਤੋਂ ਬਾਅਦ ਬਹੁਤੇ ਸਿੰਘ ਆਪਣੇ ਪਰਿਵਾਰਾਂ ਨੂੰ ਮਿਲਣ ਤੇ ਲੁੱਟ ਦਾ ਮਾਲ ਘਰੇ ਦੇਣ ਲਈ ਆਪਣੇ ਪਿੰਡਾਂ ਨੂੰ ਚਲੇ ਗਏ ਸਨ। ਲੋਹਗੜ੍ਹ ਦੇ ਕਿਲ੍ਹੇ ਵਿੱਚ ਬਹੁਤ ਥੋੜ੍ਹੇ ਸਿੰਘ ਸਨ। ਸ਼ਾਹੀ ਸੈਨਾ ਦੇ ਨਾਲ ਆਮ ਮੁਸਲਮਾਨ ਵੀ ਜਾ ਮਿਲੇ। ਸਿੰਘਾਂ ਦੀ ਗਿਣਤੀ ਮੁਗਲ ਸੈਨਾ ਸਾਹਮਣੇ ਆਟੇ ਵਿੱਚ ਲੂਣ ਬਰਾਬਰ ਸੀ। ਲਾਡਵਾ ਪਿੰਡ ਦੇ ਲਾਗੇ ਫ਼ੇਰ ਵੀ ਸਿੰਘ ਤਿੰਨ ਦਿਨ ਮੁਗਲ ਸੈਨਾ ਨਾਲ ਲੜਦੇ ਰਹੇ। ਇੱਥੋਂ ਪਿਛਾਂਹ ਹਟਕੇ ਬੂੜੀਆ ਪਿੰਡ ਲਾਗੇ ਵੀ ਸਿੰਘਾਂ ਨੇ ਮੁਗਲ ਸੈਨਾ ਦਾ ਟਾਕਰਾ ਕੀਤਾ। ਅੰਤ ਵਿੱਚ ਸਿੰਘ ਪਿੱਛੇ ਹਟਦੇ ਹੋਏ ਲੋਹਗੜ੍ਹ ਦੇ ਕਿਲ੍ਹੇ ਵਿੱਚ ਜਾ ਵੜੇ ਅਤੇ ਇੱਕ ਮਹੀਨੇ ਤੱਕ ਜੰਗ ਚਲਦਾ ਰਿਹਾ। ਸਿੰਘਾਂ ਨੇ ਕਈ ਵਾਰੀ ਮੁਗਲਾਂ 'ਤੇ ਹਮਲਾ ਕਰਕੇ ਭਾਰੀ ਤਬਾਹੀ ਮਚਾਈ। ਅਤੇ ਜੋ ਕੁਝ ਵੀ ਮਿਲਦਾ ਲੁੱਟ ਕੇ ਲੈ ਜਾਂਦੇ। ਫ਼ੇਰ ਇਕ ਦਿਨ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਨੂੰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਵਾਲਾ ਦੇ ਕੇ ਤਿਆਰ ਕੀਤਾ। ਉਸ ਨੇ ਅੱਠ ਹਜ਼ਾਰ ਦੇ ਕਰੀਬ ਸਿੰਘਾਂ ਨੂੰ ਖ਼ੁਦ ਆਪਣੇ ਹੇਠਾਂ ਅਤੇ ਬਾਜ਼ ਸਿੰਘ, ਫ਼ਤਿਹ ਸਿੰਘ, ਜੁਝਾਰ ਸਿੰਘ ਦੇ ਥੱਲੇ ਚਾਰ ਜਥਿਆਂ ਵਿੱਚ ਵੰਡ ਲਿਆ ਅਤੇ ਅੰਮ੍ਰਿਤ ਵੇਲੇ ਮੁਗਲਾਂ ਉੱਪਰ ਤਾਬੜ-ਤੋੜ ਹਮਲਾ ਕਰ ਦਿੱਤਾ।[131] ਰਤਨ ਸਿੰਘ ਭੰਗੂ ਲੋਹਗੜ੍ਹ ਦੀ ਇਸ ਲੜਾਈ ਬਾਰੇ ਵੀ ਕੁਝ ਨਹੀਂ ਲਿਖਦਾ। ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦੇ ਸਿੰਘ ਐਸੀਆਂ ਤੇਗਾਂ ਮਾਰ ਰਹੇ ਸਨ ਕਿ ਇੰਝ ਲੱਗਦਾ ਸੀ ਜਿਵੇਂ ਤੇਜੀ ਨਾਲ ਫ਼ਸਲ ਕੱਟੀ ਜਾ ਰਹੀ ਹੋਵੇ। ਮੁਗਲ ਸੈਨਾਪਤੀ ਗਾਲਿਬ ਖਾਂ, ਨਜ਼ੀਬ ਖਾਂ ਇਸ ਜੰਗ ਵਿੱਚ ਮਾਰੇ ਗਏ ਤੇ ਸਲਾਬਤ ਖਾਂ ਵੀ ਜੁਝਾਰ ਸਿੰਘ ਹੱਥੋਂ ਮਾਰਿਆ ਗਿਆ। ਅੰਤ ਮੁਗਲ ਇਹ ਲੜਾਈ ਬੁਰੀ ਤਰ੍ਹਾਂ ਹਾਰ ਗਏ। ਇਸ ਤੋਂ ਬਾਅਦ ਅਸਦ ਖਾਂ ਅਤੇ ਸਹਿਜ਼ਾਦੇ ਰਫ਼ੀਉਲ ਮੁਅੱਜ਼ਮ ਨੇ ਦਿੱਲੀ ਤੋਂ ਹੋਰ ਸੈਨਾ ਮੰਗਵਾਈ। ਬਾਬਾ ਬੰਦਾ ਸਿੰਘ ਬਹਾਦਰ ਮੁਗਲਾਂ ਦੇ ਘੋੜੇ ਅਤੇ ਹੋਰ ਮਾਲ ਲੁੱਟ ਲਿਆਇਆ ਤੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਸਾਰਾ ਧਨ ਮਾਲ ਘਰੋ-ਘਰੀਂ ਪਹੁੰਚਾ ਦਿੱਤਾ ਜਾਵੇ। ਕਿਉਂਕਿ ਮੁਗਲਾਂ ਦੀ ਹੋਰ ਫ਼ੌਜ ਲੋਹਗੜ੍ਹ 'ਤੇ ਹਮਲਾ ਕਰਨ ਲਈ ਆ ਰਹੀ ਹੈ। ਲੋਹਗੜ੍ਹ ਦੇ ਕਿਲ੍ਹੇ ਅੰਦਰ ਘਿਰੇ ਹੋਏ ਸਿੱਖ ਕਈ ਦਿਨਾਂ ਤੱਕ ਮੁਗਲ ਸੈਨਾ ਦਾ ਨੁਕਸਾਨ ਕਰਦੇ ਰਹੇ। ਓੜਕ ਨੂੰ ਜਦੋਂ ਸਿੱਖਾਂ ਦਾ ਜੰਗੀ ਸਾਜੋ-ਸਮਾਨ ਖ਼ਤਮ ਹੋ ਗਿਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘਾਂ ਸਮੇਤ ਕਿਲ੍ਹਾ ਛੱਡ ਕੇ ਪਹਾੜਾਂ ਵੱਲ ਭੱਜਣਾ ਪਿਆ।[132] ਜਦੋਂ ਖਾਨ ਖਾਨਾ ਨੇ ਏਹ ਖ਼ਬਰ ਬਹਾਦਰ ਸ਼ਾਹ ਨੂੰ ਦਿੱਤੀ ਉਹ ਅੱਗ ਬਬੂਲਾ ਹੋ ਗਿਆ। ਉਸ ਨੂੰ

---

131 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 435-438.

132 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 439-442.

ਆਪਣੀ ਬੜੀ ਹੇਠੀ ਮਹਿਸੂਸ ਹੋਈ। ਕਿਉਂਕਿ ਮੁਗਲ ਸੈਨਾ ਦਾ ਜਾਨੀ-ਮਾਲੀ ਨੁਕਸਾਨ ਵੀ ਬਹੁਤ ਹੋ ਗਿਆ ਸੀ, ਪਰ ਬਾਬਾ ਬੰਦਾ ਸਿੰਘ ਬਹਾਦਰ ਫ਼ੇਰ ਵੀ ਹੱਥ ਵੀ ਨਾ ਆਇਆ। ਬਹਾਦਰ ਸ਼ਾਹ ਨੇ ਖਾਨ ਖਾਨਾ ਨੂੰ ਕਿਹਾ ਕਿ ਜਦੋਂ ਤੱਕ ਬਾਬਾ ਬੰਦਾ ਸਿੰਘ ਬਹਾਦਰ ਨੂੰ ਫ਼ੜ ਨਹੀਂ ਲੈਂਦੇ, ਮੈਨੂੰ ਮੂੰਹ ਨਾ ਦਿਖਾਉ। ਉੱਧਰ ਸਿੰਘਾਂ ਨੇ ਲੜਾਈ ਦਾ ਨਵਾਂ ਤਰੀਕਾ ਆਪਣਾ ਲਿਆ। ਉਹ ਮੁਗਲ ਸੈਨਾ ‘ਤੇ ਅਚਾਨਕ ਹਮਲਾ ਕਰਕੇ ਲੁੱਟਮਾਰ ਕਰਕੇ ਜੰਗਲਾਂ ਵਿੱਚ ਜਾ ਵੜਦੇ। ਮੁਗਲ ਸਿੰਘਾਂ ਦੇ ਇਸ ਤਰ੍ਹਾਂ ਦੇ ਹਮਲਿਆਂ ਤੋਂ ਬੜੇ ਦੁਖੀ ਸਨ। ਮੁਗਲਾਂ ਵੱਲੋਂ ਗ੍ਰਿਫ਼ਤਾਰ ਕੀਤੇ ਸਿੰਘ ਵੀ ਕਿਸੇ ਤਰ੍ਹਾਂ ਕੈਦ ‘ਚੋਂ ਭੱਜ ਕੇ ਘੋੜਿਆਂ ‘ਤੇ ਚੜ੍ਹਕੇ ਜੰਗਲਾਂ ਵਿੱਚ ਜਾ ਵੜੇ। ਤਿੰਨ ਮਹੀਨੇ ਆਪਣੀ ਸੈਨਾ ਦਾ ਨੁਕਸਾਨ ਕਰਵਾ ਕੇ ਖਾਨ ਖਾਨਾ ਘਰ ਜਾ ਕੇ ਬੈਠ ਗਿਆ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖ਼ਾਫ਼ੀ ਖਾਂ ਨੇ ਇਹ ਪ੍ਰਸੰਗ ਸਿੰਘਾਂ ਨੂੰ ਗਾਲਾਂ ਦੇ-ਦੇ ਕੇ ਲਿਖਿਆ ਹੈ। ਉਹ ਸਿੰਘਾਂ ਨੂੰ ਹਲਕੇ ਹੋਏ ਕੁੱਤੇ ਲਿਖਦਾ ਹੈ। ਮੇਰਠ ਦੇ ਹਰਚਰਨ ਖੱਤਰੀ ਨੇ ਵੀ ਇਸ ਲੜਾਈ ਬਾਬਤ ਲਿਖਿਆ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸੰਮਤ 1769 ਬਿਕ੍ਰਮੀ ਦੀ ਗੱਲ ਹੈ।[133] ਲੋਹਗੜ੍ਹ ਦੀ ਪਹਿਲੀ ਲੜਾਈ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਬਚਕੇ ਨਿਕਲ ਜਾਣ ਦਾ ਜ਼ਿਕਰ ਤੇਜਾ ਸਿੰਘ, ਗੰਡਾ ਸਿੰਘ ਵੀ ਕਰਦੇ ਹਨ।[134] ਗੰਡਾ ਸਿੰਘ ਵੀ ਲੋਹਗੜ੍ਹ ਦੀ ਲੜਾਈ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਮੁਗਲਾਂ ਦੇ ਹੱਥੋਂ ਨਿਕਲ ਜਾਣ ਦਾ ਜ਼ਿਕਰ ਬੜੇ ਵਿਸਥਾਰ ਨਾਲ ਕਰਦਾ ਹੈ।[135]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਸ ਲੜਾਈ ਤੋਂ ਬਾਅਦ ਚੰਬੇ ਚਲਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਚੰਬੇ ਦੇ ਰਾਜੇ ਦੀ ਕੁੜੀ ਨਾਲ ਵੀ ਵਿਆਹ ਕਰਵਾ ਲਿਆ। ਬਹਾਦਰ ਸ਼ਾਹ ਦੀ ਲਾਹੌਰ ਵਿੱਚ ਮੌਤ ਹੋ ਗਈ। ਬਾਬਾ ਬੰਦਾ ਸਿੰਘ ਬਹਾਦਰ ਚੰਬੇ ਤੋਂ ਮੰਡੀ ਚਲਾ ਗਿਆ। ਜਿੱਥੇ ਉਸ ਦੀ ਪਤਨੀ ਰਹਿੰਦੀ ਸੀ, ਪਹਿਲਾਂ ਉਸ ਨੂੰ ਬੇਟੀ ਹੋ ਕੇ ਮਰ ਗਈ ਸੀ। ਪਰ ਹੁਣ ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸ ਦਾ ਨਾਂ ਅਜੀਤ ਸਿੰਘ ਰੱਖਿਆ ਗਿਆ। ਉਸ ਦੀ ਕੁੱਖੋਂ ਪੈਦਾ ਹੋਏ ਦੂਸਰੇ ਪੁੱਤਰ ਦਾ ਨਾਂ ਫ਼ਤਿਹ ਸਿੰਘ ਰੱਖਿਆ ਗਿਆ। ਜਿਸ ਦੀ ਔਲਾਦ ਅੱਜ ਕੱਲ੍ਹ ਵਜ਼ੀਰਾਬਾਦ ਸ਼ਹਿਰ ਵਿੱਚ ਰਹਿ ਰਹੀ ਹੈ ਤੇ ਆਪਣੇ-ਆਪ ਨੂੰ ਬੰਦਈ ਸਿੱਖ ਅਖਵਾਉਂਦੀ ਹੈ।[136] ਰਤਨ ਸਿੰਘ ਭੰਗੂ ਵੀ ਕੁੱਲੂ ਰਿਆਸਤ ਨੂੰ ਸਰਾਪ ਦੇਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਚੰਬੇ ਜਾਣ ਦਾ ਜ਼ਿਕਰ ਕਰਦਾ ਹੈ। ਉੱਥੋਂ ਦਾ ਰਾਜਾ ਉਸ ਨਾਲ ਮਿੱਤਰਤਾ ਕਰ ਲੈਂਦਾ ਹੈ ਅਤੇ ਆਪਣੀ ਰਾਜਕੁਮਾਰੀ

---

[133] *ਉਹੀ,* ਪੰਨੇ 443-444.

[134] ਤੇਜਾ ਸਿੰਘ ਅਤੇ ਅਤੇ ਗੰਡਾ ਸਿੰਘ, *ਉ. ਰ.,* ਪੰਨੇ 92-93.

[135] ਗੰਡਾ ਸਿੰਘ, *ਉ. ਰ.,* ਪੰਨਾ, 76-81.

[136] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 444-445.

ਦਾ ਵਿਆਹ ਵੀ ਉਸ ਨਾਲ ਕਰ ਦਿੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਤਿੰਨ ਸਾਲ ਚੰਬੇ 'ਚ ਹੀ ਰਹਿੰਦਾ ਹੈ ਤੇ ਉੱਥੇ ਹੀ ਉਸ ਦੇ ਘਰ ਇੱਕ ਪੁੱਤਰ ਪੈਦਾ ਹੁੰਦਾ ਹੈ।[137] ਚੰਬੇ ਦੇ ਰਾਜੇ ਦੀ ਧੀ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਵਿਆਹ ਕਰਵਾਉਣ ਅਤੇ ਉਸ ਦੀ ਕੁੱਖੋਂ ਅਜੈ ਸਿੰਘ ਨਾਂ ਦੇ ਪੁੱਤਰ ਦੇ ਪੈਦਾ ਹੋਣ ਦਾ ਜ਼ਿਕਰ ਤੇਜਾ ਸਿੰਘ, ਗੰਡਾ ਸਿੰਘ ਵੀ ਕਰਦੇ ਹਨ।[138] ਗੰਡਾ ਸਿੰਘ ਵੀ ਚੰਬੇ ਦੇ ਰਾਜੇ ਦੁਆਰਾ ਆਪਣੇ ਰਾਜ ਘਰਾਣੇ ਦੀ ਲੜਕੀ ਦਾ ਵਿਆਹ ਬਾਬਾ ਬੰਦਾ ਸਿੰਘ ਬਹਾਦਰ ਨਾਲ ਕਰਨ ਅਤੇ ਉਸ ਦੇ ਘਰ ਪੁੱਤਰ ਅਜੈ ਸਿੰਘ ਦੇ ਪੈਦਾ ਹੋਣ ਦੀ ਜਾਣਕਾਰੀ ਦਿੰਦਾ ਹੈ।[139] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰੂ ਦਾ ਸਿੱਖ ਬਣਨ ਕਰਕੇ ਉਸ ਦੀ ਸ਼ਕਤੀ ਵਿੱਚ ਹੋਰ ਵਾਧਾ ਹੋ ਗਿਆ ਸੀ। ਚੰਬੇ ਦੀਆਂ ਪਹਾੜੀਆਂ ਦੇ ਲੋਕ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੀਰ ਸੱਦਦੇ ਸਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਚੰਬੇ ਵਿੱਚ ਸੀ ਤਾਂ ਮੁਲਕ ਦਾ ਸਾਰਾ ਰਾਜ-ਭਾਗ ਸਿੰਘਾਂ ਦੇ ਹੱਥ ਵਿੱਚ ਸੀ। ਸਿੰਘਾਂ ਨੇ ਨਮਾਜ਼ ਦੀ ਅਜ਼ਾਨ ਬੰਦ ਕਰਵਾ ਦਿੱਤੀ ਸੀ ਅਤੇ ਕਬਰਾਂ, ਪੀਰਖ਼ਾਨੇ ਅਤੇ ਮਸਜ਼ਿਦਾਂ ਵੀ ਡੇਗ ਦਿੱਤੀਆਂ ਸਨ।[140]

ਰਤਨ ਸਿੰਘ ਭੰਗੂ ਬਿਆਨ ਕਰਦਾ ਹੈ ਕਿ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਕਾਬਲਾ ਕਰਨ ਦਾ ਕੋਈ ਰਾਹ ਨਾ ਲੱਭਿਆ ਤਾਂ ਉਹ ਆਪਣੇ ਪੁਰਖਿਆਂ ਵਾਂਗ ਫ਼ਰੇਬ ਦਾ ਸਹਾਰਾ ਲੈਂਦਾ ਹੋਇਆ, ਬਾਬਾ ਬੰਦਾ ਸਿੰਘ ਬਹਾਦਰ ਨੂੰ ਚਿੱਠੀ ਲਿਖੀ ਕਿ ਤੂੰ ਤੇ ਮੈਂ ਇੱਕੋ ਗੁਰੂ ਦੇ ਚੇਲੇ ਹਾਂ। ਤੂੰ ਚੰਗਾ ਕੀਤਾ ਜੋ ਵਜ਼ੀਰ ਖਾਂ ਤੇ ਦੋਸ਼ੀ ਪਹਾੜੀ ਰਾਜਿਆਂ ਨੂੰ ਮਾਰ-ਮੁਕਾਇਆ ਨਹੀਂ ਤਾਂ ਇਹ ਸਭ ਮੈਂ ਕਰਨਾ ਸੀ। ਮੇਰੀ ਬਾਦਸ਼ਾਹਤ ਉਸ ਗੁਰੂ ਦੀ ਕ੍ਰਿਪਾ ਸਦਕਾ ਹੀ ਹੈ। ਮੈਂ ਆਪਣੇ ਵੱਡੇ ਵਡੇਰੀਆਂ ਦੀਆਂ ਕਬਰਾਂ ਦੀ ਜ਼ਿਆਰਤ ਕਰਨ ਲਾਹੌਰ ਜਾਣਾ ਚਾਹੁੰਦਾ ਹਾਂ। ਇਸ ਕਰਕੇ ਮੈਨੂੰ ਸਰਹਿੰਦ ਵਿੱਚੋਂ ਦੀ ਗੁਜ਼ਰਨਾ ਪਵੇਗਾ। ਮੈਂ ਤੇਰੇ ਨਾਲ ਮੇਲ-ਮਿਲਾਪ ਚਾਹੁੰਦਾ ਹਾਂ। ਤੂੰ ਅੱਧਾ ਪੰਜਾਬ ਮੈਨੂੰ ਦੇ ਦੇ ਅਤੇ ਪਹਾੜ ਵਾਲਾ ਹਿੱਸਾ ਤੂੰ ਖ਼ੁਦ ਰੱਖ ਲੈ, ਜੇ ਤੂੰ ਮੈਨੂੰ ਸੱਦੇਂਗਾ ਤਾਂ ਮੈਂ ਤੈਨੂੰ ਮਿਲਣ ਆਵਾਂਗਾ ਨਹੀਂ ਤਾਂ ਮੈ ਲਾਂਭੇ-ਲਾਂਭੇ ਲਾਹੌਰ ਚਲਾ ਜਾਵਾਂਗਾ। ਬਾਬਾ ਬੰਦਾ ਸਿੰਘ ਬਹਾਦਰ, ਬਹਾਦਰ ਸ਼ਾਹ ਦੇ ਫ਼ਰੇਬ ਨੂੰ ਸਮਝ ਜਾਂਦਾ ਹੈ ਅਤੇ ਲਿਖਦਾ ਹੈ ਕਿ ਮੈਂ ਤੇਰਾ ਕਹਿਣਾ ਮੰਨ ਲਿਆ ਹੈ, ਪਰ ਤੂੰ ਆਪਣੇ ਈਮਾਨ ਉੱਤੇ ਪੂਰਾ ਨਹੀਂ ਉੱਤਰੇਂਗਾ।[141] ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਵੱਲੋਂ ਦਿੱਤੀ ਇਸ ਜਾਣਕਾਰੀ ਦੀ

---

137 ਰਤਨ ਸਿੰਘ ਭੰਗੂ, *ਉ. ਰ.,* ਪੰਨਾ 115.

138 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨੇ 97-95.

139 ਗੰਡਾ ਸਿੰਘ, *ਉ. ਰ.,* ਪੰਨਾ 90.

140 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 447-448.

141 ਰਤਨ ਸਿੰਘ ਭੰਗੂ, *ਉ. ਰ.,* ਪੰਨੇ 119-120.

ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਪਹਾੜਾਂ ਹੇਠਲਾ ਪੰਜਾਬ ਦਾ ਇਲਾਕਾ ਛੱਡ ਦਿੰਦਾ ਹੈ।[142] ਗਿਆਨੀ ਗਿਆਨ ਸਿੰਘ ਇਹ ਵੀ ਲਿਖਦਾ ਹੈ ਕਿ ਜਦੋਂ ਬਹਾਦਰ ਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਵੇਂ ਨਾ ਕਿਵੇਂ ਕਾਬੂ ਕਰਨ ਲਈ ਆਪਣੇ ਵਜ਼ੀਰ ਨਾਲ ਗੱਲ ਕਰਦਾ ਹੈ ਤਾਂ ਉਸ ਦਾ ਵਜ਼ੀਰ ਦੱਸਦਾ ਹੈ ਕਿ ਉਹ ਇਕ ਵੈਰਾਗੀ ਸਾਧ ਸੀ। ਜਿਸ ਕੋਲ ਬੀਰ ਸਨ ਅਤੇ ਗੁਰੂ ਨੇ ਉਸ ਨੂੰ ਆਪਣਾ ਸਿੱਖ ਬਣਾ ਕੇ ਪੰਜ ਤੀਰ ਵੀ ਦੇ ਦਿੱਤੇ। ਹੁਣ ਇਸ ਕੋਲ ਲੱਖਾਂ ਸਿੰਘ ਸੂਰਮੇ ਵੀ ਹਨ। ਇਹ ਜੋ ਚਾਹੁੰਦਾ ਹੈ ਉਹੀ ਕਰ ਸਕਦਾ ਹੈ। ਜਦੋਂ ਇਹ ਸਾਹਮਣੇ ਆ ਜਾਂਦਾ ਹੈ ਤਾਂ ਤੋਪ, ਬੰਦੂਕਾਂ, ਤਲਵਾਰਾਂ ਆਦਿ ਹਥਿਆਰ ਕੰਮ ਕਰਨਾ ਬੰਦ ਕਰ ਦਿੰਦੇ ਹਨ।[143]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪੰਜਾਬ ਦਾ ਮੈਦਾਨੀ ਇਲਾਕਾ ਬਾਦਸ਼ਾਹ ਦੇ ਲਾਂਘੇ ਲਈ ਛੱਡਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ, ਦੁਆਬੇ, ਜੰਮੂ ਵਿਖੇ ਗੜ੍ਹੀਆਂ ਬਣਾਉਂਦਾ ਹੈ। ਬਹਾਦਰ ਸ਼ਾਹ ਪੰਜਾਬ ਵਿੱਚ ਵੜਦੇ ਹੀ ਪਾਣੀਪਤ, ਤਰਾਵੜੀ, ਕਰਨਾਲ ਵਿਖੇ ਸਿੰਘਾਂ ਉੱਪਰ ਹਮਲਾ ਕਰ ਦਿੰਦਾ ਹੈ ਅਤੇ ਸਰਹਿੰਦ ਵਿਚ ਜਾ ਕੇ ਸਿੰਘਾਂ ਨਾਲ ਜੰਗ ਕਰਦਾ ਹੈ। ਬਹਾਦਰ ਸ਼ਾਹ ਸਰਹਿੰਦ ਤੋਂ ਅੱਗੇ ਆਪਣੇ ਬੰਦੇ ਭੇਜਦਾ ਹੈ ਤਾਂ ਕਿ ਇਹ ਪਤਾ ਲੱਗ ਸਕੇ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਲਈ ਰਾਹ ਛੱਡ ਦਿੱਤਾ ਹੈ ਜਾਂ ਨਹੀਂ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਨੇ ਆਪਣੇ ਕਹੇ ਅਨੁਸਾਰ ਵਾਅਦਾ ਪੁਗਾ ਦਿੱਤਾ ਹੈ ਤਾਂ ਬਾਦਸ਼ਾਹ ਖੁਸ਼ੀ-ਖੁਸ਼ੀ ਲਾਹੌਰ ਪਹੁੰਚ ਜਾਂਦਾ ਹੈ ਅਤੇ ਉੱਥੇ ਹੀ ਉਸ ਦੀ ਮੌਤ ਹੋ ਜਾਂਦੀ ਹੈ।[144] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਵਜ਼ੀਰ ਦੇ ਮੂੰਹੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਵਡਿਆਈ ਸੁਣ ਕੇ ਬਾਦਸ਼ਾਹ ਸੋਚਾਂ ਵਿੱਚ ਪੈ ਗਿਆ। ਉਸ ਨੇ ਮਨ ਅੰਦਰ ਇਹ ਗੱਲ ਕਬੂਲ ਕਰ ਲਈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਰਾਉਣਾ ਨਾ-ਮੁਮਕਿਨ ਹੈ।[145] ਪਰ ਮੁਗਲਾਂ ਨੇ ਤਾਅਨੇ ਦੇ ਕੇ ਬਾਦਸ਼ਾਹ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਤਿਆਰ ਕਰ ਲਿਆ। ਲੱਖਾਂ ਦੇ ਕਰੀਬ ਤੁਰਕ ਹੈਦਰੀ ਝੰਡੇ ਦੇ ਹੇਠ ਇਕੱਠੇ ਹੋ ਗਏ। ਕਾਜ਼ੀ, ਹਾਜੀ, ਪੀਰ, ਫ਼ਕੀਰ ਉਨ੍ਹਾਂ ਦੇ ਅੱਗੇ ਲੱਗ ਕੇ ਕਲਮੇ ਪੜ੍ਹਨ ਲੱਗ ਪਏ। ਪਰ ਬਾਦਸ਼ਾਹ ਡਰ ਜਾਂਦਾ ਹੈ ਕਿ ਇਹ ਵੀ ਉਹੀ ਗੁਰੂ ਦਾ ਦਾਸ ਹੈ ਜਿਸ ਤੋਂ ਮੈਨੂੰ ਬਾਦਸ਼ਾਹੀ ਮਿਲੀ ਹੈ।[146] ਬਹਾਦਰ ਸ਼ਾਹ 20 ਹਜ਼ਾਰ ਦੇ ਕਰੀਬ ਸੈਨਾ ਲੈ ਕੇ ਚੱਲ ਪੈਂਦਾ ਹੈ ਅਤੇ ਸੈਨਾਪਤੀਆਂ ਨੂੰ ਅਗਾਹ

---

[142] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 452-453.

[143] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 449.

[144] ਰਤਨ ਸਿੰਘ ਭੰਗੂ, *ਉ. ਰ.,* ਪੰਨੇ 119-121.

[145] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 449.

[146] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 451.

ਕਰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜਿੱਥੇ ਵੀ ਮਿਲੇ ਉਸ ਨੂੰ ਫ਼ੜ ਲੈਣਾ ਤੇ ਬਾਅਦ ਵਿੱਚ ਉਸ ਨੂੰ ਮਾਰਾਂਗੇ। ਸੰਮਤ 1769 ਬਿਕ੍ਰਮੀ ਚੜ੍ਹਦੇ ਅੱਸੂ ਬਹਾਦਰ ਸ਼ਾਹ ਲਾਹੌਰ ਪਹੁੰਚ ਜਾਂਦਾ ਹੈ। ਤਿੰਨ ਮਹੀਨੇ ਲਗਾਤਾਰ ਸਿੰਘਾਂ ਨਾਲ ਮੁਗਲਾਂ ਦਾ ਜੰਗ ਚਲਦਾ ਰਹਿੰਦਾ ਹੈ, ਪਰ ਸਿੰਘ ਮੁਗਲਾਂ ਦੀ ਕੋਈ ਪੇਸ਼ ਨਹੀਂ ਜਾਣ ਦਿੰਦੇ। ਸਿੰਘ ਰੁਕ-ਰੁਕ ਕੇ ਮੁਗਲਾਂ 'ਤੇ ਹਮਲੇ ਕਰਦੇ ਰਹਿੰਦੇ ਅਤੇ ਮੁਗਲਾਂ ਦਾ ਨੁਕਸਾਨ ਕਰਕੇ ਪਹਾੜਾਂ ਜਾਂ ਜੰਗਲਾਂ ਵਿੱਚ ਜਾ ਵੜਦੇ। ਸਿੰਘਾਂ ਨੇ ਬਾਜ਼ ਸਿੰਘ ਦੀ ਕਮਾਂਡ ਹੇਠਾਂ ਲੋਹਗੜ੍ਹ 'ਤੇ ਫ਼ੇਰ ਕਬਜ਼ਾ ਕਰ ਲਿਆ। ਸੁੱਖਾ ਸਿੰਘ ਨੇ ਬੁੜੈਲ ਨੇੜੇ ਮੁਗਲਾਂ ਨੂੰ ਹਰਾ ਕੇ ਕਾਨੂੰਨਗੋ ਭਗਵਾਨ ਦਾਸ ਦੇ ਕਿਲ੍ਹੇ ਤੱਕ ਭਜਾਇਆ। ਉੱਥੇ ਮੁਗਲਾਂ ਵੱਲੋਂ ਜਾਲੀਦੀਨ, ਬਸਤ ਖਾਂ, ਸ਼ੰਮਸ ਖਾਂ, ਬਜੀਦ ਮਸਤ ਖਾਂ, ਰੁਸਤਮ ਖਾਂ ਅਤੇ ਜਾਉਲਾ ਖਾਂ ਭਾਰੀ ਮੁਗਲ ਸੈਨਾ ਲੈ ਕੇ ਪਹੁੰਚ ਗਏ। ਸੁੱਖਾ ਸਿੰਘ ਅਤੇ ਹੋਰ ਅਨੇਕਾਂ ਬਹਾਦਰ ਸਿੰਘ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇੱਕ ਮਹੀਨੇ ਦੇ ਕਰੀਬ ਇਹ ਲੜਾਈ ਚਲਦੀ ਰਹੀ। ਇਸੇ ਦੌਰਾਨ ਬਾਦਸ਼ਾਹ ਬਹਾਦਰ ਸ਼ਾਹ ਦੀ ਲਾਹੌਰ ਵਿੱਚ ਮੌਤ ਹੋ ਜਾਂਦੀ ਹੈ ਤੇ ਮੁਗਲ ਸੈਨਾ ਨੂੰ ਲੜਾਈ ਛੱਡ ਕੇ ਲਾਹੌਰ ਨੂੰ ਜਾਣਾ ਪੈਂਦਾ ਹੈ। ਸਿੰਘ ਮੁਗਲ ਸੈਨਾ ਦਾ ਪਿੱਛਾ ਕਰਕੇ ਕਾਫ਼ੀ ਨੁਕਸਾਨ ਕਰਦੇ ਹਨ।[147] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਦੋਵੇਂ ਕਰਨਾਲ, ਤਰਾਵੜੀ, ਸਰਹਿੰਦ ਤੱਕ ਦੇ ਇਲਾਕੇ ਉੱਪਰ ਮੁਗਲਾਂ ਦੁਆਰਾ ਕੀਤੇ ਕਬਜ਼ੇ ਦਾ ਜ਼ਿਕਰ ਤਾਂ ਕਰਦੇ ਹਨ, ਪਰ ਉਨ੍ਹਾਂ ਦੁਆਰਾ ਦਿੱਤੇ ਗਏ ਵੇਰਵੇ ਆਪਸ ਵਿੱਚ ਨਹੀਂ ਮਿਲਦੇ।

ਗਿਆਨੀ ਗਿਆਨ ਸਿੰਘ ਅਨੁਸਾਰ 5 ਨਵੰਬਰ 1712 ਈ. ਨੂੰ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਹੋ ਜਾਂਦੀ ਹੈ। ਸਹਿਜ਼ਾਦਿਆਂ ਵਿੱਚ ਰਾਜਗੱਦੀ ਨੂੰ ਲੈ ਕੇ ਹੋਏ ਝਗੜੇ ਕਾਰਣ ਮੁਗਲ ਸੈਨਾ ਨੂੰ ਦਿੱਲੀ ਵੱਲ ਜਾਣਾ ਪੈ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਤੇ ਸਿੰਘ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਮਾਝੇ, ਦੁਆਬੇ, ਕਸੂਰ, ਗੁਰਦਾਸਪੁਰ ਵਿੱਚੋਂ ਮੁਗਲਾਂ ਨੂੰ ਭਜਾ ਕੇ ਆਪਣਾ ਕਬਜ਼ਾ ਕਰ ਲੈਂਦੇ ਹਨ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਬਾਬਾ ਕਾਨ੍ਹ ਸਿੰਘ ਨੂੰ ਸੈਨਾ ਦੇ ਕੇ ਲੋਹਗੜ੍ਹ ਭੇਜਦਾ ਹੈ। ਲੋਹਗੜ੍ਹ ਨੂੰ ਅਜ਼ਾਦ ਕਰਾਉਣ ਤੋਂ ਬਾਅਦ ਬਾਜ਼ ਸਿੰਘ ਸਰਹਿੰਦ 'ਤੇ ਕਬਜ਼ਾ ਕਰ ਲੈਂਦਾ ਹੈ। ਸਿੰਘ ਹੌਲੀ-ਹੌਲੀ ਰੋਪੜ, ਬੱਸੀ, ਕਿੜੀ, ਖਮਾਣੋਂ ਆਦਿ ਇਲਾਕਿਆਂ ਉੱਪਰ ਵੀ ਕਬਜ਼ਾ ਕਰ ਲੈਂਦੇ ਹਨ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਦਾ ਰਾਜ ਦੁਬਾਰਾ ਸਥਾਪਿਤ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ।[148] ਗੰਡਾ ਸਿੰਘ ਵੀ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ, ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਆਪਣੀ ਖੁੱਸੀ ਤਾਕਤ ਨੂੰ ਹਾਸਿਲ ਕਰਨ ਅਤੇ ਲੋਹਗੜ੍ਹ ਨੂੰ ਦੁਬਾਰਾ ਖ਼ਾਲਸੇ ਦੀ ਰਾਜਧਾਨੀ ਬਣਾਉਣ ਦਾ

---

[147] *ਉਹੀ,* ਪੰਨੇ 454-455.

[148] *ਉਹੀ,* ਗਿਆਨੀ ਗਿਆਨ ਸਿੰਘ, ਪੰਨੇ 455-458.

ਜ਼ਿਕਰ ਕਰਦਾ ਹੈ।[149]

ਗਿਆਨੀ ਗਿਆਨ ਸਿੰਘ ਅਨੁਸਾਰ ਆਪਣੇ ਪਿਤਾ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਜਹਾਂਦਰ ਸ਼ਾਹ ਦਿੱਲੀ ਦੇ ਤਖ਼ਤ ਨੂੰ ਹਾਸਿਲ ਕਰਨ ਵਿੱਚ ਸਫ਼ਲ ਹੋ ਗਿਆ। ਇਧਰ ਬਾਬਾ ਬੰਦਾ ਸਿੰਘ ਬਹਾਦਰ ਨੇ ਉਦੋਂ ਤੱਕ ਫਗਵਾੜੇ ਤੇ ਜਲੰਧਰ ਨੂੰ ਵੀ ਦੁਬਾਰਾ ਜਿੱਤ ਲਿਆ। ਬਾਬਾ ਬੰਦਾ ਸਿੰਘ ਬਹਾਦਰ ਵਿਸਾਖੀ ਨੂੰ ਅੰਮ੍ਰਿਤਸਰ ਦਰਸ਼ਨਾਂ ਲਈ ਵੀ ਗਿਆ ਅਤੇ ਉੱਥੇ ਉਸ ਨੇ ਅਕਾਲ ਬੁੰਗੇ ਵਿੱਚ ਦੋ ਵਕਤ ਦੇ ਦੀਵਾਨ ਸਜਾਏ। ਹਜ਼ਾਰਾਂ ਹੀ ਜੱਟ ਆ ਕੇ ਸਿੰਘ ਸਜ ਗਏ। ਉਸ ਨੂੰ ਪੰਥ ਦੇ ਵਧਣ-ਫੁੱਲਣ ਦੀ ਬੜੀ ਖੁਸ਼ੀ ਹੁੰਦੀ ਹੈ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਕਸੂਰ ਨੂੰ ਜਾ ਘੇਰਦਾ ਹੈ ਅਤੇ ਉੱਥੋਂ ਦੇ ਹਾਕਮ ਤੋਂ ਭਾਰੀ ਨਜ਼ਰਾਨਾ ਵਸੂਲ ਕਰਦਾ ਹੈ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸਪੁਰ 'ਤੇ ਕਬਜ਼ਾ ਕਰ ਲੈਂਦਾ ਹੈ। ਇਸ ਤਰ੍ਹਾਂ ਦਰਿਆ ਰਾਵੀ ਤੋਂ ਜਮਨਾ ਨਦੀ ਤੱਕ ਉਸ ਦਾ ਰਾਜ ਕਾਇਮ ਹੋ ਜਾਂਦਾ ਹੈ।[150] ਦਰਿਆ ਬਿਆਸ ਤੋਂ ਲੈ ਕੇ ਰਾਵੀਓ ਪਾਰ ਤੱਕ ਦੇ ਇਲਾਕੇ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕਬਜ਼ਾ ਕਰਕੇ ਉੱਥੇ ਥਾਣੇ ਖੋਲ੍ਹਣ ਅਤੇ ਔਰੰਗਾਬਾਦ ਅਤੇ ਪਸਰੂਰ ਸਿੰਘਾਂ ਵੱਲੋਂ ਜਿੱਤੇ ਜਾਣ ਦੀ ਜਾਣਕਾਰੀ ਗੰਡਾ ਸਿੰਘ ਆਪਣੀ ਲਿਖਤ ਵਿੱਚ ਦਿੰਦਾ ਹੈ।[151]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇੱਕ ਫ਼ੱਕਰ ਪੁਰਸ਼ ਸੀ ਅਤੇ ਉਸ ਦੇ ਸਿੰਘ ਜੱਟ ਜਾਂ ਕਿਸਾਨ ਸਨ, ਜਿਨ੍ਹਾਂ ਨੂੰ ਰਾਜ ਭਾਗ ਦਾ ਕੋਈ ਇਲਮ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਬਿਨਾਂ ਸੋਚ ਵਿਚਾਰ ਕੀਤਿਆਂ ਅਮਰਨਾਥ, ਕਸ਼ਮੀਰ, ਕੈਲਾਸ਼, ਤਿੱਬਤ, ਉੱਤਰਾਖੰਡ ਦੀ ਸੈਰ 'ਤੇ ਨਿਕਲ ਗਿਆ। ਜਦੋਂ ਕਸੂਰ ਦੇ ਪਠਾਣਾਂ ਨੂੰ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਇਸ ਬਾਬਤ ਦਿੱਲੀ ਨੂੰ ਲਿਖ ਭੇਜਿਆ। ਹਸਨ ਖਾਂ, ਜਾਲੀਦੀਨ, ਸਫ਼ਦਰ ਖਾਂ, ਮੋਮਨ ਖਾਂ ਅਤੇ ਅਬਦੁਸ ਖਾਂ ਸਾਰੇ ਹੀ ਭਾਰੀ ਲਸ਼ਕਰ ਲੈ ਕੇ ਸਿੰਘਾਂ 'ਤੇ ਹਮਲੇ ਲਈ ਇਕੱਠੇ ਹੋ ਤੁਰੇ, ਅੱਗੇ ਮੁਹੰਮਦ ਅਮੀਨ ਖਾਂ, ਸਮੁੰਦ ਖਾਂ ਵੀ ਆਪਣੀ ਸੈਨਾ ਨਾਲ ਲੈ ਕੇ ਉਨ੍ਹਾਂ ਨਾਲ ਆ ਮਿਲੇ। ਰਾਮ ਸਿੰਘ, ਸ਼ਯਾਮ ਸਿੰਘ ਤੇ ਬਾਬਾ ਕਾਨ੍ਹ ਸਿੰਘ ਦੀ ਅਗਵਾਈ ਵਿੱਚ ਸਿੰਘਾਂ ਨੇ ਤਰਾਵੜੀ ਦੇ ਕੋਲ ਮੁਗਲਾਂ ਦਾ ਮੁਕਾਬਲਾ ਕੀਤਾ ਅਤੇ ਹਾਰ ਕੇ ਸਰਹਿੰਦ ਵੱਲ ਭੱਜ ਗਏ। ਮੁਗਲਾਂ ਨੇ ਸਾਰੇ ਦੇਸ਼ ਵਿੱਚ ਇਹ ਅਫ਼ਵਾਹ ਫ਼ੈਲਾ ਦਿੱਤੀ ਕਿ ਬਾਬਾ ਬੰਦਾ ਸਿੰਘ ਬਹਾਦਰ ਪਹਾੜਾਂ ਵਿੱਚ ਜਾ ਕੇ ਮਰ ਗਿਆ ਹੈ। ਭਾਈ ਬਾਜ਼ ਸਿੰਘ, ਕਾਨ੍ਹ ਸਿੰਘ, ਫ਼ਤਿਹ ਸਿੰਘ ਅਤੇ ਹੋਰ ਸਿੰਘ ਸਰਦਾਰਾਂ ਦੀਆਂ ਮਾਝੇ-ਦੁਆਬੇ ਵਿੱਚ ਮੁਗਲਾਂ ਨਾਲ ਕਈ ਥਾਈਂ ਝੜਪਾਂ ਹੋਈਆਂ। ਸਿੰਘ ਅੱਗੇ-ਅੱਗੇ ਤੇ ਮੁਗਲ ਉਨ੍ਹਾਂ ਦੇ ਪਿੱਛੇ-ਪਿੱਛੇ ਹੋ ਤੁਰੇ। ਕਿਲ੍ਹਾ ਭਗਵਾਨ ਦਾਸ ਅਤੇ ਖਰੜ ਲਾਗੇ ਵੀ ਸਿੰਘਾਂ ਅਤੇ

149 ਗੰਡਾ ਸਿੰਘ, *ਉ. ਰ.,* ਪੰਨਾ, 104.

150 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 457-458.

151 ਗੰਡਾ ਸਿੰਘ, *ਉ. ਰ.,* ਪੰਨੇ 94-95.

ਮੁਗਲਾਂ ਵਿੱਚ ਗਹਿਗੱਚ ਲੜਾਈ ਹੋਈ। ਭਾਈ ਬਾਜ਼ ਸਿੰਘ ਨੇ ਕਿਲ੍ਹੇ ਵਿੱਚੋਂ ਨਿਕਲ ਕੇ ਮੁਗਲਾਂ ਉੱਪਰ ਹਮਲਾ ਕਰ ਦਿੱਤਾ। ਬਾਜ਼ ਸਿੰਘ ਨੂੰ ਸੂਹ ਮਿਲੀ ਕਿ ਜਾਲੀਦੀਨ ਖਾਂ ਲੁੱਟਮਾਰ ਕਰਕੇ ਮੋਰਿੰਡੇ ਬਾਗ ਵਿੱਚ ਉੱਤਰਿਆ ਹੋਇਆ ਹੈ ਅਤੇ ਮੁਗਲਾਂ ਦੀ ਮਦਦ ਲਈ ਇੱਥੇ ਪਹੁੰਚ ਰਿਹਾ ਹੈ। ਬਾਜ਼ ਸਿੰਘ ਨੇ ਮੋਰਿੰਡੇ ਬਾਗ ਵਿੱਚ ਪਹੁੰਚ ਕੇ ਜਾਲਦੀਨ ਖਾਂ ਨੂੰ ਮਾਰ ਦਿੱਤਾ। ਸਾਰਾ ਮਾਲ-ਸਵਾਬ ਤੇ ਘੋੜੇ ਅਤੇ ਸ਼ਾਸਤਰ ਲੁੱਟ ਕੇ ਸਤਲੁਜ ਦਰਿਆ ਪਾਰ ਕਰਕੇ ਹੁਸ਼ਿਆਰਪੁਰ ਸਿੰਘਾਂ ਦੇ ਜਥੇ ਨਾਲ ਜਾ ਰਲਿਆ। ਜਦੋਂ ਸ਼ਮਸ਼ ਖਾਂ ਅਤੇ ਵਜ਼ੀਰ ਖਾਂ ਨੂੰ ਜਾਲਦੀਨ ਖਾਂ ਦੇ ਮਰਨ ਦਾ ਪਤਾ ਲੱਗਿਆ ਤਾਂ ਉਹ ਵੀ ਬਾਜ਼ ਸਿੰਘ ਦਾ ਪਿੱਛੇ ਕਰਦੇ ਹੁਸ਼ਿਆਰਪੁਰ ਪਹੁੰਚ ਗਏ। ਮਾਝੇ ਵਾਲੇ ਪਾਸਿਓਂ ਮੋਮਨ ਖਾਂ, ਹਸਨ ਖਾਂ ਭਾਰੀ ਫ਼ੌਜ ਲੈ ਕੇ ਸਿੰਘਾਂ ਦਾ ਮਲੀਆਮੇਟ ਕਰਨ ਲਈ ਹੁਸ਼ਿਆਰਪੁਰ ਪਹੁੰਚ ਗਏ। ਮੁਗਲਾਂ ਨੇ ਤਿੰਨਾਂ ਪਾਸਿਆਂ ਤੋਂ ਸਿੰਘਾਂ ਉੱਪਰ ਹਮਲਾ ਕਰ ਦਿੱਤਾ ਅਤੇ ਇੱਕ ਪਾਸਿਉਂ ਸਿੰਘ ਪਹਾੜੀਆਂ ਨਾਲ ਘਿਰ ਗਏ। ਮੁਸ਼ਕਿਲ ਵਿੱਚ ਸਿੰਘਾਂ ਨੇ ਇਕੱਠੇ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦੀ ਅਰਦਾਸ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਪਹੁੰਚਣ ਨਾਲ ਸਿੰਘਾਂ ਦੇ ਹੌਂਸਲੇ ਵੱਧ ਗਏ। ਉਸ ਨੇ ਹਾਰੀ ਹੋਈ ਲੜਾਈ ਨੂੰ ਜਿੱਤ ਵਿੱਚ ਬਦਲ ਦਿੱਤਾ। ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਭੱਜ ਨਿਕਲੇ ਸ਼ਮਸ਼ ਖਾਂ ਨੂੰ ਸਿੰਘ ਘੇਰ ਕੇ ਮਾਰ ਦਿੰਦੇ ਹਨ ਅਤੇ ਵਜ਼ੀਰ ਖਾਂ ਲੜਾਈ ਦੇ ਮੈਦਾਨ ਵਿੱਚੋਂ ਭੱਜਣ ਲੱਗਿਆ ਮਾਰਿਆ ਜਾਂਦਾ ਹੈ।[152] ਰਤਨ ਸਿੰਘ ਭੰਗੂ ਵੀ ਇਸ ਲੜਾਈ ਨੂੰ ਦੁਆਬੇ ਇਲਾਕੇ ਵਿੱਚ ਸਿੱਖਾਂ ਦੀ ਮੁਗਲਾਂ ਨਾਲ ਹੋਈ ਲੜਾਈ ਲਿਖਦਾ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਕੁੱਲੂ ਤੋਂ ਉੱਡ ਮੰਡੀ ਆਉਣ 'ਤੇ ਉੱਥੋਂ ਤੇਜ਼ੀ ਨਾਲ ਆ ਕੇ ਲੜਾਈ ਵਿੱਚ ਸ਼ਾਮਿਲ ਹੋਣ ਦਾ ਜ਼ਿਕਰ ਕਰਦਾ ਹੈ ਅਤੇ ਲੜਾਈ ਦਾ ਸਥਾਨ ਪਠਾਣਕੋਟ ਦੇ ਲਾਗੇ ਦੱਸਦਾ ਹੈ ਅਤੇ ਮਾਰੇ ਗਏ ਮੁਗਲ ਜਰਨੈਲਾਂ ਦੇ ਨਾਂ ਵੀ ਜਾਲੀਦੀਨ, ਸ਼ਮਸ਼ ਖਾਂ ਅਤੇ ਬਯਜੀਦ ਖਾਂ ਦੱਸਦਾ ਹੈ।[153] ਜੋ ਕਿ ਇੱਕ ਗੱਲ ਹੋਰ ਰਤਨ ਸਿੰਘ ਭੰਗੂ ਇਸ ਘਟਨਾ ਨੂੰ ਫ਼ਰੁੱਖ਼ਸ਼ੀਅਰ ਖਾਂ ਦੇ ਰਾਜ ਦੇ ਸਮੇਂ ਦੀ ਬਿਆਨਦਾ ਹੈ ਜਦੋਂ ਕਿ ਗਿਆਨੀ ਗਿਆਨ ਸਿੰਘ ਜਹਾਂਦਰ ਸ਼ਾਹ ਦੇ ਸਮੇਂ ਦੀ ਲਿਖਦਾ ਹੈ।[154] ਪਰ ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਬਹਿਰਾਮਪੁਰ ਅਤੇ ਰਾਏਪੁਰ ਵਿਖੇ ਬਾਯੀਦ ਖਾਂ ਅਤੇ ਸਮਸ਼ ਖਾਂ ਨੂੰ ਹਰਾਕੇ ਕਲਾਨੌਰ ਅਤੇ ਬਟਾਲੇ ਦੇ ਇਲਾਕਿਆਂ 'ਚ ਪੈਰ ਪਸਾਰਨ ਅਤੇ ਪਠਾਣਕੋਟ, ਕੰਢੀ ਦੇ ਜਾਂ ਲਾਹੌਰ ਦੇ ਕਿਸੇ ਖੇਤਰ ਵਿੱਚ ਸਿੱਖਾਂ ਨਾਲ ਹੋਈ ਲੜਾਈ ਵਿੱਚ ਸਮਸ਼ ਅਲੀ ਖਾਂ ਤੇ ਕੁਤਬ ਅਲੀ ਖਾਂ ਦੇ ਮਾਰੇ ਜਾਣ ਦਾ ਜ਼ਿਕਰ ਕਰਦਾ ਹੈ।[155]

---

[152] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 458-462.

[153] ਰਤਨ ਸਿੰਘ ਭੰਗੂ, *ਉ. ਰ.,* ਪੰਨੇ 123-125.

[154] ਰਤਨ ਸਿੰਘ ਭੰਗੂ, *ਉਹੀ,* ਪੰਨਾ 122.

[155] ਗੰਡਾ ਸਿੰਘ, *ਉ. ਰ.,* ਪੰਨੇ 92-93, 84.

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮੁਗਲਾਂ ਦੇ ਮਾੜੇ ਦਿਨ ਸ਼ੁਰੂ ਹੋ ਚੁੱਕੇ ਸਨ। ਸ਼ਾਹੀ ਖ਼ਾਨਦਾਨ ਵਿੱਚ ਖਿੱਚਾ-ਧੂਹ ਚੱਲ ਰਹੀ ਸੀ। ਜਿਸ ਕਰਕੇ ਜਹਾਂਦਰ ਸ਼ਾਹ ਦਾ ਧਿਆਨ ਆਪਣਾ ਤਖ਼ਤ ਬਚਾਉਣ ਵਿੱਚ ਲੱਗਾ ਹੋਇਆ ਸੀ। ਮੌਕੇ ਦਾ ਫ਼ਾਇਦਾ ਉਠਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰਦਾਸਪੁਰ ਵਿੱਚ ਇੱਕ ਪੁਰਾਣਾ ਕਿਲ੍ਹਾ ਤਿਆਰ ਕਰਵਾਇਆ। ਜਿਸ ਵਿੱਚ ਭਾਰੀ ਮਾਤਰਾ 'ਚ ਗੋਲੀ, ਸਿੱਕਾ, ਬਾਰੂਦ ਵੀ ਇਕੱਠਾ ਕਰ ਲਿਆ। ਗੁਜਰਾਤ ਦੇ ਹਾਕਮ ਗਾਜ਼ੀਦੀਨ ਦੀ ਮੌਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਨੂੰ ਹਰਾ ਕੇ ਗੁਜਰਾਤ ਵੀ ਜਿੱਤ ਲਿਆ ਭਾਰੀ ਲੁੱਟਮਾਰ ਕੀਤੀ। ਸੰਮਤ 1770 ਬਿਕ੍ਰਮੀ ਵਿੱਚ ਪੋਠੋਹਾਰ ਦੇ ਇਲਾਕੇ ਵਿੱਚ ਵੀ ਸਿੰਘਾਂ ਦਾ ਦਬਦਬਾ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਅਨੇਕ ਲੋਕਾਂ ਨੂੰ ਸਿੱਖ ਬਣਾਇਆ। ਇਸ ਤੋਂ ਬਾਅਦ ਸਿੰਧ ਦੇਸ਼ ਵਿੱਚ ਵੀ ਸਿੰਘਾਂ ਦੇ ਘੋੜੇ ਦਾਖਲ ਹੋ ਗਏ। ਸਿੰਧ ਵਿੱਚ ਜਿੰਨੇ ਵੀ ਮੁਗਲ ਹਾਕਮ ਸੀ, ਸਭ ਦੀ ਲੁੱਟਮਾਰ ਕੀਤੀ। ਬਹੁਤ ਸਾਰੇ ਹਿੰਦੂ ਵੀ ਸਿੱਖਾਂ ਦਾ ਪਰਤਾਪ ਦੇਖ ਕੇ ਸਿੱਖ ਬਣ ਗਏ। ਇਸ ਲੁੱਟ-ਮਾਰ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਕੁੱਝ ਵੀ ਨਾ ਲਿਆ, ਸਾਰਾ ਕੁੱਝ ਸਿੰਘਾਂ ਨੂੰ ਹੀ ਦੇ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਪੰਥ ਵਿੱਚ ਅਥਾਹ ਵਾਧਾ ਹੋਇਆ, ਜਿਸ ਕਰਕੇ ਮੁਸਲਮਾਨ ਝੂਰਦੇ ਸਨ ਤੇ ਹਿੰਦੂ ਵੀ ਖਾਰ ਖਾਂਦੇ ਸਨ। ਉਸ ਨੇ ਖ਼ੁਦ ਅੰਮ੍ਰਿਤਸਰ ਜਾ ਕੇ ਪ੍ਰਸ਼ਾਦ ਕਰਵਾਇਆ। ਇਸ ਤਰ੍ਹਾਂ ਜਮਨਾ ਤੋਂ ਲੈ ਕੇ ਦਰਿਆ ਸਿੰਧ ਤੱਕ ਬਾਬਾ ਬੰਦਾ ਸਿੰਘ ਬਹਾਦਰ ਦਾ ਪ੍ਰਤਾਪ ਫ਼ੈਲ ਗਿਆ।[156] ਰਤਨ ਸਿੰਘ ਭੰਗੂ ਇਸ ਬਾਬਤ ਕੋਈ ਜਾਣਕਾਰੀ ਨਹੀਂ ਦਿੰਦਾ। ਗੰਡਾ ਸਿੰਘ ਵੀ ਕਾਬਲ ਤੇ ਕਸ਼ਮੀਰ ਅਤੇ ਗੁਜਰਾਤ ਤੇ ਲਾਹੌਰ ਦੇ ਵਿਚਕਾਰਲੇ ਇਲਾਕਿਆਂ 'ਚ ਸਿੰਘਾਂ ਵੱਲੋਂ ਲੁੱਟਮਾਰ ਕਰਨ ਦਾ ਜ਼ਿਕਰ ਕਰਦਾ ਹੈ।[157]

ਗਿਆਨੀ ਗਿਆਨ ਸਿੰਘ ਦੱਸਦਾ ਸੰਮਤ 1772 ਬਿਕ੍ਰਮੀ ਵਿੱਚ ਜਹਾਂਦਰ ਸ਼ਾਹ ਨੂੰ ਕਤਲ ਕਰਕੇ ਫ਼ਰੁੱਖ਼ਸ਼ੀਅਰ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ।[158] ਰਤਨ ਸਿੰਘ ਭੰਗੂ ਸੰਮਤ 1772 ਬਿਕ੍ਰਮੀ ਦੀ ਥਾਂ ਫ਼ਰੁੱਖ਼ਸ਼ੀਅਰ ਖਾਂ ਦੇ ਬਾਦਸ਼ਾਹ ਬਨਣ ਦੀ ਤਾਰੀਖ਼ ਸੰਮਤ 1784 ਬਿਕ੍ਰਮੀ ਲਿਖ ਰਿਹਾ ਹੈ।[159] ਜੋ ਕਿ ਸਹੀ ਨਹੀਂ ਕਿਉਂਕਿ ਅੰਗਰੇਜ਼ੀ ਕੈਲੰਡਰ ਮੁਤਾਬਿਕ ਫ਼ਰੁੱਖ਼ਸ਼ੀਅਰ ਖਾਂ 10 ਜਨਵਰੀ 1713 ਨੂੰ ਦਿੱਲੀ ਦਾ ਬਾਦਸ਼ਾਹ ਬਣਿਆ ਸੀ, ਜੋ ਸੰਮਤ 1784 ਬਿਕ੍ਰਮੀ ਨਾਲ ਮੇਲ ਨਹੀਂ ਖਾਂਦੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਦੋਂ ਚੁਗਲਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਫ਼ਰੁੱਖ਼ਸ਼ੀਅਰ ਦੇ ਕੰਨ ਭਰੇ ਤਾਂ ਉਸ ਨੇ ਜੁਆਬ ਦਿੱਤਾ ਕਿ ਮੇਰਾ ਦਾਦਾ ਸਮਝਾ

---

156 ਗਿਆਨੀ ਗਿਆਨ ਸਿੰਘ, *ਉ. ਕ.,* ਪੰਨੇ 462-463.

157 ਗੰਡਾ ਸਿੰਘ, *ਉ. ਕ.,* ਪੰਨਾ 116.

158 ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 464.

159 ਰਤਨ ਸਿੰਘ ਭੰਗੂ, *ਉ. ਕ.,* ਪੰਨਾ 122.

ਗਿਆ ਹੈ ਕਿ ਗੁਰੂ ਨਾਨਕ ਦੇ ਘਰ ਨਾਲ ਸੰਬੰਧ ਕਦੇ ਵੀ ਨਹੀਂ ਵਿਗਾੜਨੇ। ਪਰ ਗਿਆਨੀ ਗਿਆਨ ਸਿੰਘ ਫ਼ਰੁੱਖ਼ਸ਼ੀਅਰ ਦੇ ਇਸ ਡਰ ਦਾ ਕੋਈ ਜ਼ਿਕਰ ਨਹੀਂ ਕਰਦਾ। ਉਹ ਲਿਖਦਾ ਹੈ ਕਿ ਬਾਦਸ਼ਾਹ ਫ਼ਰੁੱਖ਼ਸ਼ੀਅਰ ਖਾਂ ਨੇ ਅਬਦੁੱਸ ਸਮਦ ਖਾਂ ਤੇ ਆਮੀਨ ਖਾਂ ਨੂੰ ਭਾਰੀ ਫ਼ੌਜ ਦੇ ਕੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਭੇਜਿਆ। ਮੁਗਲ ਸੈਨਾ ਨੇ ਸਰਹਿੰਦ ਵਿੱਚ ਆ ਕੇ ਸਿੰਘਾਂ ਨੂੰ ਘੇਰਾ ਪਾਇਆ। ਸਿੰਘ ਲੜਦੇ-ਭਿੜਦੇ ਲੋਹਗੜ੍ਹ ਪਹੁੰਚ ਗਏ ਤੇ ਕਿਲ੍ਹੇ ਅੰਦਰ ਦਾਖਲ ਹੋ ਗਏ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹ ਮੰਡੀ ਤੋਂ ਲੋਹਗੜ੍ਹ ਪਹੁੰਚ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਲੋਹਗੜ੍ਹ ਪਹੁੰਚਣ ਦੀ ਖ਼ਬਰ ਸੁਣਦਿਆਂ ਮੁਗਲਾਂ ਦੇ ਹੌਂਸਲੇ ਢਹਿ-ਢੇਰੀ ਹੋ ਗਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸੁਵਖਤੇ ਹੀ ਸਿੰਘਾਂ ਤੋਂ ਮੁਗਲਾਂ ‘ਤੇ ਅਜਿਹਾ ਤਾਬੜਤੋੜ ਹਮਲਾ ਕਰਵਾਇਆ ਕਿ ਉਨ੍ਹਾਂ ਨੂੰ ਅੱਲ੍ਹਾ ਯਾਦ ਆ ਗਿਆ। ਸਿੰਘ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਮੁਗਲਾਂ ਤੇ ਚੜ੍ਹਦੇ ਜਾ ਰਹੇ ਸਨ, ਮੁਗਲ ਤੌਬਾ ਤੌਬਾ ਕਰ ਰਹੇ ਸਨ। ਸਿੰਘਾਂ ਨੇ ਮੁਗਲਾਂ ਦੀ ਉਹ ਦਸ਼ਾ ਕੀਤੀ ਜੋ ਕਿ ਉਨ੍ਹਾਂ ਨੂੰ ਕਿਆਮਤ ਤੱਕ ਵੀ ਨਹੀਂ ਭੁੱਲਣੀ।[160]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਆਪਣਾ ਰਾਜ ਸਥਾਪਿਤ ਕਰਕੇ ਅਤੇ ਉਗਰਾਹੀ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਪੰਜ ਹਜ਼ਾਰ ਸਿੰਘਾਂ ਨੂੰ ਨਾਲ ਲੈ ਕੇ ਗੁਰਦਾਸਪੁਰ ਪਹੁੰਚ ਜਾਂਦਾ ਹੈ। ਸੂਬੇਦਾਰ ਜ਼ਬਰਦਸਤ ਖਾਂ ਨੇ ਮੁਗਲ ਸੈਨਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਉੱਪਰ ਚੜ੍ਹਾਈ ਕਰ ਦਿੱਤੀ। ਅੱਠ ਹਜ਼ਾਰ ਦੀ ਫ਼ੌਜ ਲੈ ਕੇ ਅਸਮਲ ਖਾਂ ਵੀ ਉਸ ਨਾਲ ਰਲਿਆ। ਇਹ ਸੰਮਤ 1773 ਬਿਕ੍ਰਮੀ ਦੇ ਹਾੜ੍ਹ ਮਹੀਨੇ ਦੀ ਗੱਲ ਹੈ। ਬਾਬਾ ਬੰਦਾ ਸਿੰਘ ਬਹਾਦਰ ਕਿਲ੍ਹੇ ਵਿੱਚ ਘਿਰ ਜਾਂਦਾ ਹੈ। ਜਦੋਂ ਪੰਜਾਬ ਵਿੱਚ ਸਿੰਘਾਂ ਤੱਕ ਇਹ ਖ਼ਬਰ ਪਹੁੰਚੀ ਤਾਂ ਉਹ ਵੀ ਜਥੇ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਲਈ ਗੁਰਦਾਸਪੁਰ ਪੁੱਜ ਗਏ। ਜ਼ਬਰਦਸਤ ਖਾਂ ਦੋ ਹਜ਼ਾਰ ਜਵਾਨ ਮਰਵਾ ਕੇ ਭੱਜ ਕੇ ਲਾਹੌਰ ਜਾ ਵੜਿਆ ਤੇ ਸ਼ਰਮਸਾਰ ਹੋ ਕੇ ਕਸ਼ਮੀਰ ਵਾਪਸ ਮੁੜ ਗਿਆ।[161] ਇਸ ਤੋਂ ਬਾਅਦ ਸਿੰਘਾਂ ਨੇ ਕਸੂਰ ਨੂੰ ਇੱਕ ਵਾਰ ਫ਼ੇਰ ਲੁੱਟਿਆ। ਜਦੋਂ ਇਸ ਗੱਲ ਦਾ ਪਤਾ ਮੁਗਲਾਂ ਨੂੰ ਲੱਗਿਆ ਤਾਂ ਸ਼ਮਸ਼ਉਦੀਨ ਉਮਰਾਵ, ਫ਼ਰੁੱਖ਼ਸ਼ੀਅਰ ਵੱਲੋਂ ਭੇਜੀ ਗਈ ਵਜ਼ੀਰ ਖਾਂ ਦੀ ਸੈਨਾ ਅਤੇ ਸ਼ਮਸ਼ ਖਾਂ ਬਿਜਵਾੜੇ ਵਾਲਾ, ਤਿੰਨਾਂ ਨੇ ਸੈਨਾ ਸਮੇਤ ਸਿੰਘਾਂ ਨੂੰ ਆ ਘੇਰਿਆ। ਬਾਬਾ ਬੰਦਾ ਸਿੰਘ ਬਹਾਦਰ ਉਸ ਸਮੇਂ ਮੰਡੀ ਵਿੱਚ ਸੀ। ਕੋਈ ਪੇਸ਼ ਨਾ ਚਲਦੀ ਵੇਖਕੇ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੁਲਾਇਆ ਤੇ ਹਾਜੀਪੁਰ ਦੇ ਨੇੜੇ ਆਪਸ ਵਿੱਚ ਇਕੱਠੇ ਹੋ ਗਏ। ਇੱਕ ਦਿਨ ਨਾਹਰ ਸਿੰਘ ਨਾਂ ਦੇ ਬਹਾਦਰ ਸਿੱਖ ਨੇ ਮੁਗਲ ਸੈਨਾ ਦੇ ਕੈਂਪ ਵਿੱਚ ਦਾਖਲ ਹੋ ਕੇ, ਨਮਾਜ਼ ਪੜ੍ਹਦੇ

---

160 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 464-466.

161 ਗਿਆਨੀ ਗਿਆਨ ਸਿੰਘ, *ਉਹੀ.*

ਵਜ਼ੀਰ ਖਾਂ ਦਾ ਸਿਰ ਵੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਨਮੁੱਖ ਪੇਸ਼ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਤੋਂ ਮੁਗਲਾਂ 'ਤੇ ਅਜਿਹਾ ਜ਼ਬਰਦਸਤ ਹਮਲਾ ਕਰਵਾਇਆ ਕਿ ਮੁਗਲਾਂ ਨੂੰ ਹਾਰ ਕੇ ਭੱਜਣਾ ਪਿਆ। ਲੜਾਈ ਜਿੱਤਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਸਿੰਘਾਂ ਨੂੰ ਦੇਸ਼ ਸੌਂਪਕੇ ਗੁਰਦਾਸਪੁਰ ਰਹਿਣ ਚਲਾ ਜਾਂਦਾ ਹੈ।[162] ਰਤਨ ਸਿੰਘ ਭੰਗੂ ਹਾਜੀਪੁਰ ਜਾਂ ਕਸੂਰ ਦੀ ਲੜਾਈ ਬਾਬਤ ਕੋਈ ਜਾਣਕਾਰੀ ਨਹੀਂ ਦੇ ਰਿਹਾ।

## ਮੁਗਲਾਂ ਨਾਲ ਸੰਘਰਸ ਦਾ ਅਖ਼ੀਰਲਾ ਪੜਾਅ ਅਤੇ ਸ਼ਹੀਦੀ

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮੁਗਲ ਬਾਦਸ਼ਾਹ ਫ਼ਰੁੱਖ਼ਸ਼ੀਅਰ ਨੇ ਰਾਮ ਦਿਆਲ ਨਾਂ ਦੇ ਹਿੰਦੂ ਦੇ ਸੁਝਾਅ ਅਨੁਸਾਰ ਮਾਤਾ ਸੁੰਦਰੀ ਜੀ ਨੂੰ ਵਰਗਲਾ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਲੜਨਾ ਛੱਡ ਕੇ ਪਰਮਾਤਮਾ ਦਾ ਗੁਣਗਾਣ ਸ਼ੁਰੂ ਕਰਨ ਅਤੇ ਬਾਦਸ਼ਾਹ ਤੋਂ ਜਾਗੀਰਾਂ ਲੈ ਕੇ ਆਪਣੇ ਘਰ ਵਿੱਚ ਬੈਠ ਕੇ ਆਨੰਦ ਮੌਜ ਕਰਨ ਦਾ ਹੁਕਮਨਾਮਾ ਜਾਰੀ ਕਰਵਾ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਇਸ ਦੇ ਉੱਤਰ ਵਿਚ ਲਿਖਦਾ ਹੈ ਕਿ ਮਾਤਾ ਜੀ ਇਹ ਮੁਗਲਾਂ ਦੀਆਂ ਕੋਝੀਆਂ ਚਾਲਾਂ ਹਨ। ਜੇ ਮੈਂ ਤਹਾਡੇ ਆਖਿਆਂ ਮੁਗਲਾਂ ਤੋਂ ਜਾਗੀਰਾਂ ਲੈ ਲਈਆਂ ਤਾਂ ਜੋ ਇਹ ਪੰਥ ਦੀ ਏਕਤਾ ਹੈ, ਇਹ ਸਾਰੀ ਖਿੰਡ-ਪੁੰਡ ਜਾਣੀ ਹੈ ਤੇ ਫ਼ੇਰ ਮੁਗਲਾਂ ਨੇ ਸਿੱਖਾਂ ਨੂੰ ਇੱਕ ਇੱਕ ਕਰਕੇ ਖ਼ਤਮ ਕਰਨਾ ਹੈ ਅਤੇ ਲੰਘਿਆ ਵੇਲਾ ਸਾਡੇ ਹੱਥ ਨਹੀਂ ਆਉਣਾ।[163] ਬਾਬਾ ਬੰਦਾ ਸਿੰਘ ਬਹਾਦਰ ਚਿੱਠੀ ਰਾਹੀਂ ਮਾਤਾ ਸੁੰਦਰੀ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਮੁਗਲ ਸਿੱਖਾਂ ਦੇ ਜਾਨੀ ਦੁਸ਼ਮਣ ਹਨ। ਇਨ੍ਹਾਂ ਨੇ ਤੁਹਾਨੂੰ ਭਰਮਾ ਲਿਆ ਹੈ, ਪਰ ਇਹ ਮੈਨੂੰ ਨਹੀਂ ਭਰਮਾ ਸਕਦੇ। ਮੈਂ ਮੁਗਲਾਂ ਪਾਸੋਂ ਦਾਨ ਦਿੱਤੀਆਂ ਜਾਗੀਰਾਂ ਨਹੀਂ ਚਾਹੁੰਦਾ। ਅਸੀਂ ਇਹ ਸਭ ਤਲਵਾਰ ਦੇ ਜ਼ੋਰ ਨਾਲ ਪ੍ਰਾਪਤ ਕਰਾਂਗੇ। ਮੁਗਲਾਂ ਦੇ ਨਾਲ ਸਮਝੌਤਾ ਕਰਨ ਲਈ ਮੇਰਾ ਦਿਲ ਨਹੀਂ ਮੰਨਦਾ। ਦਸਮ ਪਿਤਾ ਨੇ ਜੋ ਮੈਨੂੰ ਸ਼ਸਤਰ ਬਖ਼ਸ਼ਿਸ ਕੀਤੇ ਹਨ, ਉਨ੍ਹਾਂ ਨੂੰ ਮੈਂ ਜਿਊਂਦੇ ਜੀ ਆਪਣੇ ਨਾਲੋਂ ਵੱਖ ਨਹੀਂ ਕਰ ਸਕਦਾ।[164] ਰਤਨ ਸਿੰਘ ਭੰਗੂ ਵੀ ਗਿਆਨੀ ਗਿਆਨ ਸਿੰਘ ਦੁਆਰਾ ਮਾਤਾ ਸੁੰਦਰੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੜਾਈ ਤਿਆਗਣ ਸੰਬੰਧੀ ਭੇਜੇ ਹੁਕਮਨਾਮੇ ਦੀ ਪੁਸ਼ਟੀ ਕਰਦਾ ਹੈ ਅਤੇ ਇਸ ਹੁਕਮਨਾਮੇ ਨੂੰ ਮਾਤਾ ਸੁੰਦਰੀ ਦੇ ਕਹਿਣ 'ਤੇ ਭਾਈ ਨੰਦ ਲਾਲ ਗੋਯਾ ਵੱਲੋਂ ਲਿਖਿਆ ਦੱਸਦਾ ਹੈ।[165]

ਗਿਆਨੀ ਗਿਆਨ ਸਿੰਘ ਅਨੁਸਾਰ ਮਾਤਾ ਸੁੰਦਰੀ ਦੁਬਾਰਾ ਹੁਕਮਨਾਮੇ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਚੇਤਾਵਨੀ ਦਿੰਦੀ ਹੈ ਕਿ ਜੇ ਤੂੰ ਮੇਰੀ ਆਗਿਆ ਨਹੀਂ ਮੰਨਦਾ ਤਾਂ ਮੈਂ ਤੈਨੂੰ ਸਰਾਪ ਦਿੰਦੀ ਹਾਂ, ਗੁਰੂ

---

[162] *ਉਹੀ,* ਪੰਨੇ 468-470.

[163] *ਉਹੀ,* ਪੰਨੇ 472-73.

[164] *ਉਹੀ,* ਪੰਨਾ 474.

[165] ਰਤਨ ਸਿੰਘ ਭੰਗੂ, *ਉ. ਰ.,* ਪੰਨਾ 127.

ਵੱਲੋਂ ਬਖ਼ਸ਼ੀਆਂ ਸਾਰੀਆਂ ਸ਼ਕਤੀਆਂ ਵਾਪਸ ਲੈਂਦੀ ਹਾਂ। ਹੁਣ ਮੁਗਲ ਤੈਨੂੰ ਫ਼ੜ ਕੇ ਤਸੀਹੇ ਦੇ ਕੇ ਮਾਰਨਗੇ। ਤੂੰ ਤੇ ਆਪਣਾ ਵੱਖਰਾ ਪੰਥ ਸ਼ੁਰੂ ਕਰਕੇ ਪਹਿਲਾਂ ਹੀ ਖ਼ਾਲਸੇ ਦਾ ਵਿਰੋਧੀ ਹੋ ਚੁਕਿਆ ਹੈਂ। ਤੂੰ ਵਿਆਹ ਕਰਵਾ ਕੇ ਆਪਣਾ ਜਤ-ਸਤ ਵੀ ਗਵਾ ਚੁੱਕਿਆ ਹੈਂ। ਹੁਣ ਤੂੰ ਗੁਰੂ ਦੇ ਬਚਨਾਂ ਤੋਂ ਮੁਨਕਰ ਹੋ ਕੇ ਆਪਣੇ-ਆਪ ਨੂੰ ਨਲਾਇਕ ਵੀ ਸਾਬਿਤ ਕਰ ਦਿੱਤਾ ਹੈ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਭਾਈ ਮਨੀ ਸਿੰਘ ਤੇ ਭਾਈ ਨੰਦ ਲਾਲ ਨੇ ਮਾਤਾ ਸੁੰਦਰੀ ਨੂੰ ਬੇਨਤੀ ਕੀਤੀ ਕਿ ਉਹ ਪੰਥ ਵਿੱਚ ਫੁੱਟ ਨਾ ਪਾਉਣ, ਪਰ ਮਾਤਾ ਜੀ ਨੇ ਗੱਲ ਨਾ ਮੰਨੀ।[166] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਦਸ਼ਾਹ ਫ਼ਰੁੱਖ਼ਸ਼ੀਅਰ ਨੇ ਫੱਫੇਕੁੱਟਣੀਆਂ ਭੇਜ ਕੇ ਮਾਤਾ ਸੁੰਦਰੀ ਦੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਕੰਨ ਭਰੇ ਅਤੇ ਮਾਤਾ ਜੀ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਦਾ ਆਖਾ ਨਾ ਮੰਨਕੇ, ਉਸ ਦਾ ਅਪਮਾਨ ਕੀਤਾ ਹੈ।[167] ਮਾਤਾ ਸੁੰਦਰੀ ਦੇ ਹੁਕਮਨਾਮਿਆਂ ਤੋਂ ਬਾਅਦ ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲੋਂ ਵੱਖ ਹੋਣ ਦਾ ਮਤਾ ਪਕਾ ਲਿਆ। ਗਿਆਨੀ ਗਿਆਨ ਸਿੰਘ ਅਨੁਸਾਰ ਉਸ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਵਿਖੇ ਵਿਸਾਖੀ ਮੇਲੇ ਦੇ ਮੌਕੇ ਗੁਰਦੁਆਰਾ ਸਾਹਿਬ ਵਿੱਚ ਗੱਦੀ ਲਾਈ ਬੈਠਾ ਸੀ ਅਤੇ ਆਪਣੀ ਚੌਰ ਕਰਵਾ ਰਿਹਾ ਸੀ। ਥਾਂ-ਥਾਂ ਉਸ ਦੇ ਸਿੱਖ ਉਸ ਨੂੰ ਗਿਆਰ੍ਹਵਾਂ ਗੁਰੂ ਕਹਿੰਦੇ ਸਨ ਅਤੇ 'ਵਾਹਿਗੁਰੂ ਕਾ ਖ਼ਾਲਸਾ ਵਾਹਿਗੁਰੂ ਕੀ ਫ਼ਤਿਹ' ਦੀ ਥਾਂ 'ਫ਼ਤਿਹ ਦਰਸ਼ਨ' ਬੁਲਾਉਂਦੇ ਸਨ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਬਾਬਾ ਬਿਨੋਦ ਸਿੰਘ, ਫ਼ਤਿਹ ਸਿੰਘ, ਕਾਨ੍ਹ ਸਿੰਘ, ਦੀਪ ਸਿੰਘ ਸ਼ਹੀਦ, ਭਾਈ ਰਾਮ ਸਿੰਘ ਆਦਿ ਸਿੰਘਾਂ ਨੇ ਦਰਬਾਰ ਵਿੱਚ ਜਾ ਕੇ ਅਰਦਾਸ ਕੀਤੀ ਕਿ ਜੋ ਵੀ ਗੁਰੂ ਦਾ ਸਿੱਖ ਹੈ, ਉਹ ਬਾਬਾ ਬੰਦਾ ਸਿੰਘ ਬਹਾਦਰ ਤੋਂ ਵੱਖ ਹੋ ਜਾਵੇ। ਇਸ ਤਰ੍ਹਾਂ ਖ਼ਾਲਸਾ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡਿਆ ਗਿਆ।[168] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਹੁਣ ਸਿੰਘ ਆਪਸ ਵਿੱਚ ਹੀ ਲੜਨ ਲੱਗ ਪਏ। ਜੇ ਤੱਤ ਖ਼ਾਲਸਾ ਨੂੰ ਕੋਈ ਬੰਦਈ ਸਿੰਘ ਲੱਭਦਾ ਸੀ ਤਾਂ ਉਸ ਦੀ ਲੁੱਟਮਾਰ ਕਰਕੇ, ਮਾਰ ਕੁੱਟ ਕਰਦੇ ਸਨ। ਬੰਦਈ ਖ਼ਾਲਸਾ ਵੀ ਤੱਤ ਖ਼ਾਲਸੇ ਨਾਲ ਇਸ ਤਰ੍ਹਾਂ ਦਾ ਸਲੂਕ ਕਰਦਾ ਸੀ। ਇਸ ਤਰ੍ਹਾਂ ਸਿੰਘਾਂ ਵਿੱਚ ਆਪਸ ਵਿੱਚ ਹੀ ਤਲਵਾਰਾਂ ਚੱਲਣ ਲੱਗ ਪਈਆ।[169] ਪਰ ਗੰਡਾ ਸਿੰਘ ਲਿਖਦਾ ਹੈ ਕਿ ਖ਼ਾਲਸਾ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਦੇ ਰੂਪ ਵਿੱਚ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਤੋਂ ਬਾਅਦ ਦੁਫਾੜ ਹੋਇਆ।[170]

---

[166] ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 476-478.

[167] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 495.

[168] *ਉਹੀ,* ਪੰਨਾ 479.

[169] ਰਤਨ ਸਿੰਘ ਭੰਗੂ, *ਉ. ਹ.,* ਪੰਨਾ 131.

[170] ਗੰਡਾ ਸਿੰਘ, *ਉ. ਹ.,* ਪੰਨਾ 143.

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਬੁੱਧੀ ਫਿਰ ਗਈ ਤੇ ਉਹ ਕਹਿੰਦਾ ਮੈਂ ਲਾਹੌਰ ਜਿੱਤ ਕੇ ਦਿੱਲੀ ਜਿੱਤਣੀ ਹੈ, ਫ਼ੇਰ ਤੱਤ ਖ਼ਾਲਸੇ ਕੋਲੋਂ ਚਾਕਰੀ ਕਰਵਾਉਣੀ ਹੈ।[171] ਪਰ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਕਹਿੰਦਾ ਹੈ ਕਿ ਪਹਿਲਾਂ ਉਸ ਨੇ ਸਿੰਘਾਂ ਨੂੰ ਅਧੀਨ ਕਰਨਾ ਹੈ। ਫ਼ੇਰ ਲਾਹੌਰ ਜਿੱਤਣਾ ਹੈ। ਸਿੰਘਾਂ ਨੂੰ ਅਧੀਨ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ 'ਤੇ ਚੜ੍ਹ ਆਉਂਦਾ ਹੈ ਅਤੇ ਪਿੰਡ ਖੋਹਾਲੀ ਆ ਡੇਰਾ ਕਰਦਾ ਹੈ ਤੇ ਉਸ ਦੇ ਮਨ 'ਚ ਖਿਆਲ ਆਉਂਦਾ ਹੈ ਕਿ ਚੰਗਾ ਹੋਇਆ ਜੋ ਹੰਕਾਰੀ ਸਿੰਘ ਪਿੱਛੋਂ ਲਹਿ ਗਏ। ਦੂਜੇ ਪਾਸੇ ਤੱਤ ਖ਼ਾਲਸੇ ਵਾਲੇ ਸਿੰਘ ਕਹਿੰਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਤਾਕਤ ਦਾ ਹੁਣ ਪਤਾ ਲਗੇਗਾ। ਤੱਤ ਖ਼ਾਲਸੇ ਤੋਂ ਦੂਰ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਬਹੁਤ ਪਛਤਾਵੇਗਾ।[172]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਤੱਤ ਖ਼ਾਲਸੇ ਦੇ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਡੇਰੇ ਉੱਤੇ ਹਮਲਾ ਕਰਕੇ ਉਸ ਨੂੰ ਲੁੱਟ ਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਨੂੰ ਆਖਿਆ ਕਿ ਮੈਂ ਤੁਹਾਨੂੰ ਆਮ ਪਰਜਾ ਤੋਂ ਮੁਲਖ਼ ਦੇ ਰਾਜੇ ਬਣਾ ਦਿੱਤਾ, ਪਰ ਤੁਸੀਂ ਮੇਰੇ ਉੱਪਰ ਹੱਥ ਪਾਉਂਦਿਆਂ ਜ਼ਰਾ ਵੀ ਲਿਹਾਜ ਨਾ ਕੀਤਾ। ਅੱਗੋਂ ਸਿੰਘਾਂ ਨੇ ਜਵਾਬ ਦਿੱਤਾ ਕਿ ਅਸੀਂ ਤੈਨੂੰ ਪੰਥ ਦਾ ਜਥੇਦਾਰ ਬਣਾਇਆ ਸੀ, ਪਰ ਤੈਨੂੰ ਇੱਜ਼ਤ ਰਾਸ ਨਹੀਂ ਆਈ।[173] ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਖਦਸ਼ਾ ਸੀ ਕਿ ਸਿੱਖ ਕਿਧਰੇ ਆਪਸ ਵਿੱਚ ਹੀ ਲੜ ਕੇ ਨਾ ਮਰ ਜਾਣ, ਇਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਛੱਡ ਕੇ ਗੁਰਦਾਸਪੁਰ ਚਲਾ ਗਿਆ।[174] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸਿੰਘਾਂ ਦੀ ਫੁੱਟ 'ਤੇ ਬਾਦਸ਼ਾਹ ਫ਼ਰੁੱਖ਼ਸ਼ੀਅਰ ਨੂੰ ਬੜੀ ਖੁਸ਼ੀ ਹੋਈ। ਉਸ ਨੇ ਬਿਨਾਂ ਦੇਰ ਕੀਤਿਆਂ ਲੋਹਗੜ੍ਹ 'ਤੇ ਫ਼ੌਜ ਚਾੜ੍ਹ ਦਿੱਤੀ। ਬੰਦਈ ਸਿੱਖ ਲੋਹਗੜ੍ਹ ਦੇ ਕਿਲ੍ਹੇ 'ਚੋਂ ਹਾਰ ਖਾ ਕੇ ਗੁਰਦਾਸਪੁਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲੇ। ਇੱਥੇ ਦੋਵਾਂ ਫ਼ੌਜਾਂ ਵਿੱਚ ਘਮਸਾਨ ਦੀ ਜੰਗ ਹੋਈ, ਜਿਸ ਵਿੱਚ ਮੁਗਲ ਸੈਨਾਪਤੀ ਅਗਰ ਖਾਂ ਤੇ ਰੁਸਤਮ ਖਾਂ ਮਾਰੇ ਗਏ। ਇੱਥੇ ਹੀ ਦੂਸਰੀ ਲੜਾਈ ਵਿੱਚ ਭਾਈ ਦੁਲਚਾ ਸਿੰਘ ਨਾਂ ਦੇ ਸਿੰਘ ਨੇ ਹਿੰਮਤ ਕਰਕੇ ਮੁਗਲ ਸੈਨਾ ਦੇ ਘੇਰੇ ਨੂੰ ਚੀਰਦੇ ਹੋਏ ਹਾਥੀ ਉੱਪਰ ਬੈਠੇ ਜਹਾਨ ਖਾਂ ਦਾ ਸਿਰ ਵੱਢ ਲਿਆ ਅਤੇ ਆਪ ਹਾਥੀ 'ਤੇ ਸਵਾਰ ਹੋ ਕੇ ਹਾਥੀ ਨੂੰ ਮੁਗਲ ਸੈਨਾ ਵੱਲ ਹੀ ਮੋੜ ਦਿੱਤਾ। ਮੁਗਲ ਸੈਨਾ ਹਾਰ ਖਾ ਕੇ ਭੱਜ ਗਈ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੇਰ ਜਿੱਤ ਹੋਈ ਅਤੇ ਫ਼ਰੁੱਖ਼ਸ਼ੀਅਰ ਨੂੰ ਨਮੋਸ਼ੀ ਦਾ

---

171 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 481.

172 ਰਤਨ ਸਿੰਘ ਭੰਗੂ, *ਉ. ਰ.,* ਪੰਨੇ 131-132.

173 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 482.

174 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 483.

ਸਾਹਮਣਾ ਕਰਨਾ ਪਿਆ।[175] ਰਤਨ ਸਿੰਘ ਭੰਗੂ ਗੁਰਦਾਸਪੁਰ ਦੀ ਇਸ ਲੜਾਈ ਬਾਰੇ ਕੁੱਝ ਨਹੀਂ ਲਿਖਦਾ।

ਗਿਆਨੀ ਗਿਆਨ ਸਿੰਘ ਦੇ ਅਨੁਸਾਰ ਇਸ ਲੜਾਈ ਤੋਂ ਬਾਅਦ ਮੁਗਲਾਂ ਨੇ ਤੱਤ ਖ਼ਾਲਸਾ ਨਾਲ ਸਮਝੌਤਾ ਕਰ ਲਿਆ ਅਤੇ ਉਨ੍ਹਾਂ ਨੂੰ ਮਨ ਭਾਉਂਦੀਆਂ ਜਾਗੀਰਾਂ ਅਤੇ ਬਾਦਸ਼ਾਹਤ ਵਿੱਚ ਹਿੱਸਾ ਰੱਖਣ ਦਾ ਵਾਅਦਾ ਕੀਤਾ। ਮੁਗਲਾਂ ਨੇ ਬਾਰ੍ਹਾਂ ਪਿੰਡ ਅੰਮ੍ਰਿਤਸਰ ਗੁਰਦੁਆਰੇ ਦੇ ਨਾਂ ਲਵਾ ਦਿੱਤੇ ਅਤੇ ਹੋਰ ਵੀ ਖਿੱਲਤਾਂ, ਸੌਗਾਤਾਂ ਤੱਤ ਖ਼ਾਲਸੇ ਨੂੰ ਦਿੱਤੀਆਂ। ਦਸ ਹਜ਼ਾਰ ਨਕਦ ਰਾਸ਼ੀ ਵੀ ਤੱਤ ਖ਼ਾਲਸੇ ਨੂੰ ਦਿੱਤੀ ਗਈ।[176] ਰਤਨ ਸਿੰਘ ਭੰਗੂ ਵੀ ਤੱਤ ਖ਼ਾਲਸੇ ਅਤੇ ਮੁਗਲਾਂ ਦੇ ਹੋਏ ਸਮਝੌਤੇ ਦਾ ਹਵਾਲਾ ਦਿੰਦਾ ਹੈ।[177] ਰਤਨ ਸਿੰਘ ਭੰਗੂ ਦੇ ਅਨੁਸਾਰ ਮੁਗਲਾਂ ਦੇ ਬਾਬਾ ਕਾਨ੍ਹ ਸਿੰਘ ਨਾਲ ਸਮਝੌਤਾ ਹੋਣ ਪਿੱਛੋਂ ਸਿੰਘਾਂ ਨੇ ਲਾਹੌਰ ਦੇ ਬਾਹਰ ਡੇਰਾ ਲਾ ਲਿਆ।[178] ਗਿਆਨੀ ਗਿਆਨ ਸਿੰਘ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੇ ਦਸ ਹਜ਼ਾਰ ਸੈਨਾ ਦੇ ਨਾਲ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ ਤਾਂ ਅਸਲਮ ਖਾਂ ਨੇ ਆਪਣੀ ਮਦਦ ਲਈ ਤੱਤ ਖ਼ਾਲਸੇ ਨੂੰ ਬੁਲਾ ਲਿਆ। ਲਾਹੌਰ ਤੋਂ ਤਿੰਨ ਕੋਹ ਦੂਰ ਭਗਵਾਨਪੁਰ ਨਾਂ ਦੇ ਸਥਾਨ ਤੇ ਜੰਗ ਸ਼ੁਰੂ ਹੋ ਗਈ। ਤੱਤ ਖ਼ਾਲਸੇ ਵੱਲੋਂ ਮੀਰੀ ਸਿੰਘ ਸਿੰਘਾਂ ਨੂੰ ਨਾਲ ਲੈ ਕੇ ਮੁਗਲਾਂ ਵੱਲੋਂ, ਬੰਦਾ ਸਿੰਘ ਖਿਲਾਫ਼ ਸ਼ਾਮਿਲ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਦੀ ਇਸ ਲੜਾਈ ਵਿੱਚ ਬੁਰੀ ਤਰ੍ਹਾਂ ਹਾਰ ਹੋਈ।[179] ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਹੌਰ ਦੀ ਚੜ੍ਹਾਈ ਦਾ ਜ਼ਿਕਰ ਤਾਂ ਕਰਦਾ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਹਾਰ ਬਾਰੇ ਵੀ ਲਿਖਦਾ ਹੈ ਪਰ ਲੜਾਈ ਦੇ ਸਥਾਨ ਦਾ ਕੋਈ ਵਰਣਨ ਨਹੀਂ ਕਰਦਾ ਅਤੇ ਤੱਤ ਖ਼ਾਲਸਾ ਦੁਆਰਾ ਲੜਾਈ ਵਿੱਚ ਭਾਗ ਲੈਣ ਗਏ ਸਿੰਘਾਂ ਦੇ ਨਾਂ ਦਾ ਵੀ ਕੋਈ ਵਰਣਨ ਨਹੀਂ ਕਰਦਾ।[180]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਲੇਖਕ ਲਿਖਦੇ ਹਨ ਕਿ ਹਾਰ ਖਾਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸੁਲ੍ਹਾ ਲਈ ਤੱਤ ਖ਼ਾਲਸੇ ਕੋਲ ਪਹੁੰਚ ਕੀਤੀ।[181] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਤੱਤ ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੁਲ੍ਹਾ ਕਰਨ ਵਾਲੀ ਬੇਨਤੀ ਠੁਕਰਾ ਦਿੱਤੀ।[182] ਜਦੋਂ ਕਿ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਤੱਤ ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਅੱਗੇ ਸ਼ਰਤਾਂ ਰੱਖ ਦਿੱਤੀਆਂ ਕਿ ਪਹਿਲਾਂ ਉਹ ਖੰਡੇ ਦੇ ਪਾਹੁਲ ਦਾ ਅੰਮ੍ਰਿਤ ਛਕੇ। ਫ਼ੇਰ ਪੰਥ ਅਨੁਸਾਰ ਲਗਾਈ ਤਨਖ਼ਾਹ ਭੁਗਤੇ ਅਤੇ ਸਾਡੇ ਹੇਠ

---

175 *ਉਹੀ,* ਪੰਨੇ 483-485.

176 *ਉਹੀ,* ਪੰਨਾ 487.

177 ਰਤਨ ਸਿੰਘ ਭੰਗੂ, *ਉ. ਰ.,* ਪੰਨਾ 132.

178 ਰਤਨ ਸਿੰਘ ਭੰਗੂ, *ਉਹੀ,* ਪੰਨਾ 133.

179 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 489-490.

180 ਰਤਨ ਸਿੰਘ ਭੰਗੂ, *ਉ. ਰ.,* ਪੰਨਾ 133.

181 ਰਤਨ ਸਿੰਘ ਭੰਗੂ, *ਉਹੀ*; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 482.

182 ਰਤਨ ਸਿੰਘ ਭੰਗੂ, *ਉਹੀ,* ਪੰਨਾ 134.

ਸਾਡੀ ਤਾਬਿਆ ਵਿੱਚ ਰਹੇ। ਬਾਬਾ ਬੰਦਾ ਸਿੰਘ ਬਹਾਦਰ ਇਨ੍ਹਾਂ ਸਭ ਗੱਲਾਂ ਤੋਂ ਨਿਰਾਸ਼ ਹੋ ਕੇ ਵਾਪਸ ਗੁਰਦਾਸਪੁਰ ਮੁੜ ਗਿਆ। ਮੁਗਲ ਤੱਤ ਖ਼ਾਲਸੇ ਨੂੰ ਧਨ-ਦੌਲਤ ਦੇ ਕੇ ਪਰਚਾਈ ਰੱਖਦੇ ਹਨ ਤਾਂ ਜੋ ਉਹ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਮਝੌਤਾ ਨਾ ਕਰ ਸਕਣ।[183]

ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੇ ਇਨ੍ਹਾਂ ਹਵਾਲਿਆਂ ਦੀ ਤਾਈਦ ਕਰਦਾ ਹੈ, ਪਰ ਨਾਲ ਹੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਲਾਨੌਰ ਦੇ ਨਵਾਬ ਫ਼ਤਿਹਦੀਨ ਨੂੰ ਜਾ ਘੇਰਾ ਪਾਇਆ। ਨਵਾਬ ਦੇ ਤੱਤ ਖ਼ਾਲਸੇ ਤੋਂ ਮਦਦ ਦੀ ਅਪੀਲ ਕੀਤੀ ਤਾਂ ਤੱਤ ਖ਼ਾਲਸੇ ਨੇ ਜਵਾਬ ਦੇ ਦਿੱਤਾ ਕਿ ਅਸੀਂ ਤਾਂ ਸਿਰਫ਼ ਮੁਗਲਾਂ ਦੀ ਮਦਦ ਕਰਨੀ ਹੈ, ਜੇ ਕੋਈ ਬਾਹਰ ਤੋਂ ਆ ਕੇ ਹਮਲਾ ਕਰਦਾ ਹੈ। ਪੰਜਾਬ ਵਿੱਚ ਤੁਹਾਡੇ ਹੋਰ ਵੀ ਬਹੁਤ ਮਸਲੇ ਹਨ। ਅਸੀਂ ਮਸਲਿਆਂ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦੇ। ਫ਼ਤਿਹਦੀਨ ਨੇ ਬੇਵੱਸ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਸਤਰ, ਘੋੜੇ, ਤੋਹਫ਼ੇ, ਧਨ, ਮਾਲ ਦੇ ਕੇ ਆਪਣੀ ਜਾਨ ਬਚਾਈ। ਉਸ ਤੋਂ ਬਾਅਦ ਬੰਦਈ ਸਿੰਘਾਂ ਨੇ ਸਿਆਲਕੋਟ, ਵਜ਼ੀਰਾਬਾਦ ਵੀ ਲੁੱਟ ਲਏ। ਗਿਆਨੀ ਗਿਆਨ ਸਿੰਘ ਇੱਕ ਗੱਲ ਹੋਰ ਲਿਖਦਾ ਹੈ ਕਿ ਵਜ਼ੀਰਾਬਾਦ ਸ਼ਹਿਰ ਦੇ ਸ਼ਿਵਚੰਦ ਕਪੂਰ ਨਾਂ ਦੇ ਖੱਤਰੀ ਦੀ ਧੀ ਸਾਹਿਬ ਕੌਰ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਵਿਆਹ ਕਰਵਾ ਲਿਆ। ਜਿਸ ਤੋਂ ਉਸ ਦਾ ਪੁੱਤਰ ਅਜੀਤ ਸਿੰਘ ਪੈਦਾ ਹੋਇਆ, ਜਿਨ੍ਹਾਂ ਦਾ ਹੁਣ ਵੀ ਵੰਸ਼ ਚਲਿਆ ਆਉਂਦਾ ਹੈ ਤੇ ਵਜ਼ੀਰਾਬਾਦ ਵਿੱਚ ਰਹਿੰਦੇ ਹਨ ਅਤੇ ਸੋਢੀ ਅਖਵਾਉਂਦੇ ਹਨ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਪੋਠੋਹਾਰ ਦੇ ਇਲਾਕੇ ਨੂੰ ਲੁੱਟ ਕੇ ਦੂਰ-ਦੂਰ ਤੱਕ ਆਪਣਾ ਦਬਦਬਾ ਬਣਾ ਲਿਆ।[184] ਰਤਨ ਸਿੰਘ ਭੰਗੂ ਕਲਾਨੌਰ, ਵਜ਼ੀਰਾਬਾਦ, ਸਿਆਲਕੋਟ, ਪੋਠੋਹਾਰ ਉੱਪਰ ਹਮਲੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਵਜ਼ੀਰਾਬਾਦ ਦੇ ਖੱਤਰੀ ਸ਼ਿਵ ਚੰਦ ਦੀ ਧੀ ਦੇ ਵਿਆਹ ਬਾਰੇ ਕੁਝ ਨਹੀਂ ਲਿਖਦਾ। ਗੰਡਾ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਵਜ਼ੀਰਾਬਾਦ ਦੇ ਸ਼ਿਵਰਾਮ ਖੱਤਰੀ ਦੀ ਧੀ ਬੀਬੀ ਸਾਹਿਬ ਕੌਰ ਨਾਲ ਦੂਜਾ ਵਿਆਹ ਕਰਾਉਣ ਜ਼ਿਕਰ ਕਰਦਾ ਹੈ।[185]

ਰਤਨ ਸਿੰਘ ਭੰਗੂ ਤੱਤ ਖ਼ਾਲਸੇ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਹਾੜਾਂ ਦਾ ਇਲਾਕਾ ਦੇਣ ਦੀ ਪੇਸ਼ਕਸ਼ ਬਾਰੇ ਵੀ ਲਿਖਦਾ ਹੈ।[186] ਪਰ ਗਿਆਨੀ ਗਿਆਨ ਸਿੰਘ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਕਰਦਾ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਫ਼ਰੁੱਖ਼ਸ਼ੀਅਰ ਖਾਂ ਨੇ ਸੱਚ-ਝੂਠ ਬੋਲਕੇ, ਧਨ-ਦੌਲਤ ਦੇ ਜ਼ੋਰ ਨਾਲ ਆਪਣਾ ਵਕੀਲ

---

183 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 492.

184 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 493-495.

185 ਗੰਡਾ ਸਿੰਘ, *ਉ. ਰ.,* ਪੰਨਾ 117.

186 ਰਤਨ ਸਿੰਘ ਭੰਗੂ, *ਉ. ਰ.,* ਪੰਨਾ 134.

ਭੇਜ ਕੇ ਤੱਤ ਖ਼ਾਲਸੇ ਦੇ ਸਿੰਘਾਂ ਨੂੰ ਭਜਾਈ ਰੱਖਿਆ ਤਾਂ ਜੋ ਉਹ ਬਾਬਾ ਬੰਦਾ ਸਿੰਘ ਬਹਾਦਰ ਨਾਲ ਫ਼ੇਰ ਨਾ ਰਲ ਜਾਣ। ਤੱਤ ਖ਼ਾਲਸੇ ਨੂੰ ਚੰਗੀ ਤਰ੍ਹਾਂ ਜੋਹਣ-ਟੋਹਣ ਤੋਂ ਬਾਅਦ ਮੁਗਲਾਂ ਨੇ ਬੰਦਈ ਸਿੰਘਾਂ ਨੂੰ ਬੁਲਾ ਲਿਆ ਤੇ ਉਨ੍ਹਾਂ ਨੂੰ ਲਾਲਚ ਦੇ ਕੇ ਭਰਮਾ ਲਿਆ। ਮੁਗਲਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਕੋਲ ਵਕੀਲ ਭੇਜ ਕੇ ਦੱਸਿਆ ਕਿ ਤੱਤ ਖ਼ਾਲਸੇ ਦੇ ਸਿੰਘ ਉਸ ਦੇ ਵੈਰੀ ਬਣ ਚੁੱਕੇ ਹਨ। ਤੂੰ ਉਨ੍ਹਾਂ ਦੀਆਂ ਮਿੰਨਤਾਂ ਛੱਡ, ਹੁਣ ਤੂੰ ਸਾਡੇ ਕੋਲੋਂ ਡਰ ਨਾ, ਅਸੀਂ ਤੇਰੇ ਦਾਸ ਬਣਨ ਲਈ ਆਏ ਹਾਂ। ਇਸ ਤਰ੍ਹਾਂ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੱਲਾਂ ਵਿੱਚ ਲੈ ਲਿਆ ਤੇ ਇੱਕ ਲੱਖ ਟਕਾ ਦੇਣਾ ਪੱਕਾ ਕਰ ਲਿਆ ਅਤੇ ਕਿਹਾ ਕਿ ਨਵਾਬ ਵੀ ਤੇਰਾ ਮੁਰੀਦ ਹੋ ਚੁੱਕਿਆ ਹੈ। ਕਈ ਹਜ਼ਾਰ ਟਕੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਭੇਜ ਵੀ ਦਿੱਤੇ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਤਾਕਤ ਬਾਰੇ ਜਾਣ ਕੇ ਵਕੀਲ ਵਾਪਸ ਚਲਾ ਗਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਉੱਪਰ ਹਮਲੇ ਦੀਆਂ ਵਿਉਂਤਾਂ ਬਣਨ ਲੱਗੀਆਂ ਅਤੇ ਨਵਾਬ ਨੇ ਭਾਰੀ ਫ਼ੌਜ ਲੈ ਕੇ ਚੜ੍ਹਾਈ ਕਰ ਦਿੱਤੀ।[187]

ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਅਬਦੁਸ ਸਮਦ ਖਾਂ ਨੇ ਕਸ਼ਮੀਰੋਂ ਖੁਫ਼ੀਆ ਤੌਰ 'ਤੇ ਫ਼ੌਜਾਂ ਬੁਲਾ ਲਈਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਲਝਾਉਣ ਲਈ ਉਸ ਕੋਲ ਵਕੀਲ ਭੇਜ ਦਿੱਤੇ, ਜਿਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇੱਕ ਲੱਖ ਟਕੇ ਦੀ ਭੇਟਾ ਦੇਣ ਦੀ ਗੱਲ ਕਹੀ। ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਰਾਜਨੀਤੀ ਦਾ ਕੋਈ ਗਿਆਨ ਨਹੀਂ ਸੀ। ਉਹ ਸਿੱਧਾ-ਸਾਦਾ ਮਹਾਨ ਫ਼ਕੀਰ ਸੀ। ਜਿਸ ਕਰਕੇ ਉਹ ਮੁਗਲਾਂ ਦੇ ਦਾਅ-ਪੇਚ ਨਾ ਸਮਝ ਸਕਿਆ।[188] ਰਤਨ ਸਿੰਘ ਭੰਗੂ ਵੀ ਲਿਖਦਾ ਹੈ ਕਿ ਮੁਗਲਾਂ ਨੇ ਹਾਥੀ ਲੱਦ ਕੇ ਮਾਇਆ ਭੇਜੀ, ਉਹਨੂੰ ਮੂੰਹੋਂ ਮੰਗਿਆ ਮੁਲਕ ਦੇਣ ਦੀ ਅਤੇ ਉਸ ਮੁਲਕ ਵਿੱਚ ਉਗਰਾਹੀ ਕਰਨ ਦਾ ਦਿਲਾਸਾ ਵੀ ਦਿੱਤਾ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਯਕੀਨ ਦਵਾਉਣ ਲਈ ਹਜ਼ਾਰਾਂ ਕਸਮਾਂ ਕੁਰਾਨ ਦੀਆਂ ਖਾਧੀਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਉੱਤੇ ਯਕੀਨ ਕਰਕੇ ਖ਼ੁਦ ਹੀ ਆਪਣੇ ਚਾਰੇ ਪਾਸੇ ਮੁਗਲ ਸੈਨਾ ਦੇ ਡੇਰੇ ਲਵਾ ਦਿੱਤੇ। ਜਿੰਨੀ ਕੁ ਰਸਦ ਦੀ ਸਿੰਘਾਂ ਨੂੰ ਜਰੂਰਤ ਹੁੰਦੀ ਸੀ, ਉਹ ਓਨੀ ਕੁ ਸਿੰਘਾਂ ਤੱਕ ਪਹੁੰਚਾਉਂਦੇ ਰਹੇ। ਬਾਬਾ ਬੰਦਾ ਸਿੰਘ ਬਹਾਦਰ ਦੇ ਦਲ ਜਿੱਧਰ ਵੀ ਜਾਂਦੇ ਮੁਗਲ ਉਨ੍ਹਾਂ ਨੂੰ ਜਾਣ ਦਿੰਦੇ ਤਾਂ ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲਾਂ ਦੀ ਨੀਅਤ 'ਤੇ ਕੋਈ ਸ਼ੱਕ ਨਾ ਹੋਵੇ।[189] ਗਿਆਨੀ ਗਿਆਨ ਸਿੰਘ ਅਨੁਸਾਰ ਭਾਈ ਬਾਜ਼ ਸਿੰਘ ਨੂੰ ਮੁਗਲਾਂ ਦੀ ਇਸ ਚਾਲ ਦਾ ਪਤਾ ਲੱਗ ਗਿਆ ਅਤੇ ਉਸ ਨੇ ਬਾਬਾ ਬੰਦਾ ਸਿੰਘ

187 ਰਤਨ ਸਿੰਘ ਭੰਗੂ, *ਉਹੀ,* ਪੰਨੇ 135-136.

188 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 499.

189 ਰਤਨ ਸਿੰਘ ਭੰਗੂ, *ਉ. ਰ.,* ਪੰਨਾ 138.

ਬਹਾਦਰ ਨੂੰ ਸਾਰੀ ਗੱਲ ਦੱਸੀ।[190] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੀਆਂ ਕਰਾਮਾਤਾਂ 'ਤੇ ਬਹੁਤ ਹੰਕਾਰ ਹੋ ਗਿਆ ਸੀ। ਉਹ ਸਿੰਘਾਂ ਨੂੰ ਕਹਿੰਦਾ ਹੈ ਕਿ ਮੈਂ ਇੱਕ ਘੜੀ ਵਿੱਚ ਇਨ੍ਹਾਂ ਨੂੰ ਹਰਾ ਦੇਵਾਂਗਾ। ਇਨ੍ਹਾਂ ਦੇ ਹਥਿਆਰ ਇਨ੍ਹਾਂ ਉੱਪਰ ਹੀ ਚੱਲਣਗੇ। ਮੇਰੀ ਮੌਤ ਇਹੀ ਮਾਰੇ ਜਾਣਗੇ।[191]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਲਿਖਦੇ ਹਨ ਕਿ ਇੱਕ ਤਾਂ ਮਾਤਾ ਸੁੰਦਰੀ ਦੇ ਗੁੱਸੇ ਤੇ ਸ਼ਰਾਪ ਦੇਣ ਕਾਰਨ, ਦੂਜਾ ਬਾਬਾ ਬੰਦਾ ਸਿੰਘ ਬਹਾਦਰ ਦੇ ਜਤ ਗਵਾਉਣ ਕਾਰਨ, ਤੀਜਾ ਬੀਰਾਂ ਦੇ ਉੱਡ ਜਾਣ ਕਾਰਨ, ਚੌਥੀ ਪੋਥੀ ਦੇ ਮੰਡੀ ਵਿੱਚ ਰਹਿ ਜਾਣ ਕਾਰਨ, ਪੰਜਵਾਂ ਸਤਿਗੁਰਾਂ ਦੀ ਨਿੰਦਿਆ ਕਰਨ ਕਰਕੇ ਅਤੇ ਛੇਵਾਂ ਪੰਥ ਨਾਲ ਵਿਗੜਨ ਕਰਕੇ, ਸੱਤਵਾਂ ਆਪਣਾ ਪੰਥ ਚਲਾਉਣ ਕਰਕੇ ਅਤੇ ਅੱਠਵਾਂ ਉਸ ਦੀ ਪਤਨੀ ਵੱਲੋਂ ਕੰਨਿਆ ਨੂੰ ਮਾਰਨ ਕਰਕੇ, ਨੌਵਾਂ ਮੁਫ਼ਤ ਸਿਧੀ ਪਾਉਣ ਕਰਕੇ, ਦਸਵਾਂ ਕੰਮ-ਕਾਜ ਛੱਡਣ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਾਰੀਆਂ ਸ਼ਕਤੀਆਂ ਖ਼ਤਮ ਹੋ ਗਈਆਂ।[192] ਸੰਤੋਖ ਸਿੰਘ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਭੁੱਲ ਕੇ ਵਿਆਹ ਕਰਵਾ ਲਿਆ। ਇਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਵਿਚਕਾਰ ਦੁਫੇੜ ਖੜ੍ਹਾ ਹੋ ਗਿਆ।[193] ਸਿੰਘਾਂ 'ਚ ਦੁਫਾੜ ਪੈਣ ਮਗਰੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਪਹੁੰਚਿਆ ਤਾਂ ਉੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਇਕੱਠੇ ਹੋ ਗਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸੰਗਤਾਂ ਸਾਹਮਣੇ ਕਿਹਾ ਕਿ ਉਹ ਮੋਹਰੀ ਸਿੱਖ ਹੈ ਅਤੇ ਉਸ ਨੇ ਸਤਿਗੁਰਾਂ ਵੱਲੋਂ ਦਿੱਤੇ ਮਨੋਰਥ ਪੂਰੇ ਕਰ ਦਿੱਤੇ ਹਨ। ਸਿੱਖਾਂ ਦੀ ਅਗਵਾਈ ਕਰਕੇ ਮੁਗਲਾਂ ਤੋਂ ਸਾਰੇ ਬਦਲੇ ਲੈ ਲਏ ਗਏ ਹਨ। ਉਸ ਦੀ ਕਾਮਯਾਬੀ ਨੂੰ ਦੇਖਦੇ ਹੋਏ ਉਸ ਨੂੰ ਗੁਰਿਆਈ ਦੇ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਉਸ ਦੀ ਕੋਈ ਗੱਲ ਨਹੀਂ ਮੰਨਣੀ। ਖ਼ਾਲਸੇ ਨੂੰ ਇਸ ਨਾਲ ਕੋਈ ਮੇਲ ਨਹੀਂ ਰੱਖਣਾ ਚਾਹੀਦਾ, ਕਿਉਂਕਿ ਇਸ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਇਹ ਖ਼ਾਲਸਾਈ ਰਹਿਤ ਵਿੱਚ ਵੀ ਪ੍ਰਵਾਨ ਨਹੀਂ।[194]

ਅੱਗੇ ਭਾਈ ਸੰਤੋਖ ਸਿੰਘ ਲਿਖਦਾ ਹੈ ਕਿ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਨੂੰ ਪੰਜਾਬ ਵਿੱਚ ਮੁਗਲ ਹਕੂਮਤ ਦੇ ਉਲਟਾਏ ਜਾਣ ਦੀਆਂ ਰਿਪੋਰਟਾਂ ਮਿਲੀਆਂ ਤਾਂ ਉਹ ਸੋਚੀਂ ਪੈ ਗਿਆ। ਉਸ ਨੂੰ ਸਲਾਹ ਦਿੱਤੀ ਗਈ ਕਿ ਉਹ ਨਾਂਦੇੜ ਪਹੁੰਚ ਕੇ ਗੁਰੂ ਜੀ ਨੂੰ ਬੇਨਤੀ ਕਰੇ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਵਾਪਸ ਬੁਲਾ ਲੈਣ।[195] ਇਸ

---

[190] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 501.

[191] ਰਤਨ ਸਿੰਘ ਭੰਗੂ, *ਉ. ਰ.,* ਪੰਨਾ 138.

[192] ਰਤਨ ਸਿੰਘ ਭੰਗੂ, *ਉਹੀ,* ਪੰਨੇ 138-139; ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 503-504.

[193] ਸੰਤੋਖ ਸਿੰਘ, *ਉ. ਰ.,* ਪੰਨੇ 6278-6279.

[194] ਸੰਤੋਖ ਸਿੰਘ, *ਉਹੀ,* ਪੰਨੇ 6279-6280.

[195] *ਉਹੀ,* ਪੰਨੇ 6280-6281.

ਪ੍ਰਸੰਗ ਨੂੰ ਹੋਰ ਵਿਸਥਾਰ ਦਿੰਦਾ ਹੋਇਆ ਸੰਤੋਖ ਸਿੰਘ ਲਿਖਦਾ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਨਾਂਦੇੜ ਪਹੁੰਚ ਗਿਆ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਉਨ੍ਹਾਂ ਵੱਲੋਂ ਦਿੱਤੇ ਗਏ ਸਾਰੇ ਕੰਮ ਪੂਰੇ ਕਰ ਦਿੱਤੇ ਗਏ ਹਨ। ਕ੍ਰਿਪਾ ਕਰਕੇ ਉਸ ਨੂੰ ਵਾਪਸ ਬੁਲਾ ਲਵੋ। ਗੁਰੂ ਜੀ ਬਾਦਸ਼ਾਹ ਨੂੰ ਕਹਿੰਦੇ ਕਿ ਉਨ੍ਹਾਂ ਨੇ ਤਾਂ ਇਹ ਕੰਮ ਤੈਨੂੰ ਕਰਨ ਲਈ ਕਿਹਾ ਸੀ, ਪਰ ਤੇਰੇ ਵੱਲੋਂ ਨਾਂਹ ਕਰਨ 'ਤੇ ਉਨ੍ਹਾਂ ਨੇ ਆਪਣਾ ਬੰਦਾ ਭੇਜ ਕੇ ਇਹ ਕੰਮ ਪੂਰਨ ਕਰਵਾ ਲਏ। ਅਖ਼ੀਰ ਵਿੱਚ ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਕਿਹਾ ਕਿ ਉਹ ਫ਼ਿਕਰ ਨਾ ਕਰੇ। ਕਿਉਂਕਿ ਉਨ੍ਹਾਂ ਦੁਆਰਾ ਭੇਜਿਆ ਹੋਇਆ ਬੰਦਾ ਆਪਣੇ ਹੰਕਾਰ ਨਾਲ ਆਪ ਹੀ ਖ਼ਤਮ ਹੋ ਜਾਵੇਗਾ।[196]

ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਗੁਰੂਆਂ ਵਾਂਗ ਆਪਣਾ ਬਲੀਦਾਨ ਦੇਣਾ ਚਾਹੁੰਦਾ ਸੀ। ਉਹ ਗੁਰਦਾਸਪੁਰ ਦੇ ਘੇਰੇ ਵਿੱਚ ਬੰਦਈ ਸਿੰਘਾਂ ਨੂੰ ਹੌਂਸਲਾ ਦਿੰਦਾ ਕਹਿੰਦਾ ਹੈ ਕਿ ਪਹਿਲਾਂ ਵੀ ਗੁਰੂ ਸਾਹਿਬਾਨ ਨੇ ਸੀਸ ਵਾਰੇ ਹਨ। ਮੈਂ ਵੀ ਉਹੀ ਕਰਨਾ ਚਾਹੁੰਦਾ ਹਾਂ।[197] ਇਸ ਕਥਨ ਦੀ ਪ੍ਰੋੜਤਾ ਰਤਨ ਸਿੰਘ ਭੰਗੂ ਕਰਦਾ ਹੈ।[198] ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਫ਼ਰੁੱਖ਼ਸ਼ੀਅਰ ਨੇ ਅਬਦੁੱਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਬਣਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੁਚਲਣ ਲਈ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸਪੁਰ ਵਿੱਚ ਘਿਰ ਗਿਆ, ਪਰ ਉਸ ਨੇ ਕਿਲ੍ਹੇ ਵਿੱਚੋਂ ਲੜਾਈ ਜਾਰੀ ਰੱਖੀ। ਹੌਲੀ-ਹੌਲੀ ਰਸਦ ਖ਼ਤਮ ਹੋਣ ਕਰਕੇ ਸਿੰਘ ਭੁੱਖੇ ਮਰਨ ਲੱਗੇ। ਇੱਥੇ ਬਹੁਤ ਸਾਰੇ ਸਿੰਘ ਮਾਰੇ ਗਏ ਅਤੇ ਬਹੁਤ ਸਾਰੇ ਮੁਸਲਮਾਨ ਬਣ ਗਏ।[199] ਕੇਸਰ ਸਿੰਘ ਛਿੱਬਰ ਵੀ ਗਿਆਨੀ ਗਿਆਨ ਸਿੰਘ ਵਾਂਗ ਗੁਰਦਾਸ ਨੰਗਲ ਨੂੰ ਗੁਰਦਾਸਪੁਰ ਲਿਖ ਰਿਹਾ ਹੈ।

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਨਵਾਬ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਦਿਲਾਸਾ ਦਿੰਦਾ ਹੈ ਕਿ ਮੈਂ ਤੇਰੇ ਲਈ ਵਿਸ਼ੇਸ਼ ਸ਼ਾਹੀ ਹੁਕਮ ਪ੍ਰਵਾਨ ਕਰਵਾ ਲਿਆ ਹੈ ਜਿਸ ਅਨੁਸਾਰ ਤੈਨੂੰ ਰਾਜ ਕਰਨ ਲਈ ਪਹਾੜਾਂ ਦਾ ਇਲਾਕਾ ਤੇਰੇ ਨਾਂ ਲਿਖ ਦਿੱਤਾ ਹੈ।[200] ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਮੁਗ਼ਲਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਗੰਗਾ ਤੋਂ ਲੈ ਕੇ ਕਸ਼ਮੀਰ ਤੱਕ ਪਹਾੜਾਂ ਦੇ ਸਾਰੇ ਇਲਾਕੇ ਦਾ ਪਟਾ ਉਸ ਦੇ ਨਾਂ ਕਰਨ ਦਾ ਵਾਅਦਾ

---

196 *ਉਹੀ,* ਪੰਨੇ 6282-6286.

197 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 503.

198 ਰਤਨ ਸਿੰਘ ਭੰਗੂ, *ਉ. ਰ.,* ਪੰਨਾ 140.

199 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 200-201.

200 ਰਤਨ ਸਿੰਘ ਭੰਗੂ, *ਉ. ਰ.,* ਪੰਨਾ 141.

ਕੀਤਾ। ਪਰ ਸਿੰਘਾਂ ਨੂੰ ਮੁਗਲਾਂ ਦੇ ਇਨ੍ਹਾਂ ਵਾਅਦਿਆਂ 'ਤੇ ਯਕੀਨ ਨਹੀਂ ਆਉਂਦਾ। ਉਹ ਮੁਗਲਾਂ ਤੋਂ ਦੂਰ ਰਹਿਣਾ ਹੀ ਚੰਗਾ ਸਮਝਦੇ ਹਨ।[201]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਕਸ਼ਮੀਰੀ ਫ਼ੌਜ ਪਹੁੰਚ ਗਈ ਤਾਂ ਮੁਗਲਾਂ ਦੀ ਤਰਕੀਬ ਮੁਤਾਬਿਕ ਨਵਾਬ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਚਿੱਠੀ ਭੇਜੀ ਗਈ ਤੇ ਕਿਹਾ ਗਿਆ ਕਿ ਉਹ ਬਾਹਰ ਜਾ ਕੇ ਆਪਣੀ ਮਨ-ਮਰਜ਼ੀ ਦੀ ਖਰੀਦਦਾਰੀ ਕਰਨ, ਜੋ ਵੀ ਉਹ ਚਾਹੁੰਦੇ ਹਨ ਉਹ ਖਰੀਦ ਕੇ ਲਿਆਉਣ, ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਹੋਵੇਗੀ। ਕਿਉਂਕਿ ਮੈਂ ਤਾਂ ਤੁਹਾਡਾ ਮੁਰੀਦ ਹਾਂ, ਇਸ ਲਈ ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ।[202] ਰਤਨ ਸਿੰਘ ਭੰਗੂ ਵੀ ਇਸ ਗੱਲ ਦਾ ਜ਼ਿਕਰ ਕਰਦਾ ਹੈ ਤੇ ਇਹ ਵੀ ਲਿਖਦਾ ਹੈ, ਕਿ ਜਦੋਂ ਸਿੰਘ ਰਸਦ ਲੈਣ ਲਈ ਹਵੇਲੀ ਤੋਂ ਕਈ ਕੋਹ ਦੂਰ ਲੰਘ ਗਏ ਤਾਂ ਮੁਗਲ ਸੈਨਾ ਨੇ ਹਮਲਾ ਕਰ ਦਿੱਤਾ।[203] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਪੰਜ-ਸੌ ਦੇ ਕਰੀਬ ਸਿੰਘ ਰਸਦ ਪਾਣੀ ਲੈਣ ਹਵੇਲੀ ਤੋਂ ਬਾਹਰ ਗਏ ਤੇ ਜਦੋਂ ਸਿੰਘਾਂ ਨੇ ਸਾਰਾ ਰਸਦ ਪਾਣੀ ਘੋੜਿਆਂ ਤੇ ਲੱਦ ਲਿਆ ਤਾਂ ਮੁਗਲਾਂ ਨੇ ਹਮਲਾ ਕਰ ਦਿੱਤਾ।[204] ਮੁਗਲਾਂ ਅਤੇ ਬੰਦਈ ਸਿੰਘਾਂ ਵਿੱਚ ਭਿਆਨਕ ਲੜਾਈ ਹੁੰਦੀ ਹੈ। ਸਿੰਘ ਗਿਣਤੀ ਵਿੱਚ ਘੱਟ ਹੋਣ ਦੇ ਬਾਵਜੂਦ ਵੀ ਮੈਦਾਨ ਛੱਡ ਕੇ ਨਹੀਂ ਭੱਜਦੇ। ਇੱਕ-ਇੱਕ ਸਿੰਘ ਦਸ-ਦਸ ਤੋਂ ਵੀ ਜ਼ਿਆਦਾ ਮੁਗਲਾਂ ਨਾਲ ਲੜ ਰਿਹਾ ਸੀ। ਸਿੰਘਾਂ ਦੇ ਹੌਂਸਲੇ ਦੇਖ ਕੇ ਮੁਗਲ ਵੀ ਹੈਰਾਨ ਹੋ ਰਹੇ ਸਨ। ਗਿਆਨੀ ਗਿਆਨ ਸਿੰਘ ਇਸ ਵਾਕਿਯਾਤ ਨੂੰ ਸੰਮਤ 1777 ਬਿਕ੍ਰਮੀ ਵਿੱਚ ਹੋਇਆ ਲਿਖਦਾ ਹੈ।[205] ਰਤਨ ਸਿੰਘ ਭੰਗੂ ਵੀ ਇਸ ਦੀ ਪੁਸ਼ਟੀ ਕਰਦਾ ਹੈ, ਪਰ ਤਾਰੀਖ਼ ਜਾਂ ਸਾਲ ਬਾਬਤ ਕੁੱਝ ਨਹੀਂ ਦੱਸਦਾ।[206]

ਸਿੰਘਾਂ ਦੇ ਜਥੇ ਨੂੰ ਮਾਰਨ ਤੋਂ ਬਾਅਦ, ਮੁਗਲਾਂ ਨੂੰ ਲੱਗਦਾ ਹੈ ਕਿ ਹੁਣ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਸਾਨੀ ਨਾਲ ਫੜਿਆ ਜਾ ਸਕਦਾ ਹੈ, ਕਿਉਂਕਿ ਹੁਣ ਤੱਤ ਖ਼ਾਲਸਾ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਨਹੀਂ। ਇਸ ਹੌਂਸਲੇ ਨਾਲ ਮੁਗਲ ਹਵੇਲੀ (ਗੜ੍ਹੀ) 'ਤੇ ਹਮਲਾ ਕਰ ਦਿੰਦੇ ਹਨ ਤੇ ਅੱਗੇ ਸਿੰਘ ਵੀ ਸ਼ਹੀਦ ਹੋਣ ਲਈ ਤਿਆਰ-ਬਰ-ਤਿਆਰ ਸਨ। ਮੁਗਲਾਂ ਨੇ ਹਵੇਲੀ ਨੂੰ ਪੌੜੀ ਲਾ ਕੇ ਅੰਦਰ ਵੜਨ ਦੀ ਕੋਸ਼ਿਸ਼ ਕੀਤੀ, ਪਰ ਸਿੰਘਾਂ ਨੇ ਉਹ ਕਾਮਯਾਬ ਨਾ ਹੋਣ ਦਿੱਤੀ। ਸਿੱਧਾ ਹਵੇਲੀ ਅੰਦਰ ਦਾਖਲ ਹੋਣਾ ਤਾਂ ਨਾ-ਮੁਮਕਿਨ ਹੀ ਹੋ ਗਿਆ। ਰਤਨ ਸਿੰਘ ਭੰਗੂ ਮੁਗਲਾਂ ਦੀ ਫ਼ੌਜ ਦੀ ਗਿਣਤੀ ਚਾਰ ਲੱਖ ਦੇ ਕਰੀਬ ਲਿਖਦਾ ਹੈ। ਸਿੰਘਾਂ ਨੇ ਵਾਹਿਗੁਰੂ ਦੇ ਜੈਕਾਰੇ ਲਗਾਉਂਦੇ

---

201 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 501.

202 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 504.

203 ਰਤਨ ਸਿੰਘ ਭੰਗੂ, *ਉ. ਰ.,* ਪੰਨਾ 141.

204 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 504-505.

205 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 507.

206 ਰਤਨ ਸਿੰਘ, ਭੰਗੂ, *ਉ. ਰ.,* ਪੰਨੇ 141-142.

ਹੋਏ, ਮੁਗਲਾਂ ਦੀ ਚੰਗੀ ਭੁਗਤ ਸਵਾਰੀ। ਮੁਗਲਾਂ ਨੇ ਤੋਪਾਂ ਨਾਲ ਕੰਧਾਂ ਅਤੇ ਬੁਰਜ਼ ਵੀ ਡੇਗ ਦਿੱਤੇ, ਪਰ ਹਵੇਲੀ ਦੇ ਅੰਦਰ ਵੜਨ ਵਿੱਚ ਮੁਗਲ ਸਫ਼ਲ ਨਾ ਹੋ ਸਕੇ। ਦੋਵਾਂ ਪਾਸਿਆਂ ਤੋਂ ਗੋਲੀਆਂ ਦੀ ਬੁਛਾੜ ਹੋ ਰਹੀ ਸੀ। ਸਿੰਘਾਂ ਨੂੰ ਸ਼ਹੀਦੀਆਂ ਪਾਉਣ ਦਾ ਬੜਾ ਹੀ ਚਾਅ ਚੜ੍ਹਿਆ ਹੋਇਆ ਸੀ। ਜ਼ਖ਼ਮੀ ਇੱਕ ਮੁਗਲ ਹੁੰਦਾ ਸੀ ਤੇ ਭੱਜ ਚਾਰ ਜਾਂਦੇ ਸਨ। ਇਸ ਤਰ੍ਹਾਂ ਸਿੰਘਾਂ ਨੇ ਮੁਗਲਾਂ ਦੇ ਚੰਗੇ ਦੰਦ ਖੱਟੇ ਕੀਤੇ। ਨਿਰਾਸ਼ ਹੋ ਕੇ ਨਵਾਬ ਅਬਦੁੱਸ ਸਮਦ ਖਾਂ ਨੇ ਲੜਾਈ ਬੰਦ ਕਰਵਾ ਦਿੱਤੀ। ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਦੋਵੇਂ ਹੀ ਇਸ ਉਪਰੋਕਤ ਜਾਣਕਾਰੀ ਦੀ ਪੁਸ਼ਟੀ ਕਰਦੇ ਹਨ।[207]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਹੀ ਲਿਖਦੇ ਹਨ ਕਿ ਸਿੱਧੀ ਲੜਾਈ ਵਿੱਚ ਆਪਣਾ ਨੁਕਸਾਨ ਹੁੰਦਾ ਦੇਖ ਕੇ ਮੁਗਲਾਂ ਨੇ ਹਵੇਲੀ ਦਾ ਘੇਰਾ ਹੋਰ ਸਖ਼ਤ ਕਰ ਦਿੱਤਾ ਤੇ ਰਸਦ ਪਾਣੀ ਅੰਦਰ ਜਾਣਾ ਬੰਦ ਕਰ ਦਿੱਤਾ। ਸਿੰਘਾਂ ਨੇ ਛਿੱਲੜਾਂ ਅਤੇ ਪੱਤੇ ਖਾ ਕੇ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ। ਕਈ ਦਿਨਾਂ ਤੱਕ ਸਿੱਖਾਂ ਨੇ ਮਿੱਟੀ ਵੀ ਖਾਧੀ।[208] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਕਿਹਾ ਕਿ ਮੈਂ ਸਵਾ ਲੱਖ ਬੰਦਾ ਮਾਰਨਾ ਸੀ, ਜਿਹੜਾ ਮੈਂ ਪੂਰਾ ਨਹੀਂ ਕਰ ਸਕਿਆ। ਜੇ ਮੈਂ ਏਨੇ ਬੰਦੇ ਮਾਰ ਦਿੰਦਾ ਤਾਂ ਦੁਰਗਾ ਦਾ ਭੋਜਨ ਲੱਗ ਜਾਣਾ ਸੀ। 25 ਲੱਖ ਮੈਂ ਪਿਥੌਰੇ ਮਰਵਾ ਦਿੱਤੇ, ਪਰ ਕਾਲੀ ਫ਼ੇਰ ਵੀ ਨਹੀਂ ਰੱਜੀ। ਉਹ ਸਾਰਿਆਂ ਨੂੰ ਖਾ ਗਈ ਹੈ। ਕਲਯੁੱਗ ਵਿੱਚ ਜਿਸ ਨੇ ਵੀ ਕਾਲੀ ਜਗਾਈ, ਉਹ ਉਸ 'ਤੇ ਹੀ ਉਲਟੀ ਪੈ ਗਈ, ਕਿਉਂਕਿ ਉਹ ਕਿਸੇ ਤੋਂ ਰੱਜੀ ਨਹੀਂ। ਮੈਂ ਵੀ ਸੋਚਿਆ ਕਿ ਮੈਂ ਸਿੰਘਾਂ ਨੂੰ ਖਵਾ ਦੇਵਾਂਗਾ, ਪਰ ਸਿੰਘ ਵੀ ਘੱਟ ਪੈ ਗਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਨੂੰ ਕਿਹਾ ਕਿ ਇੱਕ ਕੰਮ ਕਰ ਦੇਵੋ, ਬਾਕੀ ਰਹਿੰਦੀ ਸਵਾ ਲੱਖ ਦੀ ਭੇਟਾ ਦੇ ਬਰਾਬਰ ਕਿਸੇ ਦਾ ਵੀ ਸਿਰ ਚੜ੍ਹਾ ਦਿਉ। ਸਿੰਘਾਂ ਨੇ ਉਸ ਦੀ ਗੱਲ ਮੰਨ ਕੇ ਊਠ, ਘੋੜੇ, ਬਿੱਲੇ, ਕੁੱਤੇ ਸਭ ਮਾਰ ਦਿੱਤੇ ਪਰ ਫ਼ੇਰ ਵੀ ਉਹ ਜੋੜਕੇ ਸਵਾ ਲੱਖ ਨਾ ਬਣਿਆ ਤਾਂ ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਮੱਖੀਆਂ ਮਾਰ ਕੇ ਸਵਾ ਲੱਖ ਪੂਰਾ ਕਰ ਦਿਉ।[209] ਗਿਆਨੀ ਗਿਆਨ ਸਿੰਘ ਇਸ ਬਾਰੇ ਕੋਈ ਗੱਲ ਨਹੀਂ ਕਰਦਾ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮੁਗਲਾਂ ਨੂੰ ਘੇਰਾ ਲੰਬਾ ਹੋਣ ਦੇ ਨਾਲ ਇਹ ਡਰ ਵੀ ਭਾਸਣ ਲੱਗ ਪਿਆ ਸੀ ਕਿ ਕਿਧਰੇ ਤੱਤ ਖ਼ਾਲਸਾ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਨਾ ਆ ਰਲੇ। ਅੰਦਰ ਸਿੰਘਾਂ ਦਾ ਭੁੱਖ ਨਾਲ ਬੁਰਾ ਹਾਲ ਸੀ। ਉਨ੍ਹਾਂ ਵਿੱਚੋਂ ਲੜਨ ਦੀ ਹਿੰਮਤ ਜਵਾਬ ਦੇ ਚੁੱਕੀ ਸੀ। ਸਿੱਖ ਕਿਲ੍ਹੇ ਅੰਦਰ ਰਸਦ

---

207 ਰਤਨ ਸਿੰਘ, ਭੰਗੂ, *ਉਹੀ,* ਪੰਨੇ 143-145; ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 508-509.

208 *ਉਹੀ,* ਪੰਨੇ 145-146; *ਉਹੀ,* ਪੰਨਾ 511.

209 *ਉਹੀ,* ਪੰਨਾ 148.

ਪਾਣੀ ਜਾਂ ਖਾਦ ਸਮੱਗਰੀ ਦਾ ਕੋਈ ਇੰਤਜ਼ਾਮ ਨਾ ਕਰ ਸਕੇ।[210] ਅੰਤ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਭੁੱਖੇ ਮਰਦੇ ਸਿੰਘਾਂ ਦੇ ਹੋਰ ਵੀ ਬੜੇ ਦੁੱਖ ਦਰਦ ਸਨ। ਜਿਨ੍ਹਾਂ ਨੂੰ ਲਿਖਣ ਲਈ ਉਸ ਦੀ ਹਿੰਮਤ ਨਹੀਂ ਪਈ।[211] ਰਤਨ ਸਿੰਘ ਭੰਗੂ ਅਤੇ ਗਿਆਨ ਗਿਆਨ ਸਿੰਘ ਦੋਵੇਂ ਲਿਖਦੇ ਹਨ ਕਿ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਆਖਿਆਂ ਦਰਵਾਜ਼ਾ ਖੋਲ੍ਹ ਦਿੱਤਾ।[212] ਰਤਨ ਸਿੰਘ ਭੰਗੂ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਹਥਿਆਰ ਸੁੱਟਣ ਲਈ ਕਿਹਾ।[213] ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।[214]

ਸਰੂਪ ਦਾਸ ਭੱਲਾ ਵੀ ਵੱਖਰਾ ਰਾਗ ਅਲਾਪਦਾ ਹੋਇਆ ਸੰਖੇਪ ਵਿੱਚ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਵਿਆਹ ਕਰਵਾਉਣ ਨਾਲ ਉਹ ਗੁਰੂ ਦੇ ਬਚਨਾਂ ਤੋਂ ਫਿਰ ਗਿਆ। ਉਸ ਦੇ ਘਰ ਇੱਕ ਪੁੱਤਰ ਪੈਦਾ ਹੋਇਆ। ਗੁਰਦਾਸਪੁਰ ਵਿੱਚ ਲੋਹਗੜ੍ਹ ਨਾਂ ਦੀ ਇੱਕ ਜਗ੍ਹਾ ਸੀ, ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲਾਂ ਵੱਲੋਂ ਘੇਰਾ ਪਾਇਆ ਗਿਆ। ਘੇਰਾ ਬਹੁਤ ਲੰਬਾ ਸੀ। ਅੰਦਰ ਰਸਦ ਪਾਣੀ ਜਾਣਾ ਬੰਦ ਹੋ ਗਿਆ। ਬਾਬਾ ਬਿਨੋਦ ਸਿੰਘ ਤੇ ਬਾਬਾ ਕਾਨ੍ਹ ਸਿੰਘ ਵੀ ਨਾਲ ਸਨ। ਬਾਬਾ ਬਿਨੋਦ ਸਿੰਘ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਕੇ ਬਜ਼ਾਰ ਲੁੱਟ ਲਿਆਉਂਦਾ। ਸਾਰੀ ਮੁਗਲ ਸੈਨਾ ਹੈਰਾਨ ਸੀ ਕਿ ਇਸ ਨੂੰ ਕਿਵੇਂ ਫ਼ੜੀਏ। ਇਸ ਦਾ ਘੋੜਾ ਹਵਾ ਵਿੱਚ ਉੱਡਦਾ ਹੈ। ਉਹ ਉਸ ਨੂੰ ਅਗਲੇ ਦਿਨ ਸ਼ਾਮ ਨੂੰ ਫ਼ੜਨ ਦਾ ਨਿਸ਼ਚਾ ਕਰਦੇ ਤਾਂ ਬਾਬਾ ਬਿਨੋਦ ਸਿੰਘ ਸਵੇਰੇ ਬਜ਼ਾਰ ਲੁੱਟ ਲਿਆਉਂਦਾ। ਜੇ ਉਹ ਸਵੇਰੇ ਚੌਕਸ ਹੁੰਦੇ ਤਾਂ ਬਾਬਾ ਬਿਨੋਦ ਸਿੰਘ ਦੁਪਹਿਰ ਨੂੰ ਬਜ਼ਾਰ ਲੁੱਟ ਲਿਆਉਂਦਾ। ਕਿਲ੍ਹੇ ਦੇ ਅੰਦਰ ਰਹਿੰਦੇ ਸਾਰੇ ਲੋਕ (ਸਿੱਖ) ਖਾਂਦੇ, ਪੀਂਦੇ ਬਿਲਾਸ ਕਰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨਾਦਾਨੀ ਅਤੇ ਹੰਕਾਰ ਵਿੱਚ ਬੇਮੁੱਖ ਹੋ ਕੇ ਕਾਫ਼ਰਾਂ ਵਾਲੀਆਂ ਗੱਲਾਂ ਕਰਨ ਲੱਗ ਪਿਆ। ਉਹ ਕਹਿੰਦਾ ਜੇ ਕਿਸੇ ਉੱਚੇ ਕੁੱਲ ਦੀ ਕੁੜੀ ਹੱਥ ਲੱਗੇ ਤਾਂ ਇਕ ਹੋਰ ਵਿਆਹ ਕਰਵਾ ਲਵਾਂ। ਇਹ ਗੱਲ ਸੁਣਦਿਆਂ ਹੀ ਬਾਬਾ ਬਿਨੋਦ ਸਿੰਘ ਨੇ ਤਲਵਾਰ ਨੂੰ ਹੱਥ ਪਾ ਲਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਹਿੰਦਾ ਕਿ ਤੇਰਾ ਸਿਰ ਵਢੇ ਬਿਨਾਂ ਨਹੀਂ ਛੱਡਣਾ ਤੈਨੂੰ। ਬਾਬਾ ਕਾਨ੍ਹ ਸਿੰਘ ਨੇ ਹੱਥ ਜੋੜਕੇ ਸੀਸ ਝੁਕਾਇਆ ਕਿ ਗੁਰੂ ਜੀ ਨੇ ਸਾਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਭੇਜਿਆ ਹੈ, ਜੇ ਅਸੀਂ ਇੰਝ ਕੀਤਾ ਤਾਂ ਗੁਰੂ ਦੀ ਆਗਿਆ ਭੰਗ ਹੋਵੇਗੀ। ਬਾਬਾ ਕਾਨ੍ਹ ਸਿੰਘ ਨੇ

---

210 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 510.

211 ਰਤਨ ਸਿੰਘ ਭੰਗੂ, *ਉ. ਰ.,* ਪੰਨਾ 148.

212 ਰਤਨ ਸਿੰਘ ਭੰਗੂ, *ਉਹੀ,* ਪੰਨਾ 149; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 510.

213 *ਉਹੀ,* ਪੰਨਾ 150.

214 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ-512.

ਬਾਬਾ ਬਿਨੋਦ ਸਿੰਘ ਨੂੰ ਗੋਇੰਦਵਾਲ ਚਲੇ ਜਾਣ ਲਈ ਆਖਿਆ। ਬਾਬਾ ਬਿਨੋਦ ਸਿੰਘ ਸ਼ਸਤਰਾਂ ਸਮੇਤ ਘੋੜੇ 'ਤੇ ਸਵਾਰ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਕੇ ਗੋਇੰਦਵਾਲ ਚਲਾ ਗਿਆ। ਉਸ ਦੇ ਚਲੇ ਜਾਣ ਤੋਂ ਬਾਅਦ ਤੋਂ ਸਾਰੇ ਸਿੱਖ ਭੁੱਖ ਨਾਲ ਮਰ ਗਏ। ਜੋ ਵੱਡੇ ਸੂਰਮੇ ਜਾਂ ਬਹਾਦਰ ਸਿੱਖ ਬਚੇ, ਉਨ੍ਹਾਂ ਸਾਰਿਆਂ ਨੂੰ ਫ਼ੜ ਕੇ ਮਹਬੂਸਖਾਨੇ ਵਿੱਚ ਕੈਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿੱਚ ਬੇਟੇ ਸਮੇਤ ਕੈਦ ਕਰ ਲਿਆ ਗਿਆ।[215]

ਸੰਤੋਖ ਸਿੰਘ ਲਿਖਦਾ ਹੈ ਕਿ ਖ਼ਾਲਸੇ ਤੋਂ ਵੱਖ ਹੋਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਨਵੇਂ ਮਤ ਅਨੁਸਾਰ 'ਫ਼ਤਿਹ ਗੁਰੂ' ਦੀ ਥਾਂ 'ਫ਼ਤਿਹ ਦਰਸ਼ਨ' ਬੋਲਣ ਲੱਗਾ। ਅੰਮ੍ਰਿਤ ਦੀ ਜਗ੍ਹਾ 'ਤੇ ਉਸ ਨੇ ਚਰਨ ਪਾਹੁਲ ਸ਼ੁਰੂ ਕਰ ਦਿੱਤੀ। ਲੰਗੋਟ ਖੋਲ੍ਹਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਕੁਠਾਲੀ ਵਿੱਚ ਸੋਨੇ ਵਾਂਗ ਗਲ ਗਿਆ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਕੋਈ ਜੰਗ ਨਹੀਂ ਕੀਤੀ। ਜਦੋਂ ਵੀ ਮੁਗਲ ਹਮਲਾ ਕਰਦੇ, ਉਹ ਭੱਜ ਜਾਂਦਾ ਤੇ ਅਖ਼ੀਰ ਉਹ ਕਿਲ੍ਹੇ ਵਿੱਚ ਬੰਦ ਹੋ ਕੇ ਲੁੱਕ ਕੇ ਬੈਠ ਗਿਆ। ਅਨਾਜ ਪੱਠੇ ਦਾ ਪ੍ਰਬੰਧ ਨਾ ਹੋਣ ਕਰਕੇ ਸਿੰਘ ਭੁੱਖੇ ਮਰਨ ਲੱਗੇ। ਬਾਬਾ ਬਿਨੋਦ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਝਗੜ ਕੇ ਕਿਲ੍ਹਾ ਛੱਡ ਕੇ ਗੋਇੰਦਵਾਲ ਜਾ ਕੇ ਰਹਿਣ ਲੱਗਾ। ਅਖ਼ੀਰ ਮੁਗਲ ਫ਼ੌਜ ਨੇ ਹਮਲਾ ਕਰਕੇ ਕਿਲ੍ਹੇ ਦਾ ਦਰਵਾਜ਼ਾ ਤੋੜ ਦਿੱਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਭ ਸਿੰਘਾਂ ਨੂੰ ਫ਼ੜ ਲਿਆ।[216] ਗੁਰਦਾਸ ਨੰਗਲ ਦੇ ਲੰਬੇ ਘੇਰੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਤੇ ਬਾਬਾ ਬਿਨੋਦ ਸਿੰਘ ਵਿਚਕਾਰ ਹੋਏ ਮੱਤਭੇਦ ਦੀ ਗੱਲ, ਸਿੱਖਾਂ ਵੱਲੋਂ ਭੁੱਖੇ ਲੜਨ ਦੀ ਗੱਲ, ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਜ਼ਿਕਰ, ਗੰਡਾ ਸਿੰਘ ਵੀ ਕਰਦਾ ਹੈ।[217] ਸਰੂਪ ਦਾਸ ਭੱਲਾ ਅਤੇ ਸੰਤੋਖ ਸਿੰਘ ਦੇ ਉਲਟ ਗੁਰਦਾਸ ਨੰਗਲ ਦੇ ਘੇਰੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਬਹਾਦਰੀ ਅਤੇ ਸੂਰਬੀਰਤਾ ਭਰਪੂਰ ਸੰਘਰਸ਼ ਦੀ ਪੁਸ਼ਟੀ ਤੇਜਾ ਸਿੰਘ ਤੇ ਗੰਡਾ ਸਿੰਘ ਵੀ ਕਰਦੇ ਹਨ।[218]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੇੜੀਆਂ ਵਿੱਚ ਬੰਨ੍ਹ ਕੇ ਪਿੰਜਰੇ ਵਿੱਚ ਪਾਇਆ ਗਿਆ।[219] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਬੰਦੀ ਸਿੰਘਾਂ ਨੂੰ ਲਾਹੌਰ ਲਿਜਾਇਆ ਗਿਆ ਤੇ ਉੱਥੇ ਕਈ ਦਿਨ ਕੈਦ ਰੱਖਿਆ। ਫ਼ੇਰ ਉੱਥੋਂ ਕਾਫ਼ਲੇ

---

215 ਸਰੂਪ ਦਾਸ ਭੱਲਾ, *ਉ. ਰ.,* ਪੰਨੇ 865-866.

216 ਭਾਈ ਸੰਤੋਖ ਸਿੰਘ, *ਉ. ਰ.,* ਪੰਨੇ 6349-6354.

217 ਗੰਡਾ ਸਿੰਘ, *ਉ. ਰ.,* ਪੰਨੇ 125-128.

218 ਤੇਜਾ ਸਿੰਘ ਅਤੇ ਗੰਡਾ ਸਿੰਘ, *ਉ. ਰ.,* ਪੰਨਾ 97-98.

219 ਰਤਨ ਸਿੰਘ ਭੰਗੂ, *ਉ. ਰ.,* ਪੰਨਾ 151; ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 512.

ਦੇ ਰੂਪ ਵਿੱਚ ਦਿੱਲੀ ਭੇਜਿਆ ਗਿਆ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਕੈਦ ਕਰਕੇ ਲਾਹੌਰ ਜਾਣ ਦੇ ਜ਼ਿਕਰ ਬਾਰੇ ਨਹੀਂ ਲਿਖ ਰਿਹਾ। ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਅਨੁਸਾਰ ਦਿੱਲੀ ਨੂੰ ਜਾਂਦੇ ਹੋਏ ਰਸਤੇ ਵਿੱਚ ਸਰਹਿੰਦ ਦੇ ਬਜ਼ਾਰ ਵਿੱਚ ਦੀ ਘੁੰਮਾਇਆ ਗਿਆ। ਜੋ ਮੁਸਲਮਾਨ ਸਰਹਿੰਦ ਵਿੱਚ ਸਿੰਘਾਂ ਨੇ ਉਜਾੜੇ ਸਨ, ਉਹ ਸਿੰਘਾਂ ਨੂੰ ਸੌ-ਸੌ ਗਾਲਾਂ ਦੇ ਰਹੇ ਸਨ। ਪਰ ਸਿੰਘਾਂ ਨੂੰ ਕੋਈ ਪਰਵਾਹ ਨਹੀਂ ਸੀ।[220] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਸਿੰਘ ਦਿੱਲੀ ਪਹੁੰਚੇ ਤਾਂ ਉਨ੍ਹਾਂ ਦੇ ਮੂੰਹ ਕਾਲੇ ਕਰਕੇ, ਸਿਰ ਉੱਤੇ ਕਾਗਜ਼ਾਂ ਦੀਆਂ ਟੋਪੀਆਂ ਪਾ ਕੇ ਊਠਾਂ ਉੱਪਰ ਲਟਕਾ ਕੇ ਸਾਰੇ ਦਿੱਲੀ ਸ਼ਹਿਰ ਵਿੱਚ ਘੁੰਮਾਇਆ ਗਿਆ। ਫ਼ੇਰ ਹਰ ਰੋਜ਼ ਚਾਂਦਨੀ ਚੌਂਕ ਵਿੱਚ 25 ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਸਿੰਘ ਇੱਕ-ਦੂਜੇ ਤੋਂ ਅੱਗੇ ਹੋ ਕੇ ਸ਼ਹੀਦੀ ਲਈ ਆਉਂਦੇ ਸਨ ਤੇ ਗੁਰੂ ਦਾ ਸ਼ਬਦ ਉਚਾਰ ਕੇ ਹੱਸ-ਹੱਸ ਕੇ ਜਾਨਾਂ ਵਾਰ ਰਹੇ ਸਨ।[221] ਗੰਡਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਫ਼ੜ ਕੇ ਦਿੱਲੀ ਲੈ ਜਾਣ, ਦਿੱਲੀ ਦੇ ਬਜ਼ਾਰਾਂ 'ਚ ਸਿੰਘਾਂ ਦਾ ਜਲੂਸ ਕੱਢਣ, ਤੇ ਪਰ ਗਿਆਨੀ ਗਿਆਨ ਸਿੰਘ ਵੱਲੋਂ ਹਰ ਰੋਜ਼ 25 ਸਿੰਘਾਂ ਨੂੰ ਸ਼ਹੀਦ ਕਰਨ ਦੀ ਥਾਂ 100 ਸਿੰਘਾਂ ਨੂੰ ਸ਼ਹੀਦ ਕਰਨ ਦੀ ਗੱਲ ਕਰਦਾ ਹੈ।[222]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਮੁਗਲ ਸਿਪਾਹੀ ਨਰੇਲੇ ਲੈ ਕੇ ਪਹੁੰਚ ਜਾਂਦੇ ਹਨ, ਜੋ ਕਿ ਜਮਨਾ ਨਦੀ ਦੇ ਉਰਲੇ ਪਾਰ ਹੈ ਤਾਂ ਫ਼ਰੁੱਖ਼ਸ਼ੀਅਰ ਡਰਦਾ ਪਰਲੇ ਪਾਰੋਂ ਏਧਰ ਨਹੀਂ ਆਉਂਦਾ। ਉਹ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਨ੍ਹਾ ਕਰਵਾਉਂਦਾ ਹੈ। ਫ਼ਰੁੱਖ਼ਸ਼ੀਅਰ ਖ਼ਾਂ ਕਾਜ਼ੀ ਨੂੰ, ਜੋ ਕਿ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ, ਜਿਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਬਲਦ ਦੇ ਪਿੱਛੇ ਘੜੀਸ ਕੇ ਮਾਰਿਆ ਸੀ, ਦਾ ਭਰਾ ਹੈ, ਬਾਬਾ ਬੰਦਾ ਸਿੰਘ ਬਹਾਦਰ ਨੂੰ ਸਜ਼ਾ ਦੇਣ ਲਈ ਵਰਗਲਾਉਂਦਾ ਹੈ। ਕਾਜ਼ੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਘੋੜੇ ਮਗਰ ਬੰਨ੍ਹ ਕੇ ਸ਼ਹਿਰ ਦੇ ਆਲੇ-ਦੁਆਲੇ ਘੜੀਸ ਕੇ ਮਾਰਨ ਦਾ ਫ਼ਤਵਾ ਜਾਰੀ ਕਰ ਦਿੰਦਾ ਹੈ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਇੰਝ ਹੀ ਸ਼ਹੀਦ ਕੀਤਾ ਗਿਆ। ਰਤਨ ਸਿੰਘ ਭੰਗੂ ਇਹ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਮਰਿਆ ਨਹੀਂ, ਸਗੋਂ ਦਾਹ ਸਸਕਾਰ ਦੇ ਸਥਾਨ ਤੋਂ ਉੱਡ ਗਿਆ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘਬ ਬਹਾਦਰ ਦੇ ਸ਼ਹੀਦ ਹੋਣ ਦਾ ਸਮਾਂ ਸੰਮਤ 1778 ਬਿਕ੍ਰਮੀ ਦੱਸਦਾ ਹੈ।[223]

ਰਤਨ ਸਿੰਘ ਭੰਗੂ ਅੱਗੇ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਦਾਹ ਸਸਕਾਰ 'ਚੋਂ ਉੱਡਣ ਦੀ

---

220 ਰਤਨ ਸਿੰਘ ਭੰਗੂ, *ਉਹੀ;* ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 513.

221 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 516.

222 ਗੰਡਾ ਸਿੰਘ, *ਉ. ਰ.,* ਪੰਨੇ 130-131, 133.

223 ਰਤਨ ਸਿੰਘ ਭੰਗੂ, *ਉ. ਰ.,* ਪੰਨੇ 152-153.

ਘਟਨਾ ਸੱਚ ਹੈ ਕਿਉਂਕਿ ਮੇਰੀ ਗੱਲ-ਬਾਤ ਅੰਮ੍ਰਿਤਸਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਪੋਤਰੇ ਭਾਗ ਸਿੰਘ ਅਤੇ ਫ਼ਤਿਹ ਸਿੰਘ ਨਾਲ ਹੋਈ ਹੈ। ਉਨ੍ਹਾਂ ਨੇ ਵੀ ਇਹੀ ਗੱਲ ਦੱਸੀ ਹੈ, ਜੋ ਮੈਂ ਸੁਣੀ ਸੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਦਸ਼ਾਹ ਫ਼ਰੁੱਖ਼ਸ਼ੀਅਰ ਬਾਬਾ ਬੰਦਾ ਸਿੰਘ ਬਹਾਦਰ ਦੇ ਟੋਟੇ-ਟੋਟੇ ਕਰਵਾ ਕੇ ਵੱਖ-ਵੱਖ ਸੰਦੂਕਾਂ ਵਿੱਚ ਬੰਦ ਕਰਵਾ ਦਿੰਦਾ ਹੈ ਅਤੇ ਸੰਦੂਕਾਂ ਉੱਪਰ ਦਰੋਗਿਆਂ ਨੂੰ ਨਿਗਰਾਨ ਖੜ੍ਹੇ ਕਰ ਦਿੰਦਾ ਹੈ। ਰਾਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਦਰੋਗਿਆਂ ਨੂੰ ਇਹ ਗੱਲ ਕਹੀ ਕਿ ਇਹ ਸੰਦੂਕ ਹੁਣੇ ਫ਼ਟ ਜਾਣਗੇ। ਤੁਸੀਂ ਮੇਰੇ ਸਰੀਰ ਨੂੰ ਜੋੜ ਦੇਣਾ ਜੇ ਤੁਸੀਂ ਇੰਝ ਨਾ ਕੀਤਾ ਤਾਂ ਅੰਨ੍ਹੇ ਹੋ ਜਾਵੋਗੇ। ਜਦੋਂ ਦਰੋਗੇ ਨਾ ਮੰਨੇ ਤਾਂ ਸੱਚ-ਮੁੱਚ ਅੰਨ੍ਹੇ ਹੋ ਗਏ। ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਨੇ ਜਿਵੇਂ ਕਿਹਾ ਉਨ੍ਹਾਂ ਨੇ ਓਦਾਂ ਹੀ ਕੀਤਾ। ਹਨੇਰੇ ਵਿੱਚ ਪਤਾ ਨਾ ਲੱਗਣ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ-ਪੈਰ ਉਲਟ ਲੱਗ ਗਏ। ਉਸ ਦੇ ਹੱਥ-ਪੈਰ ਉਲਟ ਹੋਣ ਕਰਕੇ ਉਹ ਲੋਕਾਂ ਨੂੰ ਪਖੰਡੀ ਦੀ ਤਰ੍ਹਾਂ ਦਿਸਣਾ ਸੀ। ਇਸ ਕਰਕੇ ਬੰਦਾ ਸਿੰਘ ਉੱਡ ਕੇ ਜੰਮੂ ਪਹੁੰਚ ਗਿਆ ਤੇ ਉੱਥੇ ਉਸ ਨੇ ਆਪਣਾ ਡੇਰਾ ਚਲਾ ਲਿਆ। ਜਿੱਥੇ ਹਰ ਕਿਸੇ ਦੀ ਮੰਨਤ ਪੂਰੀ ਹੁੰਦੀ ਸੀ। ਕਦੇ ਉਹ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਸੀ ਤੇ ਕਦੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਖਵਾਉਂਦਾ ਸੀ ਅਤੇ ਭੂਤ-ਭਵਿੱਖ ਦੀ ਹਰੇਕ ਗੱਲ ਦੱਸ ਦਿੰਦਾ ਸੀ।[224]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਉਸ ਦੇ ਹੱਡ ਤੋੜੇ ਗਏ। ਪਰ ਉਸ ਗੁਰੂ ਦੇ ਸਿੰਘ ਨੇ ਸੀ ਨਾ ਕੀਤੀ। ਉਸ ਨੂੰ ਅੰਨ੍ਹਾ ਕਰ ਦਿੱਤਾ ਗਿਆ, ਪਰ ਉਸ ਦੇ ਚਿਹਰੇ ਦਾ ਜਲਾਲ ਮੱਠਾ ਨਾ ਪਿਆ। ਜਿਹੜੇ ਲੋਕਾਂ ਨੇ ਦੇਖਿਆ ਉਹ ਹੈਰਾਨ ਰਹਿ ਗਏ ਤਾਂ ਬਾਦਸ਼ਾਹ ਨੇ ਵਜ਼ੀਰ ਨਜ਼ੀਬਉਲਦੌਲਾ (ਨਜੀਬ-ਉਲ-ਮੁਲਕ ਭਾਵ ਉਸ ਸਮੇਂ ਪ੍ਰਧਾਨ ਮੰਤਰੀ) ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਪਰਖ ਕਰਨ ਲਈ ਭੇਜਿਆ। ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੁੱਛਦਾ ਹੈ ਕਿ ਤੈਨੂੰ ਦਰਦ ਕਿਉਂ ਨਹੀਂ ਹੋ ਰਿਹਾ। ਤੂੰ ਮੁਸਲਮਾਨਾਂ 'ਤੇ ਜ਼ੁਲਮ ਕਿਉਂ ਕੀਤੇ, ਜਦੋਂ ਤੇਰੇ ਕੋਲ ਸ਼ਕਤੀਆਂ ਸਨ ਤਾਂ ਤੂੰ ਆਪਣੇ ਆਪ ਨੂੰ ਕੈਦ ਕਿਉਂ ਕਰਵਾਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਉੱਤਰ ਦਿੱਤਾ ਕਿ ਇਹ ਦੇਹ ਮੇਰੀ ਨਹੀਂ, ਉਸ ਪਰਮ ਪਿਤਾ ਪਰਮੇਸ਼ਰ ਦੀ ਮਰਜ਼ੀ ਹੈ। ਜੋ ਮੇਰੇ ਮੁੱਖ 'ਤੇ ਮੁਸਕਾਨ ਜਾਂ ਜਲਾਲ ਹੈ, ਇਹ ਉਸ ਅਕਾਲਪੁਰਖ ਦਾ ਇਲਾਹੀ ਨੂਰ ਹੈ। ਦੂਜਾ ਮੈਂ ਨਾ ਹੀ ਜ਼ੁਲਮ ਕੀਤੇ ਨੇ ਤੇ ਨਾ ਹੀ ਜ਼ੁਲਮ ਕਰਵਾਏ ਹਨ। ਦੁਨੀਆਂ ਉੱਪਰ ਕਿੰਨੇ ਹੀ ਜ਼ਾਲਮ ਹਨ ਤਾਂ ਜ਼ੁਲਮ ਤਾਂ ਹੋਣਗੇ ਹੀ। ਇਹ ਤਾਂ ਰੱਬ ਵੱਲੋਂ ਦਿੱਤਾ ਗਿਆ ਕਰਮਾਂ ਦਾ ਫ਼ਲ ਹੈ। ਉਹ ਜਦੋਂ ਵੀ ਚਾਹੇ ਕਿਸੇ ਨੂੰ ਵੀ ਭੁਗਤਾ ਸਕਦਾ ਹੈ। ਤੀਜੀ ਗੱਲ ਇਹ ਹੈ ਕਿ ਜੋ ਮੈਂ ਜਾਦੂਈ ਸ਼ਕਤੀਆਂ ਦਾ ਮਾਲਕ ਹੁੰਦੇ ਹੋਇਆਂ ਵੀ ਕੈਦ ਹੋ ਗਿਆ, ਇਹ ਤਾਂ ਸੰਭਵ ਹੋਇਆ ਕਿਉਂਕਿ ਮੈਂ ਗੁਰੂ ਸਾਹਿਬ ਦੇ ਹੁਕਮ ਭੁਲਾ ਦਿੱਤੇ ਸਨ, ਜੋ ਮੇਰੀ ਬਹੁਤ ਵੱਡੀ ਭੁੱਲ

---

[224] ਰਤਨ ਸਿੰਘ ਭੰਗੂ, *ਉਹੀ,* ਪੰਨੇ 154-155.

ਸੀ। ਬਾਦਸ਼ਾਹ ਦਾ ਵਜ਼ੀਰ ਬਾਬਾ ਬੰਦਾ ਸਿੰਘ ਬਹਾਦਰ ਦੇ ਉੱਤਰ ਸੁਣਕੇ ਹੈਰਾਨ ਹੋ ਗਿਆ। ਵਜ਼ੀਰ ਉਸ ਨੂੰ ਪੁੱਛਦਾ ਹੈ ਕਿ ਤੂੰ ਕਿਹੋ ਜਿਹੀ ਮੌਤ ਮਰਨਾ ਚਾਹੁੰਦਾ ਹੈ ਤਾਂ ਬਾਬਾ ਬੰਦਾ ਸਿੰਘ ਬਹਾਦਰ ਨਿਧੜਕ ਹੋ ਕੇ ਬੇਬਾਕੀ ਨਾਲ ਉੱਤਰ ਦਿੰਦਾ ਹੈ ਕਿ ਜਿਹੋ-ਜਿਹੀ ਮੌਤ ਬਾਦਸ਼ਾਹ ਮਰਨਾ ਚਾਹੁੰਦਾ ਹੈ। ਇਹ ਸੁਣਕੇ ਬਾਦਸ਼ਾਹ ਉਸ ਨੂੰ ਹਾਥੀ ਦੇ ਪੈਰ ਨਾਲ ਬੰਨ੍ਹਕੇ ਸ਼ਹਿਰ ਵਿੱਚ ਘੜੀਸ-ਘੜੀਸ ਕੇ ਮਾਰਨ ਦਾ ਹੁਕਮ ਦਿੰਦਾ ਹੈ। ਜਦੋਂ ਬੰਦੇ ਨੂੰ ਹਾਥੀ ਦੇ ਪੈਰ ਨਾਲ ਬੰਨ੍ਹਿਆ ਜਾਂਦਾ ਹੈ ਤਾਂ ਉਹ ਆਪਣੇ ਪ੍ਰਾਣ ਖਿੱਚ ਲੈਂਦਾ ਹੈ। ਗਿਆਨੀ ਗਿਆਨ ਸਿੰਘ ਇਸ ਨੂੰ ਸੰਮਤ 1778 ਬਿਕ੍ਰਮੀ ਦੀ ਘਟਨਾ ਲਿਖਦਾ ਹੈ ਅਤੇ ਬਾਜ਼ ਸਿੰਘ ਅਤੇ ਹੋਰ ਸਿੱਖ ਯੋਧਿਆਂ ਦੀ ਸ਼ਹੀਦੀ ਦਾ ਜ਼ਿਕਰ ਵੀ ਕਰਦਾ ਹੈ। ਇਸ ਤੋਂ ਅੱਗੇ ਉਹ ਖਾਫ਼ੀ ਖਾਂ ਦੇ ਹਵਾਲੇ ਨੂੰ ਛੱਡ ਕੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਅਗਲੇਰੀ ਜਾਣਕਾਰੀ ਲਈ ਰਤਨ ਸਿੰਘ ਭੰਗੂ ਵੱਲੋਂ ਦਿੱਤੇ 'ਬੰਦੇ ਦੇ ਲੋਪ ਹੋਣ ਬਾਰੇ' ਪ੍ਰਸੰਗ ਦਾ ਹਵਾਲਾ ਦਿੰਦਾ ਹੈ।[225]

ਇਸ ਤੋਂ ਬਿਨਾਂ ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਦੀ 'ਸਾਖੀ ਬੰਦੇ ਦੇ ਲੋਪ ਹੋਣ ਬਾਰੇ' ਪ੍ਰਸੰਗ ਨੂੰ ਵਿਸਥਾਰ ਦਿੰਦੇ ਹੋਇਆ ਲਿਖਦਾ ਹੈ ਕਿ ਮੁਗਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਰਦਾ ਜਾਨ ਕੇ ਜਮਨਾ ਦੇ ਤੱਟ ਤੇ ਸੁੱਟ ਗਏ। ਬੰਦਈ ਸਿੰਘ ਮੁਗਲਾਂ ਦੇ ਭੇਸ ਵਿੱਚ ਜਾ ਕੇ ਬੰਦੇ ਦੀ ਮ੍ਰਿਤਕ ਦੇਹ ਚੁੱਕ ਲਿਆਏ ਅਤੇ ਉਸ ਦੀ ਪਤਨੀ ਕੋਲ ਪਹੁੰਚਾ ਦਿੱਤਾ। ਸਾਧੂ ਜਾਨਕੀ ਦਾਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਾਣ ਉਤਾਰ ਕੇ ਉਸ ਨੂੰ ਜਿਊਂਦਾ ਕਰ ਦਿੱਤਾ, ਫ਼ੇਰ ਬਾਬਾ ਬੰਦਾ ਸਿੰਘ ਬਹਾਦਰ ਉੱਥੋਂ ਜੰਮੂ ਦੇ ਨੇੜੇ ਰਿਆਸੀ ਪਰਬਤ ਦਾ ਨਿਵਾਸੀ ਬਣ ਗਿਆ ਤੇ ਉਸ ਨੇ ਉੱਥੇ ਹੀ ਭਜਨ ਕਰਦਿਆਂ ਸਾਰੀ ਉਮਰ ਬਿਤਾਈ।[226]

ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਸਿੰਘਾਂ ਦੁਆਰਾ ਰਾਜ-ਭਾਗ ਪ੍ਰਾਪਤ ਕੀਤੇ ਜਾਣ ਮਗਰੋਂ ਸੱਚ ਦੇ ਮਾਰਗ 'ਤੇ ਨਾ ਚੱਲਣ ਕਰਕੇ, ਅਜਿਹਾ ਭਿਆਨਕ ਸਮਾਂ ਆਇਆ। ਜੇ ਸਿੰਘ ਗੁਰੂ ਜੀ ਦੇ ਬਚਨਾਂ ਅਨੁਸਾਰ ਰਾਜ ਕਰਦੇ ਤਾਂ ਇਸ ਸੰਕਟ ਤੋਂ ਬਚ ਜਾਂਦੇ।[227] ਕੇਸਰ ਸਿੰਘ ਛਿੱਬਰ ਅੱਗੇ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਰਾਜ ਧਨ ਖਾਧਾ ਸੀ ਅਤੇ ਪਸ਼ਚਾਤਾਪ ਵਜੋਂ ਉਹ ਆਪਣੇ-ਆਪ ਨੂੰ ਕੁਰਬਾਨ ਕਰਕੇ ਇਸ ਪਾਪ ਤੋਂ ਮੁਕਤੀ ਪਾਉਣਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ, ਨਹੀਂ ਤਾ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਸ ਨੂੰ ਫ਼ੜ ਸਕੇ।[228] ਸਰੂਪ ਦਾਸ ਭੱਲਾ ਲਿਖਦਾ ਹੈ ਕਿ ਕਈ ਦਿਨਾਂ ਬਾਅਦ ਬਾਦਸ਼ਾਹ ਨੇ ਉਸ ਨੂੰ ਅਤੇ ਉਸ ਦੇ ਬੇਟੇ ਨੂੰ ਮਾਰਨ ਦਾ ਹੁਕਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਕਿ ਕਿਸੇ ਦੀ ਕੀ ਹਿੰਮਤ

---

225 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 520-522.

226 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 522-23.

227 ਕੇਸਰ ਸਿੰਘ ਛਿੱਬਰ, *ਉ. ਰ.,* ਪੰਨੇ 175-76

228 ਕੇਸਰ ਸਿੰਘ ਛਿੱਬਰ, *ਉਹੀ,* ਪੰਨਾ 200.

ਸੀ, ਜੋ ਮੈਨੂੰ ਮਾਰਦਾ। ਇਹ ਸਭ ਮੇਰੇ ਤੋਂ ਸਤਿਗੁਰਾਂ ਦੀ ਆਗਿਆ ਭੰਗ ਹੋਣ ਕਾਰਨ ਹੋਇਆ ਹੈ। ਉਸ ਨੇ ਮਰਨ ਤੋਂ ਪਹਿਲਾਂ ਕਿਹਾ ਕਿ ਬਾਦਸ਼ਾਹ ਵੀ ਅੱਠਵੇਂ ਦਿਨ ਮਰ ਜਾਵੇਗਾ ਅਤੇ ਬਾਦਸ਼ਾਹ ਨੇ ਬਾਕੀ ਫ਼ੜੇ ਹੋਏ ਸਿੱਖਾਂ ਨੂੰ ਮਾਰਨ ਦਾ ਹੁਕਮ ਦੇ ਦਿੱਤਾ।[229] ਧਿਆਨ ਰਹੇ ਵਿਲੀਅਮ ਇਰਵਿਨ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 09 ਜੂਨ 1716 ਈ. ਨੂੰ ਹੋਈ ਸੀ ਅਤੇ ਫ਼ਰੁੱਖ਼ਸ਼ੀਅਰ ਦੀ ਮੌਤ ਤਕਰੀਬਨ ਦੋ ਸਾਲ ਬਾਅਦ 1718 ਈ. ਵਿੱਚ ਹੋਈ। ਇਸ ਤੋਂ ਜਾਪਦਾ ਹੈ ਕਿ ਸਰੂਪ ਦਾਸ ਭੱਲਾ ਨੇ ਐਵੇਂ ਹੀ ਅਟੇ-ਸਟੇ ਲਾ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਬਿਰਤਾਂਤ ਲਿਖਿਆ ਹੈ। ਬਲਕਿ ਉਹ ਕਾਨ੍ਹ ਸਿੰਘ ਦੇ ਕੈਦ ਵਿੱਚੋਂ ਫ਼ਰਾਰ ਹੋਣ ਦੀ ਗੱਲ ਨੂੰ ਜ਼ਿਆਦਾ ਸੰਜੀਦਗੀ ਤੇ ਦਿਲਚਸਪੀ ਨਾਲ ਲਿਖਦਾ ਹੈ।[230] ਸੰਤੋਖ ਸਿੰਘ ਵੀ ਸਰੂਪ ਦਾਸ ਭਲਾ ਦੀ ਤਰ੍ਹਾਂ ਹੀ ਲਿਖਦਾ ਹੈ ਕਿ ਕੈਦ ਹੋਏ ਬਾਬਾ ਬੰਦਾ ਸਿੰਘ ਬਹਾਦਰ ਨੇ ਬਾਦਸ਼ਾਹ ਨੂੰ ਕਿਹਾ ਕਿ ਤੂੰ ਵੀ ਮੇਰੇ ਮਰਨ ਤੋਂ ਅੱਠ ਦਿਨ ਪਿੱਛੋਂ ਮਰ ਜਾਵੇਂਗਾ ਅਤੇ ਉਸ ਨੂੰ ਪਿੰਜਰੇ ਵਿੱਚੋਂ ਕੱਢਕੇ ਮਾਰ ਦਿੱਤਾ ਗਿਆ।[231] ਜਦੋਂ ਕਿ ਗੰਡਾ ਸਿੰਘ ਦੇ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਉਸ ਦੇ ਪੁੱਤਰ ਅਜੈ ਸਿੰਘ ਨੂੰ ਟੋਟੇ ਕਰਕੇ ਸ਼ਹੀਦ ਕੀਤਾ ਗਿਆ ਅਤੇ ਫ਼ੇਰ ਉਸ ਦਾ ਕਾਲਜਾ ਕੱਢਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਅੰਤ ਗੁਰੂ ਦੇ ਇਸ ਸਿਦਕੀ ਸਿੱਖ ਨੇ ਸਾਥੀ ਸਿੰਘਾਂ ਬਾਜ਼ ਸਿੰਘ, ਆਲੀ ਸਿੰਘ ਸਮੇਤ ਮੁਗਲੀਆ ਹਕੂਮਤ ਵੱਲੋਂ ਵਰਤੇ ਬੜੇ ਹੀ ਜ਼ਾਲਮਾਨਾ ਢੰਗ ਤਰੀਕੇ ਨੂੰ ਹੱਸ ਕੇ ਜਰਦੇ ਹੋਏ ਲਾਸਾਨੀ ਸ਼ਹੀਦੀ ਪ੍ਰਾਪਤ ਕੀਤੀ।[232]

## ਪੜਚੋਲ

ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ 1841 ਈ. ਵਿੱਚ ਸੰਪੂਰਨ ਹੋਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਸੀ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਉਸ ਸਮੇਂ ਤੱਕ ਫ਼ਾਰਸੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਵਿੱਚ ਬਹੁਤ ਸਾਰੇ ਸ੍ਰੋਤ ਹੋਂਦ ਵਿਚ ਆ ਚੁੱਕੇ ਸਨ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਮੁੱਖ ਸ੍ਰੋਤ; ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ, ਅਹਿਮਦ ਸ਼ਾਹ ਬਟਾਲਵੀ ਰਚਿਤ ਤਾਰੀਖ਼-ਏ-ਪੰਜਾਬ, ਤਜ਼ਕਰਾ-ਏ-ਇਰਾਦਤ ਖਾਨ, ਐਡਵਰਡ ਸਟੀਫ਼ਨ ਤੇ ਜੌਨ ਸਰਮਨ ਦਾ ਪੱਤਰ, ਜੇਮਜ਼ ਬਰਾਊਨ ਦੇ ਲਿਖੇ ਲੇਖ, ਲੈਪਲ ਗ੍ਰਿਫ਼ਨ ਦੀ ਸਿੱਖਾਂ ਸੰਬੰਧੀ ਲਿਖਤ

---

[229] ਸਰੂਪ ਦਾਸ ਭੱਲਾ, *ਉ. ਹ.,* ਪੰਨਾ 866.

[230] ਸਰੂਪ ਦਾਸ ਭੱਲਾ, *ਉਹੀ,* ਪੰਨੇ 866-867.

[231] ਭਾਈ ਸੰਤੋਖ ਸਿੰਘ, *ਉ. ਹ.,* ਪੰਨੇ 6349-6354.

[232] ਗੰਡਾ ਸਿੰਘ, *ਉ. ਹ.,* ਪੰਨੇ 136-137.

ਆਦਿ ਸ੍ਰੋਤ ਉਪਲੱਬਧ ਸਨ। ਇੱਥੋ ਤੱਕ ਕਿ ਸਭ ਤੋਂ ਪ੍ਰਮਾਣਿਤ ਮੰਨੀ ਜਾਂਦੀ ਪੁਸਤਕ 'ਅਸਰਾਰ-ਏ-ਸੰਮਦੀ' ਵੀ ਨਸ਼ਰ ਹੋ ਚੁੱਕੀ ਸੀ, ਪਰ ਰਤਨ ਸਿੰਘ ਭੰਗੂ ਨੇ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਆਪਣੀ ਲਿਖਤ ਵਿਚ ਜ਼ਿਆਦਾਤਰ ਵਰਣਨ ਮੌਖਿਕ ਸ੍ਰੋਤਾਂ ਤੋਂ ਪ੍ਰਾਪਤ ਕਰਕੇ ਹੀ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਉਸ ਦੀ ਲਿਖਤ ਵਿੱਚ ਦਿੱਤੀ ਜਾਣਕਾਰੀ ਨਿਰੀ ਸਣੌਤਾਂ 'ਤੇ ਹੀ ਆਧਾਰਿਤ ਹੈ, ਜਿਸ ਦੀ ਪੁਸ਼ਟੀ ਡਾ. ਗੰਡਾ ਸਿੰਘ ਵੀ ਕਰਦਾ ਹੈ।[233]

ਇਸ ਦੇ ਉਲਟ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਲਿਖਣ ਲਈ ਸਿੱਖ ਇਤਿਹਾਸ ਸੰਬੰਧੀ ਜਾਣਕਾਰੀ ਦਿੰਦੇ ਕਈ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ। ਗਿਆਨੀ ਗਿਆਨ ਸਿੰਘ ਨੇ ਮੁਸਲਿਮ ਲੇਖਕ ਖ਼ਾਫ਼ੀ ਖਾਂ ਦੀ ਲਿਖਤ ਮੁੰਤਖਾਬ-ਉਲ-ਲੁਬਾਬ ਨੂੰ ਆਪਣੀ ਲਿਖਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਲਿਖਦੇ ਹੋਏ ਆਧਾਰ ਦੇ ਤੌਰ 'ਤੇ ਵਰਤਿਆ ਹੈ। ਇਸ ਤੋ ਇਲਾਵਾ ਉਸ ਨੇ ਗੁਲਾਮ ਹੁਸੈਨ ਖਾਂ ਦੀ ਸਿਆਰ-ਉਲ-ਮੁਤਖਰੀਨ ਅਤੇ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਵੀ ਸਹਾਰਾ ਲਿਆ ਹੈ। ਨਾਲ ਹੀ ਗਿਆਨੀ ਗਿਆਨ ਸਿੰਘ ਨੇ ਆਪਣੇ ਸਮੇਂ ਦੇ ਬਹੁਤ ਹੀ ਬਿਰਧ ਇਸਤਰੀਆਂ ਅਤੇ ਪੁਰਖਾਂ ਪਾਸੋਂ ਬੀਤੇ ਵੇਲੇ ਦੀਆਂ ਗੱਲਾਂ ਸੁਣਕੇ ਆਪਣੀ ਲਿਖਤ ਵਿੱਚ ਦਰਜ ਕਰ ਦਿੱਤੀਆਂ।[234]

ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਇਸ ਅਧਿਆਇ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਧਾਂ ਵਾਲੇ ਜੀਵਨ ਤੋਂ ਲੈ ਕੇ ਗੁਰੂ ਜੀ ਦਾ ਸਿੰਘ ਸਜ ਜਾਣ ਤੱਕ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਆਪਣੇ ਪੰਥ ਪ੍ਰਕਾਸ਼ਾਂ ਵਿੱਚ ਦਿੱਤੀ ਜਾਣਕਾਰੀ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਬਾਕੀ ਦੀ ਤਕਰੀਬਨ ਮਿਲਦੀ-ਜੁਲਦੀ ਹੈ। ਗਿਆਨੀ ਗਿਆਨ ਸਿੰਘ ਨੇ ਇਹ ਜਾਣਕਾਰੀ ਦੇਣ ਲਈ ਸਹਾਰਾ ਰਤਨ ਸਿੰਘ ਭੰਗੂ ਦੀ ਲਿਖਤ ਦਾ ਹੀ ਲਿਆ ਹੈ, ਬਸ ਫ਼ਰਕ ਏਨਾ ਕੁ ਹੈ ਕਿ ਉਸ ਵੱਲੋਂ ਦਿੱਤੀ ਜਾਣਕਾਰੀ ਜ਼ਿਆਦਾ ਵਿਸਥਾਰਪੂਰਵਕ ਹੈ।

ਰਤਨ ਸਿੰਘ ਭੰਗੂ, ਜੋ ਮੁੱਢਲਾ ਬਿਰਤਾਂਤ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਜੈਤਰਾਮ ਨਾਲ ਗੁਰੂ ਜੀ ਦੀ ਮਿਲਣੀ ਤੋਂ ਲੈ ਕੇ ਗੁਰੂ ਸਾਹਿਬ ਦਾ ਬੰਦਾ ਬਣਨ ਤੱਕ ਦਾ ਦੇ ਰਿਹਾ ਹੈ ਤੇ ਉਸ ਨੇ ਦਾਦੂ ਪੰਥੀ ਮਹੰਤ ਜੈਤ ਰਾਮ ਦੇ ਮੂੰਹੋਂ ਜੋ ਜਾਣਕਾਰੀ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਅਖਵਾਈ, ਇਸ ਤਰ੍ਹਾਂ ਦਾ ਬਿਰਤਾਂਤ

---

233 ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2008, ਆਰੰਭਕ ਬਚਨ, ਪੰਨਾ IV-V.

234 ਮਲਕੀਤ ਸਿੰਘ ਮਾਨ, *ਬੰਦਾ ਸਿੰਘ ਬਹਾਦਰ ਦਾ ਵਰਣਨ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ,* (ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011), ਪੰਨਾ 429

ਉਸ ਤੋਂ ਪਹਿਲਾਂ ਦੀ ਕਿਸੇ ਵੀ ਲਿਖਤ ਵਿੱਚ ਉਪਲੱਬਧ ਨਹੀਂ ਹੈ।[235] ਗਿਆਨੀ ਗਿਆਨ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਵੈਰਾਗੀ ਜੀਵਨ ਸਮੇਂ ਦੀ ਨਾਂਦੇੜ ਦੇ ਆਸ਼ਰਮ ਵਿੱਚ ਵਾਪਰੀ ਉਪਰੋਕਤ ਘਟਨਾ ਸੰਬੰਧੀ ਰਤਨ ਸਿੰਘ ਭੰਗੂ ਵਾਂਗ ਹੂ-ਬ-ਹੂ ਹੀ ਲਿਖ ਰਿਹਾ ਹੈ, ਸਿਰਫ਼ ਪਲੰਘ ਦੇ ਪਾਵਿਆਂ ਉੱਪਰ ਤੀਰ ਰੱਖਣ ਦਾ ਵੇਰਵਾ ਨਹੀਂ ਦੇ ਰਿਹਾ।[236] ਰਤਨ ਸਿੰਘ ਭੰਗੂ ਤੋਂ ਪਹਿਲਾਂ ਦੀਆਂ ਕੇਸਰ ਸਿੰਘ ਛਿੱਬਰ ਅਤੇ ਸਰੂਪ ਦਾਸ ਭੱਲਾ ਦੀਆਂ ਲਿਖਤਾਂ, ਸੈਨਾਪਤਿ ਦੀ ਸ੍ਰੀ ਗੁਰਸੋਭਾ ਆਦਿ ਵਿੱਚ ਰਤਨ ਸਿੰਘ ਭੰਗੂ ਦੁਆਰਾ ਰਾਜਸਥਾਨ ਦੇ ਕਸਬੇ ਨਰਾਇਣਾ ਦੇ ਦਾਦੂਪੰਥੀ ਮਹੰਤ ਜੈਤਰਾਮ ਦੁਆਰਾ ਗੁਰੂ ਜੀ ਨੂੰ ਦੱਖਣ ਵੱਲ ਰਹਿੰਦੇ ਬੈਰਾਗੀ ਸਾਧੂ ਨਰਾਇਣ ਦਾਸ (ਬਾਬਾ ਬੰਦਾ ਸਿੰਘ ਬਹਾਦਰ) ਸੰਬੰਧੀ ਉੱਪਰ ਦਿੱਤੇ ਗਏ ਬਿਰਤਾਂਤ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ। ਇਸੇ ਬਿਰਤਾਂਤ ਨੂੰ ਗਿਆਨੀ ਗਿਆਨ ਸਿੰਘ ਨੇ ਕੁਝ ਵਿਸਥਾਰ ਦੇ ਕੇ ਨਾਲ ਆਪਣੀ ਲਿਖਤ ਵਿੱਚ ਅਪਣਾ ਲਿਆ। ਇਸ ਅਧਿਆਇ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਵੱਲ ਰਵਾਨਾ ਹੋਣ ਤੱਕ ਨਾਂਦੇੜ ਵਿੱਚ ਜੋ ਵੀ ਘਟਨਾਵਾਂ ਵਾਪਰੀਆਂ ਉਨ੍ਹਾਂ ਨੂੰ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਦੁਆਰਾ ਦਿੱਤੀ ਜਾਣਕਾਰੀ ਨੂੰ ਕੁਝ ਹੋਰ ਵਿਸਥਾਰ ਦੇ ਕੇ ਇੰਨ-ਬਿੰਨ ਹੀ ਅਪਣਾਇਆ ਹੈ। ਗਿਆਨੀ ਗਿਆਨ ਸਿੰਘ ਦੇ ਦੱਸਣ ਮੁਤਾਬਿਕ ਗੁਰੂ ਜੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਨਾ ਅਖਵਾਉਣ, ਵਿਆਹ ਨਾ ਕਰਵਾਉਣ, ਵੱਖਰਾ ਪੰਥ ਨਾ ਚਲਾਉਣ, ਗੁਰਗੱਦੀ 'ਤੇ ਪੈਰ ਨਾ ਪਾਉਣ, ਹੰਕਾਰ ਨਾ ਕਰਨ, ਸਿੰਘਾਂ ਨਾਲ ਨਾ ਵਿਗੜਨ ਆਦਿ ਦਿੱਤੀਆਂ ਗਈਆਂ ਚੇਤਾਵਨੀਆਂ ਤੋਂ ਪ੍ਰਤੀਤ ਹੁੰਦਾ ਹੈ ਕਿ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਤੋਂ ਛੁੱਟ ਆਪਣੇ ਸਮੇਂ ਤੋਂ ਪਹਿਲਾਂ ਦੇ ਹੋਰ ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਦੀ ਪੁਣ-ਛਾਣ ਵੀ ਕੀਤੀ ਲੱਗਦੀ ਹੈ।

ਇਸ ਅਧਿਆਇ ਤੋਂ ਰਤਨ ਸਿੰਘ ਭੰਗੂ ਦੀ ਲਿਖਤ ਉੱਪਰ ਖੇਤਰਵਾਦ ਦੇ ਭਾਰੂ ਹੋਣ ਭਾਵਨਾ ਵੀ ਉੱਭਰਕੇ ਸਾਹਮਣੇ ਆਉਂਦੀ ਹੈ। ਉਹ ਮਾਝੇ ਮਾਲਵੇ ਦੀ ਵੰਡ ਕਰਕੇ ਮਾਝੇ ਦੇ ਸਿੰਘਾਂ ਨੂੰ ਮਾਲਵੇ ਦੇ ਸਿੰਘਾਂ ਨਾਲੋਂ ਜ਼ਿਆਦਾ ਬਹਾਦਰ ਅਤੇ ਵਫ਼ਾਦਾਰ ਦੱਸਦਾ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੋਧ ਲਈ ਪੰਜ ਪਿਆਰਿਆਂ ਦੀ ਗੱਲ ਨਹੀਂ ਕਰਦਾ ਬਲਕਿ ਮਝੈਲ ਸਿੰਘਾਂ ਦੀ ਗੱਲ ਕਰਦਾ ਹੈ। ਰਤਨ ਸਿੰਘ ਭੰਗੂ ਅਨੁਸਾਰ ਗੁਰੂ ਜੀ ਨੂੰ ਮਝੈਲ ਸਿੰਘਾਂ 'ਤੇ ਪੂਰਨ ਭਰੋਸਾ ਹੈ। ਜਿੱਥੇ ਵੀ ਮਝੈਲ ਸਿੰਘ ਹੋਣਗੇ ਉੱਥੇ ਕਦੇ ਵੀ ਹਾਰ ਨਹੀਂ ਹੋਵੇਗੀ, ਕਿਉਂਕਿ ਉਹ ਵੱਡੇ ਸੂਰਮੇ ਅਤੇ ਹਠੀ ਹਨ। ਉਨ੍ਹਾਂ ਨੇ ਜੋ ਵੀ ਵਾਅਦੇ ਗੁਰੂ ਜੀ ਨਾਲ ਕੀਤੇ, ਉਨ੍ਹਾਂ

---

235 ਰਤਨ ਸਿੰਘ ਭੰਗੂ, *ਉ. ਰ.,* ਪੰਨੇ 75-76

236 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 337-339

ਵਾਅਦਿਆਂ ‘ਤੇ ਉਹ ਪੂਰੇ ਉਤਰੇ। ਗੁਰੂ ਜੀ ਦੀ ਸਾਰੀ ਸ਼ਕਤੀ, ਉਨ੍ਹਾਂ ਵਿੱਚ ਸਮਾਈ ਹੋਈ ਹੈ। ਮਝੈਲਾਂ ਨੂੰ ਹੀ ਗੁਰੂ ਜੀ ਨੇ ਗੁਰਿਆਈ ਬਖ਼ਸ਼ੀ ਹੈ। ਮਝੈਲਾਂ ਅਤੇ ਗੁਰੂ ਵਿੱਚ ਕੋਈ ਫ਼ਰਕ ਨਹੀਂ।[237] ਇਸ ਤਰ੍ਹਾਂ ਰਤਨ ਸਿੰਘ ਭੰਗੂ ਮਝੈਲਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੋਂ ਉੱਪਰ ਸਮਝਦਾ ਹੈ ਅਤੇ ਹਰ ਜਿੱਤ ਮਝੈਲਾਂ ਕਰਕੇ ਹੋਈ ਲਿਖਦਾ ਹੈ। ਰਤਨ ਸਿੰਘ ਭੰਗੂ ਦੇ ਉਲਟ ਗਿਆਨੀ ਗਿਆਨ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਵਿੱਢੇ ਗਏ ਸੰਘਰਸ਼ ਵਿੱਚ ਮਝੈਲਾਂ ਸਮੇਤ ਸਾਰੇ ਮਲਵਈਆਂ ਦੇ ਵੀ ਸ਼ਾਮਿਲ ਹੋਣ ਦੀ ਗੱਲ ਕਰਦਾ ਹੈ।[238] ਪਰ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਬੰਦਾ ਸਿੰਘ ਨਾਲ ਤਾਂ ਸਾਰਾ ਸਿੱਖ ਜਗਤ ਸੀ, ਵਣਜਾਰੇ ਵੀ ਸਨ, ਨੀਵੀਆਂ ਜਾਤਾਂ ਦੇ ਲੋਕ ਵੀ ਸਨ। ਸਾਰਾ ਮਾਲਵਾ ਭਾਈ ਫ਼ਤਿਹ ਸਿੰਘ ਦੀ ਅਗਵਾਈ ਹੇਠ ਉਸ ਦੇ ਨਾਲ ਸੀ, ਭਾਈ ਰੂਪੇ ਕੇ, ਰਾਮਗੜ੍ਹੀਏ ਕਰਮ ਸਿੰਘ, ਧਰਮ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਸਨ। ਵਿਲੀਅਮ ਇਰਵਿਨ ਤਾਂ ਇਹ ਵੀ ਲਿਖਦਾ ਹੈ ਕਿ ਉਸ ਸਮੇਂ ਨੀਵੀਂ ਤੋਂ ਨੀਵੀਂ ਜਾਤ ਦਾ ਤਬਕਾ ਵੀ ਘਰ-ਬਾਰ ਤਿਆਗਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲਿਆ ਸੀ।[239] ਇਸ ਤਰ੍ਹਾਂ ਅਧਿਐਨ ਕੀਤਿਆਂ ਤੋਂ ਰਤਨ ਸਿੰਘ ਭੰਗੂ ਦੀ ਤੁਲਨਾ ਵਿੱਚ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਪੁਖਤਾ ਪ੍ਰਤੀਤ ਹੁੰਦੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਦੇ ਗੁਣ ਜਿਵੇਂ ਕਿ ਹਰ ਰੋਜ਼ ਦੀਵਾਨ ਸਜਾਉਣੇ, ਵਾਹਿਗੁਰੂ ਦਾ ਨਾਂ ਜਪਣਾ, ਗ਼ਰੀਬਾਂ ਦੀਆਂ ਝੋਲੀਆਂ ਭਰਨੀਆਂ, ਸੰਗਤ ਨੂੰ ਲੰਗਰ ਵਰਤਾਉਣਾ, ਸੰਗਤ ਨੂੰ ਦੁੱਧ ਪੁੱਤ ਦੀ ਬਖਸ਼ਿਸ਼ ਕਰਨੀ, ਕਿਸੇ ਨੂੰ ਗੁਰੂ ਦੇ ਦਰ ਤੋਂ ਖਾਲੀ ਨਾ ਮੋੜਣਾ ਆਦਿ ਸੰਬੰਧੀ ਦੋਵੇਂ ਲੇਖਕ ਇਕੋ ਜਿਹਾ ਲਿਖਦੇ ਹਨ। ਪਰ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਇਨ੍ਹਾਂ ਗੁਣਾਂ ਨੂੰ ਵਿਸਥਾਰ ਦਿੰਦਾ ਹੋਇਆ ਕੁਝ ਕਰਾਮਾਤਾਂ ਵੀ ਜੋੜ ਦਿੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਰਤਨ ਸਿੰਘ ਭੰਗੂ ਨਾਲੋਂ ਕਾਫ਼ੀ ਵਿਸਥਾਰਮਈ ਅਤੇ ਸਿਲਸਿਲੇਵਾਰ ਹੈ। ਰਤਨ ਸਿੰਘ ਭੰਗੂ ਅਨੁਸਾਰ ਕੈਂਥਲ, ਸਮਾਣਾ, ਕੁੰਜਪੁਰਾ, ਸਢੌਰਾ, ਬਨੂੜ, ਚੱਪੜਝਿੜ੍ਹੀ, ਸਰਹਿੰਦ, ਘੁੜ੍ਹਾਨੀ, ਮਲੇਰਕੋਟਲਾ, ਪਹਾੜੀਆਂ ਨੂੰ ਹਰਾਉਣਾ, ਸੁਕੇਤ, ਨਦੌਣ, ਦੁਆਬੇ ਵਿੱਚ ਰਾਹੋਂ, ਜਲੰਧਰ, ਫਗਵਾੜਾ, ਬਿਆਸ ਤੋਂ ਪਾਰ, ਸਠਿਆਲਾ, ਬੁਤਾਲਾ, ਪਠਾਣਕੋਟ ਕਬਜ਼ਾ ਕਰਕੇ ਜਸਵਾਲ, ਪੜੋਲ, ਬਸੌਲੀ ਆਦਿ ਨੀਮ ਪਹਾੜੀ ਰਿਆਸਤਾਂ ਵਿੱਚੋਂ ਵੀ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਆਮਲਾ ਉਗਰਾਹਉਣਾ ਸ਼ੁਰੂ

---

[237] ਰਤਨ ਸਿੰਘ ਭੰਗੂ, *ਉ. ਰ.,* ਪੰਨਾ 77.

[238] ਗਿਆਨੀ ਗਿਆਨੀ ਸਿੰਘ, *ਉ. ਰ.,* ਪੰਨੇ 361-362.

[239] William Irwine, *Later Mughals, Vol. 1, 1707-1720, (Edited by Jadunath Sarkar)*, M.C. Sarkar and Sons, Harrison Road, Calcutta, 1922, p. 98.

ਕਰ ਦਿੱਤਾ ਸੀ। ਇੱਥੋਂ ਤੱਕ ਕਿ ਕਸ਼ਮੀਰ, ਬਹਾਵਲਪੁਰ, ਭੱਖਰ ਆਦਿ ਇਲਾਕਿਆਂ ਚੋਂ ਵੀ ਬਾਬਾ ਬੰਦਾ ਸਿੰਘ ਬਹਾਦਰ ਮੁਆਮਲਾ ਲੈਂਦਾ ਸੀ। ਜਦੋਂ ਕਿ ਗਿਆਨੀ ਗਿਆਨ ਸਿੰਘ ਇਨ੍ਹਾਂ ਜਿੱਤਾ ਤੋਂ ਇਲਾਵਾ ਟੋਹਾਣਾ, ਹੁਸ਼ਿਆਰਪੁਰ, ਸਹਾਰਨਪੁਰ, ਰੁਹੇਲਿਆਂ ਦੇ ਇਲਾਕੇ ਜਲਾਲਾਬਾਦ, ਨਜ਼ੀਬਾਬਾਦ, ਮੁਰਾਦਾਬਾਦ, ਦੁਬਾਰਾ ਫ਼ੇਰ ਜਲਾਲਾਬਾਦ, ਮੁਗਲਾਂ ਨੂੰ ਲੋਹਗੜ੍ਹ ਵਿੱਚ ਵਾਰ ਵਾਰ ਹਰਾਉਣਾ ਬੂੜੀਆ, ਫਗਵਾੜਾ, ਕਸੂਰ, ਹਾਜੀਪੁਰ ਨੂੰ ਜਿੱਤਣ, ਗੁਰਦਾਸਪੁਰ, ਤਰਾਵੜੀ, ਗੁਜਰਾਤ, ਪੋਠੋਹਾਰ ਆਦਿ ਇਲਾਕੇ ਮੁਗਲਾਂ ਤੋਂ ਵਾਰ ਵਾਰ ਜਿੱਤਣ ਜਾਂ ਨਜ਼ਰਾਨੇ ਵਸੂਲ ਕਰਨ ਦਾ ਜ਼ਿਕਰ ਕਰਦਾ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਥਾਪਿਤ ਸਿੱਖ ਰਾਜ ਦੀ ਹੱਦ ਦਰਿਆ ਜਮਨਾ ਤੋਂ ਲੈ ਕੇ ਸਿੰਧ ਤੱਕ ਦੱਸਦਾ ਹੈ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਹਰੇਕ ਲੜਾਈ ਦਾ ਜ਼ਿਕਰ ਰਤਨ ਸਿੰਘ ਭੰਗੂ ਨਾਲੋਂ ਕਿਤੇ ਜ਼ਿਆਦਾ ਵਿਸਥਾਰ ਨਾਲ ਕੀਤਾ ਹੈ। ਹਾਂ ਇਹ ਵੀ ਧਿਆਨਦੇਣਯੋਗ ਹੈ ਕਿ ਦੋਵਾਂ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਰਾਮਾਤੀ ਅਤੇ ਜਾਦੂਗਰ ਸਾਬਿਤ ਕਰਨ ਦੇ ਨਾਲ ਉਸ ਦੀ ਤੇ ਸਿੰਘਾਂ ਦੀ ਸੂਰਬੀਰਤਾ ਅਤੇ ਬਹਾਦਰੀ ਨੂੰ ਵੀ ਉਭਾਰਿਆ ਹੈ।

ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਬਣਾਏ ਸਿੰਘਾਂ ਨੂੰ ਸਿੰਘ ਹੀ ਨਹੀਂ ਸਮਝ ਰਿਹਾ। ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਤੇ ਉਸ ਦੇ ਦੁਆਰਾ ਬਣਾਏ ਸਿੱਖਾਂ ਨੂੰ ਸਾਧ ਅਤੇ ਉਸ ਦੇ ਚੇਲੇ, ਨਾਂ ਨਾਲ ਸੰਬੋਧਨ ਕਰਦਾ ਹੈ। ਰਤਨ ਸਿੰਘ ਭੰਗੂ ਅਨੁਸਾਰ ਮਝੈਲ ਸਿੱਖ ਹੀ ਅਸਲੀ ਸਿੱਖ ਹਨ। ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਚੱਪੜਝਿੜ੍ਹੀ ਦੀ ਲੜਾਈ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੰਨੇ ਚੇਲੇ ਬਣਾਏ ਉਹ ਸਾਰੇ ਵਿਚਕਾਰ ਹੀ ਛੱਡ ਕੇ ਚਲੇ ਗਏ। ਸਿਰਫ਼ ਖ਼ਾਲਸਾ ਮੈਦਾਨ ਵਿੱਚ ਰਹਿ ਗਿਆ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕਾਇਮ ਕੀਤੇ ਸਿੱਖ ਰਾਜ ਨੂੰ ਸਪੱਸ਼ਟ ਰੂਪ ਵਿੱਚ ਸਿਖ ਰਾਜ ਜਾਂ ਖ਼ਾਲਸਾ ਰਾਜ ਨਹੀਂ ਲਿਖਦਾ, ਸਗੋਂ 'ਬੰਦੇਗਰਦੀ' ਫ਼ੈਲਣਾ ਲਿਖਦਾ ਹੈ।[240] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਫ਼ਤਿਹ ਸਿੰਘ ਨੂੰ ਮਲੇਰਕੋਟਲੇ ਸਮੇਤ ਸਮਾਣੇ ਦਾ ਹਾਕਮ ਨਿਯੁਕਤ ਕੀਤਾ ਗਿਆ। ਹਿਸਾਰ, ਕੈਂਥਲ, ਜੀਂਦ, ਪਾਣੀਪਤ, ਮੂਣਕ, ਕਰਨਾਲ ਆਦਿ ਇਲਾਕੇ ਵੀ ਉਸ ਦੇ ਹਵਾਲੇ ਕੀਤੇ ਗਏ। ਰਤਨ ਸਿੰਘ ਭੰਗੂ ਪੱਖਪਾਤੀ ਰਵੱਈਆ ਅਪਣਾਉਂਦਾ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੁਰਕਾਂ ਦੇ ਮੁਲਕ 'ਚੋਂ ਜੋ ਵੀ ਉਗਰਾਹੀ ਕਰਦਾ, ਉਹ ਸਭ ਮਲਵਈਆਂ ਨੂੰ ਦੇ ਦਿੰਦਾ। ਪਾਣੀਪਤ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਝੰਡੇ ਗੱਡ ਦਿੱਤੇ ਸਨ। ਇਸ ਤੋਂ ਅੱਗੇ ਪੰਜਾਬ ਵੱਲ ਤੁਰਕਾਂ ਦੀ ਕੋਈ ਫ਼ੌਜ ਨਹੀਂ ਸੀ ਲੰਘ ਸਕਦੀ। ਤੁਰਕਾਂ ਨੂੰ ਇੱਕ ਪੈਸਾ ਵੀ ਪੰਜਾਬ 'ਚੋਂ ਉਗਰਾਹੀ ਨਹੀਂ ਸੀ ਹੁੰਦੀ। ਇਸ ਤਰ੍ਹਾਂ ਪੰਜਾਬ ਵਿੱਚ ਬੰਦੇਗਰਦੀ ਮੱਚ

---

[240] ਰਤਨ ਸਿੰਘ ਭੰਗੂ, *ਉ. ਰ.,* ਪੰਨਾ ੧੧

ਗਈ ਸੀ। ਸਰਹਿੰਦ ਦੀ ਹਕੂਮਤ ਬਾਜ਼ ਸਿੰਘ ਨੂੰ, ਦੁਆਬੇ ਦੀ ਉਸ ਦੇ ਭਾਈ ਨੂੰ, ਪਠਾਣਕੋਟ ਅਤੇ ਬਟਾਲੇ ਦੀ ਬਾਜ਼ ਸਿੰਘ ਦੇ ਤੀਜੇ ਭਾਈ ਨੂੰ ਤੇ ਚੌਥੇ ਭਾਈ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪਾਸ ਹੀ ਰੱਖਿਆ। ਜਦੋਂ ਕਿ ਗਿਆਨੀ ਗਿਆਨ ਸਿੰਘ ਮਲਵਈਆਂ ਦੇ ਨਾਲ ਨਾਲ ਅਨੇਕਾਂ ਮਝੈਲਾਂ ਨੂੰ ਵੀ ਜਥੇਦਾਰ ਬਣਾਉਣ ਦੀ ਗੱਲ ਕਰਦਾ ਹੈ। ਉਹ ਦੁਆਬੇ ਇਲਾਕੇ ਦੇ ਸਾਰੇ ਥਾਣੇ ਤੇ ਤਹਿਸੀਲਾਂ 'ਤੇ ਅਧਿਕਾਰ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮਝੈਲਾਂ 'ਚ ਵੰਡਣ ਦੀ ਗੱਲ ਕਰਦਾ ਹੈ।[241] ਗਿਆਨੀ ਗਿਆਨ ਸਿੰਘ ਰਤਨ ਸਿੰਘ ਭੰਗੂ ਦੇ ਉਲਟ ਸਾਰੇ ਪੰਜਾਬ ਵਿੱਚ ਸਿੰਘਾਂ ਦਾ ਰਾਜ ਹੋਣ, ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਤਾਪ ਨਾਲ ਖ਼ਾਲਸੇ ਦੀ ਜਿੱਤ ਹੋਣ ਅਤੇ ਸਿੰਘਾਂ ਵੱਲੋਂ ਆਪਣੀ ਤਾਕਤ ਨਾਲ ਪੰਜਾਬ ਦਾ ਰਾਜ ਭਾਗ ਸੰਭਾਲਣ ਦੀ ਗੱਲ ਕਰਦਾ ਹੈ।[242] ਰਤਨ ਸਿੰਘ ਭੰਗੂ ਦੀ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੂੰ ਬੰਦੇਗਰਦੀ ਲਿਖਣ ਦੇ ਉਲਟ ਸਮਕਾਲੀ ਫ਼ਾਰਸੀ ਸ੍ਰੋਤਾਂ ਵਿੱਚ ਇਹ ਜ਼ਿਕਰ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਅਤੇ ਸਮਾਣਾ ਜਿੱਤ ਕੇ ਖ਼ਾਲਸਾ ਰਾਜ ਕਾਇਮ ਕੀਤਾ ਅਤੇ ਗੁਰੂ ਸਾਹਿਬਾਨ ਦੇ ਨਾਂ ਉੱਪਰ ਸਿੱਕੇ ਜਾਂ ਮੋਹਰਾਂ ਵੀ ਚਲਾਈਆਂ।[243] ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਫ਼ਲਤਾਵਾਂ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਜ਼ਿਆਦਾ ਇਤਿਹਾਸਿਕ ਅਤੇ ਸਿੱਖ ਧਰਮ ਦੇ ਨਜ਼ਰੀਏ ਤੋਂ ਢੁਕਵੀਂ ਪ੍ਰਤੀਤ ਹੁੰਦੀ ਹੈ।

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਹਰ ਥਾਂ ਕਿਲ੍ਹੇ ਬਣਵਾ ਦਿੱਤੇ ਸਨ ਅਤੇ ਲਗਾਤਾਰ ਉਹ ਇਨ੍ਹਾਂ ਕਿਲ੍ਹਿਆਂ ਵਿੱਚ ਫਿਰਦਾ ਰਹਿੰਦਾ ਸੀ। ਉਹ ਕਦੋਂ ਸੌਂਦਾ, ਕਦੋਂ ਅੰਨ-ਪਾਣੀ ਖਾਂਦਾ ਲੋਕ ਇਸ ਬਾਰੇ ਸੋਚਦੇ ਰਹਿੰਦੇ ਸਨ। ਰਤਨ ਸਿੰਘ ਭੰਗੂ ਇਸ ਦਾ ਜੁਆਬ ਦਿੰਦਾ ਲਿਖਦਾ ਹੈ ਕਿ ਉਸ ਕੋਲ ਜੋ ਜਾਦੂ-ਮੰਤਰਾਂ ਵਾਲੀ ਪੋਥੀ ਸੀ, ਇਹ ਸਭ ਉਸ ਦੇ ਸਹਾਰੇ ਕਰਦਾ ਸੀ। ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਵੱਲੋਂ ਦਿੱਤੀ ਇਸ ਜਾਣਕਾਰੀ ਨਾਲ ਸਹਿਮਤ ਹੈ, ਪਰ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਦੁਆਰਾ ਸਾਹਿਬ ਜਾ ਕੇ ਸਿਰ ਝੁਕਾਉਣ, ਪ੍ਰਸ਼ਾਦਿ ਕਰਾਉਣ, ਗੁਰਦੁਆਰਿਆਂ ਦੀ ਸੇਵਾ ਅਤੇ ਨਿੱਤ ਦੀਵਾਨ ਸਜਾਉਣ ਦੀ ਜਾਣਕਾਰੀ ਵੀ ਦਿੰਦਾ ਹੈ।[244] ਇਸ ਤਰ੍ਹਾਂ ਦੋਵੇਂ ਲੇਖਕ ਆਪਣੀਆਂ ਲਿਖਤਾਂ ਵਿੱਚ ਆਪਾ ਵਿਰੋਧੀ ਜਾਣਕਾਰੀ ਦਰਜ ਕਰਕੇ ਭੁਲੇਖਾ ਪੈਦਾ ਕਰਦੇ ਪ੍ਰਤੀਤ ਹੁੰਦੇ ਹਨ।

ਰਤਨ ਸਿੰਘ ਭੰਗੂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਹਰ ਵੱਡੀ ਜਿੱਤ ਨੂੰ ਉਸ ਦੇ ਜੰਤਰਾ-

---

241 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 394.

242 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 410, 462.

243 J.S. Grewal and Irfan Habib (eds), *Sikh History from Persian Source,* Tulika, New Delhi 2001, p.27.

244 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 396.

ਮੰਤਰਾਂ ਸਹਾਰੇ ਹੋਈ ਦੱਸਦਿਆਂ, ਉਸ ਦੀ ਸ਼ਖ਼ਸੀਅਤ ਨੂੰ ਬੌਣਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਦੋਂ ਕਿ ਗਿਆਨੀ ਗਿਆਨ ਸਿੰਘ ਜ਼ਿਆਦਤਰ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੂੰ ਸਿੰਘਾਂ ਦੀ ਜਿੱਤ ਹੀ ਲਿਖਦਾ ਹੈ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਨੂੰ ਮੁਸਲਮਾਨਾਂ ਤੋਂ ਬਦਲਾ ਲੈਣ ਦੁਆਲੇ ਹੀ ਘੁਮਾਉਂਦਾ ਹੈ। ਰਤਨ ਸਿੰਘ ਭੰਗੂ ਸਮਾਣੇ, ਸਢੌਰੇ, ਸਰਹਿੰਦ, ਮਲੇਰਕੋਟਲੇ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਬਰਾਂ 'ਚੋਂ ਮੁਰਦੇ ਕੱਢ ਕੇ ਫੂਕਣ ਦਾ ਜ਼ਿਕਰ ਕਰਦਾ ਹੈ। ਗਿਆਨੀ ਗਿਆਨ ਸਿੰਘ ਵੀ ਸਢੌਰੇ ਵਿੱਚ ਪੀਰ ਕੁਤਬਦੀਨ ਅਤੇ ਮਲੇਰਕੋਟਲੇ ਵਿੱਚ ਸ਼ੇਖ ਸੱਦੋ ਪੀਰ ਦੀਆਂ ਕਬਰਾਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਪਟਵਾਉਣ ਦਾ ਜ਼ਿਕਰ ਕਰਦਾ ਹੈ, ਪਰ ਸਮਾਣੇ ਵਿੱਚ ਕਬਰਾਂ ਪੁੱਟਣ ਬਾਰੇ ਕੋਈ ਜ਼ਿਕਰ ਨਹੀਂ ਕਰਦਾ। ਹੋਰ ਮੁਸਲਮਾਨ ਇਤਿਹਾਸਕਾਰਾਂ ਵਾਂਗ ਸੱਯਦ ਮੁਹੰਮਦ ਲਤੀਫ਼ ਵੀ ਬਾਬਾ ਬੰਦਾ ਸਿੰਘ ਬਹਾਦਰ ਖਿਲਾਫ਼ ਪੱਖਪਾਤੀ ਰਵੱਈਆ ਅਪਨਾਉਂਦਾ ਹੋਇਆ ਉਸ ਨੂੰ ਅਤਿ ਦਰਜੇ ਦਾ ਨਿਰਦਈ ਅਤੇ ਜ਼ਾਲਮ ਦੱਸਦਾ ਹੈ। ਉਸ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਸਲਮਾਨਾਂ ਨੂੰ ਲੁੱਟਿਆ, ਮਾਰਿਆ, ਟੁਕੜੇ-ਟੁਕੜੇ ਕੀਤਾ, ਸਰਹਿੰਦ ਵਿੱਚ ਤਾਂ ਜਿਊਂਦਿਆਂ ਨੂੰ ਸਾੜਿਆ ਅਤੇ ਸਾਰੀਆਂ ਮਸਜ਼ਿਦਾਂ ਨੂੰ ਢਹਿ ਢੇਰੀ ਕਰ ਦਿੱਤਾ। ਸੱਯਦ ਮੁਹੰਮਦ ਲਤੀਫ਼ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ ਸ਼ਹਿਰ ਦੇ ਦਸ ਹਜ਼ਾਰ ਦੇ ਕਰੀਬ ਮੁਸਲਮਾਨ ਮਰਦ ਅਤੇ ਔਰਤਾਂ ਦਾ ਬੜੀ ਬੇਰਹਿਮੀ ਨਾਲ ਕਤਲ ਕੀਤਾ।[245] ਬਲਵੰਤ ਸਿੰਘ ਢਿੱਲੋਂ ਮੁਸਲਮਾਨ ਇਤਿਹਾਸਕਾਰਾਂ ਦੇ ਹਵਾਲੇ ਨਾਲ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਮੁਸਲਿਮ ਵਿਰੋਧੀ ਨਹੀਂ ਸੀ, ਉਸ ਨੇ ਮੁਸਲਮਾਨਾਂ ਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾ। ਇਸ ਤਰ੍ਹਾਂ ਉਸ ਨੇ ਮੁਸਲਮਾਨਾਂ ਨੂੰ ਆਪਣੇ ਨਾਲ ਜੋੜਕੇ ਉਨ੍ਹਾਂ ਦੀ ਮਦਦ ਨਾਲ ਹੀ ਮੁਗਲਾਂ ਨੂੰ ਹਰਾਇਆ।[246] ਅਖ਼ਬਾਰ-ਏ-ਦਰਬਾਰਿ-ਮੁਅੱਲਾ ਮੁਤਾਬਿਕ 1711 ਈ. ਵਿੱਚ ਕਲਾਨੌਰ ਵਿਖੇ ਉਸ ਨੇ ਲਗਭਗ 5000 ਦੇ ਕਰੀਬ ਮੁਸਲਮਾਨਾਂ ਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾ ਸੀ। ਉਸ ਨੇ ਮੁਸਲਮਾਨਾਂ ਦੇ ਖੁਤਬਾ ਜਾਂ ਨਮਾਜ਼ ਅਦਾ ਕਰਨ ਉਪਰ ਕੋਈ ਪਾਬੰਦੀ ਨਹੀਂ ਸੀ ਲਾਈ।[247] ਜੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮਸਜ਼ਿਦਾਂ ਨੂੰ ਢਹਿ ਢੇਰੀ ਕਰਵਾਉਣ ਦੀ ਗੱਲ ਕਰੀਏ ਤਾਂ ਸਢੌਰਾ ਦੀ ਮਸਜ਼ਿਦ, ਸਰਹਿੰਦ ਵਿੱਚ ਅਹਿਮਦ ਸ਼ਾਹ ਦੀ

---

[245] Syad Mohd. Latif, *History of Panjab: From the remotest antiquity to present time,* Kalyani Publishers, New Delhi, 1994 (First published in 1891 by Central Press, Calcutta). pp.275-76

[246] ਬਲਵੰਤ ਸਿੰਘ ਢਿੱਲੋਂ (ਸੰਪਾ.), *ਬੰਦਾ ਸਿੰਘ ਬਹਾਦਰ: ਫ਼ਾਰਸੀ ਸ੍ਰੋਤ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2011, ਪੰਨੇ 18-19.

[247] Hari Ram Gupta, *History of Sikhs: Evolution of Sikh Confedaracies 1708-1769, Vol. II*, Munshi Manohar Lal, New Delhi, 1978, p.38.

ਦਰਗਾਹ ਅਤੇ ਰੋਜ਼ਾ ਸ਼ਰੀਫ਼ ਮਸਜਿਦ ਹਾਲੇ ਤੱਕ ਵੀ ਜਿਉਂ-ਤਿਉਂ ਸਲਾਮਤ ਕਿਵੇਂ ਖੜੀਆਂ ਹਨ।[248] ਗੋਕਲ ਚੰਦ ਨਾਰੰਗ ਵੀ ਲਿਖਦਾ ਹੈ ਕਿ ਸਢੌਰੇ, ਸਮਾਣੇ, ਮਲੇਰਕੋਟਲੇ ਵਿਖੇ ਅਜੇ ਵੀ ਪੁਰਾਣੀਆਂ ਕਬਰਾਂ, ਮਸਜਿਦਾਂ ਅਤੇ ਮਕਬਰੇ ਮੌਜੂਦ ਹਨ।[249] ਇਸ ਤਰ੍ਹਾਂ ਦੋਵੇਂ ਲੇਖਕਾਂ ਦੀ ਕਬਰਾਂ ਖ਼ੁਦਵਾਉਣ ਸੰਬੰਧੀ ਜਾਣਕਾਰੀ ਗਲਤ ਤੇ ਪੱਖਪਾਤੀ ਸਾਬਿਤ ਹੁੰਦੀ ਹੈ।

ਗਿਆਨੀ ਗਿਆਨ ਸਿੰਘ ਦੀ ਲਿਖਤ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੜੀਆਂ ਲੜਾਈਆਂ ਵਿੱਚ ਉਸ ਦੀ ਸੂਰਬੀਰਤਾ, ਬਹਾਦਰੀ, ਯੋਗ ਅਗਵਾਈ, ਸਿੰਘਾਂ ਨਾਲ ਉਸ ਦਾ ਬੇਹਤਰੀਨ ਤਾਲਮੇਲ, ਅਤਿ ਦੀ ਫ਼ੁਰਤੀ, ਦੂਰਅੰਦੇਸ਼ੀ ਆਦਿ ਗੁਣ ਉੱਭਰਕੇ ਸਾਹਮਣੇ ਆਉਂਦੇ ਹਨ। ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਲੜੀ ਗਈ ਲੜਾਈ ਵਿੱਚ ਸਿੰਘਾਂ ਵੱਲੋਂ ਦਿਖਾਈ ਗਈ ਬਹਾਦਰੀ ਅਤੇ ਵੀਰਤਾ ਜਾਂ ਕਿਸੇ ਖ਼ਾਸ ਕਾਰਨਾਮੇ ਨੂੰ ਦਿੱਤੇ ਅੰਜਾਮ ਨੂੰ ਬੜੇ ਹੀ ਜਲੌਅ ਅਤੇ ਚੜ੍ਹਦੀਕਲਾ ਨਾਲ ਪੇਸ਼ ਕਰਦਾ ਹੈ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਚੱਪੜਝਿੜ੍ਹੀ ਦੀ ਲੜਾਈ ਵਿੱਚ ਅੱਗੇ ਹੋ ਕੇ ਲੜਨ ਨਾਲ ਸਿੰਘਾਂ ਦੇ ਹੌਸਲੇ ਦੁੱਗਣੇ ਹੋ ਗਏ।[250] ਬਾਬਾ ਬੰਦਾ ਸਿੰਘ ਬਹਾਦਰ ਤੋਂ ਬਿਨਾਂ ਸਿੰਘਾਂ ਦੀ ਫ਼ੌਜ ਨੂੰ ਗਿਆਨੀ ਗਿਆਨ ਸਿੰਘ ਲਾੜੇ ਬਿਨਾਂ ਬਰਾਤ ਵਾਂਗ ਦੱਸਦਾ ਹੈ। ਜਿਸ ਤੋਂ ਸਾਬਿਤ ਹੁੰਦਾ ਹੈ ਕਿ ਸਿੱਖ ਸੰਘਰਸ਼ ਦੀਆਂ ਇਹ ਜਿੱਤਾਂ, ਸਿੱਖ ਰਾਜ ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗ ਅਗਵਾਈ ਕਰਕੇ ਹੀ ਸਥਾਪਿਤ ਹੋ ਸਕਿਆ। ਉਸ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਹਰ ਮੁਸੀਬਤ ਦਾ ਮੁਕਾਬਲਾ ਬੜੀ ਦਲੇਰੀ ਨਾਲ ਕਰਦਾ ਸੀ।[251] ਗਿਆਨੀ ਗਿਆਨ ਸਿੰਘ ਖਾਫ਼ੀ ਖਾਂ ਦੇ ਹਵਾਲੇ ਨਾਲ ਬਾਬਾ ਬੰਦਾ ਸਿੰਘ ਬਹਾਦਰ ਵੇਲੇ ਆਮ ਲੋਕਾਂ ਵੱਲੋਂ ਅੰਮ੍ਰਿਤ ਛੱਕ ਕੇ ਸਿੰਘ ਸੱਜਣ ਅਤੇ ਪੰਥ ਦੇ ਵਧਣ ਦਾ ਜ਼ਿਕਰ ਵੀ ਕਰਦਾ ਹੈ।[252] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵੇਂ ਹੀ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਆਉਣਾ ਸੁਣ ਕੇ ਜਾਂ ਲੜਾਈ ਵਿੱਚ ਸ਼ਾਮਿਲ ਹੋਣਾ ਸੁਣਕੇ ਸਿੰਘਾਂ ਦੀ ਜਾਨ ਵਿੱਚ ਜਾਨ ਆ ਜਾਂਦੀ ਸੀ ਤੇ ਉਨ੍ਹਾਂ ਦੇ ਹੌਂਸਲੇ ਬੁਲੰਦ ਹੋ ਜਾਂਦੇ ਸਨ।[253] ਉਸ ਵੱਲੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ

---

[248] ਬਲਵੰਤ ਸਿੰਘ ਢਿੱਲੋਂ (ਸੰਪਾ.), *ਬੰਦਾ ਸਿੰਘ ਬਹਾਦਰ: ਫ਼ਾਰਸੀ ਸ੍ਰੋਤ,* ਪੰਨਾ 18-19.

[249] ਗੋਕੁਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 105; ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964, ਪੰਨੇ 52-53.

[250] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 385.

[251] ਗਿਅਨੀ ਗਿਆਨ ਸਿੰਘ, *ਉ. ਰ.,* ਪੰਨਾ 423.

[252] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 422.

[253] *ਉਹੀ,* ਪੰਨੇ 430, 459; ਰਤਨ ਸਿੰਘ ਭੰਗੂ, *ਉ. ਰ.,* ਪੰਨਾ 124.

ਲੜੀਆਂ ਲੜਾਈਆਂ ਸੰਬੰਧੀ ਆਪਣੇ ਵੱਲੋਂ ਦਿੱਤੀ ਜਾਣਕਾਰੀ ਲਈ ਖਾਫ਼ੀ ਖਾਂ ਦੇ ਹਵਾਲਿਆਂ ਦੀ ਵਰਤੋਂ ਉਸ ਦੀ ਜਾਣਕਾਰੀ ਨੂੰ ਵਧੇਰੇ ਪੁਖਤਾ ਅਤੇ ਮੌਲਿਕ ਸਿੱਧ ਕਰਦੀ ਹੈ। ਜਿੱਥੇ ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੇ ਕਾਲ ਦੌਰਾਨ ਮੁਗਲ ਬਾਦਸ਼ਾਹਾਂ ਸੰਬੰਧੀ ਸਹੀ ਅਤੇ ਸਟੀਕ ਜਾਣਕਾਰੀ ਨਹੀਂ ਦੇ ਰਿਹਾ ਹੈ। ਉੱਥੇ ਗਿਆਨੀ ਗਿਆਨ ਸਿੰਘ ਨੇ ਮੁਗਲ ਬਾਦਸ਼ਾਹਾਂ ਦਾ ਜ਼ਿਕਰ ਵੀ ਸਿਲਸਿਲੇਵਾਰ ਕੀਤਾ ਹੈ।

ਮਾਤਾ ਸੁੰਦਰੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਕਾਰ ਪੈਦਾ ਹੋਏ ਮੱਤਭੇਦਾਂ ਸੰਬੰਧੀ ਜਾਣਕਾਰੀ ਦੇਣ ਵਾਲਾ ਰਤਨ ਸਿੰਘ ਭੰਗੂ ਪਹਿਲਾ ਲੇਖਕ ਹੈ ਅਤੇ ਗਿਆਨੀ ਗਿਆਨ ਸਿੰਘ ਨੇ ਵੀ ਉਸ ਦੇ ਹਵਾਲੇ ਨਾਲ ਹੀ ਇਸ ਘਟਨਾ ਦਾ ਜ਼ਿਕਰ ਆਪਣੀ ਲਿਖਤ ਵਿੱਚ ਕੀਤਾ ਹੈ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੜਾਈ ਤਿਆਗਣ ਲਈ ਮਾਤਾ ਸੁੰਦਰੀ ਵੱਲੋਂ ਭਾਈ ਨੰਦ ਲਾਲ ਗੋਯਾ ਤੋਂ ਹੁਕਮਨਾਮਾ ਲਿਖਵਾਉਣ ਦੀ ਭੁੱਲ ਵੀ ਕਰਦਾ ਹੈ ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੰਕਾਰੀ ਦੱਸਦਾ ਹੋਇਆ ਉਸ ਵੱਲੋਂ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਗੱਲ ਵੀ ਕਰਦਾ ਹੈ। ਗਿਆਨੀ ਗਿਆਨ ਸਿੰਘ ਇੱਕ ਪਾਸੇ ਬੰਦਾ ਬਹਾਦਰ ਨੂੰ ਗੁਰੂ ਦਾ ਸੱਚਾ ਸਿੱਖ ਦਰਸਾਉਂਦਾ ਹੋਇਆ ਮੁਗਲਾਂ ਸਾਹਮਣੇ ਨਾ ਝੁਕਣ ਬਾਰੇ ਲਿਖਦਾ ਹੈ ਅਤੇ ਦੂਜੇ ਪਾਸੇ ਖੁਦ ਹੀ ਉਸ ਨੂੰ ਆਪਣੇ ਆਪ ਨੂੰ ਗਿਆਰਵਾਂ ਗੁਰੂ ਅਖਵਾਉਂਦਾ ਅਤੇ ਫ਼ਤਿਹ ਦਰਸ਼ਨ ਦਾ ਜੈਕਾਰਾ ਸ਼ੁਰੂ ਕਰਨ ਵਾਲਾ ਲਿਖ ਕੇ ਸਿੱਖ ਰਹੁ-ਰੀਤਾਂ ਦੇ ਉਲਟ ਦੱਸ ਰਿਹਾ ਹੈ।[254] ਦੋਵੇਂ ਹੀ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਖ਼ਾਲਸੇ ਦੇ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡੇ ਜਾਣ ਦੀ ਗੱਲ ਕਰਦੇ ਹਨ। ਉਪਰੋਕਤ ਹਵਾਲਿਆਂ ਨਾਲ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮਾਤਾ ਸੁੰਦਰੀ ਨੂੰ ਮੁਗਲਾਂ ਖਿਲਾਫ਼ ਹਥਿਆਰ ਸੁੱਟਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਪਰ ਖੁਦ ਹੀ ਦੋਵੇਂ ਲੇਖਕ ਗੁਰਦਾਸ ਨੰਗਲ ਦੀ ਲੜਾਈ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮੁਗਲਾਂ ਸਾਹਮਣੇ ਹਥਿਆਰ ਸੁੱਟਣ ਦੀ ਗਵਾਹੀ ਦਿੰਦੇ ਹਨ।[255] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਾਤਾ ਸੁੰਦਰੀ ਨੇ ਇਹ ਹੁਕਮਨਾਮਾ ਭਾਈ ਨੰਦ ਲਾਲ ਗੋਯਾ ਪਾਸੋਂ ਲਿਖਵਾਇਆ। ਜੋ ਕਿ ਕੋਰੀ ਝੂਠੀ, ਮਨਘੜਤ ਜਾਂ ਸੁਣੀ ਸੁਣਾਈ ਗੱਲ ਪ੍ਰਤੀਤ ਹੁੰਦੀ ਹੈ, ਕਿਉਂਕਿ ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਭਾਈ ਨੰਦ ਲਾਲ ਗੋਯਾ ਮੁਗਲ ਬਾਦਸ਼ਾਹ ਜਹਾਂਦਾਰ ਸ਼ਾਹ ਦੇ ਕਤਲ ਪਿੱਛੋਂ ਬਾਦਸ਼ਾਹ ਬਣੇ ਫ਼ਰੁੱਖ਼ਸੀਅਰ ਤੋਂ ਬਚ-ਬਚਾਕੇ 1712 ਈ. ਵਿੱਚ ਮੁਲਤਾਨ ਆ ਗਿਆ ਅਤੇ ਉੱਥੇ ਉਸ ਨੇ ਅਰਬੀ-ਫ਼ਾਰਸੀ ਦੀ ਉੱਚ ਵਿੱਦਿਆ ਦੇਣ

---

[254] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 405.

[255] ਰਤਨ ਸਿੰਘ ਭੰਗੂ, *ੳ. ਰ.,* ਪੰਨਾ 150; ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 512.

ਲਈ ਸਕੂਲ ਖੋਲ੍ਹ ਲਿਆ। ਮੁਲਤਾਨ ਵਿੱਚ ਹੀ 1718 ਈ. ਵਿੱਚ ਉਹ ਅਕਾਲ ਚਲਾਣਾ ਕਰ ਗਿਆ। ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਨੰਦ ਲਾਲ ਗੋਯਾ ਦੀ ਮੌਤ 1705 ਈ. ਵਿੱਚ ਹੋਈ, ਪਰ ਡਾ. ਗੰਡਾ ਸਿੰਘ ਭਾਈ ਨੰਦ ਲਾਲ ਗੋਯਾ ਦੀ ਮੌਤ 1713 ਈ. ਹੋਈ ਦੱਸਦਾ ਹੈ।[256] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮੁਗਲ ਬਾਦਸ਼ਾਹ ਫ਼ਰੁੱਖ਼ਸ਼ੀਅਰ ਨੇ ਭਾਈ ਨੰਦ ਲਾਲ ਗੋਯਾ ਨੂੰ ਮਾਤਾ ਸੁੰਦਰੀ ਕੋਲ ਭੇਜਿਆ।[257] ਪਰ ਇਹ ਨਾ-ਮੁਮਕਿਨ ਲਗਦਾ ਹੈ ਕਿਉਂਕਿ ਭਾਈ ਨੰਦ ਲਾਲ ਜਹਾਂਦਾਰ ਸ਼ਾਹ ਦੇ ਨਾਲ ਸੀ, ਨਾ ਕਿ ਫ਼ਰੁੱਖ਼ਸ਼ੀਅਰ ਦੇ। ਜੇ ਉਹ ਦਿੱਲੀ ਵਿੱਚ ਠਹਿਰਦਾ ਤਾਂ ਹੋ ਸਕਦੈ ਫ਼ਰੁੱਖ਼ਸ਼ੀਅਰ ਵੱਲੋਂ ਉਸ ਦਾ ਵੀ ਕਤਲ ਕਰਵਾ ਦਿੱਤਾ ਗਿਆ ਹੁੰਦਾ। ਇਸ ਕਰਕੇ ਹਰੀ ਰਾਮ ਗੁਪਤਾ ਵੱਲੋਂ ਉਸ ਦੇ ਬਚ ਕੇ ਮੁਲਤਾਨ ਆਉਣ ਦੀ ਦਲੀਲ ਬਿਲਕੁਲ ਸਹੀ ਜਾਪਦੀ ਹੈ ਅਤੇ ਮੁਗਲ ਬਾਦਸ਼ਾਹ ਫ਼ਰੁੱਖ਼ਸ਼ੀਅਰ ਦੇ ਦਰਬਾਰ ਵਿੱਚ ਜਾਣ ਜਾਂ ਮਾਤਾ ਸੁੰਦਰੀ ਦੇ ਕਹਿਣ 'ਤੇ ਭਾਈ ਨੰਦ ਲਾਲ ਗੋਯਾ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੁਕਮਨਾਮਾ ਲਿਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਡਾ. ਗੰਡਾ ਸਿੰਘ ਵੱਲੋਂ ਦਿੱਤੀ ਭਾਈ ਨੰਦ ਲਾਲ ਦੀ ਮੌਤ ਦੀ ਤਾਰੀਖ਼ ਨੂੰ ਸਹੀ ਮੰਨ ਲਿਆ ਜਾਵੇ ਤਾਂ ਮਾਤਾ ਸੁੰਦਰੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਭੇਜਿਆ ਕੋਈ ਹੁਕਮਨਾਮਾ ਭਾਈ ਨੰਦ ਲਾਲ ਗੋਯਾ ਦਾ ਲਿਖਿਆ ਨਹੀਂ ਹੋ ਸਕਦਾ। ਜੇ ਮਾਤਾ ਸੁੰਦਰੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੋਈ ਹੁਕਮਨਾਮਾ ਭੇਜਿਆ ਵੀ ਗਿਆ ਹੈ ਤਾਂ ਉਹ 1714 ਈ. ਦੇ ਅੰਤ ਵਿੱਚ ਜਾਂ ਫਿਰ 1715 ਈ. ਦੇ ਸ਼ੁਰੂ ਦੇ ਮਹੀਨਿਆਂ ਵਿੱਚ ਭੇਜਿਆ ਗਿਆ ਹੋਵੇਗਾ। ਪਰ ਡਾ. ਗੰਡਾ ਸਿੰਘ ਦੇ ਲਿਖੇ ਅਨੁਸਾਰ ਭਾਈ ਨੰਦ ਲਾਲ ਗੋਯਾ ਦੀ ਮੌਤ 1713 ਈ. ਹੋ ਚੁੱਕੀ ਸੀ। ਡਾ. ਗੰਡਾ ਸਿੰਘ ਨੇ ਉਸ ਸਮੇਂ ਦੀਆਂ ਕਈ ਫ਼ਾਰਸੀ ਦੀਆਂ ਲਿਖਤਾਂ ਨੂੰ ਖੰਘਾਲਿਆ, ਦਰਬਾਰੀ ਖ਼ਬਰਾਂ ਦੀ ਪੁਣਛਾਣ ਕੀਤੀ, ਪਰ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਤਾ ਸੁੰਦਰੀ ਨਾਲ ਮਤਭੇਦਾਂ ਬਾਰੇ, ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦੇ ਲੜਨ ਬਾਰੇ ਉਸ ਨੂੰ ਕੋਈ ਇਤਿਹਾਸਿਕ ਗਵਾਹੀ ਨਹੀਂ ਲੱਭੀ। ਇਸ ਤਰ੍ਹਾਂ ਮਾਤਾ ਸੁੰਦਰੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੁਕਮਨਾਮਾ ਜਾਂ ਤਾਂ ਮੁਗਲਾਂ ਦੇ ਦਬਾਅ ਵਿੱਚ ਭੇਜਿਆ ਗਿਆ ਜਾਂ ਫਿਰ ਸਿੱਖਾਂ ਵਿੱਚ ਫੁੱਟ ਪਾਉਣ ਲਈ ਮੁਗਲਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਮਾਤਾ ਸੁੰਦਰੀ ਦੇ ਹੁਕਮਨਾਮੇ ਦੀ ਝੂਠੀ ਅਫ਼ਵਾਹ ਫ਼ੈਲਾਈ ਗਈ।

ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੀ ਲਿਖਤ ਵਿੱਚ ਹੰਕਾਰੀ ਸਿੱਧ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ। ਰਤਨ ਸਿੰਘ ਭੰਗੂ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਹੰਕਾਰੀ ਸਾਬਿਤ

---

[256] Sardar Pritpal Singh Bindra (Trans.), *Kalam-E-Goya: Bhai Nand Lal*, Institute of Sikh Studies, Chandigarh, 2003, p.X.

[257] ਰਤਨ ਸਿੰਘ ਭੰਗੂ, *ਉ. ਕ.,* ਪੰਨਾ 126.

ਕਰਨ ਲਈ ਉਸ ਵੱਲੋਂ ਖ਼ਾਲਸੇ ਨੂੰ ਆਪਣੇ ਅਧੀਨ ਕਰਕੇ, ਬਾਅਦ ਵਿੱਚ ਲਾਹੌਰ ਜਿੱਤਣ ਦੀ ਗੱਲ ਕਰਦਾ ਹੈ। ਗਿਆਨੀ ਗਿਆਨ ਸਿੰਘ ਖੁਦ ਹੀ ਤੱਤ ਖ਼ਾਲਸੇ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਡੇਰੇ ਉੱਤੇ ਹਮਲਾ ਕਰਕੇ ਉੱਥੇ ਲੁੱਟਮਾਰ ਕਰਨ ਦੀ ਗੱਲ ਅਤੇ ਸਿੰਘਾਂ ਦੀ ਫੁੱਟ ਤੇ ਮੁਗਲ ਬਾਦਸ਼ਾਹ ਫ਼ਰੁੱਖ਼ਸ਼ੀਅਰ ਦੇ ਖੁਸ਼ ਹੋਣ ਦੀ ਜਾਣਕਾਰੀ ਦਿੰਦਾ ਹੈ। ਉਹ ਦੋਵੇਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਲਈ ਮੁਗਲਾਂ ਵੱਲੋਂ ਤੱਤ ਖ਼ਾਲਸੇ ਨਾਲ ਸਮਝੌਤਾ ਕਰਨ ਦੀ ਗੱਲ ਸਾਹਮਣੇ ਲੈ ਕੇ ਆਉਂਦੇ ਹਨ। ਗਿਆਨੀ ਗਿਆਨ ਸਿੰਘ ਤਾਂ ਲਾਹੌਰ ਦੇ ਲਾਗੇ ਭਗਵਾਨਪੁਰ ਦੀ ਜੰਗ ਵਿੱਚ ਤੱਤ ਖ਼ਾਲਸੇ ਵੱਲੋਂ ਮੁਗਲਾਂ ਦੀ ਮੱਦਦ ਕਰਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਦੀ ਗੱਲ ਕਰਕੇ ਮੁਗਲਾਂ ਅਤੇ ਤੱਤ ਖ਼ਾਲਸੇ ਦੇ ਸਮਝੌਤੇ ਨੂੰ ਹੋਰ ਵੀ ਪੱਕਾ ਕਰਦਾ ਹੈ। ਦੋਵੇਂ ਹੀ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਤੱਤ ਖ਼ਾਲਸੇ ਨਾਲ ਸੁਲਾਹ ਕਰਨ ਦੀ ਕੋਸ਼ਿਸ਼, ਮੁਗਲਾਂ ਵੱਲੋਂ ਤੱਤ ਤੇ ਬੰਦਈ ਖ਼ਾਲਸਾ ਨੂੰ ਭਰਮਾਉਣ ਦਾ ਜ਼ਿਕਰ ਕਰਦੇ ਹਨ। ਉੱਥੇ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਮਜ਼ੋਰ ਸਮਝ ਕੇ ਹਮਲਾ ਕਰਨ ਅਤੇ ਕਲਾਨੌਰ ਦੇ ਨਵਾਬ ਫ਼ਤਿਹਦੀਨ ਦੇ ਬੇਵੱਸ ਹੋ ਕੇ ਨੱਸਣ, ਬੰਦਈ ਸਿੰਘਾਂ ਵੱਲੋਂ ਵਜ਼ੀਰਾਬਾਦ ਨੂੰ ਲੁੱਟਣ ਦੀ ਜਾਣਕਾਰੀ ਦੇ ਰਿਹਾ ਹੈ। ਦੋਵਾਂ ਲੇਖਕਾਂ ਦੀ ਇਸ ਹਾਲ ਬਿਆਨੀ ਦਾ ਕੋਈ ਇਤਿਹਾਸਿਕ ਸਬੂਤ ਉਪਲੱਬਧ ਨਹੀਂ ਹੈ।

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦੀ ਪੁਸ਼ਟੀ ਗੰਡਾ ਸਿੰਘ ਤੋਂ ਛੁੱਟ ਹੋਰ ਵੀ ਕਈ ਲਿਖਾਰੀਆਂ ਨੇ ਕੀਤੀ ਹੈ। ਇਰਵਿਨ ਲਿਖਦਾ ਹੈ, "ਹਾਲਾਂਕਿ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਰਹਿੰਦ ਅਤੇ ਲੋਹਗੜ੍ਹ ਦਾ ਕਿਲ੍ਹਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਜਿੱਤ ਲਏ ਸਨ, ਪਰ ਉਸ ਦੀ ਮੌਤ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਖੁੱਸੇ ਆਧਾਰ ਨੂੰ ਮੁੜ ਸਥਾਪਿਤ ਕਰਦਿਆਂ, ਬਹਾਦਰ ਸ਼ਾਹ ਵੱਲੋਂ ਖੋਹੇ ਗਏ ਇਲਾਕੇ ਫ਼ੇਰ ਤੋਂ ਜਿੱਤ ਲਏ ਗਏ ਅਤੇ ਬਹਾਦਰ ਸ਼ਾਹ ਦੇ ਪੁੱਤਰਾਂ ਦੀ ਰਾਜਗੱਦੀ ਲਈ ਛਿੜੀ ਜੰਗ ਦਾ ਫ਼ਾਇਦਾ ਚੁੱਕਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਦਰਿਆ ਜਮਨਾ ਤੋਂ ਲੈ ਕੇ ਰਾਵੀ ਤੱਕ ਦੇ ਇਲਾਕੇ ਵਿੱਚ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਲਏ ਸਨ।"[258] ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਜਹਾਂਦਰ ਸ਼ਾਹ ਗੱਦੀ 'ਤੇ ਬੈਠਿਆ, ਪਰ ਉਹ ਮੁਗਲ ਦਰਬਾਰ ਅੰਦਰ ਫ਼ੈਲੀ ਅਰਾਜ਼ਕਤਾ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਵੱਲ ਖ਼ਾਸ ਧਿਆਨ ਨਾ ਦੇ ਸਕਿਆ। 1713 ਈ: ਵਿੱਚ ਜਹਾਂਦਰ ਸ਼ਾਹ ਨੂੰ ਮਾਰ ਕੇ ਫ਼ਰੁੱਖ਼ਸ਼ੀਅਰ ਖਾਂ ਨੇ ਮੁਗਲ ਸਲਤਨਤ ਦੀ ਗੱਦੀ 'ਤੇ ਕਬਜ਼ਾ ਕਰ ਲਿਆ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਹੋਰ ਸਖ਼ਤੀ ਦਾ ਹੁਕਮ ਦਿੱਤਾ।

[258] William Irvine, *Later Mughals Vol. 1, 1922,* p.121; ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* 1964, ਪੰਨਾ 122.

ਪਰ ਫ਼ੇਰ ਵੀ ਬਾਬਾ ਬੰਦਾ ਸਿੰਘ ਬਹਾਦਰ ਨੇ ਦਸੰਬਰ 1715 ਈ. ਤੱਕ ਮੁਗਲ ਹਕੂਮਤ ਦੇ ਨੱਕ ਵਿੱਚ ਦਮ ਕਰੀ ਰੱਖਿਆ।

ਗਿਆਨੀ ਗਿਆਨ ਸਿੰਘ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਧਾ ਸਾਦਾ ਫ਼ਕੀਰ ਹੋਣ ਕਾਰਨ ਮੁਗਲਾਂ ਦੇ ਦਾਅ ਪੇਚ ਨਾ ਸਮਝ ਸਕਣ ਬਾਰੇ ਲਿਖਦਾ ਹੈ। ਉੱਥੇ ਰਤਨ ਸਿੰਘ ਭੰਗੂ ਉਸ ਨੂੰ ਆਪਣੀਆਂ ਕਰਾਮਾਤਾਂ ਕਰਕੇ ਹੰਕਾਰੀ ਹੋ ਜਾਣ ਦੀ ਗੱਲ ਕਰਦਾ ਹੈ। ਦੋਵੇਂ ਹੀ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਵਿੱਚ ਦਸ ਐਬ ਹੋਣ ਕਰਕੇ ਉਸ ਦੀਆਂ ਸ਼ਕਤੀਆਂ ਖ਼ਤਮ ਹੋਣ ਦੀ ਗੱਲ ਕਰਦੇ ਹਨ। ਪਰ ਨਾਲ ਹੀ ਦੋਵੇਂ ਉਸ ਨੂੰ ਆਪਣੇ ਗੁਰੂਆਂ ਦੇ ਪਦ-ਚਿੰਨ੍ਹਾਂ 'ਤੇ ਚਲਦੇ ਹੋਏ ਗੁਰੂਆਂ ਵਾਂਗ ਬਲੀਦਾਨ ਦੇਣ ਵਾਲਾ ਵੀ ਸਾਬਿਤ ਕਰਦੇ ਹਨ। ਗੁਰਦਾਸ ਨੰਗਲ ਦੀ ਲੜਾਈ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਿੰਘਾਂ ਵੱਲੋਂ ਦਿਖਾਈ ਗਈ ਬਹਾਦਰੀ ਦਾ ਜ਼ਿਕਰ ਦੋਵੇਂ ਹੀ ਕਰਦੇ ਹਨ। ਪਰ ਰਤਨ ਸਿੰਘ ਭੰਗੂ ਆਪਣੀ ਲਿਖਤ ਨੂੰ ਕਾਲਪਨਿਕ ਛੋਹ ਦਿੰਦਾ ਹੋਇਆ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਵਾ ਲੱਖ ਬੰਦਾ ਮਾਰਨ ਦੀ ਗੱਲ, 25 ਲੱਖ ਪਿਥੋਰੇ ਮਰਵਾਕੇ ਦੁਰਗਾ ਨੂੰ ਖਵਾਉਣ ਦੀ ਗੱਲ, ਸਵਾ ਲੱਖ ਦੀ ਭੇਟਾ ਪੂਰੀ ਕਰਨ ਲਈ ਊਠ, ਕੁੱਤੇ, ਘੋੜੇ, ਬਿੱਲੇ ਮਾਰਨ ਦੀ ਗੱਲ ਅਤੇ ਅੰਤ ਵਿੱਚ ਮੱਖੀਆਂ ਮਾਰ ਕੇ ਸਵਾ ਲੱਖ ਪੂਰੇ ਕਰਨ ਦੀ ਗੱਲ ਕਰਦਾ ਹੈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਅਖ਼ੀਰ ਲੜਨ ਤੋਂ ਅਸਮਰੱਥ ਹੋਏ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਕਹਿਣਾ ਮੰਨ ਕੇ ਹਥਿਆਰ ਸੁੱਟ ਦਿੱਤੇ ਅਤੇ ਆਤਮ ਸਮਰਪਣ ਕਰ ਦਿੱਤਾ। ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਖੁਦ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੈਦ ਕਰਕੇ ਫ਼ੜੇ ਹੋਏ ਬੰਦੀ ਸਿੰਘਾਂ ਸਮੇਤ ਦਿੱਲੀ ਭੇਜ ਦਿੱਤਾ ਗਿਆ। ਸਰਹਿੰਦ ਵਿੱਚੋਂ ਲੰਘਦੇ ਸਮੇਂ ਕੈਦੀ ਸਿੰਘ ਬਜ਼ਾਰ ਵਿੱਚੋ ਭੱਜ ਕੇ ਦੁਕਾਨਾਂ ਤੋਂ ਸ਼ੀਰਨੀ ਜਾ ਮਿਠਾਈ ਚੁੱਕ ਕੇ ਖਾ ਲੈਂਦੇ ਤਾਂ ਸਿਪਾਹੀ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟ ਕੇ ਹਟਾਉਂਦੇ। ਇਸ ਗੱਲ ਨੂੰ ਰਤਨ ਸਿੰਘ ਭੰਗੂ ਸਿੰਘਾਂ ਦੀ ਹਰ ਸਮੇਂ ਦੰਗਾ ਕਰਨ ਦੀ ਆਦਤ ਦੱਸਦਾ ਹੈ। ਉਹ ਕਹਿੰਦਾ ਦੰਗਾ ਕਰਨਾ ਸਿੰਘਾਂ ਦੇ ਖ਼ੂਨ ਵਿੱਚ ਰਚ ਗਿਆ ਸੀ। ਇਸ ਲਈ ਉਹ ਦੰਗਾ ਕਰਨ ਤੋਂ ਬਾਝ ਨਹੀਂ ਆਉਂਦੇ ਸਨ।[259]

ਰਤਨ ਸਿੰਘ ਭੰਗੂ ਦੀ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਦਿੱਤੀ ਉਪਰੋਕਤ ਜਾਣਕਾਰੀ ਮਿਥਹਾਸਿਕ, ਕਾਲਪਨਿਕ ਅਤੇ ਗੈਰ ਤਰਕੀ ਮਾਲੂਮ ਹੁੰਦੀ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਯੋਗ ਦੱਸਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਤੁਰਕਾਂ ਦੀ ਚਲਾਕੀ ਦਾ ਸ਼ਿਕਾਰ ਹੁੰਦਾ ਦੱਸਦਾ ਹੈ। ਭੁੱਖੇ ਸਿੰਘਾਂ

---

[259] ਰਤਨ ਸਿੰਘ ਭੰਗੂ, *ਉ. ਰ.,* ਪੰਨਾ 151.

ਦਾ ਮਖੌਲ ਉਡਾਉਂਦਾ ਹੈ ਅਤੇ ਸਿੰਘਾਂ ਦਾ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮੁਗਲਾਂ ਨੂੰ ਆਤਮ ਸਮਰਪਣ ਕਰਵਾ ਦਿੰਦਾ ਹੈ। ਪਰ ਮੁਸਲਮਾਨ ਇਤਿਹਾਸਕਾਰ ਹਾਜੀ ਕਾਮਵਰ ਖਾਂ ਵੀ ਸਿੱਖਾਂ ਦੇ ਕਮਜ਼ੋਰ ਹੋਣ 'ਤੇ ਅੱਠ ਮਹੀਨਿਆਂ ਬਾਅਦ ਮੁਗਲਾਂ ਦੇ ਕਿਲ੍ਹੇ ਅੰਦਰ ਦਾਖਲ ਹੋਣ ਦੀ ਗੱਲ ਤਾਂ ਕਰਦਾ ਹੈ, ਪਰ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਵੱਲੋਂ ਹਥਿਆਰ ਸੁੱਟਣ ਦਾ ਜ਼ਿਕਰ ਨਹੀਂ ਕਰਦਾ।[260] ਰਤਨ ਸਿੰਘ ਭੰਗੂ ਤੋਂ 60 ਸਾਲ ਪਹਿਲਾਂ ਅੰਗਰੇਜ਼ ਲੇਖਕ ਜੇਮਜ਼ ਬ੍ਰਾਊਨ ਲਿਖਦਾ ਹੈ ਕਿ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਭੁੱਖ ਨਾਲ ਮਰਨ ਦੀ ਬਜਾਏ ਕਿਉਂ ਨਾ ਦੁਸ਼ਮਣ ਨਾਲ ਲੜਕੇ ਮਰਿਆ ਜਾਵੇ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਕੇ ਇਕ ਦਮ ਦੁਸ਼ਮਣ ਉੱਪਰ ਹਮਲਾ ਕਰ ਦਿੱਤਾ। ਕੁਝ ਸਿੰਘ ਲੜਦੇ ਮਾਰੇ ਗਏ, ਜੋ ਜਖ਼ਮੀ ਹੋਏ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਕੈਦ ਕੀਤੇ ਜਖ਼ਮੀ ਸਿੰਘਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੀ ਸ਼ਾਮਿਲ ਸੀ।[261] ਦੋਵੇਂ ਹੀ ਲੇਖਕ ਆਪਣੀ ਲਿਖਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗਤਾ, ਅਗਵਾਈ, ਸੂਰਬੀਰਤਾ, ਦਲੇਰੀ, ਬਹਾਦਰੀ ਅਤੇ ਸਿਦਕ ਨੂੰ ਉਹਲੇ ਕਰ ਕੇ ਉਸ ਨੂੰ ਕਰਾਮਾਤੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਜ਼ਿਆਦਾ ਪ੍ਰਤੀਤ ਹੁੰਦੇ ਹਨ। ਗਿਆਨੀ ਗਿਆਨ ਸਿੰਘ ਇਹ ਵੀ ਲਿਖਦਾ ਹੈ ਕਿ ਭੋਲਾ ਭਾਲਾ ਫ਼ਕੀਰ ਹੋਣ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਮੁਗਲਾਂ ਦੀ ਚਾਲ ਨਹੀਂ ਸਮਝ ਸਕਿਆ, ਪਰ ਗਿਆਨੀ ਗਿਆਨ ਸਿੰਘ ਦੁਆਰਾ ਕਹੀ ਇਹ ਗੱਲ ਦਰੁਸਤ ਨਹੀਂ ਜਾਪਦੀ, ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਨੂੰ ਇਹ ਚੰਗੀ ਤਰ੍ਹਾਂ ਮਾਲੂਮ ਸੀ ਕਿ ਮੁਗਲ ਕਸਮਾਂ ਅਤੇ ਵਾਅਦੇ ਕਰ ਕੇ ਪਹਿਲਾਂ ਵੀ ਦਸਮ ਪਿਤਾ ਨਾਲ ਦਗਾ ਕਰ ਚੁੱਕੇ ਸਨ। ਇਸ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਗਲਾਂ 'ਤੇ ਵਿਸ਼ਵਾਸ ਕਰਨਾ ਗੈਰ ਵਾਜ਼ਿਬ ਲੱਗਦਾ ਹੈ। ਗਿਆਨ ਗਿਆਨ ਸਿੰਘ ਨੇ ਵੀ ਰਤਨ ਸਿੰਘ ਭੰਗੂ ਆਪਣੀਆਂ ਲਿਖਤਾਂ ਵਿੱਚ ਗੁਰਦਾਸ ਨੰਗਲ ਦੇ ਘੇਰੇ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਾਉਣ ਦਾ ਜ਼ਿਕਰ ਕੀਤਾ ਹੈ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਪਹਿਲਾਂ ਖੁਦ ਹੀ ਆਪਣੀਆਂ ਲਿਖਤਾਂ ਵਿੱਚ ਮਾਤਾ ਸੁੰਦਰੀ ਜੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੇਦਖਲ ਕਰਨ ਦਾ ਕਾਰਨ ਮਾਤਾ ਜੀ ਦੇ ਕਹਿਣ 'ਤੇ ਮੁਗਲਾਂ ਦੀ ਈਨ ਨਾ ਮੰਨਣਾ ਦੱਸਦੇ ਹਨ ਤੇ ਬਾਅਦ ਵਿੱਚ ਦੋਵੇਂ ਹੀ ਉਸ ਤੋਂ ਹਥਿਆਰ ਸੁੱਟਵਾ ਕੇ ਆਤਮ ਸਮਰਪਣ ਦਾ ਜ਼ਿਕਰ ਕਰ ਕੇ ਆਪਣੀਆਂ ਲਿਖਤਾਂ ਵਿੱਚ ਦਰਜ ਜਾਣਕਾਰੀ ਨੂੰ ਆਪਾ ਵਿਰੋਧੀ ਸਾਬਿਤ ਕਰਦੇ ਹਨ। ਗਿਆਨ ਗਿਆਨ ਸਿੰਘ ਅਤੇ ਰਤਨ ਸਿੰਘ

---

[260] ਤੇਜਾ ਸਿੰਘ ਅਤੇ, ਗੰਡਾ ਸਿੰਘ, *ਉ. ਰ.,* ਪੰਨਾ 98.

[261] Ganda Singh (ed.), *Early European account of the Sikhs*, Indian Studies: Past & Present, 3 Sambhu Nath Pundit Street, Calcutta 20, 1962, p 30.

ਭੰਗੂ ਵੱਲੋਂ ਆਪਣੀਆਂ ਲਿਖਤਾਂ ਵਿੱਚ ਗੁਰਦਾਸ ਨੰਗਲ ਦੇ ਘੇਰੇ ਦੌਰਾਨ ਬੰਦਾ ਸਿੰਘ ਵੱਲੋਂ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਾਉਣ ਦੀ ਕੀਤੀ ਗੱਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਨਾਲ ਕਤਈ ਮੇਲ ਨਹੀਂ ਖਾਂਦੀ। ਸ਼ਫੀ ਵਰੀਦ, ਖਾਫ਼ੀ ਖਾਂ ਅਤੇ ਅੰਗਰੇਜ਼ ਸਫ਼ੀਰਾਂ ਦੇ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਗ੍ਰਿਫ਼ਤਾਰ ਹੋਣ ਤੋਂ ਬਾਅਦ ਵੀ ਸਿਦਕ ਤੋਂ ਨਹੀਂ ਡੋਲਿਆ। ਇਸ ਤਰ੍ਹਾਂ ਉਸ ਵੱਲੋਂ ਆਤਮ ਸਮਰਪਣ ਕਰਨਾ ਨਾ ਮੁਮਕਿਨ ਲੱਗਦਾ ਹੈ, ਜੇ ਬਾਬਾ ਬੰਦਾ ਸਿੰਘ ਬਹਾਦਰ ਨੇ ਹਥਿਆਰ ਹੀ ਸੁੱਟਣੇ ਹੁੰਦੇ ਤਾਂ ਉਸ ਨੂੰ ਏਨਾ ਨੁਕਸਾਨ ਕਰਵਾਉਣ ਦੀ ਕੀ ਲੋੜ ਸੀ। ਜੇ ਉਹ ਮੁਗਲਾਂ ਦੀ ਈਨ ਹੀ ਮੰਨ ਲੈਂਦਾ ਤਾਂ ਉਸ ਨੂੰ ਦੌਲਤ, ਸ਼ੋਹਰਤ, ਵਜ਼ੀਰੀਆਂ ਆਦਿ ਸਭ ਮਿਲ ਜਾਣੀਆਂ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਕੈਦ ਕਰਨ ਸੰਬੰਧੀ ਦੋਵਾਂ ਲੇਖਕਾਂ ਦੀ ਰਾਇ ਇਕੋ ਜਿਹੀ ਹੈ, ਪਰ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਤੋਂ ਕੈਦ ਕਰਕੇ ਲਾਹੌਰ ਲੈ ਕੇ ਜਾਣ ਅਤੇ ਲਾਹੌਰ ਤੋਂ ਦਿੱਲੀ ਲੈ ਕੇ ਜਾਣ ਅਤੇ ਦਿੱਲੀ ਵਿੱਚ ਸਿੰਘਾਂ ਨਾਲ ਜੋ ਵੀ ਬੀਤੀ ਉਸ ਬਾਰੇ ਵਿਸਥਾਰਪੂਰਵਕ ਲਿਖਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸੰਬੰਧੀ ਦੋਵੇਂ ਲੇਖਕਾਂ ਦੀ ਲਿਖਤ ਵਿੱਚ ਕਾਫ਼ੀ ਫ਼ਰਕ ਹੈ। ਰਤਨ ਸਿੰਘ ਭੰਗੂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸੰਬੰਧੀ ਦਿੱਤੀ ਜਾਣਕਾਰੀ ਮਿਥਿਹਾਸ ਪ੍ਰਤੀਤ ਹੁੰਦੀ ਹੈ। ਹਾਲਾਂਕਿ ਗਿਆਨੀ ਗਿਆਨ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਮਿਥਿਹਾਸ ਦੀ ਵਰਤੋਂ ਕਰਨ ਵਿੱਚ ਪਿੱਛੇ ਨਹੀਂ ਰਿਹਾ, ਫ਼ੇਰ ਵੀ ਉਸ ਦੀ ਲਿਖਤ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਸਿੱਖੀ ਸਿਦਕ ਬਹਾਦਰੀ, ਸੂਰਬੀਰਤਾ, ਉੱਭਰ ਕੇ ਸਾਹਮਣੇ ਆਉਂਦੀ ਹੈ। ਗਿਆਨੀ ਗਿਆਨ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਰੇ ਕਾਫ਼ੀ ਪੁਣਛਾਣ ਕੀਤੀ ਜਾਪਦੀ ਹੈ। ਉਹ ਖਾਫ਼ੀ ਖਾਂ ਦੇ ਹਵਾਲੇ ਵੀ ਵਰਤ ਰਿਹਾ ਹੈ, ਪਰ ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੀ ਲਿਖਤ ਦੇ ਹਵਾਲੇ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਫ਼ੇਰ ਜਿਉਂਦਾ ਹੋਣ ਦੀ ਅਤੇ ਵਿਆਹ ਕਰਵਾ ਕੇ ਬਾਲ-ਬੱਚਿਆਂ ਵਾਲਾ ਹੋਣ ਦੀ ਪੁਸ਼ਟੀ ਕਰਕੇ ਕਾਲਪਨਿਕ ਛੋਹ ਪ੍ਰਦਾਨ ਕਰਦਾ ਹੈ। ਗਿਆਨੀ ਗਿਆਨ ਸਿੰਘ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਹਿੰਦੇ ਸਿੰਘਾਂ ਨੂੰ ਬੰਦਈ ਸਿੱਖ ਜੋ ਸਿਰਫ਼ ਬੰਦਾ ਸਿੰਘ ਅਤੇ ਦਸਵੇਂ ਗੁਰੂ ਨੂੰ ਹੀ ਮੰਨਦੇ ਹਨ, ਲਿਖਕੇ ਪੰਥ ਵਿੱਚ ਵੰਡ ਪਾਉਣ ਦੀ ਕੋਸ਼ਿਸ਼ ਕੀਤੀ ਹੈ।[262] ਰਤਨ ਸਿੰਘ ਭੰਗੂ ਜਾਣਕਾਰੀ ਤਾਂ ਬੇਤਰਤੀਬੀ ਹੈ, ਪਰ ਗਿਆਨੀ ਗਿਆਨ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਬਿਰਤਾਂਤ ਨੂੰ ਤਰਤੀਬਵਾਰ ਅਤੇ ਤਰਕ ਭਰਪੂਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਰਤਨ ਸਿੰਘ ਭੰਗੂ ਵਾਂਗ

---

[262] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 463.

ਗਿਆਨੀ ਗਿਆਨ ਸਿੰਘ ਦੀਆਂ ਵੀ ਕਈ ਦਲੀਲਾਂ ਇਤਿਹਾਸਿਕ ਕਸਵੱਟੀ ‘ਤੇ ਖਰੀਆਂ ਨਹੀਂ ਉੱਤਰਦੀਆਂ ਹਨ। ਗਿਆਨੀ ਗਿਆਨ ਸਿੰਘ ਨੇ ਇਹ ਜਰੂਰ ਲਿਖਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਪੁੱਤਰ ਅਤੇ ਉਸ ਦੇ ਸਾਰੇ ਸਾਥੀ ਕਤਲ ਕਰ ਦਿੱਤੇ ਗਏ। ਰਤਨ ਸਿੰਘ ਭੰਗੂ ਦੀ ਲਿਖਤ ਵਿੱਚ ਉਸ ਦੇ ਪੁੱਤਰ ਦੀ ਮੌਤ ਦਾ ਕੋਈ ਜ਼ਿਕਰ ਨਹੀਂ। ਗਿਆਨੀ ਗਿਆਨ ਸਿੰਘ ਨੇ ਖਾਫ਼ੀ ਖਾਂ ਦੇ ਹਵਾਲੇ ਨਾਲ ਉਸ ਲੜਕੇ ਬਾਬਤ ਵੀ ਜਾਣਕਾਰੀ ਦਿੱਤੀ ਜਿਸ ਨੂੰ ਉਸ ਦੀ ਮਾਂ ਛੁਡਵਾਉਣਾ ਚਾਹੁੰਦੀ ਸੀ। ਉਸ ਤੋਂ ਪਹਿਲਾਂ ਕਿਸੇ ਵੀ ਲਿਖਤ ਵਿੱਚ ਇਹ ਜਾਣਕਾਰੀ ਮੌਜੂਦ ਨਹੀਂ, ਪਰ ਗੰਡਾ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ।[263] ਗਿਆਨੀ ਗਿਆਨ ਸਿੰਘ ਤੋਂ ਬਿਨਾਂ ਰਤਨ ਸਿੰਘ ਭੰਗੂ ਸਮੇਤ ਉਸ ਤੋਂ ਪਹਿਲਾਂ ਦੇ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਪੁੱਤਰ ਦੀ ਸ਼ਹੀਦੀ ਅਤੇ ਫੜੇ ਗਏ 700 ਦੇ ਕਰੀਬ ਸਿੰਘ ਦੇ ਕਤਲ ਕੀਤੇ ਜਾਣ ਬਾਰੇ ਕੋਈ ਜਾਣਕਾਰੀ ਪੇਸ਼ ਨਹੀਂ ਕੀਤੀ। ਸਮਕਾਲੀ ਗਵਾਹੀਆਂ ਜਾਂ ਲਿਖਤਾਂ ਤੋਂ ਪਤਾ ਚੱਲਦਾ ਹੈ ਕਿ ਜੋਹਨ ਸਰਮਨ ਅਤੇ ਐਡਵਰਡ ਸਟੀਫਨਸੈਨ ਨਾਂ ਦੇ ਦੋ ਅੰਗਰੇਜ਼ੀ ਸਫ਼ੀਰ ਸਾਰੇ ਕਤਲੇਆਮ ਨੂੰ ਅੱਖੀਂ ਦੇਖ ਕੇ ਕਲਕੱਤੇ ਬੈਠੇ ਆਪਣੇ ਬੌਸ Robert Hedges Esquire ਨੂੰ ਪੱਤਰ ਰਾਹੀਂ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਨਾਲ ਫੜੇ ਸਿੰਘਾਂ ਦੀ ਗਿਣਤੀ 780 ਹੈ। ਉਸ ਦਾ ਪੁੱਤਰ ਅਤੇ ਪਤਨੀ ਵੀ ਵਿੱਚੇ ਹਨ। ਅੰਗਰੇਜ਼ ਸ਼ਫ਼ੀਰਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਕਿਸੇ ਇੱਕ ਸਿੰਘ ਨੇ ਵੀ ਮੌਤ ਦੇ ਡਰੋਂ ਇਸਲਾਮ ਕਬੂਲ ਨਹੀਂ ਕੀਤਾ।[264]

ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘਾਂ ਸਮੇਤ ਦਿੱਲੀ ਦੇ ਬਜ਼ਾਰਾਂ ਵਿੱਚੋਂ ਲੰਘਾਇਆ ਗਿਆ। ਦੇਖਣ ਵਾਲੇ ਲੋਕਾਂ ਵਿੱਚੋਂ ਮੁਹੰਮਦ ਹਰੀਸੀ ਆਪਣੀ ਲਿਖਤ ਇਬਰਤਨਾਮਾ ਵਿੱਚ ਸਿੰਘਾਂ ਦੀ ਚੜ੍ਹਦੀਕਲਾ ਬਾਰੇ ਲਿਖਦਾ ਹੈ। ਉਹ ਬਿਆਨ ਕਰਦਾ ਹੈ ਕਿ ਮੈਂ ਇੱਕ ਦਿਨ ਤਮਾਸ਼ਾ ਦੇਖਣ ਲਈ ਨਮਕ ਮੰਡੀ ਤੱਕ ਗਿਆ। ਉੱਥੋਂ ਕਿਲ੍ਹਾ ਮੁਬਾਰਕ ਤਕ ਜਲੂਸ ਦੇ ਨਾਲ ਰਿਹਾ। ਸ਼ਹਿਰ ਦਾ ਸ਼ਾਇਦ ਹੀ ਕੋਈ ਬੰਦਾ ਐਸਾ ਹੋਵੇ ਜੋ ਤਮਾਸ਼ਾ ਦੇਖਣ ਅਤੇ ਏਹਨਾਂ ਲਾਹਨਤੀਆਂ (ਸਿੰਘਾਂ) ਦਾ ਖ਼ਾਤਮਾ ਦੇਖਣ ਨਾ ਆਇਆ ਹੋਵੇ। ਬਜ਼ਾਰਾਂ ਅਤੇ ਗਲੀਆਂ ਵਿੱਚ ਅਜਿਹੀ ਭੀੜ ਘੱਟ ਹੀ ਦੇਖੀ ਗਈ ਸੀ। ਮੁਸਲਮਾਨ ਖੁਸ਼ੀ ਨਾਲ ਫੁੱਲੇ ਨਹੀਂ ਸਨ ਸਮਾ ਰਹੇ। ਪਰ ਮੰਦਭਾਗੇ ਸਿੰਘ, ਜੋ ਇਸ ਅੰਤਮ ਦਸ਼ਾ ਨੂੰ ਪਹੁੰਚੇ ਹੋਏ ਸਨ, ਬੜੇ ਪ੍ਰਸੰਨ ਚਿੱਤ ਅਤੇ

---

[263] ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨੇ 134-135.

[264] J.T. Wheeler, *Early Records of British India: A History of the English settlements in India,* Trubner and Company, London 1878, p. 180 and C.R. Wilson, *The Early Annals of the English in Bengal,* (2nd Edition), The Asiatic Society, 1, Park Street, Calcutta, 1963, Vol. II, p. 50-52. (First edition was published in 1911)

ਆਪਣੀ ਕਿਸਮਤ ਉੱਤੇ ਰਾਜ਼ੀ ਸਨ। ਉਨ੍ਹਾਂ ਦੇ ਚੇਹਰਿਆਂ ਉੱਪਰ ਉਦਾਸੀ ਜਾਂ ਅਧੀਨਤਾ ਦਾ ਕੋਈ ਨਿਸ਼ਾਨ ਜਾਂ ਪ੍ਰਭਾਵ ਵੀ ਨਹੀਂ ਸੀ ਦਿਖ ਰਿਹਾ। ਬਲਕਿ ਊਠਾਂ ਉੱਤੇ ਲਟਕਦੇ ਹੋਏ ਵੀ ਬਹੁਤ ਸਾਰੇ ਸਿੰਘ ਸ਼ਬਦ ਪੜ੍ਹਨ ਵਿੱਚ ਮਗਨ ਸਨ। ਜੇ ਗਲੀਆਂ ਬਜ਼ਾਰਾਂ ਵਿੱਚ ਉਨ੍ਹਾਂ ਨੂੰ ਕੋਈ ਕਹਿੰਦਾ ਕਿ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ ਤਾਂ ਉਹ ਜੁਆਬ ਦਿੰਦੇ ਕਰ ਦਿਉ ਕਤਲ। ਅਸੀਂ ਕਤਲ ਹੋਣ ਤੋਂ ਕਦੋਂ ਡਰਦੇ ਹਾਂ, ਦੂਜਾ ਡਰਦੇ ਹੁੰਦੇ ਤਾਂ ਅਸੀਂ ਲੜਦੇ ਕਿਉਂ? ਸਾਨੂੰ ਤਾਂ ਕੇਵਲ ਭੁੱਖ ਅਤੇ ਖਾਣੇ ਦਾਣੇ ਦੇ ਘਾਟੇ ਨੇ ਤੁਹਾਡੇ ਹੱਥ ਫ਼ਸਾ ਦਿੱਤਾ ਹੈ ਨਹੀਂ ਤਾਂ ਸਾਡੀ ਬਹਾਦਰੀ ਦੇ ਕਾਰਨਾਮੇ ਤੁਹਾਨੂੰ ਪਤਾ ਹੀ ਹਨ।[265] 'ਤਬਸਿਰਤੁ-ਨਾਜ਼ਿਰੀਨ' ਦਾ ਲੇਖਕ ਸੱਯਦ ਮੁਹੰਮਦ ਵੀ ਉਸ ਵੇਲੇ ਉੱਥੇ ਮੌਜੂਦ ਸੀ। ਉਹ ਲਿਖਦਾ ਹੈ, "ਉਸ ਵੇਲੇ ਮੈਂ ਉਨ੍ਹਾਂ ਵਿੱਚੋਂ ਇੱਕ ਨੂੰ ਇਸ਼ਾਰਾ ਕਰਕੇ ਕਿਹਾ ਕਿ ਇਹ ਕੀ ਘੁਮੰਡ ਅਤੇ ਨਖ਼ਰਾ ਸੀ। ਉਸ ਸਿੱਖ ਨੇ ਆਪਣੇ ਮੱਥੇ ਉੱਤੇ ਹੱਥ ਰੱਖਿਆ ਅਤੇ ਆਪਣੀ ਕਿਸਮਤ ਅਤੇ ਨਸੀਬ ਵੱਲ ਇਸ਼ਾਰਾ ਕੀਤਾ। ਉਸ ਵੇਲੇ ਮੈਨੂੰ ਉਸ ਦੇ ਅੰਦਰਲੇ ਭਾਵ ਦੱਸਣ ਦਾ ਢੰਗ ਬੜਾ ਹੀ ਚੰਗਾ ਲੱਗਾ।[266]

ਮੁਨਸ਼ੀ ਗੁਲਾਮ ਹੁਸੈਨ ਆਪਣੀ ਲਿਖਤ 'ਸਿਆਰੁਲ ਮੁਤਾਖ਼ਰੀਨ' ਵਿੱਚ ਲਿਖਦਾ ਹੈ ਕਿ ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਇਹ ਲੋਕ (ਸਿੰਘ) ਕੇਵਲ ਕਤਲ ਹੋਣ ਵੇਲੇ ਹੀ ਦ੍ਰਿੜ੍ਹਤਾ ਨਹੀਂ ਸਨ ਦਿਖਾਉਂਦੇ, ਸਗੋਂ ਕਤਲ ਹੋਣ ਲਈ ਪਹਿਲਾਂ ਵਾਰੀ ਪ੍ਰਾਪਤ ਕਰਨ ਵਾਸਤੇ ਵੀ ਇਹ ਆਪਸ ਵਿੱਚ ਝਗੜਦੇ ਸਨ ਅਤੇ ਜੱਲਾਦਾਂ ਨੂੰ ਬੇਨਤੀਆਂ ਕਰਦੇ ਤੇ ਵਾਸਤੇ ਪਾਉਂਦੇ ਸਨ।[267] ਗੁਲਾਮ ਹੁਸੈਨ ਬਾਬਾ ਬੰਦਾ ਸਿੰਘ ਬਹਾਦਰ ਦੀ ਅੰਤਿਮ ਸਮੇਂ ਦੀ ਚੜ੍ਹਦੀਕਲਾ ਬਾਰੇ ਲਿਖਦਾ ਹੋਇਆ ਦੱਸਦਾ ਹੈ ਕਿ ਸਾਰੀਆਂ ਸ਼ਹਾਦਤਾਂ ਹੋਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰੀ ਆਈ। ਉਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਉੱਥੇ ਮੌਕੇ 'ਤੇ ਮੌਜੂਦ ਮੁਗਲ ਅਧਿਕਾਰੀਆਂ ਜਾਂ ਬਾਦਸ਼ਾਹ ਨਾਲ ਉਸ ਸਮੇਂ ਜੋ ਗੱਲਾਂ-ਬਾਤਾਂ ਕੀਤੀਆਂ, ਉਨ੍ਹਾਂ ਤੋਂ ਉਸ ਦੀ ਮਾਨਸਿਕਤਾ ਚੜ੍ਹਦੀਕਲਾ ਵਾਲੀ ਮਹਿਸੂਸ ਹੁੰਦੀ ਹੈ। ਗੁਲਾਮ ਹੁਸੈਨ ਇਕ ਗੱਲਬਾਤ ਦਾ ਜ਼ਿਕਰ ਕਰਦਾ ਲਿਖਦਾ ਹੈ ਕਿ ਇਤਮਾਦ-ਉਦ-ਦੌਲਾ ਮੁਹੰਮਦ ਅਮੀਨ ਖਾਨ ਚੀਨ ਬਹਾਦਰ ਨੇ ਮੌਕਾ ਪਾ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਗੱਲਬਾਤ ਕਰਨੀ ਚਾਹੀ ਅਤੇ ਉਸ ਨੂੰ ਪੁੱਛਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਮਨੁੱਖ ਜਿਸ ਦੇ ਚਿਹਰੇ-ਮੁਹਰੇ ਤੋਂ ਇਤਨਾ ਗਿਆਨ ਪ੍ਰਤੀਤ ਹੁੰਦਾ ਹੈ ਅਤੇ ਜਿਸ ਦੇ ਆਚਰਣ ਵਿੱਚ ਏਨੀ ਉੱਚਤਾ ਹੈ। ਅਜਿਹੇ ਭੈਭੀਤ ਕਰਮਾਂ ਦਾ ਦੋਸ਼ੀ ਹੋਵੇ, ਜੋ ਉਸ ਨੇ ਮੁਗਲ ਹਕੂਮਤ ਵਿਰੁੱਧ ਕੀਤੇ ਹਨ।

---

[265] ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* 2008, ਪੰਨੇ 131-132

[266] ਗੰਡਾ ਸਿੰਘ, *ਉ. ਰ.,* ਪੰਨਾ 132.

[267] *ਉਹੀ,* ਪੰਨਾ 134.

ਇਸ ਸਵਾਲ ਦਾ ਜਵਾਬ ਬਾਬਾ ਬੰਦਾ ਸਿੰਘ ਬਹਾਦਰ ਬੜੇ ਠਰ੍ਹੰਮੇ ਅਤੇ ਧੀਰਜ ਨਾਲ ਦਿੰਦਾ ਹੋਇਆ ਕਹਿੰਦਾ ਹੈ ਕਿ ਮੈਂ ਤੁਹਾਨੂੰ ਦੱਸਦਾ ਹਾਂ, ਜਦੋਂ ਮਨੁੱਖ ਅਜਿਹੇ ਪਾਪੀ ਅਤੇ ਦੁਸ਼ਟ ਹੋ ਜਾਣ ਕਿ ਇਨਸਾਫ਼ ਦਾ ਰਾਹ ਛੱਡ ਬੈਠਣ ਅਤੇ ਹਰ ਪ੍ਰਕਾਰ ਦੇ ਅਤਿੱਆਚਾਰ ਕਰਨ ਲੱਗ ਪੈਣ ਤਾਂ ਰੱਬ ਸੱਚਾ, ਦੁਸ਼ਟਾਂ ਦਾ ਸੰਘਾਰ ਕਰਨ ਲਈ ਮੇਰੇ ਜਿਹੇ ਬੰਦੇ ਪੈਦਾ ਕਰਦਾ ਹੈ। ਜਦ ਉਨ੍ਹਾਂ ਦਾ ਦੰਡ (ਸਜ਼ਾ) ਪੂਰਾ ਹੋ ਜਾਂਦਾ ਹੈ ਤਾਂ ਉਹ ਤੇਰੇ ਜਿਹੇ ਬੰਦੇ ਖੜ੍ਹੇ ਕਰ ਦਿੰਦਾ ਹੈ ਤਾਂ ਜੋ ਉਹ ਮੇਰੇ ਵਰਗੇ ਨੂੰ ਦੰਡ ਦੇਣ।[268] ਵਿਲੀਅਮ ਇਰਵਿਨ ਕਤਲ ਕੀਤੇ ਜਾਣ ਵਾਲੇ ਸਿੰਘਾਂ ਦੀ ਦ੍ਰਿੜਤਾ ਨੂੰ ਬਿਆਨਦਾ ਲਿਖਦਾ ਹੈ ਕਿ "ਕੀ ਹਿੰਦੁਸਤਾਨੀ, ਕੀ ਯੂਰਪੀਨ, ਸਾਰੇ ਹੀ ਦਰਸ਼ਕ ਉਸ ਹੈਰਾਨ ਕਰ ਦੇਣ ਵਾਲੇ ਧੀਰਜ ਅਤੇ ਦ੍ਰਿੜਤਾ ਦੀ ਪ੍ਰਸੰਸਾ ਕਰਨ ਵਿੱਚ ਸਹਿਮਤ ਹਨ, ਜਿਸ ਨੂੰ ਇਨ੍ਹਾਂ ਲੋਕਾਂ ਨੇ ਆਪਣੀ ਕਿਸਮਤ ਨਾਲ ਪ੍ਰਵਾਨ ਕੀਤਾ। ਦੇਖਣ ਵਾਲਿਆਂ ਲਈ ਇਨ੍ਹਾਂ ਦਾ ਆਪਣੇ ਆਗੂ ਲਈ ਪ੍ਰੇਮ ਅਤੇ ਭਗਤੀ ਬੜੇ ਹੈਰਾਨੀਜਨਕ ਸਨ। ਉਨ੍ਹਾਂ ਨੂੰ ਮੌਤ ਦਾ ਕੋਈ ਭੈਅ ਨਹੀਂ ਸੀ ਅਤੇ ਜੱਲਾਦਾਂ ਨੂੰ ਉਹ ਮੁਕਤੀ ਦਾਤਾ ਕਹਿ ਕੇ ਬਲਾਉਂਦੇ ਸਨ।[269]

ਅਖ਼ਬਾਰ-ਏ-ਦਰਬਾਰੀ-ਏ-ਮੁਅੱਲਾ ਦੀਆਂ ਖ਼ਬਰਾਂ ਮੁਤਾਬਿਕ 29 ਜਮਾ-ਉਲ-ਸਾਨੀ, ਪੰਜਵਾਂ ਫ਼ਰੁੱਖ਼ਸ਼ੀਅਰ ਸਾਲ, ਹਿਜ਼ਰੀ 1128 ਨੂੰ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਸਰਬਰਾਹ ਖਾਂ ਕੋਤਵਾਲ ਬਾਗੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਤਿਰਪੋਲੀਆ ਦੇ ਕਿਲ੍ਹੇ ਵਿੱਚੋਂ ਕੱਢ ਕੇ ਖਵਾਜਾ ਕੁਤਬਦੀਨ ਦੀ ਮਜ਼ਾਰ ਕੋਲ ਲੈ ਜਾਵੇ, ਜਿਹੜੀ ਕਿ ਬਾਦਸ਼ਾਹ ਬਹਾਦਰਸ਼ਾਹ ਦੀ ਕਬਰ ਦੇ ਬਿਲਕੁਲ ਸਾਹਮਣੇ ਹੈ। ਉੱਥੇ ਲਿਜਾ ਕੇ ਉਸ ਦੀ ਜੀਭ ਅਤੇ ਅੱਖਾਂ ਨੂੰ ਖਿੱਚ ਕੇ ਕੱਢ ਦਿੱਤਾ ਜਾਵੇ। ਉਸ ਦੀ ਚਮੜੀ ਨੂੰ ਹੱਡ ਮਾਸ ਨਾਲੋਂ ਉਧੇੜ ਕੇ ਅਲੱਗ ਕਰ ਦਿੱਤਾ ਜਾਵੇ ਅਤੇ ਉਸ ਦੇ ਪੁੱਤਰ ਨੂੰ ਮਾਰ ਦਿੱਤਾ ਜਾਵੇ। ਇਸ ਅਖਬਾਰ ਦੀ ਰਜਬ 1 ਪੰਜਵਾਂ ਫਰੁੱਖਸ਼ੀਅਰੀ ਸਾਲ, ਹਿਜ਼ਰੀ 1128 ਦੀ ਖ਼ਬਰ ਵਿੱਚ ਲਿਖਿਆ ਹੈ ਕਿ ਬਾਦਸ਼ਾਹ ਦੇ ਹੁਕਮਾਂ ਮੁਤਾਬਿਕ ਇਬਾਰਹੀਮ-ਉਦ-ਦੀਨ ਮੀਰ-ਏ-ਆਤਸ਼ ਅਤੇ ਸਰਬਰਾਹ ਖਾਨ ਕੋਤਲਵਾਲ ਬਾਗੀ ਬਾਬਾ ਬੰਦਾ ਸਿੰਘ ਬਹਾਦਰ ਨੂੰ (ਗੁਰੂ) ਉਸ ਦੇ ਪੁੱਤਰ ਅਤੇ 18 ਹੋਰ ਸਾਥੀਆ ਸਮੇਤ ਕਿਲ੍ਹੇ ਵਿੱਚੋਂ ਕੱਢ ਕੇ ਖਵਾਜਾ ਕੁਤਬਦੀਨ ਦੀ ਮਜ਼ਾਰ ਦੇ ਕੋਲ, ਜਿਹੜੀ ਕਿ ਖੋਜਾਫਾਤੂ ਦੇ ਨੇੜੇ ਹੈ ਲੈ ਗਏ ਸਨ। ਪਹਿਲਾਂ ਬਾਗੀ ਦੇ ਪੁੱਤਰ ਨੂੰ ਉਸ ਦੀਆਂ ਅੱਖਾਂ ਸਾਹਮਣੇ ਮਾਰਿਆ ਗਿਆ। ਪਿੱਛੋਂ ਇਸ ਬਾਗੀ ਨੂੰ ਸਖ਼ਤ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

---

268 *ਉਹੀ,* ਪੰਨੇ 136-137.

269 William Irwine, *op. cit.* pp.317-18.

ਉਸ ਦੇ ਸਾਰੇ ਅੰਗਾਂ ਨੂੰ ਜੁਦਾ ਕਰ ਦਿੱਤਾ ਗਿਆ ਸੀ। ਉਸ ਦੇ ਸਾਥੀਆਂ ਨੂੰ ਵੀ ਮਾਰ ਦਿੱਤਾ ਗਿਆ।[270] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹੀਦੀ ਨੂੰ ਆਪਣੀਆਂ ਮਨਘੜਤ ਗੱਲਾਂ ਨਾਲ ਰਲਗੱਡ ਕਰਕੇ ਧੁੰਦਲਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਡਾ. ਗੰਡਾ ਸਿੰਘ ਮੁਹੰਮਦ ਹਰੀਸੀ, ਖ਼ਾਫ਼ੀ ਖਾਂ, ਅੰਗਰੇਜ਼ ਲਿਖਾਰੀ ਜ਼ੌਨ ਸਰਮਨ ਅਤੇ ਐਡਵਰਡ ਸਟੀਫ਼ਨ ਦੇ ਹਵਾਲਿਆਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦਾ ਸਹੀ ਅਤੇ ਸੱਚਾ ਬਿਰਤਾਂਤ ਪੇਸ਼ ਕਰਦਾ ਹੈ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਗਰਮ ਜ਼ੰਬੂਰਾਂ ਨਾਲ ਚਮੜੀ ਨੋਚੀ ਗਈ, ਉਸ ਦੇ ਚਾਰ ਸਾਲ ਦੇ ਪੁੱਤਰ ਨੂੰ ਅੱਖਾਂ ਸਾਹਮਣੇ ਸ਼ਹੀਦ ਕਰਕੇ, ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਉਸ ਦਾ ਕਾਲਜਾ ਤੁੰਨਿਆ ਗਿਆ। ਅੰਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਅੱਖਾਂ ਤੱਕ ਕੱਢ ਲਈਆਂ ਗਈਆਂ, ਉਸ ਦੇ ਹੱਥ ਪੈਰ ਵੱਢ ਦਿੱਤੇ ਗਏ। ਪਰ ਉਸ ਦੇ ਚਿਹਰੇ ਉੱਪਰ ਪਹਿਲਾਂ ਵਾਂਗ ਜਲਾਲ ਹਾਲੇ ਵੀ ਕਾਇਮ ਸੀ ਤੇ ਗੁਰੂ ਦਾ ਪਿਆਰਾ ਸੂਰਬੀਰ ਯੋਧਾ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਂਦਾ ਹੋਇਆ ਸ਼ਹੀਦੀ ਪਾ ਗਿਆ।[271] ਡਾ. ਗੰਡਾ ਸਿੰਘ ਵੱਲੋਂ ਦਿੱਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸੰਬੰਧੀ ਇਸ ਤੱਥ ਦੀ ਪੁਸ਼ਟੀ 'ਹਕੀਕਤ-ਏ-ਸਿੱਖਾਂ' ਦਾ ਲੇਖਕ ਵੀ ਕਰਦਾ ਹੈ। ਉਹ ਲਿਖਦਾ ਹੈ ਕਿ ਜਿਹੜੇ ਸਿੱਖ ਉਸ ਵੇਲੇ ਦਿੱਲੀ ਵਿੱਚ ਦੁਕਾਨਦਾਰੀ ਅਤੇ ਪ੍ਰਚੂਨ ਦਾ ਕਾਰੋਬਾਰ ਕਰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਉਨ੍ਹਾਂ ਨੇ ਪ੍ਰਵਾਨਗੀ ਲੈ ਕੇ, ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸ਼ ਨੂੰ ਸ਼ਹਿਰੋਂ ਬਾਹਰ ਲਿਜਾ ਕੇ ਬਾਰ੍ਹਾਂ ਪੁੱਲਾਂ ਦੇ ਸਥਾਨ 'ਤੇ ਉਸ ਦਾ ਦਾਹ-ਸਸਕਾਰ ਕੀਤਾ।[272]

ਉਪਰੋਕਤ ਅਧਿਐਨ ਤੋਂ ਇਹ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਦੋਵੇਂ ਲੇਖਕਾਂ ਦੀਆਂ ਲਿਖਤਾਂ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਕਈ ਤਰ੍ਹਾਂ ਦੇ ਭਰਮ ਭੁਲੇਖੇ ਪੈਦਾ ਕਰਦੀਆਂ ਹਨ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਰਾਮਾਤੀ ਜਾਂ ਜਾਦੂਗਰ ਸਾਬਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਕਰਾਮਾਤੀ ਜਾਂ ਜਾਦੂਗਰ ਸਾਬਿਤ ਕਰਨਾ, ਉਨ੍ਹਾਂ ਦੀਆਂ ਲਿਖਤਾਂ ਉੱਪਰ ਨਿਰਾ ਮੁਸਲਮਾਨ ਇਤਿਹਾਸਕਾਰਾਂ ਦੇ ਬਾਬਾ ਬੰਦਾ ਸਿੰਘ ਬਹਾਦਰ

---

[270] "Akhbar-i-Darbar-i-Mualla" (It is the collection of news from the Royal Mughal Court and collected by Dr. Ganda Singh). It has been translated into English by Dr. Bhagat Singh and published in The Panjab Past and Present (ed. By Ganda Singh), Vol. XVIII-II, October 1984, pp.165-166.

[271] ਗੰਡਾ ਸਿੰਘ, *ਉ. ਹ.*, ਪੰਨਾ 137.

[272] ਬਲਵੰਤ ਸਿੰਘ ਢਿੱਲੋਂ (ਸੰਪਾ.), *ਹਕੀਕਤ-ਏ-ਸਿੱਖਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 2014, ਪੰਨਾ 14.

ਖਿਲਾਫ਼ ਫ਼ੈਲਾਈਆਂ ਅਫ਼ਵਾਹਾਂ ਦਾ ਪ੍ਰਭਾਵ ਹੀ ਲੱਗਦਾ ਹੈ। ਜੇ ਬਾਬਾ ਬੰਦਾ ਸਿੰਘ ਬਹਾਦਰ ਕੋਲ ਜਾਦੂਈ ਸ਼ਕਤੀਆਂ ਹੁੰਦੀਆਂ ਤਾਂ ਉਹ ਨਾਂਦੇੜ ਤੋਂ ਸੇਹਰੀ ਖੰਡਾ ਤੱਕ ਦਾ 1600 ਮੀਲ ਦਾ, 100 ਦਿਨ ਦਾ ਪੈਂਡਾ, ਮੁਗਲਾਂ ਤੋਂ ਲੁਕ-ਛਿਪਕੇ, ਰਸਤੇ ਬਦਲਕੇ ਇੱਕ ਸਾਲ 'ਚ ਤੈਅ ਨਾ ਕਰਦਾ। ਜੇ ਬਾਬਾ ਬੰਦਾ ਸਿੰਘ ਬਹਾਦਰ ਕੁੱਲੂ ਤੋਂ ਉੱਡਕੇ ਪਲਾਂ ਵਿੱਚ ਪਠਾਣਕੋਟ ਪਹੁੰਚ ਸਕਦਾ ਹੈ ਤਾਂ ਉਸ ਨੂੰ ਨਾਂਦੇੜ ਤੋਂ ਪੰਜਾਬ ਉੱਡਕੇ ਆਉਣ ਵਿੱਚ ਕੀ ਦਿੱਕਤ ਸੀ। ਹੋ ਸਕਦਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਆਪਣੀ ਸਰੀਰਕ ਸ਼ਕਤੀ ਵਿੱਚ ਅਥਾਹ ਵਾਧਾ ਕਰ ਲਿਆ ਹੋਵੇ। ਬਾਕੀ ਉਸ ਦੀ ਯੋਗਤਾ, ਤੀਖਣ ਬੁੱਧੀ, ਬਹਾਦਰੀ, ਨਿਪੁੰਨਤਾ, ਫੁਰਤੀ ਅਤੇ ਅਤਿ ਦੀ ਤੇਜ਼ੀ ਦਾ ਜ਼ਿਕਰ ਖ਼ਾਫ਼ੀ ਖਾਂ ਅਤੇ ਮੁਹੰਮਦ ਹਾਰੀਸੀ ਵਰਗੇ ਮੁਸਲਮਾਨ ਇਤਿਹਾਸਕਾਰ ਵੀ ਕਰਦੇ ਹਨ। ਸ਼ਾਇਦ ਆਪਣੇ ਇਹਨਾਂ ਗੁਣਾਂ ਕਰਕੇ ਹੀ ਬਾਬਾ ਬੰਦਾ ਸਿੰਘ ਬਹਾਦਰ ਦੁਸ਼ਮਣਾਂ ਨੂੰ ਕਰਾਮਾਤੀ ਜਾਂ ਜਾਦੂਗਰ ਨਜ਼ਰ ਆਉਂਦਾ ਹੋਵੇ।

ਗਿਆਨੀ ਗਿਆਨ ਸਿੰਘ ਤੇ ਰਤਨ ਸਿੰਘ ਭੰਗੂ ਨੇ ਆਪਣੀਆਂ ਲਿਖਤਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਤੇ ਗੁਰੂ ਦਾ ਸੱਚਾ ਸਿੱਖ, ਕਿਤੇ ਗੁਰੂ ਤੋਂ ਬੇਮੁਖ, ਕਿਤੇ ਗੈਰ ਅੰਮ੍ਰਿਤਧਾਰੀ ਲਿਖਕੇ ਉਸ ਸੰਬੰਧੀ ਕਈ ਤਰ੍ਹਾਂ ਦੇ ਭੰਬਲਭੂਸੇ ਪੈਦਾ ਕਰਕੇ ਸਿੱਖ ਸੰਗਤ ਨੂੰ ਗੁੰਮਰਾਹ ਵੀ ਕੀਤਾ ਹੈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ-ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਸਿੱਖਾਂ ਨੂੰ ਬਦ-ਦੁਆਵਾਂ ਦੇਣ ਲੱਗਾ ਸੀ। ਇਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਪ੍ਰਤੀ ਸਿੱਖਾਂ ਦੇ ਵਿਚਾਰ ਬਦਲਣ ਲੱਗੇ ਸਨ। ਰਤਨ ਸਿੰਘ ਭੰਗੂ ਦੀ ਲਿਖਤ ਆਪਾ ਵਿਰੋਧੀ ਗਵਾਹੀਆਂ ਦਿੰਦੀ ਪ੍ਰਤੀਤ ਹੁੰਦੀ ਹੈ। ਜਿੱਥੇ ਉੱਪਰ ਪੇਸ਼ ਕੀਤੇ ਤੱਥਾਂ ਵਿੱਚ ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰੂ ਅਖਵਾਉਣ ਦੀ ਗੱਲ ਕਰਦਾ ਹੈ, ਉੱਥੇ ਉਸ ਦੀ ਸ਼ਹਾਦਤ ਨੂੰ ਗੁਰੂਆਂ ਦੇ ਲੇਖੇ ਲੱਗੀ ਪ੍ਰਮਾਣਿਤ ਵੀ ਕਰਦਾ ਹੈ।[273] ਇਸੇ ਤਰ੍ਹਾਂ ਰਤਨ ਸਿੰਘ ਭੰਗੂ ਵਰਨਣ ਕਰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਗੁਰੂ ਦਾ ਨਾਮ ਜਪਦੇ ਹੋਏ ਗੁਰਦਾਸ ਨੰਗਲ ਦੀ ਲੜਾਈ ਵਿੱਚ ਮੁਗਲਾ ਨਾਲ ਆਡਾ ਲੈ ਰਹੇ ਸਨ।[274] ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਿੰਘ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦੇ ਮੁਗਲ ਫ਼ੌਜਾਂ ਨੂੰ ਟੁੱਟ ਕੇ ਪੈ ਜਾਂਦੇ ਸਨ ਤਾਂ ਮੁਗਲ ਫ਼ੌਜ ਤ੍ਰਾਹ-ਤ੍ਰਾਹ ਕਰ ਉੱਠਦੀ ਸੀ।[275] ਜਿਵੇਂ ਕਿ ਸ਼ੁਰੂ ਵਿੱਚ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤਧਾਰੀ ਨਹੀਂ ਮੰਨਦਾ, ਪਰ ਬਾਬਾ

---

273 ਰਤਨ ਸਿੰਘ ਭੰਗੂ, *ਉ. ਹ.,* ਪੰਨਾ 140.

274 ਰਤਨ ਸਿੰਘ ਭੰਗੂ, *ਉਹੀ,* ਪੰਨਾ 143.

275 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 465.

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਵੇਲੇ ਉਸ ਦੁਆਰਾ ਗੁਰਬਾਣੀ ਦਾ ਪਾਠ ਕੀਤੇ ਜਾਣ ਦਾ ਵਰਣਨ ਵੀ ਕਰਦਾ ਹੈ।[276]

ਜਿੱਥੇ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਆਖਦਾ ਹੈ ਕਿ ਮੈਂ ਵਾਹਿਗੁਰੂ ਨਹੀਂ ਜਪਾਂਗਾ ਤੇ ਅੱਗੇ ਖੁਦ ਹੀ ਰਤਨ ਸਿੰਘ ਭੰਗੂ ਉਸ ਦੁਆਰਾ ਆਪਣੀ ਸੰਗਤ ਨੂੰ ਵਾਹਿਗੁਰੂ ਨਾਮ ਜਪਾਉਣ ਦੀ ਪੁਸ਼ਟੀ ਕਰਦਾ ਹੈ। ਰਤਨ ਸਿੰਘ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰੂ ਦਾ ਸੱਚਾ ਸਿੱਖ ਹੋਣ ਦੀ ਪੁਸ਼ਟੀ ਖੁਦ ਹੀ ਆਪਣੀ ਲਿਖਤ ਵਿੱਚ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਖ਼ਾਲਸਾ ਸਾਜਣ ਵਾਲੇ ਗੁਰੂ ਦਾ ਦਾਸ ਹੈ, ਜਿਨ੍ਹਾਂ ਜਿਨ੍ਹਾਂ ਨੇ ਗੁਰੂ ਨਾਲ ਵੈਰ ਕਮਾਇਆ ਉਸ ਨੇ ਉਨ੍ਹਾਂ ਸਭਨਾਂ ਤੋਂ ਬਦਲਾ ਲੈ ਲਿਆ ਹੈ ਅਤੇ ਉਨ੍ਹਾਂ ਸਭਨਾਂ ਦਾ ਖਾਤਮਾ ਕਰਨ ਤੋਂ ਬਾਅਦ ਖੁਦ ਨੂੰ ਗੁਰੂ ਦਾ ਬੰਦਾ ਸੱਦਦਾ ਹੈ।[277] ਰਤਨ ਸਿੰਘ ਭੰਗੂ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਕਹਿੰਦਾ ਹੈ ਕਿ ਜਿਸ ਕਿਸੇ ਨੇ ਆਪਣੇ ਆਪ ਨੂੰ ਖ਼ਾਲਸਾ ਪੰਥ ਵਿੱਚ ਸ਼ਾਮਿਲ ਕਰ ਲਿਆ ਹੈ, ਸੱਚੇ ਪਾਤਸ਼ਾਹ ਨੇ ਉਨ੍ਹਾਂ ਸਭਨਾਂ ਨੂੰ ਉੱਚਾ ਕਰ ਦਿੱਤਾ ਹੈ, ਜਿਹੜੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਨਹੀਂ ਹੋਏ ਉਹ ਸਭ ਪਛਤਾਉਣਗੇ।[278] ਰਤਨ ਸਿੰਘ ਭੰਗੂ ਦਾ ਇਕ ਹੋਰ ਵਰਣਨ ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰੂ ਸਾਹਿਬ ਦੇ ਪਦ ਚਿੰਨ੍ਹਾਂ ਉੱਪਰ ਚੱਲਣ ਦੀ ਪੁਸ਼ਟੀ ਕਰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਜਦੋਂ ਭਾਈ ਬਾਘੜ ਸਿੰਘ ਨੂੰ ਪੰਜ ਪਹਾੜੀਆਂ ਨਾਲ ਲੜਨ ਲਈ ਥਾਪੜਾ ਦਿੰਦਾ ਹੋਇਆ ਗੁਰੂ ਦਾ ਨਾਮ ਉਚਾਰਦਾ ਹੈ।[279] ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਖੁਦ ਨੂੰ ਗੁਰੂ ਅਖਵਾਉਣ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਬੰਦੇ ਨੇ ਪਹਾੜੀ ਰਾਜਿਆਂ ਨੂੰ ਹਰਾਉਣ ਤੋਂ ਬਾਅਦ ਦੀਵਾਨਾਂ ਵਿੱਚ ਗੱਦੀ ਲਾ ਕੇ ਬੈਠਣਾ ਸ਼ੁਰੂ ਕਰ ਦਿੱਤਾ। ਬੰਦਈ ਸਿੱਖ ਉਸ ਨੂੰ ਵਲੀ ਅਵਤਾਰ ਕਹਿਣ ਲੱਗ ਪਏ, ਉਹ ਖੁਦ ਵੀ ਆਪਣੇ-ਆਪ ਨੂੰ ਗਿਆਰਵ੍ਹਾਂ ਗੁਰੂ ਦੱਸਣ ਲੱਗਾ। ਬਾਬਾ ਬੰਦਾ ਸਿੰਘ ਬਹਾਦਰ ਉਚਾਰਦਾ ਹੈ ਕਿ ਸਤਿਗੁਰਾਂ ਨੇ ਉਸ ਨੂੰ ਆਪ ਸਾਰੇ ਸਿੱਖ ਪੰਥ ਦਾ ਨਾਇਕ ਚੁਣਿਆ ਹੈ। ਉਹ ਜਿਹੜੇ ਸਿੱਖ ਬਣਾਉਂਦਾ ਸੀ, ਉਨ੍ਹਾਂ ਨੂੰ ਆਪਣੇ ਚਰਨ ਧੋ ਕੇ ਪਿਲਾਉਂਦਾ ਸੀ। ਇਸ ਤਰ੍ਹਾਂ ਉਸ ਨੇ ਆਪਣਾ ਵੱਖਰਾ ਪੰਥ ਚਲਾ ਲਿਆ। ਉਸ ਨੇ ਸਿੱਖਾਂ ਨੂੰ ਤਿਲਕ ਲਵਾਉਣੇ ਸ਼ੁਰੂ ਕਰ ਦਿੱਤੇ ਅਤੇ

---

276 ਰਤਨ ਸਿੰਘ ਭੰਗੂ, *ਉ. ਹ.,* ਪੰਨਾ 151.

277 ਰਤਨ ਸਿੰਘ ਭੰਗੂ, *ਉਹੀ,* ਪੰਨਾ 82.

278 *ਉਹੀ,* ਪੰਨਾ 83

279 *ਉਹੀ,* ਪੰਨਾ 105

ਮਾਸ ਸ਼ਰਾਬ ਦੀ ਮਨਾਹੀ ਕਰ ਦਿੱਤੀ।[280]

ਇਕ ਪਾਸੇ ਤਾਂ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਦੇ ਰਾਜ ਵਿੱਚ ਸਿੱਖ ਸ਼ਾਦੀਆਂ-ਜਸ਼ਨ ਮਨਾਉਂਦੇ ਸਨ, ਪਰ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਭੰਡਦਾ ਹੋਇਆ ਲਿਖਦਾ ਹੈ ਕਿ ਉਸ ਨੇ ਕਰਮਾਤਾਂ ਦਿਖਾ ਕੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਵਸ ਵਿਚ ਕਰ ਲਿਆ ਸੀ। ਉਸ ਨੇ ਆਪਣੇ ਚੇਲੇ ਬਣਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਬੰਦਈ ਮਤ ਵੀ ਸ਼ੁਰੂ ਕਰ ਦਿੱਤਾ।[281] ਨਾਲ ਹੀ ਗਿਆਨੀ ਗਿਆਨੀ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕੀਰਤਪੁਰ ਜਾ ਕੇ ਮੱਥਾ ਟੇਕਿਆ ਤੇ ਕੜਾਹ-ਪ੍ਰਸ਼ਾਦ ਦੀ ਦੇਗ ਕਰਵਾਈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਦੇ ਕਹਿਣ 'ਤੇ ਉੱਥੇ ਕਈ ਦਿਨ ਡੇਰਾ ਵੀ ਕੀਤਾ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਵੀ ਕੀਤੀ ਤੇ ਉੱਥੇ ਦੀਵਾਨ ਵੀ ਸਜਾਏ।[282] ਇੱਥੇ ਗਿਆਨੀ ਗਿਆਨੀ ਸਿੰਘ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਖੁਦ ਨੂੰ ਗੁਰੂ ਸਦਵਾਉਣ ਜਾਂ ਬੰਦਈ ਮਤ ਸ਼ੁਰੂ ਕਰਨ ਸੰਬੰਧੀ ਦਿੱਤੇ ਉਪਰੋਕਤ ਹਵਾਲੇ ਆਪਾ ਵਿਰੋਧੀ ਪ੍ਰਤੀਤ ਹੁੰਦੇ ਹਨ।

ਦੋਵੇਂ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਆਪਣੀਆਂ ਲਿਖਤਾਂ ਵਿੱਚ ਅਣਗਿਣਤ ਭੰਬਲਭੂਸੇ ਪੈਦਾ ਕੀਤੇ ਹਨ। ਬਾਬਾ ਬੰਦਾ ਸਿੰਘ ਬਹਾਦਰ ਵਾਕਈ ਗੁਰੂ ਦਾ ਸੱਚਾ ਸਿੱਖ ਸੀ। ਜਿਸ ਦਾ ਪ੍ਰਮਾਣ ਦੋਵੇਂ ਲੇਖਕ ਖੁਦ ਵੀ ਦੇ ਰਹੇ ਹਨ। ਖ਼ਾਫ਼ੀ ਖਾਂ ਦੇ ਹਵਾਲੇ ਨਾਲ ਸੱਯਦ ਮੁਹੰਮਦ ਲਤੀਫ਼ ਵੀ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਕਰ ਲਿਆ ਸੀ।[283] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਸੀ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਦੇ ਵੀ ਖੁਦ ਨੂੰ ਗੁਰੂ ਨਹੀਂ ਕਹਾਇਆ, ਨਾ ਹੀ ਦਰਬਾਰ ਵਿੱਚ ਗੁਰੂ ਦੀ ਜਗ੍ਹਾ ਗੱਦੀ ਲਾ ਕੇ ਬੈਠਿਆ। 12 ਦਸੰਬਰ 1710 ਈ. ਦੇ ਸੰਗਤਾਂ ਨਾਂ ਜਾਰੀ ਕੀਤੇ ਹੁਕਮਨਾਮੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਲਈ 'ਮੇਰਾ' ਸ਼ਬਦ ਦਾ ਇਸਤੇਮਾਲ ਕੀਤਾ ਹੈ, ਜਦੋਂਕਿ 'ਗੁਰੂ' ਸ਼ਬਦ ਦੀ ਵਰਤੋਂ ਗੁਰੂ ਸਾਹਿਬ ਲਈ ਵੱਖਰੇ ਤੌਰ 'ਤੇ ਕੀਤੀ ਹੈ। ਉਹ ਹੁਕਮਨਾਮਾ ਗੁਰੂ ਦੇ ਨਾਂ 'ਤੇ ਜਾਰੀ ਕਰਦਾ ਹੈ, ਗੁਰੂ ਹੋਣ ਦੀ ਹੈਸੀਅਤ ਨਾਲ

---

280 ਗਿਆਨੀ ਗਿਆਨ ਸਿੰਘ, *ੳ: ਤ:,* ਪੰਨਾ 405.

281 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 394.

282 *ਉਹੀ,* ਪੰਨਾ 397.

283 Syad Mohd. Latif, *History of Panjab: From the remotest antiquity to present time*, Kalyani Publishers, New Delhi, 1994 (First published in 1891 by Central Press, Calcutta) p.275.

ਨਹੀਂ।[284] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਖੁਦ ਵੀ ਉਸ ਦੇ ਗੁਰੂ ਦਾ ਸੱਚਾ ਸਿੱਖ ਹੋਣ ਦੀ ਪੁਸ਼ਟੀ ਕਰਦੇ ਹਨ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਇੱਕ ਪਾਸੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ਾਲਮ ਹੁਕਮਰਾਨ ਅਤੇ ਲੁਟੇਰਾ ਸਿੱਧ ਕਰਨ ਦਾ ਯਤਨ ਕਰਦੇ ਹਨ ਤੇ ਖੁਦ ਹੀ ਉਸ ਨੂੰ ਸਾਰੇ ਵਰਗਾਂ ਦੀ ਭਲਾਈ ਚਾਹੁਣ ਵਾਲਾ ਨਫ਼ੀਸ ਸ਼ਖ਼ਸ ਦੱਸਦੇ ਹਨ। ਰਤਨ ਸਿੰਘ ਭੰਗੂ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਦਰ ਤੋਂ ਕਿਸੇ ਵੀ ਜਾਤ ਜਾਂ ਧਰਮ ਨਾਲ ਸੰਬੰਧਿਤ ਵਿਅਕਤੀ ਖਾਲੀ ਨਹੀਂ ਸੀ ਮੁੜਦਾ। ਉਹ ਬਿਨਾਂ ਕਿਸੇ ਪੱਖਪਾਤ ਦੇ ਸਭ ਲੋੜਵੰਦਾਂ ਨੂੰ ਮੋਹਰਾਂ ਵੰਡਦਾ ਸੀ। ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਲੁੱਟ ਦਾ ਸਾਰਾ ਮਾਲ ਸਿੰਘਾਂ ਵਿੱਚ ਵੰਡ ਦਿੰਦਾ ਸੀ ਅਤੇ ਖੁਦ ਉਸ ਨੇ ਫੁੱਟੀ ਕੌਡੀ ਵੀ ਆਪਣੇ ਕੋਲ ਨਹੀਂ ਸੀ ਰੱਖੀ।[285] ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਨੂੰ ਇਸ ਕਰਕੇ ਚਰਿੱਤਰਹੀਣ ਲਿਖਦਾ ਹੈ ਕਿ ਉਸ ਨੇ ਦੋ ਵਿਆਹ ਕਰਵਾ ਲਏ ਸਨ ਤੇ ਆਪਣਾ ਜਤ ਗਵਾ ਲਿਆ। ਰਤਨ ਸਿੰਘ ਭੰਗੂ ਇਹ ਵੀ ਵਰਣਨ ਕਰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਉੱਚ-ਚਰਿੱਤਰ ਦਾ ਇਨਸਾਨ ਸੀ। ਉਹ ਔਰਤ ਜਾਤ ਦੀ ਬੜੀ ਇੱਜ਼ਤ ਕਰਦਾ ਸੀ। ਉਹ ਸਿੰਘਾਂ ਨੂੰ ਜਾਂ ਆਪਣੇ ਸੈਨਿਕਾਂ ਨੂੰ ਉਨ੍ਹਾਂ ਦਾ ਸਨਮਾਨ ਕਰਨ ਦਾ ਆਦੇਸ਼ ਵੀ ਦਿੰਦਾ ਸੀ।[286] ਗਿਆਨੀ ਗਿਆਨ ਸਿੰਘ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਚਰਿੱਤਰਹੀਣ ਸਾਬਿਤ ਕਰਦਾ ਹੋਇਆ ਲਿਖਦਾ ਹੈ ਕਿ ਉਸ ਨੇ ਰਿਆਸਤ ਮੰਡੀ ਦੀ ਇਕ ਵਿਧਵਾ ਇਸਤਰੀ ਨਾਲ ਵਿਆਹ ਕਰਵਾ ਲਿਆ ਸੀ।[287] ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦਾ ਚੰਬੇ ਦੀ ਰਾਜਕੁਮਾਰੀ ਨਾਲ ਦੂਸਰਾ ਵਿਆਹ ਕਰਵਾਉਣ ਨੂੰ ਵੀ ਗੁਰੂ ਘਰ ਦੀਆਂ ਰਹੁ-ਰੀਤਾਂ ਦੇ ਉਲਟ ਦੱਸਦਾ ਹੈ ਤੇ ਉਸ ਨੂੰ ਗੁਰੂ ਤੋਂ ਬੇਮੁਖ ਹੋਇਆ ਵੀ ਦੱਸਦਾ ਹੈ।[288]

ਹੁਣ ਰਤਨ ਸਿੰਘ ਭੰਗੂ ਦੀ 'ਸਾਖੀ ਬੰਦੇ ਕੀ ਸੰਤਾਨ' ਤਹਿਤ ਵਰਣਨ ਕਰਦਾ ਹੈ ਕਿ ਮਰ ਕੇ ਦੁਬਾਰਾ ਜੀਵਿਤ ਹੋਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਇੱਕ ਹੋਰ ਵਿਆਹ ਕੀਤਾ। ਜਿਸ ਲੜਕੀ ਨਾਲ ਉਸ ਨੇ ਵਿਆਹ ਕੀਤਾ ਉਹ ਉੱਚ-ਘਰਾਣੇ ਵਿੱਚੋਂ ਸੀ। ਉਸ ਲੜਕੀ ਦੇ ਮਾਪਿਆਂ ਨੇ ਇੱਕ ਦਾਸੀ ਆਪਣੀ ਧੀ ਦੇ ਨਾਲ ਸੇਵਾ ਜਾਂ ਕੰਮ ਦੇ ਲਈ ਤੋਰ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਘਰ ਇੱਕ ਪੁੱਤਰ ਨੇ ਜਨਮ

---

[284] ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਪੰਨਾ 148.

[285] ਰਤਨ ਸਿੰਘ ਭੰਗੂ, *ਉ. ਰ.*, ਪੰਨਾ 80; ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 463.

[286] ਰਤਨ ਸਿੰਘ ਭੰਗੂ, *ਉਹੀ*, ਪੰਨੇ 129, 110.

[287] ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 406.

[288] ਗਿਆਨੀ ਗਿਆਨ ਸਿੰਘ, *ਉਹੀ*, ਪੰਨਾ 499.

ਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀ ਪਤਨੀ ਨਾਲ ਭੇਜੀ ਗਈ ਦਾਸੀ ਨਾਲ ਵੀ ਸੰਗਤ ਕਰ ਲਈ। ਉਸ ਦੀ ਕੁੱਖੋਂ ਵੀ ਇੱਕ ਪੁੱਤਰ ਪੈਦਾ ਹੋਇਆ।[289]

ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਚਰਿੱਤਰਹੀਣ ਸਾਬਿਤ ਕਰਨ ਦੀ ਕੋਸਿਸ਼ ਕਰਦੇ ਹਨ। ਦੋਵੇਂ ਲੇਖਕ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਦੇ ਹੁਕਮਾਂ ਦੇ ਉਲਟ ਵਿਆਹ ਕਰਵਾ ਲਿਆ ਅਤੇ ਇਸ ਤਰ੍ਹਾਂ ਜਤ ਕਾਇਮ ਨਾ ਰੱਖ ਕੇ ਗੁਰੂ ਦੇ ਹੁਕਮਾਂ ਦੀ ਉਲੰਘਣਾ ਕੀਤੀ। ਪਰ ਬਾਬਾ ਬੰਦਾ ਸਿੰਘ ਬਹਾਦਰ ਦੇ ਦੋਵੇਂ ਵਿਆਹ ਪੂਰਨ ਵਿਧੀ ਅਨੂਰੂਪ ਹੀ ਹੋਏ ਸਨ। ਨਾਲੇ ਗੁਰੂ ਸਾਹਿਬਾਨ ਨੇ ਤਾਂ ਗ੍ਰਿਹਸਥ ਜੀਵਨ ਦੀ ਖੁਦ ਪ੍ਰੋੜਤਾ ਕੀਤੀ ਹੈ। ਫਿਰ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਵਿਆਹ ਕਰਵਾਉਣਾ ਗੁਰੂ ਦੇ ਹੁਕਮਾਂ ਦਾ ਉਲੰਘਣ ਕਿਵੇਂ ਹੋ ਸਕਦਾ ਹੈ।[290] ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਬੰਦਾ ਸਿੰਘ ਬਹਾਦਰ ਦੇ ਮਰ ਕੇ ਦੁਬਾਰਾ ਜੀਵਿਤ ਹੋਣ ਦੀ ਅਫ਼ਵਾਹ ਅਤੇ ਰਤਨ ਸਿੰਘ ਭੰਗੂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਰ ਕੇ ਦੁਬਾਰਾ ਜੀਵਿਤ ਹੋਣ ਤੋਂ ਬਾਅਦ ਇੱਕ ਵਿਆਹ ਹੋਰ ਕਰਵਾਉਣ ਦੀ ਅਤੇ ਦਾਸੀ ਨਾਲ ਸੰਗ ਕਰਨ ਦੀ ਮਨਘੜਤ ਕਹਾਣੀ ਇਸ ਖਰੜੇ ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਪ੍ਰਮਾਣਿਕ ਕਰਦੇ ਹਵਾਲਿਆਂ ਨਾਲ ਆਪੇ ਰੱਦ ਹੋ ਜਾਂਦੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਦੋਵੇਂ ਗ੍ਰੰਥਾਂ ਦਾ ਅਧਿਐਨ ਸੰਪੂਰਨ ਹੋਣ ਤੋਂ ਬਾਅਦ ਅਗਲਾ ਅਧਿਆਇ ਮਿਸਲ ਕਾਲ ਦੇ ਅਧਿਐਨ ਨਾਲ ਸੰਬੰਧਿਤ ਹੈ। ਜਿਸ ਵਿੱਚ ਮਿਸਲ ਕਾਲ ਦਾ ਵਿਸਥਾਰਪੂਰਵਕ ਵਰਣਨ ਕੀਤਾ ਜਾਵੇਗਾ।

---

[289] ਰਤਨ ਸਿੰਘ ਭੰਗੂ, *ਉ. ਰ.,* ਪੰਨਾ 155.

[290] ਗੰਡਾ ਸਿੰਘ, *ਉ. ਰ.*, ਪੰਨਾ 142.

# ਅਧਿਆਇ ਪੰਜਵਾਂ

# ਮਿਸਲ ਕਾਲ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਦੀ ਅਗਵਾਈ ਕਰਨ ਵਾਲਾ ਕੋਈ ਯੋਗ ਆਗੂ ਨਾ ਰਿਹਾ। ਦੂਜੇ ਪਾਸੇ ਮੁਗਲੀਆ ਹਕੂਮਤ ਨੇ ਸਿੱਖਾਂ ਦੀ ਨਸਲਕੁਸ਼ੀ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸਿੱਖਾਂ ਨੇ ਆਪਣੀ ਹੋਂਦ ਬਚਾਉਣ ਲਈ ਘਰ-ਬਾਰ ਤਿਆਗ ਦਿੱਤੇ। ਉਨ੍ਹਾਂ ਨੇ ਜੰਗਲਾਂ, ਪਹਾੜਾਂ ਨੂੰ ਜਾਂ ਘੋੜਿਆਂ ਦੀਆਂ ਕਾਠੀਆਂ ਨੂੰ ਹੀ ਆਪਣੇ ਘਰ ਬਣਾ ਲਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਅਠਾਰਵ੍ਹੀਂ ਸਦੀ ਦਾ ਇਹ ਸਮਾਂ ਸਿੱਖ ਪੰਥ ਦਾ ਸਭ ਤੋਂ ਵੱਧ ਮੁਸ਼ਕਿਲ ਦੌਰ ਸੀ। ਇਸ ਸਮੇਂ ਦੌਰਾਨ ਜ਼ਕਰੀਆ ਖਾਂ, ਮੀਰ ਮਨੂੰ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਹਾਕਮਾਂ ਨੇ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਹਰ ਹੀਲਾ-ਵਸੀਲਾ ਵਰਤਿਆ। ਸਿੱਖਾਂ ਦੇ ਖੋਪਰ ਲਾਹੇ ਗਏ, ਸਿੱਖਾਂ ਨੂੰ ਚਰਖੜੀਆਂ 'ਤੇ ਚੜ੍ਹਾਇਆ ਗਿਆ, ਬੰਦ ਬੰਦ ਕੱਟਕੇ ਸ਼ਹੀਦ ਕੀਤਾ ਗਿਆ, ਸਿਰਾਂ ਦੇ ਮੁੱਲ ਪਾਏ ਗਏ ਅਤੇ ਸਿੱਖ ਬੱਚਿਆਂ ਦੇ ਟੋਟੇ ਕਰਕੇ, ਫ਼ੇਰ ਉਨ੍ਹਾਂ ਟੋਟਿਆਂ ਦੇ ਹਾਰ ਬਣਾ ਕੇ ਮਾਵਾਂ ਦੇ ਗਲਾਂ ਵਿੱਚ ਪਾਏ ਗਏ। ਸਿੱਖ ਪਰਿਵਾਰਾਂ ਦੇ ਨਿੱਕੇ-ਨਿੱਕੇ ਬੱਚਿਆਂ ਨੂੰ ਹਵਾ ਵਿੱਚ ਉਛਾਲ ਕੇ ਨੇਜ਼ਿਆਂ ਦੀਆਂ ਨੋਕਾਂ 'ਤੇ ਟੰਗਿਆ ਜਾਂਦਾ ਸੀ। ਪੰਥ ਨੂੰ ਦੋ ਘੱਲੂਘਾਰਿਆਂ ਵਿੱਚੋਂ ਵੀ ਗੁਜ਼ਰਨਾ ਪਿਆ। ਮੁੱਕਦੀ ਗੱਲ ਸਿੱਖਾਂ ਦਾ ਮੁਕੰਮਲ ਤੌਰ 'ਤੇ ਸਫ਼ਾਇਆ ਕਰਨ ਲਈ ਉਸ ਦੌਰ ਦੀ ਹਕੂਮਤ ਨੇ ਹਰ ਹਰਬ੍ਹਾ ਵਰਤਿਆ। 1716 ਈ. ਤੋਂ 1769 ਈ. ਤੱਕ ਅੱਧੀ ਸਦੀ ਦੇ ਇਸ ਮੁਸ਼ਕਿਲ ਦੌਰ ਵਿੱਚ ਅਨੇਕਾਂ ਔਕੜਾਂ ਅਤੇ ਮਾੜੇ ਹਾਲਾਤਾਂ ਦੇ ਬਾਵਜੂਦ ਸਿੱਖਾਂ ਨੇ ਕਦੇ ਵੀ ਹੌਂਸਲਾ ਨਹੀਂ ਹਾਰਿਆ ਅਤੇ ਆਪਣੇ ਸੰਘਰਸ਼ ਨੂੰ ਮੁਗਲਾਂ ਤੇ ਅਫ਼ਗਾਨਾਂ ਖਿਲਾਫ਼ ਨਿਰੰਤਰ ਜਾਰੀ ਰੱਖਿਆ ਅਤੇ ਦੁਸ਼ਮਣਾਂ ਨੂੰ ਕਦੇ ਵੀ ਸੁਖ ਦਾ ਸਾਹ ਨਾ ਲੈਣ ਦਿੱਤਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਨੂੰ ਜਿੰਨਾ ਜ਼ਿਆਦਾ ਦਬਾਉਣ ਦੀ ਕੋਸ਼ਿਸ਼ ਕੀਤੀ, ਸਿੱਖ ਉਸ ਤੋਂ ਵੀ ਦੁੱਗਣੇ ਜੋਸ਼ ਨਾਲ ਉੱਭਰ ਕੇ ਸਾਹਮਣੇ ਆਏ। ਇਸੇ ਸੰਘਰਸ਼ਮਈ ਸਮੇਂ ਦੌਰਾਨ ਸਿੱਖਾਂ ਨੇ ਹਾਲਾਤਾਂ ਦਾ ਟਾਕਰਾ ਕਰਦੇ ਹੋਏ ਆਪਣੇ ਆਪ ਨੂੰ ਛੋਟੇ-ਛੋਟੇ ਜਥਿਆਂ ਵਿੱਚ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਅਫ਼ਗਾਨ ਹੁਕਮਰਾਨ ਅਹਿਮਦ ਸ਼ਾਹ ਅਬਦਾਲੀ ਦੇ 1738 ਈ. ਦੇ ਹਮਲੇ ਵੇਲੇ ਤੱਕ ਪੰਜਾਬ ਦੇ ਹਰੇਕ ਪਿੰਡ ਵਿੱਚ ਇੱਕ ਸਿੱਖ ਸਰਦਾਰ ਅਤੇ ਉਸ ਦਾ ਜਥਾ ਵਿਕਸਿਤ ਹੋ ਚੁੱਕਾ ਸੀ। ਮੁਗਲਾਂ ਤੇ ਅਫ਼ਗਾਨਾਂ ਦੇ ਲਗਾਤਾਰ ਵੱਧਦੇ ਜ਼ੁਲਮਾਂ ਅਤੇ ਹਮਲਿਆਂ ਤੋਂ ਸਿੱਖਾਂ ਨੇ ਇਹ ਭਲੀ-ਭਾਂਤ ਜਾਣ

ਲਿਆ ਕਿ ਆਪਣੀ ਹੋਂਦ ਬਚਾਈ ਰੱਖਣ ਲਈ ਆਪਸੀ ਏਕਤਾ ਤੇ ਸਰਬ-ਸਾਂਝਾ ਸੰਗਠਨ ਹੋਣਾ ਅਤਿ ਜਰੂਰੀ ਹੈ। ਇਨ੍ਹਾਂ ਸਿੱਖ ਜਥਿਆਂ ਜਾਂ ਸਰਦਾਰਾਂ ਨੇ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਵਉੱਚ ਸੰਸਥਾ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਣਾ ਕਾਰਜ ਜਾਰੀ ਰੱਖਿਆ। ਸ੍ਰੀ ਅੰਮ੍ਰਿਤਸਰ ਸਾਰੇ ਸਿੱਖ ਸਰਦਾਰਾਂ ਦੀ ਸਾਂਝੀ ਰਾਜਧਾਨੀ ਬਣ ਗਿਆ। ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜੁੜੇ ਸਾਰੇ ਸਿੱਖ ਸਰਦਾਰਾਂ ਵਿੱਚੋਂ ਕਿਸੇ ਇੱਕ ਨੂੰ ਸਰਬਸੰਮਤੀ ਨਾਲ ਕੌਮ ਦਾ ਜਥੇਦਾਰ ਚੁਣਿਆ ਜਾਂਦਾ। ਸਾਰੇ ਸਿੱਖ ਸਰਦਾਰ ਅਤੇ ਸਿੱਖ ਕੌਮ ਉਸ ਚੁਣੇ ਗਏ ਜਥੇਦਾਰ ਨੂੰ ਸਰਵਪ੍ਰਵਾਨਿਤ ਆਗੂ ਦੇ ਤੌਰ 'ਤੇ ਸਵੀਕਾਰ ਕਰ ਲੈਂਦੇ। 1745 ਈ. ਵਿੱਚ ਜਥੇਦਾਰ ਸਰਦਾਰ ਕਪੂਰ ਸਿੰਘ ਨੇ ਅਕਾਲ ਤਖ਼ਤ ਦੀ ਮਨਜ਼ੂਰੀ ਨਾਲ ਸਿੱਖ ਜਥਿਆਂ ਨੂੰ ਦਲ ਖ਼ਾਲਸਾ ਵਿੱਚ ਬਦਲ ਦਿੱਤਾ ਤੇ ਅੱਗੇ ਜਾ ਕੇ ਦਲ ਖ਼ਾਲਸਾ ਨੂੰ ਬੁੱਢਾ ਦਲ ਅਤੇ ਤਰੁਨਾ ਦਲ ਵਿੱਚ ਵੰਡ ਦਿੱਤਾ। 1748 ਈ. ਦੇ ਸਰਬੱਤ ਖ਼ਾਲਸਾ ਦੌਰਾਨ ਬੁੱਢਾ ਦਲ ਅਤੇ ਤਰੁਨਾ ਦਲ ਨੂੰ ਗਿਆਰ੍ਹਾਂ ਸਿੱਖ ਜਥਿਆਂ ਵਿੱਚ ਸੰਗਠਿਤ ਕਰ ਦਿੱਤਾ। ਅੱਗੇ ਜਾ ਕੇ ਇਹ ਜਥੇ ਆਪਣੇ ਸਰਦਾਰਾਂ ਦੇ ਗੋਤਰ, ਲਕਬ ਜਾਂ ਪਿੰਡ ਦੇ ਨਾਂ ਨਾਲ ਜਾਣੇ ਜਾਣ ਲੱਗੇ ਅਤੇ ਇਨ੍ਹਾਂ ਜਥਿਆਂ ਨੂੰ ਹੀ ਮਿਸਲਾਂ ਕਿਹਾ ਜਾਣ ਲੱਗਾ।

ਗਿਆਨੀ ਗਿਆਨ ਸਿੰਘ ਵੀ ਲਿਖਦਾ ਹੈ ਕਿ ਮਿਸਲਾਂ ਦੀ ਉਤਪਤੀ ਨਵਾਬ ਕਪੂਰ ਸਿੰਘ ਵੱਲੋਂ ਬਣਾਏ ਪੰਜ ਜਥਿਆਂ ਵਿੱਚੋਂ ਹੀ ਹੋਈ।[1] ਗਿਆਨੀ ਗਿਆਨ ਸਿੰਘ ਦੇ ਦੱਸਣ ਅਨੁਸਾਰ ਪਹਿਲਾ ਜੱਥਾ ਬਾਬਾ ਦੀਪ ਸਿੰਘ ਦੀ ਅਗਵਾਈ ਵਿੱਚ ਬਣਿਆ। ਕਰਮ ਸਿੰਘ ਅਤੇ ਧਰਮ ਸਿੰਘ ਦੀ ਅਗਵਾਈ ਹੇਠ ਦੂਜਾ ਜਥਾ ਖੱਤਰੀ ਸਿੰਘਾਂ ਦਾ ਬਣਾਇਆ ਗਿਆ। ਤੀਸਰਾ ਜਥਾ ਬਾਬਾ ਕਾਨ੍ਹ ਸਿੰਘ, ਬਿਨੋਦ ਸਿੰਘ ਦੀ ਅਗਵਾਈ ਵਿੱਚ ਗੁਰੂਆਂ ਦੀ ਅੰਸ਼ ਨਾਲ ਜਾਂ ਗੁਰ ਪਰਿਵਾਰਾਂ ਨਾਲ ਸੰਬੰਧਿਤ ਸਿੰਘਾਂ ਲਈ ਬਣਾਇਆ ਗਿਆ। ਚੌਥਾ ਜਥਾ ਦਸੌਂਧਾ ਸਿੰਘ ਦੀ ਅਗਵਾਈ ਹੇਠ ਜੱਟ ਸਿੱਖਾਂ ਦਾ ਬਣਾਇਆ ਗਿਆ। ਪੰਜਵਾਂ ਜਥਾ ਭਾਈ ਮਦਨ ਸਿੰਘ ਦੀ ਅਗਵਾਈ ਹੇਠ ਮਜ਼ਬੀ ਸਿੰਘਾਂ ਦਾ ਬਣਾਇਆ ਗਿਆ। ਹਰੇਕ ਜਥੇ ਨੂੰ ਆਪਣਾ ਵੱਖਰਾ ਇੱਕ ਨਿਸ਼ਾਨ ਅਤੇ ਨਗਾਰਾ ਵੀ ਦਿੱਤਾ ਗਿਆ।[2] ਪੰਜ ਜਥਿਆਂ ਦੀ ਗੱਲ ਸੋਹਣ ਸਿੰਘ ਸੀਤਲ ਵੀ ਕਰਦਾ ਹੈ।[3] ਰਤਨ ਸਿੰਘ ਭੰਗੂ ਵੀ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਉਕਤ ਜਾਣਕਾਰੀ ਹੂ-ਬ-ਹੂ ਦੇ ਰਿਹਾ ਹੈ। ਪਰ ਉਹ ਮਦਨ

---

1 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 1154.

2 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨੇ 657-659.

3 ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993, ਪੰਨੇ 9-10.

ਸਿੰਘ ਦੀ ਥਾਂ ਤੇ ਵੀਰ ਸਿੰਘ ਨੂੰ ਪੰਜਵੇਂ ਜਥੇ ਦਾ ਆਗੂ ਲਿਖ ਰਿਹਾ ਹੈ।[4] ਰਤਨ ਸਿੰਘ ਭੰਗੂ ਸਾਖੀ 'ਪ੍ਰਿਥਮੇ ਕਸੂਰ ਮਾਰਨ ਕੀ ਸਾਖੀ' ਵਿੱਚ ਸੰਮਤ 1817 ਬਿਕ੍ਰਮੀ ਵਿੱਚ ਰਾਮਗੜ੍ਹੀਆ, ਕਨ੍ਹੱਈਏ, ਸ਼ੁੱਕਰਚੱਕੀਏ, ਨੱਕਈਏ ਅਤੇ ਭੰਗੀ ਸਮੇਤ ਪੰਜ ਮਿਸਲਾਂ ਦੁਆਰਾ ਅੰਮ੍ਰਿਤਸਰ ਵਿੱਚ ਰਹਿਣ ਦੀ ਅਤੇ ਬਾਕੀ ਦੀਆਂ ਮਿਸਲਾਂ ਦੇ ਬਿਆਸ ਦਰਿਆ ਦੇ ਪਾਰ ਹੋਣ ਦਾ ਜ਼ਿਕਰ ਕਰਦਾ ਹੈ। ਉਹ ਸਿੰਘਾਂ ਦੁਆਰਾ ਕਸੂਰ ਉੱਤੇ ਹਮਲਾ ਅਤੇ ਕਸੂਰ ਫ਼ਤਿਹ ਕਰਨ ਦੀ ਜਾਣਕਾਰੀ ਵੀ ਦਿੰਦਾ ਹੈ।[5] ਪਰ ਅਹਿਮਦ ਸ਼ਾਹ ਬਟਾਲਵੀ ਆਪਣੀ ਰਚਨਾ ਕਿਤਾਬ-ਏ-ਹਿੰਦ ਵਿੱਚ ਲਿਖਦਾ ਹੈ ਕਿ ਸਿਆਲਕੋਟ ਦੇ ਹਾਕਮ ਜਹਾਨ ਖਾਨ ਦੇ ਅਧੀਨ ਸਿੱਖਾਂ ਨਾਲ ਲੜਨ ਲਈ ਅਫ਼ਗਾਨਾਂ ਦੀ ਭਾਰੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਉਣ ਤੋਂ ਬਾਅਦ ਸਿੱਖਾਂ ਦੇ ਹੌਂਸਲੇ ਬਹੁਤ ਵਧ ਗਏ ਅਤੇ ਹਰੇਕ ਸਿੱਖ ਸਰਦਾਰ ਨੇ ਆਪਣੇ ਰਾਜ-ਭਾਗ ਦੇ ਲਈ ਇਲਾਕੇ ਜਿੱਤਣ ਵਾਸਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸਿਰਕੱਢ ਸਿੱਖ ਸਰਦਾਰਾਂ ਨੇ ਆਪਣੇ ਜਥਿਆਂ ਦਾ ਨਾਂ ਆਪਣੇ ਪਿੰਡਾਂ ਦੇ ਨਾਂ ਉੱਪਰ ਜਾਂ ਜਥੇ ਦੇ ਸਰਦਾਰ ਦੇ ਗੋਤਰ ਜਾਂ ਲਕਬ ਉੱਪਰ ਰੱਖਿਆ, ਜੋ ਬਾਅਦ ਵਿੱਚ ਮਿਸਲਾਂ ਦੇ ਨਾਂ ਨਾਲ ਜਾਣੇ ਗਏ।[6]

ਰਤਨ ਸਿੰਘ ਭੰਗੂ ਦੇ ਦੱਸਣ ਅਨੁਸਾਰ ਇਨ੍ਹਾਂ ਸਾਰੇ ਜਥੇ ਜਾਂ ਮਿਸਲਾਂ ਦਾ ਅੰਮ੍ਰਿਤਸਰ ਸ਼ਹਿਰ ਉੱਪਰ ਸਾਂਝਾ ਅਧਿਕਾਰ ਸੀ।[7] ਇਸ ਗੱਲ ਦੀ ਪੁਸ਼ਟੀ ਅਹਿਮਦ ਸ਼ਾਹ ਬਟਾਲਵੀ ਵੀ ਕਰਦਾ ਹੈ ਅਤੇ ਇਸ ਦਾ ਅੱਗੇ ਵਿਸਥਾਰ ਦਿੰਦਾ ਹੋਇਆ ਲਿਖਦਾ ਹੈ ਕਿ ਹਰੇਕ ਸਿੱਖ ਸਰਦਾਰ ਨੇ ਗੁਰਦੁਆਰਾ ਅੰਮ੍ਰਿਤਸਰ ਦੇ ਦੁਆਲੇ ਆਪਣਾ ਇੱਕ ਵੱਖਰਾ ਕਿਲ੍ਹਾ ਅਤੇ ਮੁਹੱਲਾ ਵਸਾਇਆ ਜੋ ਕੱਟੜੇ ਦੇ ਨਾਂ ਨਾਲ ਪ੍ਰਸਿੱਧ ਹੋਇਆ, ਜਿਵੇਂ ਕਿ ਕੱਟੜਾ ਭੰਗੀਆਂ, ਕੱਟੜਾ ਕਨ੍ਹੱਈਆ ਆਦਿ। ਅਹਿਮਦ ਸ਼ਾਹ ਬਟਾਲਵੀ ਨਾਲ ਇਹ ਵੀ ਲਿਖਦਾ ਹੈ ਕਿ ਹਰੇਕ ਮਿਸਲ ਦਾ ਸਰਦਾਰ ਸੁਤੰਤਰ ਸੀ। ਉਹ ਕਿਸੇ ਦੇ ਵੀ ਅਧੀਨ ਨਹੀਂ ਸੀ। ਕਈ ਇਲਾਕਿਆਂ ਵਿੱਚ ਕਈ-ਕਈ ਸਰਦਾਰਾਂ ਦਾ ਸਾਂਝਾ ਰਾਜ ਵੀ ਚਲਦਾ ਸੀ। ਕਨ੍ਹੱਈਏ ਅਤੇ ਰਾਮਗੜ੍ਹੀਏ ਤਾਂ ਕਈ ਸਾਲਾਂ ਤੱਕ ਸਾਂਝੇ ਇਲਾਕਿਆਂ ਉੱਪਰ ਹੀ ਰਾਜ ਕਰਦੇ ਰਹੇ। ਉਨ੍ਹਾਂ ਵੇਲਿਆਂ ਵਿੱਚ ਲਾਹੌਰ ਸ਼ਹਿਰ ਵੀ ਤਿੰਨ ਸਿੱਖ ਸਰਦਾਰਾਂ ਦੇ ਅਧੀਨ ਪੈਂਦਾ ਸੀ।[8]

ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ, ਜੋ ਕਿ ਮਿਸਲ

---

4 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 210.

5 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 360.

6 ਅਹਿਮਦ ਸ਼ਾਹ ਬਟਾਲਵੀ, *ਤਾਰੀਖ਼-ਏ-ਪੰਜਾਬ,* (ਅਨੁ. ਗੁਰਬਖਸ਼ ਸਿੰਘ), ਪੰਜਾਬੀ, ਯੂਨੀਵਰਸਿਟੀ, ਪਟਿਆਲਾ 1969, ਪੰਨੇ 36-37.

7 ਰਤਨ ਸਿੰਘ ਭੰਗੂ, *ਉ. ਰ.,* ਪੰਨਾ 385.

8 ਅਹਿਮਦ ਸ਼ਾਹ ਬਟਾਲਵੀ, *ਤਾਰੀਖ਼-ਏ-ਪੰਜਾਬ,* ਪੰਨੇ 37-38.

ਸ਼ਹੀਦਾਂ, ਮਿਸਲ ਕਨ੍ਹੱਈਆ, ਮਿਸਲ ਭੰਗੀ, ਮਿਸਲ ਨੱਕਈ, ਮਿਸਲ ਸ਼ੁੱਕਰਚੱਕੀਆ, ਮਿਸਲ ਰਾਮਗੜ੍ਹੀਆ, ਮਿਸਲ ਡੱਲੇਵਾਲੀਆ, ਮਿਸਲ ਨਿਸ਼ਾਨਵਾਲੀਆ, ਮਿਸਲ ਕਰੋੜਸਿੰਘੀਆ, ਮਿਸਲ ਸਿੰਘਪੁਰੀਆ, ਮਿਸਲ ਆਹਲੂਵਾਲੀਆ ਅਤੇ ਮਿਸਲ ਫੂਲਕੀਆਂ ਦਾ ਜ਼ਿਕਰ ਕਰਦਾ ਹੈ।[9] ਉਪਰੋਕਤ ਤੱਥ ਦੀ ਪੁਸ਼ਟੀ ਕਨ੍ਹੱਈਆ ਲਾਲ ਅਤੇ ਸੋਹਣ ਸਿੰਘ ਸੀਤਲ ਦੁਆਰਾ ਵੀ ਆਪਣੀਆਂ ਲਿਖਤਾਂ ਵਿੱਚ ਵੀ ਕੀਤੀ ਗਈ ਹੈ। ਪਰ ਉਹ ਸਿੰਘਪੁਰੀਆ ਮਿਸਲ ਦੀ ਥਾਂ 'ਤੇ ਉਸ ਦਾ ਨਾਂ ਫ਼ੈਜ਼ਲਪੁਰੀਆ ਮਿਸਲ ਲਿਖ ਰਹੇ ਹਨ।[10]

ਪਰ ਰਤਨ ਸਿੰਘ ਭੰਗੂ ਦੇ ਅਨੁਸਾਰ ਪੰਜ ਮਿਸਲਾਂ ਬੁੱਢਾ ਦਲ ਵਿੱਚੋਂ ਬਣੀਆਂ। ਜਿਨ੍ਹਾਂ ਨੂੰ ਉਹ ਮਝੈਲਾਂ ਦੀਆਂ ਮਿਸਲਾਂ ਲਿਖਦਾ ਹੈ ਅਤੇ ਤਰਨਾ ਦਲ ਵਿੱਚੋਂ ਉਪਜੀਆਂ ਪੰਜ ਮਿਸਲਾਂ ਦੁਆਰਾ ਲਾਹੌਰ ਦੇ ਪਾਰ ਦੇ ਇਲਾਕੇ 'ਤੇ ਕਬਜ਼ਾ ਕਰਨ ਦੀ ਗੱਲ ਕਰਦਾ ਹੈ ਅਤੇ ਬੁੱਢਾ ਦਲ ਦੀਆਂ ਪੰਜ ਮਿਸਲਾਂ ਦਾ ਅੰਮ੍ਰਿਤਸਰ ਤੋਂ ਲੈ ਕੇ ਦਰਿਆ ਜਮਨਾ ਤੱਕ ਦੇ ਇਲਾਕੇ 'ਤੇ ਕਬਜ਼ਾ ਹੋਣ ਦੀ ਗੱਲ ਕਰਦਾ ਹੈ। ਉਹ ਫੂਲਕੀਆਂ (ਫੂਲਕਿਆਂ) ਨੂੰ ਇਸ ਇਲਾਕੇ ਵਿੱਚ ਛੇਵੀਂ ਮਿਸਲ ਦੱਸਦਾ ਹੈ। ਇਸ ਤਰ੍ਹਾਂ ਰਤਨ ਸਿੰਘ ਭੰਗੂ ਦੇ ਅਨੁਸਾਰ ਮਿਸਲਾਂ ਦੀ ਗਿਣਤੀ ਗਿਆਰ੍ਹਾਂ ਬਣਦੀ ਹੈ।[11] ਰਤਨ ਸਿੰਘ ਭੰਗੂ ਬਾਰ੍ਹਵੀਂ ਮਿਸਲ, ਮਿਸਲ ਸ਼ਹੀਦਾਂ ਦਾ ਵੇਰਵਾ ਆਪਣੀ ਮਿਸਲਾਂ ਸੰਬੰਧੀ ਲਿਖਤ ਵਿੱਚ ਨਹੀਂ ਦੇ ਰਿਹਾ ਹੈ। ਮਿਸਲਾਂ ਸੰਬੰਧੀ ਆਪਣੇ ਗ੍ਰੰਥਾਂ ਵਿੱਚ ਦੋਵੇਂ ਲੇਖਕ ਹੇਠ ਲਿਖੇ ਅਨੁਸਾਰ ਦੱਸਦੇ ਹਨ: -

## ਮਿਸਲ ਸ਼ਹੀਦਾਂ

ਰਤਨ ਸਿੰਘ ਭੰਗੂ ਮਿਸਲ ਸ਼ਹੀਦਾਂ ਬਾਰੇ ਕੋਈ ਵੇਰਵਾ ਨਹੀਂ ਦੇ ਰਿਹਾ, ਪਰ ਗਿਆਨੀ ਗਿਆਨ ਸਿੰਘ ਮਿਸਲ ਸ਼ਹੀਦਾਂ ਬਾਰੇ ਲਿਖਦਾ ਹੋਇਆ ਸ਼ਹੀਦ ਬਾਬਾ ਦੀਪ ਸਿੰਘ ਨੂੰ ਇਸ ਮਿਸਲ ਦਾ ਮੋਢੀ ਦੱਸਦਾ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਦੀਪ ਸਿੰਘ ਜੀ ਦਾ ਪਿੰਡ ਪੋਹੂ ਅੰਮ੍ਰਿਤਸਰ ਦੇ ਨਜ਼ਦੀਕ ਸੀ ਅਤੇ ਉਹ ਸੰਧੂ ਜੱਟ ਸੀ। ਜਦੋਂ ਬਾਬਾ ਦੀਪ ਸਿੰਘ ਜੀ ਅਫ਼ਗਾਨਾਂ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰ ਗਏ ਤਾਂ ਉਸ ਤੋਂ ਬਾਅਦ ਸੁੱਧਾ ਸਿੰਘ ਦੇ ਹੱਥ ਸ਼ਹੀਦਾਂ ਮਿਸਲ ਦੀ ਵਾਗਡੋਰ ਆਈ। ਇੱਕ ਸਾਲ ਦੇ ਅੰਦਰ ਹੀ ਸੁੱਧਾ ਸਿੰਘ ਵੀ ਚੜ੍ਹਾਈ ਕਰ ਗਿਆ। ਸੁੱਧਾ ਸਿਘ ਤੋਂ ਬਾਅਦ ਪਿੰਡ ਮਰ੍ਹਾਕੇ ਦਾ ਕਰਮ ਸਿੰਘ ਸੰਧੂ ਸ਼ਹੀਦਾਂ ਮਿਸਲ ਦਾ ਸਰਦਾਰ ਬਣਿਆ। ਸੰਮਤ 1820 ਬਿਕ੍ਰਮੀ ਵਿੱਚ ਜਦੋਂ ਖ਼ਾਲਸੇ ਨੇ ਸਰਹਿੰਦ ਫ਼ਤਿਹ ਕੀਤੀ ਤਾਂ ਸ਼ਹੀਦਾਂ

---

9 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1154.

10 ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ,* (ਅਨੁ. ਜੀਤ ਸਿੰਘ ਸੀਤਲ), ਪੰਜਾਬੀ ਯੂਨੀਵਰਸਿਟੀ ਪਟਿਆਲਾ 1961, ਪੰਨਾ 84; ਸੋਹਣ ਸਿੰਘ ਸੀਤਲ, *ਸਿੱਖ ਮਿਸਲ ਤੇ ਸਰਦਾਰ ਘਰਾਣੇ,* ਪੰਨਾ 16.

11 ਰਤਨ ਸਿੰਘ ਭੰਗੂ, *ਉ. ਰ.,* ਪੰਨੇ 383-385.

ਮਿਸਲ ਦੇ ਕਰਮ ਸਿੰਘ ਨੇ ਇਸ ਦੇ ਆਲੇ-ਦੁਆਲੇ ਦੇ ਕਈ ਇਲਾਕੇ ਮੱਲ ਲਏ। ਕਰਮ ਸਿੰਘ ਨੇ ਤਲਵੰਡੀ ਸਾਬੋ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਦੇ ਆਲੇ-ਦੁਆਲੇ ਦਾ ਇਲਾਕਾ ਵੀ ਮੱਲ ਲਿਆ।[12] ਗਿਆਨੀ ਗਿਆਨ ਸਿੰਘ ਦੇ ਉਪਰੋਕਤ ਹਵਾਲਿਆਂ ਦੀ ਪੁਸ਼ਟੀ ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੱਲੋਂ ਵੀ ਕੀਤੀ ਗਈ ਹੈ।[13] ਪਰ ਗਿਆਨੀ ਗਿਆਨ ਸਿੰਘ ਦੇ ਉਲਟ ਕਨ੍ਹੱਈਆ ਲਾਲ ਸ਼ਹੀਦਾਂ ਮਿਸਲ ਦਾ ਮੋਢੀ ਗੁਰਬਖਸ਼ ਸਿੰਘ ਅਤੇ ਕਰਮ ਸਿੰਘ ਨੂੰ ਮੰਨਦਾ ਹੈ ਤੇ ਲਿਖਦਾ ਹੈ ਕਿ ਦਮਦਮਾ ਸਾਹਿਬ ਵਿਖੇ ਇਨ੍ਹਾਂ ਦੇ ਬਜੁਰਗਾਂ ਦਾ ਮੁਸਲਮਾਨਾਂ ਹੱਥੋਂ ਕਤਲ ਹੋਣ ਕਾਰਨ ਇਸ ਮਿਸਲ ਦਾ ਨਾਂ ਮਿਸਲ ਸ਼ਹੀਦ ਬੂੰਗੀਆਂ ਪੈ ਗਿਆ।[14]

ਕਰਮ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਗੁਲਾਬ ਸਿੰਘ ਮਿਸਲ ਸ਼ਹੀਦਾਂ ਦੀ ਗੱਦੀ ਉੱਪਰ ਬੈਠਾ। ਪਰ ਉਸ ਦੇ ਹੱਥੋਂ ਸ਼ਹੀਦਾਂ ਮਿਸਲ ਦੇ ਕਬਜ਼ੇ ਹੇਠਲੇ ਇਲਾਕਿਆਂ ਵਿੱਚੋਂ ਕੁਝ ਇਲਾਕੇ ਖੁੱਸ ਗਏ। ਗੁਲਾਬ ਸਿੰਘ ਨੇ ਵੀ ਕੁਝ ਸਮਾਂ ਹੀ ਰਾਜ ਕੀਤਾ।[15] ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਆਪਣੀ ਲਿਖਤ ਵਿੱਚ ਗੁਲਾਬ ਸਿੰਘ ਦੁਆਰਾ ਅੰਗਰੇਜ਼ਾਂ ਦੀ ਸਰਪ੍ਰਸਤੀ ਕਬੂਲਣ ਦੀ ਗੱਲ ਲਿਖਦੇ ਹਨ।[16] ਪਰ ਗਿਆਨੀ ਗਿਆਨ ਸਿੰਘ ਗੁਲਾਬ ਸਿੰਘ ਦੁਆਰਾ ਅੰਗਰੇਜ਼ਾਂ ਦੀ ਸਰਪ੍ਰਸਤੀ ਕਬੂਲਣ ਬਾਬਤ ਕੋਈ ਜਾਣਕਾਰੀ ਨਹੀਂ ਦੇ ਰਿਹਾ।

ਗੁਲਾਬ ਸਿੰਘ ਪਿੱਛੋਂ ਉਸ ਦਾ ਪੁੱਤਰ ਸ਼ਹੀਦਾਂ ਮਿਸਲ ਦੀ ਗੱਦੀ 'ਤੇ ਬੈਠਾ। ਜਿਸ ਦਾ ਗਿਆਨੀ ਗਿਆਨ ਸਿੰਘ ਨਾਂ ਨਹੀਂ ਦੱਸਦਾ ਅਤੇ ਉਹ ਵੀ ਜਲਦੀ ਹੀ ਸੁਰਗਵਾਸ ਹੋ ਗਿਆ। ਗੁਲਾਬ ਸਿੰਘ ਦੇ ਪੁੱਤਰ ਦੇ ਸਵਰਗਵਾਸ ਹੋਣ ਤੋਂ ਮਗਰੋਂ ਉਸ ਦਾ ਪੁੱਤਰ ਜੀਵਨ ਸਿੰਘ ਸ਼ਹੀਦਾਂ ਮਿਸਲ ਦੀ ਗੱਦੀ ਦਾ ਹੱਕਦਾਰ ਬਣਿਆ। ਜਿਸ ਦਾ ਵਿਆਹ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਦੀ ਸਪੁੱਤਰੀ ਨਾਲ ਹੋਈ। ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੇ ਜੀਵਨ ਸਿੰਘ ਦੀ ਆਰਥਿਕ ਤੌਰ 'ਤੇ ਵੀ ਬੜੀ ਮਦਦ ਕੀਤੀ। ਦੂਜਾ ਪਟਿਆਲਾ ਰਿਆਸਤ ਨਾਲ ਰਿਸ਼ਤੇਦਾਰੀ ਹੋਣ ਕਰਕੇ ਜੀਵਨ ਸਿੰਘ ਦੇ ਇੱਜ਼ਤ-ਮਾਣ ਵਿੱਚ ਵੀ ਬਹੁਤ ਵਾਧਾ ਹੋਇਆ। ਗਿਆਨੀ ਗਿਆਨੀ ਸਿੰਘ ਸ਼ਹੀਦਾਂ ਮਿਸਲ ਦੇ ਹੋਰ ਸਰਦਾਰਾਂ ਬਾਰੇ ਵੇਰਵਾ ਦਿੰਦਾ ਹੋਇਆ

---

12 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1154-1157.

13 Bhagat Singh, *History of Sikh Misls,* Punjabi University, Patiala 1993 (Second Edition), pp.241-246; ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 86-88.

14 ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ,* ਪਟਿਆਲਾ, 1961, ਪੰਨਾ 102.

15 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1157.

16 Lepel H. Griffin, *The Rajas of Punjab,* Trubner & Co., 57 & 59 Ludgate Hill, London, 1873. 2nd edition, p.44; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 90.

ਦੱਸਦਾ ਹੈ ਕਿ ਸ਼ਹੀਦਾਂ ਮਿਸਲ ਵਿੱਚ ਗੁਰਬਖਸ਼ ਸਿੰਘ ਨਾਂ ਦਾ ਬਹਾਦਰ ਸਰਦਾਰ ਸੀ, ਜੋ ਅੰਮ੍ਰਿਤਸਰ ਵਿੱਚ ਸ਼ਹੀਦੀ ਪ੍ਰਾਪਤ ਕਰਦਾ ਹੈ। ਗੁਰਬਖਸ਼ ਸਿੰਘ ਦੀ ਮੌਤ ਤੋਂ ਬਾਅਦ ਸਰਦਾਰ ਸੂਬਾ ਸਿੰਘ ਉਸ ਦਾ ਕਾਰਜਭਾਰ ਸੰਭਾਲਦਾ ਹੈ ਤੇ ਨਾਲ ਹੀ ਉਹ ਅਨੰਦਪੁਰ ਦੀ ਦੇਖ-ਰੇਖ ਵੀ ਕਰਦਾ ਹੈ। ਸ਼ਹੀਦਾਂ ਮਿਸਲ ਦੇ ਪ੍ਰੇਮ ਸਿੰਘ ਨਾਂ ਦੇ ਸਰਦਾਰ ਨੇ ਕੁਰਾਲੀ ਦੇ ਨੇੜੇ ਦੇ ਇਲਾਕਿਆਂ 'ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਇੰਬਲੀ ਦੇ ਇਲਾਕੇ ਦੀ ਦੇਖ-ਰੇਖ ਨੱਥਾ ਸਿੰਘ ਨੇ ਸੰਭਾਲੀ ਹੋਈ ਸੀ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮਿਸਲ ਸ਼ਹੀਦਾਂ ਨੇ ਸਿਆਲਕੋਟ ਦੇ ਲਾਗੇ ਦੇ ਵੀ ਕਾਫ਼ੀ ਇਲਾਕਿਆਂ ਉੱਪਰ ਕਬਜ਼ਾ ਜਮਾਇਆ ਹੋਇਆ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਸ਼ਹੀਦਾਂ ਮਿਸਲ ਨੇ ਸਿਆਲਕੋਟ ਵਿਖੇ ਬੇਰ ਸਾਹਿਬ ਗੁਰਦੁਆਰੇ ਦਾ ਨਿਰਮਾਣ ਵੀ ਕਰਵਾਇਆ।[17] ਰਤਨ ਸਿੰਘ ਭੰਗੂ ਜਲਾਲਾਬਾਦ ਲਹਾਰੀ ਦੇ ਨਵਾਬ ਹਸਨ ਖਾਂ ਖਿਲਾਫ਼ ਚੜ੍ਹਾਈ ਦੌਰਾਨ ਨਿਹੰਗ ਸ਼ਹੀਦਾਂ ਵੱਲੋਂ ਸਿੱਖਾਂ ਦੀ ਅਗਵਾਈ ਕਰਨ ਦੀ ਗੱਲ ਤਾਂ ਕਰਦਾ ਹੈ। ਪਰ ਸ਼ਹੀਦਾਂ ਦੇ ਜਥੇ ਕਿਸੇ ਆਗੂ ਦਾ ਨਾਂ ਨਹੀਂ ਲੈਂਦਾ।[18] ਜਦੋਂ ਕਿ ਸੋਹਣ ਸਿੰਘ ਸੀਤਲ ਨਿਹੰਗ ਸ਼ਹੀਦਾਂ ਦੇ ਕਰਮ ਸਿੰਘ ਵੱਲੋਂ ਇਸ ਲੜਾਈ ਵਿੱਚ ਵੱਲੋਂ ਸਿੱਖਾਂ ਦੀ ਅਗਵਾਈ ਕਰਨ ਦਾ ਜ਼ਿਕਰ ਕਰਦਾ ਹੈ।[19]

ਗਿਆਨੀ ਗਿਆਨ ਸਿੰਘ ਸੰਮਤ 1819 ਬਿਕ੍ਰਮੀ ਵਿੱਚ ਅਫ਼ਗਾਨਾਂ ਦੁਆਰਾ ਸ਼ਾਹਬਾਦ ਦਾ ਇਲਾਕਾ ਲੁੱਟ ਕੇ ਹਿੰਦੂ ਇਸਤਰੀਆਂ ਨੂੰ ਬੰਦੀ ਬਣਾ ਕੇ ਲਿਜਾਣ ਦੀ ਗੱਲ ਲਿਖਦਾ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਸ਼ਹੀਦਾਂ ਮਿਸਲ ਜਾਂ ਮਿਸਲ ਨਿਹੰਗਾਂ ਦੇ ਭਾਈ ਦਿਆਲ ਸਿੰਘ, ਨੱਥਾ ਸਿੰਘ, ਦੀਵਾਨ ਸਿੰਘ, ਜੀਤ ਸਿੰਘ, ਮੋਹਰ ਸਿੰਘ ਦੁਆਰਾ ਅਤੇ ਹੋਰ ਅੱਠ ਕੁ ਹਜ਼ਾਰ ਸਿੰਘਾਂ ਦੀ ਮਦਦ ਨਾਲ ਪਠਾਣਾਂ ਜਾਂ ਅਫ਼ਗਾਨਾਂ 'ਤੇ ਹਮਲਾ ਕਰਕੇ ਹਿੰਦੂ ਇਸਤਰੀਆਂ ਨੂੰ ਅਜ਼ਾਦ ਕਰਵਾਉਣ ਦਾ ਵਰਣਨ ਵੀ ਕਰਦਾ ਹੈ।[20] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਦਿਆਲ ਸਿੰਘ ਦੀ ਮੌਤ ਤੋਂ ਬਾਅਦ ਨੱਥਾ ਸਿੰਘ ਨੇ ਸਿਆਲਕੋਟ ਦਾ ਕਾਰਜਭਾਰ ਸੰਭਾਲਿਆ। ਉਸ ਨੇ ਵੀ ਦਿਆਲ ਸਿੰਘ ਵਾਂਗ ਵਿਆਹ ਨਾ ਕਰਵਾਇਆ ਤੇ ਪੰਥ ਦੀ ਆਪਾਰ ਸੇਵਾ ਕੀਤੀ। ਮਹਾਰਾਜਾ ਰਣਜੀਤ ਸਿੰਘ ਵੀ ਉਸ ਦਾ ਬਹੁਤ ਆਦਰ ਸਨਮਾਨ ਕਰਦਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਇਲਾਕੇ ਦਾ ਇੱਕ ਵੀ ਪਿੰਡ ਨਾ ਮੱਲਿਆ, ਬਲਕਿ ਮਹਾਰਾਜੇ ਵੱਲੋਂ ਨੱਥਾ ਸਿੰਘ ਨੂੰ ਹੋਰ ਪਿੰਡ

---

17 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1157-1158.

18 ਰਤਨ ਸਿੰਘ ਭੰਗੂ, *ਉ. ਰ.,* ਪੰਨਾ 413.

19 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 89.

20 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1159-1160.

ਭੇਟ ਕੀਤੇ ਗਏ।[21] ਅਹਿਮਦ ਸ਼ਾਹ ਬਟਾਲਵੀ ਆਪਣੀ ਲਿਖਤ ਤਾਰੀਖ਼-ਏ-ਪੰਜਾਬ ਵਿੱਚ ਸ਼ਹੀਦਾਂ ਮਿਸਲ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਿਹਾ।

## ਮਿਸਲ ਭੰਗੀ

ਗਿਆਨੀ ਗਿਆਨ ਸਿੰਘ ਭੰਗੀ ਮਿਸਲ ਬਾਰੇ ਦੱਸਦਾ ਹੈ ਕਿ ਇਸ ਮਿਸਲ ਦਾ ਨਾਂ ਭੰਗੀ ਮਿਸਲ ਤਾਂ ਪਿਆ, ਕਿਉਂਕਿ ਇਸ ਮਿਸਲ ਦਾ ਮੋਢੀ ਛੱਜਾ ਸਿੰਘ ਪੰਜਵੜ ਭੰਗ ਪੀਣ ਦਾ ਆਦੀ ਸੀ।[22] ਸੋਹਣ ਸਿੰਘ ਸੀਤਲ ਵੀ ਛੱਜਾ ਸਿੰਘ ਦੇ ਮੋਢੀ ਹੋਣ ਦੀ ਪੁਸ਼ਟੀ ਕਰਦਾ ਹੈ, ਪਰ ਜਗਤ ਸਿੰਘ ਦੇ ਭੰਗ ਪੀਣ ਕਾਰਣ ਜਥੇ ਦਾ ਨਾਂ ਭੰਗੀ ਪਿਆ ਲਿਖਦਾ ਹੈ।[23] ਗਿਆਨੀ ਗਿਆਨ ਸਿੰਘ ਅੱਗੇ ਲਿਖਦਾ ਹੈ ਕਿ ਹਰੀ ਸਿੰਘ ਭੰਗੀ ਮਿਸਲ ਦਾ ਸਿਰਕੱਢ ਸਰਦਾਰ ਸੀ। ਉਹ ਹੰਝ ਪਿੰਡ ਦੇ ਢਿੱਲੋਂ ਜੱਟ ਭੋਮਾ ਸਿੰਘ ਦਾ ਪੁੱਤਰ ਸੀ।[24] ਗਿਆਨੀ ਗਿਆਨ ਸਿੰਘ ਦੁਆਰਾ ਛੱਜਾ ਸਿੰਘ ਅਤੇ ਹਰੀ ਸਿੰਘ ਬਾਰੇ ਦਿੱਤੀ ਜਾਣਕਾਰੀ ਦੀ ਪੁਸ਼ਟੀ ਅਹਿਮਦ ਸ਼ਾਹ ਬਟਾਲਵੀ ਵੀ ਕਰਦਾ ਹੈ। ਪਰ ਉਹ ਹਰੀ ਸਿੰਘ ਨੂੰ ਵੀ ਗਿਆਨੀ ਗਿਆਨ ਸਿੰਘ ਦੇ ਉਲਟ ਪੰਜਵੜ ਪਿੰਡ ਦਾ ਵਸਨੀਕ ਹੀ ਦੱਸਦਾ ਹੈ।[25] ਪਰ ਕਨ੍ਹੱਈਆ ਲਾਲ ਛੱਜਾ ਸਿੰਘ ਨੂੰ ਬਿਜਵਾੜ ਪਿੰਡ ਦਾ ਵਸਨੀਕ ਲਿਖਦਾ ਹੈ ਅਤੇ ਹਰੀ ਸਿੰਘ ਨੂੰ ਤੰਜ਼ੋਰ ਪਿੰਡ ਦਾ ਵਸਨੀਕ ਲਿਖਦਾ ਹੈ ਤੇ ਭੀਮਾ ਸਿੰਘ ਦੁਆਰਾ ਉਸ ਨੂੰ ਗੋਦ ਲਿਆ ਦੱਸਦਾ ਹੈ।[26] ਸੋਹਣ ਸਿੰਘ ਸੀਤਲ ਵੀ ਹਰੀ ਸਿੰਘ ਨੂੰ ਭੀਮ ਸਿੰਘ ਦਾ ਪੁੱਤਰੇਲਾ ਲਿਖਦਾ ਹੈ।[27] ਭਗਤ ਸਿੰਘ ਵੀ ਭੀਮਾ ਸਿੰਘ ਦੇ ਬੇਔਲਾਦ ਹੋਣ ਦੀ ਪੁਸ਼ਟੀ ਕਰਦਾ ਹੈ ਅਤੇ ਉਸ ਨੂੰ ਪੰਜਵੜ ਪਿੰਡ ਦਾ ਵਸਨੀਕ ਦੱਸਦਾ ਹੈ।[28] ਗਿਆਨੀ ਗਿਆਨ ਸਿੰਘ ਅਨੁਸਾਰ ਹਰੀ ਸਿੰਘ ਨੇ ਬਾਬਾ ਦੀਪ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਅਤੇ ਖ਼ਾਲਸੇ ਵੱਲੋਂ ਲੜਾਈਆਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ।[29] ਰਤਨ ਸਿੰਘ ਭੰਗੂ ਵੀ ਕੁੱਪ ਰੋਹੀੜੇ ਵਿੱਖੇ ਹੋਏ ਵੱਡੇ ਘੱਲੂਘਾਰੇ ਵਿੱਚ ਭੰਗੀ ਮਿਸਲ ਦੇ ਸ਼ਾਮਿਲ ਹੋਣ ਦੀ ਗੱਲ ਕਰਦਾ ਹੈ।[30] ਰਤਨ ਸਿੰਘ ਭੰਗੂ ਸਾਖੀ 'ਮੋਰਿੰਡੇ

---

21 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 1163-1164.

22 *ਉਹੀ,* ਪੰਨਾ 1169.

23 ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 28-29.

24 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1169.

25 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 39.

26 ਕਨ੍ਹੱਈਆ ਲਾਲ, *ਉ. ਰ.,* ਪੰਨਾ 45.

27 ਸੋਹਣ ਸਿੰਘ ਸੀਤਲ, *ਉ. ਰ.,*ਪੰਨਾ 29.

28 Bhagat Singh, *History of Sikh Misls,* p. 90.

29 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1169.

30 ਰਤਨ ਸਿੰਘ ਭੰਗੂ, *ਉ. ਰ.,*ਪੰਨਾ 344.

ਕਤਲ ਕੀ' ਵਿੱਚ ਹਰੀ ਸਿੰਘ ਭੰਗੀ ਸਮੇਤ ਹੋਰ ਮਿਸਲਾਂ ਵੱਲੋਂ ਅਫ਼ਗਾਨਾਂ ਖਿਲਾਫ਼ ਸੰਘਰਸ਼ ਵਿੱਚ ਭਾਗ ਲੈਣ ਦੀ ਗੱਲ ਕਰਦਾ ਹੈ।[31] ਰਤਨ ਸਿੰਘ ਭੰਗੂ ਹਰੀ ਸਿੰਘ ਭੰਗੀ ਦੁਆਰਾ ਦਗਾ ਕਮਾਉਣ ਦਾ ਤੇ ਖੁਸ਼ਹਾਲ ਸਿੰਘ ਰਾਮਗੜ੍ਹੀਏ ਨੂੰ ਕਤਲ ਕਰਨ ਦਾ ਜ਼ਿਕਰ ਵੀ ਕਰਦਾ ਹੈ। ਜਿਸ ਦਾ ਬਾਕੀ ਸਿੰਘਾਂ ਨੇ ਬੁਰਾ ਮਨਾਇਆ ਤੇ ਭੰਗੀਆਂ ਦਾ ਡੇਰਾ ਲੁੱਟ ਲਿਆ। ਜਦੋਂ ਭੰਗੀਆਂ ਨੂੰ ਇਹ ਗੱਲ ਪਤਾ ਲੱਗੀ ਤਾਂ ਉਹ ਡੇਰੇ ਵੱਲ ਆਉਣ ਦੀ ਬਜਾਏ ਹੋਰ ਪਰ੍ਹੇ ਚਲੇ ਗਏ ਅਤੇ ਭੰਗੀਆਂ ਨੇ ਲਾਹੌਰ ਜਾ ਕੇ ਤੰਬੂ ਲਾ ਲਏ।[32] ਪਰ ਰਤਨ ਸਿੰਘ ਭੰਗੂ ਵੱਲੋਂ ਹਰੀ ਸਿੰਘ ਭੰਗੀ ਦੁਆਰਾ ਦਗਾ ਕਮਾਉਣ ਦੀ ਅਤੇ ਖੁਸ਼ਹਾਲ ਸਿੰਘ ਰਾਮਗੜ੍ਹੀਏ ਨੂੰ ਕਤਲ ਕਰਨ ਬਾਰੇ ਦਿੱਤੀ ਉਪਰੋਕਤ ਜਾਣਕਾਰੀ ਦੀ ਪੁਸ਼ਟੀ ਗਿਆਨੀ ਗਿਆਨੀ ਸਿੰਘ, ਅਹਿਮਦ ਸ਼ਾਹ ਬਟਾਲਵੀ, ਕਨ੍ਹੱਈਆ ਲਾਲ ਆਦਿ ਕੋਈ ਲੇਖਕ ਨਹੀਂ ਕਰ ਰਿਹਾ। ਗਿਆਨੀ ਗਿਆਨੀ ਸਿੰਘ ਦੇ ਦੱਸਣ ਅਨੁਸਾਰ ਭੰਗੀ ਮਿਸਲ ਦਾ ਰਾਜ ਰਾਵਲਪਿੰਡੀ, ਪੋਠੋਹਾਰ, ਗੁਜਰਾਤ, ਸਿਆਲਕੋਟ, ਜੇਹਲਮ, ਕੰਤੀ, ਵਜ਼ੀਰਾਬਾਦ, ਝੰਗ ਮੁਲਤਾਨ, ਚਿਨਿਓਟ, ਅੰਮ੍ਰਿਤਸਰ, ਲਾਹੌਰ, ਸਹਾਰਨਪੁਰ, ਬੂੜੀਆ ਅਤੇ ਜਗਾਧਰੀ ਆਦਿ ਦੇ ਇਲਾਕੇ ਭੰਗੀ ਮਿਸਲ ਦੇ ਕਬਜ਼ੇ ਵਿੱਚ ਸਨ। ਗਿਆਨੀ ਗਿਆਨੀ ਸਿੰਘ ਅਨੁਸਾਰ ਗੁਰਬਖਸ਼ ਸਿੰਘ ਰੋੜਾਂਵਾਲਾ, ਅਗਰ ਸਿੰਘ ਪਘੂੰੜਾ, ਸਾਵਲ ਸਿੰਘ, ਗੁਲਾਬ ਸਿੰਘ, ਮਿਲਖਾ ਸਿੰਘ, ਗੁੱਜਰ ਸਿੰਘ, ਮੀਹਾਂ ਸਿੰਘ, ਠਾਕੁਰ ਸਿੰਘ, ਸੇਰ ਸਿੰਘ ਆਦਿ ਭੰਗੀ ਮਿਸਲ ਦੇ ਸਿਰਕੱਢ ਸਰਦਾਰ ਸਨ।[33] ਰਤਨ ਸਿੰਘ ਭੰਗੂ ਵੀ ਭੰਗੀ ਸਰਦਾਰ ਗੁੱਜਰ ਸਿੰਘ ਦੁਆਰਾ ਗੁਜਰਾਤ ਦਾ ਇਲਾਕਾ ਮੱਲਣ ਅਤੇ ਕਰਮ ਸਿੰਘ ਦੁਆਰਾ ਸਿੰਧ ਅਤੇ ਜਿਹਲਮ ਦਰਿਆ ਦੇ ਵਿਚਕਾਰਲਾ ਇਲਾਕਾ ਮੱਲਣ ਦਾ ਜ਼ਿਕਰ ਕਰਦਾ ਹੈ।[34] ਸੋਹਣ ਸਿੰਘ ਸੀਤਲ ਵੀ ਭੰਗੀ ਮਿਸਲ ਦੇ ਇਲਾਕਿਆਂ ਤੇ ਸਰਦਾਰਾਂ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦਾ ਹੈ।[35]

ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਹਰੀ ਸਿੰਘ ਦੇ ਸਮੇਂ ਵਿੱਚ ਮਿਸਲ ਕੋਲ ਪੰਦਰ੍ਹਾਂ ਹਜ਼ਾਰ ਘੋੜਸਵਾਰ ਅਤੇ ਪਿਆਦਾ ਸੈਨਾ ਸੀ। ਇੱਕ ਕਰੋੜ ਦੇ ਲਗਭਗ ਇਸ ਮਿਸਲ ਦੀ ਸਾਲਾਨਾ ਆਮਦਨ ਸੀ ਅਤੇ ਇਸ ਦੀ ਰਾਜਧਾਨੀ ਅੰਮ੍ਰਿਤਸਰ ਸੀ। ਭੰਗੀਆਂ ਨੇ ਅੰਮ੍ਰਿਤਸਰ ਵਿੱਚ ਤਿੰਨ ਕੱਟੜੇ ਵਸਾਏ, ਕੱਟੜਾ ਹਰੀ ਸਿੰਘ ਵਾਲਾ, ਕੱਟੜਾ ਝੰਡਾ ਸਿੰਘ ਵਾਲਾ, ਕੱਟੜਾ ਦੂਲਵਾਲਾ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਪਟਿਆਲੇ ਦੇ ਰਾਜਾ ਅਮਰ ਸਿੰਘ ਨਾਲ ਹੋਈ ਲੜਾਈ ਦੌਰਾਨ ਹਰੀ ਸਿੰਘ ਸ਼ਹੀਦ ਹੋ ਜਾਂਦਾ

---

31 ਰਤਨ ਸਿੰਘ ਭੰਗੂ, *ਉਹੀ,* ਪੰਨੇ 356-357.

32 *ਉਹੀ,* ਪੰਨਾ 313.

33 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1169.

34 ਰਤਨ ਸਿੰਘ ਭੰਗੂ, *ਉ. ਰ.,* ਪੰਨੇ 374-375.

35 ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 29-31

ਹੈ।[36] ਸੋਹਣ ਸਿੰਘ ਸੀਤਲ ਵੀ ਹਰੀ ਸਿੰਘ ਭੰਗੀ ਦੇ ਪਟਿਆਲੇ ਦੇ ਰਾਜਾ ਅਮਰ ਸਿੰਘ ਨਾਲ ਹੋਈ ਲੜਾਈ ਵਿੱਚ ਸ਼ਹੀਦ ਹੋ ਜਾਣ ਦਾ ਜ਼ਿਕਰ ਕਰਦਾ ਹੈ।[37] ਗਿਆਨੀ ਗਿਆਨ ਸਿੰਘ ਦੁਆਰਾ ਹਰੀ ਸਿੰਘ ਕੋਲ 15 ਹਜ਼ਾਰ ਘੋੜਸਵਾਰ ਹੋਣ ਦਾ ਦਾਅਵਾ, ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਦੁਆਰਾ ਜੰਮੂ ਦੇ ਸ਼ਾਸਕ ਰਣਜੀਤ ਦਿਓ ਉੱਪਰ ਹਰੀ ਸਿੰਘ ਦੁਆਰਾ 12 ਹਜ਼ਾਰ ਸੈਨਾ ਨਾਲ ਕਬਜ਼ਾ ਕਰਨ ਲਈ ਜਾਣ ਤੋਂ ਪੁਖਤਾ ਪ੍ਰਤੀਤ ਹੁੰਦਾ ਹੈ।[38] ਹਰੀ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਝੰਡਾ ਸਿੰਘ ਭੰਗੀ ਮਿਸਲ ਦਾ ਮਾਲਕ ਬਣਦਾ ਹੈ।[39] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਹਰੀ ਸਿੰਘ ਤੋਂ ਬਾਅਦ ਝੰਡਾ ਸਿੰਘ ਨੂੰ ਹੀ ਭੰਗੀ ਮਿਸਲ ਦਾ ਮਾਲਕ ਲਿਖਦੇ ਹਨ।[40] ਪਰ ਕਨ੍ਹੱਈਆ ਲਾਲ ਗਿਆਨੀ ਗਿਆਨ ਸਿੰਘ ਤੇ ਭਗਤ ਸਿੰਘ ਦੇ ਉਲਟ ਹਰੀ ਸਿੰਘ ਦੀ ਮੌਤ ਤੋਂ ਬਾਅਦ ਮੀਹਾਂ ਸਿੰਘ ਨੂੰ ਮਿਸਲ ਦਾ ਸਰਦਾਰ ਬਣਿਆ ਦੱਸਦਾ ਹੈ।[41]

ਝੰਡਾ ਸਿੰਘ ਮੁਲਤਾਨ 'ਤੇ ਕਬਜ਼ਾ ਕਰਕੇ ਅਤੇ ਜੰਮੂ ਦੇ ਰਾਜੇ ਤੋਂ ਨਜ਼ਰਾਨਾ ਵਸੂਲ ਕੇ ਇਸ ਮਿਸਲ ਦੇ ਰਾਜ-ਭਾਗ ਵਿੱਚ ਹੋਰ ਵਾਧਾ ਕਰਦਾ ਹੈ। ਸੁੱਧਾਸਰ ਦਾ ਮਹਾਨ ਕਿਲ੍ਹਾ ਵੀ ਝੰਡਾ ਸਿੰਘ ਨੇ ਆਪਣੀ ਦੇਖ-ਰੇਖ ਵਿੱਚ ਬਣਵਾਇਆ। ਝੰਡਾ ਸਿੰਘ ਦੇ ਸਮੇਂ ਵਿੱਚ ਭੰਗੀ ਮਿਸਲ ਕੋਲ 20 ਹਜ਼ਾਰ ਦੇ ਕਰੀਬ ਪਿਆਦਾ ਅਤੇ ਘੋੜਸਵਾਰ ਸੈਨਾ ਸੀ। ਝੰਡਾ ਸਿੰਘ ਨੇ ਡੇਰਾ ਗਾਜ਼ੀ ਖਾਂ, ਚਿਨਿਓਟ, ਝੰਗ, ਸਿਆਲਕੋਟ, ਬਾਹਵਲਪੁਰ, ਫਿਰੋਜ਼ਪੁਰ, ਕਸੂਰ ਆਦਿ ਇਲਾਕਿਆਂ ਨੂੰ ਵੀ ਜਿੱਤ ਕੇ ਆਪਣੀ ਮਿਸਲ ਵਿੱਚ ਰਲਾ ਲਿਆ ਸੀ।[42] ਝੰਡਾ ਸਿੰਘ ਦੁਆਰਾ ਜਿੱਤੇ ਇਲਾਕਿਆਂ ਦੀ ਪੁਸ਼ਟੀ ਭਗਤ ਸਿੰਘ ਵੀ ਕਰਦਾ ਹੈ।[43] ਅਹਿਮਦ ਸ਼ਾਹ ਬਟਾਲਵੀ ਝੰਡਾ ਸਿੰਘ ਦੁਆਰਾ ਲਾਹੌਰ ਉੱਪਰ ਕਬਜ਼ਾ ਕਰਨ ਦਾ ਜ਼ਿਕਰ ਕਰਦਾ ਹੈ।[44] ਪਰ ਗਿਆਨੀ ਗਿਆਨ ਸਿੰਘ ਝੰਡਾ ਸਿੰਘ ਦੁਆਰਾ ਲਾਹੌਰ ਉੱਪਰ ਕਬਜ਼ਾ ਕਰਨ ਬਾਬਤ ਕੁਝ ਨਹੀਂ ਲਿਖ ਰਿਹਾ।

ਝੰਡਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਗੰਡਾ ਸਿੰਘ ਇਸ ਮਿਸਲ ਦਾ ਸਰਦਾਰ ਬਣਿਆ, ਜੋ ਆਪਣੇ ਚੰਗੇ ਕੰਮਾਂ ਕਰਕੇ ਜਾਣਿਆ ਗਿਆ। ਉਸ ਦੀ ਮੌਤ ਤੋਂ ਬਾਅਦ ਉਸ ਦਾ ਭਰਾ ਚੜ੍ਹਤ ਸਿੰਘ ਇਸ ਮਿਸਲ ਦਾ

---

36 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1169-1170.

37 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 37.

38 ਸੋਹਣ ਸਿੰਘ ਸੀਤਲ, *ਉਹੀ,* ਪੰਨਾ 32; Bhagat Singh, *op. cit.,* p. 92.

39 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1170.

40 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 32; Bhagat Singh, *op. cit.,* p. 92.

41 ਕਨ੍ਹੱਈਆ ਲਾਲ, *ਉ. ਰ.,* ਪੰਨਾ 46.

42 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1170.

43 Bhagat Singh, *op. cit.,* p. 94-95.

44 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 41.

ਅਗਲਾ ਮੁਖੀ ਬਣਿਆ, ਪਰ ਇਸ ਦੇ ਸਮੇਂ ਭੰਗੀਆਂ ਦੇ ਰਾਜ ਦਾ ਕਾਫ਼ੀ ਹਿੱਸਾ ਇਸ ਦੇ ਹੱਥੋਂ ਖੁੱਸ ਗਿਆ। ਗੰਡਾ ਸਿੰਘ ਨੇ ਵੀ ਆਪਣੇ ਨਾਂ ਉੱਤੇ ਅੰਮ੍ਰਿਤਸਰ ਵਿੱਚ ਇੱਕ ਕੱਟੜਾ ਵਸਾਇਆ। ਚੜ੍ਹਤ ਸਿੰਘ ਦੀ ਮੌਤ ਤੋਂ ਬਾਅਦ ਇਸ ਦਾ ਮਾਂ ਜਾਇਆ ਭਰਾ ਦੇਸੂ ਸਿੰਘ ਭੰਗੀ ਮਿਸਲ ਦਾ ਸਰਦਾਰ ਬਣਿਆ। ਪਰ ਭੰਗੀ ਮਿਸਲ ਦੇ ਕਈ ਸਿਰਕੱਢ ਆਗੂਆਂ ਨਾਲ ਇਸ ਦੀ ਵਿਗੜ ਗਈ। ਦੇਸੂ ਸਿੰਘ ਤੋਂ ਬਾਅਦ ਭੰਗੀ ਮਿਸਲ ਦੀ ਸਰਦਾਰੀ ਕਰਮ ਸਿੰਘ ਦੂਲੋ ਦੇ ਹੱਥ ਆਈ ਅਤੇ ਉਸ ਤੋਂ ਮਗਰੋਂ ਗੁਲਾਬ ਸਿੰਘ ਇਸ ਮਿਸਲ ਦਾ ਅਗਲਾ ਮੋਢੀ ਬਣਿਆ।[45] ਕਨ੍ਹੱਈਆ ਲਾਲ[46] ਅਤੇ ਅਹਿਮਦ ਸ਼ਾਹ ਬਟਾਲਵੀ[47] ਗਿਆਨੀ ਗਿਆਨ ਸਿੰਘ ਦੇ ਉਲਟ ਭਾਈ ਦੇਸੂ ਸਿੰਘ ਦੇ ਪੁੱਤਰ ਲਾਲ ਸਿੰਘ ਨੂੰ ਮਿਸਲ ਦਾ ਅਗਲਾ ਸਰਦਾਰ ਦੱਸਦੇ ਹਨ। ਪਰ ਭਗਤ ਸਿੰਘ ਵੀ ਗੁਲਾਬ ਸਿੰਘ ਦੇ ਛੋਟਾ ਹੋਣ ਕਾਰਨ ਮਿਸਲ ਦਾ ਕੰਟਰੋਲ ਉਸ ਦੇ ਰਿਸ਼ਤੇਦਾਰ ਕਰਮ ਸਿੰਘ ਦੂਲੋ ਦੇ ਹੱਥੀਂ ਆਇਆ ਦੱਸਦਾ ਹੈ।[48] ਸੋਹਣ ਸਿੰਘ ਸੀਤਲ ਵੀ ਝੰਡਾ ਸਿੰਘ ਦੀ ਸ਼ਹੀਦੀ ਤੋਂ ਲੈ ਕੇ ਗੁਲਾਬ ਸਿੰਘ ਭੰਗੀ ਦੇ ਮਿਸਲ ਦਾ ਮੁਖੀ ਬਣਨ ਤੱਕ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦਾ ਹੈ।[49] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇਸੇ ਸਮੇਂ ਦੌਰਾਨ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਗੁਲਾਬ ਸਿੰਘ, ਰਣਜੀਤ ਸਿੰਘ ਦਾ ਮੁਕਾਬਲਾ ਕਰਨ ਲਈ ਲਾਹੌਰ ਵੱਲ ਵਧਿਆ, ਪਰ ਉਸ ਨੂੰ ਵੀ ਸ਼ਰਾਬ ਲੈ ਬੈਠੀ ਤੇ ਉਸ ਦੀ ਮੌਤ ਹੋ ਗਈ। ਗੁਲਾਬ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਗੁਰਦਿੱਤ ਸਿੰਘ ਭੰਗੀ ਮਿਸਲ ਦੀ ਗੱਦੀ 'ਤੇ ਬੈਠਾ। ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਰਾਜ-ਭਾਗ ਖੋਹ ਲਿਆ।[50] ਗੁਰਦਿੱਤ ਸਿੰਘ ਆਪਣੇ ਕਿਲ੍ਹੇ ਵਿੱਚੋਂ ਭੱਜ ਕੇ ਜੋਧ ਸਿੰਘ ਰਾਮਗੜ੍ਹੀਏ ਦੀ ਸ਼ਰਨ ਵਿੱਚ ਚਲਾ ਗਿਆ। ਗੁਰਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦਾ ਬਾਕੀ ਰਹਿੰਦਾ ਸਮਾਂ ਰਾਮਗੜ੍ਹੀਆ ਮਿਸਲ ਦੀ ਤਾਬਿਆ ਹੇਠ ਹੀ ਬਿਤਾਇਆ। ਉਸ ਨੂੰ ਦੋ ਪਿੰਡਾਂ ਦੀ ਜਾਗੀਰ ਗੁਜ਼ਾਰੇ ਲਈ ਦੇ ਦਿੱਤੀ ਗਈ।[51] ਸੋਹਣ ਸਿੰਘ ਸੀਤਲ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਦਿੱਤ ਸਿੰਘ ਦਾ ਰਾਜ-ਭਾਗ ਖੋਹ ਲਏ ਜਾਣ ਦੀ ਪੁਸ਼ਟੀ ਕਰਦਾ ਹੈ।[52]

---

45 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1171.

46 ਕਨ੍ਹੱਈਆ ਲਾਲ, *ਉ. ਰ.,* ਪੰਨਾ 46.

47 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 42.

48 Bhagat Singh, *op. cit.* p. 99.

49 ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 42-43, 47.

50 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1171.

51 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1172.

52 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 48.

ਗਿਆਨੀ ਗਿਆਨ ਸਿੰਘ ਮੁਤਾਬਿਕ ਗੁਰਦਿੱਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਅਜੀਤ ਸਿੰਘ ਹੋਇਆ, ਅਜੀਤ ਸਿੰਘ ਦੇ ਦੋ ਅੱਗੇ ਪੁੱਤਰ ਠਾਕੁਰ ਸਿੰਘ ਤੇ ਹੁਕਮ ਸਿੰਘ ਹੋਏ, ਜਿਨ੍ਹਾਂ ਕੋਲ ਦੋ ਹਜ਼ਾਰ ਬਿਘਾ ਜ਼ਮੀਨ ਦੀ ਮਾਲਕੀ ਸੀ। ਇਹ ਆਪਣੇ ਪਿੰਡ ਪੰਜਵੜ ਵਿੱਚ ਝੰਡਾ ਸਿੰਘ ਦੁਆਰਾ ਬਣਵਾਏ ਮਹਿਲਾਂ ਵਿੱਚ ਜਿੰਦਗੀ ਬਤੀਤ ਕਰ ਰਹੇ ਸਨ।[53] ਅਹਿਮਦ ਸ਼ਾਹ ਬਟਾਲਵੀ, ਕਨ੍ਹੱਈਆ ਲਾਲ, ਸੋਹਣ ਸਿੰਘ ਸੀਤਲ, ਭਗਤ ਸਿੰਘ ਆਦਿ ਲੇਖਕ ਗਿਆਨੀ ਗਿਆਨ ਸਿੰਘ ਦੀ ਤਰ੍ਹਾਂ ਗੁਰਦਿੱਤ ਸਿੰਘ ਦੇ ਪੁੱਤਰ ਅਜੀਤ ਸਿੰਘ ਅਤੇ ਅੱਗੇ ਉਸ ਦੀ ਔਲਾਦ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੇ ਹਨ।

## ਮਿਸਲ ਰਾਮਗੜ੍ਹੀਆ

ਗਿਆਨੀ ਗਿਆਨ ਸਿੰਘ ਰਾਮਗੜ੍ਹੀਆ ਮਿਸਲ ਦੇ ਸੰਸਥਾਪਕ ਨੂੰ ਸੈਦਬੇਗ ਪਿੰਡ ਦਾ ਤਰਖਾਣ ਸਿੱਖ ਦੱਸਦਾ ਹੈ। ਉਸ ਅਨੁਸਾਰ ਇਨ੍ਹਾਂ ਦੇ ਵਡੇਰੇ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਖੰਡੇ ਦੀ ਪਾਹੁਲ ਲਈ। ਉਸ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਉਸ ਨੂੰ ਰਾਜ-ਭਾਗ ਦਾ ਵਰ ਦਿੱਤਾ। ਹਰਦਾਸ ਸਿੰਘ ਦਾ ਪੁੱਤਰ ਭਗਵਾਨ ਸਿੰਘ ਨੰਦੇੜ ਤੱਕ ਗੁਰੂ ਜੀ ਦੇ ਨਾਲ ਹੀ ਰਿਹਾ। ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਉਹ ਬਾਬਾ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਵਾਪਿਸ ਆਇਆ ਤੇ ਉਸ ਨੇ ਮੁਗਲਾਂ ਨਾਲ ਹੋਈਆਂ ਲੜਾਈਆਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ। ਭਗਵਾਨ ਸਿੰਘ ਦੇ ਅੱਗੇ ਪੰਜ ਪੁੱਤਰ, ਤਾਰਾ ਸਿੰਘ, ਮਾਲੀ ਸਿੰਘ, ਖੁਸ਼ਹਾਲ ਸਿੰਘ, ਜੱਸਾ ਸਿੰਘ ਅਤੇ ਜੈ ਸਿੰਘ ਹੋਏ।[54] ਕਨ੍ਹੱਈਆ ਲਾਲ ਗਿਆਨੀ ਸਿੰਘ ਦੇ ਉਲਟ ਰਾਮਗੜ੍ਹੀਆ ਮਿਸਲ ਦਾ ਮੋਢੀ ਜੱਸਾ ਸਿੰਘ ਵਾਸੀ ਪਿੰਡ ਇੱਚੋਗਿੱਲ ਜਿਲ੍ਹਾ ਲਾਹੌਰ ਨੂੰ ਦੱਸਦਾ ਹੈ,[55] ਜਦੋਂ ਕਿ ਅਹਿਮਦ ਸ਼ਾਹ ਬਟਾਲਵੀ ਅਨੁਸਾਰ ਰਾਮਗੜ੍ਹੀਆ ਮਿਸਲ ਦਾ ਮੋਢੀ ਖੁਸ਼ਹਾਲ ਸਿੰਘ ਜੋ ਕਿ ਕੱਕੜਪੁਰੀ ਪਿੰਡ ਦਾ ਜੱਟ ਸੀ।[56] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਰਾਮਗੜ੍ਹੀਆ ਮਿਸਲ ਦਾ ਮੋਢੀ ਖੁਸ਼ਹਾਲ ਸਿੰਘ ਨੂੰ ਹੀ ਲਿਖਦੇ ਹਨ ਤੇ ਉਸ ਨੂੰ ਗੁੱਗਾ ਪਿੰਡ ਦਾ ਵਸਨੀਕ ਦੱਸਦੇ ਹਨ, ਸੋਹਣ ਸਿੰਘ ਸੀਤਲ ਬਾਕੀ ਦੀ ਜਾਣਕਾਰੀ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ।[57]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਤੋਂ ਖ਼ਾਲਸਾ ਬਾਬਾ ਬੰਦਾ ਸਿੰਘ ਬਹਾਦਰ ਨਾਲੋਂ ਵੱਖ

---

53 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1172.

54 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1173.

55 ਕਨ੍ਹੱਈਆ ਲਾਲ, *ਉ. ਹ.,* ਪੰਨਾ 47.

56 ਅਹਿਮਦ ਸ਼ਾਹ ਬਟਾਲਵੀ, *ਉ. ਹ.,* ਪੰਨਾ 46.

57 ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 57; Bhagat Singh, *op. cit.* p.116.

ਹੋ ਗਿਆ, ਉਸ ਵੇਲੇ ਇਹ ਪੰਜੇ ਭਾਈ ਗੁਰਸਿੱਖ ਬਣੇ। ਜਦੋਂ ਮੀਰੀ ਸਿੰਘ ਅਤੇ ਬਾਬਾ ਬਿਨੋਦ ਸਿੰਘ ਕਾਫ਼ੀ ਸਿੰਘਾਂ ਨੂੰ ਨਾਲ ਲੈ ਕੇ ਸੂਬਾ ਲਾਹੌਰ ਜ਼ਕਰੀਆ ਖਾਂ ਨਾਲ ਮਿਲ ਗਏ। ਉਸ ਸਮੇਂ ਇਨ੍ਹਾਂ ਪੰਜੇ ਭਾਈਆਂ ਨੇ ਵੀ ਤੁਰਕਾਂ ਦੀ ਨੌਕਰੀ ਕਰ ਲਈ ਅਤੇ ਕਈ ਚੰਗੇ ਕੰਮ ਕੀਤੇ। ਜਦੋਂ ਨਾਦਰਸ਼ਾਹ ਨੇ ਪੰਜਾਬ 'ਤੇ ਹਮਲਾ ਕੀਤਾ ਤਾਂ ਭਗਵਾਨ ਸਿੰਘ ਉਸ ਨਾਲ ਲੜਦਾ ਹੋਇਆ ਸਵਰਗ ਸਿਧਾਰ ਗਿਆ। ਇਹ ਪੰਜ ਭਾਈ ਤੁਰਕਾਂ ਵੱਲੋਂ ਅਫ਼ਗਾਨਾਂ ਵਿਰੁੱਧ ਮੂਹਰੇ ਹੋ ਕੇ ਲੜੇ। ਗਿਆਨੀ ਗਿਆਨ ਸਿੰਘ ਅਨੁਸਾਰ ਖਾਨ ਬਹਾਦਰ ਜ਼ਕਰੀਆਂ ਖਾਂ ਪਠਾਣਾਂ ਦੇ ਘੇਰੇ ਵਿੱਚ ਆ ਗਿਆ ਤਾਂ ਇਹ ਪੰਜੇ ਭਾਈ ਉਸ ਨੂੰ ਬਚਾ ਕੇ ਲੈ ਕੇ ਆਏ।[58] ਇਸ ਦੇ ਬਦਲੇ ਜ਼ਕਰੀਆਂ ਖਾਂ ਨੇ ਇਨ੍ਹਾਂ ਪੰਜ ਭਾਈਆਂ ਨੂੰ ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਅਤੇ ਝਬਾਲ ਪੰਜੇ ਪਿੰਡ ਜਾਗੀਰ ਦੇ ਰੂਪ ਵਿੱਚ ਦੇ ਦਿੱਤੇ। ਜੱਸਾ ਸਿੰਘ, ਜ਼ਕਰੀਆਂ ਖਾਂ ਦੇ ਨਾਲ ਤੁੰਮਨਦਾਰ ਵੀ ਰਿਹਾ। ਉਸ ਤੋਂ ਬਾਅਦ ਇਨ੍ਹਾਂ ਨੇ ਅਦੀਨਾ ਬੇਗ ਕੋਲ ਵੀ ਨੌਕਰੀ ਕੀਤੀ। ਪਰ ਰਾਮਗੜ੍ਹ ਦੀ ਲੜਾਈ ਦੇ ਦੌਰਾਨ ਇਹ ਆ ਕੇ ਪੰਥ ਨਾਲ ਰਲ ਗਏ। ਪੰਥ ਨੇ ਇਨ੍ਹਾਂ ਨੂੰ ਰਾਮਗੜ੍ਹ ਦਾ ਕਿਲ੍ਹਾ ਬਖ਼ਸ਼ ਦਿੱਤਾ। ਜਿਸ ਵਜ੍ਹਾ ਕਰਕੇ ਇਹ ਰਾਮਗੜ੍ਹੀਆ ਵਜੋਂ ਮਸ਼ਹੂਰ ਹੋਏ।[59] ਰਤਨ ਸਿੰਘ ਭੰਗੂ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਲਿਖਦਾ ਹੋਇਆ ਦੱਸਦਾ ਹੈ ਕਿ ਉਸ ਨੂੰ ਸਿੰਘਾਂ ਨੇ ਪਹਿਲਾਂ ਪੰਥ ਵਿੱਚੋਂ ਛੇਕ ਦਿੱਤਾ ਸੀ, ਪਰ ਰਾਮਰੌਣੀ ਦੇ ਘੇਰੇ ਵੇਲੇ ਉਹ ਫ਼ੇਰ ਪੰਥ ਵਿੱਚ ਸ਼ਾਮਿਲ ਹੋ ਗਿਆ।[60] ਸੋਹਣ ਸਿੰਘ ਸੀਤਲ ਵੀ ਰਤਨ ਸਿੰਘ ਭੰਗੂ ਦੀ ਜੱਸਾ ਸਿੰਘ ਰਾਮਗੜ੍ਹੀਆ ਸੰਬੰਧੀ ਦਿੱਤੀ ਜਾਣਕਾਰੀ ਦਿੱਤੀ ਪੁਸ਼ਟੀ ਕਰਦਾ ਹੈ।[61]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖ਼ਾਲਸੇ ਨੇ ਤੁਰਕਾਂ ਨਾਲ ਜਿੰਨੀਆਂ ਵੀ ਲੜਾਈਆਂ ਲੜੀਆਂ, ਇਹ ਪੰਜੇ ਭਾਈ ਹਰ ਸੁੱਖ-ਦੁੱਖ ਵਿੱਚ ਖ਼ਾਲਸੇ ਦੇ ਨਾਲ ਰਹੇ।[62] ਰਤਨ ਸਿੰਘ ਭੰਗੂ ਚੜ੍ਹਤ ਸਿੰਘ ਸ਼ੁੱਕਰਚੱਕੀਆ, ਹਰੀ ਸਿੰਘ ਭੰਗੀ, ਕਰਮ ਸਿੰਘ ਨੱਕਈ ਅਤੇ ਨਿਸ਼ਾਨਵਾਲੀਆ ਮਿਸਲ ਸਮੇਤ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਵੀ ਅਫ਼ਗਾਨਾਂ ਖਿਲਾਫ਼ ਸੰਘਰਸ਼ ਵਿੱਚ ਭਾਗ ਲੈਣ ਦੀ ਗੱਲ ਕਰਦਾ ਹੈ।[63] ਰਤਨ ਸਿੰਘ ਭੰਗੂ ਦੱਸਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ਦੇ ਸਰੀਰ ਉੱਤੇ ਵੱਡੇ ਘੱਲੂਘਾਰੇ ਦੌਰਾਨ 22 ਫੱਟ ਲੱਗੇ ਸਨ।[64]

---

58 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1173.

59 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1174.

60 ਰਤਨ ਸਿੰਘ ਭੰਗੂ, *ਉ. ਰ.,* ਪੰਨੇ 308-309.

61 ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 58-59.

62 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1174.

63 ਰਤਨ ਸਿੰਘ ਭੰਗੂ, *ਉ. ਰ.,* ਪੰਨੇ 356-357.

64 ਰਤਨ ਸਿੰਘ ਭੰਗੂ, *ਉਹੀ,* ਪੰਨੇ 341-349.

ਗਿਆਨੀ ਗਿਆਨ ਸਿੰਘ ਦੇ ਲਿਖਣ ਮੁਤਾਬਿਕ ਜਦੋਂ ਸਿੰਘਾਂ ਨੇ ਮਿਸਲਾਂ ਬਣਾਈਆਂ ਤਾਂ ਇੱਕ ਮਿਸਲ ਇਨ੍ਹਾਂ ਦੀ ਵੀ ਬਣੀ। ਇਨ੍ਹਾਂ ਦੀ ਮਿਸਲ ਵਿੱਚ ਕਈ ਨਾਮੀ ਗਰਾਮੀ ਬਹਾਦਰ ਸਰਦਾਰ ਵੀ ਸ਼ਾਮਿਲ ਹੋਏ। ਸੰਮਤ 1816 ਬਿਕ੍ਰਮੀ ਦੇ ਮੱਧ ਦੌਰਾਨ ਜਦੋਂ ਸਿੰਘਾਂ ਨੇ ਮੁਲਖ਼ ਮੱਲਿਆ ਤਾਂ ਇਨ੍ਹਾਂ ਨੇ ਦੀਨਾਨਗਰ, ਬਟਾਲਾ, ਮਿਆਣੀ, ਕਲਾਨੌਰ, ਕਾਦੀਆਂ, ਮਹਾਣੀ, ਮਨੀਵਾਲ, ਸੇਹੀ, ਮਹਿਰਾਲਾ, ਉੱਤਰਮੱਲ, ਮੇਗੋਵਾਲ, ਦਾਮਲਾ, ਗੁਰਦਾਸਪੁਰ ਆਦਿ ਇਲਾਕਿਆਂ 'ਤੇ ਕਬਜ਼ਾ ਕੀਤਾ। ਇਨ੍ਹਾਂ ਇਲਾਕਿਆਂ ਤੋਂ ਇਸ ਮਿਸਲ ਨੂੰ ਪੰਦਰ੍ਹਾਂ ਲੱਖ ਰੁਪਏ ਸਾਲਾਨਾ ਆਮਦਨ ਪ੍ਰਾਪਤ ਹੋਣ ਲੱਗੀ।[65] ਜੱਸਾ ਸਿੰਘ ਰਾਮਗੜ੍ਹੀਆ ਦੁਆਰਾ ਜਿੱਤੇ ਗਏ ਇਲਾਕਿਆਂ ਦੀ ਪੁਸ਼ਟੀ ਭਗਤ ਸਿੰਘ ਅਤੇ ਅਹਿਮਦ ਸ਼ਾਹ ਬਟਾਲਵੀ ਵੀ ਕਰਦੇ ਹਨ।[66] ਪਰ ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਗਿਆਨੀ ਗਿਆਨ ਸਿੰਘ ਦੇ ਉਲਟ ਜੱਸਾ ਸਿੰਘ ਰਾਮਗੜ੍ਹੀਆ ਦੇ ਇਲਾਕੇ ਦੀ ਸਾਲਾਨਾ ਆਮਦਨ 10 ਲੱਖ ਤੇ 9 ਲੱਖ ਰੁਪਏ ਦੱਸ ਰਹੇ ਹਨ।[67] ਰਤਨ ਸਿੰਘ ਭੰਗੂ 'ਸਾਖੀ ਦਿਲੇਰਾਮੀਆ ਕੀ' ਵਿੱਚ ਰਾਮਗੜ੍ਹੀਆ ਮਿਸਲ ਦੁਆਰਾ ਕਾਂਗੜੇ ਉੱਪਰ ਕਬਜ਼ਾ, ਅੰਮ੍ਰਿਤਸਰ ਵਿੱਚੋਂ ਚੌਥਾ ਹਿੱਸਾ, ਹਾਂਸੀ, ਹਿਸਾਰ ਤੋ ਨਜ਼ਰਾਨਾ ਵਸੂਲਣ ਬਾਰੇ ਦੱਸਦਾ ਹੈ।[68] ਰਤਨ ਸਿੰਘ ਭੰਗੂ ਪ੍ਰਸੰਗ 'ਦਿਲੇਰਾਮੀਆ ਕਾ ਵਿੱਚ' ਰਾਮਗੜ੍ਹੀਆ ਅਤੇ ਕਨ੍ਹੱਈਆ ਮਿਸਲ ਵੱਲੋਂ ਰਲ ਕੇ ਦਿਲੇਰਾਮ ਦੀ ਹਵੇਲੀ ਲੁੱਟਣ ਬਾਰੇ ਦੱਸਦਾ ਹੈ ਅਤੇ ਨਾਲ ਹੀ ਰਾਮਗੜ੍ਹੀਆਂ ਵੱਲੋਂ ਲੁੱਟ ਦਾ ਅੱਧਾ ਮਾਲ ਕਨ੍ਹੱਈਆਂ ਨੂੰ ਦੇਣ ਦੀ ਬਜਾਏ ਸਾਰਾ ਮਾਲ ਖ਼ੁਦ ਹੀ ਹੜੱਪਣ ਦੀ ਗੱਲ ਵੀ ਕਰਦਾ ਹੈ ਤੇ ਬਾਅਦ ਵਿੱਚ ਦੋਵਾਂ ਮਿਸਲਾਂ ਦਾ ਆਪਸ ਵਿੱਚ ਰੌਲਾ ਪੈਣ 'ਤੇ ਚੜ੍ਹਤ ਸਿੰਘ ਸ਼ੁੱਕਰਚੱਕੀਆ ਵੱਲੋਂ ਸਾਰਾ ਮਾਲ ਜ਼ਬਤ ਕਰ ਲੈਣ ਦੀ ਗੱਲ ਵੀ ਲਿਖਦਾ ਹੈ।[69] ਪਰ ਸੋਹਣ ਸਿੰਘ ਸੀਤਲ ਚੜ੍ਹਤ ਸਿੰਘ ਵੱਲੋਂ ਦੋਵਾਂ ਧਿਰਾਂ ਵਿਚਕਾਰ ਸੁਲ੍ਹਾ ਕਰਵਾਉਣ ਦੀ ਗੱਲ ਕਰਦਾ ਹੈ।[70] ਰਤਨ ਸਿੰਘ ਭੰਗੂ ਰਾਜਾ ਸੂਰਜਮੱਲ ਭਰਤਪੁਰੀਏ ਵੱਲੋਂ ਦਿੱਤੇ ਪੰਜ ਲੱਖ ਰੁਪਏ ਦੀ ਪਹਿਲੀ ਕਿਸ਼ਤ ਤਿੰਨ ਲੱਖ ਰੁਪਏ ਵਿੱਚੋਂ ਪੰਝੀ ਹਜ਼ਾਰ ਦਰਬਾਰ ਸਾਹਿਬ ਦਾ ਕੱਢਕੇ, ਬਾਕੀ ਬਚਦੀ ਰਕਮ ਨੂੰ ਛੋਟੀਆਂ-ਵੱਡੀਆਂ ਦਸ ਮਿਸਲਾਂ ਵਿੱਚ ਵੰਡਣ ਅਤੇ ਸ਼ੁੱਕਰਚੱਕੀਆ, ਰਾਮਗੜ੍ਹੀਆ ਅਤੇ ਕਨ੍ਹੱਈਆ ਤਿੰਨੇ ਮਿਸਲਾਂ ਨੂੰ ਬਰਾਬਰ ਦਾ ਹਿੱਸਾ ਦੇਣ ਦੀ ਗੱਲ

---

65 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1174-1175.

66 Bhagat Singh, *op. cit.*, p. 120; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨੇ 50-52.

67 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 61; Bhagat Singh, *Ibid.*

68 ਰਤਨ ਸਿੰਘ ਭੰਗੂ, *ਉ. ਰ.,* ਪੰਨਾ 365.

69 ਰਤਨ ਸਿੰਘ ਭੰਗੂ, *ਉ. ਰ.,* ਪੰਨੇ 367-370.

70 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 61.

ਕਰਦਾ ਹੈ।[71]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਾਮਗੜ੍ਹੀਆ ਮਿਸਲ ਦੇ ਸਰਦਾਰ ਆਲੀ ਸਿੰਘ ਨੂੰ ਹਲਵਾਰੇ ਦਾ ਕਿਲ੍ਹਾ ਸੌਂਪਿਆ ਗਿਆ। ਤਾਰਾ ਸਿੰਘ ਨੂੰ ਮਿਆਣੀ ਦਾ ਇਲਾਕਾ ਦੇ ਦਿੱਤਾ ਗਿਆ। ਜੱਸਾ ਸਿੰਘ ਇਸ ਮਿਸਲ ਦਾ ਨਿਗਰਾਨ ਬਣਿਆ ਰਿਹਾ ਅਤੇ ਉਹ ਕਲਾਨੌਰ, ਬਟਾਲੇ ਦੇ ਇਲਾਕੇ ਤੋਂ ਰਾਜ-ਭਾਗ ਚਲਾਉਂਦਾ ਰਿਹਾ। ਇਸ ਮਿਸਲ ਨੇ ਜੱਸਾ ਸਿੰਘ ਆਹਲੂਵਾਲੀਏ ਨਾਲ ਕਈ ਲੜਾਈਆਂ ਵੀ ਲੜੀਆਂ।[72] ਆਹਲੂਵਾਲੀਆਂ ਨਾਲ ਰਾਮਗੜ੍ਹੀਆਂ ਦੀਆਂ ਨਿੱਤ ਦੀਆਂ ਲੜਾਈਆਂ ਦੀ ਪੁਸ਼ਟੀ ਸੋਹਣ ਸਿੰਘ ਸੀਤਲ ਵੀ ਕਰਦਾ ਹੈ।[73] ਗਿਆਨੀ ਗਿਆਨ ਸਿੰਘ ਇਹ ਵੀ ਦੱਸਦਾ ਹੈ ਕਿ ਇਕ ਵਾਰ ਰਾਮਗੜ੍ਹੀਆਂ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਬੰਦੀ ਬਣਾ ਲਿਆ, ਪਰ ਪੰਥ ਦਾ ਕਹਿਣਾ ਮੰਨਕੇ, ਉਸ ਨੂੰ ਘੋੜੇ ਅਤੇ ਪਾਲਕੀ ਦੀ ਖਿੱਲਤ ਅਤੇ ਫ਼ਤ੍ਹਿਆਬਾਦ ਦੀ ਜਾਗੀਰ ਦੇ ਕੇ ਛੱਡ ਦਿੱਤਾ।[74] ਰਾਮਗੜ੍ਹੀਆ ਦੁਆਰਾ ਜੱਸਾ ਸਿੰਘ ਆਹਲੂਵਾਲੀਆ ਨੂੰ ਬੰਦੀ ਬਣਾਉਣ ਦੀ ਪੁਸ਼ਟੀ ਖ਼ੁਸ਼ਵੱਕਤ ਰਾਏ ਵੀ ਕਰਦਾ ਹੈ।[75]

ਜੱਸਾ ਸਿੰਘ ਆਹਲੂਵਾਲੀਏ ਨੇ ਇਸ ਨੂੰ ਆਪਣੀ ਬੇਇੱਜ਼ਤੀ ਸਮਝਿਆ। ਉਸ ਨੇ ਜੈ ਸਿੰਘ ਕਨ੍ਹੱਈਆ ਅਤੇ ਹੋਰ ਕਈ ਸਰਦਾਰਾਂ ਨਾਲ ਗੱਠਜੋੜ ਕਰਕੇ ਰਾਮਗੜ੍ਹੀਆਂ ਨੂੰ ਪੰਜਾਬ ਵਿੱਚੋਂ ਕੱਢਣ ਲਈ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਜੱਸਾ ਸਿੰਘ ਰਾਮਗੜ੍ਹੀਏ ਦਾ ਭਰਾ ਤਾਰਾ ਸਿੰਘ ਮਾਰਿਆ ਗਿਆ ਅਤੇ ਦੂਜਾ ਭਰਾ ਖ਼ੁਸਹਾਲ ਸਿੰਘ ਵੀ ਜ਼ਖ਼ਮੀ ਹੋ ਗਿਆ। ਜੱਸਾ ਸਿੰਘ ਰਾਮਗੜ੍ਹੀਆ ਹਾਰ ਖਾ ਕੇ ਮਾਲਵੇ ਦੇ ਦੇਸ਼ ਵੱਲ ਚਲਾ ਗਿਆ ਮਹਾਰਾਜਾ ਅਮਰ ਸਿੰਘ ਪਟਿਆਲਾ ਵੱਲੋਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਾਂਸੀ ਅਤੇ ਹਿਸਾਰ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ।[76] ਮਹਾਰਾਜਾ ਪਟਿਆਲਾ ਵਜੋਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਾਂਸੀ, ਹਿਸਾਰ ਦਿੱਤੀ ਗਈ ਜਾਗੀਰ ਦੀ ਪੁਸ਼ਟੀ ਖ਼ੁਸ਼ਵੱਕਤ ਰਾਏ ਵੀ ਕਰਦਾ ਹੈ।[77] ਜੱਸਾ ਸਿੰਘ ਆਹਲੂਵਾਲੀਏ ਵੱਲੋਂ ਤਿਆਰ ਕੀਤੇ ਸਾਂਝੇ ਗੱਠਜੋੜ ਤੋਂ ਹਾਰ ਖਾ ਕੇ ਜੱਸਾ ਸਿੰਘ ਰਾਮਗੜ੍ਹੀਆ ਦੇ

---

[71] ਰਤਨ ਸਿੰਘ ਭੰਗੂ, *ੳ. ਰ.,* ਪੰਨੇ 423-424.

[72] ਗਿਆਨੀ ਗਿਆਨ ਸਿੰਘ, *ੳ. ਰ.,* ਪੰਨੇ 1174-1175.

[73] ਸੋਹਣ ਸਿੰਘ ਸੀਤਲ, *ੳ. ਰ.,* ਪੰਨਾ 62.

[74] ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1175.

[75] ਖ਼ੁਸ਼ਵੱਕਤ ਰਾਏ, *ਤਾਰੀਖ਼-ਏ-ਸਿੱਖਾਂ,* 1811 ਦਾ ਉਤਾਰਾ, ਗੰਡਾ ਸਿੰਘ ਪਾਈਵ੍ਰੇਟ ਕੁਲੈਕਸ਼ਨ, ਕਾਨ੍ਹ ਸਿੰਘ ਨਾਭਾ ਲਾਈਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਉਪਲੱਬਧ ਹੈ, ਪੰਨਾ 73.

[76] ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1175.

[77] ਖ਼ੁਸ਼ਵੱਕਤ ਰਾਏ, ਡਾ. ਗੰਡਾ ਸਿੰਘ ਪ੍ਰਾਈਵੇਟ ਕੁਲੈਕਸ਼ਨ ਪਟਿਆਲਾ, ਪੰਨਾ 74.

ਹਿਸਾਰ ਨੱਸ ਜਾਣ ਦੀ ਪੁਸ਼ਟੀ ਸੋਹਣ ਸਿੰਘ ਸੀਤਲ ਵੀ ਕਰਦਾ ਹੈ।[78] ਗਿਆਨੀ ਗਿਆਨ ਸਿੰਘ ਅਨੁਸਾਰ ਇਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਕੋਲ ਚਾਰ ਹਜ਼ਾਰ ਘੋੜਸਵਾਰ ਸਨ। ਜੱਸਾ ਸਿੰਘ ਰਾਮਗੜ੍ਹੀਆ ਨੇ ਕਈ ਸਾਲ ਹਾਂਸੀ, ਹਿਸਾਰ ਵਿੱਚ ਹੀ ਗੁਜ਼ਾਰੇ। ਉਸ ਦਾ ਪੁੱਤਰ ਜੋਧ ਸਿੰਘ ਮਹਾਰਾਜਾ ਕੋਲ ਪਟਿਆਲੇ ਵਿੱਚ ਰਿਹਾ। ਇਸ ਸਮੇਂ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਨੇ ਸਾਂਬਲ ਦੇ ਨਵਾਬ ਨੂੰ ਹਰਾ ਕੇ ਭਜਾ ਦਿੱਤਾ ਤੇ ਉਸ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਦੂਜੇ ਪਾਸੇ ਪੰਜਾਬ ਵਿੱਚ ਜੈ ਸਿੰਘ ਕਨ੍ਹੱਈਆ ਦਾ ਜ਼ੋਰ ਵੱਧਦਾ ਜਾ ਰਿਹਾ ਸੀ। ਉਸ ਨੇ ਪੰਜਾਬ ਵਿੱਚ ਕਾਫ਼ੀ ਇਲਾਕਾ ਮੱਲ ਲਿਆ ਸੀ। ਮਹਾਂ ਸਿੰਘ ਸ਼ੁੱਕਰਚੱਕੀਆ ਅਤੇ ਸੰਸਾਰ ਚੰਦ ਕਟੋਚ ਨੇ ਕਨ੍ਹੱਈਆਂ ਤੋਂ ਤੰਗ ਆ ਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਮਦਦ ਲਈ ਸੱਦਾ ਪੱਤਰ ਭੇਜਿਆ।[79] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਫ਼ੇਰ ਇਨ੍ਹਾਂ ਤਿੰਨਾਂ ਸਰਦਾਰਾਂ ਨੇ ਰਲ ਕੇ ਕਨ੍ਹੱਈਆਂ ਨੂੰ ਹਰਾਇਆ।[80] ਸੋਹਣ ਸਿੰਘ ਸੀਤਲ ਵੀ ਮਹਾਂ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਵਲੋ ਰਲ ਕੇ ਕਨ੍ਹੱਈਆਂ ਨੂੰ ਹਰਾਉਣ ਦੀ ਪੁਸ਼ਟੀ ਕਰਦਾ ਹੈ।[81] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ ਫ਼ੇਰ ਕਾਫ਼ੀ ਇਲਾਕੇ ਉੱਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਰਾਮਗੜ੍ਹੀਏ ਫ਼ੇਰ ਤਾਕਤਵਰ ਹੋ ਗਏ। ਉਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਕੋਲ ਅੱਠ ਹਜ਼ਾਰ ਘੋੜਸਵਾਰ ਸੈਨਿਕ ਸਨ ਤੇ ਇਸ ਦੇ ਰਾਜ ਦੀ ਆਮਦਨ ਲਗਪਗ ਤੀਹ ਲੱਖ ਰੁਪਏ ਸਾਲਾਨਾ ਸੀ। ਜੱਸਾ ਸਿੰਘ ਰਾਮਗੜ੍ਹੀਆ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਮਿਸਲ ਦਾ ਮੋਢੀ ਬਣਿਆ। ਇਸੇ ਸਮੇਂ ਦੌਰਾਨ ਰਣਜੀਤ ਸਿੰਘ ਦਾ ਸਿਤਾਰਾ ਬੁਲੰਦੀਆਂ ਵੱਲ ਜਾ ਰਿਹਾ ਸੀ। ਦੂਜੇ ਪਾਸੇ ਜੈ ਸਿੰਘ ਕਨ੍ਹੱਈਆ ਦੀ ਮੌਤ ਪਿੱਛੋਂ ਕਨ੍ਹੱਈਆ ਮਿਸਲ ਦੀ ਵਾਗਡੋਰ ਸਦਾ ਕੌਰ ਦੇ ਹੱਥ ਆ ਗਈ। ਸਦਾ ਕੌਰ ਅਤੇ ਰਣਜੀਤ ਸਿੰਘ ਨੇ ਰਲ ਕੇ ਜੋਧ ਸਿੰਘ ਰਾਮਗੜ੍ਹੀਆ ਨੂੰ ਮਿਆਣੀ ਦੇ ਕਿਲ੍ਹੇ ਵਿੱਚ ਆ ਕੇ ਘੇਰ ਲਿਆ। ਕਈ ਦਿਨਾਂ ਤੱਕ ਲੜਾਈ ਚਲਦੀ ਰਹੀ ਅਤੇ ਰਾਮਗੜ੍ਹੀਏ ਲਾਚਾਰ ਹੋ ਗਏ। ਗਿਆਨੀ ਗਿਆਨੀ ਸਿੰਘ ਅਨੁਸਾਰ ਉਨ੍ਹਾਂ ਨੇ ਗੁਰੂ ਕਲਗੀਆਂ ਵਾਲੇ ਨੂੰ ਯਾਦ ਕਰਕੇ ਮਦਦ ਲਈ ਅਰਦਾਸ ਕੀਤੀ। ਉਸੇ ਪਲ ਦਰਿਆ ਚੜ੍ਹ ਗਿਆ। ਜਿਸ ਵਿੱਚ ਸਦਾ ਕੌਰ ਦੀ ਕਾਫ਼ੀ ਜ਼ਿਆਦਾ ਸੈਨਾ ਡੁੱਬ ਗਈ ਅਤੇ ਬਚਿਆਂ ਹੋਇਆਂ ਨੇ ਭੱਜ ਕੇ ਜਾਨ ਬਚਾਈ। ਜੋਧ ਸਿੰਘ ਰਾਮਗੜ੍ਹੀਆ ਦੇ ਮਰਨ ਤੋਂ

---

78 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 62.

79 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1175.

80 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1176.

81 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 64.

ਬਾਅਦ ਇਹ ਮਿਸਲ ਵੀ ਬਰਬਾਦ ਹੋ ਗਈ।[82] ਗਿਆਨੀ ਗਿਆਨ ਸਿੰਘ ਦੇ ਉਲਟ ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਜੋਧ ਸਿੰਘ ਦੀ ਥਾਂ 'ਤੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਮਿਆਣੀ ਦੇ ਕਿਲ੍ਹੇ ਵਿੱਚ ਘੇਰਨ ਦਾ ਜ਼ਿਕਰ ਕਰਦੇ ਹਨ।[83]

ਜੋਧ ਸਿੰਘ ਰਾਮਗੜ੍ਹੀਆ ਦੇ ਵਾਰਿਸਾਂ ਤੋਂ ਰਣਜੀਤ ਸਿੰਘ ਨੇ ਸਾਰਾ ਰਾਜ-ਭਾਗ ਖੋਹ ਲਿਆ। ਉਸ ਦਾ ਵਾਰਿਸ ਵੀਰ ਸਿੰਘ ਤੇ ਭਤੀਜਾ ਦੀਵਾਨ ਸਿੰਘ ਸਾਰੀ ਉਮਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੀ ਰਹੇ। ਗਿਆਨੀ ਗਿਆਨ ਸਿੰਘ ਅਨੁਸਾਰ ਰਾਮਗੜ੍ਹੀਆ ਮਿਸਲ ਦਾ ਸਰਦਾਰ ਮੰਗਲ ਸਿੰਘ ਮੰਡੀ ਅਤੇ ਇਸ ਦੇ ਨੇੜੇ ਦੇ ਪਹਾੜੀ ਇਲਾਕੇ ਦਾ ਹਾਕਮ ਵੀ ਰਿਹਾ। ਲਾਹੌਰ ਦਰਬਾਰ ਜਾਂ ਖ਼ਾਲਸਾ ਰਾਜ ਦੇ ਖੁੱਸ ਜਾਣ ਮਗਰੋਂ ਅੰਗਰੇਜ਼ਾਂ ਨੇ ਇਸ ਨੂੰ ਨੌ ਹਜ਼ਾਰ ਰੁਪਏ ਦੀ ਆਮਦਨ ਵਾਲੀ ਜਾਗੀਰ ਦਿੱਤੀ ਅਤੇ ਗੁਰਦੁਵਾਰਿਆਂ ਦਾ ਪ੍ਰਬੰਧ ਵੀ ਇਸ ਨੂੰ ਸੌਂਪ ਦਿੱਤਾ। ਅੰਗਰੇਜ਼ਾਂ ਨੇ ਇਸ ਨੂੰ ਸਿਤਾਰਾ-ਏ-ਹਿੰਦ ਦਾ ਖ਼ਿਤਾਬ ਵੀ ਦਿੱਤਾ। ਮੰਗਲ ਸਿੰਘ ਦੇ ਅੱਗੋਂ ਤਿੰਨ ਪੁੱਤਰ ਗੁਰਦਿੱਤ ਸਿੰਘ, ਸੁਚੇਤ ਸਿੰਘ ਅਤੇ ਸ਼ੇਰ ਸਿੰਘ ਹੋਏ। ਇਨ੍ਹਾਂ ਵਿੱਚੋਂ ਸ਼ੇਰ ਸਿੰਘ ਦਾ ਵੰਸ਼ ਅੱਗੇ ਚਲਦਾ ਰਿਹਾ ਤੇ ਉਹ ਚਾਰ ਹਜ਼ਾਰ ਸਾਲਾਨਾ ਜਾਗੀਰ ਦੇ ਮਾਲਕ ਬਣੇ ਰਹੇ। ਇਨ੍ਹਾਂ ਦਾ ਵੰਸ਼ ਅੰਮ੍ਰਿਤਸਰ ਅਤੇ ਹਰਗੋਬਿੰਦਪੁਰ ਸਾਹਿਬ ਵਿੱਚ ਵੱਸਿਆ ਹੋਇਆ ਹੈ।[84] ਅਹਿਮਦ ਸ਼ਾਹ ਬਟਾਲਵੀ ਅਨੁਸਾਰ ਜੋਧ ਸਿੰਘ ਰਾਮਗੜ੍ਹੀਆ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਪ੍ਰਵਾਨ ਕਰ ਲਈ ਸੀ। ਉਸ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਦੇਵਾ ਸਿੰਘ ਅਤੇ ਵੀਰ ਸਿੰਘ ਨੇ ਕੁਝ ਮਹੀਨੇ ਰਾਜ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ 1816-17 ਈ. ਵਿੱਚ ਜੋਧ ਸਿੰਘ ਦੇ ਸਾਕ-ਸੰਬੰਧੀਆਂ ਨੂੰ ਕੈਦ ਕਰਕੇ ਰਾਮਗੜ੍ਹੀਆ ਮਿਸਲ ਉੱਪਰ ਕਬਜ਼ਾ ਕਰ ਲਿਆ। ਬਾਅਦ ਵਿੱਚ ਵੀਰ ਸਿੰਘ, ਦੇਵਾ ਸਿੰਘ ਤੇ ਜੋਧ ਸਿੰਘ ਦੇ ਹੋਰ ਰਿਸ਼ਤੇਦਾਰਾਂ ਨੂੰ ਕੈਦ ਵਿੱਚੋਂ ਰਿਹਾਅ ਕਰਕੇ ਉਨ੍ਹਾਂ ਦੇ ਦਰਜੇ ਅਨੁਸਾਰ ਜਾਗੀਰਾਂ ਅਤੇ ਖਰਚਾ ਦਿੱਤਾ ਗਿਆ। ਬਤਰ ਪਿੰਡ ਦੀ ਜਾਗੀਰ ਜੋਧ ਸਿੰਘ ਰਾਮਗੜ੍ਹੀਆ ਦੀ ਪਤਨੀ ਨੂੰ ਦਿੱਤੀ ਗਈ। ਵੀਰ ਸਿੰਘ ਨੂੰ ਧਰਮਕੋਟ ਅਤੇ ਰੰਧਾਵੇ ਵਾਲਾ ਪਿੰਡ ਜਾਗੀਰ ਵਜੋਂ ਮਿਲੇ। ਦੇਵਾ ਸਿੰਘ ਨੂੰ ਕੋਈ ਜਾਗੀਰ ਨਾ ਮਿਲੀ ਪਰ ਉਸ ਦੇ ਖਰਚੇ ਲਈ ਨਕਦ ਪੈਨਸ਼ਨ ਲਾ ਦਿੱਤੀ ਗਈ ਤੇ ਉਸ ਨੂੰ ਕਸ਼ਮੀਰ ਵਿੱਚ ਬਾਰਮੁੱਲਾ ਦਾ ਥਾਣੇਦਾਰ ਮੁਕੱਰਰ ਕਰ ਦਿੱਤਾ ਗਿਆ।[85]

---

82 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1176.

83 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 51; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 64.

84 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1177.

85 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨੇ 52-53.

ਕਨ੍ਹੱਈਆ ਲਾਲ, ਗਿਆਨੀ ਗਿਆਨ ਸਿੰਘ ਅਤੇ ਅਹਿਮਦ ਸ਼ਾਹ ਬਟਾਲਵੀ ਦੇ ਉਲਟ ਲਿਖਦਾ ਹੈ ਕਿ ਜੋਧ ਸਿੰਘ ਰਾਮਗੜ੍ਹੀਆ ਦੀ ਮੌਤ ਤੋਂ ਬਾਅਦ ਉਸ ਦੇ ਤਿੰਨੇ ਪੁੱਤਰ ਦੀਵਾਨ ਸਿੰਘ, ਹੀਰਾ ਸਿੰਘ ਅਤੇ ਮੀਰ ਸਿੰਘ, ਤਿੰਨੇ ਗੱਦੀ ਦੇ ਮਾਲਕ ਬਣਨਾ ਚਾਹੁੰਦੇ ਸਨ। ਅਖੀਰ ਵਿੱਚ ਤਿੰਨੇ ਭਰਾ ਰਾਮਗੜ੍ਹੀਆ ਮਿਸਲ ਦਾ ਸਾਰਾ ਇਲਾਕਾ ਬਰਾਬਰ ਵੰਡਣ ਲਈ ਸਹਿਮਤ ਹੋ ਗਏ। ਮਹਾਰਾਜਾ ਰਣਜੀਤ ਸਿੰਘ ਇਸ ਵੰਡ ਦੀ ਸਾਲਸੀ ਕਰਨ ਲਈ ਨੀਯਤ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਜਿਹੀ ਵਿਚੋਲਗੀ ਕੀਤੀ ਕਿ ਰਾਮਗੜ੍ਹੀਆ ਮਿਸਲ ਦਾ ਸਾਰਾ ਇਲਾਕਾ ਅਤੇ ਧਨ-ਮਾਲ ਜ਼ਬਤ ਕਰ ਲਿਆ। ਜੋਧ ਸਿੰਘ ਦੇ ਤਿੰਨੇ ਪੁੱਤਰ ਉਸ ਦਾ ਮੂੰਹ ਦੇਖਦੇ ਰਹਿ ਗਏ। ਇਸ ਤਰ੍ਹਾਂ ਰਾਮਗੜ੍ਹੀਆ ਮਿਸਲ ਦਾ ਅੰਤ ਹੋ ਗਿਆ।[86] ਜਦੋਂ ਕਿ ਸੋਹਣ ਸਿੰਘ ਸੀਤਲ ਉਪਰੋਕਤ ਲੇਖਕਾਂ ਦੇ ਉਲਟ ਜੱਸਾ ਸਿੰਘ ਰਾਮਗੜ੍ਹੀਆ ਵੇਲੇ ਹੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਸ ਮਿਸਲ ਦਾ ਸਾਰਾ ਇਲਾਕਾ ਖੋਹ ਲੈਣ ਦਾ ਜ਼ਿਕਰ ਕਰਦਾ ਹੈ।[87]

ਭਗਤ ਸਿੰਘ ਦੀਵਾਨ ਸਿੰਘ ਅਤੇ ਵੀਰ ਸਿੰਘ ਨੂੰ ਜੋਧ ਸਿੰਘ ਦੇ ਭਰਾ ਦੱਸ ਰਿਹਾ ਹੈ। ਉਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਝਗੜਾ ਨਿਬੇੜਣ ਲਈ ਵੀਰ ਸਿੰਘ, ਦੀਵਾਨ ਸਿੰਘ ਅਤੇ ਜੋਧ ਸਿੰਘ ਦੇ ਚਚੇਰੇ ਭਰਾ ਮਹਿਤਾਬ ਸਿੰਘ ਨੂੰ ਨਦੌਣ ਵਿਖੇ ਬੁਲਾਇਆ। ਮਹਾਰਾਜਾ ਉਨ੍ਹਾਂ ਨੂੰ ਬੜੇ ਸਨਮਾਨ ਨਾਲ ਮਿਲਿਆ, ਪਰ ਤਿੰਨਾਂ ਭਰਾਵਾਂ ਨੇ ਇੱਕ ਦੂਜੇ ਪ੍ਰਤੀ ਬੜਾ ਹੀ ਬੁਰਾ ਵਰਤਾਓ ਕੀਤਾ। ਜਿਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਕੈਦ ਕਰ ਲਿਆ ਅਤੇ ਰਾਮਗੜ੍ਹੀਆ ਮਿਸਲ ਦੇ ਸਾਰੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ।[88] ਚੰਦ ਸਿੰਘ ਕਨ੍ਹੱਈਆ ਦੇ ਕਹਿਣ 'ਤੇ ਰਾਮਗੜ੍ਹੀਆ ਸਰਦਾਰਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਪੈਂਤੀ ਹਜ਼ਾਰ ਰੁਪਏ ਸਾਲਾਨਾ ਆਮਦਨ ਵਾਲੀ ਜਾਗੀਰ ਉਨ੍ਹਾਂ ਨੂੰ ਦੇ ਦਿੱਤੀ ਗਈ। ਦੀਵਾਨ ਸਿੰਘ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਰੁੱਸ ਕੇ ਪਟਿਆਲੇ ਚਲਾ ਗਿਆ। ਪਰ ਦੇਸਾ ਸਿੰਘ ਮਜੀਠੀਆ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਵਾਪਿਸ ਆਉਣ ਦਾ ਸੁਨੇਹਾ ਭੇਜਿਆ ਅਤੇ ਉਸ ਨੂੰ ਵੱਡੀ ਜਾਗੀਰ ਦੇਣ ਦਾ ਵੀ ਭਰੋਸਾ ਦਿੱਤਾ। ਉਸ ਦੇ ਲਾਹੌਰ ਆਉਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਨਿੱਘਾ ਸਵਾਗਤ ਕੀਤਾ ਤੇ ਉਸ ਨੂੰ 700 ਸੈਨਿਕਾਂ ਦਾ ਕਮਾਂਡਰ ਨੀਯਤ ਕਰ ਦਿੱਤਾ ਗਿਆ। ਬਾਅਦ ਵਿੱਚ ਉਸ ਨੂੰ ਕਸ਼ਮੀਰ ਭੇਜ ਦਿੱਤਾ ਗਿਆ। ਜਿੱਥੇ ਉਹ 1834 ਈ. ਆਪਣੀ ਮੌਤ ਤੱਕ ਬਾਰਾਮੁੱਲਾ ਦਾ ਇੰਚਾਰਜ ਰਿਹਾ।[89]

---

86 ਕਨ੍ਹੱਈਆ ਲਾਲ, *ਉ. ਰ.,* ਪੰਨਾ 88.

87 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 64.

88 Bhagat Singh, *op. cit.* p. 132.

89 Lepel H. Griffin, The Punjab Cheifs, T.C. McCarthy Chronicle Press, Lahore, 1865, p. 175.

ਭਗਤ ਸਿੰਘ, ਗਿਆਨੀ ਗਿਆਨ ਸਿੰਘ ਦੇ ਉਲਟ ਦੀਵਾਨ ਸਿੰਘ ਦੇ ਪੁੱਤਰ ਮੰਗਲ ਸਿੰਘ ਦੇ ਤਿੰਨ ਪੁੱਤਰਾਂ ਦੀ ਥਾਂ 'ਤੇ ਦੋ ਪੁੱਤਰ ਲਿਖ ਰਿਹਾ ਹੈ ਅਤੇ ਜਿਨ੍ਹਾਂ ਦੇ ਨਾਂ ਉਹ ਗੁਰਦਿੱਤ ਸਿੰਘ ਤੇ ਮਿੱਤ ਸਿੰਘ ਲਿਖਦਾ ਹੈ।[90]

## ਮਿਸਲ ਨਿਸ਼ਾਨਵਾਲੀਆ

ਗਿਆਨੀ ਗਿਆਨ ਸਿੰਘ ਅਨੁਸਾਰ ਮਿਸਲ ਨਿਸ਼ਾਨਵਾਲੀਆ ਦਾ ਨਾਂ ਨਿਸ਼ਾਨਵਾਲੀਆ ਇਸ ਕਰਕੇ ਪਿਆ, ਕਿਉਂਕਿ ਖ਼ਾਲਸੇ ਦੇ ਤੁਰਕਾਂ ਨਾਲ ਹੋਏ ਯੁੱਧਾਂ ਦੌਰਾਨ ਇਸ ਜਥੇ ਦੇ ਸਿੰਘ ਖ਼ਾਲਸੇ ਦਾ ਨਿਸ਼ਾਨ ਜਾਂ ਝੰਡਾ ਚੁੱਕ ਕੇ ਖ਼ਾਲਸਾ ਫ਼ੌਜ ਦੇ ਮੂਹਰੇ ਹੋ ਕੇ ਤੁਰਦੇ ਸਨ। ਦਸੌਂਧਾ ਸਿੰਘ, ਸੰਗਤ ਸਿੰਘ, ਮੋਹਰ ਸਿੰਘ, ਕੋਇਰ ਸਿੰਘ ਦੰਡ, ਜੈ ਸਿੰਘ ਕੈਰੋਂ ਅਤੇ ਮਾਨ ਸਿੰਘ ਇਸ ਮਿਸਲ ਦੇ ਸਿਰਕੱਢ ਸਰਦਾਰਾਂ ਵਿੱਚ ਸ਼ੁਮਾਰ ਸਨ। ਸੰਗਤ ਸਿੰਘ ਦੇ ਸਮੇਂ ਇਸ ਮਿਸਲ ਕੋਲ ਅੱਠ ਹਜ਼ਾਰ ਘੋੜਸਵਾਰ ਸੈਨਾ ਸੀ।[91] ਪ੍ਰਿੰਸਪ ਸੰਗਤ ਸਿੰਘ ਕੋਲ ਬਾਰ੍ਹਾਂ ਹਜ਼ਾਰ ਘੋੜਸਵਾਰਾਂ ਦੀ ਗਿਣਤੀ ਲਿਖ ਰਿਹਾ ਹੈ।[92] ਕਨ੍ਹੱਈਆ ਲਾਲ ਦਸ ਹਜ਼ਾਰ ਦੇ ਕਰੀਬ ਘੋੜਸਵਾਰ ਸੈਨਾ ਸੰਗਤ ਸਿੰਘ ਦੇ ਸਮੇਂ ਇਸ ਮਿਸਲ ਕੋਲ ਦੱਸ ਰਿਹਾ ਹੈ।[93] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖ਼ਾਲਸਾ ਪੰਥ ਜਿੱਥੇ ਕਿਤੇ ਵੀ ਲੁੱਟਮਾਰ ਕਰਦਾ ਸੀ, ਉਸ ਵਿੱਚ ਦਸਵਾਂ ਹਿੱਸਾ ਨਿਸ਼ਾਨਵਾਲੀਆ ਮਿਸਲ ਦਾ ਹੁੰਦਾ ਸੀ। ਜਿਸ ਕਰਕੇ ਨਿਸ਼ਾਨਵਾਲੀਆ ਮਿਸਲ ਕੋਲ ਕਾਫ਼ੀ ਵੱਡਾ ਖਜ਼ਾਨਾ ਇਕੱਠਾ ਹੋ ਗਿਆ ਸੀ।[94] ਰਤਨ ਸਿੰਘ ਭੰਗੂ, 'ਸਾਖੀ ਮੁਗਲ ਸਦੀਕ ਬੇਗ ਯਾਰੀ ਮੈਂ ਖੁਆਰੀ ਕੀ' ਵਿੱਚ ਸੰਗਤ ਸਿੰਘ ਨਿਸ਼ਾਨਵਾਲੀਆ ਵੱਲੋਂ ਤਾਰਾ ਸਿੰਘ ਡੱਲੇਵਾਲੀਆ, ਸਿੰਘਪੁਰੀਏ, ਆਹਲੂਵਾਲੀਆ, ਸ਼ਯਾਮ ਸਿੰਘ ਕਰੋੜਸਿੰਘੀਆ, ਆਦਿ ਮਿਸਲਾਂ ਅਤੇ ਸਰਦਾਰਾਂ ਦੁਆਰਾ ਸਦੀਕ ਬੇਗ ਵੱਲੋਂ ਸਿੰਘਾਂ ਨੂੰ ਮਾਮਲਾ ਦੇਣ ਤੋਂ ਇਨਕਾਰ ਕਰਨ 'ਤੇ, ਸਦੀਕ ਬੇਗ ਉੱਪਰ ਇਕੱਠਿਆਂ ਹਮਲਾ ਕਰਨ ਦਾ ਜ਼ਿਕਰ ਕਰਦਾ ਹੈ ਤੇ ਇਸ ਹਮਲੇ ਦਾ ਸਾਲ ਸੰਮਤ 1815 ਬਿਕ੍ਰਮੀ (1758 ਈ.) ਲਿਖਦਾ ਹੈ।[95] ਰਤਨ ਸਿੰਘ ਭੰਗੂ ਨਿਸ਼ਾਨਵਾਲੀਆ ਮਿਸਲ ਵੱਲੋਂ ਚੜ੍ਹਤ ਸਿੰਘ ਸ਼ੁੱਕਰਚੱਕੀਆ, ਹਰੀ ਸਿੰਘ ਭੰਗੀ, ਕਰਮ ਸਿੰਘ ਨੱਕਈ ਅਤੇ ਅਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਰਲ ਕੇ ਸਾਂਝੇ ਤੌਰ 'ਤੇ

---

90 Bhagat Singh, *op. cit.*, p.133.

91 ਗਿਆਨ ਗਿਆਨੀ ਸਿੰਘ, *ਉ. ਰ.,* ਪੰਨੇ 1177-1178.

92 Henry T. Prinsep, *Origin of the Sikh power in the Punjab and political life of Muharaja Runjit Singh*, G. H. Huttmann, Military Orphan Press, Calcutta, 1834, p.31.

93 ਕਨ੍ਹੱਈਆ ਲਾਲ, *ਉ. ਰ.,* ਪੰਨਾ 100.

94 ਗਿਆਨ ਗਿਆਨੀ ਸਿੰਘ, *ਉ. ਰ.,* ਪੰਨਾ 1178.

95 ਰਤਨ ਸਿੰਘ ਭੰਗੂ, *ਉ. ਰ.,* ਪੰਨਾ 325.

ਅਫ਼ਗਾਨਾਂ ਖਿਲਾਫ਼ ਸੰਘਰਸ਼ ਵਿੱਚ ਭਾਗ ਲੈਣ ਦੀ ਗੱਲ ਵੀ ਕਰਦਾ ਹੈ।[96]

ਜਦੋਂ ਸਿੰਘਾਂ ਨੇ ਮੁਲਖ਼ ਮੱਲਿਆ ਤਾਂ ਨਿਸ਼ਾਨਵਾਲੀਆ ਮਿਸਲ ਨੇ ਸ਼ਾਹਬਾਦ, ਠਰੂਆ, ਅੰਬਾਲਾ, ਸਾਹਨੇਵਾਲ, ਖੰਨਾ, ਲੱਧੜ, ਦੋਰਾਹਾ, ਸੋਟੀ ਆਦਿ ਇਲਾਕਿਆਂ ‘ਤੇ ਕਬਜ਼ਾ ਕੀਤਾ। ਸੰਗਤ ਸਿੰਘ ਨੇ ਆਪਣੀ ਰਾਜਧਾਨੀ ਅੰਬਾਲਾ ਸ਼ਹਿਰ ਨੂੰ ਬਣਾਇਆ। ਥੋੜ੍ਹਾ ਸਮਾਂ ਰਾਜ ਕਰਨ ਉਪਰੰਤ ਇਹ ਪਿੰਡ ਸਿੰਘਾਂਵਾਲਾ ਚਲਾ ਗਿਆ। ਜਿੱਥੇ ਇਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਇਸ ਦਾ ਚੇਲਾ ਗੁਰਬਖਸ਼ ਸਿੰਘ ਜੋ ਅੰਬਾਲੇ ਵਿੱਚ ਰਹਿੰਦਾ ਸੀ, ਕੋਲ ਅੰਬਾਲੇ ਦੇ ਇਲਾਕੇ ਰਹਿ ਗਏ ਅਤੇ ਉਸ ਨੂੰ ਹੀ ਨਿਸ਼ਾਨਵਾਲੀਆ ਮਿਸਲ ਦਾ ਅਗਲਾ ਮੋਢੀ ਮੰਨਿਆ ਗਿਆ।[97] ਭਗਤ ਸਿੰਘ ਅਨੁਸਾਰ ਸੰਗਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਮੋਹਰ ਸਿੰਘ ਨਿਸ਼ਾਨਵਾਲੀਆ ਮਿਸਲ ਦਾ ਮੋਢੀ ਬਣਿਆ ਅਤੇ ਉਸ ਦਾ ਮਾਮਾ ਧਿਆਨ ਸਿੰਘ ਉਸ ਦਾ ਪ੍ਰਸ਼ਾਸਕ ਨਿਯੁਕਤ ਹੋਇਆ, ਜਦੋਂ 1781 ਈ. ਵਿੱਚ ਮੁਗਲ ਸੈਨਾਪਤੀ ਸ਼ਫ਼ੀ ਸਿੱਖ ਸਰਦਾਰਾਂ ਖਿਲਾਫ਼ ਮੁਹਿੰਮ ਲੈ ਕੇ ਚੜ੍ਹਿਆ ਤਾਂ ਦਿੱਲੀ ਤੋਂ ਉਸ ਦੀ ਮਦਦ ਲਈ ਵਣਜਾਰਿਆਂ ਰਾਹੀਂ ਅਨਾਜ ਅਤੇ ਖਾਣ-ਪੀਣ ਦਾ ਸਮਾਨ ਮੁਗਲ ਸੈਨਾ ਦੀ ਮਦਦ ਲਈ ਭੇਜਿਆ ਗਿਆ। ਮੋਹਰ ਸਿੰਘ ਨੇ ਉਹ ਸਾਰਾ ਲੁੱਟ ਲਿਆ।[98] ਪਟਿਆਲਾ ਦੇ ਰਾਜਾ ਅਮਰ ਸਿੰਘ ਨਾਲ ਲੋਹ-ਸਿੰਬਲੀ ਵਿਖੇ ਹੋਈ ਲੜਾਈ ਦੌਰਾਨ ਮੋਹਰ ਸਿੰਘ ਆਪਣੇ ਭਰਾ ਅਨੂਪ ਸਿੰਘ ਨੂੰ ਨਾਲ ਲੈ ਕੇ ਲਾਲ ਸਿੰਘ ਅਤੇ ਗੁਰਬਖਸ਼ ਸਿੰਘ ਦੀ ਤਰਫ਼ੋਂ ਬੜੀ ਬਹਾਦਰੀ ਨਾਲ ਲੜਿਆ।[99] ਬਾਅਦ ਵਿੱਚ ਮੋਹਰ ਸਿੰਘ ਦੀ ਆਪਣੇ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਨਾਲ ਲੜਦੇ ਹੋਏ ਮੌਤ ਹੋ ਗਈ ਅਤੇ ਉਸ ਦੀ ਪਤਨੀ ਜ਼ੀਰੇ ਵਾਪਿਸ ਚਲੀ ਗਈ।[100] ਕਨ੍ਹੱਈਆ ਲਾਲ ਨਿਸ਼ਾਨਵਾਲੀਆ ਮਿਸਲ ਦੇ ਸੰਗਤ ਸਿੰਘ ਅਤੇ ਮੋਹਰ ਸਿੰਘ ਤੋਂ ਅੱਗੇ ਦੀ ਕੋਈ ਜਾਣਕਾਰੀ ਨਹੀਂ ਦੇ ਰਿਹਾ।

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਸੰਮਤ 1862 ਬਿਕ੍ਰਮੀ ਵਿੱਚ ਗੁਰਬਖਸ਼ ਸਿੰਘ ਵੀ ਸਵਰਗ ਸਿਧਾਰ ਗਿਆ। ਗੁਰਬਖਸ਼ ਸਿੰਘ ਦੇ ਕੋਈ ਔਲਾਦ ਨਹੀਂ ਸੀ। ਇਸ ਕਰਕੇ ਉਸ ਦੀ ਦੀ ਰਾਣੀ ਦਯਾ ਕੌਰ ਨੇ ਗੁਰਬਖਸ਼ ਸਿੰਘ ਦਾ ਰਾਜ-ਭਾਗ ਸੰਭਾਲਿਆ। ਸੰਮਤ 1864 ਬਿਕ੍ਰਮੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦੀਵਾਨ ਮੋਹਕਮ ਚੰਦ ਨੇ ਦਯਾ ਕੌਰ ਤੋਂ ਰਾਜ-ਭਾਗ ਖੋਹ ਲਿਆ। ਅੰਗਰੇਜ਼ਾਂ ਦਾ ਰਾਜ ਆਉਣ ਨਾਲ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਇੱਥੋਂ ਚਲੀਆਂ ਗਈਆਂ ਅਤੇ ਅੰਗਰੇਜ਼ਾਂ ਨੇ ਇਹ ਰਾਜ

96 ਰਤਨ ਸਿੰਘ ਭੰਗੂ, *ਉਹੀ,* ਪੰਨੇ 356-357.

97 ਗਿਆਨ ਗਿਆਨੀ ਸਿੰਘ, *ਉ. ਰ.,* ਪੰਨਾ 1178.

98 Bhagat Singh, *op. cit.* p.261.

99 Bhagat Singh, *Ibid,* p.262.

100 Bhagat Singh, *Ibid,* p.263.

ਦਯਾ ਕੌਰ ਨੂੰ ਫ਼ੇਰ ਦੇ ਦਿੱਤਾ। ਸੰਮਤ 1882 ਬਿਕ੍ਰਮੀ ਵਿੱਚ ਦਯਾ ਕੌਰ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਉਸ ਦੇ ਰਾਜ-ਭਾਗ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਸੰਗਤ ਸਿੰਘ ਦੀ ਜੋ ਅੱਗੇ ਸੰਤਾਨ ਸੀ। ਉਹ ਸਿੰਘਾਂਵਾਲਾ ਪਿੰਡ ਵਿੱਚ ਰਹਿ ਰਹੀ ਹੈ ਅਤੇ ਉਹ ਕਾਫ਼ੀ ਵੱਡੀ ਜਾਗੀਰ ਦੇ ਮਾਲਕ ਹਨ। ਇਸ ਮਿਸਲ ਦੇ ਹੋਰ ਵੀ ਜਿਹੜੇ ਸਰਦਾਰ ਸਨ, ਉਹ ਵੀ ਆਪਣੇ ਆਪਣੇ ਪਿੰਡਾਂ ਵਿੱਚ ਜਾਗੀਰਾਂ ਉੱਪਰ ਗੁਜ਼ਾਰਾ ਕਰ ਰਹੇ ਹਨ।[101] ਸੋਹਣ ਸਿੰਘ ਸੀਤਲ ਵੀ ਗਿਆਨੀ ਗਿਆਨ ਸਿੰਘ ਦੀ ਉਪਰੋਕਤ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[102] ਭਗਤ ਸਿੰਘ ਲਿਖਦਾ ਹੈ ਕਿ ਮੋਹਰ ਸਿੰਘ ਦੀ ਮੌਤ ਤੋਂ ਬਾਅਦ ਗੁਰਬਖਸ਼ ਸਿੰਘ ਨੇ ਆਪਣੇ ਆਪ ਨੂੰ ਨਿਸ਼ਾਨਵਾਲੀਆ ਮਿਸਲ ਦਾ ਸ਼ਾਸਕ ਸਥਾਪਿਤ ਕਰ ਲਿਆ। ਅੱਗੇ ਭਗਤ ਸਿੰਘ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੁੰਦਿਆਂ ਲਿਖਦਾ ਹੈ ਕਿ ਗੁਰਬਖਸ਼ ਸਿੰਘ 1786 ਈ. ਵਿੱਚ ਬੇਔਲਾਦ ਹੀ ਮਰ ਗਿਆ। ਜਿਸ ਤੋਂ ਬਾਅਦ ਨਿਸ਼ਾਨਵਾਲੀਆ ਮਿਸਲ ਦਾ ਰਾਜ-ਭਾਗ ਉਸ ਦੀ ਪਤਨੀ ਦਯਾ ਕੌਰ ਨੇ ਸੰਭਾਲਿਆ। 1808 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਬਾਲਾ 'ਤੇ ਕਬਜ਼ਾ ਕਰਕੇ ਨਿਸ਼ਾਨਵਾਲੀਆ ਮਿਸਲ ਦਾ ਸਾਰਾ ਇਲਾਕਾ ਆਪਣੇ ਮਾਮੇ ਜੀਂਦ ਦੇ ਰਾਜਾ ਭਾਗ ਸਿੰਘ ਨੂੰ ਅਤੇ ਉਸ ਦੇ ਸਾਥੀ ਲਾਲ ਸਿੰਘ ਵਿੱਚ ਵੰਡ ਦਿੱਤਾ। ਰਾਣੀ ਦਯਾ ਕੌਰ ਨੇ ਅੰਗਰੇਜ਼ ਅਫ਼ਸਰ ਅਖ਼ਤਰਲੋਨੀ ਨੂੰ ਅਪੀਲ ਕੀਤੀ ਅਤੇ ਉਸ ਦੀ ਅਪੀਲ 'ਤੇ ਅਖ਼ਤਰਲੋਨੀ ਨੇ ਅੰਬਾਲਾ ਨੂੰ ਲਾਹੌਰ ਰਾਜ ਦੀਆਂ ਫ਼ੌਜਾਂ ਤੋਂ ਖਾਲੀ ਕਰਵਾ ਲਿਆ। 1809 ਈ. ਦੀ ਅੰਮ੍ਰਿਤਸਰ ਦੀ ਸੰਧੀ ਤੋਂ ਬਾਅਦ ਸਤਲੁਜ ਦਰਿਆ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਹੱਦ ਬਣ ਗਈ ਅਤੇ ਸਤਲੁਜ ਦੇ ਦੱਖਣ ਵਾਲਾ ਪਾਸਾ ਅਤੇ ਸਾਰੀਆਂ ਸਿੱਖ ਰਿਆਸਤਾਂ ਅੰਗਰੇਜ਼ਾਂ ਅਧੀਨ ਆਉਣ ਕਰਕੇ ਅੰਬਾਲਾ ਦਾ ਇਲਾਕਾ ਵੀ ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਆ ਗਿਆ ਅਤੇ 1823 ਈ. ਵਿੱਚ ਦਯਾ ਕੌਰ ਦੀ ਮੌਤ ਤੋਂ ਬਾਅਦ ਇਸ ਇਲਾਕੇ ਨੂੰ ਅੰਗਰੇਜ਼ਾਂ ਨੇ ਆਪਣੇ ਰਾਜ ਵਿੱਚ ਮਿਲਾ ਲਿਆ।[103] ਅਹਿਮਦ ਸ਼ਾਹ ਬਟਾਲਵੀ ਆਪਣੀ ਲਿਖਤ ਕਿਤਾਬ-ਏ-ਹਿੰਦ (ਤਾਰੀਖ਼-ਏ-ਪੰਜਾਬ) ਵਿੱਚ ਇਸ ਮਿਸਲ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਿਹਾ।

## ਕਰੋੜਸਿੰਘੀਆ ਮਿਸਲ

ਰਤਨ ਸਿੰਘ ਭੰਗੂ ਸਾਖੀ 'ਸ਼ਯਾਮ ਸਿੰਘ ਕੀ ਮਿਸਲ ਕੋ ਪ੍ਰਸੰਗ' ਵਿੱਚ ਲਿਖਦਾ ਹੈ ਕਿ ਸ਼ਯਾਮ ਸਿੰਘ

---

101 ਗਿਆਨ ਗਿਆਨੀ ਸਿੰਘ, *ਉ. ਰ.,* ਪੰਨੇ 1177-1180.

102 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 92.

103 Bhagat Singh, *op. cit.,* pp.263-264.

ਕਰੋੜਸਿੰਘੀਆ ਮਿਸਲ ਦਾ ਆਗੂ ਸੀ। ਉਹ ਰਤਨ ਸਿੰਘ ਭੰਗੂ ਦਾ ਨਾਨਾ ਲੱਗਦਾ ਸੀ। ਉਹ ਨਾਰਲੀ ਪਿੰਡ ਦਾ ਸੰਧੂ ਜੱਟ ਸੀ। ਉਸ ਨੇ ਮਸਤਾਨ ਸਿੰਘ ਦੇ ਡੇਰੇ ਤੋਂ ਅੰਮ੍ਰਿਤ ਛਕਿਆ ਸੀ। ਮਸਤਾਨ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਫ਼ੌਜਦਾਰ ਬਣਾ ਦਿੱਤਾ ਸੀ ਅਤੇ ਉਹ ਤੁਰਕਾਂ ਦੇ ਨਾਲ ਲੜਦਾ ਹੋਇਆ ਸ਼ਹੀਦੀ ਪਾ ਗਿਆ। ਉਸ ਤੋਂ ਬਾਅਦ ਸ਼ਯਾਮ ਸਿੰਘ ਨੇ ਆਪਣੀ ਯੋਗਤਾ ਅਤੇ ਸਿਆਣਪ ਦੀ ਵਜ੍ਹਾ ਕਰਕੇ ਮਸਤਾਨ ਸਿੰਘ ਦਾ ਡੇਰਾ ਸੰਭਾਲ ਲਿਆ ਅਤੇ ਤੁਰਕਾਂ ਜਾਂ ਅਫ਼ਗਾਨਾ ਨਾਲ ਹੋਏ ਸੰਘਰਸ਼ਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ।[104]

ਗਿਆਨੀ ਗਿਆਨ ਸਿੰਘ ਅਨੁਸਾਰ ਵੀ ਮਿਸਲ ਕਰੋੜਸਿੰਘੀਆ ਦਾ ਮੋਢੀ ਸਰਦਾਰ ਸ਼ਯਾਮ ਸਿੰਘ, ਨਾਰਲੀ ਪਿੰਡ ਦਾ ਰਹਿਣ ਵਾਲਾ ਸੀ। ਪਰ ਗਿਆਨੀ ਗਿਆਨ ਸਿੰਘ ਉਸ ਨੂੰ ਰਤਨ ਸਿੰਘ ਭੰਗੂ ਦੇ ਉਲਟ ਢਿੱਲੋਂ ਜੱਟ ਦੱਸਦਾ ਹੈ।[105] ਕਨ੍ਹੱਈਆ ਲਾਲ ਕਰੋੜਸਿੰਘੀਆ ਮਿਸਲ ਨੂੰ ਕਰੋੜੀ ਸਿੰਘਾਂ ਦੀ ਮਿਸਲ ਲਿਖਦਾ ਹੈ। ਪਰ ਕਨ੍ਹੱਈਆ ਲਾਲ ਕਰੋੜਾ ਸਿੰਘ ਨੂੰ ਇਸ ਮਿਸਲ ਦਾ ਮੋਢੀ ਮੰਨਦਾ ਹੈ।[106] ਅਹਿਮਦ ਸ਼ਾਹ ਬਟਾਲਵੀ ਆਪਣੀ ਲਿਖਤ ਵਿੱਚ ਇਸ ਮਿਸਲ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਿਹਾ। ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਦੇ ਵਿਚਾਰਾਂ ਨਾਲ ਸਹਿਮਤ ਹੁੰਦੇ ਹੋਏ ਕਰੋੜਸਿੰਘੀਆ ਮਿਸਲ ਦਾ ਮੋਢੀ ਸ਼ਯਾਮ ਸਿੰਘ ਨੂੰ ਹੀ ਮੰਨਦੇ ਹਨ।[107]

ਰਤਨ ਸਿੰਘ ਭੰਗੂ ਅਨੁਸਾਰ ਸ਼ਯਾਮ ਸਿੰਘ ਦੀ ਮੌਤ ਤੋਂ ਬਾਅਦ ਸਰੀਨ ਖੱਤਰੀ ਕਰਮ ਸਿੰਘ ਪੈਜਗੜੀਆ ਕਰੋੜਸਿੰਘੀਆ ਮਿਸਲ ਦਾ ਆਗੂ ਬਣਿਆ। ਉਸ ਤੋਂ ਬਾਅਦ ਕਰੋੜਾ ਸਿੰਘ ਜੋ ਕਿ ਬਰਕੀ ਪਿੰਡ ਦਾ ਸੰਧੂ ਜੱਟ ਸੀ, ਦੇ ਹੱਥ ਕਰੋੜਸਿੰਘੀਆ ਮਿਸਲ ਦੀ ਵਾਗਡੋਰ ਆਈ। ਇਸ ਤੋਂ ਬਾਅਦ ਕਰੋੜਸਿੰਘੀਆ ਮਿਸਲ ਚੜ੍ਹਦੀਕਲਾ ਵਿੱਚ ਹੁੰਦੀ ਗਈ। ਭੰਗੀ ਅਤੇ ਕਲਸੀਆਂ ਵਾਲੇ ਸਰਦਾਰਾਂ ਨੂੰ ਮਝੈਲਾਂ ਨੇ ਆਪਣੀਆਂ ਮਿਸਲਾਂ ਵਿੱਚੋਂ ਕੱਢ ਦਿੱਤਾ ਸੀ ਅਤੇ ਬੂੜੀਏ ਜਾਂ ਛਛਰੋਲੀ ਵਾਲੇ ਸਰਦਾਰ, ਸਭ ਨੂੰ ਕਰੋੜਾ ਸਿੰਘ ਨੇ ਆਪਣੇ ਨਾਲ ਰਲਾ ਲਿਆ। ਕਰੋੜਾ ਸਿੰਘ ਦੀ ਮੌਤ ਤਰਾਵੜੀ ਵਿਖੇ ਗੋਲੀ ਲੱਗਣ ਨਾਲ ਸੰਮਤ 1822 ਬਿਕ੍ਰਮੀ (1764 ਈ.) ਵਿੱਚ ਹੋਈ।[108] ਗਿਆਨੀ ਗਿਆਨ ਸਿੰਘ ਵੀ ਰਤਨ ਸਿੰਘ ਭੰਗੂ ਦੀ ਹਾਂ ਵਿੱਚ ਹਾਂ ਮਿਲਾਉਂਦਾ

---

[104] ਰਤਨ ਸਿੰਘ ਭੰਗੂ, *ਉ. ਰ.,* ਪੰਨਾ 404.

[105] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1180.

[106] ਕਨ੍ਹੱਈਆ ਲਾਲ, *ਉ. ਰ.,* ਪੰਨਾ, 101.

[107] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 96; Bhagat Singh, *op. cit.,* p.268.

[108] ਰਤਨ ਸਿੰਘ ਭੰਗੂ, *ਉ. ਰ.,* ਪੰਨੇ 405-406.

ਲਿਖਦਾ ਹੈ ਕਿ ਸ਼ਯਾਮ ਸਿੰਘ ਤੋਂ ਬਾਅਦ ਪੈਜਗੜ੍ਹ ਪਿੰਡ ਦਾ ਖੱਤਰੀ ਸਿੱਖ ਕਰਮ ਸਿੰਘ ਇਸ ਮਿਸਲ ਦਾ ਕਰਤਾ-ਧਰਤਾ ਬਣਿਆ। ਕਰਮ ਸਿੰਘ ਤੋਂ ਬਾਅਦ ਕਰੋੜਾ ਸਿੰਘ ਦੇ ਹੱਥ ਇਸ ਮਿਸਲ ਦੀ ਵਾਗਡੋਰ ਆਈ। ਕਰੋੜਾ ਸਿੰਘ ਨੇ ਇਸ ਮਿਸਲ ਦੇ ਰਾਜ-ਭਾਗ ਵਿੱਚ ਬਹੁਤ ਵਾਧਾ ਕੀਤਾ ਅਤੇ ਇਸ ਨੂੰ ਬੁਲੰਦੀਆਂ 'ਤੇ ਪਹੁੰਚਾਇਆ।[109] ਭਗਤ ਸਿੰਘ ਕਰਮ ਸਿੰਘ ਨੂੰ ਸ਼ਯਾਮ ਸਿੰਘ ਦਾ ਭਤੀਜਾ ਦੱਸਦਾ ਹੈ।[110] ਪਰ ਕਰੋੜਾ ਸਿੰਘ ਸੰਬੰਧੀ ਭਗਤ ਸਿੰਘ ਗਿਆਨੀ ਗਿਆਨ ਸਿੰਘ ਦੀ ਲਿਖਤ ਨਾਲ ਸਹਿਮਤ ਹੈ।[111] ਸੋਹਣ ਸਿੰਘ ਸੀਤਲ ਵੀ ਕਰਮ ਸਿੰਘ ਤੋਂ ਬਾਅਦ ਕਰੋੜਾ ਸਿੰਘ ਨੂੰ ਕਰੋੜਸਿੰਘੀਆ ਮਿਸਲ ਦਾ ਮੋਢੀ ਲਿਖਦਾ ਹੈ।[112]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਇਸ ਤੋਂ ਬਾਅਦ ਝਬਾਲ ਪਿੰਡ ਦਾ ਬਘੇਲ ਸਿੰਘ ਧਾਲੀਵਾਲ ਕਰੋੜਸਿੰਘੀਆ ਮਿਸਲ ਦਾ ਆਗੂ ਬਣਿਆ। ਬਘੇਲ ਸਿੰਘ ਦੇ ਸਮੇਂ ਮਾਝੇ ਦਾ ਮੱਧਵਰਤੀ ਇਲਾਕਾ, ਚੌਥਾ ਹਿੱਸਾ ਦੁਆਬਾ ਅਤੇ ਗੰਗਾ ਦੇ ਨਾਲ-ਨਾਲ ਲੱਗਦੇ ਪਹਾੜਾਂ ਦਾ ਹੇਠਲਾ ਇਲਾਕਾ ਕਰੋੜਸਿੰਘੀਆ ਮਿਸਲ ਦੇ ਕਬਜ਼ੇ ਵਿੱਚ ਸੀ।[113] ਗਿਆਨੀ ਗਿਆਨ ਸਿੰਘ ਅਨੁਸਾਰ ਵੀ ਕਰੋੜਾ ਸਿੰਘ ਤੋਂ ਬਾਅਦ ਜਥੇਦਾਰ ਬਘੇਲ ਸਿੰਘ ਹੀ ਇਸ ਮਿਸਲ ਦਾ ਆਗੂ ਬਣਿਆ।[114] ਸੋਹਣ ਸਿੰਘ ਵੀ ਕਰੋੜਾ ਸਿੰਘ ਦੀ ਮੌਤ ਤੋਂ ਬਾਅਦ ਬਘੇਲ ਸਿੰਘ ਦੇ ਇਸ ਮਿਸਲ ਦਾ ਆਗੂ ਬਣਨ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ।[115] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਘੇਲ ਸਿੰਘ ਦੇ ਸਮੇਂ ਇਸ ਮਿਸਲ ਕੋਲ ਪੰਦਰ੍ਹਾਂ ਹਜ਼ਾਰ ਦੇ ਕਰੀਬ ਘੋੜਸਵਾਰ ਅਤੇ ਪਿਆਦਾ ਸੈਨਾ ਸੀ ਅਤੇ ਇਸ ਦੀ ਸਾਲਾਨਾ ਆਮਦਨ ਚਾਲੀ ਲੱਖ ਰੁਪਏ ਤੋਂ ਜ਼ਿਆਦਾ ਸੀ।[116] ਕਨ੍ਹੱਈਆ ਲਾਲ ਵੀ ਬਘੇਲ ਸਿੰਘ ਦੇ ਸਮੇਂ ਕਰੋੜਸਿੰਘੀਆ ਮਿਸਲ ਕੋਲ ਬਾਰ੍ਹਾਂ ਹਜ਼ਾਰ ਦੇ ਕਰੀਬ ਘੋੜਸਵਾਰ ਸੈਨਾ ਦੱਸਦਾ ਹੈ।[117] ਕਰੋੜਾ ਸਿੰਘ ਤੇ ਬਘੇਲ ਸਿੰਘ ਦੇ ਸਮੇਂ ਇਸ ਮਿਸਲ ਨੇ ਬੜੀ ਤਰੱਕੀ ਕੀਤੀ। ਗਿਆਨੀ ਗਿਆਨ ਸਿੰਘ ਵੀ ਬਘੇਲ ਸਿੰਘ ਨੂੰ ਝਬਾਲ ਪਿੰਡ ਦਾ ਢਿੱਲੋਂ ਜੱਟ ਲਿਖਦਾ ਹੈ।[118] ਪਰ ਭਗਤ ਸਿੰਘ ਬਘੇਲ

---

109 ਗਿਆਨੀ ਗਿਆਨ ਸਿੰਘ, *ਉ. ਕ.,* ਪੰਨੇ 1180.

110 Bhagat Singh, *op. cit.,* p. 269.

111 Bhagat Singh, *Ibid,* p. 270.

112 ਸੋਹਣ ਸਿੰਘ ਸੀਤਲ, *ਉ. ਕ.,* ਪੰਨਾ 96.

113 ਰਤਨ ਸਿੰਘ ਭੰਗੂ, *ਉ. ਕ.,* ਪੰਨਾ 406.

114 ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 1180.

115 ਸੋਹਣ ਸਿੰਘ ਸੀਤਲ, *ਉ. ਕ.,* ਪੰਨਾ 98.

116 ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 1180.

117 ਕਨ੍ਹੱਈਆ ਲਾਲ, *ਉ. ਕ.,* ਪੰਨਾ 101.

118 ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 1180.

ਸਿੰਘ ਨੂੰ ਝਬਾਲ ਪਿੰਡ ਦਾ ਧਾਲੀਵਾਲ ਜੱਟ ਦੱਸਦਾ ਹੈ।[119]

ਗਿਆਨੀ ਗਿਆਨ ਸਿੰਘ ਦੇ ਦੱਸਣ ਅਨੁਸਾਰ ਸੰਮਤ 1816 ਬਿਕ੍ਰਮੀ ਵਿੱਚ ਜਦੋਂ ਸਿੱਖਾਂ ਨੇ ਮੁਲਖ਼ ਮੱਲਿਆ ਤਾਂ ਬਘੇਲ ਸਿੰਘ ਨੇ ਜੈਨ ਖਾਂ ਨੂੰ ਹਰਾ ਕੇ ਖ਼ਰਦੀਨ, ਕਨੈਰੀ, ਗੜ੍ਹਜਾ ਮੀਤਾ, ਹੁਸ਼ਿਆਰਪੁਰ, ਹਰਿਆਣਾ, ਸ਼ਾਮਚੁਰਾਸੀ, ਚਾਰੇ ਬੱਸੀਆਂ ਆਦਿ ਦੁਆਬੇ ਦਾ ਸਾਰਾ ਇਲਾਕਾ ਮੱਲ ਲਿਆ ਅਤੇ ਇਸ ਦੇ ਨਾਲ-ਨਾਲ ਹੁੰਦਾ ਹੋਇਆ ਛਲੌਦੀ ਤੱਕ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿੱਚ ਕਰ ਗਿਆ।[120] ਰਤਨ ਸਿੰਘ ਭੰਗੂ ਲਿਖਦਾ ਹੈ ਕਿ ਇਹ ਬਘੇਲ ਸਿੰਘ ਹੀ ਸੀ, ਜਿਸ ਨੂੰ ਮੁਗਲ ਬਾਦਸ਼ਾਹ ਤੋਂ ਦਿੱਲੀ ਵਿੱਚ, ਜਿੱਥੇ ਵੀ ਸਿੱਖ ਗੁਰੂਆਂ ਨੇ ਚਰਨ ਪਾਏ ਜਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ, ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰੇ ਉਸਾਰਨ ਦੀ ਸ਼ਰਤ ਮੰਨਵਾਈ। ਉਸ ਸਮੇਂ ਬਘੇਲ ਸਿੰਘ ਨੂੰ ਮੁਗਲਾਂ ਦੇ ਸ਼ਾਹੀ ਖਜ਼ਾਨੇ ਦੇ ਹਰ ਇੱਕ ਰੁਪਏ ਵਿੱਚੋਂ ਛੇ ਆਨੇ ਆਮਦਨ ਆਉਂਦੀ ਸੀ।[121]

ਗਿਆਨੀ ਗਿਆਨ ਸਿੰਘ ਵੀ ਦੱਸਦਾ ਹੈ ਕਿ ਬਘੇਲ ਸਿੰਘ ਨੇ ਖ਼ਾਲਸੇ ਨੂੰ ਨਾਲ ਲੈ ਕੇ ਹਿੰਦੁਸਤਾਨ ਨੂੰ ਕਈ ਵਾਰ ਲੁੱਟਿਆ। ਭਰਤਪੁਰ ਦੇ ਰਾਜੇ ਜਵਾਹਰ ਮੱਲ ਦੇ ਸੱਦੇ 'ਤੇ ਬਘੇਲ ਸਿੰਘ ਨੇ ਖ਼ਾਲਸੇ ਨੂੰ ਨਾਲ ਲੈ ਕੇ ਦਿੱਲੀ ਫ਼ਤਿਹ ਕੀਤੀ। ਜਦੋਂ ਪੰਥ ਨੇ ਜਲਾਲਾਬਾਦ ਲਹਾਰੀ ਉੱਪਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਵੀ ਬਘੇਲ ਸਿੰਘ ਤੇ ਇਸ ਦੀ ਮਿਸਲ ਨੇ ਵੱਧ ਚੜ੍ਹਕੇ ਹਿੱਸਾ ਲਿਆ।[122] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਬਘੇਲ ਸਿੰਘ ਦੁਆਰਾ ਜਲਾਲਾਬਾਦ ਉੱਪਰ ਕੀਤੇ ਹਮਲੇ ਦੀ ਤਈਦ ਕਰਦੇ ਹਨ।[123] ਇਸ ਤੋਂ ਬਾਅਦ ਬਘੇਲ ਸਿੰਘ ਨੇ ਦੋ ਵਾਰ ਦਿੱਲੀ ਲੁੱਟੀ ਅਤੇ ਦਿੱਲੀ ਵਿੱਚ ਸਿੱਖਾਂ ਜਾਂ ਸਿੱਖ ਗੁਰੂਆਂ ਨਾਲ ਸੰਬੰਧਿਤ ਸਥਾਨਾਂ ਉੱਪਰ ਗੁਰਦਆਰੇ ਬਣਵਾਏ।[124] ਭਗਤ ਸਿੰਘ ਵੀ ਬਘੇਲ ਸਿੰਘ ਵੱਲੋਂ ਵਾਰ-ਵਾਰ ਦਿੱਲੀ ਨੂੰ ਜਿੱਤਣ ਅਤੇ ਦਿੱਲੀ ਵਿੱਚ ਸਿੱਖ ਗੁਰਦੁਆਰਿਆਂ ਦੀ ਸੇਵਾ ਕਰਵਾਉਣ ਸੰਬੰਧੀ ਤੱਥਾਂ ਉੱਪਰ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੈ।[125] ਸਰਦਾਰ ਬਘੇਲ ਸਿੰਘ ਵੱਲੋਂ ਦਿੱਲੀ ਵਿੱਚ ਗੁਰਦੁਆਰੇ ਬਣਵਾਉਣ ਦੀ ਜਾਣਕਾਰੀ ਸੋਹਣ ਸਿੰਘ ਸੀਤਲ

---

119 Bhagat Singh, *op. cit.*, p.271.

120 ਗਿਆਨੀ ਗਿਆਨ ਸਿੰਘ, *ਉ. ਰ.*, ਪੰਨੇ 1180-1181.

121 ਰਤਨ ਸਿੰਘ ਭੰਗੂ, *ਉ. ਰ.*, ਪੰਨਾ 417.

122 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 1181.

123 ਸੋਹਣ ਸਿੰਘ ਸੀਤਲ, *ਉ. ਰ.*, ਪੰਨਾ 100; Bhagat Singh, *op. cit.*, p.273.

124 ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 1181.

125 Bhagat Singh, *op. cit.*, pp.273-277.

ਵੀ ਦਿੰਦਾ ਹੈ।[126]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਘੇਲ ਸਿੰਘ ਨੇ ਛਲੌਦੀ ਪਿੰਡ ਨੂੰ ਆਪਣੀ ਰਾਜਧਾਨੀ ਬਣਾਇਆ। ਦੁਆਬੇ ਵਿੱਚ ਪੈਂਦੇ ਕਾਠਗੜ੍ਹ ਦੇ ਇਲਾਕੇ ਦੇ ਛਛਰੌਲੀ ਵਾਲੇ ਸਰਦਾਰ ਵੀ ਇਸੇ ਮਿਸਲ ਨਾਲ ਹੀ ਸੰਬੰਧਿਤ ਸਨ। ਵੀਹ ਕੁ ਦੇ ਕਰੀਬ ਕਲਸੀਏ ਸਰਦਾਰ ਵੀ ਇਨ੍ਹਾਂ ਨਾਲ ਜੁੜੇ ਹੋਏ ਸਨ। ਪਿੰਡ ਧੀਨ, ਮੁਲਾਣਾ, ਸਢੌਰਾ, ਪਾਵਨੀ, ਪਿੰਜੋਰਾ, ਖੇੜੀ, ਕਹੇੜੀ, ਬੱਸੀ, ਲਾਲਪੁਰਾ, ਨੰਗਲ, ਹੈਬਤਪੁਰ, ਮਨੀਮਾਜਰਾ, ਰਾਏ ਦੌਰ, ਛਾਪਰ, ਥਨੇਰਾ, ਖਰੜ, ਜੈਨਪੁਰ, ਗੁੜ੍ਹਾ, ਕੋਟਲੀ ਗੜ੍ਹੀ, ਸਕੰਦਪੁਰ, ਸਾਂਭੀ, ਸਰਧਾਹੇੜੀ, ਚੰਨਣਾਂ, ਕੌਕਪੁਰ, ਮੁਸਤਫ਼ਾਬਾਦ ਆਦਿ ਨਗਰਾਂ ਦੇ ਸਰਦਾਰ ਬਘੇਲ ਸਿੰਘ ਦੀ ਤਾਬਿਆ ਵਿੱਚ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਸਰਦਾਰ ਬਘੇਲ ਸਿੰਘ ਦੇ ਸਮੇਂ ਇਹ ਮਿਸਲ ਸਭ ਤੋਂ ਵੱਡੀ ਮਿਸਲ ਸੀ।[127] ਰਤਨ ਸਿੰਘ ਭੰਗੂ ਗਿਆਨੀ ਗਿਆਨ ਸਿੰਘ ਵਾਂਗ ਬਘੇਲ ਸਿੰਘ ਬਾਰੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦੇ ਰਿਹਾ। ਬਘੇਲ ਸਿੰਘ ਕਰੋੜਸਿੰਘੀਆ ਦੀ ਮੌਤ ਮਗਰੋਂ ਜੋਧ ਸਿੰਘ ਕਲਸੀਵਾਲਾ ਇਸ ਮਿਸਲ ਦਾ ਸਰਦਾਰ ਬਣਿਆ। ਉਸ ਦੀ ਮੌਤ ਤੋਂ ਬਾਅਦ, ਉਸ ਦਾ ਪੁੱਤਰ ਸੋਭਾ ਸਿੰਘ, ਸੋਭਾ ਸਿੰਘ ਦੀ ਮੌਤ ਤੋਂ ਬਾਅਦ, ਸੋਭਾ ਸਿੰਘ ਦਾ ਪੁੱਤਰ ਲਹਿਣਾ ਸਿੰਘ, ਲਹਿਣਾ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਬਿਸ਼ਨ ਸਿੰਘ ਕਰੋੜਸਿੰਘੀਆ ਮਿਸਲ ਦੇ ਵਾਰਿਸ ਬਣੇ। ਗਿਆਨੀ ਗਿਆਨ ਸਿੰਘ ਦੇ ਸਮੇਂ ਵਿੱਚ ਜਗਤ ਸਿੰਘ ਇਸ ਮਿਸਲ ਦਾ ਆਗੂ ਸੀ ਅਤੇ ਉਸ ਕੋਲ ਦੋ ਲੱਖ ਰੁਪਏ ਸਾਲਾਨਾ ਆਮਦਨ ਦਾ ਇਲਾਕਾ ਸੀ। ਉਸ ਵੇਲੇ ਇਸ ਦੀ ਰਾਜਧਾਨੀ ਅੰਬਾਲੇ ਦੇ ਲਾਗੇ ਦੇ ਪਿੰਡ ਛਛਰੋਲੀ ਵਿੱਚ ਸੀ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਬਘੇਲ ਸਿੰਘ ਦੀਆਂ ਦੋ ਪਤਨੀਆਂ, ਰਾਮ ਕੌਰ ਤੇ ਰਤਨ ਕੌਰ ਸਨ। ਸ਼ਾਮਚੁਰਾਸੀ ਤੇ ਹੁਸ਼ਿਆਰਪੁਰ ਦੇ ਇਲਾਕਿਆਂ ਸਮੇਤ ਦੁਆਬੇ ਵਿੱਚ ਰਾਮ ਕੌਰ ਦੇ ਕੋਲ ਤਿੰਨ ਲੱਖ ਸਾਲਾਨਾ ਆਮਦਨ ਦੇ ਇਲਾਕੇ ਸਨ। ਖ਼ਰਦੀਨ, ਛਲੌਦੀ ਆਦਿ ਦੋ ਲੱਖ ਸਾਲਾਨਾ ਆਮਦਨ ਦੇ ਇਲਾਕੇ ਰਤਨ ਕੌਰ ਕੋਲ ਸਨ। ਸੰਮਤ 1868 ਬਿਕ੍ਰਮੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਰਾਮ ਕੌਰ ਦਾ ਇਲਾਕਾ ਖੋਹ ਲਿਆ। ਉਹ ਭੱਜ ਕੇ ਅੰਗਰੇਜ਼ ਅਫ਼ਸਰ ਅਖ਼ਤਰਲੋਨੀ ਕੋਲ ਲੁਧਿਆਣੇ ਪਹੁੰਚ ਗਈ। ਉਸ ਨੇ ਰਾਮ ਕੌਰ ਨੂੰ ਗੁਜ਼ਾਰੇ ਲਈ ਖ਼ਰਦੀਨ ਦੀ ਜਾਗੀਰ ਦੇ ਦਿੱਤੀ। ਪਰ ਸੰਮਤ 1905 ਬਿਕ੍ਰਮੀ ਵਿੱਚ ਬੇਔਲਾਦ ਹੋਣ ਕਾਰਨ, ਉਸ ਦੀ ਮੌਤ ਪਿੱਛੋਂ ਅੰਗਰੇਜ਼ਾਂ ਨੇ ਇਹ

[126] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 102.

[127] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1181-1182.

ਜਾਗੀਰ ਜ਼ਬਤ ਕਰ ਲਈ।[128] ਕਨ੍ਹੱਈਆ ਲਾਲ ਜਾਂ ਅਹਿਮਦ ਸ਼ਾਹ ਬਟਾਲਵੀ ਬਘੇਲ ਸਿੰਘ ਦੀ ਮੌਤ ਤੋਂ ਬਾਅਦ ਇਸ ਮਿਸਲ ਦੇ ਅਗਲੇ ਸ਼ਾਸਕਾਂ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੇ। ਪਰ ਸੋਹਣ ਸਿੰਘ ਸੀਤਲ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਘੇਲ ਸਿੰਘ ਦੀ ਵਿਧਵਾ ਰਾਮ ਕੌਰ ਤੋਂ ਉਸ ਦਾ ਇਲਾਕਾ ਖੋਹ ਕੇ ਜਾਗੀਰ ਦੇਣ ਦੀ ਪੁਸ਼ਟੀ ਕਰਦਾ ਹੈ।[129] ਜਦੋਂ ਕਿ ਭਗਤ ਸਿੰਘ ਦੇ ਅਨੁਸਾਰ ਬਘੇਲ ਸਿੰਘ ਦੀ ਮੌਤ ਤੋਂ ਬਾਅਦ ਕਰੋੜਸਿੰਘੀਆ ਮਿਸਲ ਦੀ ਵਾਗਡੋਰ ਉਸ ਦੀਆਂ ਦੋ ਪਤਨੀਆਂ ਰਾਮਕੋਰ ਤੇ ਰਤਨ ਕੌਰ ਦੇ ਹੱਥ ਆ ਗਈ। ਮਹਾਰਾਜਾ ਰਣਜੀਤ ਸਿੰਘ ਨੇ ਰਤਨ ਕੌਰ ਦੇ ਹਿੱਸੇ ਦਾ ਇਲਾਕਾ ਖੋਹ ਕੇ ਜੋਧ ਸਿੰਘ ਕਲਸੀਆ ਨੂੰ ਦੇ ਦਿੱਤਾ। ਪਟਿਆਲਾ ਦੇ ਰਾਜਾ ਸਾਹਿਬ ਸਿੰਘ ਨੇ ਆਪਣੇ ਪੁੱਤਰੀ ਦਾ ਵਿਆਹ ਕਰਮ ਸਿੰਘ ਨਾਲ ਕੀਤਾ, ਜੋ ਕਿ ਜੋਧ ਸਿੰਘ ਦਾ ਸਪੁੱਤਰ ਸੀ। ਅੱਗੇ ਭਗਤ ਸਿੰਘ ਜੋਧ ਸਿੰਘ ਦੀ ਪੀੜ੍ਹੀ ਵਿੱਚੋਂ ਸਰਦਾਰ ਜਗਜੀਤ ਸਿੰਘ ਤੱਕ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦਾ ਹੈ।[130]

## ਮਿਸਲ ਫ਼ੈਜ਼ਲਪੁਰੀਆ

ਗਿਆਨੀ ਗਿਆਨ ਸਿੰਘ ਅਨੁਸਾਰ ਫ਼ੈਜ਼ਲਪੁਰੀਆ ਮਿਸਲ ਦਾ ਮੋਢੀ, ਸਰਦਾਰ ਦਲੀਪ ਸਿੰਘ ਵਿਰਕ ਵਾਸੀ ਫ਼ੈਜ਼ਲਪੁਰ ਦਾ ਸਪੁੱਤਰ ਕਪੂਰ ਸਿੰਘ ਸੀ। ਕਪੂਰ ਸਿੰਘ ਅਤੇ ਦਾਨ ਸਿੰਘ ਦੋਵੇਂ ਭਰਾ, ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਜਦੋਂ ਤੁਰਕਾਂ ਵੱਲੋਂ ਖ਼ਾਲਸੇ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ ਗਈ ਤਾਂ ਇਹ ਨਵਾਬੀ ਕਪੂਰ ਸਿੰਘ ਦੇ ਹਿੱਸੇ ਆਈ ਅਤੇ ਉਹ ਨਵਾਬ ਕਪੂਰ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ।[131] ਰਤਨ ਸਿੰਘ ਭੰਗੂ ਸਿਰਫ਼ ਤੇ ਸਿਰਫ਼ ਕਪੂਰ ਸਿੰਘ ਦੇ ਨਵਾਬ ਬਣਨ ਬਾਰੇ ਦੱਸ ਰਿਹਾ ਹੈ,[132] ਫ਼ੈਜ਼ਲਪੁਰੀਆ ਜਾਂ ਸਿੰਘਪੁਰੀਆ ਮਿਸਲ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਦੇ ਰਿਹਾ। ਕਨ੍ਹੱਈਆ ਲਾਲ ਵੀ ਤੇ ਅਹਿਮਦ ਸ਼ਾਹ ਬਟਾਲਵੀ ਵੀ ਗਿਆਨੀ ਗਿਆਨ ਸਿੰਘ ਦੇ ਨਾਲ ਸਹਿਮਤ ਹਨ ਕਿ ਸਰਦਾਰ ਕਪੂਰ ਸਿੰਘ ਹੀ ਫ਼ੈਜ਼ਲਪੁਰੀਆ ਮਿਸਲ ਦਾ ਮੋਢੀ ਸੀ।[133] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਇਸ

---

[128] ਗਿਆਨੀ ਗਿਆਨ ਸਿੰਘ, *ਉਹੀ.*

[129] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 105.

[130] Bhagat Singh, *op. cit.* p.285.

[131] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1185-1186.

[132] ਰਤਨ ਸਿੰਘ ਭੰਗੂ, *ਉ. ਰ.,* ਪੰਨਾ 405.

[133] ਕਨ੍ਹੱਈਆ ਲਾਲ, *ਉ. ਰ.,* ਪੰਨਾ 100; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 45.

ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦੇ ਹਨ।[134] ਪਰ ਕਨ੍ਹੱਈਆ ਲਾਲ ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਦੇ ਉਲਟ ਲਿਖਦਾ ਹੈ ਕਿ ਕਪੂਰ ਸਿੰਘ ਨੇ ਲੁੱਟਮਾਰ ਕਰਕੇ ਬਹੁਤ ਸਾਰਾ ਧਨ ਮਾਲ ਜੋੜ ਲਿਆ ਸੀ ਅਤੇ ਉਹ ਖ਼ੁਦ ਨੂੰ ਨਵਾਬ ਅਖਵਾਉਣ ਲੱਗ ਪਿਆ।[135] ਪਰ ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਕਪੂਰ ਸਿੰਘ ਬੜਾ ਹੀ ਦਾਨੀ ਪੁਰਸ਼ ਸੀ। ਉਸ ਵਿਚ ਮਾਨਵਤਾ ਤੇ ਸ਼ਰਾਫ਼ਤ ਕੁੱਟ-ਕੁੱਟ ਕੇ ਭਰੀ ਹੋਈ ਸੀ।[136]

ਗਿਆਨੀ ਗਿਆਨ ਸਿੰਘ ਅਨੁਸਾਰ ਉਸ ਨੇ ਖ਼ਾਲਸਾ ਪੰਥ ਦੀ ਰਹਿਨੁਮਾਈ ਕਰਦਿਆਂ ਤੁਰਕਾਂ ਨਾਲ ਅਨੇਕਾਂ ਯੁੱਧ ਲੜੇ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਤੁਰਕਾਂ ਨਾਲ ਹੋਈਆਂ ਲੜਾਈਆਂ ਦੌਰਾਨ ਉਸ ਦੇ ਸਰੀਰ ਉੱਤੇ 43 ਫੱਟ ਲੱਗੇ। ਉਸ ਨੇ ਕਸੂਰ ਜਿੱਤ ਕੇ ਪੰਥ ਨੂੰ ਧਨੀ ਬਣਾਇਆ। ਬੀਕਾਨੇਰ ਅਤੇ ਜੈਪੁਰ ਵਿੱਚ ਵੀ ਲੁੱਟਮਾਰ ਕੀਤੀ। ਉਸ ਨੇ ਜਲੰਧਰ ਦੇ ਆਲੇ ਦੁਆਲੇ ਦਾ ਕਾਫ਼ੀ ਇਲਾਕਾ ਆਪਣੇ ਕਬਜ਼ੇ ਵਿੱਚ ਲੈ ਲਿਆ। ਗਿਆਨੀ ਗਿਆਨ ਸਿੰਘ ਅਨੁਸਾਰ ਕਪੂਰ ਸਿੰਘ ਦੇ ਆਪਣਾ ਕੋਈ ਪੁੱਤਰ ਨਹੀਂ ਸੀ। ਉਸ ਦੇ ਅੱਗੇ ਉਸ ਦਾ ਭਤੀਜਾ ਖੁਸ਼ਹਾਲ ਸਿੰਘ ਸੀ ਤੇ ਦੂਜਾ ਉਸ ਦਾ ਚੇਲਾ ਜੱਸਾ ਸਿੰਘ ਆਹਲੂਵਾਲੀਆ ਸੀ। ਸੰਮਤ 1817 ਬਿਕ੍ਰਮੀ ਵਿੱਚ ਅੰਮ੍ਰਿਤਸਰ ਵਿਖੇ ਸਾਰੇ ਸਿੱਖ ਸਰਦਾਰਾਂ ਨੂੰ ਇਕੱਠੇ ਕਰਕੇ ਨਵਾਬ ਕਪੂਰ ਸਿੰਘ ਨੇ ਸਰਬਸੰਮਤੀ ਨਾਲ ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਜਥੇਦਾਰ ਥਾਪ ਦਿੱਤਾ ਅਤੇ ਆਪਣਾ ਡੇਰਾ ਅਤੇ ਜਾਗੀਰ ਆਪਣੇ ਭਤੀਜੇ ਖੁਸ਼ਹਾਲ ਸਿੰਘ ਨੂੰ ਦੇ ਦਿੱਤੀ। ਇਸ ਤੋਂ ਬਾਅਦ ਨਵਾਬ ਕਪੂਰ ਸਿੰਘ ਸੁਰਗਵਾਸ ਹੋ ਗਿਆ। ਉਸ ਦੀ ਸਮਾਧ ਅੰਮ੍ਰਿਤਸਰ ਵਿਖੇ ਬਾਬਾ ਅਟੱਲ ਜੀ ਦੀ ਸਮਾਧ ਦੇ ਲਾਗੇ ਬਣੀ ਹੋਈ ਹੈ। ਨਵਾਬ ਕਪੂਰ ਸਿੰਘ ਤੋਂ ਪਿੱਛੋਂ ਖੁਸ਼ਹਾਲ ਸਿੰਘ ਵੀ ਪੰਥ ਨਾਲ ਜੁੜਿਆ ਰਿਹਾ।[137] ਅਹਿਮਦ ਸ਼ਾਹ ਬਟਾਲਵੀ, ਲੈਪਲ ਗ੍ਰਿਫ਼ਨ, ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਵੀ ਖੁਸ਼ਹਾਲ ਸਿੰਘ ਨੂੰ ਕਪੂਰ ਸਿੰਘ ਤੋਂ ਬਾਅਦ ਫ਼ੈਜ਼ਲਪੁਰੀਆ ਮਿਸਲ ਦਾ ਅਗਲਾ ਮੋਢੀ ਹੋਣ ਦੀ ਪੁਸ਼ਟੀ ਕਰਦੇ ਹਨ।[138]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖੁਸ਼ਹਾਲ ਸਿੰਘ ਨੇ ਜੈਨ ਖਾਂ ਨੂੰ ਲੜਾਈ ਵਿੱਚ ਮਾਰ ਕੇ ਭਰਤਗੜ੍ਹ, ਅਟਲਗੜ੍ਹ, ਮਨੌਲੀ, ਆਦਿ ਚਾਰ ਲੱਖ ਦੇ ਸਾਲਾਨਾ ਆਮਦਨ ਵਾਲੇ ਇਲਾਕੇ 'ਤੇ ਕਬਜ਼ਾ ਕਰ

---

[134] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 105; Bhagat Singh, *op. cit.,* p.134.

[135] ਕਨ੍ਹੱਈਆ ਲਾਲ, *ਉ. ਰ.,* ਪੰਨਾ 100.

[136] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 45.

[137] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1186-1187.

[138] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 45; Lepel H. Griffin, *op. cit.,* p. 57; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 83; Bhagat Singh, *op. cit.,* p.144.

ਲਿਆ। ਫ਼ੇਰ ਉਸ ਨੇ ਤਿੰਨ ਲੱਖ ਸਾਲਾਨਾ ਆਮਦਨ ਵਾਲੇ ਜਲੰਧਰ ਸ਼ਹਿਰ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਤੇ ਆਪਣੀ ਰਾਜਧਾਨੀ ਬਣਾਇਆ। ਖੁਸ਼ਹਾਲ ਸਿੰਘ ਦੇ ਪੁੱਤਰ ਬੁੱਧ ਸਿੰਘ ਨੇ ਹੈਬਤਪੁਰ ਪੱਟੀ ਦਾ ਇਲਾਕਾ ਕਸੂਰੀਆਂ ਤੋਂ ਖੋਹ ਕੇ ਆਪਣੇ ਰਾਜ ਵਿੱਚ ਸ਼ਾਮਿਲ ਕੀਤਾ। ਖੁਸ਼ਹਾਲ ਸਿੰਘ ਨੇ ਭਰਤਗੜ੍ਹ, ਮਨੌਲੀ, ਕਨੌਲੀ, ਕੰਧੋਲਾ, ਬਹਿਲੋਲਪੁਰ ਆਦਿ ਇਲਾਕੇ ਜਿੱਤ ਕੇ ਵੀ ਆਪਣੇ ਰਾਜ ਵਿੱਚ ਸ਼ਾਮਿਲ ਕੀਤੇ। ਉਸ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਬੁੱਧ ਸਿੰਘ ਫ਼ੈਜ਼ਲਪੁਰੀਆ ਮਿਸਲ ਦਾ ਵਾਰਿਸ ਬਣਿਆ।[139] ਸੋਹਣ ਸਿੰਘ ਸੀਤਲ ਵੀ ਖੁਸ਼ਹਾਲ ਸਿੰਘ ਸੰਬੰਧੀ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[140] ਅਹਿਮਦ ਸ਼ਾਹ ਬਟਾਲਵੀ ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਵੀ ਗਿਆਨੀ ਗਿਆਨ ਸਿੰਘ ਵਾਂਗ ਬੁੱਧ ਸਿੰਘ ਨੂੰ ਹੀ ਖੁਸ਼ਹਾਲ ਸਿੰਘ ਦਾ ਵਾਰਿਸ ਮੰਨਦੇ ਹਨ।[141]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਬੁੱਧ ਸਿੰਘ ਦੇ ਅੱਗੋਂ ਸੱਤ ਪੁੱਤਰ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਜ਼ਬਰਦਸਤੀ ਸਤਲੁਜ ਦੇ ਪਾਰ ਦੇ ਇਲਾਕੇ ਉੱਪਰ ਕਬਜ਼ਾ ਕਰ ਲਿਆ ਤਾਂ ਬੁੱਧ ਸਿੰਘ ਜਲੰਧਰੋਂ ਭੱਜ ਕੇ ਮਨੌਲੀ ਆ ਕੇ ਰਹਿਣ ਲੱਗ ਪਿਆ ਅਤੇ ਉਸ ਨੇ ਅੰਗਰੇਜ਼ਾਂ ਦੀ ਸ਼ਰਨ ਲੈ ਲਈ।[142] ਬੁੱਧ ਸਿੰਘ ਦੁਆਰਾ ਅੰਗਰੇਜ਼ਾਂ ਦੀ ਸ਼ਰਨ ਲੈਣ ਦੀ ਪੁਸ਼ਟੀ ਅਤੇ ਉਸ ਦੇ ਸੱਤ ਪੁੱਤਰ ਹੋਣ ਦੀ ਗੱਲ ਬੂਟੇ ਸ਼ਾਹ, ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਵੀ ਆਪਣੀ ਲਿਖਤ ਵਿੱਚ ਕਰਦੇ ਹਨ।[143]

ਗਿਆਨੀ ਗਿਆਨ ਸਿੰਘ ਦੇ ਦੱਸਣ ਅਨੁਸਾਰ ਆਪਣੇ ਮਰਨ ਤੋਂ ਪਹਿਲਾਂ ਬੁੱਧ ਸਿੰਘ ਨੇ ਆਪਣਾ ਸਾਰਾ ਇਲਾਕਾ ਆਪਣੇ ਸੱਤ ਪੁੱਤਰਾਂ ਵਿੱਚ ਵੰਡ ਦਿੱਤਾ, ਉਸ ਦੇ ਪਿੱਛੋਂ ਸੱਤੇ ਪੁੱਤਰ ਵੀ ਰਾਜ ਕਰਕੇ ਮਰ ਗਏ। ਜਿਨ੍ਹਾਂ ਵਿੱਚੋਂ ਚਾਰ ਦੀ ਅੱਗੇ ਕੋਈ ਔਲਾਦ ਨਹੀਂ ਸੀ ਅਤੇ ਤਿੰਨ ਦੇ ਔਲਾਦ ਹੈ ਸੀ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਉਸ ਵੇਲੇ ਤੱਕ ਜੈ ਸਿੰਘ ਦਾ ਪੁੱਤਰ ਅਵਤਾਰ ਸਿੰਘ ਮਨੌਲੀ ਵਿੱਚ ਇਨ੍ਹਾਂ ਦੀ ਗੱਦੀ ਦਾ ਵਾਰਿਸ ਹੈ ਅਤੇ ਉਸ ਨੂੰ ਗੁਜ਼ਾਰੇ ਲਈ ਜਾਗੀਰ ਮਿਲੀ ਹੋਈ ਹੈ।[144] ਗਿਆਨੀ ਗਿਆਨ ਸਿੰਘ ਦੁਆਰਾ ਬੁੱਧ

---

[139] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1187.

[140] ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 83-84.

[141] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 45; ਸੋਹਣ ਸਿੰਘ ਸੀਤਲ *ਉ. ਰ.,* ਪੰਨਾ 85; Bhagat Singh, *op. cit.,* p.146.

[142] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1187.

[143] ਬੂਟੇ ਸ਼ਾਹ, *ਤਵਾਰੀਖ਼-ਏ-ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਿਸਟੋਰੀਕਲ ਵਿਭਾਗ ਦੀ ਲਾਇਬਰੇਰੀ ਵਿਚ ਅਣਛੱਪਿਆ ਖਰੜਾ ਪੰਜਾਬੀ ਅਨੁਵਾਦ ਵਿੱਚ ਫ਼ਾਈਲ ਨੰ: 27 ਅਧੀਨ ਉਪਲੱਬਧ ਹੈ), ਪੰਨਾ 5; ਸੋਹਣ ਸਿੰਘ ਸੀਤਲ, ਪੰਨਾ 85; Bhagat Singh, *op. cit.,* p. 147.

[144] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1185-1188

ਸਿੰਘ ਦੇ ਸੱਤ ਪੁੱਤਰਾਂ ਬਾਰੇ ਦਿੱਤੀ ਅਗਾਊਂ ਜਾਣਕਾਰੀ ਦੀ ਰਤਨ ਸਿੰਘ ਭੰਗੂ, ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ ਆਦਿ ਕੋਈ ਪੁਸ਼ਟੀ ਨਹੀਂ ਕਰ ਰਿਹਾ।

## ਡੱਲੇਵਾਲੀਆ ਮਿਸਲ

ਗਿਆਨੀ ਗਿਆਨ ਸਿੰਘ ਅਨੁਸਾਰ ਡੱਲੇਵਾਲੀਆ ਮਿਸਲ ਦੀ ਨੀਂਹ ਬਿਸਤ ਦੁਆਬ ਜਲੰਧਰ ਦੇ ਇਲਾਕੇ ਵਿੱਚ ਪੈਂਦੇ ਪਿੰਡ ਡੱਲਾ ਦੇ ਵਸਨੀਕ ਗੁਲਾਬ ਸਿੰਘ ਨੇ ਰੱਖੀ। ਆਪਣੇ ਪਿੰਡ ਦੇ ਨਾਂ ਕਰਕੇ, ਇਹ ਮਿਸਲ ਡੱਲੇਵਾਲੀਆ ਮਿਸਲ ਦੇ ਨਾਂ ਨਾਲ ਮਸ਼ਹੂਰ ਹੋਈ।[145] ਸੋਹਣ ਸਿੰਘ ਸੀਤਲ ਵੀ ਗੁਲਾਬ ਸਿੰਘ ਸੰਬੰਧੀ ਹੂ-ਬ-ਹੂ ਗਿਆਨੀ ਗਿਆਨ ਸਿੰਘ ਵਾਲੀ ਜਾਣਕਾਰੀ ਦੇ ਰਿਹਾ ਹੈ।[146] ਕਨ੍ਹੱਈਆ ਲਾਲ ਵੀ ਡੱਲੇਵਾਲੀਆ ਮਿਸਲ ਦਾ ਮੋਢੀ ਗੁਲਾਬ ਸਿੰਘ ਨੂੰ ਲਿਖ ਰਿਹਾ ਹੈ।[147] ਰਤਨ ਸਿੰਘ ਭੰਗੂ ਛੋਟੇ ਘੱਲੂਘਾਰੇ ਦੌਰਾਨ ਡੱਲੇਵਾਲੀਆ ਮਿਸਲ ਦੇ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਦੇ ਦਰਿਆ ਰਾਵੀ ਵਿੱਚ ਡੁੱਬ ਜਾਣ ਦਾ ਵਰਣਨ ਕਰਦਾ ਹੈ।[148] ਗਿਆਨੀ ਗਿਆਨ ਸਿੰਘ ਅਨੁਸਾਰ ਹਰਦਿਆਲ ਸਿੰਘ, ਗੁਰਦਿਆਲ ਸਿੰਘ ਅਤੇ ਅਜੇਪਾਲ ਸਿੰਘ ਇਸ ਮਿਸਲ ਦੇ ਸਿਰਕੱਢ ਆਗੂ ਸਨ। ਇਸ ਮਿਸਲ ਦੁਆਰਾ ਪਾਣੀਪਤ, ਹਾਂਸੀ, ਹਿਸਾਰ, ਰੋਹਤਕ, ਸ਼ਾਮਲੀ ਆਦਿ ਇਲਾਕਿਆਂ ਨੂੰ ਲੁੱਟਕੇ ਕਾਫ਼ੀ ਧਨ-ਦੌਲਤ ਇਕੱਠੀ ਕੀਤੀ ਗਈ। ਜਦੋਂ ਲਖਪਤ ਰਾਏ ਨੇ ਸਿੱਖਾਂ ਦਾ ਮਲੀਆਮੇਟ ਕਰਨ ਲਈ ਘੱਲੂਘਾਰੇ ਨੂੰ ਅੰਜਾਮ ਦਿੱਤਾ ਤਾਂ ਬਸੌਲੀ ਦੇ ਨੇੜੇ ਇਸ ਮਿਸਲ ਦੇ ਸਰਦਾਰਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ। ਗਿਆਨੀ ਗਿਆਨ ਸਿੰਘ ਇਸੇ ਘੱਲੂਘਾਰੇ ਦੌਰਾਨ ਗੁਰਦਿਆਲ ਸਿੰਘ ਅਤੇ ਹਰਦਿਆਲ ਸਿੰਘ ਦੇ ਦਰਿਆ ਵਿੱਚ ਡੁੱਬ ਜਾਣ ਦਾ ਜ਼ਿਕਰ ਕਰਦਾ ਹੈ।[149]

ਗਿਆਨੀ ਗਿਆਨ ਸਿੰਘ ਅਨੁਸਾਰ ਗੁਲਾਬ ਸਿੰਘ ਤੋਂ ਬਾਅਦ ਤਾਰਾ ਸਿੰਘ ਕੰਗ ਇਸ ਮਿਸਲ ਦਾ ਮੋਢੀ ਬਣਿਆ।[150] ਰਤਨ ਸਿੰਘ ਭੰਗੂ ਸਾਖੀ 'ਮੋਰਿੰਡੇ ਕਤਲ ਕੀ' ਵਿੱਚ ਅਫ਼ਗਾਨਾਂ ਖਿਲਾਫ਼ ਸੰਘਰਸ਼ ਵਿੱਚ ਭਾਗ ਲੈਂਦਿਆਂ ਡੱਲੇਵਾਲੀਆ ਮਿਸਲ ਦੇ ਤਾਰਾ ਸਿੰਘ ਘੇਬਾ ਦੇ ਗੋਲੀ ਲੱਗਣ ਦਾ ਜ਼ਿਕਰ ਤਾਂ ਕਰਦਾ ਹੈ,[151] ਪਰ ਤਾਰਾ ਸਿੰਘ ਦੇ ਡੱਲੇਵਾਲੀਆ ਮਿਸਲ ਦੇ ਮੋਢੀ ਹੋਣ ਸੰਬੰਧੀ ਕੋਈ ਵੇਰਵਾ ਨਹੀਂ ਦੇ ਰਿਹਾ। ਕਨ੍ਹੱਈਆ

---

145 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1188.

146 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 93.

147 ਕਨ੍ਹੱਈਆ ਲਾਲ, *ਉ. ਰ.,* ਪੰਨਾ 98.

148 ਰਤਨ ਸਿੰਘ ਭੰਗੂ, *ਉ. ਰ.,* ਪੰਨਾ 295.

149 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1188-1189.

150 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1189.

151 ਰਤਨ ਸਿੰਘ ਭੰਗੂ, *ਉ. ਰ.,* ਪੰਨੇ 356-357.

ਲਾਲ ਵੀ ਡੱਲੇਵਾਲੀਆ ਮਿਸਲ ਦਾ ਵਾਰਿਸ ਗੁਲਾਬ ਸਿੰਘ ਤੋਂ ਬਾਅਦ ਤਾਰਾ ਸਿੰਘ ਨੂੰ ਹੀ ਲਿਖਦਾ ਹੈ, ਪਰ ਕਨ੍ਹੱਈਆ ਲਾਲ ਤਾਰਾ ਸਿੰਘ ਕੰਗ ਦੀ ਥਾਂ ਤਾਰਾ ਸਿੰਘ ਗੈਬਾ ਲਿਖਦਾ ਹੈ।[152] ਸੋਹਣ ਸਿੰਘ ਸੀਤਲ ਡੱਲੇਵਾਲੀਆ ਮਿਸਲ ਦਾ ਵਾਰਿਸ ਗੁਲਾਬ ਸਿੰਘ ਤੋਂ ਬਾਅਦ ਗੁਰਦਿਆਲ ਸਿੰਘ ਤੇ ਉਸ ਤੋਂ ਬਾਅਦ ਤਾਰਾ ਸਿੰਘ ਨੂੰ ਲਿਖਦਾ ਹੈ।[153] ਗਿਆਨੀ ਗਿਆਨ ਸਿੰਘ ਅਨੁਸਾਰ ਖ਼ਾਲਸਾ ਪੰਥ ਦੁਆਰਾ ਲੜੀਆਂ ਲੜਾਈਆਂ ਵਿੱਚ ਇਹ ਮਿਸਲ ਹਮੇਸ਼ਾ ਅੱਗੇ ਰਹੀ।[154] ਰਤਨ ਸਿੰਘ ਭੰਗੂ 'ਸਾਖੀ ਸਿੰਘ ਸ਼ਹੀਦ ਕੀ' ਵਿੱਚ ਡੱਲੇਵਾਲੀਆ ਮਿਸਲ ਨਾਲ ਸੰਬੰਧਿਤ ਭਾਈ ਮਿੱਤ ਸਿੰਘ ਦਾ ਜ਼ਿਕਰ ਕਰਦਾ ਹੋਇਆ ਦੱਸਦਾ ਹੈ ਕਿ ਮਿੱਤ ਸਿੰਘ ਨੇ ਜਮਨਾ ਪਾਰ ਕਰਕੇ ਰੁਹੇਲਿਆਂ ਦਾ ਇਲਾਕਾ ਲੁੱਟਿਆ, ਸਿੰਘਾਂ ਨੇ ਲਗਭਗ 10 ਦਿਨਾਂ ਤੱਕ ਨਜ਼ੀਬਦੌਲਾ ਰੁਹੇਲੇ ਦੇ ਇਲਾਕੇ ਵਿੱਚ ਲੁੱਟ ਮਚਾਈ। ਅਫ਼ਗਾਨਾਂ ਅਤੇ ਰੁਹੇਲਿਆਂ ਵੱਲੋਂ ਕੀਤੇ ਜ਼ੋਰਦਾਰ ਹਮਲੇ ਵਿੱਚ ਮਿੱਤ ਸਿੰਘ ਸਮੇਤ ਪੰਜ ਛੇ ਹਜ਼ਾਰ ਸਿੰਘ ਮਾਰੇ ਗਏ। ਰਤਨ ਸਿੰਘ ਭੰਗੂ ਦੇ ਅਨੁਸਾਰ ਨਜ਼ੀਬਦੌਲਾ ਸ਼ਹੀਦ ਸਿੰਘਾਂ ਦੇ ਸਿਰ ਵੱਢ ਕੇ ਅਠਾਰਾਂ ਗੱਡਿਆਂ ਵਿੱਚ ਲੱਦਕੇ ਪੰਜਾਬ ਵੱਲ ਭੇਜ ਦਿੰਦਾ ਹੈ। ਪਰ ਘੱਗਰ ਦਰਿਆ ਦੇ ਨੇੜੇ ਜਾ ਕੇ ਜਦੋਂ ਤੁਰਕਾਂ ਨੂੰ ਪਤਾ ਲੱਗਦਾ ਹੈ ਕਿ ਸਿੰਘਾਂ ਦੇ ਵੱਡੇ-ਵੱਡੇ ਜਥੇ ਉਨ੍ਹਾਂ ਵੱਲ ਆ ਰਹੇ ਹਨ ਤਾਂ ਤੁਰਕ ਗੱਡੇ ਛੱਡ ਕੇ ਭੱਜ ਜਾਂਦੇ ਹਨ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਿੱਤ ਸਿੰਘ ਦੇ ਭਤੀਜੇ ਭਾਗ ਸਿੰਘ ਅਤੇ ਭੰਗਾ ਸਿੰਘ, ਜਿਸ ਨੇ ਥਾਨੇਸਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ, ਨੇ ਸ਼ਹੀਦ ਸਿੰਘਾਂ ਦੇ ਸੀਸਾਂ ਦਾ ਸੰਸਕਾਰ ਕੀਤਾ। ਰਤਨ ਸਿੰਘ ਭੰਗੂ ਇਹ ਘਟਨਾ ਸੰਮਤ 1823 ਬਿਕ੍ਰਮੀ (1766 ਈ.) ਦੀ ਦੱਸਦਾ ਹੈ।[155]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਵੀ ਦੁਰਾਨੀਆਂ ਨੇ ਪੰਜਾਬ ਉੱਪਰ ਹਮਲਾ ਕੀਤਾ ਤਾਂ ਡੱਲੇਵਾਲੀਆ ਮਿਸਲ ਨੇ ਉਨ੍ਹਾਂ ਨੂੰ ਰੱਜ ਕੇ ਨੁਕਸਾਨ ਪਹੁੰਚਾਇਆ। ਗਿਆਨੀ ਗਿਆਨ ਸਿੰਘ ਅਨੁਸਾਰ ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫ਼ੌਜਾਂ ਸਮੇਤ ਇਕ ਵਾਰ ਰਾਵੀ ਦੇ ਤੱਟ 'ਤੇ ਆ ਡੇਰਾ ਲਾਇਆ। ਜਦੋਂ ਤਾਰਾ ਸਿੰਘ ਡੱਲੇਵਾਲੀਆ ਨੂੰ ਇਹ ਖ਼ਬਰ ਮਿਲੀ ਤਾਂ ਉਸ ਨੇ ਅੱਠ ਹਜ਼ਾਰ ਘੋੜਸਵਾਰ ਸਿੰਘਾਂ ਨੂੰ ਨਾਲ ਲੈ ਕੇ ਅਹਿਮਦ ਸ਼ਾਹ ਅਬਦਾਲੀ ਦੇ ਕੈਂਪ ਉੱਪਰ ਹਮਲਾ ਕਰ ਦਿੱਤਾ। ਅਬਦਾਲੀ ਦੀ ਸੈਨਾ ਨੇ ਹਜ਼ਾਰਾਂ ਦੀ ਗਿਣਤੀ ਵਿਚ ਜੋ ਵੀ ਹਿੰਦੂ ਨਰ-ਨਾਰੀਆਂ ਬੰਦੀ ਬਣਾਏ ਹੋਏ ਸਨ, ਤਾਰਾ ਸਿੰਘ ਨੇ ਸਾਰਿਆਂ ਨੂੰ ਛੁਡਵਾਇਆ

---

152 ਕਨ੍ਹੱਈਆ ਲਾਲ, *ਉ. ਰ.,* ਪੰਨਾ 98.

153 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 94.

154 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1189.

155 ਰਤਨ ਸਿੰਘ ਭੰਗੂ, *ਉ. ਰ.,* ਪੰਨੇ 330-331.

ਅਤੇ ਅਹਿਮਦ ਸ਼ਾਹ ਅਬਦਾਲੀ ਦਾ ਸਾਰਾ ਖਜ਼ਾਨਾ ਲੁੱਟ ਲਿਆ।[156] ਬੂਟੇ ਸ਼ਾਹ ਵੀ ਆਪਣੀ ਲਿਖਤ ਵਿੱਚ ਤਾਰਾ ਸਿੰਘ ਵੱਲੋਂ ਅਫ਼ਗਾਨਾਂ ਜਾਂ ਦੁਰਾਨੀਆਂ ਨੂੰ ਰੱਜਕੇ ਨੁਕਸਾਨ ਪਹੁੰਚਾਉਣ ਦਾ ਜ਼ਿਕਰ ਕਰਦਾ ਹੈ।[157]

ਜਦੋਂ ਸਿੰਘਾਂ ਨੇ ਸਰਹਿੰਦ ਮਾਰਿਆ ਤਾਂ ਇਸ ਮਿਸਲ ਨੇ ਵੀ ਕਈ ਇਲਾਕਿਆਂ ਉੱਪਰ ਆਪਣਾ ਕਬਜ਼ਾ ਜਮਾਇਆ। ਜਿਨ੍ਹਾਂ ਇਲਾਕਿਆਂ ਉੱਪਰ ਇਸ ਮਿਸਲ ਨੇ ਕਬਜ਼ਾ ਕੀਤਾ, ਉਨ੍ਹਾਂ ਵਿੱਚ ਨਵਾਂ ਸ਼ਹਿਰ, ਫਿਲੌਰ, ਰਾਹੋਂ, ਧਰਮਕੋਟ, ਘੁੰਗਰਾਨਾ ਆਦਿ ਪ੍ਰਮੁੱਖ ਸਨ। ਤਾਰਾ ਸਿੰਘ ਨੇ ਰਾਹੋਂ ਨੂੰ ਆਪਣੀ ਰਾਜਧਾਨੀ ਬਣਾਇਆ। ਤਾਰਾ ਸਿੰਘ ਨੇ ਆਪਣੇ ਪੁੱਤਰ ਗੁੱਜਰ ਸਿੰਘ ਦਾ ਵਿਆਹ ਪਟਿਆਲਾ ਰਿਆਸਤ ਦੇ ਰਾਜੇ ਦੀ ਧੀ ਨਾਲ ਕੀਤਾ।[158] ਪਰ ਹਰੀ ਰਾਮ ਗੁਪਤਾ ਗੁੱਜਰ ਸਿੰਘ ਦੀ ਥਾਂ 'ਤੇ ਤਾਰਾ ਸਿੰਘ ਦੇ ਪੁੱਤਰ ਦਸੌਂਧਾ ਸਿੰਘ ਦਾ ਇਹ ਵਿਆਹ ਪਟਿਆਲਾ ਦੇ ਕੰਵਰ ਹਿੰਮਤ ਸਿੰਘ ਦੀ ਪੁੱਤਰੀ ਚੰਦ ਕੌਰ ਨਾਲ ਹੋਇਆ ਦੱਸਦਾ ਹੈ।[159] ਆਹਲੂਵਾਲੀਏ, ਰਾਮਗੜ੍ਹੀਏ, ਮੋਹਕਮ ਚੰਦ ਦੀਵਾਨ ਆਦਿ ਨੇ ਇਸ ਮਿਸਲ ਦੇ ਇਲਾਕਿਆਂ ਉੱਪਰ ਕਬਜ਼ਾ ਕਰਨ ਦੀ ਕੋਸਿਸ਼ ਕੀਤੀ, ਪਰ ਤਾਰਾ ਸਿੰਘ ਤੋਂ ਹਾਰ ਖਾ ਕੇ ਵਾਪਿਸ ਮੁੜਦੇ ਰਹੇ। ਤਾਰਾ ਸਿੰਘ ਦੀ ਮੌਤ ਤੋਂ ਬਾਅਦ ਫ਼ਤਿਹ ਸਿੰਘ ਆਹਲੂਵਾਲੀਆ ਨੇ ਤਾਰਾ ਸਿੰਘ ਦੇ ਪੁੱਤਰ ਦਸੌਂਧਾ ਸਿੰਘ ਨੂੰ ਧੋਖੇ ਨਾਲ ਕੈਦ ਕਰ ਲਿਆ। ਪਰ ਤਾਰਾ ਸਿੰਘ ਦੀ ਪਤਨੀ ਰਤਨ ਕੌਰ ਨੇ ਬੜੀ ਦਲੇਰੀ ਨਾਲ ਫ਼ਤਿਹ ਸਿੰਘ ਆਹਲੂਵਾਲੀਆ ਦੇ ਦੰਦ ਖੱਟੇ ਕੀਤੇ। ਫ਼ੇਰ ਮਹਾਰਾਜਾ ਰਣਜੀਤ ਸਿੰਘ ਨੇ ਖ਼ੁਦ ਹਮਲੇ ਦੀ ਅਗਵਾਈ ਕੀਤੀ ਅਤੇ ਡੱਲੇਵਾਲੀਆ ਮਿਸਲ ਨੂੰ ਹਰਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਪੈਂਤੀ ਲੱਖ ਦਾ ਨਕਦ ਸਮਾਨ ਅਤੇ ਪੰਜ ਲੱਖ ਦੀ ਸਾਲਾਨਾ ਆਮਦਨ ਵਾਲਾ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਲੈ ਲਿਆ। ਮਹਾਰਾਜਾ ਨੇ ਤਾਰਾ ਸਿੰਘ ਦੇ ਪਰਿਵਾਰ ਨੂੰ ਗੁਜ਼ਾਰੇ ਲਈ ਸੱਤ ਪਿੰਡ ਦੇ ਦਿੱਤੇ।[160] ਕਨ੍ਹਿੰਘਮ ਵੀ ਲਿਖਦਾ ਹੈ ਕਿ ਤਾਰਾ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਰਾਹੋਂ ਉੱਤੇ ਕਬਜ਼ਾ ਕਰ ਲਿਆ ਤੇ ਪੈਂਤੀ ਲੱਖ ਰੁਪਏ ਦੀ ਨਕਦੀ ਅਤੇ ਕਾਫ਼ੀ ਮਾਤਰਾ ਵਿੱਚ ਸੋਨਾ ਰਣਜੀਤ ਸਿੰਘ ਦੇ ਹੱਥ ਲੱਗਿਆ, ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ

---

156 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1189-1190.

157 ਬੂਟੇ ਸ਼ਾਹ, *ਤਾਰੀਖ਼-ਏ-ਪੰਜਾਬ,* ਪੰਨਾ 70.

158 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1190-1191.

159 Hari Ram Gupta, *History of the Sikhs, Vol. IV, The Sikh Commonwealth or Rise and Fall of the Sikh Misls,* Munshi Manohar Lal Publishers Pvt. Ltd. New Delhi, 2007, p. 56.

160 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1191-1192.

ਵਾਰਿਸਾਂ ਨੂੰ ਗੁਜ਼ਾਰੇ ਲਈ ਥੋੜ੍ਹਾ ਜਿਹਾ ਇਲਾਕਾ ਦੇ ਦਿੱਤਾ।[161] ਗਿਆਨੀ ਗਿਆਨ ਸਿੰਘ ਅੱਗੇ ਦੱਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਦੋਂ ਦੂਜੀ ਵਾਰ ਸਤਲੁਜ ਦੇ ਪਾਰ ਗਿਆ ਤਾਂ ਉਸ ਨੇ ਤਾਰਾ ਸਿੰਘ ਦੇ ਪੁੱਤਰ ਗੁੱਜਰ ਸਿੰਘ ਤੋਂ ਘੁੰਗਰਾਨੇ ਦਾ ਇਲਾਕਾ ਖੋਹ ਲਿਆ ਅਤੇ ਗੁਜ਼ਾਰੇ ਲਈ ਇੱਕ ਪਿੰਡ ਦੇ ਦਿੱਤਾ। ਗੁੱਜਰ ਸਿੰਘ ਦੀ ਰੁਲਦੇ-ਖੁਲਦੇ ਇੰਝ ਹੀ ਮੌਤ ਹੋ ਗਈ।[162] ਪਰ ਖੁਸ਼ਵੱਕਤ ਰਾਏ ਲਿਖਦਾ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਤਾਰਾ ਸਿੰਘ ਦੇ ਪੁੱਤਰ ਗੁੱਜਰ ਸਿੰਘ ਤੋਂ ਘੁੰਗਰਾਣੇ ਦਾ ਕਿਲ੍ਹਾ ਅਤੇ ਸਾਰਾ ਇਲਾਕਾ ਖੋਹ ਲਿਆ। ਉਸ ਤੋਂ ਬਾਅਦ ਗੁੱਜਰ ਸਿੰਘ ਨੇ ਆਪਣੀ ਰਹਿੰਦੀ ਜਿੰਦਗੀ ਮਹਾਰਾਜਾ ਪਟਿਆਲਾ ਸਾਹਿਬ ਸਿੰਘ ਦੇ ਰਹਿਮੋ-ਕਰਮ 'ਤੇ ਬਿਤਾਈ। ਮਹਾਰਾਜਾ ਪਟਿਆਲਾ ਨੇ ਉਸ ਨੂੰ ਗੁਜ਼ਾਰੇ ਲਈ ਚਾਰ ਪਿੰਡ ਦੇ ਦਿੱਤੇ।[163] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਝੰਡਾ ਸਿੰਘ ਅਤੇ ਦਸੌਂਧਾ ਸਿੰਘ ਕੋਲ ਜੋ ਪੰਜ ਪਿੰਡ ਸਨ ਉਹ ਵੀ ਸਾਹਿਬ ਸਿੰਘ ਬੇਦੀ ਨੇ ਖੋਹ ਲਏ।[164] ਬੂਟੇ ਸ਼ਾਹ ਵੀ ਸਾਹਿਬ ਸਿੰਘ ਬੇਦੀ ਵੱਲੋਂ ਦਸੌਂਧਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਕੋਲੋਂ, ਦਸੌਂਧਾ ਸਿੰਘ ਨੂੰ ਦਿੱਤੇ ਪੰਜ ਪਿੰਡ ਵੀ ਖੋਹਣ ਦੀ ਪੁਸ਼ਟੀ ਕਰਦਾ ਹੈ।[165] ਗਿਆਨੀ ਗਿਆਨ ਸਿੰਘ ਅਨੁਸਾਰ ਆਪਣੇ ਸਮੇਂ ਵਿੱਚ ਤਾਰਾ ਸਿੰਘ ਨੇ ਬਲੂਕੀ ਨਾਂ ਦਾ ਇੱਕ ਪਿੰਡ ਸੰਤਾਂ ਨੂੰ ਦਾਨ ਕੀਤਾ ਸੀ। ਉਨ੍ਹਾਂ ਸੰਤਾਂ ਨੇ ਅੱਧਾ ਪਿੰਡ ਤਾਰਾ ਸਿੰਘ ਦੇ ਪੁੱਤਰਾਂ ਨੂੰ ਗੁਜ਼ਾਰੇ ਲਈ ਦੇ ਦਿੱਤਾ। ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਲਿਖਣ ਤੱਕ ਤਾਰਾ ਸਿੰਘ ਦੀ ਪੀੜ੍ਹੀ ਵਿੱਚੋਂ ਜੈਲਦਾਰ ਅਮਰ ਸਿੰਘ ਉਸੇ ਪਿੰਡ ਵਿੱਚ ਵੱਸਦਾ ਸੀ। ਜਿਸ ਕੋਲ 800 ਏਕੜ ਜ਼ਮੀਨ ਦੀ ਮਲਕੀਅਤ ਸੀ।[166]

## ਕਨ੍ਹੱਈਆ ਮਿਸਲ

ਗਿਆਨੀ ਗਿਆਨ ਸਿੰਘ ਜੈ ਸਿੰਘ ਨੂੰ ਇਸ ਮਿਸਲ ਦਾ ਸਿਰਕੱਢ ਸਰਦਾਰ ਅਤੇ ਮੋਢੀ ਦੱਸਦਾ ਹੈ।[167] ਰਤਨ ਸਿੰਘ ਭੰਗੂ ਇਸ ਬਾਬਤ ਕੋਈ ਵੇਰਵਾ ਨਹੀਂ ਦੇ ਰਿਹਾ। ਕਨ੍ਹੱਈਆ ਲਾਲ ਤੇ ਸੋਹਣ ਸਿੰਘ

---

161 Josehp Davey Cunningham, *A History of the Sikhs (Second Edition),* John Murray, London 1853, p.122.

162 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1192.

163 ਖੁਸ਼ਵੱਕਤ ਰਾਏ, *ਉ. ਰ.,* ਪੰਨਾ 72.

164 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1192.

165 ਬੂਟੇ ਸ਼ਾਹ, *ਉ. ਰ.,* ਪੰਨਾ 77.

166 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1192-1193.

167 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1193.

ਸੀਤਲ ਵੀ, ਗਿਆਨੀ ਗਿਆਨ ਸਿੰਘ ਵਾਂਗ, ਜੈ ਸਿੰਘ ਨੂੰ ਹੀ ਕਨ੍ਹੱਈਆ ਮਿਸਲ ਦਾ ਮੋਢੀ ਮੰਨਦਾ ਹੈ।[168] ਪਰ ਅਹਿਮਦ ਸ਼ਾਹ ਬਟਾਲਵੀ ਅਤੇ ਭਗਤ ਸਿੰਘ ਅਮਰ ਸਿੰਘ ਕਿੰਗਰਾ ਨੂੰ ਇਸ ਮਿਸਲ ਦਾ ਮੋਢੀ ਮੰਨਦੇ ਹਨ।[169]

ਗਿਆਨੀ ਗਿਆਨ ਸਿੰਘ ਅਨੁਸਾਰ ਹਕੀਕਤ ਸਿੰਘ, ਭੋਮਾ ਸਿੰਘ, ਤ੍ਰਲੋਕ ਸਿੰਘ ਵੀ ਇਸ ਮਿਸਲ ਦੇ ਪ੍ਰਸਿੱਧ ਸਰਦਾਰ ਹੋਏ ਅਤੇ ਇਸ ਮਿਸਲ ਕੋਲ ਦਸ ਹਜ਼ਾਰ ਘੋੜਸਵਾਰ ਅਤੇ ਚਾਲੀ ਲੱਖ ਸਾਲਾਨਾ ਆਮਦਨੀ ਵਾਲਾ ਇਲਾਕਾ ਸੀ। ਇਹ ਪਿੰਡ ਕਾਨ੍ਹੇ-ਕਾਛੇ ਦੇ ਸੰਧੂ ਜੱਟਾਂ ਦੀ ਮਿਸਲ ਸੀ। ਇਸ ਮਿਸਲ ਦੀ ਰਾਜਧਾਨੀ ਸੋਹੀਆਂ ਸੀ। ਜਦੋਂ ਖ਼ਾਲਸੇ ਨੇ ਮੁਲਖ਼ ਮੱਲਿਆ ਤਾਂ ਇਸ ਮਿਸਲ ਨੇ ਵੀ ਤਕਰੀਬਨ ਗਿਆਰ੍ਹਾਂ ਪਰਗਨਿਆਂ ਉੱਪਰ ਆਪਣਾ ਕਬਜ਼ਾ ਜਮ੍ਹਾ ਲਿਆ। ਜਿਨ੍ਹਾਂ ਵਿੱਚ ਸੋਹੀਆਂ, ਬਟਾਲਾ, ਜੈਤੇ, ਅਜਨਾਲਾ, ਕਲਾਨੌਰ, ਪਸਰੂਰ, ਦੀਨਾਨਗਰ, ਪਠਾਨਕੋਟ, ਕਿਲ੍ਹਾ ਕਾਂਗੜਾ ਆਦਿ ਪ੍ਰਮੁੱਖ ਇਲਾਕੇ ਸਨ। ਜੈ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਗੁਰਬਖਸ਼ ਸਿੰਘ ਇਸ ਮਿਸਲ ਦਾ ਮੋਢੀ ਬਣਿਆ। ਆਪਣੇ ਪਿਤਾ ਵਾਂਗ ਉਹ ਵੀ ਬੜਾ ਬਹਾਦਰ ਸੀ। ਉਸ ਨੇ ਰਾਮਗੜ੍ਹੀਏ ਸਰਦਾਰਾਂ ਨੂੰ ਹਰਾ ਕੇ ਭਜਾ ਦਿੱਤਾ। ਇੱਕ ਵਾਰ ਮਹਾਂ ਸਿੰਘ ਸ਼ੁੱਕਰਚੱਕੀਆ ਨੇ ਰਾਜਾ ਸੰਸਾਰ ਚੰਦ ਅਤੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਨਾਲ ਲੈ ਕੇ ਇਸ ਮਿਸਲ ਉੱਪਰ ਹਮਲਾ ਕਰ ਦਿੱਤਾ। ਬਟਾਲਾ ਵਿਖੇ ਦੋਵਾਂ ਧਿਰਾਂ ਵਿੱਚ ਬੜੀ ਭਿਆਨਕ ਲੜਾਈ ਹੋਈ। ਗੁਰਬਖਸ਼ ਸਿੰਘ ਇਸ ਲੜਾਈ ਵਿੱਚ ਲੜਦਾ ਸ਼ਹੀਦ ਹੋ ਗਿਆ।[170] ਜਿੱਥੇ ਗਿਆਨੀ ਗਿਆਨ ਸਿੰਘ ਗੁਰਬਖਸ਼ ਸਿੰਘ ਨੂੰ ਜੈ ਸਿੰਘ ਤੋਂ ਬਾਅਦ ਅਗਲਾ ਮੋਢੀ ਦੱਸਦਾ ਹੈ। ਉੱਥੇ ਅਹਿਮਦ ਸ਼ਾਹ ਬਟਾਲਵੀ, ਕਨ੍ਹੱਈਆ ਲਾਲ ਅਤੇ ਖੁਸ਼ਵੱਕਤ ਰਾਏ ਗੁਰਬਖਸ਼ ਸਿੰਘ ਦੀ ਮੌਤ ਰਾਮਗੜ੍ਹੀਆਂ, ਸ਼ੁਕਰਚੱਕੀਆਂ ਤੇ ਨੱਕਈਆਂ ਦੇ ਸਾਂਝੇ ਮੁਹਾਜ ਖਿਲਾਫ਼ ਲੜਦਿਆਂ 1785-86 ਈ. ਦੇ ਕਰੀਬ ਹੋਈ ਦੱਸਦੇ ਹਨ।[171] ਜਦੋਂ ਕਿ ਉਸ ਦੇ ਪਿਤਾ ਜੈ ਸਿੰਘ ਦੀ ਮੌਤ 1796 ਈ. ਤੋਂ ਬਾਅਦ ਹੋਈ। ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਵੱਲੋਂ ਗੁਰਬਖਸ਼ ਸਿੰਘ ਦਾ ਜੈ ਸਿੰਘ ਤੋਂ ਬਾਅਦ ਮਿਸਲ ਦਾ ਮੋਢੀ ਬਣਨ ਦਾ ਦਾਅਵਾ ਪੁਖਤਾ ਪ੍ਰਤੀਤ ਨਹੀਂ ਹੁੰਦਾ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਇਸ ਨਮੋਸ਼ੀ ਭਰੀ ਹਾਰ ਤੋਂ ਬਾਅਦ ਇਹ ਮਿਸਲ ਟੁੱਟਣੀ ਸ਼ੁਰੂ ਹੋ ਗਈ। ਗੁਰਬਖਸ਼ ਸਿੰਘ ਦੀ ਰਾਣੀ ਸਦਾ ਕੌਰ ਇੱਕ ਸੂਝਵਾਨ ਇਸਤਰੀ ਸੀ। ਉਸ ਨੇ ਆਪਣੀ ਬੇਟੀ

---

[168] ਕਨ੍ਹੱਈਆ ਲਾਲ, *ਉ. ਰ.,* ਪੰਨਾ 89; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 66.

[169] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 53; Bhagat Singh, *op. cit.,* p. 149.

[170] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1194.

[171] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 59; ਕਨ੍ਹੱਈਆ ਲਾਲ, *ਉ. ਰ.,* ਪੰਨਾ 90; ਖੁਸ਼ਵੱਕਤ ਰਾਏ, *ਉ. ਰ.,* ਪੰਨਾ 91.

ਰਣਜੀਤ ਸਿੰਘ ਨਾਲ ਵਿਆਹ ਦਿੱਤੀ। ਇਸ ਤਰ੍ਹਾਂ ਕੁਝ ਸਮੇਂ ਲਈ ਉਸ ਨੇ ਆਪਣੀ ਮਿਸਲ ਨੂੰ ਖ਼ਤਮ ਹੋਣ ਤੋਂ ਬਚਾ ਲਿਆ।[172] ਸੋਹਣ ਸਿੰਘ ਸੀਤਲ ਵੀ ਸਦਾ ਕੌਰ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[173] ਕਨ੍ਹੱਈਆ ਲਾਲ ਤੇ ਅਹਿਮਦ ਸ਼ਾਹ ਬਟਾਲਵੀ ਵੀ ਜੈ ਸਿੰਘ ਦੀ ਪੋਤਰੀ ਮਹਿਤਾਬ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਲਿਖਦੇ ਹਨ।[174] ਗਿਆਨੀ ਗਿਆਨ ਸਿੰਘ ਸਦਾ ਕੌਰ ਦੀ ਮੌਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਨ੍ਹੱਈਆ ਮਿਸਲ ਦੇ ਸਾਰੇ ਇਲਾਕੇ ਉੱਪਰ ਕਬਜ਼ਾ ਕਰ ਲੈਣ ਦਾ ਜ਼ਿਕਰ ਕਰਦਾ ਹੈ।[175] ਅਹਿਮਦ ਸ਼ਾਹ ਬਟਾਲਵੀ, ਕਨ੍ਹੱਈਆ ਲਾਲ ਤੇ ਸੋਹਣ ਸਿੰਘ ਸੀਤਲ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੀ ਸੱਸ ਸਦਾ ਕੌਰ ਨੂੰ ਕੈਦ ਕਰਨ ਅਤੇ ਕਨ੍ਹੱਈਆ ਮਿਸਲ ਨੂੰ ਆਪਣੇ ਰਾਜ ਵਿੱਚ ਮਿਲਾਉਣ ਬਾਰੇ ਲਿਖਦੇ ਹਨ।[176] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਦਾ ਪੁੱਤਰ ਸ਼ੇਰ ਸਿੰਘ ਇਸ ਮਿਸਲ ਦਾ ਦੋਹਤਰਾ ਸੀ। ਇਸ ਮਿਸਲ ਦੇ ਸਰਦਾਰ ਹਕੀਕਤ ਸਿੰਘ ਦੀ ਔਲਾਦ ਫ਼ਤਿਹਗੜ੍ਹ ਦੇ ਇਲਾਕੇ ਵਿੱਚ ਰਹਿ ਰਹੀ ਸੀ।[177]

## ਮਿਸਲ ਨੱਕਈ

ਗਿਆਨੀ ਗਿਆਨ ਸਿੰਘ ਦੇ ਅਨੁਸਾਰ ਇਸ ਮਿਸਲ ਦੇ ਸਰਦਾਰਾਂ ਦੇ ਨੱਕੇ ਇਲਾਕੇ ਨਾਲ ਸੰਬੰਧ ਹੋਣ ਕਰਕੇ ਇਸ ਮਿਸਲ ਦਾ ਨਾਂ ਨੱਕਈ ਮਿਸਲ ਪੈ ਗਿਆ। ਕੌਰ ਸਿੰਘ, ਹੀਰਾ ਸਿੰਘ, ਸੱਦਾ ਸਿੰਘ, ਲਾਲ ਸਿੰਘ, ਰੂਪ ਸਿੰਘ, ਇਸ ਮਿਸਲ ਦੇ ਸਿਰਕੱਢ ਸਰਦਾਰ ਸਨ।[178] ਰਤਨ ਸਿੰਘ ਭੰਗੂ ਸਾਖੀ 'ਮੋਰਿੰਡੇ ਕਤਲ ਕੀ' ਵਿੱਚ ਚੜ੍ਹਤ ਸਿੰਘ ਸ਼ੁੱਕਰਚੱਕੀਆ, ਜੱਸਾ ਸਿੰਘ ਰਾਮਗੜ੍ਹੀਆ, ਹਰੀ ਸਿੰਘ ਭੰਗੀ ਅਤੇ ਨਿਸ਼ਾਨਵਾਲੀਆ ਮਿਸਲ ਤੋਂ ਇਲਾਵਾ ਕਰਮ ਸਿੰਘ ਨੱਕਈ ਵੱਲੋਂ ਵੀ ਅਫ਼ਗਾਨਾਂ ਖਿਲਾਫ਼ ਸੰਘਰਸ਼ ਵਿੱਚ ਭਾਗ ਲੈਣ ਦੀ ਗੱਲ ਕਰਦਾ ਹੈ।[179]

---

172 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1194-95

173 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 71.

174 ਕਨ੍ਹੱਈਆ ਲਾਲ, *ਉ. ਰ.,* ਪੰਨਾ 91; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 60.

175 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1195.

176 ਕਨ੍ਹੱਈਆ ਲਾਲ, *ਉ. ਰ.,* ਪੰਨਾ 91; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 64; ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 71-73.

177 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1195.

178 ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 1195-1196.

179 ਰਤਨ ਸਿੰਘ ਭੰਗੂ, *ਉ. ਰ.,* ਪੰਨੇ 356-357.

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਜਦੋਂ ਤੁਰਕਾਂ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹਿਆ ਤਾਂ ਇਹ ਸਰਦਾਰ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਨ੍ਹਾਂ ਨੇ ਖ਼ਾਲਸੇ ਦੇ ਨਾਲ ਰਲ ਕੇ ਕਈ ਲੜਾਈਆਂ ਲੜੀਆਂ ਅਤੇ ਹਰਿਆਣਾ, ਰਾਜਪੂਤਾਨਾ (ਰਾਜਸਥਾਨ) ਅਤੇ ਪੂਰਬੀ ਹਿੰਦੁਸਤਾਨ ਦੇ ਇਲਾਕੇ ਵਿੱਚ ਕਾਫ਼ੀ ਲੁੱਟਮਾਰ ਕੀਤੀ।[180] ਰਤਨ ਸਿੰਘ ਭੰਗੂ ਵੀ ਵੱਡੇ ਘੱਲੂਘਾਰੇ ਵਿੱਚ, ਭੰਗੀ, ਰਾਮਗੜ੍ਹੀਆ, ਕਨ੍ਹੱਈਆ , ਨਿਸ਼ਾਨਵਾਲੀਆ, ਫ਼ੈਜ਼ਲਪੁਰੀਆ ਮਿਸਲ ਦੇ ਨਾਲ ਨਾਲ ਨੱਕਈ ਮਿਸਲ ਦੇ ਵੀ ਸ਼ਾਮਿਲ ਹੋਣ ਦੀ ਗੱਲ ਕਰਦਾ ਹੈ।[181]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਨੱਕਈ ਸਰਦਾਰਾਂ ਦੀ ਚੜ੍ਹਦੀਕਲਾ ਦੇਖ ਕੇ ਨੱਕੇ ਇਲਾਕੇ ਦੇ ਬਹੁਤ ਸਾਰੇ ਲੋਕ ਸਿੰਘ ਸਜ ਕੇ ਇਨ੍ਹਾਂ ਦੇ ਨਾਲ ਰਲ ਗਏ। ਇਸ ਮਿਸਲ ਦੇ ਸਰਦਾਰ ਵਰਿਆਮ ਸਿੰਘ ਦਾ ਸਿੱਖ ਪੰਥ ਵਿੱਚ ਬਹੁਤ ਆਦਰ ਸਨਮਾਨ ਸੀ। ਉਸ ਕੋਲ ਸੱਤ ਹਜ਼ਾਰ ਦੇ ਕਰੀਬ ਘੋੜਸਵਾਰ ਸੈਨਾ ਸੀ ਤੇ ਚਾਲੀ ਲੱਖ ਰੁਪਏ ਦੀ ਸਾਲਾਨਾ ਆਮਦਨੀ ਵਾਲਾ ਇਲਾਕਾ ਸੀ। ਉਸ ਤੋਂ ਬਾਅਦ ਬੋਹੜਵਾਲ (ਬੈੜ੍ਹਵਾਲ) ਦੇ ਵਸਨੀਕ ਹੀਰਾ ਸਿੰਘ ਨੇ ਇਸ ਮਿਸਲ ਦੇ ਰਾਜ-ਭਾਗ ਵਿੱਚ ਬਹੁਤ ਵਿਸਥਾਰ ਕੀਤਾ।[182] ਜਦੋਂ ਕਿ ਕਨ੍ਹੱਈਆ ਲਾਲ, ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਗਿਆਨੀ ਗਿਆਨ ਸਿੰਘ ਦੇ ਉਲਟ ਨੱਕਈ ਮਿਸਲ ਦਾ ਮੋਢੀ ਹੀਰਾ ਸਿੰਘ ਨੂੰ ਮੰਨਦੇ ਹਨ।[183] ਗਿਆਨੀ ਗਿਆਨ ਸਿੰਘ ਅਨੁਸਾਰ ਹੀਰਾ ਸਿੰਘ ਨੇ ਚੂਣੀ, ਬੋਹੜਵਾਲ (ਬੈੜ੍ਹਵਾਲ), ਗੋਬਿੰਦਗੜ੍ਹ, ਸ਼ੇਖੂਪੁਰਾ, ਜੇਠੂ ਖੁੱਤੀਆਂ, ਕੰਗਣਵਾਲ, ਦੀਪਾਲਪੁਰਾ, ਜੰਬਰ, ਭੜੋਵਾਲ, ਪਾਕਪਟਨ, ਮੁਸਤਫ਼ਾਬਾਦ ਆਦਿ ਇਲਾਕਿਆਂ ਨੂੰ ਜਿੱਤ ਕੇ ਇਸ ਮਿਸਲ ਦੀ ਜਾਇਦਾਦ ਵਿੱਚ ਚੋਖਾ ਵਾਧਾ ਕੀਤਾ।[184] ਰਤਨ ਸਿੰਘ ਭੰਗੂ 'ਸਾਖੀ ਦੂਜੇ ਤਰਨੇ ਦਲ ਕੀ' ਵਿੱਚ ਸਿਰਫ਼ ਇੰਨਾ ਕੁ ਹੀ ਲਿਖਦਾ ਹੈ ਕਿ ਨੱਕੇ ਦਾ ਸਾਰਾ ਇਲਾਕਾ ਨੱਕਈਆਂ ਨੇ ਮੱਲ ਲਿਆ।[185]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਜਦੋਂ ਹੀਰਾ ਸਿੰਘ ਦੀ ਮੌਤ ਹੋਈ ਤਾਂ ਉਸ ਦਾ ਪੁੱਤਰ ਦਲ ਸਿੰਘ ਨਾਬਾਲਗ ਸੀ, ਉਸ ਦੇ ਚਾਚੇ ਦਾ ਪੁੱਤਰ ਨਾਹਰ ਸਿੰਘ ਉਸ ਦਾ ਸਰਪ੍ਰਸਤ ਬਣਿਆ।[186] ਜਦੋਂ ਕਿ

---

[180] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1196

[181] ਰਤਨ ਸਿੰਘ ਭੰਗੂ, *ਉ. ਰ.,* ਪੰਨੇ 341-349

[182] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1196-1197.

[183] ਕਨ੍ਹੱਈਆ ਲਾਲ, *ਉ. ਰ.,* ਪੰਨੇ 91-92; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 76; Bhagat Singh, *op. cit.,* p. 249.

[184] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1196-1197.

[185] ਰਤਨ ਸਿੰਘ ਭੰਗੂ, *ਉ. ਰ.,* ਪੰਨਾ 373.

[186] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1197.

ਕਨ੍ਹੱਈਆ ਲਾਲ, ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਬੂਟੇ ਸ਼ਾਹ ਦੇ ਹਵਾਲੇ ਹੀਰਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਭਤੀਜੇ ਨਾਹਰ ਸਿੰਘ ਦੇ ਸਰਪ੍ਰਸਤ ਨਹੀਂ, ਬਲਕਿ ਮਿਸਲ ਦਾ ਮੋਢੀ ਬਣਨ ਦੀ ਪੁਸ਼ਟੀ ਕਰਦੇ ਹਨ।[187]

ਗਿਆਨੀ ਗਿਆਨ ਸਿੰਘ ਅਨੁਸਾਰ ਨਾਹਰ ਸਿੰਘ ਦੀ ਮੌਤ ਤੋਂ ਬਾਅਦ ਰਣ ਸਿੰਘ ਨੇ ਇਸ ਮਿਸਲ ਦੀ ਸਰਦਾਰੀ ਸੰਭਾਲੀ ਅਤੇ ਭੜੋਵਾਲ ਨੂੰ ਆਪਣੀ ਰਾਜਧਾਨੀ ਬਣਾਇਆ।[188] ਬੂਟੇ ਸ਼ਾਹ ਤੇ ਸੋਹਣ ਸਿੰਘ ਸੀਤਲ ਵੀ ਨਾਹਰ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਭਰਾ ਰਣ ਸਿੰਘ ਦੇ ਮਿਸਲ ਦਾ ਅਗਲਾ ਮੋਢੀ ਬਣਨ ਦੀ ਪੁਸ਼ਟੀ ਕਰਦੇ ਹਨ।[189] ਪਰ ਕਨ੍ਹੱਈਆ ਲਾਲ ਵਜ਼ੀਰ ਸਿੰਘ ਨੂੰ ਨਾਹਰ ਸਿੰਘ ਤੋਂ ਬਾਅਦ ਅਗਲਾ ਮੋਢੀ ਲਿਖਦਾ ਹੈ।[190] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਰਣ ਸਿੰਘ ਨੇ ਵੀ ਖਰਲ, ਗੂੰਗਰਾ, ਛੀਛਾਂ, ਸਾਹੀਵਾਲ, ਸਰਕਪੁਰ, ਹੜੱਪਾ ਆਦਿ ਇਲਾਕੇ ਜਿੱਤ ਕੇ ਇਸ ਮਿਸਲ ਦਾ ਕਾਫ਼ੀ ਵਿਸਥਾਰ ਕੀਤਾ।[191] ਲੈਪਲ ਗ੍ਰਿਫ਼ਨ ਵੀ ਰਣ ਸਿੰਘ ਦੁਆਰਾ ਸਰਕਪੁਰ, ਗੂੰਗਰਾਂ ਅਤੇ ਖਰਲਾਂ ਦੇ ਕਬੀਲੇ ਜਿੱਤ ਕੇ ਨੱਕਈ ਮਿਸਲ ਵਿੱਚ ਸ਼ਾਮਿਲ ਕਰਨ ਦੀ ਪੁਸ਼ਟੀ ਕਰਦਾ ਹੈ।[192] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਣ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਭਗਵਾਨ ਸਿੰਘ ਗੱਦੀ 'ਤੇ ਬੈਠਾ। ਪਰ ਵਜ਼ੀਰ ਸਿੰਘ ਨੇ ਉਸ ਦੇ ਕਈ ਇਲਾਕਿਆਂ ਉੱਪਰ ਕਬਜ਼ਾ ਕਰ ਲਿਆ। ਭਗਵਾਨ ਸਿੰਘ ਨੇ ਆਪਣੀ ਭੈਣ ਦਾਤਾਰ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਨਾਲ ਕਰ ਦਿੱਤਾ, ਜਿਸ ਦੀ ਕੁੱਖੋਂ ਖੜਕ ਸਿੰਘ ਪੈਦਾ ਹੋਇਆ। ਭਗਵਾਨ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਨਾਲ ਸਾਰੇ ਦੁਸ਼ਮਣਾਂ ਨੂੰ ਦਬਾ ਦਿੱਤਾ।[193] ਜਦੋਂ ਕਿ ਸੋਹਣ ਸਿੰਘ ਸੀਤਲ ਭਗਵਾਨ ਸਿੰਘ ਦੀ ਕੁੜੀ ਤੇ ਗਿਆਨ ਸਿੰਘ ਦੀ ਭੈਣ ਰਾਜ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਲਿਖਦਾ ਹੈ।[194] ਪਰ ਭਗਤ ਸਿੰਘ ਰਣ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਉਪਰੋਕਤ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[195]

---

187 ਕਨ੍ਹੱਈਆ ਲਾਲ, *ਉ. ਰ.,* ਪੰਨਾ 92; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 76, Bhagat Singh, *op. cit.,* p. 250.

188 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1197.

189 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 76; ਬੂਟੇ ਸ਼ਾਹ, *ਉ. ਰ.,* ਪੰਨਾ 63.

190 ਕਨ੍ਹੱਈਆ ਲਾਲ, *ਉ. ਰ.,* ਪੰਨਾ 92.

191 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1197.

192 Lepel H. Griffin, The Chiefs of Punjab, p. 120.

193 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1197-1198.

194 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 77.

195 Bhagat Singh, *op. cit.,* p. 253.

ਗਿਆਨੀ ਗਿਆਨ ਸਿੰਘ ਅਨੁਸਾਰ ਭਗਵਾਨ ਸਿੰਘ ਦੇ ਮਗਰੋਂ ਗਿਆਨ ਸਿੰਘ, ਗਿਆਨ ਸਿੰਘ ਤੋਂ ਮਗਰੋਂ ਕਾਨ੍ਹ ਸਿੰਘ ਇਸ ਮਿਸਲ ਦੇ ਮੋਢੀ ਬਣੇ।[196] ਸੋਹਣ ਸਿੰਘ ਸੀਤਲ ਵੀ ਭਗਵਾਨ ਸਿੰਘ ਮਗਰੋਂ ਗਿਆਨ ਸਿੰਘ ਤੇ ਉਸ ਤੋਂ ਬਾਅਦ ਕਾਨ੍ਹ ਸਿੰਘ ਨੂੰ ਹੀ ਮਿਸਲ ਦਾ ਅਗਲਾ ਮੋਢੀ ਲਿਖਦਾ ਹੈ।[197] ਕਨ੍ਹੱਈਆ ਲਾਲ ਅਨੁਸਾਰ ਭਗਵਾਨ ਸਿੰਘ ਦੀ ਮੌਤ ਵਜ਼ੀਰ ਸਿੰਘ ਦੇ ਹੱਥੋਂ ਹੋਈ ਤੇ ਭਗਵਾਨ ਸਿੰਘ ਦਾ ਛੋਟਾ ਭਰਾ ਗਿਆਨ ਸਿੰਘ ਨੱਕਈ ਮਿਸਲ ਦਾ ਅਗਲਾ ਮੋਢੀ ਬਣਿਆ।[198] ਪਰ ਕਨ੍ਹੱਈਆ ਲਾਲ ਅਤੇ ਭਗਤ ਸਿੰਘ ਗਿਆਨ ਸਿੰਘ ਤੋਂ ਬਾਅਦ ਖਜ਼ਾਨ ਸਿੰਘ ਦੇ ਨੱਕਈ ਮਿਸਲ ਦਾ ਮੋਢੀ ਬਣਨ ਦੀ ਪੁਸ਼ਟੀ ਕਰਦੇ ਹਨ। ਭਗਤ ਸਿੰਘ ਖਜ਼ਾਨ ਸਿੰਘ ਨੂੰ ਗਿਆਨ ਸਿੰਘ ਦਾ ਛੋਟਾ ਭਰਾ ਲਿਖਦਾ ਹੈ, ਪਰ ਕਨ੍ਹੱਈਆ ਲਾਲ ਖਜ਼ਾਨ ਸਿੰਘ ਨੂੰ ਗਿਆਨ ਸਿੰਘ ਦਾ ਪੁੱਤਰ ਅਤੇ ਕਾਨ੍ਹ ਸਿੰਘ ਦਾ ਭਰਾ ਲਿਖਦਾ ਹੈ।[199]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਕਾਨ੍ਹ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅਧੀਨ ਕਰ ਲਿਆ ਅਤੇ ਉਸ ਨੂੰ ਭੜੋਵਾਲ ਦਾ ਪਰਗਨਾ ਗੁਜ਼ਾਰੇ ਲਈ ਦੇ ਦਿੱਤਾ। ਜਦੋਂ ਖ਼ਾਲਸਾ ਰਾਜ ‘ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਅੰਗਰੇਜ਼ਾਂ ਨੇ ਇਸ ਮਿਸਲ ਦਾ ਇਲਾਕਾ ਵੀ ਜ਼ਬਤ ਕਰ ਲਿਆ ਅਤੇ ਕਾਨ੍ਹ ਸਿੰਘ ਨੂੰ ਚਾਰ ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਲਾ ਦਿੱਤੀ।[200] ਕਨ੍ਹੱਈਆ ਲਾਲ ਅਤੇ ਭਗਤ ਸਿੰਘ ਵੀ ਕਾਨ੍ਹ ਸਿੰਘ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰਨ ਦਾ ਜ਼ਿਕਰ ਕਰਦੇ ਹਨ ਅਤੇ ਭਗਤ ਸਿੰਘ ਖ਼ਾਲਸਾ ਰਾਜ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ਾਂ ਦੁਆਰਾ ਕਾਨ੍ਹ ਸਿੰਘ ਨੂੰ ਸਰਪ੍ਰਸਤੀ ਦੇਣ ਦੀ ਗੱਲ ‘ਤੇ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦਾ ਹੈ।[201] ਗਿਆਨੀ ਗਿਆਨ ਸਿੰਘ ਅਨੁਸਾਰ ਕਾਨ੍ਹ ਸਿੰਘ ਦੇ ਅੱਗੋਂ ਚਾਰ ਪੁੱਤਰ ਅਤਰ ਸਿੰਘ, ਲਹਿਣਾ ਸਿੰਘ, ਹਰਇਸ਼ਰ ਸਿੰਘ ਅਤੇ ਲਾਭ ਸਿੰਘ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸਾਰੇ ਮੁਸਲਮਾਨ ਹੋ ਗਏ ਅਤੇ ਗਜੇ ਪਿੰਡ ਵਿੱਚ ਵੱਸਦੇ ਸਨ। ਇਸ ਮਿਸਲ ਦੇ ਬਾਕੀ ਗੁਰਸਿੱਖ ਸਰਦਾਰ, ਭੜੋਵਾਲ ਅਤੇ ਉਸ ਦੇ ਨੇੜੇ-ਤੇੜੇ ਪਿੰਡਾਂ ਵਿੱਚ ਵੱਸਦੇ ਸਨ।[202] ਗਿਆਨੀ ਗਿਆਨ ਸਿੰਘ ਬਿਨਾਂ ਰਤਨ ਸਿੰਘ ਭੰਗੂ, ਕਨ੍ਹੱਈਆ ਲਾਲ ਜਾਂ ਭਗਤ ਸਿੰਘ ਆਦਿ ਲੇਖਕ

---

196 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1198.

197 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 78.

198 ਕਨ੍ਹੱਈਆ ਲਾਲ, *ਉ. ਰ.,* ਪੰਨਾ 91.

199 ਕਨ੍ਹੱਈਆ ਲਾਲ, *ਉ. ਰ.,* ਪੰਨਾ 93; Bhagat Singh, *op. cit.,* p. 257.

200 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1198.

201 ਕਨ੍ਹੱਈਆ ਲਾਲ, *ਉ. ਰ.,* ਪੰਨਾ 93; Bhagat Singh, *op. cit.,* p. 257-258.

202 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1198-1199.

ਕਾਨ੍ਹ ਸਿੰਘ ਦੇ ਪੁੱਤਰਾਂ ਜਾਂ ਨੱਕਈ ਮਿਸਲ ਦੇ ਬਾਕੀ ਸਰਦਾਰਾਂ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੇ।

## ਮਿਸਲ ਸ਼ੁੱਕਰਚੱਕੀਆ

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸ਼ੁੱਕਰਚੱਕੀਆ ਮਿਸਲ ਦੀ ਨੀਂਹ ਚੜ੍ਹਤ ਸਿੰਘ ਨੇ ਰੱਖੀ। ਉਸ ਦਾ ਦਾਦਾ ਬੁੱਢਾ ਸਿੰਘ ਅਤੇ ਪਿਤਾ ਨੌਧ ਸਿੰਘ ਖ਼ਾਲਸਾ ਪੰਥ ਦੀ ਸੇਵਾ ਵਿੱਚ ਰਹੇ। ਚੜ੍ਹਤ ਸਿੰਘ ਦੇ ਭਰਾ ਚੰਦਾ ਸਿੰਘ ਦੀ ਸੰਤਾਨ ਸੰਧਾਵਾਲੀਏ ਸਰਦਾਰਾਂ ਦੇ ਨਾਂ ਨਾਲ ਮਸ਼ਹੂਰ ਹੋਈ।[203] ਕਨ੍ਹੱਈਆ ਲਾਲ ਤੇ ਅਹਿਮਦ ਸ਼ਾਹ ਬਟਾਲਵੀ ਵੀ ਸ਼ੁੱਕਰਚੱਕੀਆ ਮਿਸਲ ਦਾ ਮੋਢੀ ਚੜ੍ਹਤ ਸਿੰਘ ਨੂੰ ਹੀ ਮੰਨਦੇ ਹਨ।[204] ਸੋਹਣ ਸਿੰਘ ਸੀਤਲ ਗਿਆਨੀ ਗਿਆਨ ਸਿੰਘ ਦੀ ਉਪਰੋਕਤ ਜਾਣਕਾਰੀ ਦੀ ਪੁਸ਼ਟੀ ਤਾਂ ਕਰਦਾ ਹੈ, ਪਰ ਸ਼ੁੱਕਰਚੱਕੀਆ ਮਿਸਲ ਦਾ ਮੋਢੀ ਨੌਧ ਸਿੰਘ ਨੂੰ ਲਿਖਦਾ ਹੈ।[205] ਗਿਆਨੀ ਗਿਆਨ ਸਿੰਘ ਅਨੁਸਾਰ ਚੜ੍ਹਤ ਸਿੰਘ ਨੇ ਖ਼ਾਲਸੇ ਨਾਲ ਰਲ ਕੇ ਕਈ ਲੜਾਈਆਂ ਤੇ ਯੁੱਧ ਕੀਤੇ।[206] ਰਤਨ ਸਿੰਘ ਭੰਗੂ ਕੁੱਪ ਰੋਹੀੜੇ ਵਿੱਖੇ ਹੋਏ ਵੱਡੇ ਘੱਲੂਘਾਰੇ ਦੌਰਾਨ ਵੱਖ-ਵੱਖ ਮਿਸਲਾਂ ਨਾਲ ਸੰਬੰਧਿਤ ਸਰਦਾਰ, ਜਿਨ੍ਹਾਂ ਵਿੱਚ ਸ਼ਯਾਮ ਸਿੰਘ, ਕਰਮ ਸਿੰਘ, ਅਤੇ ਕਰੋੜਾ ਸਿੰਘ ਕਰੋੜਸਿੰਘੀਆ, ਨਾਹਰ ਸਿੰਘ ਅਤੇ ਬਿੰਡਾ ਸਿੰਘ ਸਮੇਤ ਚੜ੍ਹਤ ਸਿੰਘ ਸ਼ੁੱਕਰਚੱਕੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਦਿਖਾਈ ਗਈ ਬਹਾਦਰੀ ਦਾ ਜ਼ਿਕਰ ਕਰਦਾ ਹੈ। ਉਹ ਸਰੀਰ ‘ਤੇ ਅਣਗਿਣਤ ਜ਼ਖ਼ਮ ਹੋਣ ਦੇ ਬਾਵਜੂਦ ਵੀ ਚੜ੍ਹਤ ਸਿੰਘ ਵੱਲੋਂ ਘੱਲੂਘਾਰੇ ਦੌਰਾਨ ਖ਼ਾਲਸਾ ਦਲ ਦੀ ਕੀਤੀ ਅਗਵਾਈ ਦਾ ਅਤੇ ਦਿਖਾਏ ਗਏ ਬਹਾਦਰੀ ਦੇ ਜੌਹਰਾਂ ਦੀ ਵਿਸ਼ੇਸ਼ ਤੌਰ ਉੱਤੇ ਤਾਰੀਫ਼ ਕਰਦਾ ਹੈ।[207] ਸੋਹਣ ਸਿੰਘ ਸੀਤਲ ਵੀ ਚੜ੍ਹਤ ਸਿੰਘ ਦੇ ਪੰਥ ਦੀ ਹਰ ਮੁੰਹਿਮ ਵਿੱਚ ਸ਼ਾਮਿਲ ਹੋਣ ਦੀ ਗੱਲ ਕਰਦਾ ਹੈ।[208]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਖ਼ਾਲਸੇ ਨੇ ਆਪਣਾ ਮੁਲਖ਼ ਮੱਲਿਆ ਤਾਂ ਚੜ੍ਹਤ ਸਿੰਘ ਨੇ ਗੁਜਰਾਂਵਾਲਾ ਉੱਪਰ ਆਪਣਾ ਕਬਜ਼ਾ ਜਮਾ ਲਿਆ ਤੇ ਉੱਥੇ ਇੱਕ ਕਿਲ੍ਹਾ ਬਣਾਕੇ ਗੁੱਜਰਾਂਵਾਲਾ ਨੂੰ ਆਪਣੀ ਰਾਜਧਾਨੀ ਘੋਸ਼ਿਤ ਕਰ ਦਿੱਤਾ। ਚੜ੍ਹਤ ਸਿੰਘ ਕੋਲ ਸੱਤ ਲੱਖ ਰੁਪਏ ਸਾਲਾਨਾ ਆਮਦਨ ਦਾ ਇਲਾਕਾ ਅਤੇ

---

[203] ਗਿਆਨੀ ਗਿਆਨ ਸਿੰਘ, *ਉਹੀ,* ਪੰਨੇ 1199-1200.

[204] ਕਨ੍ਹੱਈਆ ਲਾਲ, *ਉ. ਰ.,* ਪੰਨਾ 108; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 70.

[205] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 21.

[206] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1200.

[207] ਰਤਨ ਸਿੰਘ ਭੰਗੂ, *ਉ. ਰ.,* ਪੰਨੇ 341-349.

[208] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 21.

ਸੱਤ ਹਜ਼ਾਰ ਘੋੜਸਵਾਰ ਸਨ।[209] ਰਤਨ ਸਿੰਘ ਭੰਗੂ 'ਸਾਖੀ ਦੂਜੇ ਤਰਨੇ ਦਲ ਕੀ' ਵਿੱਚ ਲਿਖਦਾ ਹੈ ਕਿ ਚੜ੍ਹਤ ਸਿੰਘ ਸ਼ੁੱਕਰਚੱਕੀਆ ਨੇ ਗੁਜਰਾਂਵਾਲਾ ਦੇ ਇਲਾਕੇ 'ਤੇ ਕਬਜ਼ਾ ਕਰਕੇ ਉਸ ਨੂੰ ਆਪਣੀ ਰਾਜਧਾਨੀ ਬਣਾ ਲਿਆ। ਚੜ੍ਹਤ ਸਿੰਘ ਦੀ ਸਾਰੀ ਉਮਰ ਭੰਗੀਆਂ ਦੇ ਨਾਲ ਖਿੱਚੋਤਾਣ ਵਿੱਚ ਅਤੇ ਲੜਦਿਆਂ ਝਗੜਦਿਆਂ ਬੀਤੀ।[210] ਪਰ ਰਤਨ ਸਿੰਘ ਭੰਗੂ, ਕਨ੍ਹੱਈਆ ਲਾਲ ਤੇ ਅਹਿਮਦ ਸ਼ਾਹ ਬਟਾਲਵੀ ਚੜ੍ਹਤ ਸਿੰਘ ਦੀ ਸਾਲਾਨਾ ਆਮਦਨ ਤੇ ਘੋੜਸਵਾਰਾਂ ਦੀ ਗਿਣਤੀ ਬਾਰੇ ਕੁਝ ਨਹੀਂ ਦੱਸ ਰਹੇ। ਰਤਨ ਸਿੰਘ ਭੰਗੂ ਇਹ ਵੀ ਲਿਖਦਾ ਹੈ ਕਿ ਅਫ਼ਗਾਨਾਂ ਨੇ ਗੁਜਰਾਂਵਾਲਾਂ ਨੂੰ ਘੇਰਾ ਪਾ ਲਿਆ ਤਾਂ ਚੜ੍ਹਤ ਸਿੰਘ ਅਤੇ ਉਸ ਦੀ ਸੈਨਾ ਨੇ ਅਫ਼ਗਾਨਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਨਵਾਬ ਸਰਬੁਲੰਦ ਖਾਨ ਮੈਦਾਨ ਛੱਡ ਕੇ ਲਾਹੌਰ ਭੱਜ ਗਿਆ। ਚੜ੍ਹਤ ਸਿੰਘ ਦੇ ਹੱਥ ਕਾਫ਼ੀ ਧੰਨ ਮਾਲ ਲੱਗਾ ਅਤੇ ਅਫ਼ਗਾਨਾਂ ਦਾ ਤੋਪਖਾਨਾ ਵੀ ਉਸ ਦੇ ਕਬਜ਼ੇ ਵਿੱਚ ਆ ਗਿਆ। ਚੜ੍ਹਤ ਸਿੰਘ ਦੁਆਰਾ ਨਵਾਬ ਸਰਬੁਲੰਦ ਖਾਨ ਨੂੰ ਹਰਾਉਣ ਤੋਂ ਬਾਅਦ ਸਿੰਘਾਂ ਦਾ ਪ੍ਰਭਾਵ ਬਹੁਤ ਵੱਧ ਗਿਆ।[211] ਰਤਨ ਸਿੰਘ ਭੰਗੂ ਚੜ੍ਹਤ ਸਿੰਘ ਦੁਆਰਾ ਰਵਤਾਸ (ਰੋਹਤਾਸ) ਦੇ ਕਿਲ੍ਹੇ ਨੂੰ ਘੇਰਨ ਤੇ ਨਵਾਬ ਸਰਬੁਲੰਦ ਖਾਨ ਨੂੰ ਗ੍ਰਿਫ਼ਤਾਰ ਕਰਨ ਦਾ ਜ਼ਿਕਰ ਵੀ ਕਰਦਾ ਹੈ ਅਤੇ ਚੜ੍ਹਤ ਸਿੰਘ ਦਾ ਰਾਜ ਦਰਿਆ ਜਿਹਲਮ ਦੇ ਦੋਵੇਂ ਪਾਸੇ ਫੈਲਣ ਬਾਰੇ ਵੀ ਦੱਸਦਾ ਹੈ।[212]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਚੜ੍ਹਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਮਹਾਂ ਸਿੰਘ ਨੇ ਇਸ ਮਿਸਲ ਦੀ ਵਾਗਡੋਰ ਸੰਭਾਲ ਲਈ।[213] ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਵੀ ਚੜ੍ਹਤ ਸਿਘ ਦੇ ਅਕਾਲ ਚਲਾਣੇ ਤੋਂ ਬਾਅਦ ਉਸ ਦੇ ਪੁੱਤਰ ਮਹਾਂ ਸਿੰਘ ਨੂੰ ਸ਼ੁੱਕਰਚੱਕੀਆ ਮਿਸਲ ਦਾ ਅਗਲਾ ਕਰਤਾ-ਧਰਤਾ ਲਿਖਦੇ ਹਨ।[214]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮਹਾਂ ਸਿੰਘ ਦਾ ਵਿਆਹ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਪੁੱਤਰੀ ਰਾਜ ਕੌਰ ਨਾਲ ਹੋਇਆ। ਜਿਸ ਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ। ਮਹਾਂ ਸਿੰਘ ਦੇ ਸਵਰਗਵਾਸ ਹੋਣ ਮਗਰੋਂ ਸਿਰਫ਼ ਦਸ ਸਾਲਾਂ ਦੀ ਨਿਆਣੀ ਉਮਰ ਵਿੱਚ ਰਣਜੀਤ ਸਿੰਘ ਨੇ ਇਸ

---

209 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1200.

210 ਰਤਨ ਸਿੰਘ ਭੰਗੂ, *ਉ. ਰ.,* ਪੰਨਾ 373.

211 ਰਤਨ ਸਿੰਘ ਭੰਗੂ, *ਉਹੀ,* ਪੰਨੇ 374-375.

212 *ਉਹੀ,* ਪੰਨੇ 376-377.

213 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1200.

214 ਕਨ੍ਹੱਈਆ ਲਾਲ, *ਉ. ਰ.,* ਪੰਨਾ 121; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 70; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 22.

ਮਿਸਲ ਦੀ ਵਾਗਡੋਰ ਸੰਭਾਲੀ।[215] ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਵੀ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਰਣਜੀਤ ਸਿੰਘ ਨੂੰ ਮੋਢੀ ਲਿਖਦੇ ਹਨ।[216]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਣਜੀਤ ਸਿੰਘ ਦਾ ਵਿਆਹ ਜੈ ਸਿੰਘ ਕਨ੍ਹੱਈਆ ਦੀ ਪੋਤਰੀ ਅਤੇ ਸਦਾ ਕੌਰ ਦੀ ਧੀ ਨਾਲ ਹੋਇਆ। ਜਿਸ ਦੀ ਕੁੱਖੋਂ ਸ਼ੇਰ ਸਿੰਘ ਦਾ ਜਨਮ ਹੋਇਆ।[217] ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਵੀ ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਜੈ ਸਿੰਘ ਕਨ੍ਹੱਈਆ ਦੀ ਪੋਤਰੀ ਮਹਿਤਾਬ ਕੌਰ ਨਾਲ ਹੋਇਆ ਲਿਖਦੇ ਹਨ।[218] ਪਰ ਅਹਿਮਦਾਸ਼ਾਹ ਬਟਾਲਵੀ, ਕਨ੍ਹੱਈਆਂ ਦੀ ਕੁੜੀ ਮਹਿਤਾਬ ਕੌਰ ਦੇ ਕੁੱਖੋਂ ਸ਼ੇਰ ਸਿੰਘ ਦੀ ਥਾਂ ਖੜਕ ਸਿੰਘ ਦਾ ਜਨਮ ਹੋਇਆ ਲਿਖਦਾ ਹੈ।[219] ਜਦੋਂ ਕਿ ਕਨ੍ਹੱਈਆ ਲਾਲ ਸ਼ੇਰ ਸਿੰਘ ਦੇ ਜਨਮ ਸੰਬੰਧੀ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦਾ ਹੈ।[220]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਣਜੀਤ ਸਿੰਘ ਨੇ ਕਈ ਇਲਾਕਿਆਂ ਉੱਤੇ ਕਬਜ਼ਾ ਕਰਨ ਤੋਂ ਬਾਅਦ ਆਪਣੀ ਸੱਸ ਸਦਾ ਕੌਰ ਦੀ ਮਦਦ ਨਾਲ ਲਾਹੌਰ ‘ਤੇ ਵੀ ਕਬਜ਼ਾ ਕਰ ਲਿਆ। ਭੰਗੀਆਂ ਤੋਂ ਅੰਮ੍ਰਿਤਸਰ ਛੁਡਵਾਕੇ, ਫ਼ੇਰ ਮੁਲਤਾਨ ਅਤੇ ਪਿਸ਼ਾਵਰ ਨੂੰ ਵੀ ਖ਼ਾਲਸਾ ਰਾਜ ਵਿੱਚ ਰਲਾ ਲਿਆ। ਤੁਰਕਾਂ ਤੋਂ ਕਸ਼ਮੀਰ ਨੂੰ ਖੋਹਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਹੋਰ ਸਿੱਖ ਸਰਦਾਰਾਂ ਜਾਂ ਮਿਸਲਾਂ ਦੇ ਇਲਾਕੇ ਵੀ ਆਪਣੇ ਕਬਜ਼ੇ ‘ਚ ਲੈ ਲਏ। ਮਹਾਰਾਜਾ ਰਣਜੀਤ ਸਿੰਘ ਦੇ ਕੋਲ ਤਕਰੀਬਨ ਸਵਾ ਲੱਖ ਦੇ ਕਰੀਬ ਫ਼ੌਜ ਸੀ।[221] ਸੋਹਣ ਸਿੰਘ ਸੀਤਲ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਿੱਤੇ ਇਲਾਕਿਆਂ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[222]

ਗਿਆਨੀ ਗਿਆਨ ਸਿੰਘ ਦੇ ਦੱਸਣ ਮੁਤਾਬਿਕ ਮਹਾਰਾਜਾ ਰਣਜੀਤ ਸਿੰਘ ਆਪਣੇ ਪਿੱਛੇ ਸੱਤ

---

215 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1200.

216 ਕਨ੍ਹੱਈਆ ਲਾਲ, *ਉ. ਰ.,* ਪੰਨਾ 121; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 70; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 22.

217 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1200-1201.

218 ਕਨ੍ਹੱਈਆ ਲਾਲ, *ਉ. ਰ.,* ਪੰਨਾ 121; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 70; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 22.

219 ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 71.

220 ਕਨ੍ਹੱਈਆ ਲਾਲ, *ਉ. ਰ.,* ਪੰਨਾ 166.

221 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1201.

222 ਸੋਹਣ ਸਿੰਘ ਸੀਤਲ, ਪੰਨੇ 23-25.

ਪੁੱਤਰ; ਖੜਕ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ, ਹਰੀ ਸਿੰਘ, ਪਿਸ਼ੌਰਾ ਸਿੰਘ, ਕਸ਼ਮੀਰਾ ਸਿੰਘ ਤੇ ਦਲੀਪ ਸਿੰਘ ਅਤੇ ਤਿੰਨ ਪੋਤਰੇ ਕੰਵਰ ਨੌਨਿਹਾਲ ਸਿੰਘ, ਪ੍ਰਤਾਪ ਸਿੰਘ ਤੇ ਸਹਿਦੇਵ ਸਿੰਘ ਛੱਡ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਰਾਜਗੱਦੀ ਦਾ ਵਾਰਿਸ ਬਣਿਆ। ਗਿਆਨੀ ਗਿਆਨ ਸਿੰਘ ਅਨੁਸਾਰ ਉਹ ਇੱਕ ਸੰਤ ਰੂਪ ਰਾਜਾ ਸੀ। ਉਸ ਨੇ ਥੋੜ੍ਹਾ ਸਮਾਂ ਹੀ ਰਾਜ ਕੀਤਾ।[223] ਕਨ੍ਹੱਈਆ ਲਾਲ ਵੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਉਸ ਦੇ ਵੱਡੇ ਪੁੱਤਰ ਖੜਕ ਸਿੰਘ ਨੂੰ ਹੀ ਲਾਹੌਰ ਗੱਦੀ ਦਾ ਅਗਲਾ ਵਾਰਿਸ ਲਿਖਦਾ ਹੈ।[224] ਮਹਾਰਾਜਾ ਖੜਕ ਸਿੰਘ ਦੀ ਮੌਤ ਤੋਂ ਬਾਅਦ ਸ਼ੇਰ ਸਿੰਘ ਨੇ ਗੱਦੀ ਸੰਭਾਲੀ। ਸੰਧਾਵਾਲੀਏ ਸਰਦਾਰਾਂ ਨੇ ਧੋਖੇ ਨਾਲ ਮਹਾਰਾਜਾ ਸ਼ੇਰ ਸਿੰਘ ਨੂੰ ਵੀ ਮਾਰ ਦਿੱਤਾ। ਉਸੇ ਦਿਨ ਉਨ੍ਹਾਂ ਨੇ ਵਜ਼ੀਰ ਧਿਆਨ ਸਿੰਘ ਦਾ ਵੀ ਕਤਲ ਕਰ ਦਿੱਤਾ। ਸੰਧਾਵਾਲੀਏ ਸਰਦਾਰਾਂ ਨੇ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਕੇ ਮਹਾਰਾਜਾ ਐਲਾਨ ਦਿੱਤਾ ਅਤੇ ਹੀਰਾ ਸਿੰਘ ਨੂੰ ਉਸ ਦਾ ਵਜ਼ੀਰ ਬਣਾ ਦਿੱਤਾ।[225] ਕਨ੍ਹੱਈਆ ਲਾਲ ਵੀ ਮਹਾਰਾਜਾ ਸ਼ੇਰ ਸਿੰਘ ਨੂੰ ਸੰਧਾਵਾਲੀਏ ਸਰਦਾਰਾਂ ਵੱਲੋਂ ਕਤਲ ਕੀਤੇ ਜਾਣ ਦੀ ਪੁਸ਼ਟੀ ਕਰਦਾ ਹੈ। ਜਿੱਥੇ ਗਿਆਨੀ ਗਿਆਨ ਸਿੰਘ ਇਹ ਲਿਖ ਰਿਹਾ ਹੈ ਕਿ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਕੇ ਹੀਰਾ ਸਿੰਘ ਨੂੰ ਉਸ ਦਾ ਵਜ਼ੀਰ ਬਣਾ ਦਿੱਤਾ। ਪਰ ਕਨ੍ਹੱਈਆ ਲਾਲ ਲਿਖਦਾ ਹੈ ਕਿ ਹੀਰਾ ਸਿੰਘ ਨੇ ਆਪਣੇ ਪਿਤਾ ਰਾਜਾ ਧਿਆਨ ਸਿੰਘ ਦੀ ਮੌਤ ਦਾ ਸੰਧਾਵਾਲੀਏ ਸਰਦਾਰਾਂ ਤੋਂ ਬਦਲਾ ਲੈਣ ਲਈ ਖ਼ਾਲਸਾ ਫ਼ੌਜ ਨੂੰ ਸੰਧਾਵਾਲੀਏ ਸਰਦਾਰਾਂ ਦੇ ਵਿਰੁੱਧ ਭੜਕਾ ਦਿੱਤਾ। ਖ਼ਾਲਸਾ ਫ਼ੌਜ ਨੇ ਸੰਧਾਵਾਲੀਏ ਸਰਦਾਰਾਂ ਨੂੰ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਹੀਰਾ ਸਿੰਘ ਨੇ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਕੇ ਆਪਣੇ-ਆਪ ਨੂੰ ਪ੍ਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ।[226] ਸੋਹਣ ਸਿੰਘ ਸੀਤਲ ਵੀ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਉਪਰੋਕਤ ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦਾ ਹੈ।[227]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਹੀਰਾ ਸਿੰਘ ਨੇ ਖ਼ਾਲਸਾ ਫ਼ੌਜ ਨਾਲ ਰਲ ਕੇ ਬਿਨਾਂ ਦੇਰੀ ਕੀਤੇ ਸੰਧਾਵਾਲੀਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵਿੱਚੋਂ ਅਤਰ ਸਿੰਘ ਸੰਧਾਵਾਲੀਆ ਬਚਕੇ ਸੰਤ ਵੀਰ ਸਿੰਘ ਨਾਲ ਜਾ ਰਲਿਆ। ਇਸ ਖਾਨਾਜੰਗੀ ਵਿੱਚ ਹੀ ਰਣਜੀਤ ਸਿੰਘ ਦੇ ਪੁੱਤਰ ਕਸ਼ਮੀਰਾ ਸਿੰਘ ਦੀ ਵੀ ਮੌਤ

---

223 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1203-1204.

224 ਕਨ੍ਹੱਈਆ ਲਾਲ, *ਉ. ਰ.,* ਪੰਨਾ 357.

225 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1204.

226 ਕਨ੍ਹੱਈਆ ਲਾਲ, *ਉ. ਰ.,* ਪੰਨਾ 363-364.

227 ਸੋਹਣ ਸਿੰਘ ਸੀਤਲ, *ਉ. ਰ.,* ਪੰਨੇ 25-26.

ਹੋ ਗਈ।[228] ਕਨ੍ਹੱਈਆ ਲਾਲ ਵੀ ਭਾਈ ਵੀਰ ਸਿੰਘ ਦੇ ਡੇਰੇ 'ਤੇ ਅਤਰ ਸਿੰਘ ਸੰਧਾਵਾਲੀਏ ਨੂੰ ਕਤਲ ਕਰਨ ਲਈ ਹੋਈ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕਸ਼ਮੀਰਾ ਸਿੰਘ ਦੇ ਮਾਰੇ ਜਾਣ ਦਾ ਜ਼ਿਕਰ ਕਰਦਾ ਹੈ।[229] ਪਰ ਗਣੇਸ਼ ਦਾਸ ਵਡੇਹਰਾ ਆਪਣੀ ਲਿਖਤ ਵਿੱਚ ਹੀਰਾ ਸਿੰਘ ਦੁਆਰਾ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਨੂੰ ਪ੍ਰੇਸ਼ਾਨ ਕਰਨ ਦੀ ਗੱਲ ਲਿਖ ਰਿਹਾ ਹੈ।[230] ਜਿਸ ਦੀ ਪੁਸ਼ਟੀ ਕਾਰਮਾਈਕਲ ਸਮਿੱਥ ਵੀ ਕਰਦਾ ਹੈ।[231] ਸੋਹਣ ਸਿੰਘ ਸੀਤਲ ਵੀ ਹੀਰਾ ਸਿੰਘ ਵੱਲੋਂ ਕਸ਼ਮੀਰਾ ਸਿੰਘ ਦੇ ਕਤਲ ਕਰਾਉਣ ਦਾ ਜ਼ਿਕਰ ਕਰਦਾ ਹੈ।[232]

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਹੀਰਾ ਸਿੰਘ ਦਾ ਪਾਲਿਆ ਹੋਇਆ ਜੱਲਾ ਪੰਡਤ ਖ਼ਾਲਸਾ ਫ਼ੌਜ ਨੂੰ ਬਹੁਤ ਪਰੇਸ਼ਾਨ ਕਰਦਾ ਸੀ। ਇਸ ਕਰਕੇ ਖ਼ਾਲਸਾ ਫ਼ੌਜ ਨੇ ਹੀਰਾ ਸਿੰਘ ਦਾ ਕਤਲ ਕਰ ਦਿੱਤਾ ਅਤੇ ਜਵਾਹਰ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਜਵਾਹਰ ਸਿੰਘ ਨੇ ਰਣਜੀਤ ਸਿੰਘ ਦੇ ਪੁੱਤਰ ਪਿਸ਼ੌਰਾ ਸਿੰਘ ਦਾ ਕਤਲ ਕਰਵਾ ਦਿੱਤਾ ਅਤੇ ਅਟਕ ਦੇ ਕਿਲ੍ਹੇ ਵਿੱਚ ਖ਼ਾਲਸਾ ਫ਼ੌਜ ਨੂੰ ਧੋਖਾ ਦਿੱਤਾ। ਇਸ ਕਾਰਨ ਖ਼ਾਲਸਾ ਫ਼ੌਜ ਨੇ ਜਵਾਹਰ ਸਿੰਘ ਦਾ ਵੀ ਕਤਲ ਕਰ ਦਿੱਤਾ।[233] ਕਨ੍ਹੱਈਆ ਲਾਲ ਵੀ ਜਵਾਹਰ ਸਿੰਘ ਦੇ ਕਹਿਣ 'ਤੇ ਫ਼ਤਿਹ ਖਾਨ ਟਿਵਾਣਾ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਪਿਸ਼ੌਰਾ ਸਿੰਘ ਦੇ ਕਤਲ ਕਰਨ ਦੀ ਜਾਣਕਾਰੀ ਦਿੰਦਾ ਹੈ।[234] ਜਵਾਹਰ ਸਿੰਘ ਦੁਆਰਾ ਰਣਜੀਤ ਸਿੰਘ ਦੇ ਪੁੱਤਰ ਕੰਵਰ ਪਿਸ਼ੌਰਾ ਸਿੰਘ ਨੂੰ ਕਤਲ ਕਰਵਾਉਣ ਦੀ ਪੁਸ਼ਟੀ ਕਨ੍ਹਿੰਘਮ ਤੇ ਸੋਹਣ ਸਿੰਘ ਸੀਤਲ ਵੀ ਕਰਦੇ ਹਨ।[235]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਕੁਝ ਦਿਨਾਂ ਲਈ ਫ਼ੌਜ ਦੇ ਸਰਦਾਰਾਂ ਨੇ ਮੈਂਬਰ ਪੰਚ ਬਣਕੇ ਸਾਂਝੇ ਤੌਰ 'ਤੇ ਰਾਜ-ਭਾਗ ਚਲਾਇਆ। ਜਵਾਹਰ ਸਿੰਘ, ਰਾਣੀ ਜਿੰਦ ਕੌਰ ਦਾ ਭਰਾ ਸੀ। ਰਾਣੀ ਜਿੰਦ ਕੌਰ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਅਤੇ ਤੇਜਾ ਸਿੰਘ ਨੂੰ ਖ਼ਾਲਸਾ ਫ਼ੌਜ ਦਾ ਸੈਨਾਪਤੀ ਬਣਾ ਦਿੱਤਾ। ਲਾਲ ਸਿੰਘ ਤੇ ਤੇਜਾ ਸਿੰਘ ਨੇ ਖ਼ਾਲਸਾ ਸੈਨਾ ਦੀ ਅੰਗਰੇਜ਼ਾਂ ਨਾਲ ਲੜਾਈ

---

228 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1204.

229 ਕਨ੍ਹੱਈਆ ਲਾਲ, *ਉ. ਹ.,* ਪੰਨਾ 374.

230 Bhagat Singh, *op. cit.,* p. 219.

231 Car Michael Smyth, A history of the reigning family of Lahore (1847), Patiala reprint 1970, pp.129-131.

232 ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 26.

233 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1205.

234 ਕਨ੍ਹੱਈਆ ਲਾਲ, *ਉ. ਹ.,* ਪੰਨਾ 383.

235 J. D. Cunningham, *A History of the Sikhs*, p. 244; ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 26.

ਕਰਵਾ ਕੇ ਉਸ ਨੂੰ ਵਾਰ-ਵਾਰ ਹਰਵਾਇਆ। ਮੁਦਕੀ, ਫ਼ੇਰੂ ਸ਼ਹਿਰ, ਸਭਰਾਵਾਂ ਦੀ ਲੜਾਈ ਵਿੱਚ ਸਿੱਖ ਅੰਗਰੇਜ਼ਾਂ ਖਿਲਾਫ਼ ਬੜੇ ਹੌਂਸਲੇ ਨਾਲ ਲੜੇ, ਪਰ ਲਾਲ ਸਿੰਘ ਤੇ ਤੇਜਾ ਸਿੰਘ ਦੀ ਗੱਦਾਰੀ ਨਾਲ ਹਾਰਦੇ ਰਹੇ।[236] ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੇ ਹਾਰਨ ਦੀ ਪੁਸ਼ਟੀ ਕਨ੍ਹਿੰਘਮ ਵੀ ਕਰਦਾ ਹੈ, ਜੋ ਕਿ ਸਿੱਖ ਸੈਨਾਪਤੀਆਂ ਜਾਂ ਸਰਦਾਰਾਂ ਦੀ ਗੱਦਾਰੀ ਕਾਰਨ ਹੋਈ।[237]

ਗਿਆਨੀ ਗਿਆਨ ਸਿੰਘ ਅਨੁਸਾਰ ਰਾਜਾ ਗੁਲਾਬ ਸਿੰਘ ਨੇ ਦਲੀਪ ਸਿੰਘ ਨੂੰ ਨਾਲ ਲੈ ਕੇ ਅੰਗਰੇਜ਼ਾਂ ਨਾਲ ਸੁਲ੍ਹਾ ਕਰਨੀ ਚਾਹੀ ਤਾਂ ਅੰਗਰੇਜ਼ਾਂ ਨੇ ਤਿੰਨ ਕਰੋੜ ਨਜ਼ਰਾਨੇ ਦੀ ਮੰਗ ਕੀਤੀ। ਅੰਗਰੇਜ਼ਾਂ ਨਾਲ ਗੱਲ ਕਰਕੇ ਗੁਲਾਬ ਸਿੰਘ ਨੇ ਸਰਦਾਰਾਂ ਦੀ ਮੀਟਿੰਗ ਬੁਲਾਈ। ਉਸ ਨੇ 50 ਲੱਖ ਰੁਪਏ ਖਜ਼ਾਨੇ ਵਿੱਚੋਂ ਅਤੇ ਦੋ ਕਰੋੜ ਬਾਕੀ ਸਾਰੇ ਸਰਦਾਰਾਂ ਕੋਲੋਂ ਉਨ੍ਹਾਂ ਦੀ ਜਾਗੀਰ ਦੀ ਆਮਦਨ ਦੇ ਅਨੁਸਾਰ ਇਕੱਠੇ ਕਰਨ ਦਾ ਮਤਾ ਪਾਇਆ। ਸਾਰਿਆਂ ਨੇ ਇਹ ਫ਼ੈਸਲਾ ਮਨਜ਼ੂਰ ਕਰ ਲਿਆ। ਪਰ ਤੇਜਾ ਸਿੰਘ ਤੇ ਲਾਲ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਨ੍ਹਾਂ ਨੇ ਜਾ ਕੇ ਰਾਣੀ ਜਿੰਦ ਕੌਰ ਦੇ ਕੰਨ ਭਰੇ ਕਿ ਜੇ ਗੁਲਾਬ ਸਿੰਘ ਨੇ ਇਹ ਸਮਝੌਤਾ ਸਿਰੇ ਚੜ੍ਹਾ ਦਿੱਤਾ ਤਾਂ ਲਾਹੌਰ ਦਰਬਾਰ ਵਿੱਚ ਰਾਣੀ ਜਿੰਦ ਕੌਰ ਅਤੇ ਉਨ੍ਹਾਂ ਦੋਵਾਂ ਦੀ ਕੋਈ ਜਾਤ ਨਹੀਂ ਪੁਛੇਗਾ। ਹਕੂਮਤ ਦੀ ਵਾਗਡੋਰ ਅਸਿੱਧੇ ਤੌਰ 'ਤੇ ਗੁਲਾਬ ਸਿੰਘ ਦੇ ਹੱਥ ਵਿੱਚ ਆ ਜਾਵੇਗੀ। ਰਾਣੀ ਜਿੰਦ ਕੌਰ ਨੇ ਲਾਲ ਸਿੰਘ, ਤੇਜਾ ਸਿੰਘ ਦੇ ਪਿੱਛੇ ਲੱਗਕੇ ਅੰਗਰੇਜ਼ਾਂ ਨੂੰ ਚਿੱਠੀ ਲਿਖੀ ਕਿ ਜੋ ਰਾਜਾ ਗੁਲਾਬ ਸਿੰਘ ਨੇ ਸਮਝੌਤਾ ਕੀਤਾ ਹੈ ਉਹ ਮੈਨੂੰ ਤਾਂ ਹੀ ਮਨਜ਼ੂਰ ਹੈ, ਜੇ ਲਾਲ ਸਿੰਘ ਆਪਣੇ ਅਹੁਦੇ 'ਤੇ ਬਣਿਆ ਰਹੇਗਾ। ਅੰਗਰੇਜ਼ ਨੇ ਰਾਣੀ ਜਿੰਦ ਕੌਰ ਦੀ ਪੇਸ਼ਕਸ਼ ਬਾਰੇ ਗੁਲਾਬ ਸਿੰਘ ਨੂੰ ਦੱਸ ਦਿੱਤਾ, ਜਿਸ ਕਾਰਨ ਗੁਲਾਬ ਸਿੰਘ ਦੁਖੀ ਤੇ ਉਦਾਸ ਹੋਇਆ। ਉਸ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਮੇਰੇ ਤੋਂ ਇੱਕ ਕਰੋੜ ਰੁਪਏ ਲੈ ਲਵੋ ਤੇ ਕਸ਼ਮੀਰ ਦੇ ਦੇਵੋ। ਅੰਗਰੇਜ਼ਾਂ ਨੇ ਦੂਰਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਡੋਗਰਿਆਂ ਨੂੰ ਸਿੱਖਾਂ ਤੋਂ ਦੂਰ ਕਰਨ ਲਈ ਦੋ ਕਰੋੜ ਵਿੱਚ ਕਸ਼ਮੀਰ ਗੁਲਾਬ ਸਿੰਘ ਨੂੰ ਦੇ ਦਿੱਤਾ।[238] ਕਨ੍ਹੱਈਆ ਲਾਲ ਵੀ ਗੁਲਾਬ ਸਿੰਘ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਅੰਗਰੇਜ਼ਾਂ ਨਾਲ ਸੁਲ੍ਹਾ ਕਰਾਉਣ ਦੀ ਗੱਲ ਲਿਖਦਾ ਹੈ। ਉਹ ਲਿਖਦਾ ਹੈ ਕਿ ਅੰਗਰੇਜ਼ਾਂ ਨੇ ਸ਼ਰਤ ਰੱਖੀ ਕਿ ਬਿਆਸ ਦਰਿਆ ਤੱਕ ਦਾ ਸਾਰਾ ਇਲਾਕਾ ਤੇ ਬਿਆਸ ਦਰਿਆ ਅੰਗਰੇਜ਼ਾਂ ਦੇ ਅਧਿਕਾਰ ਖੇਤਰ ਵਿੱਚ ਰਹਿਣਗੇ, ਜੰਗ ਦੇ ਖਰਚੇ, ਮਾਰੇ ਗਏ ਤੇ ਜ਼ਖ਼ਮੀ ਹੋਏ ਫ਼ੌਜੀ ਅਧਿਕਾਰੀਆਂ ਦੇ ਖਰਚੇ ਵਜੋਂ ਡੇਢ ਕਰੋੜ ਰੁਪਿਆ ਲਾਹੌਰ ਦਰਬਾਰ ਨੂੰ ਤਾਰਨਾ ਹੋਵੇਗਾ। ਰਾਜਾ ਗੁਲਾਬ ਸਿੰਘ ਨੇ ਅੰਗਰੇਜ਼ਾਂ ਦੀਆਂ ਮਿੰਨਤਾਂ ਕਰਕੇ

---

236 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1205-1206

237 J. D. Cunningham, *op. cit.,* p. 272.

238 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1206-1208.

50 ਲੱਖ ਰੁਪਏ ਮੁਆਫ਼ ਕਰਵਾ ਲਿਆ, ਪਰ ਖਜ਼ਾਨੇ ਵਿੱਚ ਪੈਸੇ ਨਾ ਹੋਣ ਕਰਕੇ ਕਸ਼ਮੀਰ, ਤਿੱਬਤ ਅਤੇ ਲੱਦਾਖ ਦਾ ਇਲਾਕਾ ਅੰਗਰੇਜ਼ਾਂ ਵੱਲੋਂ ਰਾਜਾ ਗੁਲਾਬ ਸਿੰਘ ਨੂੰ ਇੱਕ ਕਰੋੜ ਵਿੱਚ ਵੇਚ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਸਿੱਖ ਰਿਆਸਤ ਦੇ ਇੱਕ ਵੱਡੇ ਹਿੱਸੇ ਤੋਂ ਵਾਂਝਾ ਹੋ ਗਿਆ।[239] ਸੋਹਣ ਸਿੰਘ ਸੀਤਲ ਵੀ ਲਿਖਦਾ ਹੈ ਕਿ ਅੰਗਰੇਜ਼ਾਂ ਨੇ ਕਸ਼ਮੀਰ ਗੁਲਾਬ ਸਿੰਘ ਡੋਗਰੇ ਨੂੰ ਦੇ ਦਿੱਤਾ।[240]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਅੰਗਰੇਜ਼ਾਂ ਨੇ ਸਮਝੌਤੇ ਅਨੁਸਾਰ ਲਾਹੌਰ ਦਰਬਾਰ ਵਿੱਚ ਆਪਣੀ ਦਸ ਹਜ਼ਾਰ ਫ਼ੌਜ ਬਿਠਾ ਦਿੱਤੀ ਅਤੇ ਅਹਿਦ ਕੀਤਾ ਕਿ ਦਲੀਪ ਸਿੰਘ ਦੇ ਸੋਲ੍ਹਾਂ ਸਾਲ ਦਾ ਹੋਣ ਤੱਕ ਅੰਗਰੇਜ਼ ਰੈਜ਼ੀਡੈਂਟ ਸਿੱਖ ਕੌਂਸਿਲ ਨਾਲ ਮਿਲਕੇ ਪੰਜਾਬ ਦ ਰਾਜ-ਭਾਗ ਸੰਭਾਲੇਗਾ।[241] ਕਨ੍ਹੱਈਆ ਲਾਲ ਵੀ ਲਿਖਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਅੰਗਰੇਜ਼ ਫ਼ੌਜ ਲਾਹੌਰ ਦਰਬਾਰ ਵਿੱਚ ਪੱਕਾ ਹੀ ਬਿਠਾ ਦਿੱਤੀ ਗਈ। ਜਿਸ ਦਾ ਸਾਲਾਨਾ ਖਰਚਾ 22 ਲੱਖ ਰੁਪਏ ਲਾਹੌਰ ਦਰਬਾਰ ਨੇ ਦੇਣਾ ਸੀ।[242]

ਗਿਆਨੀ ਗਿਆਨ ਸਿੰਘ ਅਨੁਸਾਰ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਹੋ ਜਾਣ ਤੋਂ ਬਾਅਦ 17 ਚੇਤ ਸੰਮਤ 1906 ਬਿਕ੍ਰਮੀ ਨੂੰ ਲਾਹੌਰ ਵਿੱਚ ਦਰਬਾਰ ਸਜਾਇਆ ਗਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਹ ਦਿੱਤਾ।[243] ਸੋਹਣ ਸਿੰਘ ਸੀਤਲ ਵੀ ਲਿਖਦਾ ਹੈ ਕਿ ਗੁਜਰਾਤ ਦੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਗਦੀਓਂ ਲਾਹ ਦਿੱਤਾ।[244] ਭਗਤ ਸਿੰਘ ਵੀ 29 ਮਾਰਚ 1849 ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੁਆਰਾ ਗੱਦੀ ਤੋਂ ਲਾਹੁਣ ਦੀ ਗੱਲ ਕਰਦਾ ਹੈ।[245] ਗਿਆਨੀ ਗਿਆਨ ਸਿੰਘ ਦੇ ਲਿਖਣ ਮੁਤਾਬਿਕ ਕੁਝ ਸਮੇਂ ਬਾਅਦ ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਪੜ੍ਹਾਉਣ ਦੇ ਬਹਾਨੇ ਮੰਸੂਰੀ ਭੇਜ ਦਿੱਤਾ। ਮੰਸੂਰੀ ਤੋਂ ਫ਼ਰੂਖ਼ਾਬਾਦ ਅਤੇ ਫ਼ੇਰ ਕਲਕੱਤੇ ਤੋਂ ਉਸ ਨੂੰ ਵਲੈਤ ਭੇਜ ਦਿੱਤਾ ਗਿਆ। ਪਾਦਰੀਆਂ ਨੇ ਉਸ ਦਾ ਧਰਮ ਬਦਲ ਕੇ ਉਸ ਨੂੰ ਇਸਾਈ ਬਣਾ ਦਿੱਤਾ।[246] ਕਨ੍ਹੱਈਆ ਲਾਲ ਇਹ ਵੀ ਲਿਖਦਾ ਹੈ ਕਿ ਅੰਗਰੇਜ਼ ਦਲੀਪ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੇ ਨਾਬਾਲਗ ਪੁੱਤਰ ਸਹਿਦੇਵ ਸਿੰਘ ਨੂੰ ਲਾਹੌਰ ਤੋਂ ਹਿੰਦੁਸਤਾਨ ਲੈ ਗਏ। ਹਿੰਦੁਸਤਾਨ ਤੋਂ ਉਹ ਲੰਡਨ ਚਲਾ ਗਿਆ। ਮਲਿਕਾ ਵਿਕਟੋਰੀਆ ਹਿੰਦ ਦੀ

---

[239] ਕਨ੍ਹੱਈਆ ਲਾਲ, *ਉ. ਰ.,* ਪੰਨਾ 389-390.

[240] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 27.

[241] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1208.

[242] ਕਨ੍ਹੱਈਆ ਲਾਲ, *ਉ. ਰ.,* ਪੰਨਾ 392.

[243] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1213.

[244] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 27.

[245] Bhagat Singh, *op. cit.,* p. 222.

[246] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1213.

ਸਮਰਾਟ ਮਲਿਕਾ ਉਸ ਨੂੰ ਫ਼ਰਜ਼ੰਦ-ਏ-ਦਿਲਬੰਦ (ਜ਼ਿਗਰੀ ਪੁੱਤਰ) ਦੇ ਖ਼ਿਤਾਬ ਨਾਲ ਬੁਲਾਉਂਦੀ ਸੀ।[247] ਗੰਡਾ ਸਿੰਘ ਵੀ ਲਿਖਦਾ ਹੈ ਕਿ ਦਲੀਪ ਸਿੰਘ ਨੂੰ ਕਲਕੱਤੇ ਤੋਂ ਲੰਡਨ ਲਿਜਾਇਆ ਗਿਆ।[248] ਲੇਡੀ ਲੋਗਿਨ ਵੀ ਵਿਸਥਾਰਪੂਰਵਕ ਦਸਦੀ ਹੈ ਕਿ ਦਲੀਪ ਸਿੰਘ ਨੂੰ ਲਾਹੌਰ ਤੋਂ ਯੂ.ਪੀ. ਦੇ ਕਸਬਾ ਫ਼ਤਿਹਗੜ੍ਹ ਲਿਜਾ ਕੇ ਉਸ ਨੂੰ ਇਸਾਈਆਂ ਅਤੇ ਇਸਾਈ ਬੱਚਿਆਂ ਦੇ ਨਾਲ ਰੱਖਿਆ ਗਿਆ। ਜਿੱਥੇ ਉਸ ਨੇ ਚਤਰ ਸਿੰਘ ਦੀ ਕੁੜੀ ਨਾਲ ਵਿਆਹ ਕਰਵਾਉਣ ਦਾ ਖ਼ਿਆਲ ਤਿਆਗ ਦਿੱਤਾ। ਉਸ ਦੇ ਸਰਪ੍ਰਸਤ ਜੌਨ ਲੋਗਿਨ ਨੇ ਦਲੀਪ ਸਿੰਘ ਨੂੰ ਉਸ ਦੀ ਮਾਤਾ ਜਿੰਦ ਕੌਰ ਦੇ ਵੀ ਖਿਲਾਫ਼ ਕਰ ਦਿੱਤਾ। 1850 ਈ. ਵਿੱਚ ਦਲੀਪ ਸਿੰਘ ਨੇ ਈਸਾਈ ਧਰਮ ਕਬੂਲ ਕਰਨ ਦੀ ਇੱਛਾ ਪ੍ਰਗਟ ਕੀਤੀ। 1853 ਈ. ਵਿੱਚ ਉਸ ਨੂੰ ਚਰਚ ਦੁਆਰਾ ਈਸਾਈ ਧਰਮ ਵਿੱਚ ਸ਼ਾਮਿਲ ਕਰ ਲਿਆ ਗਿਆ।[249] ਭਗਤ ਸਿੰਘ ਅਨੁਸਾਰ ਲੰਡਨ ਤੋਂ ਦਲੀਪ ਸਿੰਘ ਰੋਮ ਵੀ ਗਿਆ, ਜਿੱਥੇ ਪੋਪ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ।[250]

ਗਿਆਨੀ ਗਿਆਨ ਸਿੰਘ ਮੁਤਾਬਿਕ ਦਲੀਪ ਸਿੰਘ ਦੀ ਚਾਰ ਲੱਖ ਸਾਲਾਨਾ ਪੈਨਸ਼ਨ ਲਾ ਦਿੱਤੀ ਗਈ ਅਤੇ ਉਸ ਦਾ ਵਿਆਹ ਵੀ ਵਲੈਤ ਵਿੱਚ ਕੀਤਾ ਗਿਆ।[251] ਕਨ੍ਹੱਈਆ ਲਾਲ ਵੀ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਸਾਢੇ ਚਾਰ ਲੱਖ ਸਾਲਾਨਾ ਪੈਨਸ਼ਨ ਨੀਯਤ ਕਰਨ ਅਤੇ ਮਹਾਰਾਜਾ ਦਾ ਖ਼ਿਤਾਬ ਸਦਾ ਲਈ ਪੱਕਾ ਕਰਨ ਦਾ ਜ਼ਿਕਰ ਕਰਦਾ ਹੈ।[252] ਗਿਆਨੀ ਗਿਆਨੀ ਸਿੰਘ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੇ ਘਰ ਦੋ ਪੁੱਤਰ ਅਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ। ਸੰਮਤ 1942 ਬਿਕ੍ਰਮੀ ਨੂੰ ਦਲੀਪ ਸਿੰਘ ਨੇ ਵਾਪਿਸ ਪੰਜਾਬ ਆਉਣਾ ਚਾਹਿਆ, ਪਰ ਉਸ ਨੂੰ ਅਦਨ ਦੇ ਵਿੱਚ ਹੀ ਰੋਕ ਲਿਆ ਗਿਆ ਅਤੇ ਮਜ਼ਬੂਰ ਹੋ ਕੇ ਉਸ ਨੂੰ ਵਾਪਿਸ ਲੰਡਨ ਮੁੜਣਾ ਪਿਆ।[253] ਗੰਡਾ ਸਿੰਘ ਗਿਆਨੀ ਗਿਆਨ ਸਿੰਘ ਤੋਂ ਵਧੇਰੇ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ ਕਿ 1861 ਈ. ਵਿੱਚ ਉਹ ਆਪਣੀ ਮਾਤਾ ਜਿੰਦ ਕੌਰ ਨੂੰ ਲੈਣ ਲਈ ਭਾਰਤ ਆਇਆ ਅਤੇ ਰਾਣੀ ਜਿੰਦ ਕੌਰ 1863 ਈ. ਵਿੱਚ ਸਵਰਗ ਸਿਧਾਰ ਗਈ। ਅੰਗਰੇਜ਼ਾਂ ਨੇ ਉਸ ਦਾ ਮ੍ਰਿਤਕ

---

247 ਕਨ੍ਹੱਈਆ ਲਾਲ, *ਉ. ਰ.,* ਪੰਨਾ 396.

248 Ganda Singh (ed.), *Maharaja Duleep Singh correspondence*, Punjabi University, Patiala 1977, pp.83-84.

249 Logan, Lady, Sir John logan and Duleep Singh, W. H. Allen & Co., London 1890, p. 297, 303-306.

250 Bhagat Singh, *op. cit.,* p. 223.

251 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1214.

252 ਕਨ੍ਹੱਈਆ ਲਾਲ, *ਉ. ਰ.,* ਪੰਨਾ 396.

253 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1214-1215.

ਸਰੀਰ ਭਾਰਤ ਲਿਜਾਣ ਦੀ ਆਗਿਆ ਤਾਂ ਦੇ ਦਿੱਤੀ, ਪਰ ਉਸ ਨੂੰ ਪੰਜਾਬ ਨਾ ਲੈ ਕੇ ਜਾਣ ਦਿੱਤਾ ਗਿਆ। ਉਸ ਦਾ ਸੰਸਕਾਰ ਬੰਬੇ ਪ੍ਰਾਂਤ ਵਿੱਚ ਸਰਕਾਰੀ ਹੁਕਮਾਂ ਅਨੁਸਾਰ ਕੀਤਾ ਗਿਆ ਅਤੇ ਜਿੰਦ ਕੌਰ ਦੀਆਂ ਅਸਥੀਆਂ ਨੂੰ ਨਰਮਦਾ ਨਦੀ ਵਿੱਚ ਵਹਾਅ ਦਿੱਤਾ ਗਿਆ। ਭਾਰਤ ਤੋਂ ਵਾਪਿਸ ਜਾ ਕੇ 1864 ਈ. ਵਿੱਚ ਦਲੀਪ ਸਿੰਘ ਨੇ ਜਰਮਨੀ ਦੇ ਵਪਾਰੀ ਲੁੱਡਵਿਗ ਮੂਲਰ ਦੀ ਕੁੜੀ ਬੰਬਾ ਮੂਲਰ ਨਾਲ ਵਿਆਹ ਕਰਵਾ ਲਿਆ। ਗੰਡਾ ਸਿੰਘ ਦਲੀਪ ਸਿੰਘ ਦੇ ਤਿੰਨ ਪੁੱਤਰ ਤੇ ਤਿੰਨ ਪੁੱਤਰੀਆਂ ਦੱਸਦਾ ਹੈ। ਗੰਡਾ ਸਿੰਘ ਅਨੁਸਾਰ 1886 ਈ. ਵਿੱਚ ਦਲੀਪ ਸਿੰਘ ਨੇ ਆਪਣੇ ਦੇਸ਼-ਵਾਸੀਆਂ ਨੂੰ ਪੱਤਰ ਰਾਹੀਂ ਪੰਜਾਬ ਆਉਣ ਦੀ ਤੇ ਸਿੱਖ ਬਣਨ ਦੀ ਇੱਛਾ ਜ਼ਾਹਿਰ ਕੀਤੀ। ਪਰ ਵਾਇਸਰਾਏ ਲਾਰਡ ਡਫਰਿਨ ਦੇ ਹੁਕਮਾਂ 'ਤੇ ਉਸ ਨੂੰ ਅਦਨ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ।[254]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਲੰਡਨ ਤੋਂ ਉਦਾਸ ਹੋ ਕੇ ਫਰਾਂਸ ਚਲਾ ਗਿਆ। ਉੱਥੇ ਉਸ ਨੇ ਜਰਮਨੀ, ਰੂਸ, ਚੀਨ, ਅਮਰੀਕਾ ਤੋਂ ਮਦਦ ਲੈ ਕੇ ਆਪਣਾ ਰਾਜ-ਭਾਗ ਵਾਪਿਸ ਪਾਉਣ ਲਈ ਕੋਸ਼ਿਸ਼ਾਂ ਕੀਤੀਆਂ। ਸੰਮਤ 1949 ਬਿਕ੍ਰਮੀ ਵਿੱਚ ਉਹ ਇੱਕ ਵਾਰ ਫ਼ੇਰ ਵਲੈਤ ਵਾਪਿਸ ਆ ਗਿਆ ਅਤੇ ਇੱਕ ਸਾਲ ਉੱਥੇ ਰਿਹਾ। ਸੰਮਤ 1950 ਬਿਕ੍ਰਮੀ ਵਿੱਚ ਪੈਰਿਸ ਵਿਖੇ ਉਸ ਦੀ ਮੌਤ ਹੋ ਗਈ। ਉਸ ਨੂੰ ਅਲਵੀਡਨ ਮਹਿਲ ਵਿੱਚ ਦਫ਼ਨਾਇਆ ਗਿਆ। ਉਸ ਦੀ ਕਬਰ ਉੱਪਰ ਉਸ ਦੇ ਪਿਉ ਦਾ ਨਾਂ, ਉਸ ਦਾ ਆਪਣਾ ਨਾਂ ਤੇ ਉਸ ਨੂੰ ਮਿਲੇ ਖ਼ਿਤਾਬਾਂ ਅਤੇ ਜਨਮ-ਮਰਨ ਦਾ ਪਤਾ ਪੰਜਾਬ ਲਿਖਿਆ ਗਿਆ।[255] ਸੋਹਣ ਸਿੰਘ ਸੀਤਲ ਸਿਰਫ਼ ਮਹਾਰਾਜਾ ਦਲੀਪ ਸਿੰਘ ਅਤੇ ਉਸ ਦੀ ਮਾਤਾ ਮਹਾਰਾਣੀ ਜਿੰਦਾ ਦੇ ਵਲੈਤ ਵਿੱਚ ਸਵਰਗਵਾਸ ਹੋਣ ਬਾਰੇ ਲਿਖਦਾ ਹੈ।[256]

ਗਿਆਨੀ ਗਿਆਨ ਸਿੰਘ ਅੱਗੇ ਲਿਖਦਾ ਹੈ ਕਿ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਦੇ ਪੁੱਤਰ ਸਹਿਦੇਵ ਸਿੰਘ ਦਾ ਅੱਗੋਂ ਪੁੱਤਰ ਵਾਸਦੇਵ ਸਿੰਘ ਉਸ ਵੇਲੇ ਤੱਕ ਬਾਂਸ-ਬਰੇਲੀ ਵਿੱਚ ਜਾਗੀਰ ਦੇ ਨਾਲ ਗੁਜ਼ਾਰਾ ਕਰ ਰਿਹਾ ਸੀ ਅਤੇ ਸਹਿਜ਼ਾਦਾ ਪਿਸ਼ੌਰਾ ਸਿੰਘ ਦੇ ਪੁੱਤਰ ਜਗਜੋਤ ਸਿੰਘ ਦਾ ਪੁੱਤਰ ਅਮਰ ਸਿੰਘ ਪਿੱਪਲੀਵਾੜਾ ਵਿਖੇ ਜਾਗੀਰ ਦੇ ਨਾਲ ਗੁਜ਼ਾਰਾ ਕਰ ਰਿਹਾ ਸੀ।[257] ਰਤਨ ਸਿੰਘ ਭੰਗੂ, ਕਨ੍ਹੱਈਆ ਲਾਲ ਜਾਂ ਅਹਿਮਦ ਸ਼ਾਹ ਬਟਾਲਵੀ ਆਦਿ ਲੇਖਕ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਦੇ

---

254 Ganda Singh (ed.), *Maharaja Duleep Singh correspondence*, p. 83-84.

255 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1215.

256 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 27.

257 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1215-1216.

ਵੰਸ਼ਜਾਂ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੇ।

ਗਿਆਨੀ ਗਿਆਨ ਸਿੰਘ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਖ਼ਾਲਸਾ ਦਰਬਾਰ ਦੀ ਆਮਦਨ ਤਿੰਨ ਕਰੋੜ ਚੌਵੀ ਲੱਖ ਪਝੰਤਰ ਹਜ਼ਾਰ ਰੁਪਏ ਸਾਲਾਨਾ ਸੀ। ਰਣਜੀਤ ਸਿੰਘ ਦੇ ਸਮੇਂ ਖ਼ਾਲਸਾ ਫ਼ੌਜ ਦੀ ਗਿਣਤੀ ਸਾਰੀ ਪੈਦਲ ਸੈਨਾ 92 ਹਜ਼ਾਰ, 4800 ਸਵਾਰ ਕਵਾਇਦ ਰੈਜੀਮੈਂਟ ਅਤੇ 12 ਹਜ਼ਾਰ ਖੁੱਲ੍ਹੇ, ਘੋੜਚੜ੍ਹੇ ਅਤੇ 15 ਹਜ਼ਾਰ ਸਵਾਰ ਜਾਗੀਰਦਾਰੀ ਫ਼ੌਜ ਦੇ ਸਨ, ਜੋ ਕਿ ਕੁੱਲ 31 ਹਜ਼ਾਰ 800 ਘੋੜਸਵਾਰ ਬਣਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਪਖਾਨੇ ਵਿੱਚ ਛੋਟੀਆਂ-ਵੱਡੀਆਂ, ਜਿਨਸੀ ਤੋਪਾਂ, ਕਿਲ੍ਹਿਆਂ ਵਿੱਚ ਰੱਖੀਆਂ ਜਾਣ ਵਾਲੀਆਂ ਤੋਪਾਂ ਆਦਿ ਦੀ ਕੁਲ ਗਿਣਤੀ 655 ਸੀ।[258]

## ਮਿਸਲ ਆਹਲੂਵਾਲੀਆ

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜੱਸਾ ਸਿੰਘ ਆਹਲੂਵਾਲੀਆ, ਜਿਲ੍ਹਾ ਲਾਹੌਰ ਦੇ ਪਿੰਡ ਆਹਲੂਵਾਲ ਦੇ ਸਰਦਾਰ ਬਿਦਰ ਸਿੰਘ ਦਾ ਪੁੱਤਰ ਸੀ ਅਤੇ ਹੱਲੋਵਾਲੀਏ ਸਰਦਾਰ ਬਾਗ ਸਿੰਘ ਦਾ ਭਾਣਜਾ ਸੀ।[259] ਅਹਿਮਦ ਸ਼ਾਹ ਬਟਾਲਵੀ, ਕਨ੍ਹੱਈਆ ਲਾਲ ਤੇ ਸੋਹਣ ਸਿੰਘ ਸੀਤਲ ਵੀ ਜੱਸਾ ਸਿੰਘ ਨੂੰ ਹੀ ਆਹਲੂਵਾਲੀਆ ਮਿਸਲ ਦਾ ਮੋਢੀ ਮੰਨਦੇ ਹਨ। ਪਰ ਕਨ੍ਹੱਈਆ ਲਾਲ ਉਸ ਦੇ ਮਾਮੇ ਦਾ ਨਾਂ ਬਾਗ ਸਿੰਘ ਦੀ ਥਾਂ ਭਾਗ ਸਿੰਘ ਲਿਖ ਰਿਹਾ ਹੈ।[260]

ਗਿਆਨੀ ਗਿਆਨ ਸਿੰਘ ਅਨੁਸਾਰ ਬਚਪਨ ਵਿੱਚ ਹੀ ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਦੀ ਮੌਤ ਹੋ ਗਈ। ਜੱਸਾ ਸਿੰਘ ਆਹਲੂਵਾਲੀਆ ਦਾ ਪਾਲਣ-ਪੋਸ਼ਣ ਦਿੱਲੀ ਵਿੱਚ ਮਾਤਾ ਸੁੰਦਰੀ ਜੀ ਕੋਲ ਹੀ ਹੋਇਆ। ਮਾਤਾ ਸੁੰਦਰੀ ਨੇ ਇਸ ਨੂੰ ਆਪਣੇ ਪੁੱਤਰਾਂ ਵਾਂਗ ਹੀ ਪਾਲਿਆ।[261] ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਵੀ ਜੱਸਾ ਸਿੰਘ ਦਾ ਪਾਲਣ ਪੋਸ਼ਣ ਦਿੱਲੀ ਵਿੱਚ ਮਾਤਾ ਸੁੰਦਰੀ ਕੋਲ ਹੋਇਆ ਦੱਸਦੇ ਹਨ।[262]

ਰਤਨ ਸਿੰਘ ਭੰਗੂ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕਣ ਦਾ ਜ਼ਿਕਰ ਕਰਦੇ ਹਨ।[263] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗਿਆਰ੍ਹਾਂ ਸਾਲਾਂ ਦੀ ਉਮਰ ਵਿੱਚ ਹੀ ਜੱਸਾ

---

[258] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1216.

[259] *ਉਹੀ,* ਪੰਨਾ 1217.

[260] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 65; ਕਨ੍ਹੱਈਆ ਲਾਲ, *ਉ. ਰ.,* ਪੰਨਾ 64; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 107.

[261] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1217.

[262] Lepel Griffin, Rajas of the Punjab, 1873, 454-55; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 108.

[263] ਰਤਨ ਸਿੰਘ ਭੰਗੂ, *ਉ. ਰ.,* ਪੰਨਾ 212.

ਸਿੰਘ ਆਹਲੂਵਾਲੀਆ ਨੇ ਸ਼ਸਤਰ ਵਿੱਦਿਆ ਸਿੱਖਣੀ ਸ਼ੁਰੂ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਵੀ ਜੱਸਾ ਸਿੰਘ ਆਹਲੂਵਾਲੀਆ ਨੂੰ ਆਪਣੇ ਪੁੱਤਰਾਂ ਵਾਂਗੂ ਹੀ ਰੱਖਿਆ ਅਤੇ ਆਪਣੇ ਹੱਥ ਨਾਲ ਉਸ ਨੂੰ ਅੰਮ੍ਰਿਤ ਛਕਾਇਆ।[264] ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਵੀ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕਣ ਦਾ ਜ਼ਿਕਰ ਕਰਦੇ ਹਨ, ਪਰ ਸੋਹਣ ਸਿੰਘ ਸੀਤਲ ਜੱਸਾ ਸਿੰਘ ਆਹਲੂਵਾਲੀਆ ਨੂੰ ਨਵਾਬ ਕਪੂਰ ਸਿੰਘ ਦਾ ਧਰਮ ਪੁੱਤਰ ਵੀ ਦੱਸਦਾ ਹੈ।[265]

ਗਿਆਨੀ ਗਿਆਨ ਸਿੰਘ ਅਨੁਸਾਰ ਸੰਮਤ 1790 ਬਿਕ੍ਰਮੀ ਵਿੱਚ ਬਾਗ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਡੇਰੇ ਦੀ ਸਰਦਾਰੀ ਜੱਸਾ ਸਿੰਘ ਆਹਲੂਵਾਲੀਆ ਨੂੰ ਮਿਲ ਗਈ। ਜਦੋਂ ਸਿੰਘਾਂ ਨੇ ਨਾਦਰ ਸ਼ਾਹ ਦੇ ਲਸ਼ਕਰ ਨੂੰ ਲੁੱਟਿਆ ਤਾਂ ਕਾਫ਼ੀ ਧਨ-ਦੌਲਤ, ਘੋੜੇ, ਸ਼ਸਤਰ, ਬਸਤਰ ਜੱਸਾ ਸਿੰਘ ਆਹਲੂਵਾਲੀਆ ਦੇ ਹੱਥ ਲੱਗੇ। ਇਹ ਧਨ-ਦੌਲਤ ਉਸ ਦੀ ਤਾਕਤ ਵਧਾਉਣ ਵਿੱਚ ਕਾਫ਼ੀ ਸਹਾਈ ਹੋਈ। ਖ਼ਾਲਸੇ ਨੇ ਜਦੋਂ ਰਾਜਪੂਤਾਨਾ ਨੂੰ ਲੁੱਟਿਆ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਭਰਤਪੁਰ ਦੇ ਰਾਜੇ ਜਵਾਹਰ ਮੱਲ ਤੋਂ ਕਾਫ਼ੀ ਧਨ ਹਾਸਿਲ ਕੀਤਾ। ਤੁਰਕਾਂ ਨਾਲ ਹੋਈਆਂ ਲੜਾਈਆਂ ਵਿੱਚ ਵੀ ਜੱਸਾ ਸਿੰਘ ਆਹਲੂਵਾਲੀਆ ਖ਼ਾਲਸੇ ਵੱਲੋਂ ਹਮੇਸ਼ਾ ਮੂਹਰੇ ਹੋ ਕੇ ਲੜਿਆ। ਉਸ ਨੇ ਤੁਰਕਾਂ ਤੋਂ ਕਈ ਵਾਰੀ ਹਿੰਦੂ ਮਰਦ ਔਰਤਾਂ ਨੂੰ ਰਿਹਾਅ ਕਰਵਾਇਆ।[266] ਜੱਸਾ ਸਿੰਘ ਆਹਲੂਵਾਲੀਆ ਵੱਲੋਂ ਭਰਤਪੁਰ ਦੇ ਰਾਜੇ ਜਵਾਹਰ ਮੱਲ ਤੋਂ ਨਜ਼ਰਾਨਾ ਲੈਣ ਦੀ ਪੁਸ਼ਟੀ ਸੋਹਣ ਸਿੰਘ ਸੀਤਲ ਵੀ ਕਰਦਾ ਹੈ।[267] ਰਤਨ ਸਿੰਘ ਭੰਗੂ ਵੀ ਕੁੱਪ ਰੋਹੀੜੇ ਵਿੱਖੇ ਹੋਏ ਵੱਡੇ ਘੱਲੂਘਾਰੇ ਦੌਰਾਨ ਵੱਖ-ਵੱਖ ਮਿਸਲਾਂ ਨਾਲ ਸੰਬੰਧਿਤ ਸਰਦਾਰ, ਜਿਨ੍ਹਾਂ ਵਿੱਚ ਸ਼ਯਾਮ ਸਿੰਘ, ਕਰਮ ਸਿੰਘ, ਅਤੇ ਕਰੋੜਾ ਸਿੰਘ ਕਰੋੜਸਿੰਘੀਆ, ਨਾਹਰ ਸਿੰਘ ਅਤੇ ਬਿੰਡਾ ਸਿੰਘ, ਚੜ੍ਹਤ ਸਿੰਘ ਸ਼ੁੱਕਰਚੱਕੀਆ ਪ੍ਰਮੁੱਖ ਸਨ, ਦੇ ਨਾਲ ਨਾਲ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਦਿਖਾਈ ਗਈ ਬਹਾਦਰੀ ਦੀ ਕਾਫ਼ੀ ਤਾਰੀਫ਼ ਕਰਦਾ ਹੈ।[268] ਕਨ੍ਹੱਈਆ ਲਾਲ ਵੀ ਜੱਸਾ ਸਿੰਘ ਆਹਲੂਵਾਲੀਏ ਦੁਆਰਾ ਤੁਰਕਾਂ ਜਾਂ ਦੁਰਾਨੀਆਂ ਨੂੰ ਵਾਰ-ਵਾਰ ਲੁੱਟਣ ਅਤੇ ਉਨ੍ਹਾਂ ਦੀ ਕੈਦ ਵਿੱਚੋਂ ਹਿੰਦੂ ਇਸਤਰੀਆਂ ਨੂੰ ਛੁਡਵਾ ਕੇ, ਪੱਲਿਓਂ ਖਰਚਾ ਦੇ ਕੇ ਘਰੋ-ਘਰ

---

[264] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1217-1218.

[265] ਕਨ੍ਹੱਈਆ ਲਾਲ, *ਉ. ਰ.,* ਪੰਨਾ 64; ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 65; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 107.

[266] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1218.

[267] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 113.

[268] ਰਤਨ ਸਿੰਘ ਭੰਗੂ, *ਉ. ਰ.,* ਪੰਨੇ 341-349.

ਪਹੁੰਚਾਉਣ ਦੀ ਤਸਦੀਕ ਕਰਦਾ ਹੈ।[269] ਭਗਤ ਸਿੰਘ ਵੀ ਜੱਸਾ ਸਿੰਘ ਆਹਲੂਵਾਲੀਏ ਤੇ ਰਾਜਾ ਜਵਾਹਰ ਮੱਲ ਦੁਆਰਾ ਰੁਹੇਲੇ ਸਰਦਾਰ ਨਜ਼ੀਬ ਖਾਂ ਨੂੰ ਹਰਾਉਣ ਦਾ ਜ਼ਿਕਰ ਕਰਦਾ ਹੈ।[270]

ਗਿਆਨੀ ਗਿਆਨ ਸਿੰਘ ਮੁਤਾਬਿਕ ਪਟਿਆਲਾ ਦੇ ਰਾਜਾ ਅਮਰ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਆ ਕੋਲੋਂ ਅੰਮ੍ਰਿਤ ਛਕਿਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਈਸੜੂ ਦਾ ਪਰਗਨਾ ਦਾਨ ਵਿੱਚ ਦਿੱਤਾ।[271] ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਵੀ ਪਟਿਆਲਾ ਦੇ ਰਾਜਾ ਅਮਰ ਸਿੰਘ ਨੂੰ ਜੱਸਾ ਸਿੰਘ ਆਹਲੂਵਾਲੀਆ ਦੁਆਰਾ ਅੰਮ੍ਰਿਤ ਛਕਾਉਣ ਅਤੇ ਬਦਲੇ ਵਿੱਚ ਦਾਨ ਵਜੋਂ ਈਸੜੂ ਦਾ ਪਰਗਨਾ ਮਹਾਰਾਜਾ ਪਟਿਆਲਾ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਦੇਣ ਦਾ ਜ਼ਿਕਰ ਕਰਦੇ ਹਨ।[272]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਖ਼ਾਲਸੇ ਨੇ ਦੁਬਾਰਾ ਜਾ ਕੇ ਦਿੱਲੀ ਲੁੱਟੀ ਤਾਂ ਜੱਸਾ ਸਿੰਘ ਆਹਲੂਵਾਲੀਏ ਨੂੰ ਤਖ਼ਤ ਉੱਪਰ ਬਿਠਾ ਕੇ ਸ਼ਾਹੀ ਪਦਵੀ ਨਾਲ ਨਿਵਾਜ਼ਿਆ ਗਿਆ।[273] ਅਹਿਮਦ ਸ਼ਾਹ ਬਟਾਲਵੀ ਤੇ ਕਨ੍ਹੱਈਆ ਲਾਲ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਦਿੱਲੀ ਦੇ ਤਖ਼ਤ 'ਤੇ ਬੈਠ ਕੇ ਸ਼ਾਹੀ ਪਦਵੀ ਗ੍ਰਹਿਣ ਕਰਨ ਬਾਰੇ ਕੋਈ ਹਵਾਲਾ ਨਹੀਂ ਦੇ ਰਹੇ। ਭਗਤ ਸਿੰਘ ਵੀ ਗਿਆਨੀ ਗਿਆਨ ਸਿੰਘ ਦੀ ਲਿਖਤ ਤਵਾਰੀਖ਼ ਗੁਰੂ ਖ਼ਾਲਸਾ ਦੇ ਹਵਾਲੇ ਨਾਲ ਦਿੱਲੀ ਦੇ ਤਖ਼ਤ ਉੱਪਰ ਬਿਠਾ ਕੇ ਜੱਸਾ ਸਿੰਘ ਆਹਲੂਵਾਲੀਏ ਨੂੰ ਸਿੱਖਾਂ ਵੱਲੋਂ ਦਿੱਤੀ ਗਈ ਸ਼ਾਹੀ ਪਦਵੀ ਦਾ ਜ਼ਿਕਰ ਕਰਦਾ ਹੈ।[274]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਸਰਹਿੰਦ ਦੇ ਜੈਨ ਖਾਂ ਨੂੰ ਹਰਾ ਕੇ ਜਦੋਂ ਖ਼ਾਲਸੇ ਨੇ ਮੁਲਖ਼ ਮਾਰਿਆ ਤਾਂ ਜੱਸਾ ਸਿੰਘ ਆਹਲੂਵਾਲੀਏ ਨੇ ਸਤਲੁਜ ਦੇ ਆਰ-ਪਾਰ ਦੇ ਇਲਾਕਿਆਂ ਉੱਪਰ ਕਬਜ਼ਾ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ ਦੀ ਮਿਸਲ ਕੋਲ ਸੱਤ ਹਜ਼ਾਰ ਦੇ ਕਰੀਬ ਘੋੜਸਵਾਰ ਅਤੇ ਵੀਹ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲਾ ਇਲਾਕਾ ਸੀ। ਧਰਮਕੋਟ, ਜਗਰਾਓਂ, ਈਸੜੂ, ਬਸੀਆਂ, ਭੂੰਦੜੀ, ਆਲਮਪੁਰ, ਭੜੋਗ, ਫ਼ਤਿਹਗੜ੍ਹ, ਕੋਟ ਈਸੇ ਖਾਨ, ਮਖੂ, ਵੱਲਾਂਵਾਲਾ, ਵਲੀਪੁਰ, ਨਰਾਇਣਗੜ੍ਹ, ਫ਼ਤ੍ਹਿਆਬਾਦ, ਕਪੂਰਥਲਾ, ਤਲਵੰਡੀ, ਜੰਡਿਆਲਾ, ਭੂੰਗਾ, ਬਲਾਚੌਰ, ਹੈਬਤਪੁਰ, ਨੂਰਮਹਿਲ, ਸਠਿਆਲਾ, ਕੈਮਪੁਰ, ਸਰਹਾਲੀ ਆਦਿ ਇਲਾਕੇ ਜੱਸਾ ਸਿੰਘ ਆਹਲੂਵਾਲੀਆ ਦੇ ਕਬਜ਼ੇ ਵਿੱਚ ਸਨ। ਜੱਸਾ ਸਿੰਘ

---

[269] ਕਨ੍ਹੱਈਆ ਲਾਲ, *ਉ. ਹ.,* ਪੰਨਾ 65.

[270] Bhagat Singh, *op. cit.,* p. 64.

[271] ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1219.

[272] Lepel H. Griffin, *op. cit.*, p. 31; ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 113.

[273] ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1219.

[274] Bhagat Singh, *op. cit.,* p. 67.

ਆਹਲੂਵਾਲੀਆ ਨੇ ਕਪੂਰਥਲਾ ਨੂੰ ਆਪਣੀ ਰਾਜਧਾਨੀ ਬਣਾਇਆ।[275] ਸੋਹਣ ਸਿੰਘ ਸੀਤਲ ਵੀ ਗਿਆਨੀ ਗਿਆਨ ਸਿੰਘ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਦੇ ਇਲਾਕਿਆਂ ਅਤੇ ਰਾਜਧਾਨੀ ਸੰਬੰਧੀ ਦਿੱਤੀ ਜਾਣਕਾਰੀ ਦੀ ਪੁਸ਼ਟੀ ਕਰਦਾ ਹੈ।[276] ਗਿਆਨੀ ਗਿਆਨ ਸਿੰਘ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਨਾਂ 'ਤੇ ਆਪਣੇ ਰਾਜ ਦਾ ਸਿੱਕਾ ਵੀ ਚਲਾਇਆ, ਜਿਸ 'ਤੇ ਉਕਰਿਆ ਹੋਇਆ ਸੀ (ਸਿੱਕਾ ਜਦ ਦਰ ਜਹਾਂ ਵਜ਼ਲੈ ਅਕਾਲ, ਮੁਲਖ਼ ਅਹਿਮ ਗਿਰਫ਼ਤ ਜੱਸਾ ਕਲਾਲ।)।[277] ਲੈਪਲ ਗ੍ਰਿਫ਼ਨ ਵੀ ਜੱਸਾ ਸਿੰਘ ਆਹਲੂਵਾਲੀਆ ਦੁਆਰਾ ਆਪਣੇ ਰਾਜ ਦਾ ਸਿੱਕਾ ਚਲਾਉਣ ਦੀ ਗਵਾਹੀ ਦਿੰਦਾ ਹੈ।[278] ਸੋਹਣ ਸਿੰਘ ਸੀਤਲ ਵੀ ਸਿੰਘਾਂ ਦੁਆਰਾ ਲਾਹੌਰ ਜਿੱਤ ਕੇ ਅਤੇ ਉੱਥੇ ਟਕਸਾਲ ਉੱਤੇ ਕਬਜ਼ਾ ਕਰਕੇ ਜੱਸਾ ਸਿੰਘ ਆਹਲੂਵਾਲੀਆ ਦੇ ਨਾਂ 'ਤੇ ਸਿੱਕਾ ਚਲਾਉਣ ਦੀ ਪੁਸ਼ਟੀ ਕਰਦਾ ਹੈ।[279]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖ਼ਾਲਸੇ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਜਿਊਂਦੇ ਰਹਿਣ ਤੱਕ ਪੰਥ ਦੇ ਮੁਖੀ ਵਜੋਂ ਸੱਦਿਆ ਗਿਆ।[280] ਮੈਕਗਰੈਗਰ ਵੀ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਕੌਮ ਦਾ ਸਰਭ-ਸਾਂਝਾ ਆਗੂ ਦੱਸਦਾ ਹੈ ਅਤੇ ਲਿਖਦਾ ਹੈ ਕਿ ਸਿੱਖ ਕੌਮ ਵੱਲੋਂ ਉਸ ਨੂੰ ਸੁਲਤਾਨ-ਉਲ-ਕੌਮ ਭਾਵ ਬਾਦਸ਼ਾਹ ਕਹਿਕੇ ਬੁਲਾਇਆ ਜਾਂਦਾ ਸੀ।[281] ਸੋਹਣ ਸਿੰਘ ਸੀਤਲ ਵੀ ਜੱਸਾ ਸਿੰਘ ਆਹਲੂਵਾਲੀਆ ਨੂੰ ਸਰਬਸੰਮਤੀ ਨਾਲ ਚੁਣਿਆ ਪੰਥ ਦਾ ਜਥੇਦਾਰ ਲਿਖਦਾ ਹੈ।[282]

ਗਿਆਨੀ ਗਿਆਨ ਸਿੰਘ ਅਨੁਸਾਰ ਸੰਮਤ 1840 ਬਿਕ੍ਰਮੀ ਵਿੱਚ ਜੱਸਾ ਸਿੰਘ ਆਹਲੂਵਾਲੀਆ ਬੇ-ਔਲਾਦ ਹੋਣ ਕਾਰਨ ਆਪਣੇ ਭਤੀਜੇ ਭਾਗ ਸਿੰਘ ਨੂੰ ਮਿਸਲ ਦੀ ਸਰਦਾਰੀ ਦੇ ਕੇ ਅਕਾਲ ਚਲਾਣਾ ਕਰ ਗਿਆ। ਗਿਆਨੀ ਗਿਆਨ ਸਿੰਘ ਦੇ ਦੱਸਣ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਹੱਥੀਂ ਸ੍ਰੀ ਅੰਮ੍ਰਿਤਸਰ ਦੀ ਸੇਵਾ ਕਰਵਾਈ।[283] ਕਨ੍ਹੱਈਆ ਲਾਲ ਤੇ ਅਹਿਮਦ ਸ਼ਾਹ ਬਟਾਲਵੀ ਵੀ ਭਾਗ ਸਿੰਘ ਨੂੰ ਹੀ,

---

275 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1219.

276 ਸੋਹਣ ਸਿੰਘ ਸੀਤਲ, *ੳ. ਰ.,* ਪੰਨੇ 111-115.

277 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1219.

278 Lepel H. Griffin, *op. cit.*, p. 461.

279 ਸੋਹਣ ਸਿੰਘ ਸੀਤਲ, *ੳ. ਰ.,* ਪੰਨਾ 111.

280 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1219.

281 W. L. Mcgregor, *The history of the Sikhs-I,* James Madden, 1846, (R. S. Publishing House, Allahabad Reprint 1979), p. 146-147.

282 ਸੋਹਣ ਸਿੰਘ ਸੀਤਲ, *ੳ. ਰ.,* ਪੰਨਾ 109.

283 ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1219

ਜੋ ਕਿ ਜੱਸਾ ਸਿੰਘ ਆਹਲੂਵਾਲੀਏ ਦਾ ਭਤੀਜਾ ਸੀ, ਆਹਲੂਵਾਲੀਆ ਮਿਸਲ ਦਾ ਅਗਲਾ ਮੋਢੀ ਮੰਨਦੇ ਹਨ।[284] ਕਨ੍ਹੱਈਆ ਲਾਲ ਅਨੁਸਾਰ ਭਾਗ ਸਿੰਘ ਵੀ ਜੱਸਾ ਸਿੰਘ ਆਹਲੂਵਾਲੀਆ ਦੀ ਤਰ੍ਹਾਂ ਬਹੁਤ ਯੋਗ, ਬਹਾਦਰ ਅਤੇ ਸਮਝਦਾਰ ਇਨਸਾਨ ਸੀ। ਪਰ ਅਹਿਮਦ ਸ਼ਾਹ ਬਟਾਲਵੀ ਭਾਗ ਸਿੰਘ ਵਿੱਚ ਰਾਜ ਪ੍ਰਬੰਧ ਅਤੇ ਕੂਟਨੀਤੀ ਦੀ ਅਣਹੋਂਦ ਮੰਨਦਾ ਹੈ। ਜਿਸ ਕਾਰਨ ਉਸ ਦੇ ਕਈ ਮਿਸਲਦਾਰ ਸਰਦਾਰਾਂ ਅਤੇ ਤੁੰਮਨਦਾਰਾਂ ਨੇ ਆਪਣੇ ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ।[285] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਜੱਸਾ ਸਿੰਘ ਆਹਲੂਵਾਲੀਏ ਵੱਲੋਂ ਆਪਣੇ ਭਤੀਜੇ ਭਾਗ ਸਿੰਘ ਨੂੰ ਮਿਸਲ ਦੀ ਸਰਦਾਰੀ ਦੇਣ ਦੀ ਗੱਲ ਕਰਦੇ ਹਨ। ਜਿੱਥੇ ਗਿਆਨੀ ਗਿਆਨ ਸਿੰਘ ਉਸ ਨੂੰ ਬੇਔਲਾਦ ਲਿਖ ਰਿਹਾ ਹੈ, ਉੱਥੇ ਭਗਤ ਸਿੰਘ ਜੱਸਾ ਸਿੰਘ ਆਹਲੂਵਾਲੀਏ ਦੀਆਂ ਦੋ ਪੁੱਤਰੀਆਂ ਹੋਣ ਦਾ ਦਾਅਵਾ ਕਰਦਾ ਹੈ, ਜੋ ਕਿ ਮੇਹਰ ਸਿੰਘ ਤੇ ਮੋਹਰ ਸਿੰਘ ਨੂੰ ਵਿਆਹੀਆਂ ਹੋਈਆਂ ਸਨ।[286]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਭਾਗ ਸਿੰਘ ਨੇ ਵੀ ਥੋੜ੍ਹਾ ਸਮਾਂ ਹੀ ਰਾਜ ਕੀਤਾ। ਉਸ ਦੀ ਮੌਤ ਤੋਂ ਬਾਅਦ ਸੰਮਤ 1858 ਬਿਕ੍ਰਮੀ ਵਿੱਚ ਭਾਗ ਸਿੰਘ ਦਾ ਪੁੱਤਰ ਫ਼ਤਿਹ ਸਿੰਘ, ਆਹਲੂਵਾਲੀਆ ਮਿਸਲ ਦਾ ਮੋਢੀ ਬਣਿਆ। ਫ਼ਤਿਹ ਸਿੰਘ ਆਹਲੂਵਾਲੀਆ ਅਤੇ ਮਹਾਰਾਜਾ ਰਣਜੀਤ ਸਿੰਘ ਆਪਸ ਵਿੱਚ ਪੱਗ-ਵੱਟ ਭਰਾ ਸਨ। ਦੋਵਾਂ ਨੇ ਮਿਲਕੇ ਖ਼ਾਲਸਾ ਰਾਜ ਦੀਆਂ ਹੱਦਾਂ ਦਾ ਬਹੁਤ ਵਿਸਥਾਰ ਕੀਤਾ।[287] ਭਾਗ ਸਿੰਘ ਤੋਂ ਬਾਅਦ ਫ਼ਤਿਹ ਸਿੰਘ ਆਹਲੂਵਾਲੀਆ ਦੇ ਮਿਸਲ ਦਾ ਮੋਢੀ ਬਣਨ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਫ਼ਤ੍ਰਿਆਬਾਦ ਵਿਖੇ ਪੱਗ ਵਟਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਦਾ ਲਈ ਇੱਕ-ਦੂਜੇ ਦੇ ਭਰਾ ਬਣਨ ਦੀ ਸਹੁੰ ਖਾਣ ਦੀ ਤਸਦੀਕ ਲੈਪਲ ਗ੍ਰਿਫ਼ਨ ਵੀ ਕਰਦਾ ਹੈ।[288] ਕਨ੍ਹੱਈਆ ਲਾਲ ਵੀ ਰਣਜੀਤ ਸਿੰਘ ਨਾਲ ਫ਼ਤਿਹ ਸਿੰਘ ਆਹਲੂਵਾਲੀਆ ਦੀ ਦੋਸਤੀ ਦੀ ਗੱਲ ਕਰਦਾ ਹੈ।[289] ਸੋਹਣ ਸਿੰਘ ਸੀਤਲ ਵੀ ਤਰਨਤਾਰਨ ਵਿੱਖੇ ਫ਼ਤਿਹ ਸਿੰਘ ਆਹਲੂਵਾਲੀਆ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੱਗ ਵਟਾਉਣ ਦਾ ਜ਼ਿਕਰ ਕਰਦਾ ਹੈ।[290] ਅਹਿਮਦ ਸ਼ਾਹ ਬਟਾਲਵੀ ਫ਼ਤਿਹ ਸਿੰਘ ਆਹਲੂਵਾਲੀਆ ਦੀ ਰਣਜੀਤ ਸਿੰਘ ਨਾਲ

---

[284] ਕਨ੍ਹੱਈਆ ਲਾਲ, *ੳ. ਰ.,* ਪੰਨਾ 95; ਅਹਿਮਦ ਸ਼ਾਹ ਬਟਾਲਵੀ, *ੳ. ਰ.,* ਪੰਨਾ 66.

[285] ਅਹਿਮਦ ਸ਼ਾਹ ਬਟਾਲਵੀ, *ੳ. ਰ.,* ਪੰਨਾ 66.

[286] ਸੋਹਣ ਸਿੰਘ ਸੀਤਲ, *ੳ. ਰ.,* ਪੰਨਾ 117; Bhagat Singh, *op. cit.,* p. 70.

[287] ਗਿਆਨੀ ਗਿਆਨ ਸਿੰਘ, *ੳ. ਰ.,* ਪੰਨਾ 1220

[288] Lepel H. Griffin, *op. cit.*, p. 474.

[289] ਕਨ੍ਹੱਈਆ ਲਾਲ, *ੳ. ਰ.,* ਪੰਨਾ 95.

[290] ਸੋਹਣ ਸਿੰਘ ਸੀਤਲ, *ੳ. ਰ.,* ਪੰਨਾ 118.

ਦੋਸਤੀ ਦੀ ਗੱਲ ਤਾਂ ਕਰਦਾ ਹੈ, ਪਰ ਉਹ ਨਾਲ ਹੀ ਫ਼ਤਿਹ ਸਿੰਘ ਆਹਲੂਵਾਲੀਆ ਵੱਲੋਂ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰਨ ਦੀ ਜਾਣਕਾਰੀ ਵੀ ਦਿੰਦਾ ਹੈ।[291] ਕਨ੍ਹੱਈਆ ਲਾਲ ਫ਼ਤਿਹ ਸਿੰਘ ਆਹਲੂਵਾਲੀਆ ਦੇ ਅੰਤਲੇ ਸਮੇਂ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਸ ਦੇ ਇਲਾਕੇ 'ਤੇ ਕਬਜ਼ੇ ਦੀ ਕੋਸ਼ਿਸ਼ ਅਤੇ ਫ਼ਤਿਹ ਸਿੰਘ ਆਹਲੂਵਾਲੀਏ ਵੱਲੋਂ ਸਤਲੁਜ ਪਾਰ ਕਰਕੇ ਅੰਗਰੇਜ਼ਾਂ ਦੀ ਛਤਰ-ਛਾਇਆ 'ਚ ਚਲੇ ਜਾਣ ਦੀ ਗੱਲ ਕਰਦਾ ਹੈ।[292] ਪਰ ਅਹਿਮਦ ਸ਼ਾਹ ਬਟਾਲਵੀ ਤੇ ਸੋਹਣ ਸਿੰਘ ਸੀਤਲ ਫ਼ਤਿਹ ਸਿੰਘ ਆਹਲੂਵਾਲੀਆ ਦੇ ਵਜ਼ੀਰ ਕਾਦਰ ਬਖ਼ਸ਼ ਦੁਆਰਾ ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਵਿੱਚ ਇੱਕ ਦੂਜੇ ਪ੍ਰਤੀ ਫ਼ੈਲਾਈ ਗਈ ਨਫ਼ਰਤ ਨੂੰ ਇਸ ਦਾ ਕਾਰਨ ਮੰਨਦੇ ਹਨ।[293]

ਗਿਆਨੀ ਗਿਆਨ ਸਿੰਘ ਦੀ ਲਿਖਤ ਮੁਤਾਬਿਕ ਸੰਮਤ 1894 ਬਿਕ੍ਰਮੀ ਵਿੱਚ ਫ਼ਤਿਹ ਸਿੰਘ ਆਹਲੂਵਾਲੀਆ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਨਿਹਾਲ ਸਿੰਘ ਆਹਲੂਵਾਲੀਆ ਮਿਸਲ ਦੀ ਗੱਦੀ 'ਤੇ ਬੈਠਾ।[294] ਕਨ੍ਹੱਈਆ ਲਾਲ, ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਵੀ ਨਿਹਾਲ ਸਿੰਘ ਨੂੰ ਫ਼ਤਿਹ ਸਿੰਘ ਆਹਲੂਵਾਲੀਆ ਤੋਂ ਬਾਅਦ ਆਹਲੂਵਾਲੀਆ ਮਿਸਲ ਦਾ ਅਗਲਾ ਸਰਦਾਰ ਲਿਖਦੇ ਹਨ।[295] ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਨਿਹਾਲ ਸਿੰਘ ਦੇ ਸਮੇਂ ਅੰਗਰੇਜ਼ਾਂ ਅਤੇ ਸਿੱਖਾਂ ਦਾ ਭਾਰੀ ਯੁੱਧ ਹੋਇਆ ਤਾਂ ਨਿਹਾਲ ਸਿੰਘ ਨੇ ਅੰਗਰੇਜ਼ਾਂ ਦਾ ਪੱਖ ਲਿਆ। ਪਰ ਨਿਹਾਲ ਸਿੰਘ ਦੀ ਆਪਣੀ ਸੈਨਾ ਨਾਲ ਵਿਗੜਣ ਕਰਕੇ ਨਿਹਾਲ ਸਿੰਘ ਦੀ ਸੈਨਾ ਨੇ ਉਸ ਨੂੰ ਮਹਿਲਾਂ ਵਿੱਚ ਨਜ਼ਰਬੰਦ ਕਰ ਦਿੱਤਾ ਅਤੇ ਜੋ ਰਸਦ ਪਾਣੀ ਅੰਗਰੇਜ਼ਾਂ ਲਈ ਭੇਜਣਾ ਸੀ, ਉਹ ਵੀ ਨਾ ਜਾਣ ਦਿੱਤਾ। ਇਸ ਦੇ ਉਲਟ 20-25 ਗੋਰਿਆਂ ਨੂੰ ਗ੍ਰਿਫ਼ਤਾਰ ਕਰਕੇ ਕਪੂਰਥਲੇ ਲਿਆਂਦਾ ਗਿਆ। ਐਂਗਲੋ-ਸਿੱਖ ਯੁੱਧ ਦੌਰਾਨ ਬੱਦੋਵਾਲ ਦੀ ਲੜਾਈ ਜਿੱਤਣ ਪਿੱਛੋਂ ਅੰਗਰੇਜ਼ਾਂ ਨੇ ਰਾਜਾ ਨਿਹਾਲ ਸਿੰਘ ਨੂੰ ਮਦਦ ਨਾ ਕਰਨ ਲਈ ਉਲਾਂਭਾ ਦਿੱਤਾ ਅਤੇ ਦਰਿਆ ਸਤਲੁਜ ਤੋਂ ਲੈ ਕੇ ਪੂਰਵ ਤੱਕ ਦਾ, ਉਸ ਦੀ ਮਿਸਲ ਦਾ ਸਾਰਾ ਇਲਾਕਾ ਜ਼ਬਤ ਕਰ ਲਿਆ। ਹੁਣ ਮਹਾਰਾਜਾ ਨਿਹਾਲ ਸਿੰਘ ਕੋਲ ਸਿਰਫ਼ ਬਿਸਤ ਦੁਆਬ ਦਾ ਪੰਜ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲਾ ਇਲਾਕਾ ਰਹਿ ਗਿਆ।[296]

---

[291] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 66.

[292] ਕਨ੍ਹੱਈਆ ਲਾਲ, *ਉ. ਰ.,* ਪੰਨਾ 95-96.

[293] ਅਹਿਮਦ ਸ਼ਾਹ ਬਟਾਲਵੀ, *ਉ. ਰ.,* ਪੰਨਾ 67; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 119.

[294] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1220.

[295] ਕਨ੍ਹੱਈਆ ਲਾਲ, *ਉ. ਰ.,* ਪੰਨਾ 96; Lepel H. Griffin, *op. cit.*, p. 492-93; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 120.

[296] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1220-1221

ਕਨ੍ਹੱਈਆ ਲਾਲ ਤੇ ਸੋਹਣ ਸਿੰਘ ਸੀਤਲ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਇਸ ਜਾਣਕਾਰੀ ਨਾਲ ਸਹਿਮਤੀ ਪ੍ਰਗਟ ਕਰਦੇ ਹਨ।[297]

ਗਿਆਨੀ ਗਿਆਨ ਸਿੰਘ ਦੇ ਲਿਖਣ ਅਨੁਸਾਰ ਦੂਜੇ ਐਂਗਲੋ-ਸਿੱਖ ਯੁੱਧ ਸਮੇਂ ਮੁਲਤਾਨ ਤੇ ਗੁਜਰਾਤ ਦੀਆਂ ਲੜਾਈਆਂ ਦੌਰਾਨ ਰਾਜਾ ਨਿਹਾਲ ਸਿੰਘ ਨੇ ਅੰਗਰੇਜ਼ਾਂ ਦੀ ਹਰ ਤਰ੍ਹਾਂ ਨਾਲ ਵਾਜ਼ਬ ਮਦਦ ਕੀਤੀ। ਇਸ ਦੇ ਬਦਲੇ ਲਾਰਡ ਜਾਨ ਲਾਰੈਂਸ ਨੇ ਕਪੂਰਥਲੇ ਜਾ ਕੇ ਰਾਜਾ ਨਿਹਾਲ ਸਿੰਘ ਨੂੰ ਰਾਜਾ ਦਾ ਖ਼ਿਤਾਬ ਅਤੇ ਕਈ ਪਿੰਡ ਤੋਹਫ਼ੇ ਵਜੋਂ ਦਿੱਤੇ।[298] ਸੋਹਣ ਸਿੰਘ ਸੀਤਲ ਵੀ ਇਸ ਜਾਣਕਾਰੀ ਬਾਬਤ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਾ ਹੈ।[299] ਗਿਆਨੀ ਗਿਆਨ ਸਿੰਘ ਮੁਤਾਬਿਕ ਸੰਮਤ 1909 ਬਿਕ੍ਰਮੀ ਵਿੱਚ ਨਿਹਾਲ ਸਿੰਘ ਦਾ ਪੁੱਤਰ ਰਣਧੀਰ ਸਿੰਘ ਉਸ ਦੀ ਗੱਦੀ ਦਾ ਵਾਰਿਸ ਬਣਿਆ। ਨਿਹਾਲ ਸਿੰਘ ਦੇ ਛੋਟੇ ਪੁੱਤਰ ਕੰਵਰ ਵਿਕਰਮ ਸਿੰਘ ਅਤੇ ਸੁਚੇਤ ਸਿੰਘ, ਨਿਹਾਲ ਸਿੰਘ ਦੀ ਵਸੀਅਤ ਮੁਤਾਬਿਕ ਰਿਆਸਤ ਵੰਡਣਾ ਚਾਹੁੰਦੇ ਸਨ। ਇਨ੍ਹਾਂ ਦਾ ਆਪਸੀ ਝਗੜਾ ਵਲੈਤ ਤੱਕ ਪਹੁੰਚ ਗਿਆ। ਫ਼ੈਸਲੇ ਅਨੁਸਾਰ ਕੰਵਰ ਵਿਕਰਮ ਸਿੰਘ ਅਤੇ ਸੁਚੇਤ ਸਿੰਘ ਨੂੰ ਪੰਜ-ਪੰਜ ਸੌ ਰੁਪਏ ਮਹੀਨਾ ਪੈਨਸ਼ਨ ਲਾਈ ਗਈ, ਜੋ ਕਿ ਅੱਗੇ ਉਨ੍ਹਾਂ ਦੇ ਪੁੱਤਰਾਂ ਨੂੰ ਅੱਧੀ ਅਤੇ ਪੋਤਰਿਆਂ, ਨੂੰ ਚੌਥਾ ਹਿੱਸਾ ਮਿਲਣੀ ਸੀ। ਇਸ ਫ਼ੈਸਲੇ ਤੋਂ ਬਾਅਦ ਦੋਵੇਂ ਭਰਾ ਜਲੰਧਰ ਜਾ ਕੇ ਰਹਿਣ ਲੱਗ ਪਏ।[300] ਰਤਨ ਸਿੰਘ ਭੰਗੂ, ਅਹਿਮਦ ਸ਼ਾਹ ਬਟਾਲਵੀ ਜਾਂ ਕਨ੍ਹੱਈਆ ਲਾਲ ਨਿਹਾਲ ਸਿੰਘ ਦੀ ਮੌਤ ਜਾਂ ਉਸ ਦੇ ਪੁੱਤਰਾਂ ਵਿੱਚ ਰਿਆਸਤ ਦੀ ਵੰਡ ਨੂੰ ਲੈ ਕੇ ਚੱਲੇ ਮੁਕੱਦਮੇ ਬਾਬਤ ਕੋਈ ਜਾਣਕਾਰੀ ਨਹੀਂ ਦੇ ਰਹੇ।

ਗਿਆਨੀ ਗਿਆਨ ਸਿੰਘ ਅੱਗੇ ਲਿਖਦਾ ਹੈ ਕਿ ਸੰਮਤ 1914 ਬਿਕ੍ਰਮੀ ਵਿੱਚ ਪੂਰਬੀਆਂ ਦਾ ਗਦਰ ਦਬਾਉਣ ਲਈ ਰਾਜਾ ਰਣਧੀਰ ਸਿੰਘ ਅੰਗਰੇਜ਼ਾਂ ਵੱਲੋਂ ਆਪਣੀ ਸੈਨਾ ਸਮੇਤ ਅਵਧ ਵਿੱਚ ਜਾ ਕੇ ਲੜਿਆ। ਅੰਗਰੇਜ਼ਾਂ ਨੇ ਰਾਜਾ ਰਣਧੀਰ ਸਿੰਘ ਦੀ ਮਦਦ ਤੋਂ ਖੁਸ਼ ਹੋ ਕੇ ਉਸ ਨੂੰ ਬੂੰਦੀ ਤੇ ਬਟੌਲੀ ਦਾ ਇਲਾਕਾ, ਦੋ ਲੱਖ ਰੁਪਈਆ ਨਕਦ ਇਨਾਮ ਅਤੇ ਫ਼ੌਜ ਦਾ ਭਾਰੀ ਖਰਚਾ ਦੇ ਕੇ ਨਿਵਾਜ਼ਿਆ ਤੇ ਨਾਲ ਹੀ ਰਣਧੀਰ ਸਿੰਘ ਨੂੰ 'ਰਾਜਾ ਰਾਜਗਣ' ਦੀ ਪਦਵੀ ਅਤੇ 'ਸਿਤਾਰਾ-ਏ-ਹਿੰਦ' ਦਾ ਉੱਚਾ ਖ਼ਿਤਾਬ ਵੀ ਦਿੱਤਾ।[301] ਕਨ੍ਹੱਈਆ ਲਾਲ ਵੀ ਰਣਧੀਰ ਸਿੰਘ ਨੂੰ ਇਕ ਯੋਗ ਸ਼ਾਸਕ ਅਤੇ ਅੰਗਰੇਜ਼ਾਂ ਦਾ ਵਫ਼ਾਦਾਰ ਲਿਖਦਾ ਹੈ। ਉਹ ਵੀ 1857 ਈ. ਦੇ

[297] ਕਨ੍ਹੱਈਆ ਲਾਲ, *ਉ. ਰ.*, ਪੰਨੇ 96-97; ਸੋਹਣ ਸਿੰਘ ਸੀਤਲ, *ਉ. ਰ.*, ਪੰਨਾ 122.

[298] ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 1221.

[299] ਸੋਹਣ ਸਿੰਘ ਸੀਤਲ, *ਉ. ਰ.*, ਪੰਨਾ 122.

[300] ਗਿਆਨੀ ਗਿਆਨ ਸਿੰਘ, *ਉ. ਰ.*, ਪੰਨਾ 1221.

[301] ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1221.

ਵਿਦਰੋਹ ਵਿੱਚ ਰਣਧੀਰ ਸਿੰਘ ਦੁਆਰਾ ਅੰਗਰੇਜ਼ਾਂ ਦੀ ਦਿਲ ਖੋਲ੍ਹਕੇ ਮਦਦ ਕਰਨ ਦੀ ਗੱਲ ਕਰਦਾ ਹੈ। ਜਿਸ ਦੇ ਬਦਲੇ ਰਾਜਾ ਰਣਧੀਰ ਸਿੰਘ ਨੂੰ 'ਮਹਾਰਾਜਾ' ਦਾ ਖ਼ਿਤਾਬ ਅੰਗਰੇਜ਼ਾਂ ਵੱਲੋਂ ਬਖ਼ਸ਼ਿਆ ਗਿਆ। ਲਖਨਊ ਇਲਾਕੇ ਦੀ ਉਸ ਨੂੰ ਇੱਕ ਲੱਖ ਦੀ ਸਾਲਾਨਾ ਆਮਦਨ ਵਾਲੇ ਇਲਾਕੇ ਦੀ ਜਿਮੀਂਦਾਰੀ ਵੀ ਦਿੱਤੀ ਗਈ ਤੇ ਉਸ ਦੀ ਰਿਆਸਤ ਵੱਲ ਇੱਕ ਲੱਖ ਬੱਤੀ ਹਜ਼ਾਰ ਰੁਪਏ ਦੀ ਖੜ੍ਹੀ ਰਕਮ ਵੀ ਮੁਆਫ਼ ਕਰ ਦਿੱਤੀ ਗਈ। ਨਿਹਾਲ ਸਿੰਘ ਦੀ ਪੱਚੀ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਵੀ ਰਣਧੀਰ ਸਿੰਘ ਨੇ ਨਾਂ ਕਰ ਦਿੱਤੀ ਗਈ।[302] ਸੋਹਣ ਸਿੰਘ ਸੀਤਲ ਦੀ ਲਿਖਤ ਵੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਉਪਰੋਕਤ ਜਾਣਕਾਰੀ ਦੀ ਪੈਰਵੀ ਕਰਦੀ ਹੈ।[303]

ਗਿਆਨੀ ਗਿਆਨ ਸਿੰਘ ਦੇ ਦੱਸਣ ਮੁਤਾਬਿਕ ਰਣਧੀਰ ਸਿੰਘ ਨੇ ਅੰਗਰੇਜ਼ਾਂ ਤੋਂ ਕੰਵਰ ਸੁਚੇਤ ਸਿੰਘ ਅਤੇ ਕੰਵਰ ਬਿਕਰਮ ਸਿੰਘ ਨੂੰ ਵੀ ਕਈ ਪਰਗਨੇ ਤੋਹਫ਼ੇ ਵਜੋਂ ਦਿਵਾਏ। ਸੰਮਤ 1928 ਬਿਕ੍ਰਮੀ ਵਿੱਚ ਰਾਜਾ ਰਣਧੀਰ ਸਿੰਘ ਵਲੈਤ ਦੀ ਸੈਰ 'ਤੇ ਗਿਆ ਅਤੇ ਅਦਨ ਮੁਲਖ਼ ਵਿੱਚ ਅਕਾਲ ਚਲਾਣਾ ਕਰ ਗਿਆ।[304] ਸੋਹਣ ਸਿੰਘ ਸੀਤਲ ਵੀ ਰਾਜਾ ਰਣਧੀਰ ਸਿੰਘ ਦੇ ਵਲੈਤ ਵਿੱਚ ਅਕਾਲ ਚਲਾਣਾ ਕਰਨ ਬਾਰੇ ਲਿਖਦਾ ਹੈ।[305] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਉਸ ਦੀ ਮ੍ਰਿਤਕ ਦੇਹ ਨੂੰ ਨਾਸਿਕ ਵਿੱਚ ਲਿਆ ਕੇ ਸਸਕਾਰ ਕੀਤਾ ਗਿਆ। ਉਸ ਦੀ ਸਮਾਧ ਰਾਣੀ ਜਿੰਦ ਕੌਰ ਦੀ ਸਮਾਧ ਦੇ ਨਾਲ ਬਣਾਈ ਗਈ।[306] ਲੈਪਲ ਗ੍ਰਿਫ਼ਨ ਵੀ ਰਣਧੀਰ ਸਿੰਘ ਦੀ ਅਦਨ ਵਿੱਚ ਮੌਤ ਅਤੇ ਉਸ ਦੇ ਪੁੱਤਰ ਖੜਕ ਸਿੰਘ ਵੱਲੋਂ ਨਾਸਿਕ ਵਿੱਚ ਉਸ ਦਾ ਸਸਕਾਰ ਕਰਨ ਬਾਰੇ ਲਿਖਦਾ ਹੈ।[307]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਣਧੀਰ ਸਿੰਘ ਦੀ ਮੌਤ ਪਿੱਛੋਂ, ਉਸ ਦੇ ਪੁੱਤਰ ਖੜਕ ਸਿੰਘ ਨੇ ਰਾਜ-ਭਾਗ ਸੰਭਾਲਿਆ। ਖੜਕ ਸਿੰਘ ਵੀ ਸੰਮਤ 1934 ਬਿਕ੍ਰਮੀ ਵਿੱਚ ਸਵਰਗ ਸਿਧਾਰ ਗਿਆ। ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਹੁਣ ਉਸ ਦਾ ਪੁੱਤਰ ਜਗਤ ਜਗਜੀਤ ਸਿੰਘ ਰਾਜ ਕਰ ਰਿਹਾ ਸੀ। ਪਰ ਉਹ ਬਹੁਤਾ ਚਿਰ ਬਾਹਰਲੇ ਮੁਲਕਾਂ ਦੀ ਸੈਰ 'ਤੇ ਹੀ ਫ਼ਿਰਦਾ ਰਹਿੰਦਾ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਵਿਦੇਸ਼ਾਂ ਦੀ ਸੈਰ ਤੋਂ ਬਿਨਾਂ ਰਾਜਾ ਜਗਤ ਜਗਜੀਤ ਸਿੰਘ ਨੂੰ ਨੱਚਣ-ਗਾਉਣ ਅਤੇ

302 ਕਨ੍ਹੱਈਆ ਲਾਲ, *ਉ. ਰ.,* ਪੰਨਾ 97

303 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 123.

304 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1222.

305 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 123.

306 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1222

307 Lepel H. Griffin, *op. cit.*, p. 537-538.

ਕ੍ਰਿਕਟ ਖੇਡਣ ਦਾ ਵੀ ਕਾਫ਼ੀ ਸ਼ੌਂਕ ਸੀ। ਉਸ ਸਮੇਂ ਤੱਕ ਕਪੂਰਥਲਾ ਰਿਆਸਤ ਦੀ ਸਾਲਾਨਾ ਆਮਦਨ 15 ਲੱਖ ਦੇ ਕਰੀਬ ਸੀ।[308] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਖੜਕ ਸਿੰਘ ਦੀ ਮੌਤ ਤੋਂ ਬਾਅਦ ਜਗਤ ਜਗਜੀਤ ਸਿੰਘ ਨੂੰ ਕਪੂਰਥਲਾ ਰਿਆਸਤ ਤੇ ਆਹਲੂਵਾਲੀਆ ਮਿਸਲ ਦਾ ਅਗਲਾ ਵਾਰਿਸ ਦੱਸਦੇ ਹਨ ਅਤੇ ਭਗਤ ਸਿੰਘ ਰਾਜਾ ਜਗਤ ਜਗਜੀਤ ਸਿੰਘ ਦੇ ਨੱਚਣ-ਗਾਉਣ, ਕ੍ਰਿਕਟ ਖੇਡਣ ਅਤੇ ਦੇਸ਼ਾ-ਵਿਦੇਸ਼ਾਂ ਦੀ ਸੈਰ ਕਰਨ ਦੇ ਸ਼ੌਕਾਂ ਦੀ ਜਾਣਕਾਰੀ ਸੰਬੰਧੀ ਗਿਆਨੀ ਗਿਆਨੀ ਸਿੰਘ ਨਾਲ ਸਹਿਮਤ ਹੈ।[309]

## ਫੂਲਕੀਆਂ ਮਿਸਲ

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਫੂਲਕੀਆਂ ਵੰਸ਼ ਛੇਵੇਂ ਪਾਤਸ਼ਾਹ ਹਰਗੋਬਿੰਦ ਸਾਹਿਬ ਦੀ ਬਖ਼ਸ਼ਿਸ਼ ਨਾਲ ਅੱਗੇ ਵਧਿਆ।[310] ਸੰਮਤ 1787 ਬਿਕ੍ਰਮੀ ਵਿੱਚ ਫੂਲਕੀਆਂ ਨੇ ਬਾਲਿਆਂਵਾਲੀ, ਧਨੌਲਾ, ਭਦੌੜ, ਸ਼ਹਿਣਾ, ਹੰਡਿਆਇਆ ਅਤੇ ਬਰਨਾਲਾ ਨਾਂ ਦੇ ਵੱਡੇ-ਵੱਡੇ ਨਗਰ ਵਸਾ ਲਏ। ਜਦੋਂ ਖ਼ਾਲਸਾ ਦਲ ਬਰਾੜਾਂ ਦੇ ਇਲਾਕੇ ਵਿੱਚ ਇੱਧਰ ਆਇਆ ਤਾਂ ਖ਼ਾਲਸੇ ਨੇ ਇੱਧਰ ਦਾ ਇਲਾਕਾ ਜਿੱਤ ਕੇ ਫੂਲਕੀਆਂ ਦੇ ਹਵਾਲੇ ਕਰ ਦਿੱਤਾ।[311] ਗਿਆਨੀ ਗਿਆਨ ਸਿੰਘ ਮੁਤਾਬਿਕ ਫੂਲਕੀਆਂ ਮਿਸਲ ਦੀ ਸਥਾਪਨਾ ਕਰਨ ਵਾਲੇ ਮਾਲਵੇ ਦੇ ਮਸ਼ਹੂਰ ਪਿੰਡ ਮਹਿਰਾਜ ਦੇ ਸਿੱਧੂ ਜਿਮੀਂਦਾਰ ਸਨ। ਇਹ ਚੌਧਰੀ ਫੂਲ ਦੀ ਔਲਾਦ ਵਿੱਚੋਂ ਸਨ। ਚੌਧਰੀ ਫੂਲ ਦੇ ਪੁੱਤਰ ਤ੍ਰਲੋਕ ਸਿੰਘ ਦੇ ਪੁੱਤਰ ਰਾਮ ਸਿੰਘ ਦੇ ਪੰਜ ਪੁੱਤਰ; ਦੁੱਨਾ ਸਿੰਘ, ਆਲਾ ਸਿੰਘ, ਬਖਤ ਸਿੰਘ, ਸੱਭਾ ਸਿੰਘ ਤੇ ਲੱਧਾ ਸਿੰਘ ਸਨ। ਲੱਧਾ ਸਿੰਘ ਛੋਟੀ ਉਮਰ ਵਿੱਚ ਹੀ ਅਕਾਲ ਚਲਣਾ ਕਰ ਗਿਆ ਸੀ। ਸੱਭਾ ਸਿੰਘ ਦੇ ਕੋਈ ਔਲਾਦ ਨਹੀਂ ਸੀ। ਪਰ ਉਸ ਨੇ ਹੰਡਿਆਇਆ ਨਗਰ ਆਪਣੇ ਹੱਥੀਂ ਵਸਾਇਆ। ਬਖਤ ਸਿੰਘ ਦੀ ਔਲਾਦ ਨੇ ਮਲੌਦ ਨਗਰ ਵਸਾਇਆ। ਦੁੱਨਾ ਸਿੰਘ ਦੀ ਔਲਾਦ ਕੋਟ ਦੁੱਨੇ ਰਹਿ ਰਹੀ ਹੈ। ਜਦੋਂ ਮੁਲਖ਼ ਵਿੱਚ ਮੁਗਲ ਬਾਦਸ਼ਾਹਤ ਕਮਜ਼ੋਰ ਹੋ ਚੁੱਕੀ ਸੀ ਤੇ ਰਾਜਗੱਦੀ ਨੂੰ ਲੈ ਕੇ ਝਗੜੇ ਚੱਲ ਰਹੇ ਸਨ ਤਾਂ ਮੌਕੇ ਦਾ ਫ਼ਾਇਦਾ ਉਠਾ ਕੇ ਆਲਾ ਸਿੰਘ ਨੇ ਰਾਏਕੋਟ ਦਾ ਇਲਾਕੇ ਅਤੇ ਭੱਟੀ ਰਾਜਪੂਤਾਂ ਨੂੰ ਹਰਾ ਕੇ ਉਨ੍ਹਾਂ ਦੇ ਕਾਫ਼ੀ ਇਲਾਕਿਆਂ ਉੱਪਰ ਕਬਜ਼ਾ ਕਰ ਲਿਆ। ਸੰਮਤ 1779 ਬਿਕ੍ਰਮੀ ਵਿੱਚ ਉਸ ਨੇ ਬਰਨਾਲੇ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਝੱਲ, ਹਲਵਾਰਾ, ਰਾਣੀਆਂ, ਬੁਢਲਾਡਾ, ਬੋਹਾ, ਕਾਕੜਾ, ਸਮਾਣਾ, ਤਲਵੰਡੀ ਆਦਿ ਇਲਾਕੇ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਏ। ਲੋੜ ਪੈਣ 'ਤੇ ਕਈ ਮੌਕਿਆਂ ਉੱਤੇ ਆਲਾ ਸਿੰਘ

---

[308] ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 1222.

[309] Bhagat Singh, *op. cit.,* p. 87-88.

[310] ਰਤਨ ਸਿੰਘ ਭੰਗੂ, *ਉ. ਕ.,* ਪੰਨੇ 429-430.

[311] ਰਤਨ ਸਿੰਘ ਭੰਗੂ, *ਉਹੀ,* ਪੰਨਾ 432.

ਖ਼ਾਲਸੇ ਦੀ ਮਦਦ ਵੀ ਲੈਂਦਾ ਰਿਹਾ।[312] ਰਤਨ ਸਿੰਘ ਭੰਗੂ ਅਨੁਸਾਰ ਖ਼ਾਲਸੇ ਨੇ ਮਲੇਰਕੋਟਲੇ ਦੇ ਰਾਏਕੋਟੀਏ ਪਠਾਣਾਂ ਨੂੰ ਹਰਾਉਣ ਵਿੱਚ ਵੀ ਆਲਾ ਸਿੰਘ ਦੀ ਬੜੀ ਮਦਦ ਕੀਤੀ। ਸੰਘੇੜੇ ਦੀ ਹੋਈ ਇਸ ਲੜਾਈ ਵਿੱਚ ਆਲਾ ਸਿੰਘ ਦੇ ਹੱਥ ਪਠਾਣਾਂ ਦੀਆਂ ਭਾਰੀ ਅਤੇ ਹਲਕੀਆਂ ਤੋਪਾਂ ਵੀ ਲੱਗੀਆਂ।[313] ਸੋਹਣ ਸਿੰਘ ਸੀਤਲ ਵੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਵੱਲੋਂ ਫੂਲਕੀਆਂ ਮਿਸਲ ਸੰਬੰਧੀ ਦਿੱਤੀ ਉਪਰੋਕਤ ਜਾਣਕਾਰੀ ਦੀ ਪ੍ਰੋੜਤਾ ਕਰਦਾ ਹੈ।[314] ਭਗਤ ਸਿੰਘ ਵੀ ਆਲਾ ਸਿੰਘ ਵੱਲੋਂ ਹੰਡਾਇਆ, ਬਰਨਾਲਾ, ਲੌਂਗੋਵਾਲ, ਕਾਕੜਾ, ਸਮਾਣਾ, ਸੁਨਾਮ, ਰਾਏਕੋਟ, ਜਗਰਾਉਂ, ਭਵਾਨੀਗੜ੍ਹ, ਉੱਤਰੀ ਹਿਸਾਰ ਆਦਿ ਇਲਾਕਿਆਂ ਨੂੰ ਜਿੱਤ ਕੇ ਆਪਣੇ ਰਾਜ ਵਿੱਚ ਸ਼ਾਮਿਲ ਕਰਨ ਦੀ ਗੱਲ ਲਿਖਦਾ ਹੈ।[315]

ਰਤਨ ਸਿੰਘ ਭੰਗੂ ਬੁੱਢੇ ਦਲ ਵੱਲੋਂ ਹਾਂਸੀ, ਹਿਸਾਰ, ਜੀਂਦ, ਕਰਨਾਲ ਅਤੇ ਜਮਨਾ ਦੇ ਨਾਲ ਲੱਗਦੇ ਪਹਾੜਾਂ ਤੱਕ ਦਾ ਸਾਰਾ ਇਲਾਕਾ ਕਬਜ਼ੇ 'ਚ ਲੈਣ ਦੀ ਗੱਲ ਵੀ ਕਰਦਾ ਹੈ। ਉਹ ਲਿਖਦਾ ਹੈ ਕਿ ਇਸ ਬੁੱਢੇ ਦਲ ਵਿੱਚ ਪੰਜ ਮਝੈਲਾਂ ਦੀਆਂ ਮਿਸਲਾਂ ਸਨ ਅਤੇ ਛੇਵੇਂ (ਫੂਲਕੀਏ) ਮਲਵਈ ਸਨ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪਟਿਆਲਾ, ਨਾਭਾ, ਜੀਂਦ, ਕੈਂਥਲ, ਬਾਲੋਵਾਲ, ਭਦੌੜ, ਸੈਹਣਾ, ਮਹਿਰਾਜ, ਸਾਬੋ ਕੀ ਤਲਵੰਡੀ ਦਾ ਇਲਾਕਾ ਅਤੇ ਬੰਨਾਂ ਵਾਲਾ ਦਾ ਇਲਾਕਾ ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ।[316] ਗਿਆਨੀ ਗਿਆਨ ਸਿੰਘ ਦੀ ਲਿਖਤ ਮੁਤਾਬਿਕ ਸੰਮਤ 1796 ਬਿਕ੍ਰਮੀ ਵਿੱਚ ਆਲਾ ਸਿੰਘ ਨੇ ਉੱਭਾਵਾਲ ਅਤੇ ਲੌਂਗੋਵਾਲ ਨਾਂ ਦੇ ਪਿੰਡ ਵੀ ਵਸਾਏ। ਸੰਮਤ 1809 ਬਿਕ੍ਰਮੀ ਵਿੱਚ ਉਸ ਨੇ ਸੁਲਹੀ ਖਾਂ ਤੋਂ ਸਨੌਰ ਦਾ ਇਲਾਕਾ ਵੀ ਖੋਹ ਲਿਆ ਅਤੇ ਸ਼ਹਿਰ ਪਟਿਆਲੇ ਨੂੰ ਆਪਣੀ ਰਾਜਧਾਨੀ ਬਣਾਇਆ। ਇਸੇ ਸਮੇਂ ਦੌਰਾਨ ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਸਾਂਝ ਵਧਾਈ।[317] ਉਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਤਿੰਨ ਲੱਖ ਸਾਲਾਨਾ ਕਰ ਦੇਣਾ ਮਨਜ਼ੂਰ ਕੀਤਾ ਅਤੇ ਇਸ ਦੇ ਬਦਲੇ ਉਸ ਨੇ ਅਬਦਾਲੀ ਤੋਂ 'ਰਾਜੇ' ਦਾ ਖ਼ਿਤਾਬ ਲਿਆ। ਹੌਲੀ-ਹੌਲੀ ਆਲਾ ਸਿੰਘ ਦੇ ਆਪਣੇ ਪੁੱਤਰ ਲਾਲ ਸਿੰਘ, ਸਰਦੂਲ ਸਿੰਘ, ਹਰਸਰਦੂਲ ਸਿੰਘ ਫੂਲਕੀਆਂ ਰਿਆਸਤ ਦਾ ਵਿਸਥਾਰ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਅਮਰ ਸਿੰਘ, ਜੋ ਕਿ ਸ਼ਰਦੂਲ ਸਿੰਘ ਦਾ ਸਪੁੱਤਰ ਸੀ, ਨੂੰ ਆਲਾ ਸਿੰਘ ਨੇ ਆਪਣੀ ਗੱਦੀ ਦਾ ਵਾਰਿਸ ਬਣਾਇਆ। ਅਮਰ ਸਿੰਘ ਨੇ ਵੀ

---

312 ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1222-23.

313 ਰਤਨ ਸਿੰਘ ਭੰਗੂ, *ਉ. ਰ.,* ਪੰਨੇ 433-435.

314 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 130.

315 Bhagat Singh, *op. cit.,* p. 297-301.

316 ਰਤਨ ਸਿੰਘ ਭੰਗੂ, *ਉ. ਰ.,* ਪੰਨੇ 383-384.

317 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1223.

ਅਬਦਾਲੀ ਨਾਲ ਦੋਸਤਾਨਾ ਸੰਬੰਧ ਰੱਖੇ ਅਤੇ ਅਬਦਾਲੀ ਪਾਸੋਂ 'ਮਹਾਰਾਜਾ' ਦਾ ਖ਼ਿਤਾਬ ਹਾਸਿਲ ਕੀਤਾ।[318] ਰਤਨ ਸਿੰਘ ਭੰਗੂ ਸਾਖੀ 'ਔਰ ਪ੍ਰਸੰਗ ਅਹਿਮਦ ਸ਼ਾਹ ਕੋ' ਵਿੱਚ ਲਿਖਦਾ ਹੈ ਕਿ ਅਹਿਮਦ ਸ਼ਾਹ ਅਬਦਾਲੀ ਨੇ ਪਟਿਆਲੇ ਦੇ ਰਾਜੇ ਅਮਰ ਸਿੰਘ ਨੂੰ ਰਾਜਾ ਦੀ ਉਪਾਧੀ ਦਿੱਤੀ ਅਤੇ ਅਮਰ ਸਿੰਘ ਨੇ ਇਸ ਬਦਲੇ ਅਬਦਾਲੀ ਨੂੰ ਖ਼ਾਲਸੇ ਵਿੱਚ ਫੁੱਟ ਪਾਉਣ ਦਾ ਭਰੋਸਾ ਦਿੱਤਾ।[319] ਕਨ੍ਹੱਈਆ ਲਾਲ ਫੂਲਕੀਆਂ ਦੇ ਪਿਛੋਕੜ ਬਾਰੇ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੁੰਦਾ ਹੋਇਆ, ਆਲਾ ਸਿੰਘ ਦੇ ਸ਼ਕਤੀਸ਼ਾਲੀ ਹੋ ਕੇ ਉੱਭਰਨ ਦੀ ਗੱਲ ਕਰਦਾ ਹੈ। ਉਹ ਅਹਿਮਦ ਸ਼ਾਹ ਅਬਦਾਲੀ ਤੋਂ ਰਾਜਾ ਦਾ ਖ਼ਿਤਾਬ ਲੈਣ ਦੀ ਵੀ ਅਤੇ ਪਟਿਆਲਾ ਸ਼ਹਿਰ ਆਬਾਦ ਕਰਨ ਦੀ ਵੀ ਗੱਲ ਕਰਦਾ ਹੈ, ਪਰ ਗਿਆਨੀ ਗਿਆਨ ਸਿੰਘ ਨੇ ਉਲਟ ਉਹ ਆਲਾ ਸਿੰਘ ਤੋਂ ਬਾਅਦ ਰਾਜਾ ਅਮਰ ਸਿੰਘ ਦੀ ਥਾਂ ਤੇ ਸਰਦੂਲ ਸਿੰਘ ਨੂੰ ਪਟਿਆਲਾ ਦਾ ਅਗਲਾ ਰਾਜਾ ਲਿਖਦਾ ਹੈ।[320] ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਵੀ ਪਟਿਆਲਾ ਦੇ ਰਾਜਾ ਅਮਰ ਸਿੰਘ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਦੋਸਤਾਨਾ ਸੰਬੰਧ ਅਤੇ ਅਬਦਾਲੀ ਕੋਲੋਂ ਰਾਜਾ-ਏ-ਰਾਜਗਣ ਬਹਾਦਰ (ਮਹਾਰਾਜਾ) ਦਾ ਖ਼ਿਤਾਬ ਹਾਸਿਲ ਕਰਨ ਦੀ ਪੁਸ਼ਟੀ ਕਰਦੇ ਹਨ।[321]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਮੁਗਲ ਜਾਂ ਮਰਹੱਟੇ, ਜੋ ਵੀ ਰਾਜਾ ਅਮਰ ਸਿੰਘ ਨਾਲ ਲੜਨ ਲਈ ਆਏ। ਉਸ ਨੇ ਸਾਰਿਆਂ ਦੇ ਦੰਦ ਖੱਟੇ ਕੀਤੇ।[322] ਕਨ੍ਹੱਈਆ ਲਾਲ ਤੇ ਸੋਹਣ ਸਿੰਘ ਸੀਤਲ ਵੀ ਅਮਰ ਸਿੰਘ ਵੱਲੋਂ ਬਠਿੰਡਾ ਦਾ ਕਿਲ੍ਹਾ ਫ਼ਤਿਹ ਕਰਕੇ ਆਪਣੇ ਰਾਜ ਵਿੱਚ ਸ਼ਾਮਿਲ ਕਰਨ ਦੀ ਗੱਲ ਲਿਖਦੇ ਹਨ। [323]

ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਸੰਮਤ 1838 ਬਿਕ੍ਰਮੀ ਵਿੱਚ ਅਮਰ ਸਿੰਘ ਦਾ ਅਕਾਲ ਚਲਾਣਾ ਕਰ ਗਿਆ। ਉਸ ਦੀ ਮੌਤ ਦੇ ਪਿੱਛੋਂ ਉਸ ਦਾ ਪੁੱਤਰ ਸਾਹਿਬ ਸਿੰਘ ਗੱਦੀ ਦਾ ਵਾਰਿਸ ਬਣਿਆ।[324] ਕਨ੍ਹੱਈਆ ਲਾਲ ਵੀ ਅਮਰ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਸਾਹਿਬ ਸਿੰਘ ਦੇ ਰਾਜਾ ਬਣਨ ਦੀ

---

318 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1224.

319 ਰਤਨ ਸਿੰਘ ਭੰਗੂ, *ਉ. ਰ.,* ਪੰਨਾ 399.

320 ਕਨ੍ਹੱਈਆ ਲਾਲ, *ਉ. ਰ.,* ਪੰਨਾ 102-103.

321 Lepel H. Griffin, *op. cit.*, p. 31; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 136.

322 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1225.

323 ਕਨ੍ਹੱਈਆ ਲਾਲ, *ਉ. ਰ.,* ਪੰਨਾ 103; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 137.

324 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1225.

ਪੁਸ਼ਟੀ ਕਰਦਾ ਹੈ।[325] ਸਾਹਿਬ ਸਿੰਘ ਦੇ ਸਮੇਂ ਪਟਿਆਲਾ ਰਿਆਸਤ ਦੇ ਸਰਸਾ, ਰਾਣੀਆਂ, ਕਸੋਹਣ, ਗੁਹਾਣਾ, ਹਾਂਸੀ ਆਦਿ ਇਲਾਕੇ ਜਾਰਜ ਨੇ ਦੱਬ ਲਏ ਅਤੇ ਕਈ ਹੋਰ ਪਿੰਡਾਂ 'ਤੇ ਮਝੈਲ ਸਰਦਾਰਾਂ ਨੇ ਆ ਕੇ ਕਬਜ਼ਾ ਕਰ ਲਿਆ। ਪਰ ਰਾਜਾ ਸਾਹਿਬ ਸਿੰਘ ਦੀ ਭੈਣ ਬੀਬੀ ਸਾਹਿਬ ਕੌਰ ਨੇ ਹੌਲੀ-ਹੌਲੀ ਸਾਰੇ ਦੁਸ਼ਮਣਾਂ ਉੱਪਰ ਕਾਬੂ ਪਾ ਲਿਆ। ਫ਼ੇਰ ਸਾਹਿਬ ਕੌਰ ਨੇ ਮਰਾਠਿਆਂ ਨੂੰ ਵੀ ਬੁਰੀ ਤਰ੍ਹਾਂ ਹਰਾਇਆ।[326] ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਵੀ ਰਾਜਾ ਸਾਹਿਬ ਸਿੰਘ ਦੇ ਨਿਆਣਾ ਹੋਣ ਕਾਰਨ ਉਸ ਦੀ ਭੈਣ ਬੀਬੀ ਸਾਹਿਬ ਕੌਰ ਵੱਲੋਂ ਮਰਾਠਿਆਂ ਨੂੰ ਬੁਰੀ ਤਰ੍ਹਾਂ ਹਰਾਉਣ ਦੀ ਗੱਲ ਕਰਦੇ ਹਨ।[327] ਪਰ ਲੈਪਲ ਗ੍ਰਿਫ਼ਨ, ਭਗਤ ਸਿੰਘ ਜਾਂ ਕਨ੍ਹੱਈਆ ਲਾਲ ਪਟਿਆਲਾ ਰਿਆਸਤ ਦੇ ਇਲਾਕਿਆਂ ਨੂੰ ਜਾਰਜ ਵੱਲੋਂ ਦੱਬਣ ਦਾ ਕੋਈ ਜ਼ਿਕਰ ਨਹੀਂ ਕਰਦੇ।

ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਪਟਿਆਲਾ ਰਿਆਸਤ ਤੋਂ ਨਜ਼ਰਾਨਾ ਵਸੂਲ ਕੀਤਾ ਤਾਂ ਉਸ ਤੋਂ ਬਾਅਦ ਪਟਿਆਲਾ ਰਿਆਸਤ ਨੇ ਅੰਗਰੇਜ਼ਾਂ ਦੀ ਸ਼ਰਨ ਲੈ ਲਈ। ਅੰਗਰੇਜ਼ਾਂ ਨੇ ਸਤਲੁਜ ਉੱਪਰ ਛਾਉਣੀ ਬਣਾ ਕੇ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਮਝੌਤਾ ਕਰਕੇ, ਮਹਾਰਾਜਾ ਰਣਜੀਤ ਸਿੰਘ ਦੇ ਸਤਲੁਜ ਪਾਰ ਦੇ ਇਲਾਕਿਆਂ ਉੱਪਰ ਰਾਜ ਕਰਨ ਦਾ ਸੁਪਨਾ ਸਦਾ ਲਈ ਤੋੜ ਦਿੱਤਾ। ਉਦੋਂ ਤੋਂ ਲੈ ਕੇ ਹੁਣ ਤੱਕ ਪਟਿਆਲਾ ਰਿਆਸਤ ਅੰਗਰੇਜ਼ਾਂ ਦੀ ਛਤਰ ਛਾਇਆ ਹੇਠ ਸ਼ਾਂਤੀ ਪੂਰਵਕ ਵਿਚਰ ਰਹੀ ਹੈ।[328] ਭਗਤ ਸਿੰਘ ਵੀ 1809 ਈ. ਦੀ ਅੰਮ੍ਰਿਤਸਰ ਦੀ ਸੰਧੀ ਤੋਂ ਬਾਅਦ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਅੰਗਰੇਜ਼ਾਂ ਦੀ ਸ਼ਰਨ ਵਿੱਚ ਚਲੇ ਜਾਣ ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਵਿੱਚ ਪਟਿਆਲਾ ਵੀ ਸ਼ਾਮਿਲ ਸੀ।[329] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸੰਮਤ 1891 ਬਿਕ੍ਰਮੀ ਵਿੱਚ ਕਰਮ ਸਿੰਘ ਨੇ ਪਟਿਆਲਾ ਦਾ ਰਾਜ-ਭਾਗ ਸੰਭਾਲਿਆ ਤੇ ਉਸ ਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ। ਪਹਿਲੇ ਐਂਗਲੋ ਸਿੱਖ ਯੁੱਧ ਦੌਰਾਨ ਰਾਜਾ ਕਰਮ ਸਿੰਘ ਨੇ ਅੰਗਰੇਜ਼ਾਂ ਦੀ ਭਾਰੀ ਮਦਦ ਕੀਤੀ।[330] ਕਰਮ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਨਰਿੰਦਰ ਸਿੰਘ ਪਟਿਆਲਾ ਰਿਆਸਤ ਦਾ ਰਾਜਾ ਬਣਿਆ। ਇਸ ਨੇ ਨਾਭਾ ਰਿਆਸਤ ਦੇ ਤਕਰੀਬਨ ਚੌਥੇ ਹਿੱਸੇ 'ਤੇ ਕਬਜ਼ਾ ਕਰਕੇ ਉਸ ਤੋਂ 36 ਹਜ਼ਾਰ ਨਜਰਾਨਾ ਵਸੂਲ

---

[325] ਕਨ੍ਹੱਈਆ ਲਾਲ, *ਉ. ਰ.,* ਪੰਨਾ 103.

[326] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1225-1226.

[327] Lepel Griffin, *op. cit.*, p. 71-72; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 144.

[328] ਗਿਆਨੀ ਗਿਆਨ ਸਿੰਘ, *ਉ. ਰ.,* ਪੰਨੇ 1226-1227.

[329] Bhagat Singh, *op. cit.*, p. 319.

[330] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1228.

ਕੀਤਾ। ਸੰਮਤ 1914 ਬਿਕ੍ਰਮੀ ਵਿਚ (1857 ਈ. ਦੇ ਵਿਦਰੋਹ) ਰਾਜਾ ਨਰਿੰਦਰ ਸਿੰਘ ਨੇ ਅੰਗਰੇਜ਼ਾਂ ਦੀ ਭਾਰੀ ਮਦਦ ਕੀਤੀ। ਜਿਸ ਦੇ ਬਦਲੇ ਅੰਗਰੇਜ਼ਾਂ ਨੇ ਉਸ ਨੂੰ ਨਾਰਨੌਲ, ਕਨੌੜ, ਬੁੱਧਵਾਨਾ ਆਦਿ ਤਿੰਨ ਲੱਖ ਸਾਲਾਨਾ ਆਮਦਨ ਵਾਲੇ ਇਲਾਕੇ ਤੋਹਫ਼ੇ ਵਜੋਂ ਦਿੱਤੇ। ਮਹਾਰਾਜਾ ਪਟਿਆਲਾ ਨੂੰ ਕਲਕੱਤਾ ਦੀ ਕੌਂਸਿਲ ਵਿੱਚ ਵੀ ਸ਼ਾਮਿਲ ਕਰ ਲਿਆ ਗਿਆ।[331] ਕਨ੍ਹੱਈਆ ਲਾਲ, ਭਗਤ ਸਿੰਘ ਅਤੇ ਸੋਹਣ ਸਿੰਘ ਸੀਤਲ ਵੀ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਹੁੰਦੇ ਹੋਏ ਰਾਜਾ ਸਾਹਿਬ ਸਿੰਘ ਦੀ ਮੌਤ ਤੋਂ ਬਾਅਦ ਕਰਮ ਸਿੰਘ ਅਤੇ ਕਰਮ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਨਰਿੰਦਰ ਸਿੰਘ ਨੂੰ ਪਟਿਆਲਾ ਦਾ ਰਾਜਾ ਦੱਸਦੇ ਹਨ।[332] ਗਿਆਨੀ ਗਿਆਨ ਸਿੰਘ ਰਾਜਾ ਕਰਮ ਸਿੰਘ ਵੱਲੋਂ 1857 ਈ. ਦੇ ਵਿਦਰੋਹ ਵਿੱਚ ਅੰਗਰੇਜ਼ਾਂ ਦੀ ਮਦਦ ਦੀ ਗੱਲ ਲਿਖਦਾ ਹੈ, ਪਰ ਭਗਤ ਸਿੰਘ ਇਸ ਦੇ ਨਾਲ-ਨਾਲ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਰਾਜਾ ਨਰਿੰਦਰ ਸਿੰਘ ਵੱਲੋਂ ਲਾਹੌਰ ਦਰਬਾਰ ਖਿਲਾਫ਼ ਅੰਗਰੇਜ਼ਾਂ ਦੀ ਮਦਦ ਕਰਨ ਦੀ ਵੀ ਗੱਲ ਕਰਦਾ ਹੈ।[333]

ਗਿਆਨੀ ਗਿਆਨ ਸਿੰਘ ਮੁਤਾਬਿਕ ਸੰਮਤ 1919 ਬਿਕ੍ਰਮੀ ਦੇ ਵਿੱਚ ਰਾਜਾ ਨਰਿੰਦਰ ਸਿੰਘ ਦੇ ਸਵਰਗਵਾਸ ਹੋਣ ਪਿੱਛੋਂ ਮਹਿੰਦਰ ਸਿੰਘ ਨੇ ਪਟਿਆਲਾ ਦੀ ਰਾਜਗੱਦੀ ਸੰਭਾਲੀ। ਸੰਮਤ 1934 ਬਿਕ੍ਰਮੀ ਵਿੱਚ ਰਾਜਾ ਮਹਿੰਦਰ ਸਿੰਘ ਵੀ ਅਕਾਲ ਚਲਾਣਾ ਕਰ ਗਿਆ।[334] ਕਨ੍ਹੱਈਆ ਲਾਲ, ਭਗਤ ਸਿੰਘ ਅਤੇ ਸੋਹਣ ਸਿੰਘ ਸੀਤਲ ਰਾਜਾ ਨਰਿੰਦਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਉਸ ਦੇ ਪੁੱਤਰ ਮਹਿੰਦਰ ਸਿੰਘ ਨੂੰ ਪਟਿਆਲਾ ਦਾ ਰਾਜਾ ਲਿਖਦੇ ਹਨ।[335] ਗਿਆਨੀ ਗਿਆਨ ਸਿੰਘ ਮੁਤਾਬਿਕ ਰਾਜਾ ਨਰਿੰਦਰ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਰਜਿੰਦਰ ਸਿੰਘ ਪਟਿਆਲਾ ਦਾ ਰਾਜਾ ਬਣਿਆ। ਉਸ ਦੇ ਸਮੇਂ ਪਟਿਆਲਾ ਦੀ ਆਬਾਦੀ 16 ਲੱਖ ਸੀ ਤੇ ਸਾਲਾਨਾ ਆਮਦਨ 65 ਲੱਖ ਰੁਪਏ ਦੇ ਕਰੀਬ ਸੀ।[336] ਸੋਹਣ ਸਿੰਘ ਸੀਤਲ ਵੀ ਮਹਿੰਦਰ ਸਿੰਘ ਤੋਂ ਬਾਅਦ ਰਜਿੰਦਰ ਸਿੰਘ ਨੂੰ ਹੀ ਪਟਿਆਲਾ ਦਾ ਰਾਜਾ ਲਿਖਦਾ ਹੈ।[337]

ਗਿਆਨੀ ਗਿਆਨ ਸਿੰਘ ਅਨੁਸਾਰ ਨਾਭਾ ਰਿਆਸਤ ਵੀ ਪਟਿਆਲਾ ਰਿਆਸਤ ਦੀ ਤਰ੍ਹਾਂ ਚੌਧਰੀ ਫੂਲ ਦੀ ਔਲਾਦ ਨੇ ਹੀ ਵਸਾਈ। ਚੌਧਰੀ ਫੂਲ ਦੇ ਵੱਡੇ ਪੁੱਤਰ ਤ੍ਰਲੋਕ ਸਿੰਘ ਦੀ ਔਲਾਦ ਨਾਭਾ ਰਿਆਸਤ ਦੀ

---

331 ਗਿਆਨੀ ਗਿਆਨ ਸਿੰਘ, *ਉਹੀ,* ਪੰਨਾ 1229.

332 ਕਨ੍ਹੱਈਆ ਲਾਲ, *ਉ. ਹ.,* ਪੰਨਾ 103; Bhagat Singh, *op. cit.,* p. 320-22; ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 136.

333 Bhagat Singh, *op. cit.,* p. 322.

334 ਗਿਆਨੀ ਗਿਆਨ ਸਿੰਘ, *ਉ. ਹ.,* ਪੰਨਾ 1229.

335 ਕਨ੍ਹੱਈਆ ਲਾਲ, *ਉ. ਹ.,* ਪੰਨੇ 103-104; Bhagat Singh, *op. cit.,* p. 323; ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 152.

336 ਗਿਆਨੀ ਗਿਆਨ ਸਿੰਘ, *ਉ. ਹ.,* ਪੰਨੇ 1229-1230.

337 ਸੋਹਣ ਸਿੰਘ ਸੀਤਲ, *ਉ. ਹ.,* ਪੰਨਾ 152.

ਮਾਲਕ ਬਣੀ। ਤ੍ਰਲੋਕ ਸਿੰਘ ਦੇ ਦੋ ਪੁੱਤਰ ਸੁਖਚੈਨ ਸਿੰਘ ਅਤੇ ਗੁਰਦਿੱਤ ਸਿੰਘ ਸਨ। ਅੱਗੋਂ ਗੁਰਦਿੱਤ ਸਿੰਘ ਦਾ ਪੁੱਤਰ ਸੂਰਤੀਆ ਸਿੰਘ ਹੋਇਆ। ਜਿਸ ਨੇ ਸੰਗਰੂਰ ਅਤੇ ਧਨੌਲਾ ਨਗਰ ਵਸਾਏ ਅਤੇ ਆਪਣੀ ਰਾਜਧਾਨੀ ਸੰਗਰੂਰ ਨੂੰ ਬਣਾਇਆ। ਸੂਰਤੀਆ ਸਿੰਘ ਦੇ ਪੁੱਤਰ ਹਮੀਰ ਸਿੰਘ ਤੇ ਕਪੂਰ ਸਿੰਘ ਹੋਏ। ਹਮੀਰ ਸਿੰਘ ਨੇ ਨਾਭਾ ਸ਼ਹਿਰ ਵਸਾਇਆ ਤੇ ਇਸ ਨੂੰ ਆਪਣੀ ਰਾਜਧਾਨੀ ਵੀ ਬਣਾਇਆ। ਕਨ੍ਹੱਈਆ ਲਾਲ ਹਮੀਰ ਸਿੰਘ ਤੱਕ ਨਾਭਾ ਰਿਆਸਤ ਦੇ ਪਿਛੋਕੜ ਬਾਰੇ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟਾ ਰਿਹਾ ਹੈ।[338] ਪਰ ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਗੁਰਦਿੱਤ ਸਿੰਘ ਤੋਂ ਬਾਅਦ ਉਸ ਦੇ ਪੁੱਤਰ ਸੂਰਤੀਆ ਸਿੰਘ ਦੀ ਮੌਤ ਹੋ ਜਾਣ ਕਾਰਨ ਹਮੀਰ ਸਿੰਘ ਨੂੰ ਗੱਦੀ 'ਤੇ ਬੈਠਾ ਦੱਸਦੇ ਹਨ।[339] ਭਗਤ ਸਿੰਘ ਵੀ ਹਮੀਰ ਸਿੰਘ ਦੁਆਰਾ ਨਾਭਾ ਨਗਰ ਵਸਾਉਣ ਤੇ ਉਸ ਨੂੰ ਆਪਣੀ ਰਾਜਧਾਨੀ ਬਣਾਉਣ ਦੀ ਗੱਲ ਲਿਖਦਾ ਹੈ।[340]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਹਮੀਰ ਸਿੰਘ ਦੀ ਮੌਤ ਤੋਂ ਬਾਅਦ ਉਸਦ ਪੁੱਤਰ ਜਸਵੰਤ ਸਿੰਘ ਗੱਦੀ 'ਤੇ ਬੈਠਿਆ। ਜਸਵੰਤ ਸਿੰਘ ਨੇ ਪਟਿਆਲੇ ਨਾਲ ਚੱਲ ਰਹੇ ਝਗੜੇ ਵਿੱਚ ਆਪਣੀ ਮਦਦ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਬੁਲਾਇਆ।[341] ਹਮੀਰ ਸਿੰਘ ਦੀ ਮੌਤ ਤੋਂ ਬਾਅਦ ਜਸਵੰਤ ਸਿੰਘ ਦੇ ਰਾਜਾ ਬਣਨ ਦੀ ਗੱਲ ਕਨ੍ਹੱਈਆ ਲਾਲ, ਭਗਤ ਸਿੰਘ ਤੇ ਸੋਹਣ ਸਿੰਘ ਸੀਤਲ ਵੀ ਕਰਦੇ ਹਨ।[342] ਕਨ੍ਹੱਈਆ ਲਾਲ ਪਟਿਆਲਾ ਰਿਆਸਤ ਨਾਲ ਝਗੜੇ ਕਾਰਨ ਜਸਵੰਤ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਬੁਲਾਏ ਜਾਣ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਨਾਲ ਵੀ ਸਹਿਮਤ ਹੈ।[343]

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਰਾਜਾ ਜਸਵੰਤ ਸਿੰਘ ਦੇ ਅੱਗੋਂ ਦੋ ਪੁੱਤਰ ਰਣਜੀਤ ਸਿੰਘ ਅਤੇ ਦਵਿੰਦਰ ਸਿੰਘ ਹੋਏ। ਰਣਜੀਤ ਸਿੰਘ ਦੀ ਆਪਣੇ ਪਿਤਾ ਜਸਵੰਤ ਸਿੰਘ ਨਾਲ ਕਿਸੇ ਗੱਲ ਕਰਕੇ ਵਿਗੜ ਗਈ। ਜਿਸ ਕਰਕੇ ਰਾਜਗੱਦੀ ਉਸ ਦੇ ਛੋਟੇ ਭਰਾ ਦਵਿੰਦਰ ਸਿੰਘ ਨੂੰ ਮਿਲ ਗਈ। ਰਣਜੀਤ ਸਿੰਘ ਅਤੇ ਉਸ ਦਾ ਪੁੱਤਰ ਰਾਜਗੱਦੀ ਦੇ ਇਸ ਝਗੜੇ ਵਿੱਚ ਮਾਰੇ ਗਏ। ਗਿਆਨੀ ਗਿਆਨ ਸਿੰਘ ਅਨੁਸਾਰ ਰਾਜਾ ਦਵਿੰਦਰ ਸਿੰਘ ਕਮਅਕਲ ਇਨਸਾਨ ਸੀ। ਉਹ ਆਪਣੇ ਆਪ ਨੂੰ ਕ੍ਰਿਸ਼ਨ ਦਾ ਅਵਤਾਰ ਸਮਝਦਾ ਸੀ। ਉਸ ਨੇ ਆਪਣਾ ਧਰਮ-ਮਜ਼੍ਹਬ ਛੱਡਕੇ ਅਸ਼ਵਮੇਧ ਯੱਗ ਵੀ ਕਰਵਾਇਆ।[344] ਕਨ੍ਹੱਈਆ ਲਾਲ, ਲੈਪਲ ਗ੍ਰਿਫ਼ਨ ਤੇ

---

338 ਕਨ੍ਹੱਈਆ ਲਾਲ, *ਉ. ਰ.,* ਪੰਨਾ 105.

339 Lepel H. Griffin, *op. cit.*, p. 381; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 157.

340 Bhagat Singh, *op. cit.*, p. 327.

341 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1230.

342 ਕਨ੍ਹੱਈਆ ਲਾਲ, *ਉ. ਰ.,* ਪੰਨਾ 105; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 159; Bhagat Singh, *op. cit.*, p. 328.

343 ਕਨ੍ਹੱਈਆ ਲਾਲ, *ਉਹੀ,* ਪੰਨਾ 105.

344 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1231.

ਸੋਹਣ ਸਿੰਘ ਸੀਤਲ ਵੀ ਜਸਵੰਤ ਸਿੰਘ ਤੋਂ ਬਾਅਦ ਰਾਜਾ ਬਣੇ ਦਵਿੰਦਰ ਸਿੰਘ ਵੱਲੋਂ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਅੰਗਰੇਜ਼ਾਂ ਦੀ ਮਦਦ ਨਾ ਕਰਨ ਅਤੇ ਲਾਹੌਰ ਦਰਬਾਰ ਪ੍ਰਤੀ ਹਮਦਰਦੀ ਕਾਰਨ ਉਸ ਨੂੰ ਗੱਦੀਓਂ ਲਾਹ ਕੇ ਲਾਹੌਰ ਵਿੱਚ ਨਜ਼ਰਬੰਦ ਕਰਨ ਦੀ ਗਵਾਹੀ ਦਿੰਦੇ ਹਨ।[345] ਪਰ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਰਾਜਾ ਦਵਿੰਦਰ ਸਿੰਘ ਵੱਲੋਂ ਲਾਹੌਰ ਦਰਬਾਰ ਪ੍ਰਤੀ ਹਮਦਰਦੀ ਰੱਖਣ ਅਤੇ ਅੰਗਰੇਜ਼ਾਂ ਵੱਲੋਂ ਉਸ ਨੂੰ ਗੱਦੀਓਂ ਲਾਹ ਦੇਣ ਸੰਬੰਧੀ ਕੋਈ ਵੇਰਵਾ ਨਹੀਂ ਦੇ ਰਿਹਾ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਦਵਿੰਦਰ ਸਿੰਘ ਦੇ ਦੋ ਪੁੱਤਰ ਸਨ, ਭਗਵਾਨ ਸਿੰਘ ਤੇ ਭਰਪੂਰ ਸਿੰਘ। ਦਵਿੰਦਰ ਸਿੰਘ ਪਿੱਛੋਂ ਭਰਪੂਰ ਸਿੰਘ ਰਾਜ ਗੱਦੀ 'ਤੇ ਬੈਠਿਆ। ਉਸ ਦੇ ਸਮੇਂ ਨਾਭਾ ਰਿਆਸਤ ਨੇ ਵਿਕਾਸ ਦੀਆਂ ਬੁਲੰਦੀਆਂ ਨੂੰ ਛੋਹਿਆ ਅਤੇ ਰਾਜ ਦੀ ਸਾਲਾਨਾ ਆਮਦਨ 12 ਲੱਖ ਰੁਪਏ ਹੋ ਗਈ। ਸੰਮਤ 1914 ਬਿਕ੍ਰਮੀ ਦੇ ਗਦਰ ਸਮੇਂ ਭਰਪੂਰ ਸਿੰਘ ਨੇ ਦਿੱਲੀ ਵਿੱਚ ਅੰਗਰੇਜ਼ਾਂ ਦੀ ਕਾਫ਼ੀ ਮਦਦ ਕੀਤੀ। ਜਿਸ ਦੇ ਬਦਲੇ ਅੰਗਰੇਜ਼ਾਂ ਨੇ ਉਸ ਨੂੰ ਬਾਵਲਕਾਂਟੀ ਦਾ ਡੇਢ ਲੱਖ ਸਾਲਾਨਾ ਆਮਦਨ ਵਾਲਾ ਇਲਾਕਾ ਤੋਹਫ਼ੇ ਵਜੋਂ ਦਿੱਤਾ।[346] ਲੈਪਲ ਗ੍ਰਿਫ਼ਨ, ਕਨ੍ਹੱਈਆ ਲਾਲ ਤੇ ਸੋਹਣ ਸਿੰਘ ਸੀਤਲ ਵੀ ਗਿਆਨੀ ਗਿਆਨ ਸਿੰਘ ਦੀ ਤਰ੍ਹਾਂ ਭਰਪੂਰ ਸਿੰਘ ਨੂੰ ਨਾਭਾ ਰਿਆਸਤ ਦਾ ਅਗਲਾ ਰਾਜਾ ਲਿਖ ਰਹੇ ਹਨ ਅਤੇ 1857 ਈ. ਦੇ ਵਿਦਰੋਹ ਵਿੱਚ ਰਾਜਾ ਭਰਪੂਰ ਸਿੰਘ ਦੀ ਮਦਦ ਤੋਂ ਖੁਸ਼ ਹੋ ਕੇ ਅੰਗਰੇਜ਼ਾਂ ਵੱਲੋਂ ਇੱਕ ਲੱਖ ਛੇ ਹਜ਼ਾਰ ਸਾਲਾਨਾ ਦੀ ਆਮਦਨ ਵਾਲੇ ਬਾਵਲਕਾਂਟੀ ਦੇ ਇਲਾਕੇ ਭਰਪੂਰ ਸਿੰਘ ਨੂੰ ਤੋਹਫ਼ੇ ਵਜੋਂ ਦੇਣ ਦਾ ਜ਼ਿਕਰ ਕਰਦੇ ਹਨ।[347] ਪਰ ਲੈਪਲ ਗ੍ਰਿਫ਼ਨ ਬਾਵਲਕਾਂਟੀ ਦੀ ਥਾਂ 'ਤੇ ਝੱਜਰ ਦਾ ਇਲਾਕਾ ਲਿਖ ਰਿਹਾ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਭਰਪੂਰ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਭਰਾ ਭਗਵਾਨ ਸਿੰਘ ਗੱਦੀ 'ਤੇ ਬੈਠਾ। ਭਗਵਾਨ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਸੀ।[348] ਰਾਜਾ ਭਰਪੂਰ ਸਿੰਘ ਤੋਂ ਬਾਅਦ ਉਸ ਦੇ ਭਰਾ ਭਗਵਾਨ ਸਿੰਘ ਦੁਆਰਾ ਨਾਭਾ ਦੀ ਰਾਜਗੱਦੀ ਸੰਭਾਲਣ ਦੀ ਪੁਸ਼ਟੀ ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਕਰਦੇ ਹਨ ਅਤੇ ਉਸ ਦੇ ਬੇਔਲਾਦ ਮਰ ਜਾਣ ਕਾਰਨ ਗੁਰਦਿੱਤ ਸਿੰਘ ਦੀ ਪੀੜ੍ਹੀ ਦਾ ਅੰਤ ਹੋਇਆ ਲਿਖਦੇ ਹਨ।[349] ਪਰ ਕਨ੍ਹੱਈਆ ਲਾਲ ਭਗਵਾਨ ਸਿੰਘ ਬਾਰੇ ਕੋਈ ਜ਼ਿਕਰ ਨਹੀਂ ਕਰ ਰਿਹਾ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਅੰਗਰੇਜ਼ਾਂ ਨੇ ਫੂਲਕੀਆਂ ਵੰਸ਼ ਨੂੰ ਵਾਰਿਸ ਗੋਦ ਲੈਣ ਦਾ

---

[345] ਕਨ੍ਹੱਈਆ ਲਾਲ, *ਉ. ਕ.,* ਪੰਨਾ 105; Lepel H. Griffin, *op. cit.*, p. 419; ਸੋਹਣ ਸਿੰਘ ਸੀਤਲ, *ਉ. ਕ.,* ਪੰਨਾ 160.

[346] ਗਿਆਨੀ ਗਿਆਨ ਸਿੰਘ, *ਉ. ਕ.,* ਪੰਨੇ 1231-1232.

[347] Lepel H. Griffin, *op. cit.*, p. 433; ਕਨ੍ਹੱਈਆ ਲਾਲ, *ਉ. ਕ.,* ਪੰਨਾ 106; ਸੋਹਣ ਸਿੰਘ ਸੀਤਲ, *ਉ. ਕ.,* ਪੰਨਾ 161.

[348] ਗਿਆਨੀ ਗਿਆਨ ਸਿੰਘ, *ਉ. ਕ.,* ਪੰਨਾ 1232.

[349] ਸੋਹਣ ਸਿੰਘ ਸੀਤਲ, *ਉ. ਕ.,* ਪੰਨਾ 162; Bhagat Singh, *op. cit.*, p. 331.

ਅਧਿਕਾਰ ਦਿੱਤਾ ਹੋਇਆ ਸੀ। ਜਿਸ ਕਰਕੇ ਬੁੱਡਰੁੱਖਾਂ ਪਿੰਡ ਦਾ ਹੀਰਾ ਸਿੰਘ ਸੰਮਤ 1928 ਬਿਕ੍ਰਮੀ ਵਿੱਚ ਨਾਭੇ ਦਾ ਰਾਜਾ ਬਣਿਆ। ਹੀਰਾ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਰਿਪੁਦਮਨ ਸਿੰਘ ਨਾਭੇ ਦਾ ਅਗਲਾ ਰਾਜਾ ਬਣਿਆ। ਗਿਆਨੀ ਗਿਆਨ ਸਿੰਘ ਅਨੁਸਾਰ ਦੋਵੇਂ ਪਿਉ-ਪੁੱਤਰ ਧਰਮਾਤਮਾ ਸਨ। ਉਨ੍ਹਾਂ ਨੇ ਪਰਜਾ ਦੀ ਭਲਾਈ ਲਈ ਬਹੁਤ ਕੁਝ ਕੀਤਾ।[350] ਕਨ੍ਹੱਈਆ ਲਾਲ, ਸੋਹਣ ਸਿੰਘ ਸੀਤਲ ਅਤੇ ਭਗਤ ਸਿੰਘ ਵੀ ਗਿਆਨੀ ਗਿਆਨ ਸਿੰਘ ਦੀ ਤਰ੍ਹਾਂ ਅੰਗਰੇਜ਼ਾਂ ਵੱਲੋਂ ਪਟਿਆਲਾ ਤੇ ਜੀਂਦ ਰਿਆਸਤ ਨੂੰ ਨਾਭਾ ਰਿਆਸਤ ਦਾ ਰਾਜਾ ਚੁਣਨ ਦਾ ਅਧਿਕਾਰ ਦੇਣ ਤੋਂ ਬਾਅਦ ਬਡਰੁੱਖਾਂ ਦੇ ਹੀਰਾ ਸਿੰਘ ਨੂੰ ਹੀ ਨਾਭਾ ਰਿਆਸਤ ਦਾ ਅਗਲਾ ਰਾਜਾ ਲਿਖ ਰਹੇ ਹਨ।[351] ਹੀਰਾ ਸਿੰਘ ਦੀ ਮੌਤ ਤੋਂ ਬਾਅਦ ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦਾ ਆਖਰੀ ਰਾਜਾ ਲਿਖ ਰਹੇ ਹਨ। ਭਗਤ ਸਿੰਘ ਲਿਖਦਾ ਹੈ ਕਿ ਰਿਪੁਦਮਨ ਸਿੰਘ ਵਿੱਚ ਦੇਸ਼ ਭਗਤੀ ਹੋਣ ਕਾਰਨ ਅਤੇ ਪਟਿਆਲਾ ਰਿਆਸਤ ਨਾਲ ਝਗੜੇ ਦਾ ਕੇਸ ਹਾਰ ਜਾਣ ਕਾਰਨ ਉਸ ਨੂੰ ਨਾਭਾ ਰਿਆਸਤ ਦੀ ਗੱਦੀ ਤੋਂ ਉਤਾਰ ਕੇ ਨਜ਼ਰਬੰਦ ਕਰਕੇ ਮਦਰਾਸ ਜੇਲ੍ਹ ਭੇਜ ਦਿੱਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।[352]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜੀਂਦ ਰਿਆਸਤ ਵੀ ਚੌਧਰੀ ਫੂਲ ਦੀ ਵੰਸ਼ ਵਿੱਚੋਂ ਤਲੋਕਾ ਸਿੰਘ ਦੇ ਪੁੱਤਰ ਸੁਖਚੈਨ ਸਿੰਘ ਨੇ ਵਸਾਈ, ਜੋ ਕਿ ਨਾਭਾ ਰਿਆਸਤ ਵਾਲੇ ਗੁਰਦਿੱਤ ਸਿੰਘ ਦਾ ਭਰਾ ਸੀ।[353] ਸੋਹਣ ਸਿੰਘ ਸੀਤਲ ਵੀ ਜ਼ੀਂਦ ਰਿਆਸਤ ਦੇ ਮੋਢੀ ਸੰਬੰਧੀ ਦਿੱਤੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਨਾਲ ਸਹਿਮਤ ਹੈ। [354] ਪਰ ਕਨ੍ਹੱਈਆ ਲਾਲ ਸੁਖਚੈਨ ਸਿੰਘ ਦੀ ਥਾਂ ਜੀਂਦ ਰਿਆਸਤ ਦੇ ਮੋਢੀ ਨੂੰ ਨੈਣ ਸਿੰਘ ਲਿਖ ਰਿਹਾ ਹੈ।[355] ਗਿਆਨੀ ਗਿਆਨ ਸਿੰਘ ਅਨੁਸਾਰ ਸੁਖਚੈਨ ਸਿੰਘ ਦੇ ਤਿੰਨ ਪੁੱਤਰ ਬਲਾਕੀ ਸਿੰਘ, ਆਲਮ ਸਿੰਘ ਅਤੇ ਗਜਪਤ ਸਿੰਘ ਸਨ । ਇਨ੍ਹਾਂ ਨੇ ਲੁਧਿਆਣਾ, ਖੰਨਾ, ਜੀਂਦ, ਦਾਦਰੀ, ਸਫ਼ੀਦੋਂ, ਸੰਗਰੂਰ, ਬਾਲਾਂਵਾਲੀ, ਦਿਆਲਪੁਰਾ ਆਦਿ ਇਲਾਕਿਆਂ ਨੂੰ ਕਬਜ਼ੇ ਵਿੱਚ ਲੈ ਕੇ ਆਪਣੇ ਰਾਜ ਵਿੱਚ ਸ਼ਾਮਿਲ ਕੀਤਾ।[356] ਲੈਪਲ ਗ੍ਰਿਫ਼ਨ ਵੀ ਜੀਂਦ ਰਿਆਸਤ ਬਾਰੇ ਸੁਖਚੈਨ ਸਿੰਘ ਦੀ ਮੌਤ ਤੱਕ ਗਿਆਨੀ ਗਿਆਨ ਸਿੰਘ ਨਾਲ

---

350 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1232.

351 ਕਨ੍ਹੱਈਆ ਲਾਲ, *ਉ. ਰ.,* ਪੰਨਾ 106; Bhagat Singh, *op. cit.,* p. 331-332; ਸੋਹਣ ਸਿੰਘ ਸੀਤਲ, ਪੰਨਾ 162.

352 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 162; Bhagat Singh, *Ibid.*

353 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1233.

354 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 165.

355 ਕਨ੍ਹੱਈਆ ਲਾਲ, *ਉ. ਰ.,* ਪੰਨਾ 106.

356 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1233.

ਸਹਿਮਤ ਹੈ।[357] ਗਿਆਨੀ ਗਿਆਨ ਸਿੰਘ ਮੁਤਾਬਿਕ ਸੁਖਚੈਨ ਸਿੰਘ ਦੀ ਮੌਤ ਤੋਂ ਬਾਅਦ ਗਜਪਤ ਸਿੰਘ ਜੀਂਦ ਰਿਆਸਤ ਦਾ ਰਾਜਾ ਬਣਿਆ। ਉਸ ਦੇ ਘਰ ਤਿੰਨ ਪੁੱਤਰ ਭਾਗ ਸਿੰਘ, ਭੂਪ ਸਿੰਘ, ਮੇਹਰ ਸਿੰਘ ਅਤੇ ਇੱਕ ਪੁੱਤਰੀ ਰਾਜ ਕੌਰ ਨੇ ਜਨਮ ਲਿਆ। ਉਸ ਨੇ ਆਪਣੀ ਪੁੱਤਰੀ ਰਾਜ ਕੌਰ ਦਾ ਵਿਆਹ ਸ਼ੁੱਕਰਚੱਕੀਆ ਮਿਸਲ ਦੇ ਮੋਢੀ ਮਹਾਂ ਸਿੰਘ ਨਾਲ ਕੀਤਾ। ਜਿਸ ਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ।[358] ਲੈਪਲ ਗ੍ਰਿਫ਼ਨ, ਕਨ੍ਹੱਈਆ ਲਾਲ ਅਤੇ ਸੋਹਣ ਸਿੰਘ ਸੀਤਲ ਵੀ ਗਜਪਤ ਸਿੰਘ ਨੂੰ ਜੀਂਦ ਰਿਆਸਤ ਦਾ ਅਗਲਾ ਸ਼ਾਸਕ ਲਿਖਦੇ ਹਨ। ਉਸ ਦੇ ਤਿੰਨ ਪੁੱਤਰ ਮੇਹਰ ਸਿੰਘ, ਭਾਗ ਸਿੰਘ, ਭੂਪ ਸਿੰਘ, ਅਤੇ ਇੱਕ ਪੁੱਤਰੀ ਰਾਜ ਕੌਰ ਜੋ ਕਿ ਸ਼ੁੱਕਰਚੱਕੀਆ ਮਿਸਲ ਦੇ ਮਹਾਂ ਸਿੰਘ ਨਾਲ ਵਿਆਹੀ ਗਈ। ਜਿਸ ਦੇ ਕੁੱਖੋਂ ਰਣਜੀਤ ਸਿੰਘ ਪੈਦਾ ਹੋਇਆ, ਬਾਰੇ ਦੱਸਦੇ ਹਨ।[359]

ਗਿਆਨੀ ਗਿਆਨ ਸਿੰਘ ਗਜਪਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਭਾਗ ਸਿੰਘ ਦੇ ਗੱਦੀ 'ਤੇ ਬੈਠਣ ਦਾ ਜ਼ਿਕਰ ਕਰਦਾ ਹੈ। ਉਸ ਦਾ ਛੋਟਾ ਭਰਾ ਮੇਹਰ ਸਿੰਘ ਸਰਹਿੰਦ ਲਾਗੇ ਖੰਨੇ ਦਾ ਇਲਾਕਾ ਸੰਭਾਲਦਾ ਰਿਹਾ। ਮੇਹਰ ਸਿੰਘ ਦਾ ਪੁੱਤਰ ਹਰੀ ਸਿੰਘ ਬੇਔਲਾਦ ਸੀ। ਉਸ ਦੀ ਸਰਦਾਰਨੀ ਦਇਆ ਕੌਰ ਦੀ ਮੌਤ ਪਿੱਛੋਂ ਖੰਨੇ ਦਾ ਇਲਾਕਾ ਅੰਗਰੇਜ਼ਾਂ ਨੇ ਕਬਜ਼ੇ ਵਿੱਚ ਲੈ ਲਿਆ।[360] ਕਨ੍ਹੱਈਆ ਲਾਲ ਅਨੁਸਾਰ ਵੀ ਭਾਗ ਸਿੰਘ ਦੇ ਭਰਾ ਮੇਹਰ ਸਿੰਘ ਦੁਆਰਾ ਖੰਨੇ 'ਚ ਆਪਣਾ ਰਾਜ ਸਥਾਪਿਤ ਕੀਤਾ ਤੇ ਉਸ ਦੇ ਪੁੱਤਰ ਹਰੀ ਸਿੰਘ ਦੇ ਬੇਔਲਾਦ ਚਲੇ ਜਾਣ ਕਾਰਨ ਉਸ ਦੀ ਪਤਨੀ ਦਯਾ ਕੌਰ ਦੀ ਮੌਤ ਪਿੱਛੋਂ ਅੰਗਰੇਜ਼ਾਂ ਨੇ ਇਹ ਇਲਾਕਾ ਆਪਣੇ ਕਬਜ਼ੇ 'ਚ ਲੈ ਲਿਆ।[361] ਪਰ ਸੋਹਣ ਸਿੰਘ ਸੀਤਲ ਵੱਡੇ ਭਰਾ ਮੇਹਰ ਸਿੰਘ ਦੇ ਗੁਜ਼ਰ ਜਾਣ ਕਰਕੇ ਭਾਗ ਸਿੰਘ ਨੂੰ ਜੀਂਦ ਦਾ ਅਗਲਾ ਰਾਜਾ ਲਿਖਦਾ ਹੈ।[362]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਾਜਾ ਭਾਗ ਸਿੰਘ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਫ਼ਤਿਹ ਸਿੰਘ ਗੱਦੀ 'ਤੇ ਬੈਠਿਆ। ਫ਼ਤਿਹ ਸਿੰਘ ਨੇ ਥੋੜ੍ਹਾ ਸਮਾਂ ਹੀ ਰਾਜ ਕੀਤਾ। ਫ਼ਤਿਹ ਸਿੰਘ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਸੰਗਤ ਸਿੰਘ ਜੀਂਦ ਰਿਆਸਤ ਦਾ ਰਾਜਾ ਬਣਿਆ। ਸੰਗਤ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਸੀ। ਸੰਗਤ ਸਿੰਘ ਦੀ ਮੌਤ ਪਿੱਛੋਂ ਰਾਜਗੱਦੀ ਉਸ ਦੇ ਚਾਚਾ ਭੂਪ ਸਿੰਘ ਦੇ ਪੁੱਤਰ ਕਰਮ ਸਿੰਘ ਦੇ ਪੁੱਤਰ

---

357 Lepel H. Griffin, *op. cit.,* p. 283.

358 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1233.

359 Lepel H. Griffin, *op. cit.,* p. 285; ਕਨ੍ਹੱਈਆ ਲਾਲ, *ਉ. ਰ.,* ਪੰਨਾ 106; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 166.

360 ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1233.

361 ਕਨ੍ਹੱਈਆ ਲਾਲ, *ਉ. ਰ.,* ਪੰਨਾ 107.

362 ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 167.

ਸਰੂਪ ਸਿੰਘ ਨੂੰ ਮਿਲੀ, ਜੋ ਪਿੰਡ ਵਜ਼ੀਦਪੁਰ ਦੀ ਜਾਗੀਰ ਦਾ ਮਾਲਕ ਸੀ।[363] ਕਨ੍ਹੱਈਆ ਲਾਲ ਵੀ ਗਿਆਨੀ ਗਿਆਨ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਹੁੰਦਾ ਹੋਇਆ ਗਜਪਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਭਾਗ ਸਿੰਘ ਨੂੰ, ਭਾਗ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਫ਼ਤਿਹ ਸਿੰਘ ਨੂੰ, ਫ਼ਤਿਹ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਸੰਗਤ ਸਿੰਘ ਨੂੰ ਜੀਂਦ ਰਿਆਸਤ ਦਾ ਰਾਜਾ ਲਿਖਦਾ ਹੈ ਅਤੇ ਸੰਗਤ ਸਿੰਘ ਦੇ ਬੇਔਲਾਦ ਚਲੇ ਜਾਣ ਕਾਰਨ ਭਾਗ ਸਿੰਘ ਦੇ ਭਰਾ ਭੂਪ ਸਿੰਘ ਦੇ ਪੋਤਰੇ ਸਰੂਪ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਜੀਂਦ ਰਿਆਸਤ ਦਾ ਸ਼ਾਸਕ ਮੰਨਣ ਦੀ ਗੱਲ ਲਿਖਦਾ ਹੈ।[364] ਸੋਹਣ ਸਿੰਘ ਸੀਤਲ ਵੀ ਸਰੂਪ ਸਿੰਘ ਨੂੰ ਸੰਗਤ ਸਿੰਘ ਦਾ ਨੇੜਲਾ ਰਿਸ਼ਤੇਦਾਰ ਹੋਣ ਕਰਕੇ ਸੰਗਤ ਸਿੰਘ ਤੋਂ ਬਾਅਦ ਜੀਂਦ ਰਿਆਸਤ ਦਾ ਸਾਸ਼ਕ ਮੰਨਣ ਦਾ ਜ਼ਿਕਰ ਕਰਦਾ ਹੈ।[365]

ਗਿਆਨੀ ਗਿਆਨ ਸਿੰਘ ਮੁਤਾਬਿਕ ਸਰੂਪ ਸਿੰਘ ਦੇ ਪਿੱਛੋਂ ਉਸ ਦੇ ਪੁੱਤਰ ਰਘੁਵੀਰ ਸਿੰਘ ਨੂੰ ਜੀਂਦ ਦੀ ਰਾਜਗੱਦੀ ਨਸੀਬ ਹੋਈ ਅਤੇ ਰਘੁਵੀਰ ਸਿੰਘ ਦੀ ਮੌਤ ਦੇ ਪਿੱਛੋਂ ਉਸ ਦਾ ਪੋਤਰਾ ਰਣਵੀਰ ਸਿੰਘ ਜੀਂਦ ਦਾ ਰਾਜਾ ਬਣਿਆ।[366] ਸਰੂਪ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਰਘੁਵੀਰ ਸਿੰਘ ਦੇ ਜੀਂਦ ਰਿਆਸਤ ਦੀ ਗੱਦੀ 'ਤੇ ਬੈਠਣ ਦੀ ਜਾਣਕਾਰੀ ਕਨ੍ਹੱਈਆ ਲਾਲ, ਲੈਪਲ ਗ੍ਰਿਫ਼ਨ ਅਤੇ ਸੋਹਣ ਸਿੰਘ ਸੀਤਲ ਵੀ ਦੇ ਰਹੇ ਹਨ।[367] ਸੋਹਣ ਸਿੰਘ ਸੀਤਲ ਤੇ ਭਗਤ ਸਿੰਘ ਵੀ ਰਾਜਾ ਰਘੁਵੀਰ ਸਿੰਘ ਦੀ ਮੌਤ ਤੋਂ ਬਾਅਦ ਰਣਵੀਰ ਸਿੰਘ ਦੇ ਰਾਜਾ ਬਣਨ ਦੀ ਪੁਸ਼ਟੀ ਕਰਦਾ ਹੈ ਅਤੇ ਉਸ ਦੇ ਬਾਅਦ ਉਸ ਦੇ ਪੁੱਤਰ ਰਾਜਵੀਰ ਸਿੰਘ ਨੂੰ ਜੀਂਦ ਰਿਆਸਤ ਦਾ ਅਗਲਾ ਵਾਰਿਸ ਦੱਸਦਾ ਹੈ।[368]

## ਪੜਚੋਲ

ਮਿਸਲ ਕਾਲ ਸੰਬੰਧਿਤ ਇਸ ਅਧਿਆਇ ਤੋਂ ਇਹ ਨਤੀਜਾ ਸਾਹਮਣੇ ਆਉਂਦਾ ਹੈ ਕਿ ਰਤਨ ਸਿੰਘ ਭੰਗੂ ਗੁਰੂ ਕਾਲ ਵਾਂਗ ਆਪਣੀ ਲਿਖਤ ਵਿੱਚ ਮਿਸਲਾਂ ਸੰਬੰਧੀ ਵੀ ਸੀਮਿਤ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਉਸ ਨੇ ਮਿਸਲਾਂ ਦੀ ਸੰਪੂਰਨ ਜਾਣਕਾਰੀ ਦੀ ਥਾਂ ਪ੍ਰਸਿੱਧ ਮਿਸਲਾਂ ਦੇ ਇੱਕ ਦੋ ਪ੍ਰਮੁੱਖ ਸਰਦਾਰਾਂ ਬਾਰੇ ਹੀ ਆਪਣੀ ਲਿਖਤ ਵਿੱਚ ਸੰਖੇਪ ਰੂਪ ਵਿੱਚ ਜ਼ਿਕਰ ਕੀਤਾ ਹੈ। ਮਿਸਲ ਸ਼ਹੀਦਾਂ ਬਾਰੇ ਰਤਨ ਸਿੰਘ ਭੰਗੂ

---

[363] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1233-1234.

[364] ਕਨ੍ਹੱਈਆ ਲਾਲ, *ਉ. ਰ.,* ਪੰਨਾ 107.

[365] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 169.

[366] ਗਿਆਨੀ ਗਿਆਨ ਸਿੰਘ, *ਉ. ਰ.,* ਪੰਨਾ 1234.

[367] ਕਨ੍ਹੱਈਆ ਲਾਲ, *ਉ. ਰ.,* ਪੰਨਾ 108; Lepel H. Griffin, *op. cit.,* p.375; ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 171.

[368] ਸੋਹਣ ਸਿੰਘ ਸੀਤਲ, *ਉ. ਰ.,* ਪੰਨਾ 171; ਭਗਤ ਸਿੰਘ, *ਉ. ਰ.,* ਪੰਨਾ 340.

ਆਪਣੀ ਲਿਖਤ ਵਿੱਚ ਕੋਈ ਜਾਣਕਾਰੀ ਨਹੀਂ ਦੇ ਰਿਹਾ। ਰਤਨ ਸਿੰਘ ਭੰਗੂ ਦੂਜੀਆਂ ਮਿਸਲਾਂ ਦੇ ਮੁਕਾਬਲੇ ਆਪਣੀਆਂ ਲਿਖਤਾਂ ਵਿੱਚ ਰਾਮਗੜ੍ਹੀਆ ਮਿਸਲ ਬਾਰੇ ਜਾਣਕਾਰੀ ਜਰੂਰ ਦਿੰਦਾ ਹੈ। ਉਹ ਤੁਰਕਾਂ ਖਿਲਾਫ਼ ਸੰਘਰਸ਼ ਵਿੱਚ ਰਾਮਗੜ੍ਹੀਆ ਦੇ ਵੱਧ ਚੜ੍ਹਕੇ ਹਿੱਸਾ ਲੈਣ ਬਾਰੇ, ਵੱਡੇ ਘੱਲੂਘਾਰੇ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਦੇ ਬਾਈ ਫ਼ੱਟ ਲੱਗਣ ਬਾਰੇ, ਰਾਮਗੜ੍ਹੀਆਂ ਵੱਲੋਂ ਕਾਂਗੜੇ ਉੱਪਰ ਕਬਜ਼ਾ ਕਰਨ ਬਾਰੇ ਅਤੇ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਹਾਂਸੀ ਹਿਸਾਰ ਦੇ ਇਲਾਕਿਆਂ ਤੋਂ ਨਜ਼ਰਾਨਾ ਵਸੂਲਣ ਬਾਰੇ ਸੰਖੇਪ ਵਿੱਚ ਗੱਲ ਕਰਦਾ ਹੈ। ਰਤਨ ਸਿੰਘ ਭੰਗੂ ਰਾਮਗੜ੍ਹੀਆਂ ਦੇ ਅੰਮ੍ਰਿਤਸਰ ਸ਼ਹਿਰ ਵਿੱਚੋਂ ਚੌਥਾ ਹਿੱਸਾ ਲੈਣ ਬਾਰੇ, ਕਸੂਰ ਵਿੱਚ ਦਿਲੇਰਾਮ ਦੀ ਹਵੇਲੀ ਲੁੱਟਣ ਬਾਰੇ, ਸੂਰਜ ਮੱਲ ਭਰਤਪੁਰੀਏ ਤੋਂ ਨਜ਼ਰਾਨਾ ਵਸੂਲਣ ਆਦਿ ਬਾਰੇ ਆਪਣੀ ਲਿਖਤ ਵਿੱਚ ਜਾਣਕਾਰੀ ਦਿੰਦਾ ਹੈ। ਹੋਰ ਮਿਸਲਾਂ ਵਾਂਗ ਗਿਆਨੀ ਗਿਆਨ ਸਿੰਘ ਦੁਆਰਾ ਰਾਮਗੜ੍ਹੀਆ ਮਿਸਲ ਬਾਰੇ ਦਿੱਤੀ ਜਾਣਕਾਰੀ ਰਤਨ ਸਿੰਘ ਭੰਗੂ ਨਾਲੋਂ ਵਿਸਥਾਰਮਈ ਹੈ। ਗਿਆਨੀ ਗਿਆਨ ਸਿੰਘ ਦੇ ਸਮਕਾਲੀਨ ਅਤੇ ਬਾਅਦ ਦੇ ਇਤਿਹਾਸਕਾਰ ਵੀ ਰਾਮਗੜ੍ਹੀਆ ਮਿਸਲ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਨਾਲ ਕਾਫ਼ੀ ਹੱਦ ਤੱਕ ਸਹਿਮਤ ਦਿਖਾਈ ਦਿੰਦੇ ਹਨ।

ਨਿਸ਼ਾਨਵਾਲੀਆ ਮਿਸਲ ਬਾਰੇ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਜਾਣਕਾਰੀ ਸਰਵਪ੍ਰਵਾਨਿਤ ਹੈ। ਪੜਚੋਲ ਦੀ ਸਮੱਗਰੀ ਨਾਲ ਸੰਬੰਧਿਤ ਕੋਈ ਵੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਵੱਲੋਂ ਨਿਸ਼ਾਨਵਾਲੀਆ ਮਿਸਲ ਬਾਰੇ ਦਿੱਤੀ ਜਾਣਕਾਰੀ ਉੱਤੇ ਕਿੰਤੂ-ਪ੍ਰੰਤੂ ਨਹੀਂ ਕਰਦਾ। ਰਤਨ ਸਿੰਘ ਭੰਗੂ ਆਪਣੇ ਨਾਨੇ ਦੀ ਮਿਸਲ ਕਰੋੜਸਿੰਘੀਆ ਬਾਰੇ ਵੀ ਦੂਜੀਆਂ ਮਿਸਲਾਂ ਨਾਲੋਂ ਥੋੜ੍ਹੀ ਵੱਧ ਜਾਣਕਾਰੀ ਦੇ ਰਿਹਾ ਹੈ। ਉਹ ਬਘੇਲ ਸਿੰਘ ਕਰੋੜਸਿੰਘੀਆ ਵੱਲੋਂ ਦਿੱਲੀ ਜਿੱਤਣ ਬਾਰੇ ਅਤੇ ਉੱਥੋਂ ਦੇ ਗੁਰਦਆਰਿਆਂ ਦੀ ਸੇਵਾ ਕਰਵਾਉਣ ਬਾਰੇ ਵੀ ਜ਼ਿਕਰ ਕਰਦਾ ਹੈ। ਉਹ ਬਘੇਲ ਸਿੰਘ ਕਰੋੜਸਿੰਘੀਆ ਦੇਸ਼ ਦੀ ਕੁੱਝ ਆਮਦਨ ਵਿੱਚੋਂ ਛੇ ਆਨੇ ਹਿੱਸਾ ਆਉਣ ਬਾਰੇ ਵੀ ਦੱਸਦਾ ਹੈ। ਪਰ ਉਸ ਬਾਅਦ ਕਰੋੜਸਿੰਘੀਆਂ ਮਿਸਲ ਬਾਰੇ ਕੁਝ ਨਹੀਂ ਲਿਖਦਾ, ਪਰ ਗਿਆਨੀ ਗਿਆਨ ਸਿੰਘ ਕਰੋੜਸਿੰਘੀਆ ਮਿਸਲ ਦੇ ਬਘੇਲ ਸਿੰਘ ਦੁਆਰਾ ਜਿੱਤੇ ਇਲਾਕਿਆਂ ਬਾਰੇ ਉਸ ਦੀ ਮੌਤ ਤੋਂ ਬਾਅਦ ਉਸ ਦੇ ਰਾਜ ਦੇ ਹਸ਼ਰ ਬਾਰੇ, ਉਸ ਦੀਆਂ ਪਤਨੀਆਂ, ਸਰਦਾਰਾਂ ਅਤੇ ਉਸ ਦੀਆਂ ਪਤਨੀਆਂ ਵੱਲੋਂ ਅੰਗਰੇਜ਼ਾਂ ਦੀ ਸ਼ਰਨ ਚਲੇ ਜਾਣ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ।

ਫ਼ੈਜ਼ਲਪੁਰੀਆ ਮਿਸਲ ਦੇ ਨਵਾਬ ਕਪੂਰ ਸਿੰਘ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਨਾਲ ਕਨ੍ਹੱਈਆ ਲਾਲ ਮਤਭੇਦ ਪ੍ਰਗਟ ਕਰਦਾ ਹੋਇਆ ਨਵਾਬ ਕਪੂਰ ਸਿੰਘ ਨੂੰ ਲੁਟੇਰਾ ਅਤੇ ਲੁੱਟ-ਮਾਰ ਕਰਕੇ ਆਪਣੇ ਆਪ ਨਵਾਬ ਅਖਵਾਉਣ ਬਾਰੇ ਲਿਖਦਾ ਹੈ, ਪਰ ਅਹਿਮਦ ਸ਼ਾਹ ਬਟਾਲਵੀ ਵੱਲੋਂ

ਗਿਆਨੀ ਗਿਆਨ ਸਿੰਘ ਵੱਲੋਂ ਨਵਾਬ ਕਪੂਰ ਸਿੰਘ ਬਾਰੇ ਦਿੱਤੀ ਜਾਣਕਾਰੀ ਦੀ ਤਸਦੀਕ ਕਰਕੇ ਉਸ ਨੂੰ ਦਾਨੀ ਪੁਰਸ਼ ਲਿਖਣ ਨਾਲ ਕਨ੍ਹੱਈਆ ਲਾਲ ਦਾ ਦਾਅਵਾ ਆਪਣੇ ਆਪ ਰੱਦ ਹੋ ਜਾਂਦਾ ਹੈ। ਫ਼ੈਜ਼ਲਪੁਰੀਆ ਮਿਸਲ ਬਾਰੇ ਵੀ ਗਿਆਨੀ ਗਿਆਨ ਸਿੰਘ ਲੜੀਵਾਰ ਪੀੜ੍ਹੀ ਦਰ ਪੀੜ੍ਹੀ ਆਪਣੇ ਪੰਥ ਪ੍ਰਕਾਸ਼ ਦੀ ਰਚਨਾ ਕਰਨ ਤੱਕ ਵਿਸਥਾਪੂਰਵਕ ਜਾਣਕਾਰੀ ਦਿੰਦਾ ਹੈ। ਉਸ ਦੁਆਰਾ ਫ਼ੈਜ਼ਲਪੁਰੀਆ ਮਿਸਲ ਦੇ ਬੁੱਧ ਸਿੰਘ ਤੱਕ ਦੀ ਜਾਣਕਾਰੀ ਨਾਲ ਵਿਸ਼ਲੇਸ਼ਣ ਲਈ ਵਰਤੇ ਗਏ ਸਾਰੇ ਹੀ ਲੇਖਕ ਸਹਿਮਤ ਹਨ। ਅੱਗੇ ਬੁੱਧ ਸਿੰਘ ਦੀ ਔਲਾਦ ਬਾਰੇ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਵਿਸਥਾਰਪੂਰਵਕ ਹੈ।

ਰਤਨ ਸਿੰਘ ਭੰਗੂ ਡੱਲੇਵਾਲੀਆ ਮਿਸਲ ਦੀ ਬਹਾਦਰੀ ਸੰਬੰਧੀ ਆਪਣੀ ਲਿਖਤ ਵਿੱਚ ਜਾਣਕਾਰੀ ਦਿੰਦਾ ਹੈ। ਉਹ ਡੱਲੇਵਾਲੀਆ ਮਿਸਲ ਦੇ ਮਿੱਤ ਸਿੰਘ ਵੱਲੋਂ ਨਜ਼ੀਬਦੌਲਾ ਰੁਹੇਲੇ ਦਾ ਇਲਾਕਾ ਲੁੱਟਣ ਗਏ ਸਿੱਖਾਂ ਉੱਪਰ ਅਫ਼ਗਾਨਾਂ ਅਤੇ ਰੁਹੇਲਿਆਂ ਦੇ ਸਾਂਝੇ ਹਮਲੇ ਬਾਰੇ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ, ਜਿਸ ਵਿੱਚ ਡੱਲੇਵਾਲੀਆ ਮਿਸਲ ਦੇ ਮਿੱਤ ਸਿੰਘ ਸਮੇਤ ਪੰਜ ਛੇ ਹਜ਼ਾਰ ਸਿੱਖਾਂ ਦੇ ਸ਼ਹੀਦ ਹੋਣ ਬਾਰੇ ਦੱਸਦਾ ਹੈ। ਜਦੋਂ ਕਿ ਗਿਆਨੀ ਗਿਆਨ ਸਿੰਘ ਹੋਰਨਾਂ ਮਿਸਲਾਂ ਵਾਂਗ ਡੱਲੇਵਾਲੀਆ ਮਿਸਲ ਬਾਰੇ ਵੀ ਤਰਤੀਬਵਾਰ ਜਾਣਕਾਰੀ ਦਿੰਦਾ ਹੋਇਆ ਆਪਣੀ ਲਿਖਤ ਵਿੱਚ ਤਾਰਾ ਸਿੰਘ ਡੱਲੇਵਾਲੀਆ ਦੀ ਦਰਿਆਦਿਲੀ ਤੇ ਬਹਾਦਰੀ ‘ਤੇ ਚਾਨਣਾ ਪਾਉਂਦਾ ਹੋਇਆ ਸ੍ਰੀ ਗੁਰ ਪੰਥ ਪ੍ਰਕਾਸ਼ ਲਿਖਣ ਤੱਕ ਤਾਰਾ ਸਿੰਘ ਦੀ ਪੀੜ੍ਹੀ ਵਿੱਚੋਂ ਜੈਲਦਾਰ ਅਮਰ ਸਿੰਘ ਤੱਕ ਡੱਲੇਵਾਲੀਆ ਮਿਸਲ ਬਾਰੇ ਸੰਪੂਰਨ ਜਾਣਕਾਰੀ ਦਿੰਦਾ ਹੈ।

ਗਿਆਨੀ ਗਿਆਨ ਸਿੰਘ ਵੱਲੋਂ ਕਨ੍ਹੱਈਆ ਮਿਸਲ ਦੇ ਮੋਢੀ ਜੈ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਗੁਰਬਖ਼ਸ਼ ਸਿੰਘ ਨੂੰ ਮਿਸਲ ਦਾ ਮੋਢੀ ਲਿਖਣਾ ਗਿਆਨੀ ਗਿਆਨ ਸਿੰਘ ਦੀ ਇਤਿਹਾਸਿਕ ਭੁੱਲ ਹੈ। ਕਨ੍ਹੱਈਆ ਮਿਸਲ ਦੇ ਗੁਰਬਖਸ਼ ਸਿੰਘ ਨੂੰ ਛੱਡ ਕੇ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਪੁਖਤਾ ਅਤੇ ਮੌਲਿਕ ਹੈ।

ਨੱਕਈ ਮਿਸਲ ਦੇ ਮੋਢੀ ਸੰਬੰਧੀ ਜ਼ਿਆਦਾਤਰ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਨਹੀਂ ਹਨ। ਉਹ ਗਿਆਨੀ ਗਿਆਨ ਸਿੰਘ ਵੱਲੋਂ ਦੱਸੇ ਗਏ ਨੱਕਈ ਮਿਸਲ ਦੇ ਮੋਢੀ ਵਰਿਆਮ ਸਿੰਘ ਦੀ ਥਾਂ ‘ਤੇ ਹੀਰਾ ਸਿੰਘ ਨੂੰ ਹੀ ਨੱਕਈ ਮਿਸਲ ਦਾ ਮੋਢੀ ਮੰਨਦੇ ਹਨ। ਹਾਂ ਇਹ ਸੰਭਵ ਜਰੂਰ ਹੈ ਕਿ ਵਰਿਆਮ ਸਿੰਘ ਦਾ ਮਿਸਲ ਦੀ ਸਥਾਪਨਾ ਤੋਂ ਪਹਿਲਾਂ ਵੀ ਸਿੱਖ ਪੰਥ ਵਿੱਚ ਚੰਗਾ ਆਦਰ ਸਨਮਾਨ ਹੋਣ ਕਰਕੇ ਨੱਕੇ ਦੇ ਇਲਾਕੇ ਵਿੱਚ ਚੰਗਾ ਦਬਦਬਾ ਹੋਵੇ, ਪਰ ਮਿਸਲ ਦੀ ਸਥਾਪਨਾ ਸਮੇਂ ਮੋਢੀ ਹੀਰਾ ਸਿੰਘ ਹੀ ਬਣਿਆ ਹੋਵੇ। ਰਤਨ ਸਿੰਘ ਭੰਗੂ ਨੱਕਈਆਂ ਦੁਆਰਾ ਨੱਕੇ ਦਾ ਸਾਰਾ ਇਲਾਕਾ ਮੱਲਣ ਦੀ ਗੱਲ ਕਰਦਾ ਹੈ। ਜਦੋਂ ਕਿ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਨੱਕਈ ਮਿਸਲ ਬਾਰੇ ਵਿਸਥਾਰਪੂਰਵਕ ਤੇ

ਸਿਲਸਿਲੇਵਾਰ ਜਾਣਕਾਰੀ ਮੁਹੱਈਆ ਕਰਵਾਉਂਦਾ ਹੋਇਆ ਦੱਸਦਾ ਹੈ ਕਿ ਹੀਰਾ ਸਿੰਘ ਨੇ ਕਿਹੜੇ-ਕਿਹੜੇ ਇਲਾਕੇ ਜਿੱਤ ਕੇ ਮਿਸਲ ਦਾ ਵਿਸਥਾਰ ਕੀਤਾ ਅਤੇ ਬਾਅਦ ਵਿੱਚ ਇਸ ਮਿਸਲ ਦੇ ਵਾਰਿਸਾਂ ਨਾਹਰ ਸਿੰਘ ਅਤੇ ਰਣ ਸਿੰਘ ਨੇ ਕਿਹੜੇ ਇਲਾਕੇ ਜਿੱਤ ਕੇ ਆਪਣੀ ਮਿਸਲ ਵਿੱਚ ਸ਼ਾਮਿਲ ਕੀਤੇ। ਗਿਆਨੀ ਗਿਆਨ ਸਿੰਘ ਵੱਲੋਂ ਨੱਕਈ ਮਿਸਲ ਦੇ ਕਾਨ੍ਹ ਦੇ ਪੁੱਤਰਾਂ ਦੇ ਮੁਸਲਮਾਨ ਹੋਣ ਬਾਰੇ ਦਿੱਤੀ ਗਈ ਜਾਣਕਾਰੀ ਇਸ ਲਈ ਪੁਖਤਾ ਸਾਬਿਤ ਹੋ ਜਾਂਦੀ ਹੈ, ਕਿਉਂਕਿ ਅੱਜ ਵੀ ਨੱਕਈ ਮਿਸਲ ਦੇ ਮੁਸਲਮਾਨ ਹੋਈ ਪੀੜ੍ਹੀ ਪਾਕਿਸਤਾਨ ਵਿੱਚ ਵੱਸਦੀ ਹੈ ਅਤੇ ਨੱਕਈ ਲਕਬ ਦੀ ਵਰਤੋਂ ਆਪਣੇ ਨਾਵਾਂ ਨਾਲ ਕਰਦੀ ਹੈ। ਹਰਇਸ਼ਰ ਸਿੰਘ ਦੀ ਪੀੜ੍ਹੀ ਵਿੱਚੋਂ ਸਰਦਾਰ ਮੁਹੰਮਦ ਆਰਿਫ਼ ਨੱਕਈ 1995-96 ਪਾਕਿਸਤਾਨੀ ਪੰਜਾਬ ਦਾ ਮੁੱਖ ਮੰਤਰੀ ਵੀ ਰਹਿ ਚੁੱਕਿਆ ਹੈ। ਉਸ ਦੇ ਪੁੱਤਰ ਆਸਿਫ਼ ਨੱਕਈ ਅਤੇ ਪਰਵੇਜ਼ ਹਸਨ ਨੱਕਈ ਵੀ ਪਾਕਿਸਤਾਨ ਦੀ ਸਿਆਸਤ ਵਿੱਚ ਸਰਗਰਮ ਹਨ। ਸਰਦਾਰ ਮੁਹੰਮਦ ਆਰਿਫ਼ ਨੱਕਈ ਦਾ ਜਵਾਈ ਤਾਲਿਬ ਹਸਨ ਨੱਕਈ 2018 ਦੀਆਂ ਪਾਕਿਸਤਾਨ ਦੀਆਂ ਪਾਰਲੀਮੈਂਟ ਚੋਣਾਂ ਵਿੱਚ ਕੌਮੀ ਅਸੈਂਬਲੀ ਲਈ ਇਮਰਾਨ ਖਾਨ ਦੀ ਪਾਰਟੀ ਪੀ. ਟੀ. ਆਈ. ਵੱਲੋਂ ਕਸੂਰ ਤੋਂ ਸਾਂਸਦ ਚੁਣਿਆ ਗਿਆ ਹੈ।[369]

ਰਤਨ ਸਿੰਘ ਭੰਗੂ ਚੜ੍ਹਤ ਸਿੰਘ ਬਾਰੇ, ਉਸ ਦੀ ਭੰਗੀਆਂ ਨਾਲ ਖਿੱਚੋਤਾਣ ਬਾਰੇ, ਵੱਡੇ ਘੱਲੂਘਾਰੇ ਵਿੱਚ ਦਿਖਾਈ ਗਈ ਬਹਾਦਰੀ ਬਾਰੇ, ਤੁਰਕਾਂ ਨਾਲ ਯੁੱਧਾਂ ਦੌਰਾਨ ਖ਼ਾਲਸੇ ਦੀ ਅਗਵਾਈ ਕਰਨ ਬਾਰੇ, ਉਸ ਦੇ ਸਰੀਰ 'ਤੇ ਅਣਗਿਣਤ ਫੱਟ ਲੱਗਣ ਦੇ ਬਾਵਜੂਦ ਨਾ ਡੋਲਣ ਬਾਰੇ, ਸਰ ਬੁਲੰਦ ਖਾਂ ਨੂੰ ਹਰਾਉਣ ਆਦਿ ਘਟਨਾਵਾਂ ਬਾਰੇ ਚਾਨਣਾ ਪਾਉਂਦਾ ਹੈ। ਹਾਲਾਂਕਿ ਗਿਆਨੀ ਗਿਆਨ ਸਿੰਘ ਦੀ ਚੜ੍ਹਤ ਸਿੰਘ ਬਾਰੇ ਜਾਣਕਾਰੀ ਰਤਨ ਸਿੰਘ ਭੰਗੂ ਦੇ ਮੁਕਾਬਲੇ ਸੀਮਿਤ ਹੈ। ਉਹ ਸਿਰਫ਼ ਚੜ੍ਹਤ ਸਿੰਘ ਦੇ 7 ਲੱਖ ਰੁਪਏ ਸਲਾਨਾ ਆਮਦਨ ਵਾਲੇ ਇਲਾਕੇ ਅਤੇ 7 ਹਜ਼ਾਰ ਦੀ ਘੋੜ ਸਵਾਰ ਸੈਨਾ ਦਾ ਮਾਲਕ ਹੋਣ ਸੰਬੰਧੀ ਜਾਣਕਾਰੀ ਦਿੰਦਾ ਹੈ।

ਗਿਆਨੀ ਗਿਆਨ ਸਿੰਘ ਵੱਲੋਂ ਰਾਣੀ ਜਿੰਦ ਕੌਰ ਵੱਲੋਂ ਅੰਗਰੇਜ਼ਾਂ ਨੂੰ ਲਿਖੀ ਚਿੱਠੀ ਸੰਬੰਧੀ ਆਪਣੀ ਲਿਖਤ ਵਿੱਚ ਜੋ ਜਾਣਕਾਰੀ ਦਿੱਤੀ ਹੈ, ਉਸ ਦੀ ਕੋਈ ਹੋਰ ਇਤਿਹਾਸਕਾਰ ਪੁਸ਼ਟੀ ਨਹੀਂ ਕਰਦਾ। ਗਿਆਨੀ ਗਿਆਨ ਸਿੰਘ ਅਨੁਸਾਰ ਰਾਣੀ ਜਿੰਦ ਕੌਰ ਦੇ ਕਹਿਣ 'ਤੇ ਸੈਨਾਪਤੀ ਤੇਜਾ ਸਿੰਘ ਅਤੇ ਪ੍ਰਧਾਨ ਮੰਤਰੀ ਲਾਲ ਸਿੰਘ ਦੁਆਰਾ ਖ਼ਾਲਸਾ ਫ਼ੌਜ ਨੂੰ ਵਾਰ ਵਾਰ ਲੜਵਾਕੇ ਹਰਵਾਉਣ ਸੰਬੰਧੀ ਵੀ ਇਤਿਹਾਸਕਾਰ ਆਪਸ ਵਿੱਚ ਸਹਿਮਤ ਨਹੀਂ ਹਨ। ਇਸ ਲਈ ਇਸ ਤਰ੍ਹਾਂ ਦੀ ਸ਼ੱਕ ਦੇ ਦਾਇਰੇ ਵਿੱਚ ਆਉਂਦੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਖੋਜ ਕਾਰਜ ਦੇ ਘੇਰੇ ਤੋਂ ਬਾਹਰ ਜਾ ਕੇ ਹੋਰ ਅਧਿਐਨ ਦੀ ਜਰੂਰਤ ਹੈ।

ਗਿਆਨੀ ਗਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ, ਉਸ ਵੱਲੋਂ ਜਿੱਤੇ ਇਲਾਕਿਆਂ

[369] ਇਸ ਵੈਬਸਾਈਟ 'ਤੇ ਉਪਲੱਬਧ ਹੈ:- http://www.worldlibrary.org/articles/sardar_muhammad_arif_nakai

ਬਾਰੇ ਅਤੇ ਉਸ ਦੇ ਪਰਿਵਾਰ ਬਾਰੇ ਵੀ ਵਿਸਥਾਰਪੂਰਵਕ ਲਿਖਦਾ ਹੈ। ਗਿਆਨੀ ਗਿਆਨ ਸਿੰਘ ਦੀ ਮਹਾਰਾਜਾ ਦਲੀਪ ਸਿੰਘ ਸੰਬੰਧੀ ਦਿੱਤੀ ਜਾਣਕਾਰੀ ਤੋਂ ਇਹ ਅਨੁਭਵ ਹੁੰਦਾ ਹੈ ਜਿਵੇਂ ਮਹਾਰਾਜਾ ਦਲੀਪ ਸਿੰਘ ਬਾਰੇ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਣ ਵਾਲਾ ਉਹ ਪਹਿਲਾ ਸਿੱਖ ਲੇਖਕ ਹੈ। ਗਿਆਨੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਸ਼ੁੱਕਰਚੱਕੀਆ ਮਿਸਲ ਬਾਰੇ ਦਿੱਤੀ ਜਾਣਕਾਰੀ, ਇੱਕ-ਦੁੱਕਾ ਘਟਨਾਵਾਂ ਨੂੰ ਛੱਡਕੇ ਤਕਰੀਬਨ ਸਰਵਪ੍ਰਵਾਨਿਤ ਹੈ।

ਜੱਸਾ ਸਿੰਘ ਆਹਲੂਵਾਲੀਆ ਦੇ ਮੁੱਢਲੇ ਜੀਵਨ ਬਾਰੇ ਗਿਆਨੀ ਗਿਆਨ ਸਿੰਘ ਦੁਆਰਾ ਦਿੱਤੀ ਜਾਣਕਾਰੀ ਨਾਲ ਕੋਈ ਵੀ ਇਤਿਹਾਸਕਾਰ ਅਸਹਿਮਤ ਦਿਖਾਈ ਨਹੀਂ ਦਿੰਦਾ। ਜੱਸਾ ਸਿੰਘ ਨੂੰ ਦਿੱਲੀ ਦੇ ਤਖ਼ਤ ‘ਤੇ ਬਿਠਾਕੇ ਸ਼ਾਹੀ ਪਦਵੀ ਨਾਲ ਨਿਵਾਜਣ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦੀ ਕੋਈ ਦੂਜਾ ਇਤਿਹਾਸਕਾਰ ਪੁਸ਼ਟੀ ਨਹੀਂ ਕਰਦਾ, ਪਰ ਸਿੱਖ ਸੰਗਤ ਵਿੱਚ ਜੱਸਾ ਸਿੰਘ ਨੂੰ ਸੁਲਤਾਨ ਉਲ-ਕੌਮ ਦੇ ਨਾਂ ਨਾਲ ਜਾਣਿਆ ਜਾਣਾ ਗਿਆਨੀ ਗਿਆਨ ਸਿੰਘ ਦੇ ਦਾਅਵੇ ਨੂੰ ਪੁਖਤਾ ਜਰੂਰ ਕਰਦਾ ਹੈ। ਹੋਰ ਮਿਸਲਾਂ ਵਾਂਗ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਆਹਲੂਵਾਲੀਆ ਮਿਸਲ ਦੀ ਬੰਸਾਵਲੀ, ਜੱਸਾ ਸਿੰਘ ਆਹੂਲਵਾਲੀਆ ਦੇ ਜੀਵਨ, ਜਿੱਤੇ ਗਏ ਇਲਾਕਿਆਂ ਬਾਰੇ, ਉਸ ਵੱਲੋਂ ਜਾਰੀ ਕੀਤੇ ਗਏ ਸਿੱਕੇ ਬਾਰੇ ਵਿਸਥਾਰਪੂਰਵਕ ਲਿਖਦਾ ਹੈ, ਜਿਸ ਦੀ ਪੁਸ਼ਟੀ ਹੋਰ ਇਤਿਹਾਸਕਾਰ ਵੀ ਕਰਦੇ ਹਨ। ਜੱਸਾ ਸਿੰਘ ਆਹਲੂਵਾਲੀਆ ਦੀ ਔਲਾਦ ਨਾ ਹੋਣ ਸੰਬੰਧੀ ਭਗਤ ਸਿੰਘ ਗਿਆਨੀ ਗਿਆਨ ਸਿੰਘ ਨਾਲ ਸਹਿਮਤ ਨਹੀਂ ਹੈ।

ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਫ਼ਤਿਹ ਸਿੰਘ ਆਹਲੂਵਾਲੀਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪੱਗ ਵੱਟ ਭਗ ਬਣਨ ਤੋਂ ਬਾਅਦ ਸੰਬੰਧਾਂ ਬਾਰੇ ਕੋਈ ਖ਼ਾਸ ਜਾਣਕਾਰੀ ਨਹੀਂ ਦਿੰਦਾ। ਆਹਲੂਵਾਲੀਆ ਮਿਸਲ ਨਾਲ ਸੰਬੰਧਿਤ ਰਾਜਾ ਰਣਧੀਰ ਸਿੰਘ ਜੋ ਕਿ ਕਪੂਰਥਲਾ ਦਾ ਰਾਜਾ ਸੀ, ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਨਾਲ ਬਾਕੀ ਦੇ ਲੇਖਕ ਵੀ ਸਹਿਮਤ ਹਨ। ਇੱਕ ਤਰ੍ਹਾਂ ਨਾਲ ਆਹਲੂਵਾਲੀਆ ਮਿਸਲ ਸੰਬੰਧੀ ਗਿਆਨੀ ਗਿਆਨ ਸਿੰਘ ਨੇ ਜਿੰਨੀ ਵੀ ਜਾਣਕਾਰੀ ਦਿੱਤੀ ਹੈ, ਉਸ ਨਾਲ ਤਕਰੀਬਨ ਸਾਰੇ ਹੀ ਇਤਿਹਾਸਕਾਰ ਸਹਿਮਤ ਹਨ।

ਫੂਲਕੀਆਂ ਮਿਸਲ ਸੰਬੰਧੀ ਸਾਰੇ ਲੇਖਕ ਗਿਆਨੀ ਗਿਆਨ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ, ਸਿਰਫ਼ ਅਹਿਮਦ ਸ਼ਾਹ ਬਟਾਲਵੀ ਅਜਿਹਾ ਲੇਖਕ ਹੈ, ਜੋ ਆਲਾ ਸਿੰਘ ਤੋਂ ਬਾਅਦ ਸਰਦੂਲ ਸਿੰਘ ਨੂੰ ਅਮਰ ਸਿੰਘ ਦੀ ਥਾਂ ‘ਤੇ ਪਟਿਆਲਾ ਦਾ ਸ਼ਾਸ਼ਕ ਲਿਖਦਾ ਹੈ। ਆਲਾ ਸਿੰਘ ਦੀ ਅਬਦਾਲੀ ਨਾਲ ਦੋਸਤੀ ਸੰਬੰਧੀ ਸਾਰੇ ਹੀ ਲੇਖਕ ਗਿਆਨੀ ਗਿਆਨ ਸਿੰਘ ਨਾਲ ਸਹਿਮਤੀ ਪ੍ਰਗਟ ਕਰਦੇ ਹਨ। ਗਿਆਨੀ ਗਿਆਨ ਸਿੰਘ

ਵੱਲੋਂ ਪਟਿਆਲਾ ਰਿਆਸਤ ਦੇ ਇਲਾਕੇ ਜਾਰਜ ਵੱਲੋਂ ਦੱਬਣ ਸੰਬੰਧੀ ਕੋਈ ਦੂਜਾ ਇਤਿਹਾਸਕਾਰ ਜਾਣਕਾਰੀ ਨਹੀਂ ਦਿੰਦਾ। ਇਸ ਲਈ ਇਹ ਜਾਣਕਾਰੀ ਖੋਜ ਦਾ ਧਿਆਨ ਮੰਗਦੀ ਹੈ। ਸੂਰਤੀਆ ਸਿੰਘ ਦੇ ਨਾਭਾ ਰਿਆਸਤ ਦੀ ਗੱਦੀ 'ਤੇ ਬੈਠਣ ਸੰਬੰਧੀ ਲੈਪਲ ਗ੍ਰਿਫ਼ਨ ਤੇ ਸੋਹਣ ਸਿੰਘ ਸੀਤਲ ਗਿਆਨੀ ਗਿਆਨ ਸਿੰਘ ਨਾਲ ਇੱਕ ਰਾਇ ਨਹੀਂ ਰੱਖਦੇ, ਬਾਕੀ ਨਾਭਾ ਰਿਆਸਤ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਵੱਲੋਂ ਦਿੱਤੀ ਜਾਣਕਾਰੀ ਸਰਵਪ੍ਰਵਾਨਿਤ ਹੈ।

ਮਿਸਲ ਕਾਲ ਸੰਬੰਧੀ ਦੋਵਾਂ ਪੰਥ ਪ੍ਰਕਾਸ਼ਾਂ ਦੇ ਕੀਤੇ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਰਤਨ ਸਿੰਘ ਭੰਗੂ ਦੀ ਮਿਸਲਾਂ ਸੰਬੰਧੀ ਜਾਣਕਾਰੀ ਜ਼ਿਆਦਾ ਵਿਸਥਾਰਮਈ ਤੇ ਸਿਲਸਿਲੇਵਾਰ ਨਹੀਂ। ਉਸ ਵੱਲੋਂ ਦਿੱਤੇ ਗਏ ਮਿਸਲਾਂ ਦੇ ਸਰਦਾਰਾਂ ਦੇ ਨਾਂ ਜਾਂ ਉਨ੍ਹਾਂ ਨਾਲ ਜੁੜੀਆਂ ਘਟਨਾਵਾਂ ਵੱਖੋ-ਵੱਖਰੀਆਂ ਸਾਖੀਆਂ ਵਿੱਚ ਬਹੁਤ ਹੀ ਸੰਖੇਪ ਰੂਪ ਵਿੱਚ ਮਿਲਦੀਆਂ ਹਨ। ਰਤਨ ਸਿੰਘ ਭੰਗੂ ਦੀ ਲਿਖਤ ਵਿੱਚੋਂ ਸਿਰਫ਼ ਮਿਸਲਾਂ ਦੇ ਨਾਂ ਜਾਂ ਮਿਸਲਾਂ ਨਾਲ ਸੰਬੰਧਿਤ ਕੁਝ ਕੁ ਸਿਰਕੱਢ ਸਰਦਾਰਾਂ ਦੇ ਨਾਂ ਹੀ ਲੱਭਦੇ ਹਨ। ਉਸ ਵੱਲੋਂ ਜ਼ਿਆਦਾਤਰ ਧਿਆਨ ਆਪਣੇ ਖਾਨਦਾਨ ਨਾਲ ਸੰਬੰਧਿਤ ਭਾਵ ਨਾਨਾ ਸ਼ਯਾਮ ਸਿੰਘ ਦੀ ਮਿਸਲ ਕਰੋੜਸਿੰਘੀਆ ਅਤੇ ਉਸ ਤੋਂ ਬਾਅਦ ਰਾਮਗੜ੍ਹੀਆ ਮਿਸਲ ਉੱਪਰ ਹੀ ਰਿਹਾ। ਰਤਨ ਸਿੰਘ ਭੰਗੂ ਪੰਜ ਮਿਸਲਾਂ ਬੁੱਢਾ ਦਲ ਅਤੇ ਪੰਜ ਤਰਨਾ ਦਲ ਵਿੱਚੋਂ ਉਪਜੀਆਂ ਦੱਸ ਕੇ ਮਿਸਲਾਂ ਦੀ ਕੁਝ ਗਿਣਤੀ 10 ਹੀ ਦੱਸਦਾ ਹੈ ਅਤੇ ਗਿਆਰ੍ਹਵੀਂ ਮਿਸਲ ਫੂਲਕੀਆਂ ਨੂੰ ਲਿਖਦਾ ਹੈ।

ਇਹ ਸਹੀ ਹੈ ਕਿ ਰਤਨ ਸਿੰਘ ਭੰਗੂ ਦੀ ਮਿਸਲ ਕਾਲ ਸੰਬੰਧੀ ਜਾਂਣਕਾਰੀ ਸੰਖੇਪ ਤਾਂ ਜਰੂਰ ਹੈ, ਪਰ ਉਸ ਦੇ ਪੁਖਤਾ ਅਤੇ ਮੌਲਿਕ ਹੋਣ 'ਤੇ ਸੰਦੇਹ ਨਹੀਂ ਕੀਤਾ ਜਾ ਸਕਦਾ। ਮਿਸਲ ਕਾਲ ਸੰਬੰਧੀ ਰਤਨ ਸਿੰਘ ਭੰਗੂ ਵੱਲੋਂ ਦਿੱਤੀ ਜਾਣਕਾਰੀ ਦੇ ਸੰਖੇਪ ਹੋਣ ਦਾ ਕਾਰਨ ਇਹ ਵੀ ਹੈ ਕਿ ਉਸ ਦਾ ਮਕਸਦ ਸਿੱਖ ਇਤਿਹਾਸ ਲਿਖਣਾ ਨਹੀਂ ਸੀ, ਬਲਕਿ ਸਿੱਖਾਂ ਦੇ ਠੋਸ ਇਰਾਦਿਆਂ, ਸਿਦਕ, ਸਿਰੜ, ਦਲੇਰੀ ਆਦਿ ਗੁਣਾਂ ਨੂੰ ਉਜਾਗਰ ਕਰਕੇ ਅੰਗਰੇਜ਼ਾਂ ਸਾਹਮਣੇ ਸਿੱਖਾਂ ਦੇ ਰਾਜ ਹਾਸਿਲ ਕਰਨ ਤੱਕ ਦੇ ਸਫ਼ਰ ਨੂੰ ਬਿਆਨਣਾ ਸੀ। ਸ਼ਾਇਦ ਇਸੇ ਕਰਕੇ ਰਤਨ ਸਿੰਘ ਭੰਗੂ ਨੇ ਮਿਸਲਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣ ਦੀ ਬਜਾਇ ਮਿਸਲਾਂ ਨਾਲ ਸੰਬੰਧਿਤ ਸਿਰਕੱਢ ਸਰਦਾਰਾਂ ਦੀ ਦ੍ਰਿੜਤਾ, ਬਹਾਦਰੀ ਅਤੇ ਹੋਰ ਵਿਸ਼ੇਸ਼ ਗੁਣਾਂ ਨੂੰ ਆਪਣੀ ਲਿਖਤ ਰਾਹੀਂ ਉਭਾਰਿਆ। ਰਤਨ ਸਿੰਘ ਭੰਗੂ ਵੱਲੋਂ ਮਿਸਲਾਂ ਸੰਬੰਧੀ ਸੰਪੂਰਨ ਜਾਣਕਾਰੀ ਨਾ ਦੇਣ ਦਾ ਦੂਜਾ ਕਾਰਣ ਇਹ ਵੀ ਕਿ ਮਿਸਲ ਕਾਲ ਦੇ ਵੇਲੇ ਤੱਕ ਕਈ ਅੰਗਰੇਜ਼ ਲਿਖਾਰੀਆਂ ਵੱਲੋਂ ਮਿਸਲਾਂ ਜਾਂ ਮਿਸਲਾਂ ਦੇ ਪ੍ਰਮੁੱਖ ਸਰਦਾਰਾਂ ਸੰਬੰਧੀ ਅਤੇ ਉੱਘੇ ਸਿੱਖ ਖਾਨਦਾਨਾਂ ਸੰਬੰਧੀ ਆਪਣੀਆਂ ਲਿਖਤਾਂ ਵਿੱਚ ਜਾਣਕਾਰੀ ਦਿੱਤੀ ਜਾ ਚੁੱਕੀ ਸੀ, ਹੋ ਸਕਦੈ ਹੈ ਕਿ ਇਹੀ ਵਜ੍ਹਾ ਕਰਕੇ ਰਤਨ ਸਿੰਘ ਭੰਗੂ ਨੇ ਮਿਸਲ ਕਾਲ ਬਾਰੇ

ਵਿਸਥਾਰਪੂਰਵਕ ਲਿਖਣ ਤੋਂ ਗੁਰੇਜ਼ ਕੀਤਾ ਹੋਵੇ।

ਮਿਸਲ ਕਾਲ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਕਾਲ ਗਿਣਿਆ ਜਾਂਦਾ ਹੈ। ਇਸ ਸਮੇਂ ਦੌਰਾਨ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦੇ ਸਿੱਖ ਸੰਘਰਸ਼ ਵਿੱਚੋਂ ਉਪਜੇ ਸਿੱਖ ਜਥਿਆਂ ਨੇ ਮੁਗਲਾਂ, ਅਫ਼ਗਾਨਾਂ, ਮਰਹੱਟਿਆਂ ਨਾਲ ਚਲ ਰਹੇ ਲੰਬੇ ਘੋਲ ਵਿੱਚੋਂ ਜੇਤੂ ਹੋ ਕੇ ਮਿਸਲਾਂ ਦੇ ਰੂਪ ਵਿੱਚ ਆਪੋ ਆਪਣੇ ਸੁਤੰਤਰ ਸਿੱਖ ਰਾਜ ਸਥਾਪਿਤ ਕਰ ਲਏ ਸਨ। ਸੰਯੁਕਤ ਰੂਪ ਵਿੱਚ ਸਿੱਖ ਮਿਸਲਾਂ ਦਾ ਇਹ ਰਾਜ ਜਮਨਾ ਦਰਿਆ ਦੀਆਂ ਹੱਦਾਂ ਤੋਂ ਲੈ ਕੇ ਦਰਿਆ ਰਾਵੀ ਨੂੰ ਪਾਰ ਕਰਕੇ ਦਰਿਆ ਜੇਹਲਮ ਅਤੇ ਦਰਿਆ ਸਿੰਧ ਦੇ ਇਲਾਕਿਆਂ ਤੱਕ ਫ਼ੈਲਿਆ ਹੋਇਆ ਸੀ। ਕਦੇ ਕਦੇ ਸਿੱਖ ਸਰਦਾਰ ਗੰਗ ਦੁਆਬ ਦੇ ਇਲਾਕਿਆਂ ਵਿੱਚੋਂ ਵੀ ਲੁੱਟ-ਮਾਰ ਜਾਂ ਨਜ਼ਰਾਨਾ ਵਸੂਲ ਕਰਕੇ ਲੈ ਆਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਸਮਾਂ, ਜਿਸ ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਕਾਲ ਵੀ ਕਿਹਾ ਜਾਂਦਾ ਹੈ, ਮਿਸਲ ਕਾਲ ਦੀ ਕੁੱਖੋਂ ਹੀ ਪੈਦਾ ਹੋਇਆ। ਜੇ ਸਿੱਖ ਮਿਸਲਾਂ ਹੋਂਦ ਵਿੱਚ ਨਾ ਆਉਂਦੀਆਂ ਤੇ ਆਪਣੇ ਰਾਜ-ਭਾਗ ਸਥਾਪਿਤ ਨਾ ਕਰਦੀਆਂ ਤਾਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਿਤ ਵਿਸ਼ਾਲ ਖ਼ਾਲਸਾ ਰਾਜ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ ਤੇ ਸਿੱਖ ਇਤਿਹਾਸ ਵੀ ਹੋਰ ਹੀ ਹੋਣਾ ਸੀ। ਇਹ ਵੀ ਸੰਭਵ ਸੀ ਕਿ ਸਿੱਖ ਅਫ਼ਗਾਨ ਸਾਸ਼ਨ ਜਾਂ ਮਰਾਠਾ ਰਾਜ ਦਾ ਹਿੱਸਾ ਹੁੰਦੇ ਜਾਂ ਅੰਗਰੇਜ਼ਾਂ ਦੇ ਗੁਲਾਮ 60-70 ਸਾਲ ਪਹਿਲਾਂ ਹੀ ਹੋ ਜਾਂਦੇ। ਸਿੱਖ ਇਤਿਹਾਸ ਦੇ ਐਨਾ ਮਹੱਤਵਪੂਰਨ ਹਿੱਸਾ ਰਤਨ ਸਿੰਘ ਭੰਗੂ ਦੀ ਲਿਖਤ ਵਿੱਚ ਸੀਮਿਤ ਸ਼ਬਦਾਂ ਵਿੱਚ ਹੀ ਦਰਜ ਹੈ। ਦੂਜੇ ਬੰਨੀ ਗਿਆਨੀ ਗਿਆਨ ਸਿੰਘ ਦੀ ਲਿਖਤ ਰਤਨ ਸਿੰਘ ਭੰਗੂ ਦੀ ਲਿਖਤ ਦੇ ਮੁਕਾਬਲਤਨ ਮਿਸਲ ਕਾਲ ਸੰਬੰਧੀ ਬੜੀ ਹੀ ਤਰਤੀਬਬੱਧ, ਸਿਲਸਿਲੇਵਾਰ ਅਤੇ ਵਿਸਥਾਰਪੂਰਵਕ ਜਾਣਕਾਰੀ ਉਪਲੱਬਧ ਕਰਵਾਉਂਦੀ ਹੈ। ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿੱਚ ਹਰ ਇੱਕ ਮਿਸਲ, ਉਸ ਦੇ ਮੋਢੀ, ਖਾਨਦਾਨ, ਪਿੰਡ, ਉਸ ਵੱਲੋਂ ਜਿੱਤੇ ਇਲਾਕੇ, ਉਸ ਦੇ ਵਾਰਿਸ, ਹਰ ਮਿਸਲ ਨਾਲ ਸੰਬੰਧਿਤ ਸਰਦਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਗਿਆਨੀ ਗਿਆਨ ਸਿੰਘ ਕਈ ਵੱਡੀਆਂ ਮਿਸਲਾਂ ਦੀ ਸਾਲਾਨਾ ਆਮਦਨ ਅਤੇ ਉਨ੍ਹਾਂ ਵੱਲੋਂ ਰੱਖੀ ਘੋੜਸਵਾਰ ਸੈਨਾ ਦੀ ਗਿਣਤੀ ਵੀ ਆਪਣੀ ਲਿਖਤ ਵਿੱਚ ਦੱਸਦਾ ਹੈ। ਉਸ ਨੇ ਵੱਖ ਵੱਖ ਮਿਸਲਾਂ ਦੇ ਆਪਸੀ ਸੰਬੰਧ, ਰਿਸ਼ਤੇਦਾਰੀਆਂ, ਸਰਦਾਰਾਂ ਦੀ ਦੁਸ਼ਮਣੀ ਆਦਿ ਨੂੰ ਵੀ ਵਿਸਥਾਰਪੂਵਰਕ ਬਿਆਨਿਆ ਹੈ। ਗਿਆਨੀ ਗਿਆਨ ਸਿੰਘ ਉਸ ਸਮੇਂ ਦੇ ਪ੍ਰਸਿੱਧ ਮਿਸਲ ਸਰਦਾਰਾਂ, ਜਿਵੇਂ ਕਿ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਸੰਗਤ ਸਿੰਘ ਨਿਸ਼ਾਨਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸ਼ੁੱਕਰਚੱਕੀਆ, ਤਾਰਾ ਸਿੰਘ ਘੇਬਾ, ਜੈ ਸਿੰਘ ਨੱਕਈ, ਬਘੇਲ ਸਿੰਘ ਕਰੋੜਸਿੰਘੀਆ, ਆਦਿ ਦੀ ਬਹਾਦਰੀ, ਸੂਰਬੀਰਤਾ, ਉਨ੍ਹਾਂ ਵੱਲੋਂ ਦੁਸ਼ਮਣਾਂ ਤੋਂ ਵਸੂਲੇ ਨਜ਼ਰਾਨੇ, ਆਪਣੇ ਉੱਤੇ

ਜਰੀਆਂ ਭੀੜਾਂ, ਉਨ੍ਹਾਂ ਦੇ ਸਿਦਕ ਅਤੇ ਸਿਰੜ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਗਿਆਨੀ ਗਿਆਨ ਸਿੰਘ ਮਿਸਲ ਕਾਲ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੰਦਾ ਹੈ। ਉਸ ਨੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਿੱਤ ਕੇ ਆਪਣੇ ਰਾਜ ਵਿੱਚ ਸ਼ਾਮਿਲ ਕੀਤੇ ਇਲਾਕਿਆਂ ਬਾਰੇ, ਮਹਾਰਾਜਾ ਰਣਜੀਤ ਸਿੰਘ ਦੀ ਵਿਸਥਾਰ ਨੀਤੀ, ਉਸ ਦੇ ਦੂਜੀਆਂ ਮਿਸਲਾਂ ਜਾਂ ਸਮਕਾਲੀ ਸਿੱਖ ਸਰਦਾਰਾਂ ਨਾਲ ਸੰਬੰਧ, ਅੰਗਰੇਜ਼ਾਂ ਨਾਲ ਸੰਬੰਧ, ਰਾਜ ਦੀ ਸਾਲਾਨਾ ਆਮਦਨ, ਫ਼ੌਜ ਦੀ ਕੁਲ ਗਿਣਤੀ, ਰਣਜੀਤ ਸਿੰਘ ਦੇ ਖਾਨਦਾਨ ਬਾਰੇ ਬੜੇ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਗਿਆਨੀ ਗਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲਸਾ ਦਰਬਾਰ ਵਿੱਚ ਫ਼ੈਲੀ ਬੁਰਛਾਗਰਦੀ, ਉਸ ਦੇ ਪਰਿਵਾਰ ਦਾ ਪਤਨ, ਡੋਗਰਿਆਂ ਦਾ ਰੋਲ, ਲਾਲ ਸਿੰਘ ਤੇ ਤੇਜਾ ਸਿੰਘ ਦੀ ਗਦਾਰੀ, ਦੋਵੇਂ ਐਂਗਲੋ-ਸਿੱਖ ਯੁੱਧਾਂ ਦੀਆਂ ਲੜਾਈਆਂ, ਦਲੀਪ ਸਿੰਘ ਨੂੰ ਗੱਦੀਓਂ ਲਾਹੁਣਾ, ਰਾਣੀ ਜਿੰਦ ਕੌਰ ਦੀ ਜਲਾਵਤਨੀ, ਅੰਗਰੇਜਾਂ ਦਾ ਪੰਜਾਬ 'ਤੇ ਕਬਜ਼ਾ, ਦਲੀਪ ਸਿੰਘ ਨੂੰ ਵਲੈਤ ਭੇਜਣ, ਉਸ ਦੇ ਧਰਮ ਪਰਿਵਰਤਨ ਅਤੇ ਵਿਆਹ ਸੰਬੰਧੀ ਵੀ ਵਿਸਥਾਰਪੂਰਵਕ ਅਤੇ ਸਟੀਕ ਜਾਣਕਾਰੀ ਦਿੰਦਾ ਹੈ। ਇਸ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਨੇ ਫੂਲਕੀਆਂ ਮਿਸਲ ਨਾਲ ਸੰਬੰਧਿਤ ਪਟਿਆਲਾ, ਨਾਭਾ ਅਤੇ ਜ਼ੀਂਦ ਦੀਆਂ ਰਿਆਸਤਾ ਬਾਰੇ ਵੀ ਵਿਸਥਾਰਪੂਰਵਕ ਚਾਨਣਾ ਪਾਇਆ ਹੈ। ਉਸ ਨੇ ਆਪਣੀ ਲਿਖਤ ਰਾਹੀਂ ਰਿਆਸਤ ਪਟਿਆਲਾ ਦੇ ਮਹਾਰਾਜਾ ਆਲਾ ਸਿੰਘ ਤੇ ਅਮਰ ਸਿੰਘ ਦੇ ਅਬਦਾਲੀ ਨਾਲ ਦੋਸਤਾਨਾ ਸੰਬੰਧਾਂ ਨੂੰ ਵੀ ਆਪਣੀ ਲਿਖਤ ਰਾਹੀਂ ਉਭਾਰਿਆ ਹੈ।

ਇਹ ਖੋਜ-ਪ੍ਰਬੰਧ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਲਿਖੇ ਗਏ ਪੰਥ ਪ੍ਰਕਾਸ਼ਾਂ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਹੈ। ਇਸ ਵਿੱਚ ਸਿੱਖ ਇਤਿਹਾਸ ਦੇ ਤਿੰਨੋਂ ਪ੍ਰਮੁੱਖ ਕਾਲ ਗੁਰੂ ਕਾਲ, ਬਾਬਾ ਬਾਬਾ ਬੰਦਾ ਸਿੰਘ ਬਹਾਦਰ ਕਾਲ ਅਤੇ ਮਿਸਲ ਕਾਲ ਦਾ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ। ਸਿੱਖ ਇਤਿਹਾਸ ਦੇ ਤਿੰਨੇ ਕਾਲਾਂ ਦਾ ਸੰਪੂਰਨ ਤੁਲਨਾਤਮਿਕ ਅਧਿਐਨ ਇੱਥੇ ਸੰਪੰਨ ਹੋ ਚੁੱਕਿਆ ਹੈ। ਅਖ਼ੀਰ ਵਿੱਚ ਦੋਵੇਂ ਲੇਖਕਾਂ ਦੀ ਨਿੱਜੀ ਜਿੰਦਗੀ, ਉਨ੍ਹਾਂ ਦੀ ਲਿਖਤਾਂ ਵਿੱਚ ਪਾਈਆਂ ਗਈਆਂ ਵਿਭਿੰਨਤਾਵਾਂ, ਖੋਜ ਕਾਰਜ ਦੌਰਾਨ ਕੁਝ ਸਾਹਮਣੇ ਆਈ ਜਾਣਕਾਰੀ ਤੇ ਭਵਿੱਖ ਲਈ ਉਪਜੀਆਂ ਸੰਭਾਵਨਾਵਾਂ ਦੀ ਵਿਆਖਿਆ 'ਸਾਰ ਅਤੇ ਸਥਾਪਨਾਵਾਂ' ਦੇ ਰੂਪ ਵਿੱਚ ਅੱਗੇ ਕੀਤੀ ਗਈ ਹੈ।

# ਸਾਰ ਅਤੇ ਸਥਾਪਨਾਵਾਂ

ਹੱਥਲੇ ਖੋਜ ਕਾਰਜ ਦੇ ਅਧਿਆਇ ਪਹਿਲੇ ਵਿੱਚ ਮੁੱਖ ਤੌਰ ‘ਤੇ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਦੇ ਸ੍ਰੋਤਾਂ ਦੇ ਲੜੀਵਾਰ ਸਰਵੇਖਣ ਰਾਹੀਂ ਤਰਤੀਬਬੱਧ ਰੂਪ ਵਿੱਚ ਸਿੱਖ ਇਤਿਹਾਸ ਨੂੰ ਸਮਝਣ ਅਤੇ ਜੋੜਨ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਦੋਵੇਂ ਗ੍ਰੰਥਾਂ ਵਿੱਚ ਦਰਜ ਜਾਣਕਾਰੀ ਨੂੰ ਆਧੁਨਿਕ ਪਹੁੰਚ ਵਿਧੀਆਂ ਅਤੇ ਅੰਤਰਦ੍ਰਿਸ਼ਟੀ ਦੇ ਅੰਤਰਗਤ ਨਿਰਖਿਆ-ਪਰਖਿਆ ਜਾ ਸਕੇ। ਇਸ ਦੇ ਨਾਲ ਹੀ ਵਿਸ਼ੇ ਨਾਲ ਸੰਬੰਧਿਤ ਸ੍ਰੋਤਾਂ ਦਾ ਵੀ ਸਰਵੇਖਣ ਤੇ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਵੱਖ ਵੱਖ ਲਿਖਤਾਂ ਵਿੱਚ ਸੰਬੰਧਿਤ ਸ੍ਰੋਤਾਂ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਦੇ ਮੁਲਾਂਕਣ ਨੂੰ ਵਾਚਿਆ ਜਾ ਸਕੇ।

ਇਸ ਖੋਜ ਕਾਰਜ ਦਾ ਅਧਿਆਇ ਦੂਜਾ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਜੀਵਨ ਅਤੇ ਸਮਕਾਲ ਨਾਲ ਸੰਬੰਧਿਤ ਹੈ। ਇਸ ਅਧਿਆਇ ਦੌਰਾਨ ਦੋਵੇਂ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦਾ ਪਰਿਵਾਰਿਕ ਪਿਛੋਕੜ, ਉਨ੍ਹਾਂ ਆਦਰਸ਼ ਸਿੱਖ ਸ਼ਹੀਦਾਂ ਨਾਲ ਜੁੜਦਾ ਹੈ, ਜਿਨ੍ਹਾਂ ਨੇ ਸਿੱਖ ਸੰਘਰਸ਼, ਸਿੱਖੀ ਦੀ ਹੋਂਦ ਜਾਂ ਖ਼ਾਲਸਾ ਰਾਜ ਦੀ ਸਥਾਪਨਾ ਲਈ ਸਿੱਖ ਕੌਮ ਵੱਲੋਂ ਲੜੇ ਗਏ ਵੱਖ-ਵੱਖ ਸੰਘਰਸ਼ਾਂ ਵਿੱਚ ਅਹਿਮ ਯੋਗਦਾਨ ਪਾਇਆ।

ਰਤਨ ਸਿੰਘ ਭੰਗੂ ਦੇ ਦਾਦਕਾ ਪਰਿਵਾਰ ਵਿੱਚੋਂ ਦਾਦਾ ਮਹਿਤਾਬ ਸਿੰਘ ਨੇ ਸੁੱਖਾ ਸਿੰਘ ਨਾਲ ਮਿਲ ਕੇ ਮੱਸਾ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਸਿਰ ਵੱਢਿਆ, ਦੂਜੇ ਪਾਸੇ ਉਸ ਦੇ ਨਾਨਕਾ ਪਰਿਵਾਰ ਵੱਲੋਂ ਉਸ ਦੇ ਨਾਨਾ ਸ਼ਯਾਮ ਸਿੰਘ ਕਰੋੜਸਿੰਘੀਆ ਨੇ ਵੀ ਮੁਗਲਾਂ-ਅਫ਼ਗਾਨਾਂ ਖਿਲਾਫ਼ ਸਿੱਖ ਸੰਘਰਸ਼ ਵਿੱਚ ਅਤੇ ਦਲ ਖ਼ਾਲਸਾ ਦੀਆਂ ਮੁਹਿਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ। ਇਸ ਤੋਂ ਇਲਾਵਾ ਰਤਨ ਸਿੰਘ ਭੰਗੂ ਦਾ ਪਿਤਾ ਰਾਇ ਸਿੰਘ ਵੀ ਤੁਰਕਾਂ ਖਿਲਾਫ ਸਿੱਖ ਮੁਹਿੰਮਾਂ ਵਿੱਚ ਆਪਣੇ ਸਮੇਂ ਦੌਰਾਨ ਦਲ ਖ਼ਾਲਸਾ ਅਤੇ ਕਰੋੜਸਿੰਘੀਆ ਮਿਸਲ ਵਿੱਚ ਸਰਗਮ ਰਿਹਾ।

ਗਿਆਨੀ ਗਿਆਨ ਸਿੰਘ ਦੇ ਪਰਿਵਾਰਿਕ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਦੀ ਬੰਸਾਵਲੀ ਪ੍ਰਿਥਵੀ ਰਾਜ ਚੌਹਾਨ ਦੇ ਨਾਲ ਜਾ ਕੇ ਜੁੜਦੀ ਹੈ। ਇਸ ਖੋਜ ਕਾਰਜ ਤੋਂ ਗਿਆਨੀ ਗਿਆਨ ਸਿੰਘ ਦੇ ਖ਼ਾਨਦਾਨ ਦੇ ਵਡੇਰਿਆਂ ਦੁਆਰਾ ਨੌਵੇਂ ਗੁਰੂ ਸਾਹਿਬ ਦੀ ਮਾਲਵਾ ਫੇਰੀ ਦੌਰਾਨ ਸਿੱਖ ਬਣਨ ਅਤੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਉਸ ਦੇ ਵਡੇਰਿਆਂ ਵੱਲੋਂ ਜੰਗਾਂ-ਯੁੱਧਾਂ ਵਿੱਚ ਹਿੱਸਾ ਲੈਣ ਅਤੇ ਸਿੰਘ ਸਜਣ ਬਾਰੇ ਵੀ

ਪਤਾ ਲੱਗਦਾ ਹੈ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਵੀ ਗਿਆਨੀ ਗਿਆਨ ਸਿੰਘ ਦੇ ਖ਼ਾਨਦਾਨ ਨੂੰ ਕਾਫ਼ੀ ਨੁਕਸਾਨ ਉਠਾਉਣ ਅਤੇ ਉਨ੍ਹਾਂ ਦੇ ਉਜਾੜੇ ਬਾਰੇ ਪਤਾ ਲੱਗਦਾ ਹੈ। ਇਸ ਖੋਜ ਕਾਰਜ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗਿਆਨੀ ਗਿਆਨ ਸਿੰਘ ਦਾਦਾ ਜੀ ਦੇ ਦੋ ਭਰਾ ਬਰਾਜ ਸਿੰਘ ਅਤੇ ਅੱਗੜ ਸਿੰਘ ਸਿੱਖ ਸੰਘਰਸ਼ ਵਿੱਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਸਿੰਘਾਂ ਵਿੱਚੋਂ ਸਨ। ਗਿਆਨੀ ਗਿਆਨ ਸਿੰਘ ਦੇ ਨਾਨਕਾ ਪਰਿਵਾਰ ਵਿੱਚੋਂ ਉਸ ਦੇ ਮਾਮਾ ਕਰਮ ਸਿੰਘ ਦੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਸ ਦੀ ਫ਼ੌਜ ਵਿੱਚ ਸੂਬੇਦਾਰ ਦੇ ਅਹੁਦੇ 'ਤੇ ਤਾਇਨਾਤ ਹੋਣ ਬਾਰੇ ਵੀ ਪਤਾ ਲੱਗਦਾ ਹੈ।

ਇਸ ਖੋਜ ਕਾਰਜ ਤੋਂ ਮਾਲੂਮ ਪੈਂਦਾ ਹੈ ਕਿ ਰਤਨ ਸਿੰਘ ਭੰਗੂ ਦਾ ਜੀਵਨ ਕਾਲ ਬਹੁਤ ਹੀ ਸ਼ਾਨਦਾਰ ਗੁਜ਼ਰਿਆ। ਉਹ ਆਪਣੇ ਸਮੇਂ ਦਾ ਚੰਗਾ ਪੜ੍ਹਿਆ ਲਿਖਿਆ ਰਈਸ ਸੀ ਅਤੇ ਕਾਫ਼ੀ ਉੱਚੇ ਖ਼ਾਨਦਾਨ ਨਾਲ ਸੰਬੰਧ ਰੱਖਦਾ ਸੀ, ਜਿਸ ਕਰ ਕੇ ਉਸ ਦੇ ਅੰਗਰੇਜ਼ ਹਕੂਮਤ ਨਾਲ ਸੰਬੰਧ ਵੀ ਬੜੇ ਨਿੱਘੇ ਸਨ। ਦੂਜੇ ਪਾਸੇ ਗਿਆਨ ਗਿਆਨ ਸਿੰਘ ਇੱਕ ਸਾਧਾਰਨ ਗਰੀਬ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਪਰ ਸਾਧਾਰਨ ਪਰਿਵਾਰ ਵਿੱਚ ਜਨਮੇ ਹੋਣ ਦੇ ਬਾਵਜੂਦ ਵੀ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਆਕਤ, ਯੋਗਤਾ ਤੇ ਸਿਆਣਪ ਸਦਕਾ ਛੋਟੀ ਉਮਰ ਤੋਂ ਮਹਾਰਾਜਾ ਰਣਜੀਤ ਸਿੰਘ, ਪਟਿਆਲਾ ਅਤੇ ਨਾਭਾ ਰਿਆਸਤਾਂ ਦੀ ਛਤਰ ਛਾਇਆ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਹੁਨਰ ਸਦਕਾ ਉੱਚਾ ਉੱਠਣ ਦੀ ਨਿਰੰਤਰ ਕੋਸ਼ਿਸ਼ ਕੀਤੀ ਅਤੇ ਆਪਣੀ ਸਾਰੀ ਉਮਰ ਇਮਾਨਦਾਰੀ ਨਾਲ ਸਿੱਖ ਸਾਹਿਤ ਇਕੱਠਾ ਕਰਨ ਅਤੇ ਲਿਖਣ ਵਿੱਚ ਹੀ ਲਾ ਦਿੱਤੀ।

ਇਸ ਅਧਿਐਨ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ਵਿੱਚ ਦਰਜ ਜਾਣਕਾਰੀ ਲਈ ਇਤਿਹਾਸਿਕ ਸ੍ਰੋਤਾਂ ਦੀ ਵਰਤੋਂ ਤਾਂ ਕੀਤੀ ਹੈ, ਪਰ ਉਸ ਨੇ ਮੌਖਿਕ ਪ੍ਰੰਪਰਾ ਦੇ ਪ੍ਰਭਾਵ ਹੇਠ ਜ਼ਿਆਦਾਤਰ ਸਣੌਤਾਂ ਦਾ ਸਹਾਰਾ ਲੈ ਕੇ, ਜੋ ਜਾਣਕਾਰੀ ਉਸ ਨੇ ਆਪਣੇ ਵੱਡੇ ਵਡੇਰਿਆਂ ਤੋਂ ਸੁਣ ਕੇ ਇਕੱਠੀ ਕੀਤੀ, ਉਸ ਨੂੰ ਪੰਥ ਪ੍ਰਕਾਸ਼ ਵਿੱਚ ਜ਼ਿਆਦਾ ਜਗ੍ਹਾ ਦਿੱਤੀ। ਜਦੋਂ ਕਿ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਦੇ ਉਲਟ ਉਸ ਵੇਲੇ ਜੀਵਨ ਹੰਢਾ ਰਹੇ ਲੰਬੀ ਉਮਰ ਦੇ ਬਜ਼ੁਰਗਾਂ ਤੋਂ ਸਿੱਖ ਇਤਿਹਾਸ ਬਾਰੇ ਮੌਖਿਕ ਜਾਣਕਾਰੀ ਇਕੱਠੀ ਕਰਨ ਤੋਂ ਇਲਾਵਾ ਖੁਦ ਸਿੱਖ ਧਰਮ ਨਾਲ ਸੰਬੰਧਿਤ ਸਥਾਨਾਂ ਦੀ ਯਾਤਰਾ ਕਰ ਕੇ ਸਿੱਖ ਸਾਹਿਤ ਇਕੱਠਾ ਕੀਤਾ ਅਤੇ ਨਾਲ ਹੀ ਆਪਣੇ ਤੋਂ ਪਹਿਲਾਂ ਉਪਲੱਬਧ ਸਿੱਖ ਇਤਿਹਾਸ ਦੀ ਜਾਣਕਾਰੀ ਦਿੰਦੇ ਇਤਿਹਾਸਿਕ ਸ੍ਰੋਤਾਂ ਦੀ ਵੀ ਵਰਤੋਂ ਕਰ ਕੇ ਸਿੱਖ ਇਤਿਹਾਸ ਇਕੱਠਿਆਂ ਇੱਕ ਥਾਂ ਲਿਖਣ ਲਈ ਬਾ-ਕਮਾਲ ਪਹਿਲਕਦਮੀ ਕੀਤੀ।

ਖੋਜ ਕਾਰਜ ਦੇ ਤੀਜੇ ਅਧਿਆਇ, ਜੋ ਕਿ ਗੁਰੂ ਕਾਲ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਹੈ ਰਾਹੀਂ ਦੋਵੇਂ ਗ੍ਰੰਥਾਂ ਵਿੱਚ ਉਪਲੱਬਧ ਸਿੱਖ ਇਤਿਹਾਸ ਵਿੱਚੋਂ ਖੋਜ ਕਾਰਜ ਦਾ ਹਿੱਸਾ ਬਣੀ ਜਾਣਕਾਰੀ ਦੇ ਅਧਿਐਨ ਤੋਂ ਤੱਥ ਸਾਹਮਣੇ ਆਉਂਦੇ ਹਨ ਕਿ ਰਤਨ ਸਿੰਘ ਭੰਗੂ ਦੀ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਗਿਆਨੀ ਗਿਆਨ ਸਿੰਘ ਦੇ ਮੁਕਾਬਲਤਨ ਸੰਖੇਪ ਹੈ। ਗਿਆਨੀ ਗਿਆਨ ਸਿੰਘ ਨੇ ਆਪਣੇ ਲਿਖਤ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਤਕਰੀਬਨ ਹਰੇਕ ਘਟਨਾ ਨੂੰ ਸਮੇਟਣ ਦਾ ਉਪਰਾਲਾ ਕੀਤਾ ਹੈ। ਰਤਨ ਸਿੰਘ ਭੰਗੂ ਪਹਿਲੇ ਗੁਰੂ ਸਾਹਿਬ ਬਾਰੇ ਤਾਂ ਗਿਆਨੀ ਗਿਆਨ ਸਿੰਘ ਵਾਂਗ ਵਿਸਥਾਰਪੂਰਵਕ ਦੇਣ ਦਾ ਯਤਨ ਕੀਤਾ ਹੈ, ਜਦੋਂ ਕਿ ਉਸ ਵੱਲੋਂ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬਾਨ ਤੱਕ ਦਿੱਤੀ ਜਾਣਕਾਰੀ ਸੀਮਿਤ ਸਤਰਾਂ ਵਿੱਚ ਹੈ, ਪਰ ਫ਼ੇਰ ਵੀ ਉਸ ਨੇ ਗਿਆਨੀ ਗਿਆਨ ਸਿੰਘ ਵਾਂਗ ਹੀ ਗੁਰੂ ਸਾਹਿਬਾਨ ਦੇ ਨਾਲ ਜੁੜੇ ਕਈ ਮਹੱਤਵਪੂਰਨ ਪੱਖ ਉਜਾਗਰ ਕੀਤੇ ਹਨ। ਇਸੇ ਤਰ੍ਹਾਂ ਜੇ ਨੌਵੇਂ ਗੁਰੂ ਸਾਹਿਬ ਸੰਬੰਧੀ ਜਾਣਕਾਰੀ ਦੀ ਗੱਲ ਕਰੀਏ ਤਾਂ ਰਤਨ ਸਿੰਘ ਭੰਗੂ ਦੀ ਲਿਖਤ ਗੁਰੂ ਸਾਹਿਬ ਮੁੱਢਲੇ ਜੀਵਨ ਨੂੰ ਛੱਡ ਜ਼ਿਆਦਾਤਰ ਉਨ੍ਹਾਂ ਦੀ ਸ਼ਹੀਦੀ ਉੱਪਰ ਹੀ ਕੇਂਦ੍ਰਿਤ ਰਹੀ। ਦਸਵੇਂ ਗੁਰੂ ਸਾਹਿਬਾਨ ਸੰਬੰਧੀ ਜਾਣਕਾਰੀ ਦਿੰਦਿਆਂ ਵੀ ਰਤਨ ਸਿੰਘ ਭੰਗੂ ਦਾ ਜ਼ਿਆਦਾ ਧਿਆਨ ਖ਼ਾਲਸਾ ਪੰਥ ਦੀ ਸਾਜਣਾ ਅਤੇ ਖ਼ਾਲਸੇ ਦੀ ਚੜ੍ਹਦੀਕਲਾ, ਅਥਾਹ ਜੋਸ਼ ਅਤੇ ਸ਼ਕਤੀ ਨੂੰ ਪ੍ਰਦਰਸ਼ਿਤ ਕਰਨ ਵੱਲ ਹੀ ਰਿਹਾ।

ਗਿਆਨੀ ਗਿਆਨ ਸਿੰਘ ਵੱਲੋਂ ਗੁਰੂ ਨਾਨਕ ਜੀ ਦੀਆਂ ਉਦਾਸੀਆਂ ਸੰਬੰਧੀ ਜਾਣਕਾਰੀ ਬਹੁਤ ਹੀ ਵਿਸਥਾਰਿਤ ਤਰੀਕੇ ਨਾਲ ਨਸ਼ਰ ਕਰਨਾ ਅਤੇ ਆਪਣੀ ਲਿਖਤ ਰਾਹੀਂ ਦਸਵੇਂ ਗੁਰੂ ਜੀ ਦੇ ਦੇਵੀ ਦਾ ਪੁਜਾਰੀ ਹੋਣ ਸੰਬੰਧੀ ਫ਼ੈਲਾਏ ਗਏ ਭਰਮ ਨੂੰ ਤੋੜ ਕੇ ਦਸਮੇਸ਼ ਪਿਤਾ ਅਤੇ ਸਿੱਖਾਂ ਦੇ ਅਕਾਲ ਪੂਜਕ ਹੋਣ ਦੀ ਪੁਸ਼ਟੀ ਕਰਨੀ, ਇਸ ਅਧਿਐਨ ਰਾਹੀਂ ਗੁਰੂ ਕਾਲ ਸੰਬੰਧੀ ਮਹੱਤਵਪੂਰਨ ਜਾਣਕਾਰੀ ਦੇ ਰੂਪ ਵਿੱਚ ਸਾਹਮਣੇ ਆਏ ਹਨ।

ਇਸ ਅਧਿਆਇ ਤੋਂ ਇਹ ਵੀ ਸਾਬਿਤ ਹੋ ਜਾਂਦਾ ਹੈ ਕਿ ਦੋਵੇਂ ਲੇਖਕਾਂ ਦੇ ਪੰਥ ਪ੍ਰਕਾਸ਼ ਤਰੁਟੀਆਂ ਤੋਂ ਰਹਿਤ ਨਹੀਂ ਹਨ, ਪਰ ਦੋਵਾਂ ਵਿੱਚੋਂ ਕਾਫ਼ੀ ਮੌਲਿਕ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਹਾਲਾਂਕਿ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿੱਚ ਮੌਲਿਕ ਜਾਣਕਾਰੀ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਦੇ ਮੁਕਾਬਲਤਨ ਸੰਖੇਪ ਹੈ, ਪਰ ਫ਼ੇਰ ਵੀ ਉਸ ਦੀ ਲਿਖਤ ਦੇ ਮਹੱਤਵ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਗਿਆਨੀ ਗਿਆਨ ਸਿੰਘ ਵੱਲੋਂ ਪਹਿਲੇ ਗੁਰੂ ਸਾਹਿਬ ਤੋਂ ਦਸਵੇਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਵੱਖ-ਵੱਖ ਘਟਨਾਵਾਂ ਬਾਰੇ ਦਿੱਤੀ ਜਾਣਕਾਰੀ ਨਾਲ ਸਿੱਖ ਇਤਿਹਾਸਕਾਰਾਂ ਦਾ ਬਹੁਮਤ ਸਹਿਮਤ ਹੁੰਦਾ

ਹੋਇਆ, ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦਰੁਸਤ ਅਤੇ ਸਟੀਕ ਸਾਬਿਤ ਕਰਦਾ ਹੈ।

ਇਸ ਅਧਿਆਇ ਤੋਂ ਇਹ ਗੱਲ ਵੀ ਸਾਬਿਤ ਹੁੰਦੀ ਹੈ ਕਿ ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿੱਖ ਇਤਿਹਾਸ ਦੇ ਲੰਬੇ ਸਫ਼ਰ ਦੀ ਜਾਣਕਾਰੀ ਸਿੱਖ ਦ੍ਰਿਸ਼ਟੀਕੋਣ ਦੇ ਪੱਖ ਤੋਂ ਦੇਣ ਵਾਲੇ ਅਤਿ ਮਹੱਤਵਪੂਰਨ ਸ੍ਰੋਤ ਹਨ, ਪਰੰਤੂ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਇਹ ਲਿਖਤਾਂ ਵੀ ਉਨ੍ਹਾਂ ਤੋਂ ਪਹਿਲੇ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਦੀ ਤਰ੍ਹਾਂ ਸੀਮਾਵਾਂ ਤੋਂ ਰਹਿਤ ਨਹੀਂ ਹਨ। ਮੌਖਿਕ ਪ੍ਰੰਪਰਾ ਵਿੱਚੋਂ ਉਪਜੇ ਹੋਣ ਕਾਰਣ ਅਤੇ ਆਪਣੇ ਤੋਂ ਪੁਰਾਤਨ ਸਿੱਖ ਇਤਿਹਾਸ ਦੇ ਸ੍ਰੋਤਾਂ; ਜਨਮਸਾਖੀ ਪ੍ਰੰਪਰਾ, ਗੁਰਬਿਲਾਸ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ, ਗੁਰ ਪ੍ਰਤਾਪ ਸੂਰਜ ਗ੍ਰੰਥ ਆਦਿ ਦਾ ਪ੍ਰਭਾਵ ਇਨ੍ਹਾਂ ਲਿਖਤਾਂ ਉੱਪਰ ਝਲਕਦਾ ਹੋਣ ਕਾਰਣ, ਇਨ੍ਹਾਂ ਲਿਖਤਾਂ ਨੂੰ ਲਿਖਣ ਵੇਲੇ ਸਾਧਨਾਂ ਦੇ ਸੀਮਿਤ ਹੋਣ ਕਾਰਣ, ਲਿਖਤਾਂ ਦਾ ਨਜ਼ਰੀਆ ਨਿਰੋਲ ਇਤਿਹਾਸਿਕ ਨਾ ਹੋਣਾ ਆਦਿ ਰੂਪ ਵਿੱਚ ਕੁਝ ਸੀਮਾਵਾਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਸੀਮਾਵਾਂ ਦੀ ਵਜ੍ਹਾ ਕਰਕੇ ਇਹ ਲਿਖਤਾਂ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਲਿਖਤਾਂ ਵਾਂਗ ਮਨੋਕਲਪਿਤ, ਮਨਘੜਤ, ਮਿਥਿਹਾਸਿਕ, ਭੁਲੇਖਾ ਪਾਊ ਅਤੇ ਦੋਹਰੀ ਜਾਣਕਾਰੀ ਤੋਂ ਸੱਖਣੀਆਂ ਨਹੀਂ ਹਨ। ਇਨ੍ਹਾਂ ਲਿਖਤਾਂ ਦੀ ਇੱਕ ਸੀਮਾ ਇਹ ਵੀ ਹੈ ਕਿ ਲਿਖਾਰੀ ਨਿਰੋਲ ਇਤਿਹਾਸ ਨਹੀਂ ਬਿਆਨਦੇ, ਸਗੋਂ ਸ਼ਰਧਾਵਸ ਸਿੱਖ ਇਤਿਹਾਸ ਨੂੰ ਕਲਮਬੱਧ ਕਰਦੇ ਰਹੇ ਹਨ। ਗੁਰੂ ਕਾਲ ਨਾਲ ਸੰਬੰਧਿਤ ਅਧਿਆਇ ਵਿੱਚ ਉਪਰੋਕਤ ਸੀਮਾਵਾਂ ਕਾਰਣ ਸ੍ਰੀ ਗੁਰੂ ਨਾਨਕ ਜੀ ਦੇ ਬਾਲ ਅਵਸਥਾ ਤੋਂ ਹੀ ਚਮਤਕਾਰੀ ਅਤੇ ਕਰਾਮਾਤੀ ਪੁਰਸ਼ ਹੋਣ ਦੀ ਜਾਣਕਾਰੀ ਸਾਹਮਣੇ ਆਉਂਦੀ ਹੈ। ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿੱਚ ਨੌਵੇਂ ਗੁਰੂ ਸਾਹਿਬ ਦੀ ਲਾਸਾਨੀ ਸ਼ਹੀਦੀ ਵੀ ਦੈਵੀ ਸ਼ਕਤੀ ਨਾਲ ਹੋਈ ਹੋਣ ਕਾਰਣ ਕਾਲਪਨਿਕ ਦਿੱਖ ਧਾਰਨ ਕਰ ਲੈਂਦੀ ਹੈ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ ਕਾਲਪਨਿਕ ਅਤੇ ਮਨਘੜਤ ਸਮੱਗਰੀ ਦਾ ਰਲਾ ਹੋਣ ਕਾਰਣ ਦਸਵੇਂ ਗੁਰੂ ਸਾਹਿਬ ਜੀ ਭਵਾਨੀ ਮਾਤਾ ਨੂੰ ਖੁਸ਼ ਕਰਨ ਲਈ ਝੋਟੇ ਦੀ ਬਲੀ ਵੀ ਦਿੰਦੇ ਹਨ। ਮੌਖਿਕ ਪ੍ਰੰਪਰਾ ਦਾ ਪ੍ਰਭਾਵ ਹੋਣ ਕਾਰਣ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਆਪਣੇ ਆਪਣੇ ਇਲਾਕੇ ਨਾਲ ਸੰਬੰਧਿਤ ਸਿੱਖਾਂ ਨੂੰ ਸਰਵਸ੍ਰੇਸ਼ਠ ਸਾਬਿਤ ਕਰਨ ਦਾ ਯਤਨ ਆਪਣੀਆਂ ਲਿਖਤਾਂ ਵਿੱਚ ਕਰਦੇ ਹਨ। ਸ਼ਰਧਾਵਸ ਅਤੇ ਲਿਖਤਾਂ ਨੂੰ ਸੰਪੂਰਨ ਹੋਣ ਵਿੱਚ ਜ਼ਿਆਦਾ ਵਕਤ ਲੱਗਣ ਕਾਰਣ ਗੁਰੂ ਕਾਲ ਵਿੱਚ ਰਤਨ ਸਿੰਘ ਭੰਗੂ ਦੀ ਲਿਖਤ ਨੌਵੇਂ ਗੁਰੂ ਜੀ ਦੀ ਸ਼ਹੀਦੀ ਬਾਰੇ, ਪੰਥ ਵਿੱਚ ਦਸਵੇਂ ਗੁਰੂ ਸਾਹਿਬਾਨ ਵੱਲੋਂ ਸਾਰੀਆਂ ਜਾਤਾਂ ਨੂੰ ਸ਼ਾਮਿਲ ਕਰਨ ਸੰਬੰਧੀ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਕੇ ਸ਼ਹੀਦ ਕਰਨ ਦੀ ਅਤੇ ਗਲ ਰੇਤ ਕੇ ਸ਼ਹੀਦ ਕਰਨ ਦੀ ਦੋਹਰੀ

ਜਾਣਕਾਰੀ ਦਿੰਦੀ ਹੈ। ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚੋਂ ਭਾਈ ਸਤੀ ਦਾਸ ਦੀ ਸ਼ਹੀਦੀ ਵਿਸਰਣਾ, ਰਤਨ ਸਿੰਘ ਭੰਗੂ ਦੀ ਲਿਖਤ ਦਾ ਨੌਵੇਂ ਗੁਰੂ ਜੀ ਨਾਲ ਸ਼ਹੀਦ ਹੋਏ ਸਾਰੇ ਸਿੱਖਾਂ ਬਾਰੇ ਚੁੱਪ ਹੋਣਾ, ਗੁਰੂ ਜੀ ਦੀ ਦੇਹ ਦੇ ਸਸਕਾਰ ਅਤੇ ਸੀਸ ਦੇ ਅਨੰਦਪੁਰ ਪਹੁੰਚਣ ਬਾਰੇ ਨਾ ਦੱਸਣਾ, ਛੋਟੇ ਸਾਹਿਬਜ਼ਾਦਿਆਂ ਦੇ ਨਾਂ ਹੀ ਨਾ ਦੱਸਣੇ, ਦਸਮ ਪਿਤਾ ਦੀਆਂ ਪਾਉਂਟਾ ਸਾਹਿਬ ਦੀਆਂ ਗਤੀਵਿਧੀਆਂ, ਭੰਗਾਣੀ ਦੀ ਜੰਗ ਅਤੇ ਪੀਰ ਬੁੱਧੂ ਸ਼ਾਹ ਦੀ ਕੁਰਬਾਨੀ, ਨਾਦੌਣ ਦੀ ਲੜਾਈ ਦਾ ਜ਼ਿਕਰ ਨਾ ਕਰਨਾ, ਪਹਿਲੇ ਸਿੱਖ ਇਤਿਹਾਸਕਾਰਾਂ ਵਾਂਗ ਗੁਰੂ ਜੀ ਨੂੰ ਦੇਵੀ ਦਾ ਪੁਜਾਰੀ ਦੱਸਣਾ, ਖ਼ਾਲਸਾ ਪੰਥ ਦੀ ਸਥਾਪਨਾ ਸੰਬੰਧੀ ਸਿੱਖ ਰਹੁ-ਰੀਤਾਂ ਦੇ ਉਲਟ ਜੋਤਸ਼ੀਆਂ ਅਤੇ ਪੰਡਤਾਂ ਤੋਂ ਦਿਨ ਕਢਵਾ ਕੇ ਪੰਜ ਜਾਤਾਂ ਵਿੱਚ ਪੰਜ ਪਿਆਰੇ ਚੁਣ ਕੇ ਅਤੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਾਜਣ ਦੀ ਪ੍ਰਕਿਰਿਆ, ਅਨੰਦਪੁਰ ਦੀਆਂ ਲੜਾਈਆਂ ਵਿੱਚ ਸਰਗਰਮ ਰਹੇ ਮਾਨਵਤਾ ਅਤੇ ਸੇਵਾ ਦੇ ਪੁੰਜ ਭਾਈ ਘਨ੍ਹੱਈਆ ਬਾਰੇ ਦੋਵੇਂ ਲਿਖਤਾਂ ਵਿੱਚ ਜ਼ਿਕਰ ਨਾ ਹੋਣਾ, ਖਿਦਰਾਣੇ ਦੀ ਲੜਾਈ ਵਿੱਚ ਭਾਈ ਮਹਾਂ ਸਿੰਘ ਦੇ ਸ਼ਾਮਿਲ ਹੋਣ ਅਤੇ ਉਸ ਦੇ ਸ਼ਹੀਦ ਹੋਣ ਬਾਰੇ ਰਤਨ ਸਿੰਘ ਭੰਗੂ ਵੱਲੋਂ ਜਾਣਕਾਰੀ ਨਾ ਦੇਣਾ, ਖਿਦਰਾਣੇ ਦੀ ਲੜਾਈ ਵਿੱਚ ਬਹਾਦਰੀ ਦੇ ਜ਼ੌਹਰ ਦਿਖਾਉਣ ਵਾਲੀ ਮਾਈ ਭਾਗੋ ਸੰਬੰਧੀ ਦੋਵਾਂ ਲੇਖਕਾਂ ਵੱਲੋਂ ਕੋਈ ਜਾਣਕਾਰੀ ਨਾ ਦੇਣਾ ਆਦਿ ਉਨ੍ਹਾਂ ਸਮਿਆਂ ਵਿੱਚ ਸਾਧਨਾਂ ਦੇ ਸੀਮਿਤ ਹੋਣ, ਮੌਖਿਕ ਪ੍ਰੰਪਰਾ ‘ਤੇ ਜ਼ਿਆਦਾ ਨਿਰਭਰ ਹੋਣ, ਪੁਰਾਤਨ ਲਿਖਤਾਂ ਦਾ ਪ੍ਰਭਾਵ ਹੋਣ ਅਤੇ ਲਿਖਤ ਨੂੰ ਇਤਿਹਾਸਿਕ ਨਜ਼ਰੀਏ ਤੋਂ ਨਾ ਲਿਖਣਾ ਆਦਿ ਸੀਮਾਵਾਂ ਹੀ ਇਸ ਦਾ ਕਾਰਣ ਮਾਤਰ ਪ੍ਰਤੀਤ ਹੁੰਦੀਆਂ ਹਨ।

ਖੋਜ ਕਾਰਜ ਦਾ ਅਧਿਆਇ ਚੌਥਾ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹੈ। ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਰਤਨ ਸਿੰਘ ਭੰਗੂ ਵੀ ਗਿਆਨੀ ਗਿਆਨ ਸਿੰਘ ਵਾਂਗ ਵਿਸਥਾਰਪੂਰਵਕ ਜਾਣਕਾਰੀ ਤਾਂ ਦਿੰਦਾ ਹੈ, ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਨੂੰ ਤਾਂ ਤਰਤੀਬਬੱਧ ਲਿਖ ਰਿਹਾ ਹੈ, ਪਰ ਮਹੱਤਵਪੂਰਨ ਲੜਾਈਆਂ ਨੂੰ ਬਹੁਤ ਹੀ ਸੰਖੇਪ ਵਿੱਚ ਬਿਆਨਦਾ ਹੈ। ਤੁਲਨਾਤਮਿਕ ਅਧਿਐਨ ਉਪਰੰਤ ਮਹੱਤਵਪੂਰਨ ਜਾਣਕਾਰੀ ਦੇ ਰੂਪ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਲਿਖਤ ਕੁਝ ਨਵੀਂਆਂ ਸੂਚਨਾਵਾਂ ਵੀ ਸਾਹਮਣੇ ਲੈ ਕੇ ਆਉਂਦੀ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੋਹਗੜ੍ਹ, ਸਹਾਰਨਪੁਰ, ਦੁਬਾਰਾ ਜਲਾਲਾਬਾਦ ਦੀ ਲੜਾਈ ਜਿੱਤਣ ਦਾ ਅਤੇ ਲੋਹਗੜ੍ਹ ਦੀ ਲੜਾਈ ਵਿੱਚ ਮੁਗਲਾਂ ਦੇ ਡਾਢੇ ਨੁਕਸਾਨ ਦਾ ਜ਼ਿਕਰ ਕਰਕੇ ਧਿਆਨ ਖਿੱਚਦਾ ਹੈ। ਕੋਟ ਅੱਬੂ ਖਾਂ ਦੀ ਲੜਾਈ, ਮੁਰਾਦਾਬਾਦ ਅਤੇ ਨਜ਼ੀਬਾਬਾਦ ਦੀ ਤਬਾਹੀ, ਜਲਾਲਾਬਾਦ ਦੇ ਹਾਕਮ ਜਲਾਲ ਖਾਂ ਤੋਂ ਨਜ਼ਰਾਨਾ ਵਸੂਲ ਕਰਨਾ, 1124

ਹਿਜ਼ਰੀ ਰਮਜ਼ਾਨ ਦੇ ਮਹੀਨੇ ਲੋਹਗੜ੍ਹ ਵਿਖੇ ਵੱਡੀ ਗਿਣਤੀ ਵਿੱਚ ਆਈ ਮੁਗਲ ਸੈਨਾ ਨੂੰ ਬੁਰੀ ਤਰ੍ਹਾਂ ਹਰਾਉਣਾ, ਕਸੂਰ ਅਤੇ ਗਾਜੀਪੁਰ ਦੀ ਲੜਾਈ ਜਿੱਤਣ, ਸਿਆਲਕੋਟ, ਕਲਾਨੌਰ, ਪੋਠੋਹਾਰ ਦੇ ਇਲਾਕੇ ਜਿੱਤਣ ਦੀ ਗੱਲ ਵੀ ਪਹਿਲੀ ਵਾਰ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਵਿੱਚ ਕੀਤੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਲਿਖਤ ਰਤਨ ਸਿੰਘ ਭੰਗੂ ਦੇ ਮੁਕਾਬਲੇ ਜ਼ਿਆਦਾ ਵਿਸਥਾਰਪੂਰਵਕ ਤੇ ਸਿਲਸਿਲੇਵਾਰ ਜਾਣਕਾਰੀ ਪ੍ਰਦਾਨ ਕਰਦੀ ਹੈ। ਉਂਝ ਦੋਵਾਂ ਲੇਖਕਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਸੰਬੰਧੀ ਆਪਣੀਆਂ ਲਿਖਤਾਂ ਵਿੱਚ ਦਿੱਤੀ ਜਾਣਕਾਰੀ ਕਦਮ-ਦਰ-ਕਦਮ ਖ਼ਾਲਸੇ ਦੀ ਸ਼ਾਨ-ਬਾਨ ਅਤੇ ਚੜ੍ਹਦੀਕਲਾ, ਦਲੇਰੀ, ਬਹਾਦਰੀ, ਸਿਦਕ ਅਤੇ ਸਿਰੜ ਨੂੰ ਵੀ ਪ੍ਰਦਰਸ਼ਿਤ ਕਰਦੀ ਹੈ, ਪਰ ਨਾਲ ਹੀ ਦੋਵੇਂ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਭਰਮ ਭੁਲੇਖੇ ਫ਼ੈਲਾਉਂਦੇ ਹੋਏ ਉਸ ਨੂੰ ਕਰਾਮਾਤੀ ਸਿੱਧ ਕਰਨ ਦਾ ਯਤਨ ਵੀ ਕਰਦੇ ਹਨ।

ਮੌਲਿਕਤਾ ਦੇ ਪੱਖ ਤੋਂ ਵਿਚਾਰਨ ਤੋਂ ਪਤਾ ਚਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਵੱਲੋਂ ਮੁਗਲਾਂ ਖ਼ਿਲਾਫ਼ ਸੰਘਰਸ਼ ਦੀਆਂ ਦਿੱਤੀਆਂ ਜ਼ਿਆਦਾਤਰ ਘਟਨਾਵਾਂ ਦੀ ਪੁਸ਼ਟੀ ਤੇਜਾ ਸਿੰਘ ਅਤੇ ਗੰਡਾ ਸਿੰਘ ਵਰਗੇ ਸਿੱਖ ਵਿਦਵਾਨਾਂ ਵਲੋਂ ਕੀਤੀ ਜਾਣੀ, ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਦੀ ਮੌਲਿਕਤਾ ਵਿੱਚ ਵਾਧਾ ਕਰਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਅਧਿਆਇ ਵਿੱਚ ਦੋਵੇਂ ਹੀ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗਤਾ, ਅਗਵਾਈ, ਸੂਰਬੀਰਤਾ, ਦਲੇਰੀ, ਬਹਾਦਰੀ ਅਤੇ ਸਿਦਕ ਨੂੰ ਪ੍ਰਦਸ਼ਿਤ ਤਾਂ ਕੀਤਾ ਹੈ, ਪਰ ਸੀਮਾਵਾਂ ਵਿੱਚ ਬੱਧੇ ਹੋਣ ਕਾਰਣ ਤੇ ਆਪਣੇ ਤੋਂ ਪਹਿਲੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ੍ਰੋਤਾਂ ਦਾ ਪ੍ਰਭਾਵ ਕਬੂਲਣ ਕਰਕੇ ਇਹ ਲਿਖਤਾਂ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਰਾਮਾਤੀ ਸਿੱਧ ਕਰਦੀਆਂ ਦਿਖਾਈ ਦਿੰਦੀਆਂ ਹਨ। ਮੌਖਿਕ ਪ੍ਰੰਪਰਾ ਦੇ ਪ੍ਰਭਾਵ ਹੇਠ ਹੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹੀਦੀ ਉਭਰਨ ਦੀ ਥਾਂ ਮਿਥਿਹਾਸਿਕ ਅਤੇ ਮਨਘੜਤ ਰੰਗਤ ਹੇਠ ਦੱਬ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਦੋਵੇਂ ਲੇਖਕਾਂ ਦੀਆਂ ਲਿਖਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਅੰਮ੍ਰਿਤ ਛਕਣ ਸੰਬੰਧੀ, ਉਸ ਨੂੰ ਗੁਰੂ ਦਾ ਸੱਚਾ ਸਿੱਖ ਦਰਸਾਉਣ ਦੇ ਨਾਲ ਨਾਲ ਉਸ ਨੂੰ ਜਾਦੂਈ ਸ਼ਕਤੀਆਂ ਦਾ ਮਾਲਕ, ਹੰਕਾਰੀ, ਗਿਆਰ੍ਹਵਾਂ ਗੁਰੂ, ਚਰਿੱਤਰਹੀਣ ਹੋਣ ਦੀ ਦੋਹਰੀ ਜਾਣਕਾਰੀ ਦਿੰਦੀਆਂ ਹਨ।

ਇਸ ਖੋਜ ਕਾਰਜ ਦਾ ਅਖ਼ੀਰਲਾ ਅਧਿਆਇ ਜੋ ਕਿ ਮਿਸਲ ਕਾਲ ਨਾਲ ਸੰਬੰਧਿਤ ਹੈ, ਦੇ ਤੁਲਨਾਤਮਿਕ ਅਧਿਐਨ ਤੋਂ ਇਹ ਨਤੀਜਾ ਸਾਹਮਣੇ ਆਉਂਦਾ ਹੈ ਕਿ ਰਤਨ ਸਿੰਘ ਭੰਗੂ ਦੀ ਲਿਖਤ ਵਿੱਚ ਮਿਸਲਾਂ ਸੰਬੰਧੀ ਜਾਣਕਾਰੀ ਬਹੁਤ ਹੀ ਸੀਮਿਤ ਹੈ। ਉਸ ਨੇ ਮਿਸਲਾਂ ਦੀ ਸੰਪੂਰਨ ਜਾਣਕਾਰੀ ਦੀ ਥਾਂ ਪ੍ਰਸਿੱਧ ਮਿਸਲਾਂ ਦੇ ਇੱਕ ਦੋ ਪ੍ਰਮੁੱਖ ਸਰਦਾਰਾਂ ਬਾਰੇ ਹੀ ਆਪਣੀ ਲਿਖਤ ਵਿੱਚ ਜ਼ਿਕਰ ਕੀਤਾ ਹੈ। ਇਸ ਦੇ ਉਲਟ ਗਿਆਨੀ ਗਿਆਨ ਸਿੰਘ ਨੇ ਹਰ ਮਿਸਲ ਦਾ ਪੂਰਾ ਕੁਰਸੀਨਾਮਾ, ਉਨ੍ਹਾਂ ਦਾ ਪਿਛੋਕੜ, ਮਿਸਲਾਂ ਦੇ ਉਭਾਰ, ਪੀੜ੍ਹੀ ਦਰ ਪੀੜ੍ਹੀ ਮਿਸਲਾਂ ਦੇ ਮੋਢੀਆਂ ਅਤੇ ਵਾਰਿਸਾਂ ਬਾਰੇ, ਉਨ੍ਹਾਂ ਵੱਲੋਂ ਜਿੱਤੇ ਇਲਾਕਿਆਂ ਬਾਰੇ, ਉਨ੍ਹਾਂ ਦੀ ਆਪਸ ਵਿੱਚ ਮਿੱਤਰਤਾ, ਰਿਸ਼ਤੇਦਾਰੀਆਂ ਅਤੇ ਦੁਸ਼ਮਣੀਆਂ ਬਾਰੇ, ਇੱਥੋਂ ਤੱਕ ਕਿ ਕਈ ਪ੍ਰਸਿੱਧ ਮਿਸਲਾਂ ਦੀਆਂ ਸੈਨਾਵਾਂ ਅਤੇ ਸਾਲਾਨਾ ਆਮਦਨ ਬਾਰੇ ਵੀ ਵਿਸਥਾਰਪੂਰਵਕ ਅਤੇ ਸਿਲਸਿਲੇਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ। ਮਿਸਲ ਕਾਲ ਸੰਬੰਧੀ ਗਿਆਨੀ ਗਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪੋਤਰਿਆਂ-ਪੜੋਤਿਰਆਂ ਤੱਕ ਦੀ ਜਾਣਕਾਰੀ ਦਿੰਦਾ ਹੈ। ਉਹ ਨਕੱਈ ਮਿਸਲ ਦੇ ਵਾਰਿਸਾਂ ਵੱਲੋਂ ਇਸਲਾਮ ਕਬੂਲ ਕਰ ਲੈਣ ਦੀ ਮਹੱਤਵਪੂਰਨ ਜਾਣਕਾਰੀ ਵੀ ਆਪਣੀ ਲਿਖਤ ਵਿੱਚ ਸ਼ਾਮਿਲ ਕਰਦਾ ਹੈ।

ਇਸੇ ਤਰ੍ਹਾਂ ਮਿਸਲ ਕਾਲ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਦੀ ਪੁਸ਼ਟੀ ਲੈਪਲ ਗ੍ਰਿਫ਼ਨ, ਕੰਨ੍ਹਿਘਮ, ਮੈਕਗਰੈਗਰ, ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ, ਸੋਹਣ ਸਿੰਘ ਸੀਤਲ ਆਦਿ ਵਿਦਵਾਨਾਂ ਦੁਆਰਾ ਕੀਤੀ ਜਾਣੀ ਵੀ ਉਸ ਦੀ ਮਿਸਲ ਕਾਲ ਸੰਬੰਧੀ ਜਾਣਕਾਰੀ ਨੂੰ ਮੌਲਿਕ ਸਿੱਧ ਕਰਦੀ ਹੈ। ਮਿਸਲ ਕਾਲ ਸੰਬੰਧੀ ਰਤਨ ਸਿੰਘ ਭੰਗੂ ਦੀ ਜਾਣਕਾਰੀ ਗੁਰੂ ਕਾਲ ਵਾਂਗ ਸੀਮਿਤ ਜਰੂਰ ਹੈ, ਪਰ ਮੌਲਿਕਤਾ ਦੇ ਪੱਖੋਂ ਕਿਸੇ ਪਾਸਿਓਂ ਊਣੀ ਨਹੀਂ।

ਮਿਸਲ ਕਾਲ ਨਾਲ ਸੰਬੰਧਿਤ ਅਧਿਆਇ ਦੀ ਸੀਮਾ ਇਹ ਰਹੀ ਕਿ ਇਹ ਰਹੀ ਕਿ ਰਤਨ ਸਿੰਘ ਭੰਗੂ ਨੇ ਇਹ ਲਿਖਤ ਸਿੱਖ ਇਤਿਹਾਸ ਲਿਖਣ ਦੇ ਪੱਖ ਤੋਂ ਨਹੀਂ ਸੀ ਲਿਖੀ, ਬਲਕਿ ਅੰਗਰੇਜ਼ਾਂ ਸਾਹਮਣੇ ਦੀ ਖ਼ਾਲਸੇ ਦੀ ਚੜ੍ਹਦੀ ਕਲਾ, ਸਿਦਕ, ਅਣਖ, ਬਹਾਦਰੀ ਆਦਿ ਨੂੰ ਪ੍ਰਦਰਸ਼ਿਤ ਕਰਨ ਲਈ ਲਿਖੀ ਸੀ। ਇਹੀ ਵਜ੍ਹਾ ਕਰਕੇ ਉਸ ਨੇ ਮਿਸਲ ਕਾਲ ਬਾਰੇ ਤਰਤੀਬਬੱਧ ਅਤੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ, ਸਿਰਫ਼ ਮਿਸਲਾਂ ਨਾਲ ਸੰਬੰਧਿਤ ਉੱਘੇ ਸਿੱਖ ਸਰਦਾਰਾਂ ਦੀ ਬਹਾਦਰੀ ਨੂੰ ਹੀ ਪ੍ਰਦਰਸ਼ਿਤ ਕੀਤਾ ਹੈ। ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਘਨ੍ਹੱਈਆ ਮਿਸਲ ਦੇ ਮੋਢੀ ਜੈ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਗੁਰਬਖ਼ਸ਼ ਸਿੰਘ ਨੂੰ ਮਿਸਲ ਦਾ ਮੋਢੀ ਲਿਖਣ ਦੀ ਭੁੱਲ ਵੀ ਸਾਹਮਣੇ ਆਉਂਦੀ ਹੈ।

ਹੱਥਲੇ ਖੋਜ ਕਾਰਜ ਦੇ ਨੇਪਰੇ ਚੜ੍ਹਨ ਨਾਲ ਕੁਝ ਸੰਭਾਵਨਾਵਾਂ ਯਕੀਨਨ ਉਪਜੀਆਂ ਹੋਣਗੀਆਂ। ਇਹ ਉਪਜੀਆਂ ਸੰਭਾਵਨਾਵਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਖਿਲਾਫ਼ ਸੰਘਰਸ਼ ਦੀ ਨਵੇਂ ਸਿਰਿਓਂ ਪੁਣ-ਛਾਣ ਦੀ ਲੋੜ ਹੈ, ਕਿਉਂਕਿ ਇਸ ਖੋਜ ਕਾਰਜ ਜ਼ਰੀਏ ਪਤਾ ਚਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੜੀਆਂ ਗਈਆਂ ਕਈ ਲੜਾਈਆਂ ਦਾ ਗਿਆਨੀ ਗਿਆਨ ਸਿੰਘ ਤੋਂ ਛੁੱਟ ਕਿਸੇ ਹੋਰ ਲੇਖਕ ਨੇ ਜ਼ਿਕਰ ਤੱਕ ਨਹੀਂ ਕੀਤਾ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪਸ਼ੌਰਾ ਸਿੰਘ ਦੇ ਵੰਸਜ਼, ਜਿਨ੍ਹਾਂ ਦੀ ਜਾਣਕਾਰੀ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਜਾਣਕਾਰੀ ਦਿੱਤੀ ਹੈ, ਖੋਜ ਲਈ ਨਵੀਂ ਸੰਭਾਵਨਾ ਹੋ ਸਕਦੇ ਹਨ। ਨੱਕਈ ਮਿਸਲ ਦੇ ਵਾਰਿਸ ਜਿਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਸੀ ਅਤੇ ਉਨ੍ਹਾਂ ਦੀ ਪੀੜ੍ਹੀ ਅੱਜ ਵੀ ਪਾਕਿਸਤਾਨ ਵਿੱਚ ਚੱਲੀ ਆ ਰਹੀ ਹੈ। ਉਨ੍ਹਾਂ ਦੀ ਬੰਸਾਵਲੀ, ਸਿੱਖੀ ਤੋਂ ਦੂਰ ਹੋਣਾ ਅਤੇ ਇਸਲਾਮ ਵੱਲ ਝੁਕਾਅ ਦੇ ਕਾਰਣ, ਉਨ੍ਹਾਂ ਦੇ ਆਰਥਿਕ ਹਾਲਾਤ, ਰੁਤਬੇ ਆਦਿ ਵੀ ਕਿਸੇ ਨਵੇਂ ਖੋਜ ਕਾਰਜ ਦਾ ਵਿਸ਼ੇ ਜਾਂ ਆਧਾਰ ਹੋ ਸਕਦੇ ਹਨ।

**ਹੱਥਲੇ ਖੋਜ ਕਾਰਜ ਦੇ ਮੁਕੰਮਲ ਰੂਪ ਹਾਸਿਲ ਕਰਨ ਦੇ ਨਾਲ ਸਥਾਪਨਾਵਾਂ ਦੇ ਰੂਪ ਵਿੱਚ ਕੁਝ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ**, ਜੋ ਹੇਠ ਲਿਖੇ ਅਨੁਸਾਰ ਹਨ: -

1. ਇਸ ਖੋਜ ਕਾਰਜ ਦੀ ਪਹਿਲੀ ਪ੍ਰਾਪਤੀ ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤਾਂ ਦਾ ਵਿਸਥਾਰ ਪੂਰਵਕ ਸਰਵੇਖਣ ਹੈ। ਸਰਵੇਖਣ ਦੌਰਾਨ ਵੱਧ ਤੋਂ ਵੱਧ ਉਪਲੱਬਧ ਸ੍ਰੋਤਾਂ ਨੂੰ ਇਕੱਠਾ ਕਰਕੇ ਘੋਖਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਖੋਜ ਕਾਰਜ ਵਿੱਚ ਦੁਹਰਾਓ, ਦੁਚਿੱਤੀ, ਤਰੁਟੀਆਂ ਆਦਿ ਤੋਂ ਬਚਿਆ ਜਾ ਸਕੇ।
2. ਖੋਜ ਕਾਰਜ ਤੋਂ ਪਹਿਲਾਂ ਇਸ ਵਿਸ਼ੇ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਕੋਈ ਹੋਰ ਖੋਜ ਕਾਰਜ ਪ੍ਰਾਪਤ ਨਹੀਂ ਹੋਇਆ, ਜਿਸ ਵਿੱਚ ਇਨ੍ਹਾਂ ਲਿਖਤਾਂ ਨੂੰ ਮੁੱਖ ਆਧਾਰ ਬਣਾ ਕੇ ਕਿਸੇ ਵਿਸ਼ੇਸ਼ ਪੱਖ ਲਈ ਤੁਲਨਾਤਮਿਕ ਅਧਿਐਨ ਜਾਂ ਕੋਈ ਹੋਰ ਨਿਸ਼ਾਨਦੇਹੀ ਕੀਤੀ ਗਈ ਹੋਵੇ। ਜੋ ਵੀ ਖੋਜ ਕਾਰਜ ਉਪਲੱਬਧ ਹਨ, ਉਨ੍ਹਾਂ ਵਿੱਚ ਜਾਂ ਤਾਂ ਦੋਵਾਂ ਵਿੱਚੋਂ ਕਿਸੇ ਇੱਕ ਲੇਖਕ ਨਾਲ ਸੰਬੰਧਿਤ ਹਨ। ਕਿਸੇ ਖੋਜ ਕਾਰਜ ਵਿੱਚ ਲੇਖਕ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਬਾਰੇ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਕਈ ਵਿਦਵਾਨਾਂ ਦੁਆਰਾ ਦੋਵੇਂ ਲੇਖਕਾਂ ਦੇ ਜੀਵਨ ਜਾਂ ਪੰਥ ਪ੍ਰਕਾਸ਼ਾਂ ਬਾਰੇ ਸੁਤੰਤਰ ਤੌਰ 'ਤੇ ਕਈ ਖੋਜ ਪੱਤ੍ਰਿਕਾਵਾਂ ਜਾਂ ਸੰਪਾਦਿਤ ਕਿਤਾਬਾਂ ਵਿੱਚ ਵੀ ਜੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ, ਉਹ ਇਸ ਖੋਜ ਕਾਰਜ ਦੇ ਵਿਸ਼ੇ ਤੋਂ ਵਿਭਿੰਨ ਹਨ। ਇਸ ਲਈ ਨੇ ਹੱਥਲਾ ਖੋਜ

ਕਾਰਜ ਮੁੱਢਲੇ ਰੂਪ ਵਿੱਚ ਪੰਥ ਪ੍ਰਕਾਸ਼ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਆਪਣੇ ਆਪ ਵਿੱਚ ਪਹਿਲਾ ਉਪਰਾਲਾ ਹੈ।

3. ਇਸ ਹੱਥਲੇ ਖੋਜ ਕਾਰਜ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਿਤ ਤੁਲਨਾਤਮਿਕ ਅਧਿਐਨ ਤੋਂ ਇਲਾਵਾ ਸੰਬੰਧਿਤ ਘਟਨਾਵਾਂ ਦੀ ਵਿਆਖਿਆ ਤੇ ਪੜਚੋਲ ਵੀ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਲਿਖਤਾਂ ਵਿੱਚ ਪਾਈ ਜਾਂਦੀ ਸਮਾਨਤਾ, ਵਿਭਿੰਨਤਾ, ਨਵੇਂਪਣ, ਉਪਜੀਆਂ ਸੰਭਾਵਨਾਵਾਂ ਆਦਿ ਦੀ ਨਿਸ਼ਾਨਦੇਹੀ ਸੁਚੱਜੇ ਢੰਗ ਨਾਲ ਹੋ ਸਕੇ।
4. ਇਸ ਖੋਜ ਕਾਰਜ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਿਕ ਅਤੇ ਧਾਰਮਿਕ ਜਾਣਕਾਰੀ ਨੂੰ ਸਾਹਮਣੇ ਲੈ ਕੇ ਆਉਣ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਮਹਾਨਤਾ ਨੂੰ ਰੂਪਮਾਨ ਕਰਨ ਦਾ ਯਤਨ ਵੀ ਕੀਤਾ ਗਿਆ ਹੈ।
5. ਇਹ ਖੋਜ ਕਾਰਜ ਸਿੱਖ ਇਤਿਹਾਸ ਦੇ ਖੋਜਾਰਥੀਆਂ, ਕਥਾਵਾਚਕਾਂ, ਪਾਠਕਾਂ ਆਦਿ ਲਈ ਸਿੱਖ ਇਤਿਹਾਸ ਸੰਬੰਧੀ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਵੇਗਾ।

ਖੋਜ-ਪ੍ਰਬੰਧ ਦੇ ਅਖ਼ੀਰ ਵਿੱਚ ਇਹ ਕਹਿਣ 'ਤੇ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵਾਂ ਦੇ ਪੰਥ ਪ੍ਰਕਾਸ਼ਾਂ ਦਾ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਅਤੇ ਨਿਵੇਕਲਾ ਸਥਾਨ ਹੈ। ਦੋਵਾਂ ਵਿੱਚੋਂ ਕਿਸੇ ਇੱਕ ਦੇ ਕਾਰਜ ਨੂੰ ਵੀ ਛੋਟਾ ਕਰਕੇ ਨਹੀਂ ਆਂਕਿਆ ਜਾ ਸਕਦਾ। ਹਾਲਾਂਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਜ਼ਿਆਦਾ ਵਿਸਥਾਰਮਈ ਅਤੇ ਸਿਲਸਿਲੇਵਾਰ ਹੈ, ਪਰ ਇਸ ਦਾ ਕਾਰਣ ਵੀ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਹੀ ਹੈ। ਜੇ ਕਿਧਰੇ ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਲਿਖਣ ਦਾ ਉਪਰਾਲਾ ਨਾ ਕਰਦਾ ਤਾਂ ਹੋ ਸਕਦੈ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਵੀ ਹੋਂਦ ਵਿੱਚ ਹੀ ਨਾ ਆਉਂਦਾ। ਗਿਆਨੀ ਗਿਆਨ ਸਿੰਘ ਖੁਦ ਵੀ ਆਪਣੇ ਪੰਥ ਪ੍ਰਕਾਸ਼ ਲਿਖਣ ਦਾ ਪ੍ਰੇਰਣਾ ਸ੍ਰੋਤ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨੂੰ ਹੀ ਮੰਨਦਾ ਹੈ। ਇਸ ਤਰ੍ਹਾਂ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਰਤਨ ਸਿੰਘ ਭੰਗੂ ਦੀ ਬਦੌਲਤ ਹੀ ਸਿੱਖ ਇਤਿਹਾਸ ਦੀ ਮਹੱਤਵਪੂਰਨ ਜਾਣਕਾਰੀ ਦਿੰਦੇ ਦੋ ਪੰਥ ਪ੍ਰਕਾਸ਼ ਸਾਡੇ ਤੱਕ ਪਹੁੰਚੇ। ਹਾਲਾਂਕਿ ਦੋਵੇਂ ਪੰਥ ਪ੍ਰਕਾਸ਼ਾਂ ਵਿੱਚ ਵੀ ਕੁਝ ਖਾਮੀਆਂ ਪਾਈਆਂ ਜਾਂਦੀਆਂ ਹਨ, ਪਰ ਇਨ੍ਹਾਂ ਖਾਮੀਆਂ ਦੇ ਨਾਲ ਪੰਥ ਪ੍ਰਕਾਸ਼ਾਂ ਦੀ ਬੁੱਕਲ ਵਿੱਚ ਲਪੇਟੀ ਅਤਿ ਮਹੱਤਵਪੂਰਨ ਅਤੇ ਅਰਥ ਭਰਪੂਰ ਜਾਣਕਾਰੀ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰਤ ਹੈ ਇਨ੍ਹਾਂ ਦੀ ਸਾਂਭ ਸੰਭਾਲ ਕਰਨ ਦੇ ਨਾਲ ਨਾਲ

ਇਨ੍ਹਾਂ ਉੱਪਰ ਅਕਾਦਮਿਕ ਗੋਸ਼ਟਾਂ ਕਰਵਾ ਕੇ, ਇਨ੍ਹਾਂ ਨੂੰ ਸੈਮੀਨਾਰਾਂ ਦਾ ਹਿੱਸਾ ਬਣਾ ਕੇ ਜਾਂ ਉੱਚ ਵਿੱਦਿਆ ਦੇ ਸਿਲੇਬਸਾਂ ਦਾ ਹਿੱਸਾ ਬਣਾ ਕੇ ਇਨ੍ਹਾਂ ਨੂੰ ਸਾਹਮਣੇ ਲਿਆਂਦਾ ਜਾਵੇ। ਇਨ੍ਹਾਂ ਲਿਖਤਾਂ ਉੱਪਰ ਵੱਖੋ ਵੱਖਰੇ ਪੱਖਾਂ ਤੋਂ ਅਧਿਐਨ ਵੀ ਕਰਵਾਏ ਜਾਣੇ ਚਾਹੀਦੇ ਹਨ। ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕ ਅਤੇ ਗੈਰ ਅਕਾਦਮਿਕ ਦੋਵਾਂ ਪੱਖਾਂ ਤੋਂ ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿੱਚ ਆਪਣਾ ਯੋਗਦਾਨ ਪਾਵੇਗਾ।

# ਪੁਸਤਕ ਸੂਚੀ

## ਪੰਜਾਬੀ


ਅਮਰ ਸਿੰਘ, *ਸੰਬੰਧ ਸੂਚਕ ਤੱਤਕਰਾ: ਸ੍ਰੀ ਗੁਰ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ ਕ੍ਰਿਤ),* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.

ਅਸ਼ੋਕ, ਸਮਸ਼ੇਰ ਸਿੰਘ (ਸੰਪਾ.), *ਗੁਰੂ ਖ਼ਾਲਸਾ ਦੇ ਨਿਸ਼ਾਨ ਅਤੇ ਹੁਕਮਨਾਮੇ,* ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 1967.

ਸਰਬਜਿੰਦਰ ਸਿੰਘ, ਡਾ. (ਸੰਪਾ.), *ਵਿਸ਼ਵ ਧਰਮਬਾਨੀ ਗ੍ਰੰਥ-ਸੰਪਰਦਾਇ ਅਤੇ ਚਿੰਤਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

————, (ਸੰਪਾ.), *ਗੁਰੂ ਗੋਬਿੰਦ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ,* 2014.

ਸੀਤਲ, ਸੋਹਣ ਸਿੰਘ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993.

ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* (ਸੰਪ. ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961.

ਸੈਨਾਪਤਿ, ਕਵੀ *ਸ੍ਰੀ ਗੁਰਸ਼ੋਭਾ,* (ਸੰਪਾ. ਗੰਡਾ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967. (ਰੀਪ੍ਰਿੰਟ 1996)

ਸੰਤੋਖ ਸਿੰਘ, ਭਾਈ, *ਸੂਰਜ ਪ੍ਰਕਾਸ਼ ਗ੍ਰੰਥ,* (ਸੰਪ. ਭਗਵਾਨ ਗੋਇਲ), ਪੰਜਾਬੀ, ਯੂਨੀਵਰਸਿਟੀ ਪਟਿਆਲਾ, 1972.

————, *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦੂਜੀ ਤੋਂ ਚੌਦੂਵੀਂ,* (*ਸੰਪ. ਭਾਈ ਵੀਰ ਸਿੰਘ*), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਦੂਜਾ 2011.

ਸੁੱਖਾ ਸਿੰਘ, ਭਾਈ, *ਗੁਰਬਿਲਾਸ ਪਾਤਸ਼ਾਹੀ 10 (1797),* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1989 (ਮੁੜ ਪ੍ਰਕਾਸ਼ਿਤ).

ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017.

————, *ਇਤਿਹਾਸਕ ਖੋਜ – ਭਾਗ ਪਹਿਲਾ,* (ਸੰਪ. ਹੀਰਾ ਸਿੰਘ ਦਰਦ), ਐੱਸ. ਜੀ. ਪੀ. ਸੀ. ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 2004.

ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* (ਸੰਪਾ. ਸਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਕੋਠਾਗੁਰੂ, ਬਲਵੰਤ ਸਿੰਘ, ਗਿਆਨੀ, *ਨਿਰਮਲਾ ਪੰਥ ਦੀ ਗੌਰਵ ਗਾਥਾ,* ਕਨਖਲ, ਹਰਿਦੁਆਰ, ਉਤਰਾਂਚਲ, 2009.

ਕੋਸ਼ਿਸ਼, ਸਰੂਪ ਸਿੰਘ, *ਗੁਰੂ ਕੀ ਸਾਖੀਆਂ,* (*ਸੰਪਾ. ਪਿਆਰਾ ਸਿੰਘ ਪਦਮ*), *ਕਲਮ ਮੰਦਰ, ਪਟਿਆਲਾ*), 1986. (*ਰੀਪ੍ਰਿੰਟ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003).

ਕੰਨਿਘਮ, ਜੌਜਫ਼ ਡੇਵਿਡ, *ਸਿੱਖ ਇਤਿਹਾਸ* (ਪੰਜਾਬੀ ਤਰਜ਼ਮਾ) ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004.

ਖੁਸ਼ਵੰਤ ਸਿੰਘ, *ਸਿੱਖ ਇਤਿਹਾਸ, ਭਾਗ ਪਹਿਲਾ,* ਲਾਹੌਰ ਬੁੱਕ ਸ਼ਾਪ ਲੁਧਿਆਣਾ, 2006.

ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ)* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

————, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987.

————, *ਰਿਪੁਦਮਨ ਪ੍ਰਕਾਸ਼,* ਭੁਪਿੰਦਰਾ ਸਟੇਟ ਪ੍ਰੈਸ, ਪਟਿਆਲਾ, 1919.

ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964.

————, *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਗੁਰਦਾਸ ਜੀ, ਭਾਈ, *ਵਾਰਾਂ;* ਸ਼੍ਰੋਮਣੀ ਗੁਰਦੁਆਰਾਂ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1977.

ਚੱਕਰਵਰਤੀ, ਸੰਤ ਇੰਦਰ ਸਿੰਘ (ਸੰਪਾ.), *ਗਿਆਨੀ ਗਿਆਨ ਸਿੰਘ ਅਧਿਐਨ,* ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, 1960.

ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾਂ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਡੀਸ਼ਨ ਦੂਜਾ, 2005.

ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ-I, ਗੁਰ ਰਤਨ ਪਬਲਿਸ਼ਰਜ਼, ਪਟਿਆਲਾ,* 2005.

ਜੋਸ਼ੀ, ਸ਼. ਸ਼., ਮੁਖਤਿਆਰ ਸਿੰਘ ਗਿੱਲ ਅਤੇ ਮਨਮੰਦਰ ਸਿੰਘ (ਸੰਪਾ.), *ਪੰਜਾਬੀ ਸ਼ਬਦ ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ,* 1998.

ਤਰਲੋਚਨ ਸਿੰਘ, ਡਾ., *ਜੀਵਨ ਚਰਿੱਤਰ ਗੁਰੂ ਨਾਨਕ ਦੇਵ,* ਦਿੱਲੀ ਸਿੱਖ ਗੁਰਦੁਆਰਾ ਬੋਰਡ, ਦਿੱਲੀ, 1972.

ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ,* 1469-1765 (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਢਿੱਲੋਂ, ਬਲਵੰਤ ਸਿੰਘ (ਸੰਪਾ.), *ਬੰਦਾ ਸਿੰਘ ਬਹਾਦਰ: ਫ਼ਾਰਸੀ ਸ੍ਰੋਤ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2011.

————, (ਸੰਪਾ.), *ਹਕੀਕਤ-ਏ-ਸਿੱਖਾਂ;* ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 2014.

ਨਈਅਰ, ਗੁਰਬਚਨ ਸਿੰਘ, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸ੍ਰੋਤ (1469-1849): ਅਧਿਐਨ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

————, *ਮੌਖਿਕ ਇਤਿਹਾਸ: ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿੱਚ,* ਨੈਸ਼ਨਲ ਬੁੱਕ ਆਰਗਨਾਈਜੇਸ਼ਨ, ਨਵੀਂ ਦਿੱਲੀ, 1990.

ਨਾਭਾ, ਕਾਨ੍ਹ ਸਿੰਘ, ਭਾਈ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, 2006.

ਨਾਰੰਗ, ਗੋਕਲ ਚੰਦ, *ਸਿੱਖ ਮਤ ਦਾ ਪਰਿਵਰਤਨ,* (*ਪੰਜਬੀ ਅਨੁ.*) *ਪੰਜਾਬੀ ਯੂਨੀਵਰਸਿਟੀ, ਪਟਿਆਲਾ,* 2009.

ਨਾਰਾ, ਗਿਆਨੀ ਈਸ਼ਰ ਸਿੰਘ, *ਸਫ਼ਰਨਾਮਾ ਅਤੇ ਜ਼ਫ਼ਰਨਾਮਾ: ਗੁਰੂ ਗੋਬਿੰਦ ਸਿੰਘ ਜੀ,* ਨਾਰਾ ਪਬਲਿਕੇਸ਼ਨਜ਼, ਦਿੱਲੀ, 1971.

————, *ਵਿਸਾਖ ਨਹੀਂ ਕੱਤਕ,* ਦੇਹਲੀ ਗੇਟ ਬਜ਼ਾਰ, ਦਿੱਲੀ, ਅਕਤੂਬਰ 1970.

ਪਦਮ, ਪਿਆਰਾ ਸਿੰਘ (ਸੰਪਾ.), *ਰਹਿਤਨਾਮੇ,* ਕਲਮ ਮੰਦਰ, ਪਟਿਆਲਾ 1984.

ਪਿਆਰ ਸਿੰਘ, ਡਾ., *ਖੋਜ: ਸਿਧਾਂਤ ਤੇ ਵਿਵਹਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ,* 2011.

ਪ੍ਰੀਤਮ ਸਿੰਘ, ਪ੍ਰੋ., *ਨਿਰਮਲਾ ਸੰਪਰਦਾਇ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,* 1981.

ਬਟਾਲਵੀ, ਅਹਿਮਦ ਸ਼ਾਹ, *ਤਾਰੀਖ਼-ਏ-ਪੰਜਾਬ,* (ਅਨੁ. ਗੁਰਬਖਸ਼ ਸਿੰਘ), ਪੰਜਾਬੀ, ਯੂਨੀਵਰਸਿਟੀ, ਪਟਿਆਲਾ, 1969.

ਬੱਲ, ਵੀਰ ਸਿੰਘ, ਭਾਈ, *ਸਿੰਘ ਸਾਗਰ,* (ਸੰਪਾ. ਕ੍ਰਿਸ਼ਨਾ ਕੁਮਾਰੀ ਕਾਂਸਲ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬੈਨਰਜੀ, ਇੰਦੂ ਭੂਸ਼ਨ, *ਖ਼ਾਲਸੇ ਦੀ ਉਤਪਤੀ, ਜਿਲਦ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਭਗਤ ਸਿੰਘ (ਸੰਪਾ.), *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ 1997.

ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼ - ਭਾਗ ਪਹਿਲਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਤੀਜਾ 1999.

————, *ਮਹਿਮਾ ਪ੍ਰਕਾਸ਼ - ਭਾਗ ਦੂਜਾ, ਖੰਡ ਪਹਿਲਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਤੀਜਾ 1999.

————, *ਮਹਿਮਾ ਪ੍ਰਕਾਸ਼ - ਭਾਗ ਦੂਜਾ, ਖੰਡ ਦੂਜਾ,* (ਸੰਪਾ. ਉੱਤਮ ਸਿੰਘ ਭਾਟੀਆ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਡੀਸ਼ਨ ਤੀਜਾ 1999.

ਭੰਗੂ, ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾਂ. ਬਲਵੰਤ ਸਿੰਘ ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਮਹਾਂ ਸਿੰਘ, ਗਿਆਨੀ (ਸੰਪਾ.), *ਮਾਲਵਾ ਦੇਸ ਰਟਨ ਕੀ ਸਾਖੀ ਪੋਥੀ,* ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1968.

ਮਹਿਬੂਬ, ਹਰਿੰਦਰ ਸਿੰਘ, *ਸਹਿਜੇ ਰਚਿਓ ਖ਼ਾਲਸਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.

ਮੈਕਾਲਿਫ਼, ਮੈਕਸ ਆਰਥਰ, *ਸਿੱਖ ਇਤਿਹਾਸ ਭਾਗ ਪਹਿਲਾ-ਦੂਜਾ,* (ਅਨੁ. ਅਰਜਨ ਸਿੰਘ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

————, *ਸਿੱਖ ਇਤਿਹਾਸ ਭਾਗ ਤੀਜਾ,* (ਅਨੁ. ਅਰਜਨ ਸਿੰਘ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

————, *ਸਿੱਖ ਧਰਮ ਗੁਰੂ ਸਾਹਿਬਾਨ: ਪਵਿੱਤਰ ਰਚਨਾਵਾਂ ਅਤੇ ਰਚਨਾਕਾਰ-ਜਿਲਦ ਪਹਿਲੀ,* (ਸੰਪ. ਅਤੇ ਪੰਜਾਬੀ ਅਨੁ. ਕ੍ਰਿਪਾਲ ਸਿੰਘ), ਪੰਜਾਬੀ ਯੂਨੀਵਰਸਿਟੀ ਪਟਿਆਲਾ, 2003.

ਰਾਏ, ਖੁਸ਼ਵੱਕਤ, *ਤਾਰੀਖ਼-ਏ-ਸਿੱਖਾਂ,* 1811 ਦਾ ਉਤਾਰਾ, ਗੰਡਾ ਸਿੰਘ ਪਾਈਵ੍ਰੇਟ ਕੁਲੈਕਸ਼ਨ, ਕਾਨ੍ਹ ਸਿੰਘ ਨਾਭਾ ਲਾਈਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਉਪਲੱਬਧ ਹੈ.

ਲਾਲ, ਕਨ੍ਹੱਈਆ, *ਤਾਰੀਖ਼-ਏ-ਪੰਜਾਬ,* (ਸੰਪਾ. ਤੇ ਅਨੁ. ਜੀਤ ਸਿੰਘ ਸੀਤਲ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1961.

ਫ਼ੌਜਾ ਸਿੰਘ ਅਤੇ ਕ੍ਰਿਪਾਲ ਸਿੰਘ, *ਐਟਲਸ: ਗੁਰੂ ਨਾਨਕ ਦੇਵ ਜੀ ਦੇ ਸਫ਼ਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2004.

## ਅੰਗਰੇਜੀ

Bhagat Singh, *History of Sikh Misls,* Punjabi University, Patiala 1993 (Second Edition).

Bindra, Sardar Pritpal Singh, (Trans.), *Kalam-E-Goya: Bhai Nand Lal*, Institute of Sikh Studies, Chandigarh, 2003.

Cunningham, Josehp Davey, *A History of the Sikhs (Second Edition),* John Murray, London 1853. (Reprint Delhi 1955).

Fauja Singh, *Historian and Historiography in the Sikhs*, Orient Publishers and Distributors, New Delhi, 1978.

Ganda Singh, (ed.), *Early European account of the Sikhs*, Indian Studies: Past & Present, 3 Sambhu Nath Pundit Street, Calcutta 20, 1962.

———, (ed.), *Maharaja Duleep Singh Correspondence*, Punjabi University, Patiala, 1977.

Grewal, J. S., *From Guru Nanak to Maharaja Ranjit Singh: Essays in Sikh History,* Guru Nanak Dev University, Amritsar, 1972.

——— and Indu Banga (eds.) *History and ideology: The Khalsa over 300 years*. New Delhi: Tulika Books, 1999.

——— and Irfan Habib (eds), *Sikh History from Persian Source,* Tulika, New Delhi 2001.

———, *History, Literature and Identity: Centuries of Sikh Tradition*, Oxford Press, New Delhi, 2011.

Griffin, Lepel H., *Chiefs and Families of Note in the Punjab, Vol. I,* Civil and Military Gazette Press, Lahore, 1909.

———, *The Punjab Cheifs*, T.C. McCarthy Chronicle Press, Lahore, 1865.

———, *The Rajas of Punjab,* The Punjab Printing Company Ltd., Lahore 1870.

———, *The Rajas of Punjab,* Trubner & Co., 57 & 59 Ludgate Hill, London, 1873. 2nd edition

Gupta, Hari Ram, *History of Sikh Gurus*, U.C. Kapoor and Sons, New Delhi, 1973.

———, *History of Sikhs: Evolution of Sikh Confedaracies 1708-1769, Vol. II*, Munshi Manohar Lal, New Delhi, 1978.

———, *History of the Sikhs, Vol. I,* U.C. Kapoor and Sons, New Delhi, 1994.

———, *History of the Sikhs, Vol. IV, The Sikh Commonwealth or Rise and Fall of the Sikh Misls,* Munshi Manohar Lal Publishers Pvt. Ltd. New Delhi, 2007.

Irwine, William, *Later Mughals, Vol. 1, 1707-1720, (Edited by Jadunath Sarkar)*, M.C. Sarkar and Sons, Harrison Road, Calcutta, 1922.

Kirpal Singh, *Janamsakhi Tradition: An Analytical Study,* Singh Brothers, Amritsar 2004.

Latif, Syad Mohd., *History of Panjab: From the remotest antiquity to present time*, Kalyani Publishers, New Delhi, 1994 (First published in 1891 by Central Press, Calcutta).

Logan, Lady, *Sir John logan and Duleep Singh*, W.H. Allen & Co., London, 1890.

Macleod, W.H., *Guru Nanak and the Sikh Religion*, Oxford University, Delhi, 1968.

Mcgregor, W. L., *The History of the Sikhs-I,* James Madden, 1846, R. S. Publishing House, Allahabad, Reprint in 1979.

Prinsep, Henry T., *Origin of the Sikh power in the Punjab and political life of Muharaja Runjit Singh*, G. H. Huttmann, Military Orphan Press, Calcutta,

1834.

Sheikh Ali, B., *History: its theory and method,* (Second ed.) Macmillan, New Delhi, 1981.

Smyth, Car Michael, A history of the reigning family of Lahore (1847), Patiala reprint 1970.

Sreedharan, E., *A Text books Historiography (500. B.C. To 2000 A.D.),* Orient Longman, New Delhi, 2004.

Warid, Mohd. Shafi, *Mirat-I-Waridat (1734),* in J.S. Grewal and Irfan Habeeb (Eds.), Sikh History from Persian Sources, Tuliqa New Delhi, 2001.

Wheeler, J.T., *Early Records of British India: A History of the English settlements in India,* Trubner and Company, London 1878.

Wilson, C.R., *The Early Annals of the English in Bengal,* Vol. II. (2nd Edition), The Asiatic Society, 1, Park Street, Calcutta, 1963, (First edition was published in 1911).

## ਪੱਤ੍ਰਿਕਾਵਾਂ ਅਤੇ ਮੈਗਜ਼ੀਨ

- ਸਿੰਘ ਸਭਾ ਪੱਤ੍ਰਿਕਾ ਅੰਮ੍ਰਿਤਸਰ, ਅਗਸਤ 1978.
- ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਜੂਨ 1979.
- ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਮਈ 1981.
- ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਮਈ 1981.
- ਨਾਨਕ ਪੰਥੀ, ਫੁਲਵਾੜੀ, ਲਾਹੌਰ 1931.

- ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2001.
- ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2003.
- ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2005.
- ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2007.
- Punjab History Conference Proceedings, Punjabi University Patiala, April 1975.
- Punjab History Conference Proceedings, Punjabi University Patiala, March 1992.
- Punjab History Conference Proceedings, Punjabi University Patiala, March 2003.
- Punjab History Conference Proceedings, Punjabi University Patiala, March 2010.
- Punjab History Conference Proceedings, Punjabi University Patiala, March 2011.
- Punjab History Conference Proceedings, Punjabi University Patiala, March 2012.
- Punjab Journal of Politics, 12(1), Jan-Jun 1988.
- Punjab Past and Present, Punjabi University Patiala, 24(1), April 1990.
- Punjab Past and Present, Punjabi University Patiala, 32(1), April 2001.
- Studies in Sikhism and Comparative Religion, 3(1), Apr 1984.
- The Achievers Journal Volume 2, Issue 4 ISSN (ONLINE): 2395-0897/ISSN (PRINT): 2454-2296 October-December, 2016.


## ਇੰਟਰਨੈਟ ਵੈਬਸਾਈਟਜ਼


- www.archive.org
- www.panjabdigilib.org+
- www.shodhganga.inflibnet.ac.in
- www.sikhbookclub.com
- www.worldlibrary.org

# ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਜ਼ ਫੈਕਲਟੀ ਅਧੀਨ
ਪੀਐਚ.ਡੀ. ਡਿਗਰੀ ਦੀ ਉਪਾਧੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**2020**


ਨਿਗਰਾਨ: ਖੋਜਾਰਥਣ:

**ਡਾ. ਮਲਕਿੰਦਰ ਕੌਰ** **ਸਿਮਰਜੀਤ ਕੌਰ**
ਪ੍ਰੋਫ਼ੈਸਰ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**147002**

# ਸਾਰ ਅਤੇ ਸਥਾਪਨਾਵਾਂ

ਹੱਥਲੇ ਖੋਜ ਕਾਰਜ ਦੇ ਅਧਿਆਇ ਪਹਿਲੇ ਵਿੱਚ ਮੁੱਖ ਤੌਰ ‘ਤੇ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਦੇ ਸ੍ਰੋਤਾਂ ਦੇ ਲੜੀਵਾਰ ਸਰਵੇਖਣ ਰਾਹੀਂ ਤਰਤੀਬਬੱਧ ਰੂਪ ਵਿੱਚ ਸਿੱਖ ਇਤਿਹਾਸ ਨੂੰ ਸਮਝਣ ਅਤੇ ਜੋੜਨ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਦੋਵੇਂ ਗ੍ਰੰਥਾਂ ਵਿੱਚ ਦਰਜ ਜਾਣਕਾਰੀ ਨੂੰ ਆਧੁਨਿਕ ਪਹੁੰਚ ਵਿਧੀਆਂ ਅਤੇ ਅੰਤਰਦ੍ਰਿਸ਼ਟੀ ਦੇ ਅੰਤਰਗਤ ਨਿਰਖਿਆ-ਪਰਖਿਆ ਜਾ ਸਕੇ। ਇਸ ਦੇ ਨਾਲ ਹੀ ਵਿਸ਼ੇ ਨਾਲ ਸੰਬੰਧਿਤ ਸ੍ਰੋਤਾਂ ਦਾ ਵੀ ਸਰਵੇਖਣ ਤੇ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਵੱਖ ਵੱਖ ਲਿਖਤਾਂ ਵਿੱਚ ਸੰਬੰਧਿਤ ਸ੍ਰੋਤਾਂ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਦੇ ਮੁਲਾਂਕਣ ਨੂੰ ਵਾਚਿਆ ਜਾ ਸਕੇ।

ਇਸ ਖੋਜ ਕਾਰਜ ਦਾ ਅਧਿਆਇ ਦੂਜਾ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਜੀਵਨ ਅਤੇ ਸਮਕਾਲ ਨਾਲ ਸੰਬੰਧਿਤ ਹੈ। ਇਸ ਅਧਿਆਇ ਦੌਰਾਨ ਦੋਵੇਂ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦਾ ਪਰਿਵਾਰਿਕ ਪਿਛੋਕੜ, ਉਨ੍ਹਾਂ ਆਦਰਸ਼ ਸਿੱਖ ਸ਼ਹੀਦਾਂ ਨਾਲ ਜੁੜਦਾ ਹੈ, ਜਿਨ੍ਹਾਂ ਨੇ ਸਿੱਖ ਸੰਘਰਸ਼, ਸਿੱਖੀ ਦੀ ਹੋਂਦ ਜਾਂ ਖ਼ਾਲਸਾ ਰਾਜ ਦੀ ਸਥਾਪਨਾ ਲਈ ਸਿੱਖ ਕੌਮ ਵੱਲੋਂ ਲੜੇ ਗਏ ਵੱਖ-ਵੱਖ ਸੰਘਰਸ਼ਾਂ ਵਿੱਚ ਅਹਿਮ ਯੋਗਦਾਨ ਪਾਇਆ।

ਰਤਨ ਸਿੰਘ ਭੰਗੂ ਦੇ ਦਾਦਕਾ ਪਰਿਵਾਰ ਵਿੱਚੋਂ ਦਾਦਾ ਮਹਿਤਾਬ ਸਿੰਘ ਨੇ ਸੁੱਖਾ ਸਿੰਘ ਨਾਲ ਮਿਲ ਕੇ ਮੱਸਾ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਸਿਰ ਵੱਢਿਆ, ਦੂਜੇ ਪਾਸੇ ਉਸ ਦੇ ਨਾਨਕਾ ਪਰਿਵਾਰ ਵੱਲੋਂ ਉਸ ਦੇ ਨਾਨਾ ਸ਼ਯਾਮ ਸਿੰਘ ਕਰੋੜਸਿੰਘੀਆ ਨੇ ਵੀ ਮੁਗਲਾਂ-ਅਫ਼ਗਾਨਾਂ ਖਿਲਾਫ਼ ਸਿੱਖ ਸੰਘਰਸ਼ ਵਿੱਚ ਅਤੇ ਦਲ ਖ਼ਾਲਸਾ ਦੀਆਂ ਮੁਹਿਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ। ਇਸ ਤੋਂ ਇਲਾਵਾ ਰਤਨ ਸਿੰਘ ਭੰਗੂ ਦਾ ਪਿਤਾ ਰਾਇ ਸਿੰਘ ਵੀ ਤੁਰਕਾਂ ਖਿਲਾਫ ਸਿੱਖ ਮੁਹਿੰਮਾਂ ਵਿੱਚ ਆਪਣੇ ਸਮੇਂ ਦੌਰਾਨ ਦਲ ਖ਼ਾਲਸਾ ਅਤੇ ਕਰੋੜਸਿੰਘੀਆ ਮਿਸਲ ਵਿੱਚ ਸਰਗਮ ਰਿਹਾ।

ਗਿਆਨੀ ਗਿਆਨ ਸਿੰਘ ਦੇ ਪਰਿਵਾਰਿਕ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਦੀ ਬੰਸਾਵਲੀ ਪ੍ਰਿਥਵੀ ਰਾਜ ਚੌਹਾਨ ਦੇ ਨਾਲ ਜਾ ਕੇ ਜੁੜਦੀ ਹੈ। ਇਸ ਖੋਜ ਕਾਰਜ ਤੋਂ ਗਿਆਨੀ ਗਿਆਨ ਸਿੰਘ ਦੇ ਖ਼ਾਨਦਾਨ ਦੇ ਵਡੇਰਿਆਂ ਦੁਆਰਾ ਨੌਵੇਂ ਗੁਰੂ ਸਾਹਿਬ ਦੀ ਮਾਲਵਾ ਫੇਰੀ ਦੌਰਾਨ ਸਿੱਖ ਬਣਨ ਅਤੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਉਸ ਦੇ ਵਡੇਰਿਆਂ ਵੱਲੋਂ ਜੰਗਾਂ-ਯੁੱਧਾਂ ਵਿੱਚ ਹਿੱਸਾ ਲੈਣ ਅਤੇ ਸਿੰਘ ਸਜਣ ਬਾਰੇ ਵੀ

ਪਤਾ ਲੱਗਦਾ ਹੈ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਵੀ ਗਿਆਨੀ ਗਿਆਨ ਸਿੰਘ ਦੇ ਖ਼ਾਨਦਾਨ ਨੂੰ ਕਾਫ਼ੀ ਨੁਕਸਾਨ ਉਠਾਉਣ ਅਤੇ ਉਨ੍ਹਾਂ ਦੇ ਉਜਾੜੇ ਬਾਰੇ ਪਤਾ ਲੱਗਦਾ ਹੈ। ਇਸ ਖੋਜ ਕਾਰਜ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗਿਆਨੀ ਗਿਆਨ ਸਿੰਘ ਦਾਦਾ ਜੀ ਦੇ ਦੋ ਭਰਾ ਬਰਾਜ ਸਿੰਘ ਅਤੇ ਅੱਗੜ ਸਿੰਘ ਸਿੱਖ ਸੰਘਰਸ਼ ਵਿੱਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਸਿੰਘਾਂ ਵਿੱਚੋਂ ਸਨ। ਗਿਆਨੀ ਗਿਆਨ ਸਿੰਘ ਦੇ ਨਾਨਕਾ ਪਰਿਵਾਰ ਵਿੱਚੋਂ ਉਸ ਦੇ ਮਾਮਾ ਕਰਮ ਸਿੰਘ ਦੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਸ ਦੀ ਫ਼ੌਜ ਵਿੱਚ ਸੂਬੇਦਾਰ ਦੇ ਅਹੁਦੇ ‘ਤੇ ਤਾਇਨਾਤ ਹੋਣ ਬਾਰੇ ਵੀ ਪਤਾ ਲੱਗਦਾ ਹੈ।

ਇਸ ਖੋਜ ਕਾਰਜ ਤੋਂ ਮਾਲੂਮ ਪੈਂਦਾ ਹੈ ਕਿ ਰਤਨ ਸਿੰਘ ਭੰਗੂ ਦਾ ਜੀਵਨ ਕਾਲ ਬਹੁਤ ਹੀ ਸ਼ਾਨਦਾਰ ਗੁਜ਼ਰਿਆ। ਉਹ ਆਪਣੇ ਸਮੇਂ ਦਾ ਚੰਗਾ ਪੜ੍ਹਿਆ ਲਿਖਿਆ ਰਈਸ ਸੀ ਅਤੇ ਕਾਫ਼ੀ ਉੱਚੇ ਖ਼ਾਨਦਾਨ ਨਾਲ ਸੰਬੰਧ ਰੱਖਦਾ ਸੀ, ਜਿਸ ਕਰ ਕੇ ਉਸ ਦੇ ਅੰਗਰੇਜ਼ ਹਕੂਮਤ ਨਾਲ ਸੰਬੰਧ ਵੀ ਬੜੇ ਨਿੱਘੇ ਸਨ। ਦੂਜੇ ਪਾਸੇ ਗਿਆਨ ਗਿਆਨ ਸਿੰਘ ਇੱਕ ਸਾਧਾਰਨ ਗਰੀਬ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਪਰ ਸਾਧਾਰਨ ਪਰਿਵਾਰ ਵਿੱਚ ਜਨਮੇ ਹੋਣ ਦੇ ਬਾਵਜੂਦ ਵੀ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਆਕਤ, ਯੋਗਤਾ ਤੇ ਸਿਆਣਪ ਸਦਕਾ ਛੋਟੀ ਉਮਰ ਤੋਂ ਮਹਾਰਾਜਾ ਰਣਜੀਤ ਸਿੰਘ, ਪਟਿਆਲਾ ਅਤੇ ਨਾਭਾ ਰਿਆਸਤਾਂ ਦੀ ਛਤਰ ਛਾਇਆ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਹੁਨਰ ਸਦਕਾ ਉੱਚਾ ਉੱਠਣ ਦੀ ਨਿਰੰਤਰ ਕੋਸ਼ਿਸ਼ ਕੀਤੀ ਅਤੇ ਆਪਣੀ ਸਾਰੀ ਉਮਰ ਇਮਾਨਦਾਰੀ ਨਾਲ ਸਿੱਖ ਸਾਹਿਤ ਇਕੱਠਾ ਕਰਨ ਅਤੇ ਲਿਖਣ ਵਿੱਚ ਹੀ ਲਾ ਦਿੱਤੀ।

ਇਸ ਅਧਿਐਨ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ਵਿੱਚ ਦਰਜ ਜਾਣਕਾਰੀ ਲਈ ਇਤਿਹਾਸਿਕ ਸ੍ਰੋਤਾਂ ਦੀ ਵਰਤੋਂ ਤਾਂ ਕੀਤੀ ਹੈ, ਪਰ ਉਸ ਨੇ ਮੌਖਿਕ ਪ੍ਰੰਪਰਾ ਦੇ ਪ੍ਰਭਾਵ ਹੇਠ ਜ਼ਿਆਦਾਤਰ ਸਣੌਤਾਂ ਦਾ ਸਹਾਰਾ ਲੈ ਕੇ, ਜੋ ਜਾਣਕਾਰੀ ਉਸ ਨੇ ਆਪਣੇ ਵੱਡੇ ਵਡੇਰਿਆਂ ਤੋਂ ਸੁਣ ਕੇ ਇਕੱਠੀ ਕੀਤੀ, ਉਸ ਨੂੰ ਪੰਥ ਪ੍ਰਕਾਸ਼ ਵਿੱਚ ਜ਼ਿਆਦਾ ਜਗ੍ਹਾ ਦਿੱਤੀ। ਜਦੋਂ ਕਿ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਦੇ ਉਲਟ ਉਸ ਵੇਲੇ ਜੀਵਨ ਹੰਢਾ ਰਹੇ ਲੰਬੀ ਉਮਰ ਦੇ ਬਜ਼ੁਰਗਾਂ ਤੋਂ ਸਿੱਖ ਇਤਿਹਾਸ ਬਾਰੇ ਮੌਖਿਕ ਜਾਣਕਾਰੀ ਇਕੱਠੀ ਕਰਨ ਤੋਂ ਇਲਾਵਾ ਖੁਦ ਸਿੱਖ ਧਰਮ ਨਾਲ ਸੰਬੰਧਿਤ ਸਥਾਨਾਂ ਦੀ ਯਾਤਰਾ ਕਰ ਕੇ ਸਿੱਖ ਸਾਹਿਤ ਇਕੱਠਾ ਕੀਤਾ ਅਤੇ ਨਾਲ ਹੀ ਆਪਣੇ ਤੋਂ ਪਹਿਲਾਂ ਉਪਲੱਬਧ ਸਿੱਖ ਇਤਿਹਾਸ ਦੀ ਜਾਣਕਾਰੀ ਦਿੰਦੇ ਇਤਿਹਾਸਿਕ ਸ੍ਰੋਤਾਂ ਦੀ ਵੀ ਵਰਤੋਂ ਕਰ ਕੇ ਸਿੱਖ ਇਤਿਹਾਸ ਇਕੱਠਿਆਂ ਇੱਕ ਥਾਂ ਲਿਖਣ ਲਈ ਬਾ-ਕਮਾਲ ਪਹਿਲਕਦਮੀ ਕੀਤੀ।

ਖੋਜ ਕਾਰਜ ਦੇ ਤੀਜੇ ਅਧਿਆਇ, ਜੋ ਕਿ ਗੁਰੂ ਕਾਲ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਹੈ ਰਾਹੀਂ ਦੋਵੇਂ ਗ੍ਰੰਥਾਂ ਵਿੱਚ ਉਪਲੱਬਧ ਸਿੱਖ ਇਤਿਹਾਸ ਵਿੱਚੋਂ ਖੋਜ ਕਾਰਜ ਦਾ ਹਿੱਸਾ ਬਣੀ ਜਾਣਕਾਰੀ ਦੇ ਅਧਿਐਨ ਤੋਂ ਤੱਥ ਸਾਹਮਣੇ ਆਉਂਦੇ ਹਨ ਕਿ ਰਤਨ ਸਿੰਘ ਭੰਗੂ ਦੀ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਗਿਆਨੀ ਗਿਆਨ ਸਿੰਘ ਦੇ ਮੁਕਾਬਲਤਨ ਸੰਖੇਪ ਹੈ। ਗਿਆਨੀ ਗਿਆਨ ਸਿੰਘ ਨੇ ਆਪਣੇ ਲਿਖਤ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਤਕਰੀਬਨ ਹਰੇਕ ਘਟਨਾ ਨੂੰ ਸਮੇਟਣ ਦਾ ਉਪਰਾਲਾ ਕੀਤਾ ਹੈ। ਰਤਨ ਸਿੰਘ ਭੰਗੂ ਪਹਿਲੇ ਗੁਰੂ ਸਾਹਿਬ ਬਾਰੇ ਤਾਂ ਗਿਆਨੀ ਗਿਆਨ ਸਿੰਘ ਵਾਂਗ ਵਿਸਥਾਰਪੂਰਵਕ ਦੇਣ ਦਾ ਯਤਨ ਕੀਤਾ ਹੈ, ਜਦੋਂ ਕਿ ਉਸ ਵੱਲੋਂ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਸਾਹਿਬਾਨ ਤੱਕ ਦਿੱਤੀ ਜਾਣਕਾਰੀ ਸੀਮਿਤ ਸਤਰਾਂ ਵਿੱਚ ਹੈ, ਪਰ ਫ਼ੇਰ ਵੀ ਉਸ ਨੇ ਗਿਆਨੀ ਗਿਆਨ ਸਿੰਘ ਵਾਂਗ ਹੀ ਗੁਰੂ ਸਾਹਿਬਾਨ ਦੇ ਨਾਲ ਜੁੜੇ ਕਈ ਮਹੱਤਵਪੂਰਨ ਪੱਖ ਉਜਾਗਰ ਕੀਤੇ ਹਨ। ਇਸੇ ਤਰ੍ਹਾਂ ਜੇ ਨੌਵੇਂ ਗੁਰੂ ਸਾਹਿਬ ਸੰਬੰਧੀ ਜਾਣਕਾਰੀ ਦੀ ਗੱਲ ਕਰੀਏ ਤਾਂ ਰਤਨ ਸਿੰਘ ਭੰਗੂ ਦੀ ਲਿਖਤ ਗੁਰੂ ਸਾਹਿਬ ਮੁੱਢਲੇ ਜੀਵਨ ਨੂੰ ਛੱਡ ਜ਼ਿਆਦਾਤਰ ਉਨ੍ਹਾਂ ਦੀ ਸ਼ਹੀਦੀ ਉੱਪਰ ਹੀ ਕੇਂਦ੍ਰਿਤ ਰਹੀ। ਦਸਵੇਂ ਗੁਰੂ ਸਾਹਿਬਾਨ ਸੰਬੰਧੀ ਜਾਣਕਾਰੀ ਦਿੰਦਿਆਂ ਵੀ ਰਤਨ ਸਿੰਘ ਭੰਗੂ ਦਾ ਜ਼ਿਆਦਾ ਧਿਆਨ ਖ਼ਾਲਸਾ ਪੰਥ ਦੀ ਸਾਜਣਾ ਅਤੇ ਖ਼ਾਲਸੇ ਦੀ ਚੜ੍ਹਦੀਕਲਾ, ਅਥਾਹ ਜੋਸ਼ ਅਤੇ ਸ਼ਕਤੀ ਨੂੰ ਪ੍ਰਦਰਸ਼ਿਤ ਕਰਨ ਵੱਲ ਹੀ ਰਿਹਾ।

ਗਿਆਨੀ ਗਿਆਨ ਸਿੰਘ ਵੱਲੋਂ ਗੁਰੂ ਨਾਨਕ ਜੀ ਦੀਆਂ ਉਦਾਸੀਆਂ ਸੰਬੰਧੀ ਜਾਣਕਾਰੀ ਬਹੁਤ ਹੀ ਵਿਸਥਾਰਿਤ ਤਰੀਕੇ ਨਾਲ ਨਸ਼ਰ ਕਰਨਾ ਅਤੇ ਆਪਣੀ ਲਿਖਤ ਰਾਹੀਂ ਦਸਵੇਂ ਗੁਰੂ ਜੀ ਦੇ ਦੇਵੀ ਦਾ ਪੁਜਾਰੀ ਹੋਣ ਸੰਬੰਧੀ ਫ਼ੈਲਾਏ ਗਏ ਭਰਮ ਨੂੰ ਤੋੜ ਕੇ ਦਸਮੇਸ਼ ਪਿਤਾ ਅਤੇ ਸਿੱਖਾਂ ਦੇ ਅਕਾਲ ਪੂਜਕ ਹੋਣ ਦੀ ਪੁਸ਼ਟੀ ਕਰਨੀ, ਇਸ ਅਧਿਐਨ ਰਾਹੀਂ ਗੁਰੂ ਕਾਲ ਸੰਬੰਧੀ ਮਹੱਤਵਪੂਰਨ ਜਾਣਕਾਰੀ ਦੇ ਰੂਪ ਵਿੱਚ ਸਾਹਮਣੇ ਆਏ ਹਨ।

ਇਸ ਅਧਿਆਇ ਤੋਂ ਇਹ ਵੀ ਸਾਬਿਤ ਹੋ ਜਾਂਦਾ ਹੈ ਕਿ ਦੋਵੇਂ ਲੇਖਕਾਂ ਦੇ ਪੰਥ ਪ੍ਰਕਾਸ਼ ਤਰੁਟੀਆਂ ਤੋਂ ਰਹਿਤ ਨਹੀਂ ਹਨ, ਪਰ ਦੋਵਾਂ ਵਿੱਚੋਂ ਕਾਫ਼ੀ ਮੌਲਿਕ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਹਾਲਾਂਕਿ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿੱਚ ਮੌਲਿਕ ਜਾਣਕਾਰੀ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਦੇ ਮੁਕਾਬਲਤਨ ਸੰਖੇਪ ਹੈ, ਪਰ ਫ਼ੇਰ ਵੀ ਉਸ ਦੀ ਲਿਖਤ ਦੇ ਮਹੱਤਵ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਗਿਆਨੀ ਗਿਆਨ ਸਿੰਘ ਵੱਲੋਂ ਪਹਿਲੇ ਗੁਰੂ ਸਾਹਿਬ ਤੋਂ ਦਸਵੇਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਵੱਖ-ਵੱਖ ਘਟਨਾਵਾਂ ਬਾਰੇ ਦਿੱਤੀ ਜਾਣਕਾਰੀ ਨਾਲ ਸਿੱਖ ਇਤਿਹਾਸਕਾਰਾਂ ਦਾ ਬਹੁਮਤ ਸਹਿਮਤ ਹੁੰਦਾ

ਹੋਇਆ, ਗਿਆਨੀ ਗਿਆਨ ਸਿੰਘ ਦੀ ਜਾਣਕਾਰੀ ਦਰੁਸਤ ਅਤੇ ਸਟੀਕ ਸਾਬਿਤ ਕਰਦਾ ਹੈ।

ਇਸ ਅਧਿਆਇ ਤੋਂ ਇਹ ਗੱਲ ਵੀ ਸਾਬਿਤ ਹੁੰਦੀ ਹੈ ਕਿ ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿੱਖ ਇਤਿਹਾਸ ਦੇ ਲੰਬੇ ਸਫ਼ਰ ਦੀ ਜਾਣਕਾਰੀ ਸਿੱਖ ਦ੍ਰਿਸ਼ਟੀਕੋਣ ਦੇ ਪੱਖ ਤੋਂ ਦੇਣ ਵਾਲੇ ਅਤਿ ਮਹੱਤਵਪੂਰਨ ਸ੍ਰੋਤ ਹਨ, ਪਰੰਤੂ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਇਹ ਲਿਖਤਾਂ ਵੀ ਉਨ੍ਹਾਂ ਤੋਂ ਪਹਿਲੇ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਦੀ ਤਰ੍ਹਾਂ ਸੀਮਾਵਾਂ ਤੋਂ ਰਹਿਤ ਨਹੀਂ ਹਨ। ਮੌਖਿਕ ਪ੍ਰੰਪਰਾ ਵਿੱਚੋਂ ਉਪਜੇ ਹੋਣ ਕਾਰਣ ਅਤੇ ਆਪਣੇ ਤੋਂ ਪੁਰਾਤਨ ਸਿੱਖ ਇਤਿਹਾਸ ਦੇ ਸ੍ਰੋਤਾਂ; ਜਨਮਸਾਖੀ ਪ੍ਰੰਪਰਾ, ਗੁਰਬਿਲਾਸ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ, ਗੁਰ ਪ੍ਰਤਾਪ ਸੂਰਜ ਗ੍ਰੰਥ ਆਦਿ ਦਾ ਪ੍ਰਭਾਵ ਇਨ੍ਹਾਂ ਲਿਖਤਾਂ ਉੱਪਰ ਝਲਕਦਾ ਹੋਣ ਕਾਰਣ, ਇਨ੍ਹਾਂ ਲਿਖਤਾਂ ਨੂੰ ਲਿਖਣ ਵੇਲੇ ਸਾਧਨਾਂ ਦੇ ਸੀਮਿਤ ਹੋਣ ਕਾਰਣ, ਲਿਖਤਾਂ ਦਾ ਨਜ਼ਰੀਆ ਨਿਰੋਲ ਇਤਿਹਾਸਿਕ ਨਾ ਹੋਣਾ ਆਦਿ ਰੂਪ ਵਿੱਚ ਕੁਝ ਸੀਮਾਵਾਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਸੀਮਾਵਾਂ ਦੀ ਵਜ੍ਹਾ ਕਰਕੇ ਇਹ ਲਿਖਤਾਂ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਲਿਖਤਾਂ ਵਾਂਗ ਮਨੋਕਲਪਿਤ, ਮਨਘੜਤ, ਮਿਥਿਹਾਸਿਕ, ਭੁਲੇਖਾ ਪਾਊ ਅਤੇ ਦੋਹਰੀ ਜਾਣਕਾਰੀ ਤੋਂ ਸੱਖਣੀਆਂ ਨਹੀਂ ਹਨ। ਇਨ੍ਹਾਂ ਲਿਖਤਾਂ ਦੀ ਇੱਕ ਸੀਮਾ ਇਹ ਵੀ ਹੈ ਕਿ ਲਿਖਾਰੀ ਨਿਰੋਲ ਇਤਿਹਾਸ ਨਹੀਂ ਬਿਆਨਦੇ, ਸਗੋਂ ਸ਼ਰਧਾਵਸ ਸਿੱਖ ਇਤਿਹਾਸ ਨੂੰ ਕਲਮਬੱਧ ਕਰਦੇ ਰਹੇ ਹਨ। ਗੁਰੂ ਕਾਲ ਨਾਲ ਸੰਬੰਧਿਤ ਅਧਿਆਇ ਵਿੱਚ ਉਪਰੋਕਤ ਸੀਮਾਵਾਂ ਕਾਰਣ ਸ੍ਰੀ ਗੁਰੂ ਨਾਨਕ ਜੀ ਦੇ ਬਾਲ ਅਵਸਥਾ ਤੋਂ ਹੀ ਚਮਤਕਾਰੀ ਅਤੇ ਕਰਾਮਾਤੀ ਪੁਰਸ਼ ਹੋਣ ਦੀ ਜਾਣਕਾਰੀ ਸਾਹਮਣੇ ਆਉਂਦੀ ਹੈ। ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿੱਚ ਨੌਵੇਂ ਗੁਰੂ ਸਾਹਿਬ ਦੀ ਲਾਸਾਨੀ ਸ਼ਹੀਦੀ ਵੀ ਦੈਵੀ ਸ਼ਕਤੀ ਨਾਲ ਹੋਈ ਹੋਣ ਕਾਰਣ ਕਾਲਪਨਿਕ ਦਿੱਖ ਧਾਰਨ ਕਰ ਲੈਂਦੀ ਹੈ। ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ ਕਾਲਪਨਿਕ ਅਤੇ ਮਨਘੜਤ ਸਮੱਗਰੀ ਦਾ ਰਲਾ ਹੋਣ ਕਾਰਣ ਦਸਵੇਂ ਗੁਰੂ ਸਾਹਿਬ ਜੀ ਭਵਾਨੀ ਮਾਤਾ ਨੂੰ ਖੁਸ਼ ਕਰਨ ਲਈ ਝੋਟੇ ਦੀ ਬਲੀ ਵੀ ਦਿੰਦੇ ਹਨ। ਮੌਖਿਕ ਪ੍ਰੰਪਰਾ ਦਾ ਪ੍ਰਭਾਵ ਹੋਣ ਕਾਰਣ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਆਪਣੇ ਆਪਣੇ ਇਲਾਕੇ ਨਾਲ ਸੰਬੰਧਿਤ ਸਿੱਖਾਂ ਨੂੰ ਸਰਵਸ੍ਰੇਸ਼ਠ ਸਾਬਿਤ ਕਰਨ ਦਾ ਯਤਨ ਆਪਣੀਆਂ ਲਿਖਤਾਂ ਵਿੱਚ ਕਰਦੇ ਹਨ। ਸ਼ਰਧਾਵਸ ਅਤੇ ਲਿਖਤਾਂ ਨੂੰ ਸੰਪੂਰਨ ਹੋਣ ਵਿੱਚ ਜ਼ਿਆਦਾ ਵਕਤ ਲੱਗਣ ਕਾਰਣ ਗੁਰੂ ਕਾਲ ਵਿੱਚ ਰਤਨ ਸਿੰਘ ਭੰਗੂ ਦੀ ਲਿਖਤ ਨੌਵੇਂ ਗੁਰੂ ਜੀ ਦੀ ਸ਼ਹੀਦੀ ਬਾਰੇ, ਪੰਥ ਵਿੱਚ ਦਸਵੇਂ ਗੁਰੂ ਸਾਹਿਬਾਨ ਵੱਲੋਂ ਸਾਰੀਆਂ ਜਾਤਾਂ ਨੂੰ ਸ਼ਾਮਿਲ ਕਰਨ ਸੰਬੰਧੀ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਕੇ ਸ਼ਹੀਦ ਕਰਨ ਦੀ ਅਤੇ ਗਲ ਰੇਤ ਕੇ ਸ਼ਹੀਦ ਕਰਨ ਦੀ ਦੋਹਰੀ

ਜਾਣਕਾਰੀ ਦਿੰਦੀ ਹੈ। ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚੋਂ ਭਾਈ ਸਤੀ ਦਾਸ ਦੀ ਸ਼ਹੀਦੀ ਵਿਸਰਣਾ, ਰਤਨ ਸਿੰਘ ਭੰਗੂ ਦੀ ਲਿਖਤ ਦਾ ਨੌਵੇਂ ਗੁਰੂ ਜੀ ਨਾਲ ਸ਼ਹੀਦ ਹੋਏ ਸਾਰੇ ਸਿੱਖਾਂ ਬਾਰੇ ਚੁੱਪ ਹੋਣਾ, ਗੁਰੂ ਜੀ ਦੀ ਦੇਹ ਦੇ ਸਸਕਾਰ ਅਤੇ ਸੀਸ ਦੇ ਅਨੰਦਪੁਰ ਪਹੁੰਚਣ ਬਾਰੇ ਨਾ ਦੱਸਣਾ, ਛੋਟੇ ਸਾਹਿਬਜ਼ਾਦਿਆਂ ਦੇ ਨਾਂ ਹੀ ਨਾ ਦੱਸਣੇ, ਦਸਮ ਪਿਤਾ ਦੀਆਂ ਪਾਉਂਟਾ ਸਾਹਿਬ ਦੀਆਂ ਗਤੀਵਿਧੀਆਂ, ਭੰਗਾਣੀ ਦੀ ਜੰਗ ਅਤੇ ਪੀਰ ਬੁੱਧੂ ਸ਼ਾਹ ਦੀ ਕੁਰਬਾਨੀ, ਨਾਦੌਣ ਦੀ ਲੜਾਈ ਦਾ ਜ਼ਿਕਰ ਨਾ ਕਰਨਾ, ਪਹਿਲੇ ਸਿੱਖ ਇਤਿਹਾਸਕਾਰਾਂ ਵਾਂਗ ਗੁਰੂ ਜੀ ਨੂੰ ਦੇਵੀ ਦਾ ਪੁਜਾਰੀ ਦੱਸਣਾ, ਖ਼ਾਲਸਾ ਪੰਥ ਦੀ ਸਥਾਪਨਾ ਸੰਬੰਧੀ ਸਿੱਖ ਰਹੁ-ਰੀਤਾਂ ਦੇ ਉਲਟ ਜੋਤਸ਼ੀਆਂ ਅਤੇ ਪੰਡਤਾਂ ਤੋਂ ਦਿਨ ਕਢਵਾ ਕੇ ਪੰਜ ਜਾਤਾਂ ਵਿੱਚ ਪੰਜ ਪਿਆਰੇ ਚੁਣ ਕੇ ਅਤੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਾਜਣ ਦੀ ਪ੍ਰਕਿਰਿਆ, ਅਨੰਦਪੁਰ ਦੀਆਂ ਲੜਾਈਆਂ ਵਿੱਚ ਸਰਗਰਮ ਰਹੇ ਮਾਨਵਤਾ ਅਤੇ ਸੇਵਾ ਦੇ ਪੁੰਜ ਭਾਈ ਘਨੱ੍ਹਈਆ ਬਾਰੇ ਦੋਵੇਂ ਲਿਖਤਾਂ ਵਿੱਚ ਜ਼ਿਕਰ ਨਾ ਹੋਣਾ, ਖਿਦਰਾਣੇ ਦੀ ਲੜਾਈ ਵਿੱਚ ਭਾਈ ਮਹਾਂ ਸਿੰਘ ਦੇ ਸ਼ਾਮਿਲ ਹੋਣ ਅਤੇ ਉਸ ਦੇ ਸ਼ਹੀਦ ਹੋਣ ਬਾਰੇ ਰਤਨ ਸਿੰਘ ਭੰਗੂ ਵੱਲੋਂ ਜਾਣਕਾਰੀ ਨਾ ਦੇਣਾ, ਖਿਦਰਾਣੇ ਦੀ ਲੜਾਈ ਵਿੱਚ ਬਹਾਦਰੀ ਦੇ ਜ਼ੌਹਰ ਦਿਖਾਉਣ ਵਾਲੀ ਮਾਈ ਭਾਗੋ ਸੰਬੰਧੀ ਦੋਵਾਂ ਲੇਖਕਾਂ ਵੱਲੋਂ ਕੋਈ ਜਾਣਕਾਰੀ ਨਾ ਦੇਣਾ ਆਦਿ ਉਨ੍ਹਾਂ ਸਮਿਆਂ ਵਿੱਚ ਸਾਧਨਾਂ ਦੇ ਸੀਮਿਤ ਹੋਣ, ਮੌਖਿਕ ਪ੍ਰੰਪਰਾ 'ਤੇ ਜ਼ਿਆਦਾ ਨਿਰਭਰ ਹੋਣ, ਪੁਰਾਤਨ ਲਿਖਤਾਂ ਦਾ ਪ੍ਰਭਾਵ ਹੋਣ ਅਤੇ ਲਿਖਤ ਨੂੰ ਇਤਿਹਾਸਿਕ ਨਜ਼ਰੀਏ ਤੋਂ ਨਾ ਲਿਖਣਾ ਆਦਿ ਸੀਮਾਵਾਂ ਹੀ ਇਸ ਦਾ ਕਾਰਣ ਮਾਤਰ ਪ੍ਰਤੀਤ ਹੁੰਦੀਆਂ ਹਨ।

ਖੋਜ ਕਾਰਜ ਦਾ ਅਧਿਆਇ ਚੌਥਾ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹੈ। ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਰਤਨ ਸਿੰਘ ਭੰਗੂ ਵੀ ਗਿਆਨੀ ਗਿਆਨ ਸਿੰਘ ਵਾਂਗ ਵਿਸਥਾਰਪੂਰਵਕ ਜਾਣਕਾਰੀ ਤਾਂ ਦਿੰਦਾ ਹੈ, ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਨੂੰ ਤਾਂ ਤਰਤੀਬਬੱਧ ਲਿਖ ਰਿਹਾ ਹੈ, ਪਰ ਮਹੱਤਵਪੂਰਨ ਲੜਾਈਆਂ ਨੂੰ ਬਹੁਤ ਹੀ ਸੰਖੇਪ ਵਿੱਚ ਬਿਆਨਦਾ ਹੈ। ਤੁਲਨਾਤਮਿਕ ਅਧਿਐਨ ਉਪਰੰਤ ਮਹੱਤਵਪੂਰਨ ਜਾਣਕਾਰੀ ਦੇ ਰੂਪ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਲਿਖਤ ਕੁਝ ਨਵੀਂਆਂ ਸੂਚਨਾਵਾਂ ਵੀ ਸਾਹਮਣੇ ਲੈ ਕੇ ਆਉਂਦੀ ਹੈ। ਉਹ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੋਹਗੜ੍ਹ, ਸਹਾਰਨਪੁਰ, ਦੁਬਾਰਾ ਜਲਾਲਾਬਾਦ ਦੀ ਲੜਾਈ ਜਿੱਤਣ ਦਾ ਅਤੇ ਲੋਹਗੜ੍ਹ ਦੀ ਲੜਾਈ ਵਿੱਚ ਮੁਗਲਾਂ ਦੇ ਡਾਢੇ ਨੁਕਸਾਨ ਦਾ ਜ਼ਿਕਰ ਕਰਕੇ ਧਿਆਨ ਖਿੱਚਦਾ ਹੈ। ਕੋਟ ਅੱਬੂ ਖਾਂ ਦੀ ਲੜਾਈ, ਮੁਰਾਦਾਬਾਦ ਅਤੇ ਨਜ਼ੀਬਾਬਾਦ ਦੀ ਤਬਾਹੀ, ਜਲਾਲਾਬਾਦ ਦੇ ਹਾਕਮ ਜਲਾਲ ਖਾਂ ਤੋਂ ਨਜ਼ਰਾਨਾ ਵਸੂਲ ਕਰਨਾ, 1124

ਹਿਜ਼ਰੀ ਰਮਜ਼ਾਨ ਦੇ ਮਹੀਨੇ ਲੋਹਗੜ੍ਹ ਵਿਖੇ ਵੱਡੀ ਗਿਣਤੀ ਵਿੱਚ ਆਈ ਮੁਗਲ ਸੈਨਾ ਨੂੰ ਬੁਰੀ ਤਰ੍ਹਾਂ ਹਰਾਉਣਾ, ਕਸੂਰ ਅਤੇ ਗਾਜੀਪੁਰ ਦੀ ਲੜਾਈ ਜਿੱਤਣ, ਸਿਆਲਕੋਟ, ਕਲਾਨੌਰ, ਪੋਠੋਹਾਰ ਦੇ ਇਲਾਕੇ ਜਿੱਤਣ ਦੀ ਗੱਲ ਵੀ ਪਹਿਲੀ ਵਾਰ ਗਿਆਨੀ ਗਿਆਨ ਸਿੰਘ ਨੇ ਆਪਣੀ ਲਿਖਤ ਵਿੱਚ ਕੀਤੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਗਿਆਨੀ ਗਿਆਨ ਸਿੰਘ ਦੀ ਲਿਖਤ ਰਤਨ ਸਿੰਘ ਭੰਗੂ ਦੇ ਮੁਕਾਬਲੇ ਜ਼ਿਆਦਾ ਵਿਸਥਾਰਪੂਰਵਕ ਤੇ ਸਿਲਸਿਲੇਵਾਰ ਜਾਣਕਾਰੀ ਪ੍ਰਦਾਨ ਕਰਦੀ ਹੈ। ਉਂਝ ਦੋਵਾਂ ਲੇਖਕਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਸੰਬੰਧੀ ਆਪਣੀਆਂ ਲਿਖਤਾਂ ਵਿੱਚ ਦਿੱਤੀ ਜਾਣਕਾਰੀ ਕਦਮ-ਦਰ-ਕਦਮ ਖ਼ਾਲਸੇ ਦੀ ਸ਼ਾਨ-ਬਾਨ ਅਤੇ ਚੜ੍ਹਦੀਕਲਾ, ਦਲੇਰੀ, ਬਹਾਦਰੀ, ਸਿਦਕ ਅਤੇ ਸਿਰੜ ਨੂੰ ਵੀ ਪ੍ਰਦਰਸ਼ਿਤ ਕਰਦੀ ਹੈ, ਪਰ ਨਾਲ ਹੀ ਦੋਵੇਂ ਲੇਖਕ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਭਰਮ ਭੁਲੇਖੇ ਫ਼ੈਲਾਉਂਦੇ ਹੋਏ ਉਸ ਨੂੰ ਕਰਾਮਾਤੀ ਸਿੱਧ ਕਰਨ ਦਾ ਯਤਨ ਵੀ ਕਰਦੇ ਹਨ।

ਮੌਲਿਕਤਾ ਦੇ ਪੱਖ ਤੋਂ ਵਿਚਾਰਨ ਤੋਂ ਪਤਾ ਚਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਵੱਲੋਂ ਮੁਗਲਾਂ ਖ਼ਿਲਾਫ਼ ਸੰਘਰਸ਼ ਦੀਆਂ ਦਿੱਤੀਆਂ ਜ਼ਿਆਦਾਤਰ ਘਟਨਾਵਾਂ ਦੀ ਪੁਸ਼ਟੀ ਤੇਜਾ ਸਿੰਘ ਅਤੇ ਗੰਡਾ ਸਿੰਘ ਵਰਗੇ ਸਿੱਖ ਵਿਦਵਾਨਾਂ ਵਲੋਂ ਕੀਤੀ ਜਾਣੀ, ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਦੀ ਮੌਲਿਕਤਾ ਵਿੱਚ ਵਾਧਾ ਕਰਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਅਧਿਆਇ ਵਿੱਚ ਦੋਵੇਂ ਹੀ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗਤਾ, ਅਗਵਾਈ, ਸੂਰਬੀਰਤਾ, ਦਲੇਰੀ, ਬਹਾਦਰੀ ਅਤੇ ਸਿਦਕ ਨੂੰ ਪ੍ਰਦਸ਼ਿਤ ਤਾਂ ਕੀਤਾ ਹੈ, ਪਰ ਸੀਮਾਵਾਂ ਵਿੱਚ ਬੱਧੇ ਹੋਣ ਕਾਰਣ ਤੇ ਆਪਣੇ ਤੋਂ ਪਹਿਲੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ੍ਰੋਤਾਂ ਦਾ ਪ੍ਰਭਾਵ ਕਬੂਲਣ ਕਰਕੇ ਇਹ ਲਿਖਤਾਂ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਰਾਮਾਤੀ ਸਿੱਧ ਕਰਦੀਆਂ ਦਿਖਾਈ ਦਿੰਦੀਆਂ ਹਨ। ਮੌਖਿਕ ਪ੍ਰੰਪਰਾ ਦੇ ਪ੍ਰਭਾਵ ਹੇਠ ਹੀ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹੀਦੀ ਉਭਰਨ ਦੀ ਥਾਂ ਮਿਥਿਹਾਸਿਕ ਅਤੇ ਮਨਘੜਤ ਰੰਗਤ ਹੇਠ ਦੱਬ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਦੋਵੇਂ ਲੇਖਕਾਂ ਦੀਆਂ ਲਿਖਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਅੰਮ੍ਰਿਤ ਛਕਣ ਸੰਬੰਧੀ, ਉਸ ਨੂੰ ਗੁਰੂ ਦਾ ਸੱਚਾ ਸਿੱਖ ਦਰਸਾਉਣ ਦੇ ਨਾਲ ਨਾਲ ਉਸ ਨੂੰ ਜਾਦੂਈ ਸ਼ਕਤੀਆਂ ਦਾ ਮਾਲਕ, ਹੰਕਾਰੀ, ਗਿਆਰ੍ਹਵਾਂ ਗੁਰੂ, ਚਰਿੱਤਰਹੀਣ ਹੋਣ ਦੀ ਦੋਹਰੀ ਜਾਣਕਾਰੀ ਦਿੰਦੀਆਂ ਹਨ।

ਇਸ ਖੋਜ ਕਾਰਜ ਦਾ ਅਖ਼ੀਰਲਾ ਅਧਿਆਇ ਜੋ ਕਿ ਮਿਸਲ ਕਾਲ ਨਾਲ ਸੰਬੰਧਿਤ ਹੈ, ਦੇ ਤੁਲਨਾਤਮਿਕ ਅਧਿਐਨ ਤੋਂ ਇਹ ਨਤੀਜਾ ਸਾਹਮਣੇ ਆਉਂਦਾ ਹੈ ਕਿ ਰਤਨ ਸਿੰਘ ਭੰਗੂ ਦੀ ਲਿਖਤ ਵਿੱਚ ਮਿਸਲਾਂ ਸੰਬੰਧੀ ਜਾਣਕਾਰੀ ਬਹੁਤ ਹੀ ਸੀਮਿਤ ਹੈ। ਉਸ ਨੇ ਮਿਸਲਾਂ ਦੀ ਸੰਪੂਰਨ ਜਾਣਕਾਰੀ ਦੀ ਥਾਂ ਪ੍ਰਸਿੱਧ ਮਿਸਲਾਂ ਦੇ ਇੱਕ ਦੋ ਪ੍ਰਮੁੱਖ ਸਰਦਾਰਾਂ ਬਾਰੇ ਹੀ ਆਪਣੀ ਲਿਖਤ ਵਿੱਚ ਜ਼ਿਕਰ ਕੀਤਾ ਹੈ। ਇਸ ਦੇ ਉਲਟ ਗਿਆਨੀ ਗਿਆਨ ਸਿੰਘ ਨੇ ਹਰ ਮਿਸਲ ਦਾ ਪੂਰਾ ਕੁਰਸੀਨਾਮਾ, ਉਨ੍ਹਾਂ ਦਾ ਪਿਛੋਕੜ, ਮਿਸਲਾਂ ਦੇ ਉਭਾਰ, ਪੀੜ੍ਹੀ ਦਰ ਪੀੜ੍ਹੀ ਮਿਸਲਾਂ ਦੇ ਮੋਢੀਆਂ ਅਤੇ ਵਾਰਿਸਾਂ ਬਾਰੇ, ਉਨ੍ਹਾਂ ਵੱਲੋਂ ਜਿੱਤੇ ਇਲਾਕਿਆਂ ਬਾਰੇ, ਉਨ੍ਹਾਂ ਦੀ ਆਪਸ ਵਿੱਚ ਮਿੱਤਰਤਾ, ਰਿਸ਼ਤੇਦਾਰੀਆਂ ਅਤੇ ਦੁਸ਼ਮਣੀਆਂ ਬਾਰੇ, ਇੱਥੋਂ ਤੱਕ ਕਿ ਕਈ ਪ੍ਰਸਿੱਧ ਮਿਸਲਾਂ ਦੀਆਂ ਸੈਨਾਵਾਂ ਅਤੇ ਸਾਲਾਨਾ ਆਮਦਨ ਬਾਰੇ ਵੀ ਵਿਸਥਾਰਪੂਰਵਕ ਅਤੇ ਸਿਲਸਿਲੇਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ। ਮਿਸਲ ਕਾਲ ਸੰਬੰਧੀ ਗਿਆਨੀ ਗਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪੋਤਰਿਆਂ-ਪੜੋਤਿਰਆਂ ਤੱਕ ਦੀ ਜਾਣਕਾਰੀ ਦਿੰਦਾ ਹੈ। ਉਹ ਨਕੱਈ ਮਿਸਲ ਦੇ ਵਾਰਿਸਾਂ ਵੱਲੋਂ ਇਸਲਾਮ ਕਬੂਲ ਕਰ ਲੈਣ ਦੀ ਮਹੱਤਵਪੂਰਨ ਜਾਣਕਾਰੀ ਵੀ ਆਪਣੀ ਲਿਖਤ ਵਿੱਚ ਸ਼ਾਮਿਲ ਕਰਦਾ ਹੈ।

ਇਸੇ ਤਰ੍ਹਾਂ ਮਿਸਲ ਕਾਲ ਸੰਬੰਧੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਦੀ ਪੁਸ਼ਟੀ ਲੈਪਲ ਗ੍ਰਿਫ਼ਨ, ਕੰਨ੍ਹਿਘਮ, ਮੈਕਗਰੈਗਰ, ਕਨ੍ਹੱਈਆ ਲਾਲ, ਅਹਿਮਦ ਸ਼ਾਹ ਬਟਾਲਵੀ, ਸੋਹਣ ਸਿੰਘ ਸੀਤਲ ਆਦਿ ਵਿਦਵਾਨਾਂ ਦੁਆਰਾ ਕੀਤੀ ਜਾਣੀ ਵੀ ਉਸ ਦੀ ਮਿਸਲ ਕਾਲ ਸੰਬੰਧੀ ਜਾਣਕਾਰੀ ਨੂੰ ਮੌਲਿਕ ਸਿੱਧ ਕਰਦੀ ਹੈ। ਮਿਸਲ ਕਾਲ ਸੰਬੰਧੀ ਰਤਨ ਸਿੰਘ ਭੰਗੂ ਦੀ ਜਾਣਕਾਰੀ ਗੁਰੂ ਕਾਲ ਵਾਂਗ ਸੀਮਿਤ ਜਰੂਰ ਹੈ, ਪਰ ਮੌਲਿਕਤਾ ਦੇ ਪੱਖੋਂ ਕਿਸੇ ਪਾਸਿਓਂ ਊਣੀ ਨਹੀਂ।

ਮਿਸਲ ਕਾਲ ਨਾਲ ਸੰਬੰਧਿਤ ਅਧਿਆਇ ਦੀ ਸੀਮਾ ਇਹ ਰਹੀ ਕਿ ਇਹ ਰਹੀ ਕਿ ਰਤਨ ਸਿੰਘ ਭੰਗੂ ਨੇ ਇਹ ਲਿਖਤ ਸਿੱਖ ਇਤਿਹਾਸ ਲਿਖਣ ਦੇ ਪੱਖ ਤੋਂ ਨਹੀਂ ਸੀ ਲਿਖੀ, ਬਲਕਿ ਅੰਗਰੇਜਾਂ ਸਾਹਮਣੇ ਦੀ ਖ਼ਾਲਸੇ ਦੀ ਚੜ੍ਹਦੀ ਕਲਾ, ਸਿਦਕ, ਅਣਖ, ਬਹਾਦਰੀ ਆਦਿ ਨੂੰ ਪ੍ਰਦਰਸ਼ਿਤ ਕਰਨ ਲਈ ਲਿਖੀ ਸੀ। ਇਹੀ ਵਜ੍ਹਾ ਕਰਕੇ ਉਸ ਨੇ ਮਿਸਲ ਕਾਲ ਬਾਰੇ ਤਰਤੀਬਬੱਧ ਅਤੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ, ਸਿਰਫ਼ ਮਿਸਲਾਂ ਨਾਲ ਸੰਬੰਧਿਤ ਉੱਘੇ ਸਿੱਖ ਸਰਦਾਰਾਂ ਦੀ ਬਹਾਦਰੀ ਨੂੰ ਹੀ ਪ੍ਰਦਰਸ਼ਿਤ ਕੀਤਾ ਹੈ। ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਘਨ੍ਹੱਈਆ ਮਿਸਲ ਦੇ ਮੋਢੀ ਜੈ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਗੁਰਬਖ਼ਸ਼ ਸਿੰਘ ਨੂੰ ਮਿਸਲ ਦਾ ਮੋਢੀ ਲਿਖਣ ਦੀ ਭੁੱਲ ਵੀ ਸਾਹਮਣੇ ਆਉਂਦੀ ਹੈ।

ਹੱਥਲੇ ਖੋਜ ਕਾਰਜ ਦੇ ਨੇਪਰੇ ਚੜ੍ਹਨ ਨਾਲ ਕੁਝ ਸੰਭਾਵਨਾਵਾਂ ਯਕੀਨਨ ਉਪਜੀਆਂ ਹੋਣਗੀਆਂ। ਇਹ ਉਪਜੀਆਂ ਸੰਭਾਵਨਾਵਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਖਿਲਾਫ਼ ਸੰਘਰਸ਼ ਦੀ ਨਵੇਂ ਸਿਰਿਓਂ ਪੁਣ-ਛਾਣ ਦੀ ਲੋੜ ਹੈ, ਕਿਉਂਕਿ ਇਸ ਖੋਜ ਕਾਰਜ ਜ਼ਰੀਏ ਪਤਾ ਚਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੜੀਆਂ ਗਈਆਂ ਕਈ ਲੜਾਈਆਂ ਦਾ ਗਿਆਨੀ ਗਿਆਨ ਸਿੰਘ ਤੋਂ ਛੁੱਟ ਕਿਸੇ ਹੋਰ ਲੇਖਕ ਨੇ ਜ਼ਿਕਰ ਤੱਕ ਨਹੀਂ ਕੀਤਾ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪਸ਼ੌਰਾ ਸਿੰਘ ਦੇ ਵੰਸਜ਼, ਜਿਨ੍ਹਾਂ ਦੀ ਜਾਣਕਾਰੀ ਗਿਆਨੀ ਗਿਆਨ ਸਿੰਘ ਆਪਣੀ ਲਿਖਤ ਵਿੱਚ ਜਾਣਕਾਰੀ ਦਿੱਤੀ ਹੈ, ਖੋਜ ਲਈ ਨਵੀਂ ਸੰਭਾਵਨਾ ਹੋ ਸਕਦੇ ਹਨ। ਨੱਕਈ ਮਿਸਲ ਦੇ ਵਾਰਿਸ ਜਿਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਸੀ ਅਤੇ ਉਨ੍ਹਾਂ ਦੀ ਪੀੜ੍ਹੀ ਅੱਜ ਵੀ ਪਾਕਿਸਤਾਨ ਵਿੱਚ ਚੱਲੀ ਆ ਰਹੀ ਹੈ। ਉਨ੍ਹਾਂ ਦੀ ਬੰਸਾਵਲੀ, ਸਿੱਖੀ ਤੋਂ ਦੂਰ ਹੋਣਾ ਅਤੇ ਇਸਲਾਮ ਵੱਲ ਝੁਕਾਅ ਦੇ ਕਾਰਣ, ਉਨ੍ਹਾਂ ਦੇ ਆਰਥਿਕ ਹਾਲਾਤ, ਰੁਤਬੇ ਆਦਿ ਵੀ ਕਿਸੇ ਨਵੇਂ ਖੋਜ ਕਾਰਜ ਦਾ ਵਿਸ਼ੇ ਜਾਂ ਆਧਾਰ ਹੋ ਸਕਦੇ ਹਨ।

**ਹੱਥਲੇ ਖੋਜ ਕਾਰਜ ਦੇ ਮੁਕੰਮਲ ਰੂਪ ਹਾਸਿਲ ਕਰਨ ਦੇ ਨਾਲ ਸਥਾਪਨਾਵਾਂ ਦੇ ਰੂਪ ਵਿੱਚ ਕੁਝ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ**, ਜੋ ਹੇਠ ਲਿਖੇ ਅਨੁਸਾਰ ਹਨ: -

1. ਇਸ ਖੋਜ ਕਾਰਜ ਦੀ ਪਹਿਲੀ ਪ੍ਰਾਪਤੀ ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤਾਂ ਦਾ ਵਿਸਥਾਰ ਪੂਰਵਕ ਸਰਵੇਖਣ ਹੈ। ਸਰਵੇਖਣ ਦੌਰਾਨ ਵੱਧ ਤੋਂ ਵੱਧ ਉਪਲੱਬਧ ਸ੍ਰੋਤਾਂ ਨੂੰ ਇਕੱਠਾ ਕਰਕੇ ਘੋਖਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਖੋਜ ਕਾਰਜ ਵਿੱਚ ਦੁਹਰਾਓ, ਦੁਚਿੱਤੀ, ਤਰੁਟੀਆਂ ਆਦਿ ਤੋਂ ਬਚਿਆ ਜਾ ਸਕੇ।
2. ਖੋਜ ਕਾਰਜ ਤੋਂ ਪਹਿਲਾਂ ਇਸ ਵਿਸ਼ੇ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਕੋਈ ਹੋਰ ਖੋਜ ਕਾਰਜ ਪ੍ਰਾਪਤ ਨਹੀਂ ਹੋਇਆ, ਜਿਸ ਵਿੱਚ ਇਨ੍ਹਾਂ ਲਿਖਤਾਂ ਨੂੰ ਮੁੱਖ ਆਧਾਰ ਬਣਾ ਕੇ ਕਿਸੇ ਵਿਸ਼ੇਸ਼ ਪੱਖ ਲਈ ਤੁਲਨਾਤਮਿਕ ਅਧਿਐਨ ਜਾਂ ਕੋਈ ਹੋਰ ਨਿਸ਼ਾਨਦੇਹੀ ਕੀਤੀ ਗਈ ਹੋਵੇ। ਜੋ ਵੀ ਖੋਜ ਕਾਰਜ ਉਪਲੱਬਧ ਹਨ, ਉਨ੍ਹਾਂ ਵਿੱਚ ਜਾਂ ਤਾਂ ਦੋਵਾਂ ਵਿੱਚੋਂ ਕਿਸੇ ਇੱਕ ਲੇਖਕ ਨਾਲ ਸੰਬੰਧਿਤ ਹਨ। ਕਿਸੇ ਖੋਜ ਕਾਰਜ ਵਿੱਚ ਲੇਖਕ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਬਾਰੇ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਕਈ ਵਿਦਵਾਨਾਂ ਦੁਆਰਾ ਦੋਵੇਂ ਲੇਖਕਾਂ ਦੇ ਜੀਵਨ ਜਾਂ ਪੰਥ ਪ੍ਰਕਾਸ਼ਾਂ ਬਾਰੇ ਸੁਤੰਤਰ ਤੌਰ 'ਤੇ ਕਈ ਖੋਜ ਪੱਤ੍ਰਿਕਾਵਾਂ ਜਾਂ ਸੰਪਾਦਿਤ ਕਿਤਾਬਾਂ ਵਿੱਚ ਵੀ ਜੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ, ਉਹ ਇਸ ਖੋਜ ਕਾਰਜ ਦੇ ਵਿਸ਼ੇ ਤੋਂ ਵਿਭਿੰਨ ਹਨ। ਇਸ ਲਈ ਨੇ ਹੱਥਲਾ ਖੋਜ

ਕਾਰਜ ਮੁੱਢਲੇ ਰੂਪ ਵਿੱਚ ਪੰਥ ਪ੍ਰਕਾਸ਼ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਆਪਣੇ ਆਪ ਵਿੱਚ ਪਹਿਲਾ ਉਪਰਾਲਾ ਹੈ।

3. ਇਸ ਹੱਥਲੇ ਖੋਜ ਕਾਰਜ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਿਤ ਤੁਲਨਾਤਮਿਕ ਅਧਿਐਨ ਤੋਂ ਇਲਾਵਾ ਸੰਬੰਧਿਤ ਘਟਨਾਵਾਂ ਦੀ ਵਿਆਖਿਆ ਤੇ ਪੜਚੋਲ ਵੀ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਲਿਖਤਾਂ ਵਿੱਚ ਪਾਈ ਜਾਂਦੀ ਸਮਾਨਤਾ, ਵਿਭਿੰਨਤਾ, ਨਵੇਂਪਣ, ਉਪਜੀਆਂ ਸੰਭਾਵਨਾਵਾਂ ਆਦਿ ਦੀ ਨਿਸ਼ਾਨਦੇਹੀ ਸੁਚੱਜੇ ਢੰਗ ਨਾਲ ਹੋ ਸਕੇ।
4. ਇਸ ਖੋਜ ਕਾਰਜ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਿਕ ਅਤੇ ਧਾਰਮਿਕ ਜਾਣਕਾਰੀ ਨੂੰ ਸਾਹਮਣੇ ਲੈ ਕੇ ਆਉਣ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਮਹਾਨਤਾ ਨੂੰ ਰੂਪਮਾਨ ਕਰਨ ਦਾ ਯਤਨ ਵੀ ਕੀਤਾ ਗਿਆ ਹੈ।
5. ਇਹ ਖੋਜ ਕਾਰਜ ਸਿੱਖ ਇਤਿਹਾਸ ਦੇ ਖੋਜਾਰਥੀਆਂ, ਕਥਾਵਾਚਕਾਂ, ਪਾਠਕਾਂ ਆਦਿ ਲਈ ਸਿੱਖ ਇਤਿਹਾਸ ਸੰਬੰਧੀ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਵੇਗਾ।

ਖੋਜ-ਪ੍ਰਬੰਧ ਦੇ ਅਖ਼ੀਰ ਵਿੱਚ ਇਹ ਕਹਿਣ 'ਤੇ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੋਵਾਂ ਦੇ ਪੰਥ ਪ੍ਰਕਾਸ਼ਾਂ ਦਾ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਅਤੇ ਨਿਵੇਕਲਾ ਸਥਾਨ ਹੈ। ਦੋਵਾਂ ਵਿੱਚੋਂ ਕਿਸੇ ਇੱਕ ਦੇ ਕਾਰਜ ਨੂੰ ਵੀ ਛੋਟਾ ਕਰਕੇ ਨਹੀਂ ਆਂਕਿਆ ਜਾ ਸਕਦਾ। ਹਾਲਾਂਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਜ਼ਿਆਦਾ ਵਿਸਥਾਰਮਈ ਅਤੇ ਸਿਲਸਿਲੇਵਾਰ ਹੈ, ਪਰ ਇਸ ਦਾ ਕਾਰਣ ਵੀ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਹੀ ਹੈ। ਜੇ ਕਿਧਰੇ ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਲਿਖਣ ਦਾ ਉਪਰਾਲਾ ਨਾ ਕਰਦਾ ਤਾਂ ਹੋ ਸਕਦੈ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਵੀ ਹੋਂਦ ਵਿੱਚ ਹੀ ਨਾ ਆਉਂਦਾ। ਗਿਆਨੀ ਗਿਆਨ ਸਿੰਘ ਖੁਦ ਵੀ ਆਪਣੇ ਪੰਥ ਪ੍ਰਕਾਸ਼ ਲਿਖਣ ਦਾ ਪ੍ਰੇਰਣਾ ਸ੍ਰੋਤ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨੂੰ ਹੀ ਮੰਨਦਾ ਹੈ। ਇਸ ਤਰ੍ਹਾਂ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਰਤਨ ਸਿੰਘ ਭੰਗੂ ਦੀ ਬਦੌਲਤ ਹੀ ਸਿੱਖ ਇਤਿਹਾਸ ਦੀ ਮਹੱਤਵਪੂਰਨ ਜਾਣਕਾਰੀ ਦਿੰਦੇ ਦੋ ਪੰਥ ਪ੍ਰਕਾਸ਼ ਸਾਡੇ ਤੱਕ ਪਹੁੰਚੇ। ਹਾਲਾਂਕਿ ਦੋਵੇਂ ਪੰਥ ਪ੍ਰਕਾਸ਼ਾਂ ਵਿੱਚ ਵੀ ਕੁਝ ਖਾਮੀਆਂ ਪਾਈਆਂ ਜਾਂਦੀਆਂ ਹਨ, ਪਰ ਇਨ੍ਹਾਂ ਖਾਮੀਆਂ ਦੇ ਨਾਲ ਪੰਥ ਪ੍ਰਕਾਸ਼ਾਂ ਦੀ ਬੁੱਕਲ ਵਿੱਚ ਲਪੇਟੀ ਅਤਿ ਮਹੱਤਵਪੂਰਨ ਅਤੇ ਅਰਥ ਭਰਪੂਰ ਜਾਣਕਾਰੀ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰਤ ਹੈ ਇਨ੍ਹਾਂ ਦੀ ਸਾਂਭ ਸੰਭਾਲ ਕਰਨ ਦੇ ਨਾਲ ਨਾਲ

ਇਨ੍ਹਾਂ ਉੱਪਰ ਅਕਾਦਮਿਕ ਗੋਸ਼ਟਾਂ ਕਰਵਾ ਕੇ, ਇਨ੍ਹਾਂ ਨੂੰ ਸੈਮੀਨਾਰਾਂ ਦਾ ਹਿੱਸਾ ਬਣਾ ਕੇ ਜਾਂ ਉੱਚ ਵਿੱਦਿਆ ਦੇ ਸਿਲੇਬਸਾਂ ਦਾ ਹਿੱਸਾ ਬਣਾ ਕੇ ਇਨ੍ਹਾਂ ਨੂੰ ਸਾਹਮਣੇ ਲਿਆਂਦਾ ਜਾਵੇ। ਇਨ੍ਹਾਂ ਲਿਖਤਾਂ ਉੱਪਰ ਵੱਖੋ ਵੱਖਰੇ ਪੱਖਾਂ ਤੋਂ ਅਧਿਐਨ ਵੀ ਕਰਵਾਏ ਜਾਣੇ ਚਾਹੀਦੇ ਹਨ। ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕ ਅਤੇ ਗੈਰ ਅਕਾਦਮਿਕ ਦੋਵਾਂ ਪੱਖਾਂ ਤੋਂ ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿੱਚ ਆਪਣਾ ਯੋਗਦਾਨ ਪਾਵੇਗਾ।

# ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਜ਼ ਫੈਕਲਟੀ ਅਧੀਨ

ਪੀਐਚ.ਡੀ. ਡਿਗਰੀ ਦੀ ਉਪਾਧੀ ਲਈ ਪ੍ਰਸਤੁਤ ਖੋਜ-ਪ੍ਰਬੰਧ ਦਾ

**ਅਬਸਟ੍ਰੈਕਟ**

**(Abstract)**

**2020**


*ਨਿਗਰਾਨ:* *ਖੋਜਾਰਥਣ:*

**ਡਾ. ਮਲਕਿੰਦਰ ਕੌਰ** **ਸਿਮਰਜੀਤ ਕੌਰ**

ਪ੍ਰੋਫ਼ੈਸਰ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**147002**

# Abstract

Captioned research work is related to comparative study of Both Panth Parkash penned by Rattan Singh Bhangu and Gyani Gyan Singh. The subject of this research work based on Sikh history is to find similarities-dissimilarities between Both of these Panth Prakash, diversity of these two from previously published sources related to Sikh history and, to identify the possibilities or contingencies yielding from these works. The information yielding from this research work is that, in his writing Rattan Singh Bhangu has made attempt to give information about Guru period, Baba Banda Singh Bahadur period, Sikh Struggle of eighteenth century and Sikh Misls, but his motive of compiling Panth Parkash is more concentrated on elaborating the traits of Sikhs e.g. rise of Sikhs, eternal optimism of Sikhs, glory, faith, superiority, bravery etc., than writing Sikh history. Whereas Gyani Gyan Singh's motive of writing Sri Gur Panth Parkash appears to be accumulating Sikh history at one place in synchronised and illustrative form.

The main facts that come forward from this research work is writing of Gyani Gyan Singh is more illustrative and sequential or consecutive as compared to the writing of Rattan Singh Bhangu. In this research work attempt is made to clarify that due to use of oral information by both writers in their writings, there is a mixture of some fictional and mythical material, but still these two writings are full of important, authentic and primal information. Due to effect of old or ancient scriptures on the work of both authors, presence of historical mistakes is natural. From this study, we also come to know that in Sri Gur Panth Parkash of Gyani Gyan Singh, information about Guru Period, Baba Banda Singh Bahadur struggle against mughals and Misl period is more illustrative in comparison to brief information given by Rattan Singh Bhangu. However, writing of Rattan Singh Bangu is not as synchronised and sequential like Gyani Gyan Singh's writing, But its historical importance cannot be concluded less than Gyani Gyan Singh's work. Being related to martyr, warrior or valour Sikh families, oral information collected by Rattan Singh Bhangu cannot be ignored. If, we consider Panth Parkash of Rattan Singh Bhangu as a base and guidance of Sri Guru Panth Parkash of Gyani Gyan Singh, it will not be a speculation.

**Key words:** - Sikh history, Guru Sahib, Baba Banda Singh Bahadur, Misls

# ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ

## ਅਬਸਟ੍ਰੈਕਟ


ਹੱਥਲਾ ਖੋਜ ਕਾਰਜ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਪੰਥ ਪ੍ਰਕਾਸ਼ਾਂ ਦੇ ਤੁਲਨਾਤਮਿਕ ਅਧਿਐਨ ਨਾਲ ਸੰਬੰਧਿਤ ਹੈ। ਇਸ ਖੋਜ ਕਾਰਜ ਦੇ ਵਿਸ਼ੇ ਨੂੰ ਸਿੱਖ ਇਤਿਹਾਸ ‘ਤੇ ਅਧਾਰਿਤ ਕਰਦਿਆਂ ਦੋਵਾਂ ਪੰਥ ਪ੍ਰਕਾਸ਼ ਵਿੱਚ ਪਾਈਆਂ ਜਾਂਦੀਆਂ ਸਮਾਨਤਾਵਾਂ-ਅਸਮਾਨਤਾਵਾਂ, ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਸਿੱਖ ਇਤਿਹਾਸ ਨਾਲ ਸਬੰਧਤ ਸ੍ਰੋਤਾਂ ਨਾਲੋਂ ਇਨ੍ਹਾਂ ਵਿੱਚ ਪਾਈਆਂ ਜਾਂਦੀਆਂ ਵਿਭਿੰਨਤਾਵਾਂ ਅਤੇ ਇਨ੍ਹਾਂ ਦੇ ਆਧਾਰ ‘ਤੇ ਉਪਜੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਖੋਜ ਕਾਰਜ ਤੋਂ ਇਹ ਜਾਣਕਾਰੀ ਉਪਜਕੇ ਸਾਹਮਣੇ ਆਉਂਦੀ ਹੈ ਕਿ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ਵਿੱਚ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ, ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਅਤੇ ਸਿੱਖ ਮਿਸਲਾਂ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਤਾਂ ਕੀਤਾ ਹੈ, ਪਰ ਉਸ ਵੱਲੋਂ ਪੰਥ ਪ੍ਰਕਾਸ਼ ਰਚਣ ਦਾ ਮਕਸਦ ਸਿੱਖ ਇਤਿਹਾਸ ਲਿਖਣਾ ਨਾ ਹੋ ਕੇ ਮੁੱਖ ਤੌਰ ‘ਤੇ ਸਿੱਖਾਂ ਦੇ ਉਭਾਰ, ਸਿੱਖਾਂ ਦੀ ਚੜ੍ਹਦੀਕਲਾ, ਸ਼ਾਨ, ਸਿਦਕ, ਉੱਚਮਤਾ, ਬਹਾਦਰੀ ਆਦਿ ਗੁਣਾਂ ਨੂੰ ਉਜਾਗਰ ਕਰਨ ‘ਤੇ ਜ਼ਿਆਦਾ ਕੇਂਦ੍ਰਿਤ ਰਿਹਾ। ਜਦੋਂ ਕਿ ਗਿਆਨੀ ਗਿਆਨ ਸਿੰਘ ਦਾ ‘ਸ੍ਰੀ ਗੁਰ ਪੰਥ ਪ੍ਰਕਾਸ਼’ ਲਿਖਣ ਦਾ ਮੰਤਵ ਤਰਤੀਬਬੱਧ ਅਤੇ ਵਿਸਥਾਰਪੂਰਕ ਰੂਪ ਵਿੱਚ ਸੰਪੂਰਨ ਸਿੱਖ ਇਤਿਹਾਸ ਨੂੰ ਇੱਕ ਥਾਂ ਇਕੱਠਿਆਂ ਕਰਨ ਦਾ ਕੀਤਾ ਉਪਰਾਲਾ ਪ੍ਰਤੀਤ ਹੁੰਦਾ ਹੈ।

ਇਸ ਖੋਜ ਕਾਰਜ ਵਿੱਚੋਂ ਮੁੱਖ ਤੌਰ ‘ਤੇ ਇਹ ਤੱਥ ਉੱਭਰਕੇ ਸਾਹਮਣੇ ਆਉਂਦੇ ਹਨ ਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਰਤਨ ਸਿੰਘ ਭੰਗੂ ਦੇ ਮੁਕਾਬਲਤਨ ਕਿਤੇ ਜ਼ਿਆਦਾ ਵਿਸਥਾਰਪੂਰਵਕ ਅਤੇ ਸਿਲਸਿਲੇਵਾਰ ਹੈ। ਖੋਜ ਕਾਰਜ ਵਿੱਚ ਇਹ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਦੋਵਾਂ ਲੇਖਕਾਂ ਵੱਲੋਂ ਆਪਣੀਆਂ ਲਿਖਤਾਂ ਵਿੱਚ ਮੌਖਿਕ ਜਾਣਕਾਰੀ ਦੀ ਵਰਤੋਂ ਕਰਨ ਕਰ ਕੇ ਦੋਵਾਂ ਦੀਆਂ ਲਿਖਤਾਂ ਵਿੱਚ ਕੁਝ ਕਾਲਪਨਿਕ ਅਤੇ ਮਿਥਿਹਾਸਿਕ ਸਮੱਗਰੀ ਦਾ ਵੀ ਰਲਾ ਪੈ ਗਿਆ ਹੈ, ਪਰ ਫ਼ੇਰ ਵੀ ਇਹ ਲਿਖਤਾਂ ਮਹੱਤਵਪੂਰਨ ਤੇ ਮੌਲਿਕ ਜਾਣਕਾਰੀ ਨਾਲ ਭਰਪੂਰ ਹਨ। ਦੋਵਾਂ ਹੀ ਲੇਖਕਾਂ ਦੀਆਂ ਲਿਖਤਾਂ ਉੱਤੇ ਪੁਰਾਤਨ ਲਿਖਤਾਂ ਦਾ ਪ੍ਰਭਾਵ ਹੋਣ ਕਰਕੇ ਉਨ੍ਹਾਂ ਦੀਆਂ ਲਿਖਤਾਂ ਵਿੱਚ ਕਈ ਇਤਿਹਾਸਿਕ ਗਲਤੀਆਂ ਰਹਿ ਜਾਣੀਆਂ ਸੁਭਾਵਿਕ ਹਨ। ਇਸ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗਿਆਨੀ ਗਿਆਨ ਸਿੰਘ ਦੇ ‘ਸ੍ਰੀ ਗੁਰ ਪੰਥ ਪ੍ਰਕਾਸ਼’ ਵਿੱਚ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਤੇ ਮਿਸਲ ਕਾਲ ਸੰਬੰਧੀ ਜਾਣਕਾਰੀ ਰਤਨ ਸਿੰਘ ਭੰਗੂ ਦੁਆਰਾ ਦਿੱਤੀ ਗਈ ਸੰਖੇਪ ਜਾਣਕਾਰੀ ਦੇ ਮੁਕਾਬਲੇ ਵਿਸਥਾਰਪੂਰਵਕ ਹੈ।

ਹਾਲਾਂਕਿ ਰਤਨ ਸਿੰਘ ਭੰਗੂ ਦੀ ਲਿਖਤ ਗਿਆਨੀ ਗਿਆਨ ਸਿੰਘ ਵਾਂਗ ਤਰਤੀਬਬੱਧ ਅਤੇ ਸਿਲਸਿਲੇਵਾਰ ਨਹੀਂ, ਪਰ ਇਸ ਦੀ ਇਤਿਹਾਸਿਕ ਮਹੱਤਤਾ ਨੂੰ ਗਿਆਨੀ ਗਿਆਨ ਸਿੰਘ ਦੀ ਲਿਖਤ ਤੋਂ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ। ਸ਼ਹੀਦਾਂ ਅਤੇ ਸੂਰਬੀਰ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਹੋਣ ਕਾਰਨ ਉਸ ਵੱਲੋਂ ਇਕੱਠੀ ਕੀਤੀ ਗਈ ਮੌਖਿਕ ਜਾਣਕਾਰੀ ਨੂੰ ਵੀ ਅੱਖੋਂ ਪਰੋਖੇ ਕਰਕੇ ਨਹੀਂ ਰੱਖਿਆ ਜਾ ਸਕਦਾ। ਜੇ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨੂੰ ਗਿਆਨ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਦੀ ਨੀਂਹ ਮੰਨ ਲਿਆ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

**ਮੁੱਖ ਸ਼ਬਦ: -** ਸਿੱਖ ਇਤਿਹਾਸ, ਪੰਥ ਪ੍ਰਕਾਸ਼, ਗੁਰੂ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ, ਮਿਸਲ।

# ਰਿਸਰਚ ਪੇਪਰਾਂ ਦੇ ਪ੍ਰਕਾਸ਼ਿਤ ਹੋਣ ਦਾ ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥੀ ਸਿਮਰਜੀਤ ਕੌਰ ਦੇ ਹੇਠ ਲਿਖੇ ਅਨੁਸਾਰ ਵੱਖ-ਵੱਖ ਪੱਤ੍ਰਿਕਾਵਾਂ/ਮੈਗਜ਼ੀਨਾਂ ਵਿਚ ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ-

1. ਸਿਮਰਜੀਤ ਕੌਰ, *ਰਤਨ ਸਿੰਘ ਭੰਗੂ ਰਚਿਤ ਪੰਥ ਪ੍ਰਕਾਸ਼: ਇਤਿਹਾਸਕ ਮਹੱਤਤਾ,* ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ, ਮਾਰਚ – ਅਪ੍ਰੈਲ 2018, ਸਾਲ 69, ਅੰਕ 3-4, ਪੰਨਾ 16-29.

2. ਸਿਮਰਜੀਤ ਕੌਰ, *ਗਿਆਨੀ ਗਿਆਨ ਸਿੰਘ ਦਾ ਜੀਵਨ ਤੇ ਰਚਨਾ,* ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ, ਜਨਵਰੀ – ਅਪ੍ਰੈਲ 2019, ਸਾਲ 70, ਅੰਕ 1-4, ਪੰਨਾ 146-154.

3 ਸਿਮਰਜੀਤ ਕੌਰ, Guru Nanak: From Birth Till Attaining Supreme Knowledge, ਸਿੱਖ ਅਧੀਐਨ, ਸਿਧਾਂਤ, ਇਤਿਹਾਸ ਅਤੇ ਵਿਆਖਿਆਕਰੀ ਲੇਖ ਸੰਗ੍ਰਿਹ, ਜਨਵਰੀ – ਅਪ੍ਰੈਲ 2019, ਸਾਲ 70, ਅੰਕ 1-4, ਪੰਨਾ 192-213. ISBN – 978-93-85670 -55-8

ਨਿਗਰਾਨ

ਡਾ. ਮਲਕਿੰਦਰ ਕੌਰ

ਪ੍ਰੋਫੈਸਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਘੋਸ਼ਣਾ ਪੱਤਰ

ਮੈਂ ਬਿਆਨ ਕਰਦੀ ਹਾਂ ਕਿ **"ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਤੁਲਨਾਤਮਿਕ ਅਧਿਐਨ"** ਵਿਸ਼ੇ 'ਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਵਿੱਦਿਅਕ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਮਲਕਿੰਦਰ ਕੌਰ

**ਮਲਕਿੰਦਰ ਕੌਰ (ਡਾ.),**

**(ਨਿਗਰਾਨ)**

ਸਿਮਰਜੀਤ ਕੌਰ

**ਸਿਮਰਜੀਤ ਕੌਰ,**

**(ਖੋਜਾਰਥਣ)**

# ਤਤਕਰਾ


ਪੰਨਾ

**ਭੂਮਿਕਾ** i-viii

**ਅਧਿਆਇ ਪਹਿਲਾ** 1-34

**ਪ੍ਰਾਪਤ ਸਾਹਿਤ ਦਾ ਸਰਵੇਖਣ**

**ਅਧਿਆਇ ਦੂਜਾ** 35-88

**ਜੀਵਨ ਤੇ ਸਮਕਾਲ: ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ**

ਰਤਨ ਸਿੰਘ ਭੰਗੂ

ਪਰਿਵਾਰਿਕ ਪਿਛੋਕੜ

ਗਿਆਨੀ ਗਿਆਨ ਸਿੰਘ

ਪਰਿਵਾਰਿਕ ਪਿਛੋਕੜ

**ਅਧਿਆਇ ਤੀਜਾ** 89-200

**ਗੁਰੂ ਕਾਲ**

ਗੁਰੂ ਨਾਨਕ ਦੇਵ ਜੀ

ਗੁਰੂ ਅੰਗਦ ਦੇਵ ਜੀ

ਗੁਰੂ ਅਮਰਦਾਸ ਜੀ

ਗੁਰੂ ਰਾਮਦਾਸ ਜੀ

ਗੁਰੂ ਅਰਜਨ ਦੇਵ ਜੀ

ਗੁਰੂ ਹਰਿਗੋਬਿੰਦ ਜੀ

ਗੁਰੂ ਹਰਿ ਰਾਇ ਜੀ

ਗੁਰੂ ਹਰਿ ਕ੍ਰਿਸ਼ਨ ਜੀ

ਗੁਰੂ ਤੇਗ ਬਹਾਦਰ ਜੀ

ਗੁਰੂ ਗੋਬਿੰਦ ਸਿੰਘ ਜੀ

**ਅਧਿਆਇ ਚੌਥਾ** 201-278

**ਬਾਬਾ ਬੰਦਾ ਸਿੰਘ ਬਹਾਦਰ ਕਾਲ**

ਮੁਢਲਾ ਜੀਵਨ

ਬਾਬਾ ਬੰਦਾ ਸਿੰਘ ਬਹਾਦਰ ਦਾ ਮੁਗਲਾਂ ਨਾਲ ਸੰਘਰਸ਼

ਮੁਗਲਾਂ ਨਾਲ ਸੰਘਰਸ਼ ਦਾ ਅਖ਼ੀਰਲਾ ਪੜਾਅ ਤੇ ਸ਼ਹੀਦੀ

**ਅਧਿਆਇ ਪੰਜਵਾਂ** 279-348

**ਮਿਸਲ ਕਾਲ**

ਮਿਸਲ ਸ਼ਹੀਦਾਂ

ਮਿਸਲ ਭੰਗੀ

ਮਿਸਲ ਰਾਮਗੜ੍ਹੀਆ

ਮਿਸਲ ਨਿਸ਼ਾਨਵਾਲੀਆ

ਮਿਸਲ ਕਰੋੜਸਿੰਘੀਆ

ਮਿਸਲ ਫ਼ੈਜਲਪੁਰੀਆ

ਮਿਸਲ ਡੱਲੇਵਾਲੀਆ

ਮਿਸਲ ਕਨ੍ਹੱਈਆ

ਮਿਸਲ ਨੱਕਈ

ਮਿਸਲ ਸ਼ੁੱਕਰਚੱਕੀਆ

ਮਿਸਲ ਆਹਲੂਵਾਲੀਆ

ਮਿਸਲ ਫੂਲਕੀਆਂ

- ਰਿਆਸਤ ਪਟਿਆਲਾ
- ਰਿਆਸਤ ਨਾਭਾ
- ਰਿਆਸਤ ਜੀਂਦ

**ਸਾਰ ਤੇ ਸਥਾਪਨਾਵਾਂ** 349-358

**ਪੁਸਤਕ ਸੂਚੀ** 359-368

# ਭੂਮਿਕਾ

ਜੇ ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤਾਂ ਦੀ ਗੱਲ ਕਰੀਏ ਤਾਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ਾਂ ਦਾ ਨਾਂ ਸਿੱਖ ਇਤਿਹਾਸ ਦੀ ਜਾਣਕਾਰੀ ਦਿੰਦੇ ਅਤਿ ਮਹੱਤਵਪੂਰਨ ਸ੍ਰੋਤਾਂ ਦੀ ਸੂਚੀ ਵਿੱਚ ਸ਼ੁਮਾਰ ਹੈ। ਇਹ ਲਿਖਤਾਂ ਮੁੱਖ ਤੌਰ 'ਤੇ ਸਿੱਖ ਇਤਿਹਾਸ ਸੰਬੰਧੀ ਵਿਸਥਾਰਪੂਰਵਕ ਅਤੇ ਵਡਮੁੱਲੀ ਜਾਣਕਾਰੀ ਦਾ ਅਮੁੱਲ ਭੰਡਾਰ ਹਨ। ਸਿੱਖ ਧਰਮ ਦੀ ਉਤਪਤੀ ਭਾਵ ਗੁਰੂ ਕਾਲ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਮੁਗਲਾਂ ਖਿਲਾਫ਼ ਸੰਘਰਸ਼ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ। ਇਸ ਤੋਂ ਅਗਾਂਹ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਦੇ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਬਾਰੇ, ਜਿਸ ਵਿੱਚੋਂ ਸਿੱਖ ਨੇ ਮੁਗਲਾਂ ਅਤੇ ਅਫ਼ਗਾਨਾਂ ਵਰਗੀਆਂ ਮਜ਼ਬੂਤ ਧਿਰਾਂ ਨਾਲ ਜੂਝਦੇ ਹੋਏ ਜੇਤੂ ਧਿਰ ਬਣ ਕੇ ਇਤਿਹਾਸ ਦੇ ਪੰਨਿਆਂ ਉੱਤੇ ਆਪਣੀ ਹਾਜ਼ਰੀ ਦਰਜ ਕਰਵਾਈ ਆਦਿ ਘਟਨਾਵਾਂ ਦੇ ਨਾਲ ਕਦਮ ਦਰ ਕਦਮ ਚੱਲਦੀਆਂ ਪ੍ਰਤੀਤ ਹੁੰਦੀਆਂ ਹਨ। ਅਗਲੇ ਪੜਾਅ ਦੌਰਾਨ ਸਿਰਕੱਢ ਸਿੱਖ ਆਗੂਆਂ ਵੱਲੋਂ ਮਿਸਲਾਂ ਰਾਹੀਂ ਵੱਖ ਇਲਾਕਿਆਂ ਉੱਪਰ ਸੁਤੰਤਰ ਰਾਜ ਪ੍ਰਬੰਧ ਸਥਾਪਿਤ ਕਰਨਾ ਅਤੇ ਇਨ੍ਹਾਂ ਸੁਤੰਤਰ ਮਿਸਲਾਂ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਨੇ ਜੇਤੂ ਬਣ ਕੇ ਉਭਰਨਾ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਕਰਨੀ, ਉਸ ਦੀ ਮੌਤ ਤੋਂ ਬਾਅਦ ਖ਼ਾਲਸਾ ਰਾਜ ਦਾ ਖੇਰੂੰ-ਖੇਰੂੰ ਹੋ ਜਾਣਾ, ਐਂਗਲੋ-ਸਿੱਖ ਯੁੱਧਾਂ ਦੀ ਜਾਣਕਾਰੀ, ਨਾਮਧਾਰੀ ਲਹਿਰ ਅਤੇ ਅਕਾਲੀ ਨਿਹੰਗ ਸਿੰਘਾਂ ਸੰਬੰਧੀ ਵੀ ਇਹ ਲਿਖਤਾਂ ਵਡਮੁੱਲੇ ਗਿਆਨ ਦੇ ਮਾਧਿਅਮ ਵਜੋਂ ਵਿਚਰਦੀਆਂ ਹਨ। ਇਸ ਤਰ੍ਹਾਂ ਸਿੱਖ ਇਤਿਹਾਸ ਸੰਬੰਧੀ ਜਾਣਕਾਰੀ ਹਾਸਿਲ ਕਰਨ ਲਈ ਜਾਂ ਸਮਝਣ ਲਈ ਦੋਵੇਂ ਪੰਥ ਪ੍ਰਕਾਸ਼ ਮੁੱਢਲੇ ਸ੍ਰੋਤਾਂ ਵਜੋਂ ਵਿਸ਼ੇਸ਼ ਥਾਂ ਰੱਖਦੇ ਹਨ।

ਹੱਥਲੇ ਖੋਜ ਕਾਰਜ ਦਾ ਵਿਸ਼ਾ ਰਤਨ ਸਿੰਘ ਭੰਗੂ ਰਚਿਤ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਰਚਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਦਾ ਤੁਲਨਾਤਮਿਕ ਅਧਿਐਨ ਕਰਨਾ ਹੈ। ਹੁਣ ਤੱਕ ਦੋਵਾਂ ਵਿਦਵਾਨਾਂ ਦੁਆਰਾ ਲਿਖੇ ਗਏ ਪੰਥ ਪ੍ਰਕਾਸ਼ਾਂ ਦੇ ਕਈ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ। ਪਰ ਫ਼ੇਰ ਵੀ ਇਹ ਸਾਰੇ ਖਰੜੇ ਅਸ਼ੁੱਧੀਆਂ ਤੋਂ ਨਿਰਲੇਪ ਨਹੀਂ ਹਨ। ਜੇ ਰਤਨ ਸਿੰਘ ਭੰਗੂ ਕ੍ਰਿਤ ਪ੍ਰਾਚੀਨ ਪੰਥ ਪ੍ਰਕਾਸ਼ ਦੀ ਗੱਲ ਕਰੀਏ ਤਾਂ ਗੁਰਮੁਖੀ ਵਿੱਚ ਉਸ ਦਾ ਸਭ ਤੋਂ ਆਧੁਨਿਕ ਖਰੜਾ ਡਾ. ਬਲਵੰਤ ਸਿੰਘ ਢਿੱਲੋਂ ਵੱਲੋਂ ਸੰਪਾਦਿਤ ਕਰ ਕੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਸਿਰਲੇਖ ਹੇਠ 2004 ਈ. ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਡਾ. ਬਲਵੰਤ ਸਿੰਘ ਢਿੱਲੋਂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਾਲੇ ਹੱਥ ਲਿਖਤ ਨੁਸਖ਼ਿਆਂ ਤੋਂ ਇਲਾਵਾ ਭਾਈ ਵੀਰ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਕਾਪੀ ਨੂੰ ਸਾਹਮਣੇ ਰੱਖ ਕੇ, ਗਲਤ ਜਾਂ ਛੁੱਟੇ ਸ਼ਬਦਾਂ ਦੀ ਸੁਧਾਈ ਕਰਨ ਤੋਂ ਇਲਾਵਾ ਪਾਠ ਭੇਦਾਂ ਦੇ ਮਸਲੇ ਅਤੇ ਛੰਦਾਂ ਦੀ ਅੰਕ ਲੜੀ ਨੂੰ ਦਰੁਸਤ ਕਰ ਕੇ, ਇਸ ਖਰੜੇ ਨੂੰ ਹੋਂਦ ਵਿੱਚ ਲਿਆਉਣ ਦਾ ਸੁਯੋਗ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਇਸ ਖਰੜੇ ਵਿੱਚ ਸਾਖੀਆਂ ਵਿੱਚ ਦਰਜ ਅਧੂਰੇ ਛੰਦਾਂ ਨੂੰ ਹੱਥ ਲਿਖਤ ਨੁਸਖ਼ਿਆਂ ਦੀ ਸਹਾਇਤਾ ਨਾਲ ਪੂਰਾ ਕਰ ਕੇ ਦਰਜ ਕੀਤਾ ਗਿਆ ਹੈ ਅਤੇ ਸੰਬੰਧਿਤ ਪਾਠ ਭੇਦਾਂ ਬਾਰੇ ਪੈਰ ਟਿੱਪਣੀਆਂ ਵੀ ਦਰਜ ਕੀਤੀਆਂ ਗਈਆਂ ਹਨ। ਇਹੀ ਵਜ੍ਹਾ ਹੈ ਕਿ ਡਾ. ਬਲਵੰਤ ਸਿੰਘ ਢਿੱਲੋਂ ਵੱਲੋਂ ਸੰਪਾਦਿਤ ਇਸ ਆਧੁਨਿਕ ਖਰੜੇ ਨੂੰ ਇਸ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' 1867 ਈ. ਵਿੱਚ ਪੂਰਨ ਕੀਤਾ ਅਤੇ ਪਹਿਲੀ ਵਾਰ ਸੰਮਤ 1936 ਬਿਕ੍ਰਮੀ (1880 ਈ.) ਵਿੱਚ ਦਿੱਲੀ ਤੋਂ ਛਪਿਆ। ਇਸ ਦਾ ਦੂਜਾ ਸੰਸਕਰਣ ਬੂਟਾ ਸਿੰਘ ਪ੍ਰੈਸ ਲਾਹੌਰ ਤੋਂ ਸੰਮਤ 1946 ਬਿਕ੍ਰਮੀ 20 ਚੇਤ (1889 ਈ.) ਨੂੰ ਅਤੇ ਤੀਜਾ ਸੰਸਕਰਣ ਸੰਮਤ 1946 ਬਿਕ੍ਰਮੀ ਜੇਠ ਮਹੀਨੇ (1889 ਈ.) ਚਸ਼ਮਾ-ਏ-ਨੂਰ ਪ੍ਰੈਸ ਅੰਮ੍ਰਿਤਸਰ ਤੋਂ ਛਪਿਆ। ਇਹ ਤਿੰਨੇ ਖਰੜੇ ਪੱਥਰ ਛਾਪ ਸਨ। ਗਿਆਨੀ ਗਿਆਨ ਸਿੰਘ ਵਾਲੇ ਪੰਥ ਪ੍ਰਕਾਸ਼ ਦਾ ਚੌਥਾ ਸੰਸਕਰਣ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਪਹਿਲੀ ਵਾਰ ਟਾਈਪ ਦੇ ਅੱਖਰਾਂ ਵਿੱਚ ਸੰਮਤ 1955 ਬਿਕ੍ਰਮੀ (1899 ਈ.) ਵਿੱਚ ਛਪਿਆ। ਗਿਆਨੀ ਕ੍ਰਿਪਾਲ ਸਿੰਘ ਦੇ ਦੱਸਣ ਅਨੁਸਾਰ ਇਹ ਸੰਸਕਰਣ ਵਿੱਚ ਦਿੱਤੀ ਜਾਣਕਾਰੀ ਪਹਿਲਾਂ ਛਪ ਚੁੱਕੇ ਤਿੰਨੇ ਪੱਥਰ ਛਾਪ ਸੰਸਕਰਣਾਂ ਨਾਲ ਉੱਕਾ ਹੀ ਮੇਲ ਨਹੀਂ ਖਾਂਦੀ। 1923 ਈ. ਵਿੱਚ ਇਸ ਪੰਥ ਪ੍ਰਕਾਸ਼ ਦਾ ਛੇਵਾਂ ਸੰਸਕਰਣ ਭਾਈ ਚਤਰ ਸਿੰਘ ਜੀਵਨ ਸਿੰਘ, ਮਾਈ ਸੇਵਾਂ ਬਜ਼ਾਰ ਅੰਮ੍ਰਿਤਸਰ ਤੋਂ ਛਪੀ ਹੋਣ ਦੀ ਪੁਸ਼ਟੀ ਹੁੰਦੀ ਹੈ, ਅਵਤਾਰ ਸਿੰਘ ਆਜ਼ਾਦ ਇਸ ਦੀ ਇੱਕ ਕਾਪੀ ਆਪਣੇ ਕੋਲ ਉਪਲੱਬਧ ਹੋਣ ਦਾ ਦਾਅਵਾ ਕਰਦਾ ਹੈ। ਇਸ ਤਰ੍ਹਾਂ 1970 ਈ. ਵਿੱਚ ਭਾਸ਼ਾ ਵਿਭਾਗ ਪਟਿਆਲਾ ਵੱਲੋਂ ਛਾਪਿਆ ਪੰਥ ਪ੍ਰਕਾਸ਼ ਦਾ ਸੱਤਵਾਂ ਸੰਸਕਰਣ ਬਣਦਾ ਹੈ। ਗਿਆਨੀ ਕ੍ਰਿਪਾਲ ਸਿੰਘ ਨੇ ਪਹਿਲਾਂ ਪ੍ਰਕਾਸ਼ਿਤ ਹੋਏ ਪੱਥਰ ਛਾਪ ਖਰੜਿਆਂ ਨੂੰ ਆਧਾਰ ਬਣਾ ਕੇ ਛੇ ਜਿਲਦਾਂ ਵਿੱਚ ਗਿਆਨੀ ਗਿਆਨ ਸਿੰਘ ਵਾਲੇ ਪੰਥ ਪ੍ਰਕਾਸ਼ ਨੂੰ 1970-74 ਈ. ਤੱਕ ਸੰਪਾਦਿਤ ਕਰ ਕੇ ਮਨਮੋਹਨ ਸਿੰਘ ਬਰਾੜ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਇਆ। ਭਾਸ਼ਾ ਵਿਭਾਗ ਨੇ 1987 ਈ. ਵਿੱਚ ਗਿਆਨੀ ਗਿਆਨ ਸਿੰਘ ਵਾਲੇ ਪੰਥ ਪ੍ਰਕਾਸ਼ ਨੂੰ ਦੁਬਾਰਾ ਫ਼ੇਰ ਪ੍ਰਕਾਸ਼ਿਤ ਕੀਤਾ। ਸਭ ਤੋਂ ਆਧੁਨਿਕ ਅਤੇ ਸਰਲ ਭਾਸ਼ਾ ਅਤੇ ਪਾਠਕਾਂ ਵਿੱਚ ਪ੍ਰਵਾਨਿਤ ਹੋਣ ਕਰ ਕੇ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਇਸ ਪੰਥ ਪ੍ਰਕਾਸ਼ ਨੂੰ ਇਸ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

ਇਹ ਦੋਵੇਂ ਪੰਥ ਪ੍ਰਕਾਸ਼ ਸਿੱਖ ਇਤਿਹਾਸ ਸੰਬੰਧੀ ਜਾਣਕਾਰੀ ਦੇ ਮਹੱਤਵਪੂਰਨ ਸ੍ਰੋਤ ਹਨ। ਇੱਕ

ਪਾਸੇ ਰਤਨ ਸਿੰਘ ਭੰਗੂ ਨੇ ਸਿੱਖ ਇਤਿਹਾਸ ਨੂੰ ਆਪਣੀ ਲਿਖਤ ਰਾਹੀਂ ਸੀਮਿਤ ਸ਼ਬਦਾਂ ਵਿੱਚ ਸਮੇਟਣ ਦਾ ਯਤਨ ਕੀਤਾ ਹੈ, ਪਰ ਉਸ ਦੇ ਉਲਟ ਗਿਆਨੀ ਗਿਆਨ ਸਿੰਘ ਦੀ ਲਿਖਤ ਬਹੁਤ ਹੀ ਵਿਸ਼ਾਲ ਅਤੇ ਵਿਸਥਾਰਪੂਰਵਕ ਲਿਖੀ ਗਈ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਇਨ੍ਹਾਂ ਲਿਖਤਾਂ ਤੋਂ ਪਹਿਲਾਂ ਸਿੱਖ ਇਤਿਹਾਸ ਦੀ ਜਾਣਕਾਰੀ ਜ਼ਾਹਿਰ ਕਰਦੇ ਹੋਰ ਵੀ ਕਈ ਮਹੱਤਵਪੂਰਨ ਸ੍ਰੋਤ ਹੋਂਦ ਵਿੱਚ ਆ ਚੁੱਕੇ ਸਨ। ਜਿਨ੍ਹਾਂ ਵਿੱਚ ਸਿੱਖ ਧਰਮ ਅਤੇ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਵਿਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਸਹੀ ਅਤੇ ਢੁਕਵੇਂ ਨਤੀਜੇ ਦੀ ਆਸ ਵਿੱਚ ਇਸ ਹੱਥਲੇ ਖੋਜ ਕਾਰਜ ਦੇ ਅਧਿਐਨ ਲਈ ਇਨ੍ਹਾਂ ਸ੍ਰੋਤਾਂ ਦਾ ਅਧਿਐਨ ਕਰਨਾ ਵੀ ਅਤਿ ਜ਼ਰੂਰੀ ਸੀ। ਜਿਸ ਕਰ ਕੇ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਲਈ ਸਮੇਂ ਦੀ ਸਮੱਸਿਆ ਦਰਪੇਸ਼ ਆਈ। ਦੂਸਰਾ ਖੋਜ ਕਾਰਜ ਵਿੱਚ ਵਰਤੀਆਂ ਗਈਆਂ ਜ਼ਿਆਦਾਤਰ ਲਿਖਤਾਂ ਕਾਵਿਮਈ ਰੂਪ ਵਿੱਚ ਉਪਲੱਬਧ ਹਨ। ਜਿਨ੍ਹਾਂ ਦੀ ਭਾਸ਼ਾ ਅਤੇ ਸ਼ਬਦ ਸ਼ਬਦਾਵਲੀ ਬੜੀ ਹੀ ਕਠਿਨ ਹੈ। ਇਨ੍ਹਾਂ ਦਾ ਤਰਜ਼ਮਾ ਪੰਜਾਬੀ ਵਿੱਚ ਕਰਨ ਲਈ ਤੁਕ ਤਤਕਰਿਆਂ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸਿੱਖ ਪੰਥ ਵਿਸ਼ਵ ਕੋਸ਼ ਆਦਿ ਕੋਸ਼ਾਂ ਦੀ ਵਰਤੋਂ ਵੀ ਵੱਡੇ ਪੱਧਰ 'ਤੇ ਕਰਨੀ ਪਈ। ਪਰ ਅਕਾਲ ਪੁਰਖ ਦੀ ਆਪਾਰ ਕ੍ਰਿਪਾ ਤੇ ਬਖ਼ਸ਼ਿਸਾਂ ਸਦਕਾ, ਮੇਰੇ ਰਾਹ ਦਸੇਰੇ ਮੇਰੇ ਗੁਰੂਜਨਾਂ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਬਦੌਲਤ ਰਸਤੇ ਆਪ ਮੁਹਾਰੇ ਖੁੱਲ੍ਹਦੇ ਗਏ ਤੇ ਦਰਪੇਸ਼ ਆਉਂਦੀਆਂ ਸਮੱਸਿਆਵਾਂ ਆਸਾਨੀ ਨਾਲ ਹੱਲ ਹੁੰਦੀਆਂ ਗਈਆਂ।

ਇਸ ਖੋਜ ਕਾਰਜ ਨੂੰ ਤਰਕਸੰਗਤ ਅਤੇ ਵਿਧੀਪੂਰਵਕ ਰੂਪ ਵਿੱਚ ਤਰਤੀਬ ਦਿੰਦੇ ਹੋਏ ਇਸ ਦਾ ਮੁੱਖ ਉਦੇਸ਼ ਤੁਲਨਾਤਮਿਕ ਅਧਿਐਨ ਦੇ ਨਾਲ 'ਸ੍ਰੀ ਗੁਰ ਪੰਥ ਪ੍ਰਕਾਸ਼ਾਂ' ਵਿੱਚ ਦਰਜ ਇਤਿਹਾਸਿਕ ਅਤੇ ਧਾਰਮਿਕ ਪੱਖੋਂ ਲਬਰੇਜ਼ ਸਿੱਖ ਧਰਮ ਦੀ ਵਡਮੁੱਲੀ ਜਾਣਕਾਰੀ ਨੂੰ ਸਾਹਮਣੇ ਲੈ ਕੇ ਆਉਣਾ ਹੈ। ਇਸ ਖੋਜ ਕਾਰਜ ਦੁਆਰਾ ਇਨ੍ਹਾਂ ਮਹਾਨ ਸਿੱਖ ਵਿਦਵਾਨਾਂ ਦੁਆਰਾ ਪਰਿਭਾਸ਼ਿਤ ਸਿੱਖ ਇਤਿਹਾਸ ਦੀ ਮਹਾਨਤਾ ਨੂੰ ਉਜਾਗਰ ਕਰਨ ਦੇ ਨਾਲ-ਨਾਲ ਸਿੱਖ ਧਰਮ ਦੇ ਵਿਕਾਸ ਦੇ ਪੜਾਵਾਂ ਨੂੰ ਵੀ ਉਜਾਗਰ ਕਰਨਾ ਹੈ ।

ਤੁਲਨਾਤਮਿਕ ਅਧਿਐਨ ਦਾ ਘੇਰਾ ਬਹੁਤ ਵਿਸ਼ਾਲ ਹੈ। ਸੰਬੰਧਿਤ ਵਿਸ਼ੇ ਦਾ ਹਰੇਕ ਪੱਖ ਜੋ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਖੋਜ ਵਿਸ਼ੇ ਦੇ ਘੇਰੇ ਵਿੱਚ ਆਉਂਦਾ ਹੈ। ਉਦਾਹਰਣ ਦੇ ਤੌਰ 'ਤੇ, ਜੇ ਕਿਧਰੇ ਦੋ ਕੌਮਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਜਾਂਦਾ ਹੈ ਤਾਂ ਖੁੱਲ੍ਹੇ ਰੂਪ ਵਿੱਚ ਉਨ੍ਹਾਂ ਕੌਮਾਂ ਦਾ ਪਿਛੋਕੜ, ਧਰਮ, ਬੋਲੀ, ਸਭਿਆਚਾਰ, ਰਹਿਣ-ਸਹਿਣ, ਖਾਣ-ਪਾਣ, ਭੂਗੋਲਿਕ ਖਿੱਤਾ, ਸੰਬੰਧਿਤ ਭੂਗੋਲਿਕ ਖਿੱਤੇ ਦੀਆਂ ਸਮਾਜਿਕ, ਰਾਜਨੀਤਿਕ, ਆਰਥਿਕ ਜਾਂ ਧਾਰਮਿਕ ਪ੍ਰਸਥਿਤੀਆਂ ਆਦਿ ਪੱਖ ਖੋਜ ਵਿਸ਼ੇ ਦੇ ਘੇਰੇ ਵਿੱਚ ਸ਼ਾਮਿਲ ਹੋ ਸਕਦੇ ਹਨ। ਜੇ ਕਿਸੇ ਇੱਕੋ ਵਿਸ਼ੇ ਨਾਲ ਸੰਬੰਧਿਤ ਵੱਖ ਵੱਖ ਪੁਸਤਕਾਂ ਦਾ ਤੁਲਨਾਤਮਿਕ ਅਧਿਐਨ ਕਰਨਾ

ਹੋਵੇ ਤਾਂ ਉਨ੍ਹਾਂ ਲਿਖਤਾਂ ਦੇ ਰਚੇਤਿਆਂ ਦਾ ਪਿਛੋਕੜ, ਜੀਵਨ, ਪੁਸਤਕ ਰਚਨ ਦੇ ਕਾਰਨ, ਸ਼ਬਦਾਵਲੀ, ਵਾਕ ਬਣਤਰ, ਛੰਦਬੰਦੀ, ਜਾਣਕਾਰੀ, ਦਿੱਤੀ ਗਈ ਜਾਣਕਾਰੀ ਵਿੱਚ ਸਮੋਏ ਸਮਾਜਿਕ, ਰਾਜਨੀਤਿਕ, ਆਰਥਿਕ ਜਾਂ ਧਾਰਮਿਕ ਸਰੋਕਾਰ ਆਦਿ ਸਮੂਹਿਕ ਰੂਪ ਵਿੱਚ ਸਾਰੇ ਹੀ ਖੋਜ ਵਿਸ਼ੇ ਦੇ ਘੇਰੇ ਵਿੱਚ ਸ਼ਾਮਿਲ ਹੁੰਦੇ ਹਨ। ਪਰ ਅਕਾਦਮਿਕ ਪੱਖ ਤੋਂ ਵੇਖਦੇ ਹੋਏ, ਇਹ ਖੋਜਕਾਰ ਜਾਂ ਉਸ ਦੇ ਨਿਗਰਾਨ ਉੱਪਰ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਉਪਲੱਬਧ ਸਮਾਂ ਸੀਮਾ ਦੇ ਵਿੱਚ ਰਹਿ ਕੇ ਜ਼ਿਆਦਾ ਖਿਲਾਰੇ ਦੀ ਥਾਂ ਖੋਜ-ਪ੍ਰਬੰਧ ਨੂੰ ਤਰਕਸੰਗਤ ਤਰੀਕੇ ਨਾਲ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਖੋਜ-ਪ੍ਰਬੰਧ ਦਾ ਘੇਰਾ ਕਿਸ ਹੱਦ ਤੱਕ ਸੀਮਿਤ ਰੱਖਣਾ ਹੈ। ਮੁੱਢਲੇ ਤੌਰ 'ਤੇ ਇਸ ਖੋਜ ਕਾਰਜ ਦਾ ਘੇਰਾ ਸ੍ਰੀ ਗੁਰ ਪੰਥ ਪ੍ਰਕਾਸ਼ਾਂ ਵਿੱਚ ਦਰਜ ਇਤਿਹਾਸਿਕ ਜਾਣਕਾਰੀ ਦਾ ਤੁਲਨਾਤਮਿਕ ਅਧਿਐਨ ਕਰਨਾ ਹੈ। ਉਨ੍ਹਾਂ ਵਿੱਚ ਪਾਈ ਜਾਣ ਵਾਲੀ ਵਿਭਿੰਨਤਾ ਨੂੰ ਦਰਸਾਉਣਾ, ਪ੍ਰਾਪਤੀਆਂ ਬਾਰੇ ਬਿਬੇਕ ਨਾਲ ਡੂੰਘੀ ਚਰਚਾ ਕਰਨਾ ਅਤੇ ਉਪਜੀਆਂ ਸੰਭਾਵਨਾਵਾਂ ਦੀ ਵਿਆਖਿਆ ਕਰਨਾ ਹੈ। ਇਸ ਤੋਂ ਇਲਾਵਾ ਇਹ ਲਿਖਤਾਂ ਸਿੱਖ ਧਰਮ ਪ੍ਰਤੀ ਵਡਮੁੱਲੀ ਜਾਣਕਾਰੀ ਦਿੰਦੀਆਂ ਹਨ, ਇਸ ਸਬੰਧੀ ਗਿਆਨ ਹਾਸਿਲ ਕਰਨਾ ਵੀ ਇਸ ਕਾਰਜ ਦਾ ਮੁੱਖ ਮਨੋਰਥ ਹੈ।

ਖੋਜ ਵਿਧੀ ਖੋਜ ਕਾਰਜ ਲਈ ਇੱਕ ਨੀਂਹ ਦਾ ਕੰਮ ਕਰਦੀ ਹੈ। ਇਹ ਖੋਜ ਵਿਧੀ ਹੀ ਹੈ, ਜੋ ਖੋਜਕਾਰ ਨੂੰ ਸ਼ੁਰੂਆਤ ਤੋਂ ਸੰਪੂਰਨਤਾ ਤੱਕ, ਉਸ ਦੁਆਰਾ ਚੁਣੇ ਗਏ ਖੋਜ ਵਿਸ਼ੇ ਉੱਪਰ ਉਸ ਨੂੰ ਕੇਂਦ੍ਰਿਤ ਕਰ ਕੇ ਰੱਖਦੀ ਹੈ। ਧਰਮ ਅਧਿਐਨ ਦੇ ਅਕਾਦਮਿਕ ਖੇਤਰ ਵਿੱਚ ਅਨੇਕਾਂ ਹੀ ਖੋਜ ਵਿਧੀਆਂ ਆ ਚੁੱਕੀਆਂ ਹਨ, ਜੋ ਸਿੱਧੇ ਤੌਰ 'ਤੇ ਧਰਮ, ਸਮਾਜ ਅਤੇ ਇਨ੍ਹਾਂ ਨਾਲ ਜੁੜੇ ਇਤਿਹਾਸ ਨਾਲ ਸੰਬੰਧਿਤ ਹਨ। ਖੋਜ ਵਿਧੀਆਂ ਹੀ ਖੋਜ ਕਾਰਜ ਨੂੰ ਸੁਚੱਜੇ ਅਤੇ ਤਰਤੀਬਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਵਿੱਚ ਸਹਾਈ ਹੁੰਦੀਆਂ ਹਨ। ਖੋਜ ਵਿਧੀਆਂ ਦੀ ਮਦਦ ਤੋਂ ਬਿਨਾਂ ਖੋਜ ਕਾਰਜ ਨੂੰ ਨੇਪਰੇ ਚਾੜ੍ਹਨਾ ਮੁਸ਼ਕਿਲ ਹੀ ਨਹੀਂ ਨਾ-ਮੁਮਕਿਨ ਵੀ ਹੈ। ਇਸ ਲਈ ਇਸ ਹੱਥਲੇ ਖੋਜ-ਪ੍ਰਬੰਧ ਨੂੰ ਸਿਰੇ ਚੜ੍ਹਾਉਣ ਲਈ ਇਤਿਹਾਸਿਕ ਅਤੇ ਧਰਮ ਸ਼ਾਸਤਰੀ ਖੋਜ ਵਿਧੀ ਦੀ ਵਰਤੋਂ ਕੀਤੀ ਗਈ ਹੈ।

ਇਸ ਖੋਜ ਕਾਰਜ ਨੂੰ ਸੁਯੋਗ, ਤਰਕਪੂਰਨ ਅਤੇ ਅਰਥਪੂਰਨ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ। ਖੋਜ ਕਾਰਜ ਲਈ ਉਪਲੱਬਧ ਸ੍ਰੋਤਾਂ ਨੂੰ ਚੰਗੀ ਤਰ੍ਹਾਂ ਘੋਖਿਆ ਗਿਆ ਹੈ। ਗੁਰੂ ਕਾਲ ਨਾਲ ਸੰਬੰਧਿਤ ਅਧਿਆਇ ਵਿੱਚ ਗੁਰੂ ਸਾਹਿਬਾਨ ਦੇ ਪੂਰਨ ਨਾਂ ਵਾਰ ਵਾਰ ਵਰਤਣ ਦੀ ਥਾਂ ਸੰਬੰਧਿਤ ਗੁਰੂ ਸਾਹਿਬ ਦਾ ਪੂਰਾ ਨਾਂ ਲਿਖ ਕੇ ਅਗਾਊਂ ਗੁਰੂ ਜੀ ਜਾਂ ਗੁਰੂ ਸਾਹਿਬ ਦੀ ਵਰਤੋਂ ਕੀਤੀ ਗਈ ਹੈ। ਸਿੱਖ ਭਾਵਨਾਵਾਂ ਦਾ ਖ਼ਿਆਲ ਰੱਖਦੇ ਹੋਏ ਗੁਰੂ ਸਾਹਿਬਾਨ ਦੇ ਨਾਂ ਨਾਲ 'ਜੀ' ਜਾਂ 'ਸਾਹਿਬ', ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਸਤਿਕਾਰ ਵਜੋਂ 'ਬਾਬਾ' ਵਰਗੇ ਸਤਿਕਾਰਿਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਪੈਰ

ਟਿੱਪਣੀਆਂ ਜਾਂ ਹਵਾਲਿਆਂ ਨੂੰ ਤਰਤੀਬਬੱਧ ਰੂਪ ਵਿੱਚ ਪੇਸ਼ ਕਰਨ ਦੇ ਨਾਲ ਉਨ੍ਹਾਂ ਵਿੱਚ 'ਉਹੀ ਰਚਨਾ' ਦਾ ਸੰਖੇਪ ਰੂਪ ਉ. ਰ. ਜਾਂ op.cit. ਦੀ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਜਿਲਦ ਨੂੰ ਸੰਖੇਪ ਵਿੱਚ ਜਿ. ਅਤੇ ਭਾਗ ਨੂੰ ਭਾ. ਕਰ ਕੇ, ਕ੍ਰਮ ਪਹਿਲਾ, ਦੂਜਾ, ਤੀਜਾ, ਚੌਥਾ ਆਦਿ ਨੂੰ ਸੰਖੇਪ ਰੂਪ ਵਿੱਚ ਪਹਿ., ਦੂ., ਤੀ., ਚੌ. ਆਦਿ ਲਿਖਿਆ ਗਿਆ ਹੈ। ਇਸ ਖੋਜ ਕਾਰਜ ਨੂੰ ਸੰਪੂਰਨ ਦਿਖ ਦੇਣ ਲਈ ਇਸ ਖੋਜ ਕਾਰਜ ਨੂੰ ਪੰਜ ਅਧਿਆਵਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਨੂੰ ਅੱਗੇ ਦੱਸੇ ਅਨੁਸਾਰ ਕੁਝ ਇਸ ਤਰ੍ਹਾਂ ਤਰਤੀਬਬੱਧ ਕੀਤਾ ਗਿਆ ਹੈ।

ਖੋਜ ਕਾਰਜ ਦੇ ਪਹਿਲੇ ਅਧਿਆਇ 'ਪ੍ਰਾਪਤ ਸਾਹਿਤ ਦਾ ਸਰਵੇਖਣ' ਵਿੱਚ ਸਿੱਖ ਇਤਿਹਾਸ ਦੇ ਉਦੈ ਅਤੇ ਪਿਛੋਕੜ, ਸਿੱਖ ਇਤਿਹਾਸ ਨਾਲ ਸੰਬੰਧਿਤ ਸ੍ਰੋਤਾਂ ਅਤੇ ਇਸ ਖੋਜ ਕਾਰਜ ਲਈ ਲੋੜੀਂਦੇ ਸਾਹਿਤ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਗਿਆ ਹੈ। ਸਰਵੇਖਣ ਵਿੱਚ ਭਾਈ ਗੁਰਦਾਸ ਦੀਆਂ ਵਾਰਾਂ, ਜਨਮਸਾਖੀਆਂ, ਦਸਮ ਗ੍ਰੰਥ, ਸ੍ਰੀ ਗੁਰਸੋਭਾ, ਹੁਕਮਨਾਮੇ, ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਭੱਟ ਵਹੀਆਂ ਤੋਂ ਇਲਾਵਾ ਸਿੱਖ ਇਤਿਹਾਸ ਦੀ ਜਾਣਕਾਰੀ ਦਿੰਦੀਆਂ ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਦੀਆਂ ਕਈ ਮਹੱਤਵਪੂਰਨ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਅਧਿਆਇ ਦੂਜੇ ਵਿੱਚ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਜੀਵਨ, ਉਨ੍ਹਾਂ ਦੇ ਸਮਕਾਲ, ਉਨ੍ਹਾਂ ਦੇ ਪਿਛੋਕੜ, ਉਨ੍ਹਾਂ ਦੁਆਰਾ ਰਚੀਆਂ ਹੋਈਆਂ ਰਚਨਾਵਾਂ, ਉਨ੍ਹਾਂ ਦੁਆਰਾ ਪੰਥ ਪ੍ਰਕਾਸ਼ ਰਚਣ ਦੇ ਪਿਛਲੇ ਕਾਰਨ, ਉਨ੍ਹਾਂ ਨੂੰ ਮਿਲੇ ਮਾਨ-ਸਨਮਾਨ ਆਦਿ ਦਾ ਵਰਣਨ ਕੀਤਾ ਗਿਆ ਹੈ। ਇਸ ਵਿੱਚ ਉਨ੍ਹਾਂ ਦੇ ਜਨਮ ਅਤੇ ਪਰਿਵਾਰਿਕ ਪਿਛੋਕੜ ਤੋਂ ਇਲਾਵਾ, ਉਨ੍ਹਾਂ ਨੂੰ ਦਰਪੇਸ਼ ਆਈਆਂ ਮੁਸ਼ਕਿਲਾਂ, ਸੰਘਰਸ਼ ਅਤੇ ਪੂਰਾ ਜੀਵਨ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਅਣਥੱਕ ਕੋਸ਼ਿਸ਼ਾਂ ਉੱਪਰ ਵੀ ਚਾਨਣਾ ਪਾਇਆ ਗਿਆ ਹੈ।

ਖੋਜ ਕਾਰਜ ਦਾ ਤੀਜਾ ਅਧਿਆਇ ਸੰਪੂਰਨ ਗੁਰੂ ਕਾਲ ਨਾਲ ਸੰਬੰਧਿਤ ਹੈ, ਜੋ ਕਿ ਗੁਰੂ ਸਾਹਿਬਾਨ ਦੇ ਜਨਮ, ਬਚਪਨ, ਵਿਆਹ, ਸੰਤਾਨ ਆਦਿ ਬਾਰੇ ਜਾਣਕਾਰੀ ਉਪਲੱਬਧ ਕਰਵਾਉਂਦਾ ਹੈ। ਇਸ ਅਧਿਆਇ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਘਟਨਾਵਾਂ ਜਾਂ ਸਾਖੀਆਂ, ਉਨ੍ਹਾਂ ਦੁਆਰਾ ਕੀਤੇ ਗਏ ਕਾਰਜਾਂ ਆਦਿ ਦਾ ਲੇਖਾ-ਜੋਖਾ ਦਰਜ ਹੈ। ਇਹ ਅਧਿਆਇ ਗੁਰੂ ਸਾਹਿਬਾਨ ਵੱਲੋਂ ਕੀਤੇ ਗਏ ਅਦੁੱਤੀ ਕੰਮ, ਪੰਜਵੇਂ ਗੁਰੂ ਸਾਹਿਬਾਨ ਵੱਲੋਂ ਦਿੱਤੀ ਗਈ ਬੇਮਿਸਾਲ ਸ਼ਹੀਦੀ, ਨੌਵੇਂ ਗੁਰੂ ਸਾਹਿਬਾਨ ਵੱਲੋਂ ਹਿੰਦੂ ਧਰਮ ਲਈ ਸ਼ਹੀਦ ਹੋਣਾ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਿਰਜੀਵ ਹੋਈ ਮਨੁੱਖਤਾ ਵਿੱਚ ਨਵੀਂ ਰੂਹ ਫੂਕਣਾ, ਛੇਵੇਂ ਅਤੇ ਦਸਵੇਂ ਪਾਤਿਸ਼ਾਹ ਵੱਲੋਂ ਲੜੀਆਂ ਗਈਆਂ ਲੜਾਈਆਂ, ਦਸਵੇਂ ਗੁਰੂ ਸਾਹਿਬਾਨ ਦੇ ਸਾਹਿਬਜ਼ਾਦਿਆਂ ਦੀਆਂ

ਸ਼ਹੀਦੀਆਂ, ਵੱਖ-ਵੱਖ ਸਮੇਂ ਸਿੱਖਾਂ ਦੁਆਰਾ ਦਿਖਾਏ ਗਏ ਬਹਾਦਰੀ ਦੇ ਜੌਹਰ, ਉਨ੍ਹਾਂ ਵੱਲੋਂ ਪ੍ਰਾਪਤ ਕੀਤੀਆਂ ਸ਼ਹਾਦਤਾਂ ਆਦਿ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਗੁਰੂ ਕਾਲ ਦੇ ਤੁਲਨਾਤਮਿਕ ਅਧਿਐਨ ਤੋਂ ਸਾਬਿਤ ਹੁੰਦਾ ਹੈ ਕਿ ਗਿਆਨੀ ਗਿਆਨ ਸਿੰਘ ਦੀ ਗੁਰੂ ਸਾਹਿਬਾਨ ਬਾਰੇ ਰਤਨ ਸਿੰਘ ਭੰਗੂ ਦੇ ਮੁਕਾਬਲਤਨ ਜ਼ਿਆਦਾ ਵਿਸਥਾਰਪੂਰਵਕ ਤੇ ਸਿਲਸਿਲੇਵਾਰ ਹੈ।

ਖੋਜ ਕਾਰਜ ਦਾ ਚੌਥੇ ਅਧਿਆਇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹੈ। ਇਹ ਅਧਿਆਇ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਧੋ ਦਾਸ ਤੋਂ ਲੈ ਕੇ ਉਸ ਦੀ ਸ਼ਹਾਦਤ ਤੱਕ ਦੇ ਸੰਘਰਸ਼ਮਈ ਸਫ਼ਰ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਇਸ ਅਧਿਆਇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਪੰਥ ਪ੍ਰਕਾਸ਼ਾਂ ਤੋਂ ਇਲਾਵਾ ਹੋਰ ਮਹੱਤਵਪੂਰਨ ਸ੍ਰੋਤਾਂ ਦੀ ਘੋਖ ਪੜਤਾਲ ਕੀਤੀ ਗਈ ਹੈ। ਇਸ ਅਧਿਆਇ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਖ ਧਰਮ ਦੇ ਵਿੱਚ ਪਾਏ ਯੋਗਦਾਨ ਨੂੰ ਪੇਸ਼ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਪੈਦਾ ਕੀਤੇ ਭਰਮ-ਭੁਲੇਖੇ ਜਾਂ ਅਫ਼ਵਾਹਾਂ ਵੀ ਇਸ ਅਧਿਆਇ ਵਿੱਚ ਵਿਚਾਰੀਆਂ ਗਈਆਂ ਹਨ। ਖੋਜ ਕਾਰਜ ਦੌਰਾਨ ਕੀਤੇ ਅਧਿਐਨ ਤੋਂ ਇਹ ਸਾਬਿਤ ਹੁੰਦਾ ਹੈ ਕਿ ਗਿਆਨੀ ਗਿਆਨ ਸਿੰਘ ਦੀ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਦਿੱਤੀ ਜਾਣਕਾਰੀ 'ਤੇ ਰਤਨ ਸਿੰਘ ਭੰਗੂ ਦੀ ਲਿਖਤ ਦਾ ਪ੍ਰਭਾਵ ਵੀ ਸਾਫ਼ ਝਲਕਦਾ ਹੈ, ਹਾਲਾਂਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਸੰਬੰਧੀ ਮਹੱਤਵਪੂਰਨ ਜਾਣਕਾਰੀ ਵੀ ਸਾਹਮਣੇ ਆਉਂਦੀ ਹੈ। ਉਂਝ ਦੋਵੇਂ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਅਤੇ ਸਫ਼ਲਤਾਵਾਂ ਨੂੰ ਬਿਆਨਣ ਦੇ ਨਾਲ ਨਾਲ ਆਪਣੇ ਤੋਂ ਪਹਿਲਾਂ ਦੀਆਂ ਲਿਖਤਾਂ ਦਾ ਅਤੇ ਮੌਖਿਕ ਪ੍ਰੰਪਰਾ ਦਾ ਪ੍ਰਭਾਵ ਕਬੂਲਦੇ ਹੋਏ ਉਸ ਨੂੰ ਕਰਾਮਾਤੀ ਸਾਬਿਤ ਕਰਨ ਦਾ ਯਤਨ ਵੀ ਕੀਤਾ ਹੈ।

ਖੋਜ ਕਾਰਜ ਦਾ ਪੰਜਵਾਂ ਅਧਿਆਇ ਸਿੱਖ ਮਿਸਲਾਂ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿੱਚ ਗਿਆਰ੍ਹਾਂ ਸਿੱਖ ਮਿਸਲਾਂ ਅਤੇ ਬਾਰ੍ਹਵੀਂ ਫੂਲਕੀਆਂ ਮਿਸਲ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸਹੀ ਨਤੀਜਿਆਂ ਦੀ ਆਸ ਵਿਚ ਅਹਿਮਦਸ਼ਾਹ ਬਟਾਲਵੀ, ਕਨ੍ਹੱਈਆ ਲਾਲ ਅਤੇ ਸੋਹਣ ਸਿੰਘ ਸੀਤਲ ਵਰਗੇ ਇਤਿਹਾਸਕਾਰਾਂ ਦੀਆਂ ਲਿਖਤਾਂ ਦੀ ਵਰਤੋਂ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਮਿਸਲ ਕਾਲ ਜਾਂ ਸਮਕਾਲੀ ਸਿੱਖ ਸਰਦਾਰਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਅੰਗਰੇਜ਼ ਲੇਖਕਾਂ ਦੀਆਂ ਲਿਖਤਾਂ ਦੀ ਵੀ ਵਰਤੋਂ ਕੀਤੀ ਗਈ ਹੈ। ਮਿਸਲ ਕਾਲ ਬਾਰੇ ਰਤਨ ਸਿੰਘ ਭੰਗੂ ਨੇ ਗਿਆਨੀ ਗਿਆਨ ਸਿੰਘ ਦੇ ਮੁਕਾਬਲੇ ਆਪਣੀ ਲਿਖਤ ਵਿੱਚ ਬਹੁਤ ਹੀ ਸੰਖੇਪ ਲਿਖਿਆ ਹੈ, ਪਰ ਮੌਲਿਕਤਾ ਦੇ ਪੱਖੋਂ ਉਸ ਦੀ ਸੰਖੇਪ ਜਿਹੀ ਜਾਣਕਾਰੀ ਵੀ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਗਈ ਵਿਸਥਾਰਪੂਰਵਕ ਜਾਣਕਾਰੀ ਤੋਂ

ਘੱਟ ਨਹੀਂ।

ਪੁਸਤਕ ਸੂਚੀ ਤੋਂ ਪਹਿਲਾਂ ਸੰਪੂਰਨ ਖੋਜ ਕਾਰਜ ਦਾ ਨਿਚੋੜ 'ਸਾਰ ਅਤੇ ਸਥਾਪਨਾਵਾਂ' ਦੇ ਰੂਪ ਵਿੱਚ ਦਰਜ ਹੈ। ਸਾਰ ਪੂਰਨ ਤੌਰ 'ਤੇ ਪੂਰੇ ਖੋਜ ਕਾਰਜ ਤੋਂ ਪ੍ਰਾਪਤ ਨਤੀਜਿਆਂ ਨੂੰ ਪੇਸ਼ ਕਰਦਾ ਹੈ। ਇਹ ਪ੍ਰਾਪਤ ਨਤੀਜੇ ਸਮਾਨਤਾਵਾਂ, ਵਖਰੇਵਿਆਂ, ਉਪਜੀਆਂ ਸੰਭਾਵਨਾਵਾਂ ਅਤੇ ਸਾਹਮਣੇ ਆਈ ਨਵੀਂ ਜਾਣਕਾਰੀ ਦੇ ਰੂਪ ਵਿੱਚ ਖੋਜ ਕਾਰਜ ਵਿੱਚੋਂ ਉਪਜਦੇ ਹਨ। ਇਸ ਕਾਰਜ ਦਾ ਸਾਰ ਦੋਵੇਂ ਸਿੱਖ ਇਤਿਹਾਸਕਾਰਾਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਪੰਥ ਪ੍ਰਕਾਸ਼ਾਂ ਦੇ ਵਿੱਚ ਪਾਈਆਂ ਜਾਣ ਵਾਲੀਆਂ ਸਮਾਨਤਾਵਾਂ, ਵਖਰੇਵਿਆਂ, ਗੁਣ-ਔਗੁਣ, ਕਮੀਆਂ ਪੇਸ਼ੀਆਂ, ਮੌਲਿਕਤਾ ਤੇ ਮਹੱਤਤਾ ਨੂੰ ਉਭਾਰਦਾ ਹੈ। ਇਹ ਸਿੱਟਾ ਸਾਡੇ ਸਾਹਮਣੇ ਉਨ੍ਹਾਂ ਦੀਆਂ ਲਿਖਤਾਂ ਦੀ ਮੌਲਿਕਤਾ, ਸਿੱਖ ਇਤਿਹਾਸ ਨੂੰ ਲਿਖਦਿਆਂ ਉਨ੍ਹਾਂ ਦੀਆਂ ਲਿਖਤਾਂ ਵਿੱਚ ਵੇਖਣ ਨੂੰ ਮਿਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ, ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਉਪਜਦੀ ਸਿੱਖੀ ਸ਼ਾਨ, ਖ਼ਾਲਸੇ ਦੀ ਚੜ੍ਹਦੀਕਲਾ ਤੇ ਕੁਰਬਾਨੀ ਦੇ ਜਜ਼ਬੇ ਨੂੰ ਵੀ ਪ੍ਰਦਰਸ਼ਿਤ ਕਰਦਾ ਹੈ। ਇਸ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਰਤਨ ਸਿੰਘ ਭੰਗੂ ਦੇ ਮੁਕਾਬਲੇ ਗਿਆਨੀ ਗਿਆਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਵਿਸਥਾਰਪੂਰਵਕ ਅਤੇ ਤਰਤੀਬਬੱਧ ਹੈ।

ਖੋਜ ਕਾਰਜ ਦੇ ਅੰਤ ਵਿੱਚ 'ਪੁਸਤਕ ਸੂਚੀ' ਦਿੱਤੀ ਗਈ ਹੈ। ਖੋਜ ਕਾਰਜ ਨਾਲ ਸੰਬੰਧਿਤ ਸ੍ਰੋਤਾਂ, ਉਨ੍ਹਾਂ ਦੇ ਲੇਖਕਾਂ ਦੇ ਨਾਂ ਛਪਣ ਦਾ ਸਥਾਨ ਅਤੇ ਮਿਤੀ ਆਦਿ ਸਾਰੇ ਹੀ ਵੇਰਵੇ ਸਿਲਸਿਲੇਵਾਰ ਦਰਜ਼ ਹਨ।

ਅਖ਼ੀਰ ਵਿੱਚ ਮੈਂ ਸਭ ਤੋਂ ਪਹਿਲਾਂ, ਇਸ ਖੋਜ ਕਾਰਜ ਨੂੰ ਨਿਰਵਿਘਨ ਸਿਰੇ ਚੜ੍ਹਾਉਣ ਲਈ ਸਰਵ ਸ਼ਕਤੀਮਾਨ ਅਕਾਲ ਪੁਰਖ ਦੀ ਰਿਣੀ ਹਾਂ, ਜਿਨ੍ਹਾਂ ਨੇ ਮੈਨੂੰ ਇਸ ਕਾਰਜ ਨੂੰ ਸ਼ੁਰੂ ਕਰਨ ਲਈ ਸੁਮੱਤ, ਸਿਹਤ ਅਤੇ ਤਾਕਤ ਬਖ਼ਸ਼ਣ ਦੇ ਨਾਲ-ਨਾਲ ਇਸ ਨੂੰ ਮੁਕੰਮਲ ਕਰਨ ਲਈ ਊਰਜਾ ਅਤੇ ਸ਼ਕਤੀ ਨਾਲ ਨਿਵਾਜ਼ਿਆ। ਉਸ ਤੋਂ ਬਾਅਦ ਮੈਂ ਇਸ ਖੋਜ ਕਾਰਜ ਲਈ ਵਰਤੇ ਗਏ ਆਧਾਰ ਗ੍ਰੰਥਾਂ ਦੇ ਲੇਖਕਾਂ ਦਾ ਵੀ ਸ਼ੁਕਰੀਆ ਅਦਾ ਕਰਦੀ ਹਾਂ, ਕਿਉਂਕਿ ਉਨ੍ਹਾਂ ਦੀ ਸਖਤ ਮਿਹਨਤ ਅਤੇ ਲਗਨ ਦੀ ਬਦੌਲਤ ਹੀ ਲਿਖਤਾਂ ਸ੍ਰੋਤਾਂ ਦੇ ਰੂਪ ਵਿੱਚ ਸਾਡੇ ਤੱਕ ਪਹੁੰਚੀਆਂ। ਮੈਂ ਆਪਣੇ ਸਤਿਕਾਰਯੋਗ ਸੁਪਰਵਾਈਜ਼ਰ ਡਾ. ਮਲਕਿੰਦਰ ਕੌਰ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਸੁਯੋਗ ਅਗਵਾਈ ਵਿੱਚ ਇਹ ਖੋਜ ਕਾਰਜ ਨੇਪਰੇ ਚੜ੍ਹਿਆ। ਇਨ੍ਹਾਂ ਨੇ ਹਰ ਸਮੇਂ ਖੋਜ ਕਾਰਜ ਵਿੱਚ ਮਦਦ ਕੀਤੀ ਅਤੇ ਸੰਬੰਧਿਤ ਵਿਸ਼ੇ ਬਾਰੇ ਮੁੱਲਵਾਨ ਜਾਣਕਾਰੀ ਪ੍ਰਦਾਨ ਕੀਤੀ। ਇਸ ਦੇ ਨਾਲ ਹੀ ਮੈਂ, ਸਾਡੇ ਵਿਭਾਗ ਦੇ ਵਰਤਮਾਨ ਮੁਖੀ ਡਾ. ਸਰਬਜਿੰਦਰ ਸਿੰਘ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਖੋਜ ਕਾਰਜ ਸੰਬੰਧੀ ਦਿਸ਼ਾ ਨਿਰਦੇਸ਼ ਦੇਣ ਤੋਂ ਇਲਾਵਾ ਸਮੇਂ-ਸਮੇਂ

'ਤੇ ਕੀਮਤੀ ਸੁਝਾਅ ਵੀ ਦਿੱਤੇ। ਇਸ ਦੇ ਨਾਲ ਹੀ ਮੈਂ ਵਿਭਾਗ ਦੇ ਸਮੁੱਚੇ ਸਟਾਫ ਅਤੇ ਆਪਣੇ ਸਾਰੇ ਹੀ ਭੈਣਾਂ ਭਰਾਵਾਂ, ਜਿਨ੍ਹਾਂ ਨੇ ਮੇਰੇ ਖੋਜ ਕਾਰਜ ਨੂੰ ਸੰਪੂਰਨਤਾ ਵੱਲ ਲੈ ਜਾਣ ਵਿੱਚ ਮੇਰੀ ਵਾਜ਼ਬ ਮਦਦ ਕੀਤੀ, ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਮੈਂ ਸਾਰੀ ਉਮਰ ਲਈ ਰਿਣੀ ਹਾਂ, ਪੇਕੇ ਪਰਿਵਾਰ ਦੀ, ਜਿਨ੍ਹਾਂ ਨੇ ਤੰਗੀਆਂ ਤੁਰਛੀਆਂ ਦੇ ਬਾਵਜੂਦ ਵੀ ਮੈਨੂੰ ਪੜ੍ਹਾਉਣਾ ਜਾਰੀ ਰੱਖਿਆ, ਅੱਜ ਉਨ੍ਹਾਂ ਦੇ ਨੇਕ ਉਪਰਾਲੇ ਦੀ ਬਦੌਲਤ ਹੀ ਮੈਂ ਇਸ ਮੁਕਾਮ 'ਤੇ ਪਹੁੰਚਣ ਦੇ ਕਾਬਿਲ ਬਣੀ ਹਾਂ। ਮੈਂ ਅਹਿਸਾਨਮੰਦ ਹਾਂ, ਆਪਣੇ ਹਮਸਫ਼ਰ ਦਵਿੰਦਰ ਸਿੰਘ ਮਾਨ ਦੀ ਅਤੇ ਸਹੁਰਾ ਪਰਿਵਾਰ ਦੇ ਸਮੂਹ ਪਰਿਵਾਰਕ ਮੈਂਬਰਾਂ ਦੀ ਜਿਨ੍ਹਾਂ ਦੀਆਂ ਦੁਆਵਾਂ ਸਦਕਾ ਅੱਜ ਮੈਂ ਇਹ ਖੋਜ ਕਾਰਜ ਨੇਪਰੇ ਚਾੜ੍ਹਨ ਵਿੱਚ ਕਾਮਯਾਬ ਹੋਈ ਹਾਂ, ਜਿਨ੍ਹਾਂ ਨੇ ਮੈਨੂੰ ਪਰਿਵਾਰਕ ਜਿੰਮੇਵਾਰੀਆਂ ਤੋਂ ਹਮੇਸ਼ਾਂ ਮੁਕਤ ਰੱਖਿਆ ਅਤੇ ਖੋਜ ਕਾਰਜ ਲਈ ਖੁੱਲ੍ਹਾ ਸਮਾਂ ਦਿੱਤਾ। ਇਸ ਖੁਸ਼ੀ ਦੇ ਮੌਕੇ ਆਪਣੇ ਭਰਾਵਾਂ ਸੁਖਵੀਰ ਸਿੰਘ ਚੀਮਾ ਅਤੇ ਗੋਲੂ ਮਾਨ ਨੂੰ ਬਹੁਤ ਯਾਦ ਕਰ ਰਹੀਂ ਹਾਂ, ਜੋ ਇਸ ਖੁਸ਼ੀ ਨੂੰ ਸਾਂਝਾ ਕਰਨ ਲਈ ਅੱਜ ਮੇਰੇ ਨਾਲ ਨਹੀਂ ਹਨ।

ਮੈਂ ਆਪਣੇ ਖੋਜ-ਪ੍ਰਬੰਧ ਦੀਆਂ ਅਨੇਕਾਂ ਸੀਮਾਵਾਂ ਤੋਂ ਪੂਰਨ ਤੌਰ 'ਤੇ ਸੁਚੇਤ ਹਾਂ। ਹੱਥਲੇ ਖੋਜ ਕਾਰਜ ਦੀ ਪ੍ਰਕਿਰਤੀ ਅਨੁਸਾਰ ਇਹ ਬਹੁਤ ਹੀ ਉਲਝਿਆ ਅਤੇ ਪਸਰਿਆ ਹੋਇਆ ਵਿਸ਼ਾ ਹੈ। ਜਿਸ ਕਰ ਕੇ ਇਸ ਦੇ ਸਾਰੇ ਪਹਿਲੂਆਂ ਨੂੰ ਵਿਚਾਰਨਾ ਸੰਭਵ ਨਹੀਂ। ਸੋ ਇਸ ਵਿੱਚ ਘਾਟਾਂ ਰਹਿਣੀਆਂ ਵੀ ਸੁਭਾਵਿਕ ਹਨ। ਫ਼ੇਰ ਵੀ ਉਮੀਦ ਹੈ ਕਿ ਖੋਜ ਕਾਰਜ ਅਕਾਦਮਿਕਤਾ ਦੇ ਖੇਤਰ ਵਿੱਚ ਤਿਲ ਮਾਤਰ ਯੋਗਦਾਨ ਜਰੂਰ ਪਾਵੇਗਾ। ਅੰਤ ਵਿੱਚ ਹਲੀਮੀ ਸਹਿਤ ਇਹ ਖੋਜ-ਪ੍ਰਬੰਧ ਵਿਦਵਾਨਾਂ ਦੇ ਨਿਰੀਖਣ ਹਿਤ ਪੇਸ਼ ਕਰਦੀ ਹਾਂ।

ਸਿਮਰਜੀਤ ਕੌਰ

ਸਿਮਰਜੀਤ ਕੌਰ
(ਖੋਜਾਰਥਣ)

ਮਿਤੀ: .11../.03./ 2020

# ਪੰਜਾਬੀ ਦੁਨੀਆ

ਜਨਵਰੀ-ਅਪ੍ਰੈਲ 2019



ਭਾਸ਼ਾ ਵਿਭਾਗ, ਪੰਜਾਬ

# ਪੰਜਾਬੀ ਦੁਨੀਆ

ਸਾਲ : 70 ਜਨਵਰੀ-ਫਰਵਰੀ-ਮਾਰਚ-ਅਪ੍ਰੈਲ 2019 ਅੰਕ : 01-04

ਮੁੱਖ ਸੰਪਾਦਕ :
**ਗੁਰਸ਼ਰਨ ਕੌਰ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਸੰਪਾਦਕ :
**ਡਾ. ਵੀਰਪਾਲ ਕੌਰ**
ਡਿਪਟੀ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ :
ਕੰਟਰੋਲਰ
ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

ਪ੍ਰਕਾਸ਼ਕ :
**ਡਾਇਰੈਕਟਰ**
ਭਾਸ਼ਾ ਵਿਭਾਗ, ਪੰਜਾਬ

ਫੋਟੋ ਕੰਪੋਜ਼ਿੰਗ :
**ਕੰਪਿਊਟਰ ਵਿੰਗ**
ਭਾਸ਼ਾ ਵਿਭਾਗ, ਪੰਜਾਬ

ਸਾਲਾਨਾ ਚੰਦਾ : 36 ਰੁਪਏ
ਇਹ ਅੰਕ : 12 ਰੁਪਏ

ਪਰਚੇ ਵਿਚ ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

1. ਸੰਪਾਦਕੀ 05
2. ਗਿਆਨੀ ਗੁਰਦਿੱਤ ਸਿੰਘ ਰਚਿਤ ਪੁਸਤਕ 'ਮੇਰਾ ਪਿੰਡ' ਵਿਚ ਲੋਕ ਵਿਸ਼ਵਾਸਾਂ ਦੀ ਪੇਸ਼ਕਾਰੀ (ਪਸ਼ੂ-ਪੰਛੀਆਂ ਦੇ ਵਿਸ਼ੇਸ਼ ਸੰਦਰਭ ਵਿਚ)
- ਮਨਜਿੰਦਰ ਸਿੰਘ 06
3. ਪੰਜਾਬੀ ਜੀਵਨ ਅਤੇ ਲੋਕਧਾਰਾ ਵਿਚ ਆ ਰਿਹਾ ਬਦਲਾਅ
- ਡਾ. ਪ੍ਰਭਜੀਤ ਕੌਰ 15
4. ਗੁਰਮਤਿ ਦ੍ਰਿਸ਼ਟੀ ਵਿਚ ਧਰਮ ਦਾ ਸੰਕਲਪ
- ਅਨਿਲ ਕੁਮਾਰ 26
5. ਪਾਲੀ ਭੁਪਿੰਦਰ ਦੁਆਰਾ ਰਚਿਤ ਪਿਆਸਾ ਕਾਂ-ਥੀਮਿਕ ਅਧਿਐਨ
- ਪ੍ਰੋ. ਪਰਮਿੰਦਰ ਕੌਰ 34
6. ਡਾ. ਕਿਰਨਦੀਪ ਰਚਿਤ ਨਾਟ-ਸੰਗ੍ਰਹਿ 'ਗੁਲਦਸਤਾ' ਨਾਟਕਾਂ ਵਿਚ ਪੇਂਡੂ ਯਥਾਰਥ
- ਰੁਪਿੰਦਰ ਕੌਰ 43
7. ਬਾਲ ਸਾਹਿਤ ਅਤੇ ਬਾਲ ਗਾਇਕੀ (ਬੱਚਿਆਂ ਦੇ ਬਹੁਪੱਖੀ ਵਿਕਾਸ ਦੇ ਸੰਦਰਭ ਵਿਚ)
- ਸ਼ਰਨਜੀਤ ਕੌਰ ਪਰਮਾਰ 50
8. ਸਾਂਝੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ 'ਪਰਤ ਆਉਣ ਤੱਕ'
- ਪ੍ਰੋ. ਗੁਰਪ੍ਰੀਤ ਸਿੰਘ 60
9. ਪਰਵਾਸੀ ਪੰਜਾਬੀ ਮਰਦ ਕਾਵਿ 'ਚੋਂ ਉਭਰਦੇ ਸਰੋਕਾਰ
- ਡਾ. ਰੁਪਿੰਦਰ ਕੌਰ 69

10. ਵਿਸ਼ਵੀਕਰਨ ਅਤੇ ਪੰਜਾਬੀ ਸਫ਼ਰਨਾਮਾ

- ਅਮਨਜੋਤ ਕੌਰ 83

11. ਪਸ਼ੂ-ਪੰਛੀਆਂ ਦੀਆਂ ਕਥਾਵਾਂ ਵਿਚ ਪਰਾਸਰੀਰਕ ਪਾਤਰ

- ਡਾ. ਹਰਪ੍ਰੀਤ ਕੌਰ 88

12. ਸੰਤ ਸਿੰਘ ਸੇਖੋਂ ਅਤੇ ਡਾ. ਰਵਿੰਦਰ ਸਿੰਘ ਰਵੀ ਦਾ ਸਾਹਿਤ ਚਿੰਤਨ : ਤੁਲਨਾਤਮਕ ਪਰਿਪੇਖ

- ਡਾ. ਰਜਿੰਦਰ ਕੌਰ 101

13. ਗਿਆਨੀ ਹਰਿਬੰਸ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ ਦੇ ਪ੍ਰਮੁੱਖ ਪਹਿਲੂ

- ਸ. ਅਜੈਪਾਲ ਸਿੰਘ 119

14. ਵਿਸ਼ਵੀਕਰਨ ਅਤੇ ਸੱਭਿਆਚਾਰਕ ਰੂਪਾਂਤਰਣ

- ਅਮਜਦ ਖਾਂ 137

15. ਗਿਆਨੀ ਗਿਆਨ ਸਿੰਘ ਦਾ ਜੀਵਨ ਤੇ ਰਚਨਾ

- ਸਿਮਰਜੀਤ ਕੌਰ 146

16. ਸਮਾਜ ਭਾਸ਼ਾ ਵਿਗਿਆਨ : ਸਿਧਾਂਤਕ ਅਧਿਐਨ

ਸੰਦੀਪ ਕੌਰ 155

17. ਲੋਕਧਾਰਾ ਸ਼ਾਸ਼ਤਰੀ ਚਿੰਤਨ

- ਪੁਨੀਤ ਕੌਰ 172

18. ਪੂੰਜੀਵਾਦੀ ਪੱਛਮੀ ਸੱਭਿਆਚਾਰ ਵਿਚ ਪੰਜਾਬੀ ਔਰਤ ('ਸਲਤਨਤ' ਨਾਵਲ ਦੇ ਪ੍ਰਸੰਗ 'ਚ)

- ਮੋਨਿਕਾ ਰਾਣੀ 177

19. ਚੰਡੀ ਦੀ ਵਾਰ

- ਗੁਰਪ੍ਰੀਤ ਕੌਰ 183

20. ਜਸਵੰਤ ਸਿੰਘ ਕੰਵਲ ਅਤੇ ਦਰਸ਼ਨ ਸਿੰਘ ਆਸ਼ਟ ਦੀਆਂ ਬਾਲ-ਕਹਾਣੀਆਂ ਦਾ ਤੁਲਨਾਤਮਕ ਅਧਿਐਨ

- ਕਮਲਜੀਤ ਕੌਰ, ਨਿਗ. ਡਾ. ਧਰਮਿੰਦਰ ਸਿੰਘ 190

21. ਮੇਜਰ ਮਾਂਗਟ ਅਤੇ ਰਾਣੀ ਨਗੇਂਦਰ ਦੀ ਕਹਾਣੀ ਵਿਚ ਸਮਲਿੰਗੀ ਸਬੰਧ: ਤੁਲਨਾਤਮਕ ਪਾਸਾਰ (ਟੂ ਇੰਨ ਵੱਨ ਅਤੇ ਸਨੋਬਰ ਦੇ ਸਾਏ ਸੰਦਰਭ 'ਚ)

- ਕੰਵਲਦੀਪ ਕੌਰ 199

22. ਪੰਜਾਬੀ ਕਵਿਤਾ ਦੇ ਨਵੇਂ ਸਰੋਕਾਰ

- ਡਾ. ਸ਼ਮਸ਼ੇਰ ਸਿੰਘ 209

# ਗਿਆਨੀ ਗਿਆਨ ਸਿੰਘ ਦਾ ਜੀਵਨ ਤੇ ਰਚਨਾ

**– ਸਿਮਰਜੀਤ ਕੌਰ**

ਗਿਆਨੀ ਗਿਆਨ ਸਿੰਘ ਦਾ ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਗਿਆਨੀ ਗਿਆਨ ਸਿੰਘ ਬਹੁਤ ਹੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਜਾਣਕਾਰੀ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਗਿਆਨੀ ਗਿਆਨ ਸਿੰਘ ਨੂੰ ਆਪਣੇ ਆਰੰਭਿਕ ਜੀਵਨ ਵਿੱਚ ਹੀ ਬਹੁਤ ਸਾਰੀਆਂ ਮੁਸੀਬਤਾਂ ਤੇ ਅੰਤਾਂ ਦੀ ਗਰੀਬੀ ਦਾ ਸਾਹਮਣਾ ਕਰਨਾ ਪਿਆ। ਆਪਣੀਆਂ ਮਹਾਨ ਰਚਨਾਵਾਂ ਦੀ ਅਦੁੱਤੀ ਦੇਣ ਨਾਲ ਜਿੱਥੇ ਸਾਡੇ ਇਤਿਹਾਸ ਨੂੰ ਗੌਰਵਮਈ ਬਣਾਇਆ ਹੈ ਉੱਥੇ ਨਾਲ ਹੀ ਆਪਣੇ ਸਮਕਾਲੀਆਂ ਲਈ ਆਦਰਸ਼ ਬਣ ਗਏ।

ਗਿਆਨੀ ਗਿਆਨ ਸਿੰਘ ਦਾ ਜਨਮ 5 ਸੰਮਤ 1879ਬਿ. (17 ਅਪ੍ਰੈਲ, 1822ਈ.) ਨੂੰ ਪਿਤਾ ਸ. ਭਾਗ ਸਿੰਘ ਅਤੇ ਮਾਤਾ ਦੇਸਾਂ ਦੇ ਘਰ, ਮਾਲਵੇ ਦੇ ਬਹੁਤ ਹੀ ਪ੍ਰਸਿੱਧ ਪਿੰਡ ਲੌਂਗੋਵਾਲ ਜਿਲ੍ਹਾ ਸੰਗਰੂਰ 'ਚ ਹੋਇਆ।[1] ਗਿਆਨੀ ਗਿਆਨ ਸਿੰਘ ਦੇ ਤਿੰਨ ਭਰਾ ਹੋਰ ਵੀ ਸਨ ਸਦਾ ਸਿੰਘ, ਅਨੋਖ ਸਿੰਘ, ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਜੀ ਸਭ ਤੋਂ ਛੋਟੇ ਸੀ।[2]

## ਵਿਦਿਆ ਪ੍ਰਾਪਤੀ ਤੇ ਆਰਥਿਕ ਦਸ਼ਾ

ਘਰ ਦੀ ਆਰਥਿਕ ਦਸ਼ਾ ਚੰਗੀ ਨਾ ਹੋਣ ਕਰਕੇ ਗਿਆਨੀ ਗਿਆਨ ਸਿੰਘ ਨੂੰ ਸੰਤਾਂ ਦੇ ਡੇਰੇ ਵਿੱਚ ਛੱਡ ਦਿੱਤਾ ਗਿਆ ਸੀ। ਬਾਕੀ ਮਾਲਵੇ 'ਚ ਉਨ੍ਹਾਂ ਸਮਿਆਂ ਦੌਰਾਨ ਇੱਕ ਬੱਚਾ ਸਾਧਾਂ-ਸੰਤਾਂ ਦੇ ਡੇਰਿਆਂ 'ਚ ਛੱਡਣ ਦਾ ਰਿਵਾਜ ਕਾਫੀ ਪ੍ਰਚਲਿੱਤ ਸੀ। ਗਿਆਨੀ ਗਿਆਨ ਸਿੰਘ ਦਾ ਪਿਤਾ ਵੀ ਇਕ ਗਰੀਬ ਜੱਟ ਸੀ ਤਾਂ ਉਸਨੇ ਵੀ ਅਜਿਹਾ ਹੀ ਕੀਤਾ। ਇਸ ਲਈ ਗਿਆਨੀ ਗਿਆਨ ਸਿੰਘ ਨੇ ਵਿਦਿਆ ਦਾ ਗਿਆਨ ਸੰਤ ਭੋਲਾ ਸਿੰਘ ਦੇ ਡੇਰੇ ਵਿੱਚੋਂ ਹੀ ਹਾਸਿਲ ਕੀਤਾ।[3]

---

ਵੀ.ਪੀ.ਓ. ਹਰਿਆਊ, ਤਹਿਸੀਲ ਲਹਿਰਾਗਾਗਾ, ਜਿਲ੍ਹਾ ਸੰਗਰੂਰ ਮੋਬ: 97799-40094

ਗਿਆਨੀ ਗਿਆਨ ਸਿੰਘ ਤੇਜ਼ ਬੁੱਧੀ ਦੇ ਮਾਲਕ ਸਨ ਇਸ ਲਈ ਛੋਟੀ ਉਮਰ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ, ਸਵੱਯੇ, ਹਨੂਮਾਨ ਨਾਟਕ ਆਦਿ ਵਰਗੇ ਮਹਾਨ ਗ੍ਰੰਥਾਂ ਦੀ ਅਰਥਾਂ ਸਹਿਤ ਡੂੰਘੀ ਸਿੱਖਿਆ ਹਾਸਿਲ ਕਰ ਲਈ ਸੀ।[4]

ਗਿਆਨੀ ਗਿਆਨ ਸਿੰਘ ਦਾ ਕੱਦ ਛੋਟਾ, ਸਰੀਰ ਪਤਲਾ ਤੇ ਨੈਣ-ਨਕਸ਼ ਬਹੁਤ ਤਿੱਖੇ ਸਨ। ਗਿਆਨੀ ਗਿਆਨ ਸਿੰਘ ਦੀ ਆਵਾਜ ਬਹੁਤ ਹੀ ਮਿੱਠੀ ਸੀ। ਇਸ ਕਰਕੇ ਗਿਆਨੀ ਗਿਆਨ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਦਰਬਾਰ ਵਿੱਚ ਸੁਖਮਨੀ ਸਾਹਿਬ ਦਾ ਪਾਠ ਸੁਣਨ ਲਈ ਰੱਖ ਲਿਆ ਸੀ। ਗਿਆਨੀ ਸਿੰਘ ਨੇ ਬਚਪਨ ਵਿੱਚ ਹੀ ਅੰਮ੍ਰਿਤ ਛਕ ਲਿਆ ਸੀ।[5]

ਗਿਆਨੀ ਗਿਆਨ ਸਿੰਘ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਵਾਰਤਕ ਵਿੱਚ ਸਿੱਖ ਇਤਿਹਾਸ ਨੂੰ ਲਿਖਿਆ। ਉਨ੍ਹਾਂ ਦੀਆਂ ਪੰਜਾਬੀ ਵਾਰਤਕ ਵਿਚ ਲਿਖੀਆਂ ਤਵਾਰੀਖ ਗੁਰੂ ਖਾਲਸਾ, ਤਵਾਰੀਖ ਸ਼ਮਸ਼ੇਰ ਖਾਲਸਾ ਅਤੇ ਤਵਾਰੀਖ ਰਾਜ ਖਾਲਸਾ ਖੋਜ ਵਿਧੀ ਅਤੇ ਇਤਿਹਾਸਿਕ ਨਿਯਮਾਂ ਅਨੁਸਾਰ ਸਭ ਤੋਂ ਪਹਿਲੀਆਂ ਇਤਿਹਾਸਿਕ ਰਚਨਾਵਾਂ ਹਨ। ਇਨ੍ਹਾਂ ਵਿਚ 1469 ਤੋਂ ਲੈ ਕੇ 1849ਈ. ਤੱਕ ਇਤਿਹਾਸ ਨੂੰ ਵਿਸਥਾਰ ਸਾਹਿਤ ਲਿਖਿਆ ਹੈ।[6]

## ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ

ਗਿਆਨੀ ਗਿਆਨ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਸਾਡੇ ਮਹਾਨ ਇਤਿਹਾਸ ਦੀ ਜਾਣਕਾਰੀ ਦਿੱਤੀ ਹੈ। ਇਨ੍ਹਾਂ ਦੀਆਂ ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ ਗ੍ਰੰਥਾਂ ਦੀ ਕੁੱਲ ਗਿਣਤੀ 35 ਹੈ। ਜਿਨ੍ਹਾਂ ਵਿੱਚੋਂ 26 ਪੰਜਾਬੀ ਤੇ 9 ਉਰਦੂ ਵਿਚ ਹਨ।[7]

ਸ੍ਰੀ ਗੁਰ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਦੀ ਸਭ ਤੋਂ ਉੱਤਮ ਤੇ ਸ਼ਾਹਕਾਰ ਰਚਨਾ ਮੰਨੀ ਗਈ ਹੈ। ਇਹ ਗ੍ਰੰਥ 1867ਈ. ਵਿੱਚ ਸੰਪੂਰਨ ਕੀਤਾ ਅਤੇ ਪਹਿਲਾ ਐਡੀਸ਼ਨ 1880ਈ. ਅਤੇ ਦੂਜਾ ਐਡੀਸ਼ਨ 1889ਈ. ਤੇ ਤੀਜਾ ਐਡੀਸ਼ਨ 1895ਈ. ਵਿੱਚ ਛਪਿਆ। ਬਾਅਦ ਵਿੱਚ ਇਸ ਦੇ ਕਈ ਹੋਰ ਐਡੀਸ਼ਨ ਵੀ ਛਪੇ

ਹਨ। ਉਸ ਨੇ ਇਹ ਗ੍ਰੰਥ ਆਪਣੇ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਦੇ ਕਹਿਣ ਤੇ ਲਿਖਿਆ।[8]

ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਰਚਨਾ ਲਈ ਰਤਨ ਸਿੰਘ ਭੰਗੂ ਤੇ ਮੌਲਵੀ ਬੂਟੇ ਸ਼ਾਹ ਦੀਆਂ ਰਚਨਾਵਾ ਤੋਂ ਬਿਨਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਗੁਰਬਿਲਾਸ ਪਾਤਸ਼ਾਹੀ ਦਸਵੀਂ ਆਦਿ ਜਿਹੇ ਬਹੁਮੁੱਲੇ ਸੋਮਿਆਂ ਦੀ ਵੀ ਵਰਤੋਂ ਕਰਦਾ ਹੈ। ਇਸ ਵਿੱਚ ਗੁਰੂ ਨਾਨਕ ਤੋਂ ਲੈ ਕੇ ਬੰਦਾ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਸਿੱਖ ਮਿਸਲਾਂ, ਉਸ ਸਮੇਂ ਦੀਆਂ ਪ੍ਰਸਿੱਧ ਲਹਿਰਾਂ, ਸੰਸਥਾਵਾਂ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਾ ਹੈ। ਗਿਆਨੀ ਗਿਆਨ ਸਿੰਘ ਨੇ ਆਪਣੀਆਂ ਲਿਖਤਾਂ ਨੂੰ ਸੰਪੂਰਨ ਕਰਨ ਲਈ ਅਨੇਕਾਂ ਹੀ ਯਾਤਰਾਵਾਂ ਕੀਤੀਆਂ। ਗੁਰੂਆਂ ਨਾਲ ਸੰਬੰਧਿਤ ਸਥਾਨਾਂ ਉੱਤੇ ਜਾ ਕੇ ਸਮੱਗਰੀ ਗ੍ਰਹਿਣ ਕੀਤੀ।

## ਗਿਆਨੀ ਗਿਆਨ ਸਿੰਘ ਦਾ ਸਫ਼ਰ

ਗਿਆਨੀ ਗਿਆਨ ਸਿੰਘ ਦਾ ਸਮਾਂ 1822 ਈ. ਤੋਂ ਲੈ ਕੇ 1921 ਈ. ਤੱਕ ਦਾ ਸੀ। ਇਸ ਤਰ੍ਹਾਂ ਉਸਨੇ ਜੀਵਨ ਦੀ ਇੱਕ ਪੂਰੀ ਸਦੀ ਬਤੀਤ ਕੀਤੀ ਸੀ। ਜ਼ਿੰਦਗੀ ਦੇ ਇੰਨੇ ਲੰਮੇ ਸਫ਼ਰ ਵਿੱਚ ਅਨੇਕਾਂ ਹੀ ਉਤਰਾਅ-ਚੜ੍ਹਾਅ ਦੇਖੇ। ਰਤਨ ਸਿੰਘ ਭੰਗੂ, ਪੰਡਿਤ ਤਾਰਾ ਸਿੰਘ ਨਰੋਤਮ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਆਦਿ ਗਿਆਨੀ ਗਿਆਨ ਸਿੰਘ ਦੇ ਸਮਕਾਲੀ ਸਨ।[9]

ਗਿਆਨੀ ਗਿਆਨ ਸਿੰਘ ਨੇ ਆਪਣੀਆਂ ਅੱਖਾਂ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ ਤਰੱਕੀਆਂ ਕਰਨ ਤੋਂ ਪਤਨ ਵੱਲ ਆਉਂਦਾ ਵੇਖਿਆ। ਐਂਗਲੋ ਸਿੱਖ ਯੁੱਧਾਂ, ਕੂਕਾ ਲਹਿਰ, ਸਿੰਘ ਸਭਾ ਲਹਿਰ, ਨਿਰੰਕਾਰੀ ਲਹਿਰ, ਅਕਾਲੀ ਜਾਂ ਗੁਰਦੁਆਰਾ ਸੁਧਾਰ ਲਹਿਰ ਆਦਿ ਇਨ੍ਹਾਂ ਸਭ ਦਾ ਉਹ ਚਸ਼ਮਦੀਦ ਗਵਾਹ ਸੀ।[10]

## ਮਹਾਨ ਇਤਿਹਾਸਕਾਰ

ਗਿਆਨੀ ਗਿਆਨ ਸਿੰਘ ਪਹਿਲੇ ਇਤਿਹਾਸਕਾਰ ਹਨ ਜਿਨ੍ਹਾਂ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਸੰਪਰਦਾਵਾਂ ਦਾ ਇਤਿਹਾਸ ਪੂਰੀ

ਸ਼ਰਧਾ ਤੇ ਵਿਸਥਾਰ ਨਾਲ ਲਿਖਿਆ ਹੈ। ਨਿਰਮਲੇ, ਨਿਹੰਗ ਸਿੰਘ, ਅਤੇ ਨਾਮਧਾਰੀਆਂ ਦੇ ਇਤਿਹਾਸ ਬਾਰੇ ਵੀ ਲਿਖਿਆ। ਬਾਬਾ ਰਾਮ ਸਿੰਘ ਜੋ ਨਾਮਧਾਰੀ ਜਾਂ ਕੂਕਾ ਲਹਿਰ ਦੇ ਮੁਖੀ ਸਨ ਉਨਾਂ ਕੋਲ ਕਈ ਮਹੀਨੇ ਰਹੇ। ਗਿਆਨੀ ਗਿਆਨ ਸਿੰਘ 'ਨਾਨਕ ਪ੍ਰਕਾਸ਼' ਦੀ ਕਥਾ ਵੀ ਕਰਦੇ ਰਹੇ। ਇਨ੍ਹਾਂ ਤੋਂ ਬਿਨਾਂ ਉਦਾਸੀ ਸੰਤ, ਸੇਵਾ ਪੰਥੀ, ਨਿਰੰਜਣੀਆਂ, ਗੁਲਾਬਦਾਸੀਏ, ਹੀਰਾਦਾਸੀਏ, ਗੰਗੂਸ਼ਾਹੀਏ ਆਦਿ ਸੰਪਰਦਾਵਾਂ ਦਾ ਵੀ ਵਿਸਥਾਰ ਸਹਿਤ ਵਰਣਨ ਕੀਤਾ ਹੈ।[11]

ਗਿਆਨੀ ਗਿਆਨ ਸਿੰਘ ਨੇ ਹਰੇਕ ਘਟਨਾ ਦੀ ਪੂਰੀ ਡੂੰਘਾਈ ਤੱਕ ਜਾ ਕੇ ਖੋਜ ਕੀਤੀ ਸੀ। ਇਸੇ ਕਰਕੇ ਹਰੇਕ ਘਟਨਾ ਨੂੰ ਬਹੁਤ ਹੀ ਵਿਸਥਾਰ ਨਾਲ ਲਿਖਿਆ ਹੈ। ਹਾਲਾਂਕਿ ਕਈ ਥਾਵਾਂ ਤੇ ਬੇਲੋੜਾ ਵਿਸਥਾਰ ਦੇ ਕੇ ਮਿਥਿਹਾਸ ਦੀ ਵੀ ਵਰਤੋਂ ਕੀਤੀ ਗਈ ਹੈ ਪਰ ਫੇਰ ਵੀ ਉਨ੍ਹਾਂ ਦੀ ਜਾਣਕਾਰੀ ਕਾਫੀ ਮਹੱਤਵਪੂਰਨ ਮੰਨੀ ਗਈ ਹੈ।

ਬ੍ਰਜ ਭਾਸ਼ਾ ਦੇ ਕਵੀਆਂ ਵਿੱਚ ਗਿਆਨੀ ਗਿਆਨ ਸਿੰਘ ਦਾ ਕਾਫੀ ਮਹੱਤਵਪੂਰਨ ਸਥਾਨ ਹੈ। ਗਿਆਨੀ ਗਿਆਨ ਸਿੰਘ ਬ੍ਰਜ ਭਾਸ਼ਾ ਦੇ ਅੰਤਿਮ ਕਵੀ ਹੋਏ ਹਨ ਤੇ ਨਾਲ ਹੀ ਆਧੁਨਿਕ ਠੇਠ ਪੰਜਾਬੀ ਦੇ ਪਹਿਲੇ ਵਾਰਤਕਕਾਰ ਹੋਏ ਹਨ। ਸਾਰੀ ਵਾਰਤਕ ਰਚਨਾ ਗਿਆਨੀ ਗਿਆਨ ਸਿੰਘ ਨੇ ਪੰਜਾਬੀ ਭਾਸ਼ਾ ਵਿੱਚ ਕੀਤੀ।[12]

**ਘਰ ਵਾਪਸੀ**

1839ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਣ ਕਰਕੇ ਗਿਆਨੀ ਗਿਆਨ ਸਿੰਘ ਫੇਰ ਵਿਹਲਾ ਹੋ ਗਿਆ ਤੇ ਆਰਥਿਕ ਪੱਖੋਂ ਵੀ ਮਾਲੀ ਹਾਲਤ ਖਰਾਬ ਹੋ ਗਈ ਪਰ 1841ਈ. ਵਿੱਚ ਪਟਿਆਲਾ ਰਿਆਸਤ ਦੇ ਮਹਾਰਾਜਾ ਕਰਮ ਸਿੰਘ ਦੀ ਸੈਨਾ ਵਿੱਚ ਗਿਆਨੀ ਗਿਆਨ ਸਿੰਘ ਭਰਤੀ ਹੋ ਗਿਆ। 1845-46ਈ. ਦੇ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਹੋਇਆ। ਇਸ ਦੀ ਡਿਊਟੀ ਫੌਜ ਵਿੱਚ ਡਾਕ ਵੰਡਣ ਦੀ ਸੀ। 1849-50 ਵਿੱਚ ਜੀਂਦ ਰਿਆਸਤ ਦੇ ਬਾਂਗਰੂਆਂ ਵਲੋਂ ਕੀਤੀ ਬਗਾਵਤ ਨੂੰ ਦਬਾਉਣ ਲਈ ਜੀਂਦ ਰਿਆਸਤ ਦੀ ਮਦਦ ਲਈ

ਭੇਜੀ ਸੈਨਾ ਵਿੱਚ ਗਿਆਨੀ ਗਿਆਨ ਸਿੰਘ ਦੀ ਸ਼ਾਮਿਲ ਸੀ।[13] ਇਸ ਬਗਾਵਤ ਵਿੱਚ ਹੀ ਗਿਆਨੀ ਗਿਆਨ ਸਿੰਘ ਕਾਫੀ ਜਖ਼ਮੀ ਹੋ ਗਿਆ ਸੀ। ਲੱਤ ਤਾਂ ਬਿਲਕੁਲ ਹੀ ਨਕਾਰਾ ਹੋ ਚੁੱਕੀ ਸੀ। ਜਿਸ ਕਰਕੇ ਗਿਆਨੀ ਗਿਆਨ ਸਿੰਘ ਨੂੰ ਫੌਜ ਦੀ ਨੌਕਰੀ ਛੱਡ ਕੇ ਘਰ ਵਾਪਸ ਮੁੜਨਾ ਪਿਆ।[14]

**ਗਿਆਨੀ ਗਿਆਨ ਸਿੰਘ ਦੀਆਂ ਯਾਤਰਾਵਾਂ ਤੇ ਪੇਸ਼ ਆਈਆਂ ਔਕੜਾਂ**

ਗਿਆਨੀ ਗਿਆਨ ਸਿੰਘ ਦੀ ਜ਼ਿੰਦਗੀ ਦਾ ਸਫ਼ਰ ਬਹੁਤ ਹੀ ਕਸ਼ਟਾਂ ਭਰਿਆ ਸੀ। ਸਾਰੀ ਉਮਰ ਹੀ ਉਸਨੇ ਮੁਸੀਬਤਾਂ ਦਾ ਸਾਹਮਣਾ ਕਰਦਿਆਂ ਬਤੀਤ ਕੀਤੀ।ਪੰਡਿਤ ਤਾਰਾ ਸਿੰਘ ਨਰੋਤਮ ਜੋ ਕਿ ਨਿਰਮਲਾ ਸੰਪ੍ਰਦਾਇ ਦੇ ਮੁਖੀ ਸਨ। ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ 1862ਈ. ਵਿੱਚ 'ਨਿਰਮਲ ਆਖਾੜਾ' ਦੇ ਨਾਂ ਹੇਠ ਨਿਰਮਲੇ ਸੰਤਾਂ ਦਾ ਇਕ ਅਜਿਹਾ ਕੇਂਦਰ ਕਾਇਮ ਕੀਤਾ ਜਿਸ ਵਿਚ ਸਿੱਖ ਧਰਮ ਪ੍ਰਤੀ ਅਧਿਐਨ ਕੀਤਾ ਜਾਣਾ ਸੀ। ਗਿਆਨੀ ਗਿਆਨ ਸਿੰਘ ਵੀ ਨਿਰਮਲ ਸੰਪਦਾਇ 'ਚ ਸ਼ਾਮਿਲ ਹੋ ਗਏ ਤੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਸ਼ਿਸ਼ ਬਣ ਗਏ। ਇਸ ਸਮੇਂ ਦੇ ਦੌਰਾਨ (1854-1895) ਗਿਆਨੀ ਗਿਆਨ ਸਿੰਘ ਨੇ ਅਨੇਕਾਂ ਹੀ ਯਾਤਰਾਵਾਂ ਕੀਤੀਆਂ।[15] ਇਨ੍ਹਾਂ ਯਾਤਰਾਵਾਂ ਦੇ ਦੌਰਾਨ ਗਿਆਨੀ ਗਿਆਨ ਸਿੰਘ ਨੇ ਗੁਰੂਆਂ ਨਾਲ ਸੰਬੰਧਿਤ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਵੀ ਕੀਤੀਆਂ ਤੇ ਸਿੱਖ ਧਰਮ ਦੇ ਅਧਿਐਨ ਕਾਰਜ ਵਿੱਚ ਵੀ ਬਹੁਮੁੱਲਾ ਯੋਗਦਾਨ ਪਾਇਆ।

ਜਦੋਂ ਗਿਆਨੀ ਗਿਆਨ ਸਿੰਘ ਮੁੜ ਪਟਿਆਲੇ ਆਏ ਤਾਂ ਮਹਾਰਾਜਾ ਭੁਪਿੰਦਰ ਸਿੰਘ ਜੋ ਕਿ ਵਿਦਵਾਨਾਂ ਦੀ ਬਹੁਤ ਹੀ ਕਦਰ ਕਰਦੇ ਸਨ। ਉਨ੍ਹਾਂ ਨੇ ਗਿਆਨੀ ਗਿਆਨ ਸਿੰਘ ਦਾ ਸਾਹਿਤ ਛਪਵਾਉਣ ਲਈ 'ਹਿਸਟਰੀ ਸੋਸਾਇਟੀ' ਨਾਂ ਦਾ ਇੱਕ ਵਿਭਾਗ ਖੋਲਿਆ ਪਰ ਨਾਭਾ ਤੇ ਪਟਿਆਲਾ ਰਿਆਸਤਾਂ ਦੇ ਆਪਸੀ ਸੰਬੰਧ ਚੰਗੇ ਨਾ ਹੋਣ ਕਰਕੇ ਗਿਆਨੀ ਗਿਆਨ ਸਿੰਘ ਦੇ ਸਾਹਿਤ ਨੂੰ ਛਪਵਾਉਣ ਵਾਲਾ ਕੰਮ ਵਿੱਚ ਹੀ ਰਹਿ ਗਿਆ।[16]

'ਹਿਸਟਰੀ ਸੁਸਾਇਟੀ' ਦੇ ਉਲੀਕੇ ਹੋਏ ਪ੍ਰੋਗਰਾਮ ਨੂੰ ਸਿਰੇ ਨਾ ਚੜ੍ਹਾਉਣ ਵਿਚ ਉਸ ਸਮੇਂ ਦੇ ਅਫਸਰਾਂ ਦਾ ਤੇ ਕੁਝ ਸਰਦਾਰਾਂ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ

ਦਾ ਨਾਂ ਵੀ ਸਾਹਮਣੇ ਆਉਂਦਾ ਹੈ।[17] ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਸੰਤੋਖ ਸਿੰਘ ਵਰਗਿਆਂ ਨੂੰ ਉਸ ਸਮੇਂ ਦੇ ਰਾਜਿਆਂ ਮਹਾਰਾਜਿਆਂ ਦੀ ਸਹਾਇਤਾ ਪ੍ਰਾਪਤ ਸੀ ਪਰ ਗਿਆਨੀ ਗਿਆਨ ਸਿੰਘ ਅਜਿਹੀਆਂ ਸਹੂਲਤਾਂ ਤੋਂ ਵਾਂਝਾ ਹੀ ਰਿਹਾ।[18] ਗਿਆਨੀ ਗਿਆਨ ਸਿੰਘ ਨੂੰ ਆਪਣੇ ਖੋਜ ਕਾਰਜ ਤੋਂ ਲੈ ਕੇ ਸਾਹਿਤ ਨੂੰ ਛਪਵਾਉਣ ਤੱਕ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਖਾਲਸਾ ਟਰੈਕਟ ਸੁਸਾਇਟੀ ਨੇ ਵੀ ਗਿਆਨੀ ਗਿਆਨ ਸਿੰਘ ਨਾਲ ਜੋ ਕਿ ਸਾਹਿਤ ਛਪਵਾਉਣ ਦਾ ਇਕਰਾਰ ਕੀਤਾ ਸੀ ਪੂਰਾ ਨਾ ਕਰਿਆ ਜਿਸ ਨਾਲ ਗਿਆਨੀ ਗਿਆਨ ਸਿੰਘ ਦੇ ਮਨ ਨੂੰ ਬਹੁਤ ਠੇਸ ਪਹੁੰਚੀ।[19]

ਇੱਕ ਗਰੀਬ ਕਿਸਾਨ ਦੇ ਘਰ ਪੈਦਾ ਹੋ ਕੇ ਗਿਆਨੀ ਗਿਆਨ ਸਿੰਘ ਆਪਣੀ ਸਖ਼ਤ ਮਿਹਨਤ ਤੇ ਸਿਰੜ ਸਦਕਾ ਰਾਜਿਆਂ- ਮਹਾਰਾਜਿਆਂ ਦੇ ਮਹੱਲਾਂ ਤੱਕ ਜਾ ਪਹੁੰਚਾਇਆ। ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਮਹਾਰਾਜਿਆਂ ਜਿਵੇਂ ਕਿ ਨਰਿੰਦਰ ਸਿੰਘ, ਮਹਿੰਦਰ ਸਿੰਘ, ਭੁਪਿੰਦਰ ਸਿੰਘ, ਹੀਰਾ ਸਿੰਘ, ਰਿਪੁਦਮਨ ਸਿੰਘ ਆਦਿ ਦਾ ਸਮਕਾਲੀ ਸੀ। ਇਨ੍ਹਾਂ ਸ਼ਾਸਕਾਂ ਦੇ ਗਿਆਨੀ ਗਿਆਨ ਸਿੰਘ ਦੇ ਕਾਫੀ ਵਧੀਆ ਸੰਬੰਧ ਸੀ ਤੇ ਸਿੱਖ ਰਾਜ ਦਾ ਉਥਾਨ ਤੇ ਪਤਨ ਉਸਨੇ ਕਾਫੀ ਨੇੜੇ ਤੋਂ ਦੇਖਿਆ।[20]

**ਸੱਚਾ ਸਿੱਖ**

ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥਾਂ ਵਿੱਚ ਗੁਰਬਾਣੀ ਦੀ ਵੀ ਸੁਚੱਜੀ ਵਰਤੋਂ ਕਰਦੇ ਹਨ। ਗੁਰਬਾਣੀ ਦੀ ਚੰਗੀ ਪਕੜ ਹੋਣ ਕਰਕੇ ਉਹ ਇਸ ਦਾ ਸਾਰਥਕ ਰੂਪ ਵਿਚ ਹਵਾਲੇ ਦਿੰਦਾ ਹੈ। ਮੱਧ ਕਾਲੀਨ ਭਾਰਤ ਦਾ ਇਕ ਪ੍ਰਸਿੱਧ ਮੁਸਲਿਮ ਇਤਿਹਾਸਕਾਰ ਬਰਨੀ ਲਿਖਦਾ ਹੈ ਕਿ "ਇਤਿਹਾਸ ਦਾ ਕਰਤਾ ਇਕ ਭਰੋਸੇਯੋਗ, ਸੱਚਾ ਤੇ ਇਕ ਨਿਰਪੱਖ ਵਿਅਕਤੀ ਹੋਣਾ ਚਾਹੀਦਾ ਹੈ ਜੇ ਉਸ ਕਿਸੇ ਬਾਦਸ਼ਾਹ ਜਾਂ ਪ੍ਰਸਿੱਧ ਵਿਅਕਤੀ ਦੇ ਗੁਣ ਵਰਣਨ ਕਰਦਾ ਹੈ ਤਾਂ ਉਸ ਨੂੰ ਉਸ ਵਿਅਕਤੀ ਦੇ ਔਗੁਣ ਅਤੇ ਕਮਜੋਰੀਆਂ ਉੱਤੇ ਵੀ ਪਰਦਾ ਪਾਉਣ ਦੀ ਲੋੜ ਨਹੀਂ। ਇਤਿਹਾਸਕਾਰ ਧਰਮ, ਨਿਸ਼ਚਾ, ਸੱਚਾਈ ਅਤੇ ਆਤਮਾ ਦੇ ਆਧਾਰ ਉੱਤੇ ਆਤਮਾ ਦੀ ਆਵਾਜ ਅਨੁਸਾਰ

ਸਚਾਈ ਤੇ ਕੇਵਲ ਸਚਾਈ ਦੀ ਹੀ ਗੱਲ ਲਿਖੇ।''[21] ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ ਨੂੰ ਕਿਸੇ ਕਿਸਮ ਦਾ ਲਾਲਚ ਨਹੀਂ ਸੀ ਤਾਂ ਅਤਿ ਦੀ ਗਰੀਬੀ ਦੇਖਣ ਕਰਕੇ ਵੀ ਉਸਨੇ ਸ਼ਾਹੀ ਘਰਾਣਿਆਂ ਤੋਂ ਪੈਸੇ ਪ੍ਰਤੀ ਕੋਈ ਲਾਲਸਾ ਨਹੀਂ ਸੀ ਦਿਖਾਈ। ਉਸਨੇ ਆਪਣੇ ਸਾਧਨਾਂ ਅਤੇ ਵਸੀਲਿਆਂ ਅਨੁਸਾਰ ਹਮੇਸ਼ਾਂ ਸੱਚ ਲਿਖਣ ਦਾ ਹੀ ਯਤਨ ਕੀਤਾ ਹੈ। ਇੱਕ ਪੱਕਾ ਸਿੱਖ ਸ਼ਰਧਾਲੂ ਹੋਣ ਕਰਕੇ ਸਿੱਖ ਆਦਰਸ਼ਾਂ ਨੂੰ ਸਾਹਮਣੇ ਰੱਖ ਕੇ ਸਹੀ ਤੇ ਨਿਰਪੱਖ ਇਤਿਹਾਸ ਲਿਖਣ ਦੀ ਕੋਸ਼ਿਸ਼ ਕੀਤੀ ਹੈ ਚਾਹੇ ਕਿ ਕਈ ਥਾਵਾਂ ਤੇ ਮਿਥਿਹਾਸ ਦੀ ਵੀ ਵਰਤੋਂ ਕੀਤੀ ਗਈ ਹੈ ਪਰ ਗਿਆਨੀ ਗਿਆਨ ਸਿੰਘ ਤੇ ਇਹ ਸਭ ਆਪਣੇ ਕਠਿਨਾਈਆਂ ਭਰੇ ਭਰਪੂਰ ਜੀਵਨ ਦੇ ਤਜ਼ਰਬਿਆਂ ਦੇ ਆਧਾਰ 'ਤੇ ਲਿਖਿਆ ਹੈ। ਆਪਣੇ ਅੰਤਲੇ ਸਮੇਂ ਤੱਕ ਵੀ ਉਸਨੇ ਖੋਜ ਪ੍ਰਤੀ ਆਪਣੀ ਭਾਲ ਜਾਰੀ ਰੱਖੀ।

ਗਿਆਨੀ ਗਿਆਨ ਸਿੰਘ ਪੂਰੇ ਗੁਰਸਿੱਖ ਤੇ ਗੁਰਮਤਿ ਵਿਚਾਰਾਂ ਦੇ ਧਾਰਨੀ ਸਨ। ਉਨ੍ਹਾਂ ਨੇ ਦੂਜੇ ਧਰਮਾਂ ਪ੍ਰਤੀ ਕੋਈ ਪੱਖ-ਪਾਤ ਦਾ ਰਵੱਈਆ ਨਹੀਂ ਸੀ ਅਪਣਾਇਆ। ਉਸਨੇ ਅੰਗਰੇਜ਼ਾਂ ਜਾਂ ਮੁਸਲਮਾਨਾਂ ਨੂੰ ਧਰਮ ਜਾਂ ਕੌਮ ਕਰਕੇ ਬਿਲਕੁਲ ਵੀ ਨਹੀਂ ਨਿੰਦਿਆ ਸਗੋਂ ਉਨ੍ਹਾਂ ਦੀਆਂ ਗਲਤ ਨੀਤੀਆਂ ਕਰਕੇ ਨਿੰਦਦੇ ਹਨ। ਉਨ੍ਹਾਂ ਨੇ ਦੂਜੇ ਧਰਮਾਂ ਦੇ ਪ੍ਰਤੀ ਵੀ ਸੰਤੁਲਨ ਕਾਇਮ ਰੱਖਿਆ ਹੈ।[22]

ਗਿਆਨੀ ਗਿਆਨ ਸਿੰਘ ਨੇ ਭਾਵੇਂ ਕਿਸੇ ਸਕੂਲ ਜਾਂ ਕਾਲਜ ਵਿੱਚ ਵਿੱਦਿਆ ਪ੍ਰਾਪਤ ਨਹੀ ਸੀ ਕੀਤੀ ਪਰ ਫੇਰ ਵੀ ਸਖ਼ਤ ਮਿਹਨਤ ਦੀ ਬਦੌਲਤ ਉਹ ਬਹੁਤ ਉਚ ਕੋਟੀ ਦੇ ਵਿਦਵਾਨ ਬਣੇ। ਬ੍ਰਜੀ, ਸੰਸਕ੍ਰਿਤ, ਫਾਰਸੀ, ਅਰਬੀ ਪੰਜਾਬੀ 'ਤੇ ਹਿੰਦੀ ਦਾ ਉਨ੍ਹਾਂ ਨੂੰ ਚੰਗਾ ਗਿਆਨ ਸੀ।

## ਗਿਆਨੀ ਗਿਆਨ ਸਿੰਘ ਦੀ ਜ਼ਿੰਦਗੀ ਦਾ ਅੰਤਿਮ ਪੜਾਅ

ਗਿਆਨੀ ਗਿਆਨ ਸਿੰਘ ਦੀ ਜ਼ਿੰਦਗੀ ਦਾ ਪੂਰਾ ਸਫ਼ਰ ਹੀ ਕਠਿਨਾਈਆਂ ਨਾਲ ਭਰਪੂਰ ਸੀ। ਉਹ ਕਈ ਵਾਰ ਫਰਸ਼ ਤੋਂ ਅਰਸ਼ ਤੱਕ, ਤੇ ਮੁੜ ਅਰਸ਼ ਤੋਂ ਫਰਸ਼ ਤੱਕ ਆਏ।1920 ਈ. ਵਿੱਚ ਮਹਾਰਾਜਾ ਰਿਪੁਦਮਨ ਸਿੰਘ ਦੇ ਪੁੱਤਰ ਕੰਵਰ ਪਰਤਾਪ

ਸਿੰਘ ਦੇ ਨਾਮ ਰੱਖਣ ਦੀ ਰਸਮ ਸਮੇਂ ਗਿਆਨੀ ਗਿਆਨ ਸਿੰਘ ਨਾਭੇ ਪਹੁੰਚੇ ਤੇ ਮੁੜ ਕੇ ਪਟਿਆਲੇ ਨਹੀਂ ਆਏ। ਅੰਤਲੇ ਸਮੇਂ ਵਿੱਚ ਤੱਕ ਉਨ੍ਹਾਂ ਦੀ ਹਾਲਤ ਕਾਫ਼ੀ ਖਰਾਬ ਤੇ ਸਿਹਤ ਬਹੁਤ ਕਮਜ਼ੋਰ ਹੋ ਗਈ ਸੀ। ਇਸ ਲਈ ਮਹਾਰਾਜਾ ਰਿਪੁਦਮਨ ਸਿੰਘ ਨੇ ਉਸਦੀ ਰਿਹਾਇਸ਼ ਲਈ ਇਕ ਆਲੀਸ਼ਾਨ ਕੋਠੀ ਅਤੇ ਕੁਝ ਨੌਕਰ ਉਨ੍ਹਾਂ ਦੀ ਸੇਵਾ ਲਈ ਰੱਖ ਦਿੱਤੇ ਸਨ। ਅੰਤ 24 ਸਤੰਬਰ, 1921 ਨੂੰ ਨਾਭਾ ਰਿਆਸਤ ਵਿੱਚ ਗਿਆਨੀ ਗਿਆਨ ਸਿੰਘ 99 ਸਾਲ ਦੀ ਉਮਰ ਵਿੱਚ ਚੜ੍ਹਾਈ ਕਰ ਗਿਆ ਸੀ।[23] ਉਹੀ, ਪੰਨਾ 239.

ਸੋ ਇਸ ਤਰ੍ਹਾਂ ਅਸੀਂ ਨਿਰਸੰਕੋਚ ਇਹ ਕਹਿ ਸਕਦੇ ਹਾਂ ਕਿ ਗਿਆਨੀ ਗਿਆਨ ਆਪਣੇ ਯੁੱਗ ਦੇ ਮਹਾਨ ਸਿੱਖ ਇਤਿਹਾਸਕਾਰ ਸੀ। ਇਤਿਹਾਸ ਲਿਖਣ ਲਈ ਉਨ੍ਹਾਂ ਨੂੰ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਪਰ ਜੇ ਉਹ ਇਨੀ ਹਿੰਮਤ ਤੇ ਮਿਹਨਤ ਨਾ ਕਰਦੇ ਤਾਂ ਅਸੀਂ ਆਪਣੇ ਮਹਾਨ ਇਤਿਹਾਸ ਤੋਂ ਕਦੇ ਵੀ ਜਾਣੂ ਨਹੀਂ ਸੀ ਹੋ ਸਕਦੇ। ਅੱਜ ਕੋਈ ਵੀ ਇਤਿਹਾਸਕਾਰ ਉਨ੍ਹਾਂ ਦੀਆਂ ਇਤਿਹਾਸਿਕ ਲਿਖਤਾਂ ਜਾਂ ਰਚਨਾਵਾਂ ਨੂੰ ਵਾਚਣ ਬਿਨਾ ਆਪਣੀ ਖੋਜ ਨੂੰ ਸੰਪੂਰਨ ਨਹੀਂ ਕਰ ਸਕਦਾ। ਅਸੀਂ ਉਨ੍ਹਾਂ ਦੀ ਇਤਿਹਾਸਇਕ ਦੇਣ ਲਈ ਹਮੇਸ਼ਾ ਰਿਣੀ ਰਹਾਂਗੇ।

## ਹਵਾਲੇ ਤੇ ਟਿੱਪਣੀਆਂ


1. ਗੁਰਮੇਲ ਸਿੰਘ (ਸੰਪਾ.), ਗੁਰੂ ਅੰਗਦ ਦੇਵ ਸ੍ਰੋਤ-ਪੁਸਤਕ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ, ਆਨੰਦਪੁਰ ਸਾਹਿਬ, 2006, ਪੰਨਾ ਨੰ. 356
2. ਉਹੀ।
3. ਸੁਖਦਿਆਲ ਸਿੰਘ, ਗਯਾਨੀ ਗਯਾਨ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2007, ਪੰਨਾ 223.
4. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 4
5. ਉਹੀ

6. ਡਾ. ਸੁਖਦਿਆਲ ਸਿੰਘ, ਗਯਾਨੀ ਗਯਾਨ ਸਿੰਘ, ਪੰਨਾ 219
7. ਡਾ. ਸਰਬਜਿੰਦਰ ਸਿੰਘ, ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 205.
8. ਭਗਤ ਸਿੰਘ, ਗਿਆਨੀ ਗਿਆਨੀ ਗਿਆਨ ਸਿੰਘ, ਪੰਨੇ 21-22
9. ਸੁਖਦਿਆਲ ਸਿੰਘ ਗਯਾਨੀ ਗਯਾਨ ਸਿੰਘ, ਪੰਨੇ 219-220
10. ਉਹੀ।
11. ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2005, ਪੰਨਾ 227
12. ਉਹੀ, ਪੰਨਾ 228
13. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਪੰਨਾ 6
14. ਸੁਖਦਿਆਲ ਸ਼ਿੰਘ, ਗਯਾਨੀ ਗਯਾਨ ਸਿੰਘ, ਪੰਨਾ 223
15. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਪੰਨਾ 17
16. ਉਹੀ, ਪੰਨਾ 226
17. ਉਹੀ, ਪੰਨਾ 17
18. ਉਹੀ, ਪੰਨਾ 23
19. ਉਹੀ, ਪੰਨਾ 26
20. ਸੁਖਦਿਆਲ ਸਿੰਘ, Historical writings: of Giani Gian Singh The Punjab Past and Present, Punjabi University, Patiala, April 2000, P.65
21. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਪੰਨੇ 77-78
22. ਉਹੀ।
23. ਉਹੀ, ਪੰਨਾ 239.

Regn. No. PB/PTA/064/(2017-2019) R.N.I. No. 10067/57/Min. of I & B

ਭਾਸ਼ਾ ਵਿਭਾਗ, ਪੰਜਾਬ

9978/06-2019/300 ਕਾਪੀਆਂ/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

ISSN 2516-9009

# ਅਨਹਦ

ਈ-ਮੈਗਜ਼ੀਨ

ਸਾਲ 3, ਅੰਕ 2
ਅਪ੍ਰੈਲ-ਜੂਨ 2020

ਮੁੱਖ ਸੰਪਾਦਕ
ਪਰਮਿੰਦਰ ਸਿੰਘ ਸ਼ੌਂਕੀ

Coordinator

Gagan Brar (London)
khushwinder74@yahoo.co.uk
KhuswinderBrar, 17 Byron Avenue,
Hounslow, TW4 6LT, London, UK

Chief Editor

Parminder Singh Shonkey
Vill. Fatehgarh Chhanna, (Sangrur)
parmindersinghshonkey@gmail.com

Advisory Panel

Dr. Harpal Singh Pannu
Dr. Ishwar Dayal Gaur
Dr. Bhim Inder Singh
Dr. Jaspal Kaur
Dr. B.S.Chowhan
Dr. Jaswinder Kaur
Dr. Pritam Singh
Dr. Amarjit Singh
Dr. Sarabjeet Singh
Gurpreet (Poet) Mansa
Pardeep
Dr. Kiran
Jasvir Singh Rana

Supporting Panel

Preeti Shelly
Harmandeep Kaur
Simranjeet Kaur
Rajinder Singh
Kind Nahal Singh
Balraj Singh Kokri
Jasvir Singh Longowal
Manjinder Singh
Gurtej Singh
Resham Singh
Shamsher Singh
Prabjot Kaur
Baldeep Singh Ramuwalia
Simran Kaur

Legal Advisor

Adv. Gurshamshir Singh
Punjab & Haryana Hight Court



A Peer Reviewed Punjabi Research Journal
E-mail: anhadmagazine@gmail.com
Website: anhadmagazine.blogspot.com
follow us: www.facebook.com/anhadmagazine
Contact: 94643-46677

ISSN 2516-9009
ਅੰਤਰ ਰਾਸ਼ਟਰੀ ਈ-ਮੈਗਜ਼ੀਨ


# ਅਨਹਦ


ਸਾਲ 3, ਅੰਕ 2
ਅਪ੍ਰੈਲ-ਜੂਨ 2020

I Khuswinder Brar(London) is publishing this E-journal from London.This is a litrary journal. The language of this journal will be Punjabi.



-ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
-ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
-ਅਨਹਦ ਈ-ਮੈਗਜ਼ੀਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋ ਸਕੇਗੀ।

# ਸੰਪਾਦਕੀ

ਵਰਤਮਾਨ ਸਮਿਆਂ ਦੌਰਾਨ ਵਿਸ਼ਵ ਭਰ ਵਿਚ ਕੋਰੋਨਾ ਵਾਇਰਸ ਨੂੰ ਲੈ ਕੇ ਕਾਫ਼ੀ ਬਹਿਸਾਂ ਚੱਲ ਰਹੀਆਂ ਹਨ. ਇਸ ਲਈ ਇਨ੍ਹਾਂ ਸਾਰੀਆਂ ਬਹਿਸਾਂ ਦਾ ਸਰੂਪ ਵੀ ਬਹੁ ਭਾਂਤੀ ਕਿਸਮ ਦਾ ਹੈ. ਦੁਨੀਆ ਭਰ ਦੇ ਲੋਕ ਇਸ ਬਾਰੇ ਕੀ ਸੋਚਦੇ ਹਨ, ਮੈਂ ਨਹੀਂ ਜਾਣਦਾ, ਪਰ ਸਾਡੇ ਲੋਕਾਂ ਦੇ ਬੌਧਿਕ ਪੱਧਰ ਨੂੰ ਮੈਂ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਵੇਖਦਾ ਆ ਰਿਹਾ ਹਾਂ. ਇੱਥੇ ਇਸ ਸਮੱਸਿਆ ਨੂੰ ਲੈ ਕੇ ਜਿੱਥੇ ਵੱਖ-ਵੱਖ ਅਟਕਲਾਂ ਲਗਾਈਆਂ ਜਾ ਰਹੀਆਂ ਹਨ, ਉੱਥੇ ਹੀ ਆਪਣੀ ਜਾਣੀ-ਪਛਾਣੀ ਮਾਨਸਿਕਤਾ ਕਾਰਨ ਸਾਡੇ ਧਰਮੀ ਤੇ ਅਧਰਮੀ ਕਹਾਉਣ ਵਾਲਿਆਂ ਵਿਚ ਵੀ ਇਕ ਬੇਹੱਦ ਹਲਕੀ ਜਿਹੀ ਕਿਸਮ ਦੀ ਬਹਿਸ ਚੱਲ ਰਹੀ ਹੈ.

ਕਈ ਸੱਜਣਾਂ ਦਾ ਮੰਨਣਾ ਹੈ ਕਿ ਇਸ ਬਿਮਾਰੀ ਵਿਚ ਵੀ ਰੱਬ ਬੰਦੇ ਦੀ ਮਦਦ ਨਹੀਂ ਕਰ ਰਿਹਾ ਤੇ ਕਈ ਸੱਜਣ ਰੱਬ ਦੇ ਬਚਾਅ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਆਪਣਾ ਪੱਖ ਰੱਖ ਰਹੇ ਹਨ. ਦੋਵਾਂ ਕੋਲ ਆਪਣੇ ਆਪਣੇ ਵਿਚਾਰਾਂ ਦੇ ਪੱਖ ਵਿਚ ਬੜੀਆਂ ਗੱਲਾਂ ਹਨ, ਪਰ ਇਨ੍ਹਾਂ ਗੱਲਾਂ ਵਿਚੋਂ ਕੋਈ ਅਜਿਹੀ ਗੱਲ ਵੀ ਹੈ, ਜਿਸ ਦੀ ਵਾਸਤਵ ਵਿਚ ਕੋਈ ਮਹੱਤਤਾ ਹੈ? ਇਸ ਬਾਰੇ ਸਾਡੇ ਲੋਕਾਂ ਕੋਲ ਚਰਚਾ ਕਰਨ ਲਈ ਮੈਂ ਸਮਝਦਾ ਹਾਂ ਨਾ ਤਾਂ ਕੋਈ ਬੌਧਿਕ ਸਮਝ ਹੈ ਨਾ ਹੀ ਉਸ ਸਮਝ ਨੂੰ ਆਧਾਰ ਦੇਣ ਵਾਲਾ ਕੋਈ ਪੈਮਾਨਾ. ਇਸ ਲਈ ਇਸ ਹਾਲ ਵਿਚ ਹਰ ਕੋਈ ਆਪਣੀ ਆਪਣੀ ਡਫਲੀ ਵਜਾ ਰਿਹਾ ਹੈ.

ਧਰਮ ਤੇ ਵਿਗਿਆਨ ਦੀ ਇਹ ਬਹਿਸ ਕੋਈ ਨਵੀਂ ਨਹੀਂ ਬਹਿਸ ਨਹੀਂ, ਪਰ ਸਾਡੇ ਆਪੂੰ ਬਣੇ ਵਿਚਾਰਕਾਂ/ਵਿਦਵਾਨਾਂ ਕੋਲ ਨਾ ਤਾਂ ਅਤੀਤ ਵਿਚ ਤੇ ਨਾ ਹੀ ਸ਼ਾਇਦ ਵਰਤਮਾਨ ਵਿਚ ਕੋਈ ਸੰਸਾਰੀ ਪੱਧਰ ਦਾ ਕੋਈ ਠੋਸ ਗਿਆਨਾਤਮਿਕ ਵਰਤਾਰਾ ਮੌਜੂਦ ਹੈ, ਨਾ ਉੱਥੋਂ ਤੱਕ ਪੁੱਜਣ ਦੀ ਇੱਛਾ.

ਧਰਮ ਤੇ ਵਿਗਿਆਨ ਦੀ ਇਸ ਰੱਟੀ ਰਟਾਈ ਡਫਲੀ ਦਾ ਸਾਡੇ ਸਮਿਆਂ 'ਚ ਕੀ ਆਧਾਰ ਹੈ? ਇਸ ਬਾਰੇ ਸਾਨੂੰ ਸਾਪੇਖਤਾ, ਕੁਆਂਟਮ, ਸਟਰਿੰਗ ਆਦਿ ਨਵੀਆਂ ਥਿਊਰੀਆਂ ਰਾਹੀਂ ਮੁੜ ਤੋਂ ਜਾਣਨ/ਸਮਝਣ ਦੀ ਲੋੜ ਹੈ. ਮੈਨੂੰ ਪੂਰੀ ਉਮੀਦ ਹੈ ਅਜੋਕੇ ਸਮੇਂ ਵਿਚ ਧਰਮ ਤੇ ਵਿਗਿਆਨ ਨੂੰ ਲੈ ਕੇ ਸਦੀਆਂ ਪੁਰਾਣੀਆਂ ਤੇ ਰੱਦ ਹੋ ਚੁੱਕੀਆਂ ਧਾਰਨਾਵਾਂ ਦੀ ਦੁਹਾਈ ਦੇਣ ਅਤੇ "ਰੱਬ ਦੀ ਮੌਤ" ਦੇ ਨਾਅਰੇ ਲਾਉਣ ਵਾਲਿਆਂ ਨੂੰ ਇਹ ਮੁੜ-ਚਿੰਤਨ ਇਕ ਨਵੀਂ ਨਜ਼ਰ ਪ੍ਰਦਾਨ ਕਰੇਗਾ.

ਪਰਮਿੰਦਰ ਸਿੰਘ ਸ਼ੌਂਕੀ.

# ਤਤਕਰਾ


1. Guru Nanak's 'Universal Humanism' and Slavery in America
Gurwinder Kaur 1

2. ਕੋਰੋਨਾ ਵਾਇਰਸ ਤੋਂ ਬਾਅਦ ਦੁਨੀਆ
ਯੂਵਾਲ ਨੋਆਹ ਹਰਾਰੀ, ਅਨੁ. ਹਰਜੋਤ 6

3. ਪੰਜਾਬੀਅਤ ਦੀ ਮੌਲਿਕਤਾ
ਡਾ. ਦਵਿੰਦਰ ਸਿੰਘ 15

4. ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਪੰਜਾਬੀ ਨਿਮਨ ਕਿਸਾਨੀ
ਡਾ. ਰਵੀ ਨਾਗਪਾਲ 20

5. ਮਾਧਿਅਮਿਕ (ਸੈਕੰਡਰੀ) ਪੱਧਰ ਤੱਕ ਵਿਗਿਆਨ ਅਤੇ ਇਸ ਦਾ ਅਧਿਆਪਨ
ਡਾ. ਸੁਰਿੰਦਰ ਕੁਮਾਰ ਜਿੰਦਲ 26

6. ਜਿਊਣ ਸੱਚ ਬਾਕੀ ਝੂਠ: ਜਿੰਦਗੀ ਦਾ ਰਹੱਸ
ਪ੍ਰੋ. ਪਰਗਟ ਸਿੰਘ ਬਰਾੜ 33

7. ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵਾੜ: ਇਤਿਹਾਸਿਕ ਵਿਸ਼ਲੇਸ਼ਣ
ਬਲਦੀਪ ਸਿੰਘ ਰਾਮੂਵਾਲੀਆ 42

8. ਪੁਰਾਤਨ ਜਨਮਸਾਖੀ ਵਿਚ ਗੁਰਮਤਿ ਫ਼ਿਲਾਸਫੀ
ਡਾ. ਰਾਜਿੰਦਰ ਸਿੰਘ ਸੇਖੋਂ 47

9. ਨਾਨਕ ਬਾਣੀ ਵਿਚ ਦਰਜ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਵਿਚ ਮਹੱਤਤਾ
ਵੀਰਪਾਲ ਕੌਰ 60

10. ਓਅੰਕਾਰੀ ਸਨਾਤਨ ਵਿਧਾਨ ਸਨਮੁੱਖ ਗੁਰਮਤਿ
ਸ਼ਮਸ਼ੇਰ ਸਿੰਘ 64

11. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਗਾਮੀ ਪ੍ਰਭਾਵ: ਇਕ ਅਧਿਐਨ
ਸਿਮਰਜੀਤ ਕੌਰ 73

12. ਸ਼ਿਵ ਕੁਮਾਰ ਬਟਾਲਵੀ: ਲੋਕ ਕਿੱਤਿਆਂ ਦਾ ਕਾਵਿ ਰੂਪਾਂਤਰਨ
ਸੰਦੀਪ ਕੁਮਾਰ ਸਾਂਪਲਾ 83

13. ਪੰਜਾਬ, ਪੰਜਾਬੀ, ਪੰਜਾਬੀਅਤ: ਭਾਸ਼ਾਈ ਪਰਿਪੇਖ
ਅਮਨਦੀਪ ਕੌਰ 91

14. ਆਈ ਕੈਨੇਡਾ ਵਿਆਹੀ: ਸਮਾਜ–ਸਭਿਆਚਾਰਕ ਸਰੋਕਾਰ
ਹਰਦੀਪ ਕੁਮਾਰ 101

15. ਆਰਥਿਕ ਆਤਮ-ਨਿਰਭਰਤਾ ਦੇ ਪੱਖ ਤੋਂ ਔਰਤ ਦੀ ਭੂਮਿਕਾ ਤੇ ਸਥਿਤੀ
ਡਾ. ਮੇਜਰ ਸਿੰਘ 109

16. ਅੱਲਾਮਾ ਇਕਬਾਲ ਦਾ ਮਰਦ-ਏ-ਕਾਮਿਲ "ਗੁਰੂ ਨਾਨਕ"
ਮੂਲ ਰੂਪ (ਉਰਦੂ): ਡਾ. ਕਲਿਆਣ ਸਿੰਘ ਕਲਿਆਣ ਪੰਜਾਬੀ ਰੂਪ: ਮਨਦੀਪ ਕੌਰ 'ਨਸੀਰੇਵਾਲ' 115

17. ਰੋਮਾਂਸਵਾਦੀ ਰਚਨਾ ਜ਼ਿਆਦਾ ਸਮੇਂ ਤੱਕ ਜਿਉਂਦੀ ਨਹੀਂ ਰਹਿ ਸਕਦੀ: ਜਰਨੈਲ ਸਿੰਘ
ਮੁਲਾਕਾਤੀ: ਕਿਰਨ ਮਿਸ਼ਰਾ 120

18. ਬਾਲ ਕਹਾਣੀ: ਭੁੱਖ
ਸਿਮਰਨਜੀਤ ਸਿੰਘ ਸਿਮਰਾ 122


19. ਕਾਵਿ-ਸੰਸਾਰ


ਕੌੜਾ ਸੱਚ: ਗੁਰਵਿੰਦਰ 'ਗੋਸਲ' 123

ਅੱਜ-ਕੱਲ੍ਹ ਗੁਰਦਿੱਤ ਸਿੰਘ ਸੇਖੋਂ 125

ਜਜ਼ਬਾਤ ਡਾ. ਸਨੋਬਰ 126

ਕੰਨਿਆ-ਦਾਨ ਲਵ ਕੁਮਾਰ 'ਸਰਫਰੋਸ਼' 127

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਗਾਮੀ ਪ੍ਰਭਾਵ: ਇਕ ਅਧਿਐਨ

ਸਿਮਰਜੀਤ ਕੌਰ,

ਰਿਸਰਚ ਸਕਾਲਰ,

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਕਿ 'ਹਿੰਦ ਦੀ ਚਾਦਰ' ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ, ਦੀ ਅਦੁੱਤੀ ਸ਼ਹੀਦੀ ਦੀ ਮਿਸਾਲ ਪੂਰੇ ਜਗਤ ਦੇ ਕਿਸੇ ਵੀ ਧਰਮ ਵਿਚ ਮਿਲਣੀ ਬਹੁਤ ਮੁਸ਼ਕਿਲ ਹੈ. ਅੱਜ ਤੱਕ ਅਜਿਹੇ ਕਿਸੇ ਹੋਰ ਇਨਸਾਨ ਜਾਂ ਪੀਰ ਪੈਗੰਬਰ ਦਾ ਇਤਿਹਾਸ ਵਿਚ ਜ਼ਿਕਰ ਹੀ ਨਹੀਂ ਆਇਆ, ਜਿਸ ਨੇ ਦੂਜੇ ਧਰਮ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੋਵੇ. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਮਾਜ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਦਿੱਤੀ. ਇਸ ਸ਼ਹੀਦੀ ਨੇ ਜਿੱਥੇ ਹਿੰਦੂ ਧਰਮ ਦੇ ਤਿਲਕ ਜੰਞੂ ਦੀ ਰੱਖਿਆ ਕੀਤੀ, ਨਾਲ ਹੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅਤੇ ਮੁਗ਼ਲੀਆ ਸਲਤਨਤ ਵੱਲੋਂ ਪੂਰੇ ਹਿੰਦੁਸਤਾਨ ਨੂੰ ਇਸਲਾਮ ਵਿਚ ਤਬਦੀਲ ਕਰਨ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ. ਇਹ ਵੀ ਇਸ ਅਦੁੱਤੀ ਸ਼ਹੀਦੀ ਦਾ ਹੀ ਪ੍ਰਭਾਵ ਸੀ, ਜੋ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਯੋਜਨਾਬੱਧ ਤਰੀਕੇ ਨਾਲ ਸਮਾਜਿਕ ਏਕਤਾ ਦੀ ਨੀਂਹ ਰੱਖਦੇ ਹੋਇਆਂ ਦੱਬੇ ਕੁਚਲੇ ਲੋਕਾਂ ਵਿਚ ਨਵੀਂ ਰੂਹ ਫੂਕੀ. ਜਿਸ ਦੀ ਬਦੌਲਤ ਉਹ ਆਪਣੇ ਤੋਂ ਕਿਤੇ ਜ਼ਿਆਦਾ ਤਾਕਤਵਰ ਮੁਗਲੀਆ ਹਕੂਮਤ ਨਾਲ ਮੱਥਾ ਲਾਉਣ ਦੇ ਸਮਰੱਥ ਹੋਏ.

ਜਿੱਥੇ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਰੂ ਕੀਤੀ ਸ਼ਹੀਦੀ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਸਿੱਖਾਂ ਵਿਚ ਅਥਾਹ ਜੋਸ਼, ਜਜ਼ਬਾ, ਸਿਦਕ, ਸਿਰੜ, ਸਹਿਣਸ਼ੀਲਤਾ ਆਦਿ ਕਈ ਗੁਣ ਪੈਦਾ ਕੀਤੇ, ਨਾਲ ਹੀ ਸਿੱਖਾਂ ਨੂੰ ਪੂਰਨ ਤੌਰ 'ਤੇ ਸੰਗਠਿਤ ਇਕ ਵੱਖਰੇ ਧਰਮ ਵਜੋਂ ਪਹਿਚਾਣ ਦਿਵਾਉਣ ਵਿਚ ਮਹੱਤਵਪੂਰਨ ਰੋਲ ਵੀ ਅਦਾ ਕੀਤਾ. ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪ੍ਰਭਾਵ ਸਦਕਾ ਸਦੀਆਂ ਤੋਂ ਸ਼ੋਸ਼ਿਤ ਹੋ ਰਹੇ ਸਮਾਜ ਦੇ ਅਨੇਕਾਂ ਹੀ ਤਬਕੇ ਸੰਗਠਿਤ ਹੋ ਕੇ ਖ਼ਾਲਸੇ ਦੇ ਰੂਪ ਇਕ

ਨਵੀਂ ਕੌਮ ਦਾ ਰੂਪ ਲੈਂਦਿਆਂ ਮੁਗਲ ਸਲਤਨਤ ਦੇ ਵਿਰੁੱਧ ਉੱਠ ਖੜ੍ਹੇ ਹੋਏ ਅਤੇ ਆਉਂਦੇ ਪੰਜ-ਛੇ ਦਹਾਕਿਆਂ ਬਾਅਦ ਹੀ ਮੁਗਲਾਂ ਅਤੇ ਅਫ਼ਗਾਨਾਂ ਨੂੰ ਖਦੇੜ ਕੇ ਦਰਿਆ ਜਮੁਨਾ ਪਾਰ ਤੋਂ ਲੈ ਕੇ ਕਾਬਲ ਕੰਧਾਰ ਦੀਆਂ ਬਰੂਹਾਂ ਤੱਕ ਦੇ ਵੱਡੇ ਖਿੱਤੇ ਦੇ ਮਾਲਕ ਬਣ ਗਏ ਅਤੇ ਅੰਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਆਪਣਾ ਸੁਤੰਤਰ ਰਾਜ ਸਥਾਪਿਤ ਕਰਨ ਵਿਚ ਸਫ਼ਲ ਹੋਏ.

ਦੂਜੇ ਧਰਮਾਂ ਦੇ ਖਿਲਾਫ ਔਰੰਗਜ਼ੇਬ ਦੇ ਕੱਟੜ ਮਨਸੂਬਿਆਂ ਦਾ ਪਤਾ ਉਸ ਵੱਲੋਂ ਜਾਰੀ ਕੀਤੇ ਇਕ ਫ਼ੁਰਮਾਨ ਤੋਂ ਲੱਗਦਾ ਹੈ, ਜੋ ਉਸ ਨੇ 1669 ਈ. ਵਿਚ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੇ ਗਵਰਨਰਾਂ ਨੂੰ ਜਾਰੀ ਕੀਤਾ ਸੀ. ਜਿਸ ਇਹ ਵਿਚ ਗਵਰਨਰਾਂ ਨੂੰ ਇਹ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਹਿੰਦੂਆਂ ਦੇ ਮੰਦਰ ਅਤੇ ਸਕੂਲਾਂ ਨੂੰ ਸਖ਼ਤੀ ਨਾਲ ਤਬਾਹ ਕੀਤਾ ਜਾਵੇ ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਹਰ ਤਰ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਅਤੇ ਪ੍ਰਚਾਰ ਉੱਤੇ ਰੋਕ ਲਾਈ ਜਾਵੇ.[1] ਇੱਥੋਂ ਤੱਕ ਕਿ ਔਰੰਗਜ਼ੇਬ ਨੇ ਸ਼ਾਂਤੀ ਦੇ ਸਮੇਂ ਵਿਚ ਵੀ ਕਈ ਹਿੰਦੂ ਮੰਦਰ ਤੋੜੇ. 1670 ਈ. ਵਿਚ ਉਸ ਨੇ ਗ਼ੈਰ ਮੁਸਲਮਾਨਾਂ ਤੋਂ ਮਾਲੀਆ ਮੁਕਤ ਜ਼ਮੀਨਾਂ ਵਾਪਸ ਲੈਣ ਦੇ ਹੁਕਮ ਵੀ ਜਾਰੀ ਕਰ ਦਿੱਤੇ. 1679 ਈ. ਤੱਕ ਆਉਂਦਿਆਂ ਉਸ ਨੇ ਹਿੰਦੂਆਂ ਤੋਂ ਮੁਗਲ ਬਾਦਸ਼ਾਹ ਅਕਬਰ ਵੱਲੋਂ ਬੰਦ ਕੀਤਾ ਗਿਆ ਜ਼ਜ਼ੀਆ ਮੁੜ ਉਗਰ੍ਹਾਉਣਾ ਸ਼ੁਰੂ ਕਰ ਦਿੱਤਾ.[2]

ਔਰੰਗਜ਼ੇਬ ਦਾ ਮਨਸੂਬਾ ਪੂਰੇ ਭਾਰਤੀ ਉਪ ਮਹਾਂਦੀਪ ਨੂੰ ਪੂਰਨ ਤੌਰ 'ਤੇ ਇਸਲਾਮੀ ਰਾਜ ਵਿਚ ਬਦਲਣ ਦਾ ਸੀ. ਇਸ ਮਕਸਦ ਨੂੰ ਪੂਰਾ ਕਰਨ ਦੇ ਲਈ ਉਸ ਨੇ ਕਸ਼ਮੀਰ ਦੇ ਗਵਰਨਰ ਇਫ਼ਤਖ਼ਾਰ ਖਾਂ ਦੀ ਮਦਦ ਨਾਲ ਹਿੰਦੂਆਂ ਵਿਚ ਸਭ ਤੋਂ ਉੱਚ ਸ਼੍ਰੇਣੀ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਦੇ ਦਾਇਰੇ ਹੇਠ ਲਿਆਉਣ ਦੇ ਯਤਨ 1671 ਈ. ਤੋਂ ਹੀ ਆਰੰਭ ਕਰ ਦਿੱਤੇ ਸਨ. ਖ਼ਾਸ ਕਰ ਕਸ਼ਮੀਰੀ ਪੰਡਤਾਂ ਦਾ ਹਿੰਦੂ ਧਰਮ ਵਿਚ ਕਾਫ਼ੀ ਦਬਦਬਾ ਸੀ. ਇਸ ਲਈ ਔਰੰਗਜ਼ੇਬ ਨੂੰ ਲੱਗਦਾ ਕਿ ਜੇ ਪੰਡਤਾਂ ਨੇ ਇਸਲਾਮ ਕਬੂਲ ਕਰ ਲਿਆ ਤਾਂ ਹਿੰਦੂਆਂ ਵਿਚ ਉਨ੍ਹਾਂ ਦਾ ਸਥਾਨ ਸਰਵਉੱਚ ਹੋਣ ਕਾਰਨ ਬਾਕੀ ਸਾਰੇ ਹਿੰਦੂ ਵੀ ਉਨ੍ਹਾਂ ਦੇ ਪਿੱਛੇ ਇਸਲਾਮ ਵਿਚ ਆਸਾਨੀ ਨਾਲ ਸ਼ਾਮਿਲ ਹੋ ਜਾਣਗੇ. ਇਫ਼ਤਖ਼ਾਰ ਖਾਂ ਨੇ ਤਲਵਾਰ ਦੇ ਜ਼ੋਰ ਨਾਲ ਹਰ ਰੋਜ਼ ਹਜ਼ਾਰਾਂ ਕਸ਼ਮੀਰੀ ਪੰਡਤਾਂ ਦਾ

---

[1] Harbans Singh, *The Heritage of the Sikhs*, Manohar Publishers and Distributors, New Delhi, 1994, 2nd Edition, p. 70.

[2] Irfan Habeeb, *Agrarian System of Mughal India (1526-1707)*, Asia Publishing House, Bombay ,1973, p. 119-20; also quoted by J. S. Grewal, *Sikhs of Punjab (The New Cambridge History of India-II.3)*, Cambridge Univesity Press, 1994, p. 67.

ਧਰਮ ਪਰਿਵਰਤਨ ਕਰਨਾ ਸ਼ੁਰੂ ਕਰ ਦਿੱਤਾ. ਕੋਇਰ ਸਿੰਘ ਲਿਖਦਾ ਹੈ ਕਿ ਇੱਥੋਂ ਤੱਕ ਕਿ ਪੰਡਤਾਂ ਦੇ ਮੁਸਲਮਾਨ ਬਣ ਜਾਣ ਦੇ ਸਬੂਤ ਵਜੋਂ ਔਰੰਗਜ਼ੇਬ ਨੂੰ ਪੰਡਤਾਂ ਦੇ ਸਵਾ ਮਣ ਜਨੇਊ ਉਤਾਰ ਕੇ ਹਰ ਰੋਜ਼ ਭੇਜੇ ਜਾਣ ਲੱਗੇ.[3] ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵੀ ਪੁਸ਼ਟੀ ਕਰਦੇ ਹਨ ਕਿ ਔਰੰਗਜ਼ੇਬ ਨੇ ਸਾਰੇ ਮੁਲਖ਼ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਪ੍ਰਣ ਕੀਤਾ ਸੀ.[4]

ਹਿੰਦੂਆਂ ਵਿਚ ਪੰਡਤ ਜਾਤੀ, ਜੋ ਕਿ ਹੁਣ ਤੱਕ ਸਦੀਆਂ ਤੋਂ ਆਮ ਲੋਕਾਂ ਨੂੰ ਮਿਥਿਹਾਸ, ਦੈਵੀ ਸ਼ਕਤੀਆਂ, ਬੁੱਤ ਪੂਜਾ ਅਤੇ ਜਾਦੂ ਮੰਤਰਾਂ ਦੇ ਸਹਾਰੇ ਮੂਰਖ ਬਣਾਉਂਦੀ ਆ ਰਹੀ ਸੀ, ਦੀ ਔਰੰਗਜ਼ੇਬ ਅਤੇ ਮੁਗਲਾਂ ਦੇ ਜ਼ੁਲਮਾਂ ਸਾਹਮਣੇ ਕੋਈ ਵੀ ਕਰਾਮਾਤ, ਪਾਠ ਪੂਜਾ, ਯੱਗ ਆਦਿ ਉਪਾਅ ਕੋਈ ਕੰਮ ਨਹੀਂ ਸਨ ਕਰ ਰਹੇ. ਜਦੋਂ ਪੰਡਤਾਂ ਦੇ ਹਜ਼ਾਰਾਂ ਦੇਵੀ ਦੇਵਤੇ ਵੀ ਉਨ੍ਹਾਂ ਦੀ ਮਦਦ ਲਈ ਨਾ ਬਹੁੜੇ ਤਾਂ ਇਕ ਪੰਡਤ ਆਗੂ ਨੇ ਇਹ ਗੱਲ ਫ਼ੈਲਾਈ ਕਿ ਉਸ ਨੂੰ ਸ਼ਿਵ ਜੀ ਨੇ ਰਾਤੀਂ ਸੁਪਨੇ ਵਿਚ ਆ ਕੇ ਦੱਸਿਆ ਹੈ ਕਿ ਗੁਰੂ ਨਾਨਕ ਦੀ ਗੁਰਗੱਦੀ 'ਤੇ ਬਿਰਾਜਮਾਨ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਕੋਲ ਆਪਣੀ ਸੁਰੱਖਿਆ ਲਈ ਜਾਓ.[5] ਇਹ ਸੁਣਦਿਆਂ ਹੀ ਪੰਜ ਸੌ ਕਸ਼ਮੀਰੀ ਪੰਡਤ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ, ਜਿਸ ਦੀ ਪੁਸ਼ਟੀ ਭੱਟ ਵਹੀਆਂ ਵੀ ਕਰਦੀਆਂ ਹਨ ਕਿ ਕਸ਼ਮੀਰੀ ਪੰਡਤ, ਪੰਡਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਅਨੰਦਪੁਰ ਪਹੁੰਚੇ.[6]

ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਦੀ ਧਾਰਮਿਕ ਕੱਟੜ ਨੀਤੀ ਬਾਰੇ ਪਹਿਲਾਂ ਤੋਂ ਹੀ ਜਾਗਰੂਕ ਸਨ. ਇਸ ਲਈ ਉਨ੍ਹਾਂ ਨੇ ਗੁਰਿਆਈ ਦਾ ਕਾਰਜ ਭਾਰ ਸੰਭਾਲਦਿਆਂ ਹੀ ਧਰਮ ਦੇ ਪ੍ਰਚਾਰ, ਸਰਬ ਸਾਂਝੀਵਾਲਤਾ, ਬਰਾਬਰਤਾ ਤੇ ਨਿਆਂ ਦਾ ਸੰਦੇਸ਼ ਦੇਸ਼ ਭਰ ਵਿਚ ਫ਼ੈਲਾਉਣ ਲਈ ਯਾਤਰਾਵਾਂ ਆਰੰਭ ਕਰ ਦਿੱਤੀਆਂ ਸਨ. ਇਨ੍ਹਾਂ ਯਾਤਰਾਵਾਂ ਦੀ ਅਸਲ ਸਫ਼ਲਤਾ ਦਾ ਪਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਚੱਲਦਾ ਹੈ, ਜਦੋਂ ਹਜ਼ਾਰਾਂ ਦੀ ਗਿਣਤੀ

---

[3] ਕੋਇਰ ਸਿੰਘ, *ਗੁਰਬਿਲਾਸ ਪਾਤਿਸ਼ਾਹੀ ਦਸਵੀਂ,* (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 48.

[4] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 169; ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਬਲਵੰਤ ਸਿੰਘ ਢਿੱਲੋਂ) ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 24.

[5] Harbans Singh, *The Heritage of the Sikhs,* p. 71, quoted from P. N. K. Bamzai, *A History of Kashmir: Political, Social, Cultural, From the Earliest Times to the Present Day,* Metropolitan Book, New Delhi, 1973.

[6] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 78.

ਵਿਚ ਦੇਸ਼ ਦੇ ਕੋਨੇ ਕੋਨੇ ਵਿੱਚੋਂ ਇਕੱਤਰ ਹੋਏ ਲੋਕ ਖ਼ਾਲਸੇ ਦੇ ਰੂਪ ਵਿਚ ਇਕਮੁੱਠ ਹੋ ਕੇ ਦਸਮੇਸ਼ ਪਾਤਿਸ਼ਾਹ ਦੀ ਛੱਤਰ ਛਾਇਆ ਹੇਠ ਜ਼ੁਲਮਾਂ ਦੇ ਵਿਰੁੱਧ ਉੱਠ ਖੜ੍ਹੇ ਹੋਏ. ਗੁਰੂ ਤੇਗ ਬਹਾਦਰ ਜੀ ਜਦੋਂ ਉਹ ਉੱਤਰ ਪੂਰਬ ਭਾਰਤ ਦੀਆਂ ਯਾਤਰਾਵਾਂ 'ਤੇ ਸਨ ਉਹ ਮੁਗਲਾਂ ਦੇ ਮਨਸੂਬਿਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ. ਮੁਗਲ ਹੁਕਮਰਾਨਾਂ ਵੱਲੋਂ ਛੇਵੇਂ ਪਾਤਿਸ਼ਾਹ ਨਾਲ ਲੜੀਆਂ ਲੜਾਈਆਂ ਵੀ ਉਨ੍ਹਾਂ ਦੇ ਸਾਹਮਣੇ ਸਨ. ਔਰੰਗਜ਼ੇਬ ਦੁਆਰਾ ਉਨ੍ਹਾਂ ਨੂੰ ਧਰਮ ਪ੍ਰਚਾਰ ਦੀਆਂ ਯਾਤਰਾਵਾਂ ਦੌਰਾਨ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਦਾ ਜ਼ਾਲਮ ਸਲਤਨਤ ਨਾਲ ਭਵਿੱਖ ਵਿਚ ਟਕਰਾਅ ਹੋਣਾ ਲਾਜ਼ਮੀ ਹੈ. ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਨੂੰ ਬਚਾਉਣ ਲਈ ਮੁਗਲ ਹਕੂਮਤ ਦੇ ਵਿਰੁੱਧ ਖੜ੍ਹਾ ਹੋਣ ਦੇ ਪ੍ਰਣ ਲਿਆ. ਰਤਨ ਸਿੰਘ ਭੰਗੂ ਬਿਆਨਦਾ ਹੈ ਕਿ ਇਸ ਨਾਲ ਬਾਬਰਕਿਆਂ ਅਤੇ ਬਾਬੇਕਿਆਂ ਦੇ ਵਿਚਕਾਰ ਟਕਰਾਅ ਹੋਣਾ ਨਿਸ਼ਚਿਤ ਹੋ ਗਿਆ.[7]

ਸੰਗਤ ਸਿੰਘ ਦੇ ਅਨੁਸਾਰ ਜਦੋਂ ਔਰੰਗਜ਼ੇਬ ਨੂੰ ਨੌਵੇਂ ਪਾਤਿਸ਼ਾਹ ਦੇ ਧਾਰਮਿਕ ਸੁਤੰਤਰਤਾ ਲਈ ਖੜ੍ਹੇ ਹੋਣ ਬਾਰੇ ਪਤਾ ਲੱਗਿਆ ਤਾਂ ਉਸ ਨੇ ਆਪਣੇ ਸੂਹੀਆਂ ਰਾਹੀਂ ਅਨੰਦਪੁਰ ਤੋਂ ਗੁਰੂ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ. ਉਹ ਗੁਰੂ ਜੀ ਦੀਆਂ ਧਰਮ ਪ੍ਰਚਾਰ ਯਾਤਰਾਵਾਂ ਬਾਰੇ ਵੀ ਚੇਤੰਨ ਹੋ ਗਿਆ. ਉਸ ਨੇ ਗੁਰੂ ਜੀ ਦੁਆਰਾ ਫ਼ੈਲਾਈ ਜਾ ਰਹੀ ਸਮਾਜਿਕ-ਧਾਰਮਿਕ ਚੇਤਨਤਾ ਨੂੰ ਆਪਣੀ ਹਕੂਮਤ ਲਈ ਖ਼ਤਰਾ ਸਮਝਿਆ.[8] ਸਿਆਰੁਲ ਮੁਤਾਖ਼ਰੀਨ ਦਾ ਰਚੇਤਾ ਸਈਦ ਗੁਲਾਮ ਹੁਸੈਨ ਲਿਖਦਾ ਹੈ ਕਿ ਜਦੋਂ ਔਰੰਗਜ਼ੇਬ ਨੂੰ ਇਹ ਪਤਾ ਲੱਗਿਆ ਕਿ ਗੁਰੂ ਜੀ ਸੰਗਤਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਅਤੇ ਸੰਗਤਾਂ ਵੱਲੋਂ ਦਸਵੰਧ ਦੇ ਰੂਪ ਵਿਚ ਦਿੱਤੀ ਜਾ ਰਹੀ ਮਾਇਆ ਜਾਂ ਹੋਰ ਸਾਧਨਾਂ ਵਿਚ ਵੀ ਭਾਰੀ ਵਾਧਾ ਹੋ ਰਿਹਾ ਹੈ ਤਾਂ ਗੁਰੂ ਜੀ ਉਸ ਨੂੰ ਆਪਣੇ ਸਾਮਰਾਜ ਲਈ ਭਾਰੀ ਖਤਰਾ ਜਾਪਣ ਲੱਗੇ.[9]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਕਸ਼ਮੀਰੀ ਪੰਡਤਾਂ ਨੇ ਔਰੰਗਜ਼ੇਬ ਨੂੰ ਜਾ ਦੱਸਿਆ ਕਿ ਉਹ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਦੇ ਮਗਰ ਹਨ, ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਵੀ ਮੁਸਲਮਾਨ

---

[7] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 29.

[8] Sangat Singh, *The Sikh History,* Published by author, 1995, p. 61. Also published by Singh Brothers Amritsar in 2002.

[9] Sangat Singh, *Ibid,* p. 61.

ਬਣਨ ਲਈ ਤਿਆਰ ਹਾਂ. ਔਰੰਗਜ਼ੇਬ ਨੇ ਗੁਰੂ ਜੀ ਨੂੰ ਹਿਰਾਸਤ ਵਿਚ ਲੈਣ ਲਈ ਹਰਕਾਰੇ ਭੇਜ ਦਿੱਤੇ.[10] ਭੱਟ ਵਹੀਆਂ ਦੇ ਅਨੁਸਾਰ ਓਧਰ ਨੌਵੇਂ ਗੁਰੂ ਸਾਹਿਬ ਵੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਨਾਲ ਔਰੰਗਜ਼ੇਬ ਨੂੰ ਮਿਲਣ ਲਈ 10 ਜੁਲਾਈ 1675 ਈ. ਨੂੰ ਅਨੰਦਪੁਰ ਤੋਂ ਦਿੱਲੀ ਵੱਲ ਨੂੰ ਚੱਲ ਪਏ.[11] 05 ਨਵੰਬਰ 1675 ਈ. ਨੂੰ ਗੁਰੂ ਸਾਹਿਬ ਨੂੰ ਸਾਥੀ ਸਿੰਘਾਂ ਸਮੇਤ ਆਗਰੇ ਤੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ.[12]

ਔਰੰਗਜ਼ੇਬ ਨੂੰ ਹੁਣ ਵੀ ਲੱਗਦਾ ਸੀ ਕਿ ਗੁਰੂ ਜੀ ਆਸਾਨੀ ਨਾਲ ਇਸਲਾਮ ਕਬੂਲ ਕਰ ਲੈਣਗੇ ਅਤੇ ਸਾਰਾ ਹਿੰਦੁਸਤਾਨ ਉਨ੍ਹਾਂ ਦੇ ਪਿੱਛੇ ਆਸਾਨੀ ਨਾਲ ਮੁਸਲਮਾਨ ਹੋ ਜਾਵੇਗਾ, ਪਰ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਰਾਦਿਆਂ ਦਾ ਔਰੰਗਜ਼ੇਬ ਕੋਲ ਕੋਈ ਤੋੜ ਨਹੀਂ ਸੀ. ਉਸ ਵੱਲੋਂ ਦੌਲਤਾਂ-ਸ਼ੋਹਰਤਾਂ, ਐਸ਼ੋ-ਇਸ਼ਰਤ, ਪਦਵੀਆਂ, ਜਾਗੀਰਾਂ, ਇੱਥੋਂ ਤੱਕ ਕਿ ਡਰਾਉਣ ਧਮਕਾਉਣ ਲਈ ਵਰਤੇ ਸਾਰੇ ਹਰਬੇ ਅਸਫ਼ਲ ਹੋ ਗਏ. ਸ਼ਾਹੀ ਕਾਜ਼ੀ ਅਬਦੁੱਲ ਵਹਾਬ ਬੋਰਾ ਨੇ ਬਾਦਸ਼ਾਹ ਦੇ ਹੁਕਮ ਅਨੁਸਾਰ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ:

1. ਆਪਣੀ ਤਾਕਤ ਦਿਖਾਉਣ ਲਈ ਕਰਾਮਾਤ ਦਿਖਾਉਣੀ
2. ਇਸਲਾਮ ਕਬੂਲ ਕਰਨਾ
3. ਮਰਨ ਲਈ ਤਿਆਰ ਹੋਣਾ

ਗੁਰੂ ਜੀ ਨੇ ਇਨ੍ਹਾਂ ਵਿੱਚੋਂ ਤੀਸਰੀ ਸ਼ਰਤ ਹੱਸਦੇ ਹੋਏ ਕਬੂਲ ਕੀਤੀ. ਗੁਰੂ ਜੀ ਨੇ ਫਰਮਾਇਆ ਕਿ ਕਰਾਮਾਤ ਦਿਖਾਉਣੀ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਹੈ. ਦੂਜਾ ਧਾਰਮਿਕ ਆਜ਼ਾਦੀ ਹਰ ਵਿਅਕਤੀ ਦਾ ਮਨੁੱਖੀ ਹੱਕ ਹੈ ਇਸ ਲਈ ਉਹ ਆਪਣੇ ਹੱਕ ਦੀ ਰੱਖਿਆ ਕਰਨ ਲਈ ਜ਼ਿੰਦਗੀ ਕੁਰਬਾਨ ਕਰਨ ਲਈ ਤਿਆਰ ਹਨ.[13]

ਗੁਰੂ ਸਾਹਿਬ ਨਾਲ ਗਏ ਸਿੱਖਾਂ ਵਿੱਚੋਂ ਸਭ ਤੋਂ ਪਹਿਲਾਂ ਭਾਈ ਦਿਆਲਾ ਜੀ ਨੇ ਹੱਸਦੇ ਹੋਏ ਦੇਗ ਵਿਚ ਉੱਬਲਦਿਆਂ ਸ਼ਹਾਦਤ ਪ੍ਰਾਪਤ ਕੀਤੀ. ਉਸ ਤੋਂ ਬਾਅਦ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ

---

[10] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 26.

[11] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ*, ਪੰਨਾ 78.

[12] Sirdar Kapur Singh, *Sikhism and the Sikhs*, Singh Brothers, Amritsar, 2011, p. 290-306.

[13] ਕ੍ਰਿਪਾਲ ਸਿੰਘ ਚੰਦਨ ਅਤੇ ਸਤਬੀਰ ਸਿੰਘ ਕੁਰਾਲੀ, *ਜੀਵਨ ਗਾਥਾ ਤੇ ਉਪਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ*, ਸਿੱਖ ਮਿਸਨਰੀ ਕਾਲਜ, ਲੁਧਿਆਣਾ, ਮਿਤੀ ਰਹਿਤ, p. 58.

ਗਿਆ. ਫ਼ੇਰ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟਕੇ ਜਿਉਂਦਿਆਂ ਸਾੜ ਕੇ ਸ਼ਹੀਦ ਕੀਤਾ ਗਿਆ.[14] ਅੰਤ ਔਰੰਗਜ਼ੇਬ ਦੇ ਮਨਸੂਬੇ ਗੁਰੂ ਸਾਹਿਬ ਅੱਗੇ ਬੁਰੀ ਤਰ੍ਹਾਂ ਅਸਫ਼ਲ ਹੋ ਗਏ ਅਤੇ ਕਾਜ਼ੀ ਦੇ ਹੁਕਮ 'ਤੇ ਸਮਾਣਾ ਦੇ ਜਲਾਦ ਜਲਾਲਦੀਨ ਦੁਆਰਾ ਗੁਰੂ ਸਾਹਿਬ ਦਾ ਸਿਰ ਤਲਵਾਰ ਨਾਲ ਕਲਮ ਕਰ ਕੇ ਸ਼ਹੀਦ ਕਰ ਦਿੱਤਾ ਗਿਆ.[15] ਸਿਰਦਾਰ ਕਪੂਰ ਸਿੰਘ ਬੜੇ ਹੀ ਖ਼ੂਬਸੂਰਤ ਤਰੀਕੇ ਨਾਲ ਬਿਆਨਦੇ ਹਨ ਕਿ ਇਹ ਮਹਾਨ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ ਚਿੰਨ੍ਹ ਰਕਸ਼ਾ ਲਈ ਦਿੱਤੀ, ਮਜ਼ਹਬ ਦੀ ਅਜ਼ਾਦੀ ਲਈ ਦਿੱਤੀ ਅਤੇ ਪੁਰਸ਼ੋਤਮ ਪੁਰਸ਼ ਦੇ ਆਤਮ-ਗੌਰਵ ਦੀ ਰਖਸ਼ਾ ਹਿੱਤ ਦਿੱਤੀ. ਇਨ੍ਹਾਂ ਤਿੰਨ ਮਹਾਨ ਆਦਰਸ਼ਾਂ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਨੇ ਆਪਣਾ ਬਲਿਦਾਨ ਦਿੱਤਾ: -

1. ਧਾਰਮਿਕ ਸੁਤੰਤਰਤਾ: "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ."
2. ਧਰਮ ਦੀ ਰੱਖਿਆ: "ਧਰਮ ਹੇਤ ਸਾਕਾ ਜਿਨ ਕੀਆ." ਅਤੇ
3. ਪੁਰਸ਼ੋਤਮ ਪੁਰਸ਼ ਦੇ ਆਤਮ ਗੌਰਵ ਦੀ ਰੱਖਿਆ: "ਸੀਸ ਦੀਆ ਪਰ ਸਿਰਰ ਨ ਦੀਆ."[16]

ਗੁਰੂ ਤੇਗ਼ ਬਹਾਦਰ ਜੀ ਪਰਉਪਕਾਰ ਦੀ ਅਜਿਹੀ ਮੂਰਤ ਸਨ, ਜਿਨ੍ਹਾਂ ਨੇ ਸਰਵ ਕਲਿਆਣ ਸਬੰਧੀ ਧਾਰਨਾ ਨਾਲ ਜੁੜ ਕੇ ਸ਼ਹਾਦਤ ਦੀ ਅਦੁੱਤੀ ਮਿਸਾਲ ਪੇਸ਼ ਕੀਤੀ, ਜਿਸ ਸਬੰਧੀ ਕਵੀ ਸੈਨਾਪਤਿ ਲਿਖਦੇ ਹਨ: -

ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ॥
ਧਰਮ ਕਰਮ ਕੀ ਜਿਨਿ ਪਤਿ ਰਾਖੀ, ਅਟਲ ਕਰੀ ਕਲਜੁਗ ਮੇਂ ਰਾਖੀ॥

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੁਨੀਆਂ ਵਿਚ ਇਕ ਅਜਿਹਾ ਸਾਕਾ ਹੋ ਨਿੱਬੜੀ, ਜਿਸ ਦੀ ਮਿਸਾਲ ਰਹਿੰਦੀ ਦੁਨੀਆਂ ਤੱਕ ਵੀ ਕਿਸੇ ਵੀ ਫ਼ਿਰਕੇ ਵਿਚ ਨਹੀਂ ਮਿਲਣੀ.[17]

ਗੁਰੂ ਤੇਗ ਬਹਾਦਰ ਜੀ ਦੇ ਹਾਲਾਂਕਿ ਗੁਰੂ ਤੇਗ ਬਹਾਦਰ ਦੀ ਪਾਵਨ ਦੇਹ ਨੂੰ ਟੁਕੜਿਆਂ ਵਿਚ ਕੱਟ ਕੇ ਦਿੱਲੀ ਦੇ ਦਰਵਾਜ਼ਿਆਂ ਤੇ ਲਟਕਾਉਣ ਦਾ ਸ਼ਾਹੀ ਪ੍ਰਵਾਨ ਜਾਰੀ ਹੋ ਚੁੱਕਿਆ ਸੀ ਪਰ ਦਿੱਲੀ ਦੇ ਸਿੰਘਾਂ ਦੇ ਸਿਦਕ ਬਹਾਦਰੀ ਅਤੇ ਜਜ਼ਬੇ ਸਦਕਾ ਨਾ ਮੁਗ਼ਲਾਂ ਹੱਥ ਸੀਸ ਲੱਗਿਆ ਨਾ ਧੜ ਲੱਗੀ ਭਾਈ ਲੱਖੀ ਸ਼ਾਹ ਵਣਜਾਰਾ ਨੇ

---

[14] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ*, ਪੰਨਾ 83.

[15] ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 281.

[16] ਸਿਰਦਾਰ ਕਪੂਰ ਸਿੰਘ, *ਰਾਜ ਕਰੇਗਾ ਖ਼ਾਲਸਾ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2013, ਪੰਨਾ 60.

[17] ਕਵੀ ਸੈਨਾਪਤਿ, *ਗੁਰਸੋਭਾ*, (ਸੰਪਾ. ਡਾ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 65.

ਗੁਰੂ ਜੀ ਦੀ ਪਾਵਨ ਦੇਹ ਨੂੰ ਆਪਣੇ ਘਰ ਲਿਜਾ ਕੇ ਆਪਣੇ ਘਰ ਨੂੰ ਅਗਨ ਭੇਟ ਕਰ ਕੇ ਗੁਰੂ ਸਾਹਿਬ ਦਾ ਸਸਕਾਰ ਕੀਤਾ ਅਤੇ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਆਨੰਦਪੁਰ ਲੈ ਜਾਣ ਵਿਚ ਸਫ਼ਲ ਹੋ ਗਏ.[18]

ਉਪਰੋਕਤ ਅਧਿਐਨ ਤੋਂ ਇਹ ਜਾਣਕਾਰੀ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਇਤਿਹਾਸ ਦੇ ਨਾਲ ਨਾਲ ਸਮਾਜ ਦੀ ਸੰਪੂਰਨ ਦਸ਼ਾ ਤੇ ਦਿਸ਼ਾ ਹੀ ਤਬਦੀਲ ਕਰ ਦਿੱਤੀ. ਉਨ੍ਹਾਂ ਦੀ ਲਾਸਾਨੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹੀਦ ਹੋਣ ਵਾਲਿਆਂ ਦੀ ਸੂਚੀ ਵਿਚ ਸਰਵਉੱਚ ਹੋ ਨਿੱਬੜੀ ਅਤੇ ਕਿਸੇ ਦੂਜੇ ਧਰਮ ਦੀ ਰੱਖਿਆ ਲਈ ਆਪਣੇ ਤੋਂ ਪਹਿਲਾਂ ਅਤੇ ਅਜੋਕੇ ਵੇਲੇ ਤੱਕ ਵੀ ਉਨ੍ਹਾਂ ਦੀ ਸ਼ਹਾਦਤ ਦਾ ਕੋਈ ਤੋੜ ਪੈਦਾ ਨਹੀਂ ਹੋਇਆ.

ਇਸ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਤਤਕਾਲ ਪ੍ਰਭਾਵ ਇਹ ਪਿਆ ਕਿ ਔਰੰਗਜ਼ੇਬ ਦਾ ਪੂਰੇ ਹਿੰਦੁਸਤਾਨ ਨੂੰ ਇਸਲਾਮੀ ਰਾਜ 'ਚ ਬਦਲਣ ਦਾ ਮਨਸੂਬਾ ਚੂਰ-ਚੂਰ ਹੋ ਗਿਆ. ਉਸ ਦੁਆਰਾ ਪੂਰੇ ਹਿੰਦੁਸਤਾਨ ਦੀ ਜਨਤਾ ਨੂੰ ਇਸਲਾਮ ਦੇ ਦਾਇਰੇ ਅੰਦਰ ਲਿਆਉਣ ਦੀ ਵਿਉਂਤਬੰਦੀ ਨੂੰ ਪੂਰੀ ਤਰ੍ਹਾਂ ਅਸਫ਼ਲ ਹੋ ਗਈ.

ਹਾਲਾਂਕਿ ਗੁਰੂ ਜੀ ਨੇ ਸ਼ਹਾਦਤ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀ ਸੀ, ਪਰ ਫ਼ੇਰ ਵੀ ਉੱਚ ਤਬਕੇ ਨਾਲ ਸੰਬੰਧਿਤ ਹਿੰਦੂ ਅਗਾਊਂ ਭਵਿੱਖ ਵਿਚ ਵੀ ਸਿੱਖ ਧਰਮ ਨਾਲ ਖਾਰ ਖਾਂਦੇ ਰਹੇ. ਸੰਤੋਖ ਸਿੰਘ ਦੇ ਲਿਖਣ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਫਿੱਕਾ ਕਰਨ ਲਈ ਕਸ਼ਮੀਰੀ ਪੰਡਤਾਂ 'ਚੋਂ ਕਿਸੇ ਇਕ ਨੇ ਇਹ ਕਾਰਜ ਸ਼ਿਵਜੀ ਵੱਲੋਂ ਪੂਰਵ ਨਿਰਧਾਰਿਤ ਕੀਤਾ ਦੱਸਿਆ. ਦੂਸਰਾ ਉਸ ਸਮੇਂ ਦੌਰਾਨ ਸੁੱਚਾ ਨੰਦ ਵਰਗੇ ਕਿੰਨੇ ਹੀ ਹੋਰ ਹਿੰਦੂ ਵਜ਼ੀਰ ਜੋ ਉੱਚ ਅਹੁਦਿਆਂ ਤੇ ਬਿਰਾਜਮਾਨ ਸਨ, ਬਾਈਧਾਰ ਦੇ ਪਹਾੜੀ ਰਾਜੇ ਭਵਿੱਖ ਵਿਚ ਗੁਰੂ ਘਰ ਨਾਲ ਖਾਰ ਖਾਂਦੇ ਰਹੇ ਅਤੇ ਹਮੇਸ਼ਾ ਗੁਰੂ ਘਰ ਦੇ ਵਿਰੁੱਧ ਹੀ ਭੁਗਤੇ. ਉਸ ਤੋਂ ਪਹਿਲਾਂ ਭੂਤਕਾਲ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੇਲੇ ਚੰਦੂ ਇਸ ਦੀ ਪ੍ਰਤੱਖ ਉਦਾਹਰਨ ਹੋ ਨਿਬੜਿਆ ਸੀ. ਪਰ ਨਾਲ ਅਜਿਹੇ ਕੋਝੇ ਯਤਨਾਂ ਦੇ ਬਾਵਜੂਦ ਆਮ ਹਿੰਦੂ ਤਬਕੇ ਅੰਦਰ ਗੁਰੂ ਤੇਗ਼ ਬਹਾਦਰ ਜੀ ਦਾ 'ਹਿੰਦ ਦੀ ਚਾਦਰ' ਦੇ ਰੂਪ ਵਿਚ ਜਾਂ ਤਿਲਕ ਜੰਞੂ ਦੇ ਰਾਖੇ ਵਜੋਂ ਸਥਾਪਿਤ ਹੋਣਾ ਆਪਣੇ ਆਪ ਵਿਚ ਇਕ ਖਰੀ ਇਤਿਹਾਸਕ ਗਵਾਹੀ ਹੋ ਨਿੱਬੜਦਾ ਹੈ. ਇਸ ਤਰ੍ਹਾਂ ਜਿੱਥੇ ਗੁਰੂ ਸਾਹਿਬ ਦੀ ਸ਼ਹਾਦਤ ਨੇ ਆਮ ਹਿੰਦੂ ਸਿੱਖਾਂ ਦੀ ਭਾਈਚਾਰਕ ਸਾਂਝ ਨੂੰ ਵੀ ਮਜ਼ਬੂਤ

---

[18] ਪਿਆਰਾ ਸਿੰਘ ਪਦਮ, *ਗੁਰੂ ਤੇਗ ਬਹਾਦਰ ਸਿਮਰੀਐ,* ਬਖ਼ਸ਼ੀ ਪ੍ਰਿੰਟਰਜ਼, ਪਟਿਆਲਾ, 1986, ਪੰਨਾ 39.

ਕੀਤਾ, ਉਥੇ ਨਾਲ ਹੀ ਵੱਡੀ ਗਿਣਤੀ ਵਿਚ ਹਿੰਦੂ ਭਾਈਚਾਰਾ ਖਾਸ ਕਰ ਕੇ ਕਸ਼ਮੀਰੀ ਪੰਡਤ ਅੰਮ੍ਰਿਤ ਛਕ ਕੇ ਸਿੱਖ ਧਰਮ ਦਾ ਹਿੱਸਾ ਬਣੇ. ਪੰਡਤ ਕਿਰਪਾ ਰਾਮ ਦੱਤ ਇਸ ਸਾਂਝ ਦੀ ਸਦੀਵੀ ਉਦਾਹਰਣ ਹੋ ਨਿਬੜਿਆ. ਉਹ ਖ਼ਾਲਸਾ ਸਾਜਨਾ ਮੌਕੇ ਸਿੰਘ ਸਜ ਕੇ ਕਿਰਪਾ ਸਿੰਘ ਬਣਿਆ ਅਤੇ ਚਮਕੌਰ ਦੀ ਲੜਾਈ ਵਿਚ ਉਸ ਨੇ ਮੁਗਲਾਂ ਖਿਲਾਫ਼ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ.[19]

ਉਪਰੋਕਤ ਅਧਿਐਨ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਵੱਲੋਂ ਮਨੁੱਖਤਾ ਦੀ ਰਾਖੀ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਆਪਣੀ ਸ਼ਹਾਦਤ ਦੇਣ ਦੇ ਕੀਤੇ ਪ੍ਰਣ ਦੇ ਤੱਤਪ੍ਰਭਾਵ ਹੀ ਕਈ ਬਦਲਾਅ ਸਾਹਮਣੇ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ. ਅਸਲ ਵਿਚ ਗੁਰੂ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਸਾਂਝੀਵਾਲਤਾ ਦੇ ਸੰਦੇਸ਼ ਦੇ ਨਾਲ ਨਾਲ ਲੋਕਾਂ ਨੂੰ ਇਕਜੁੱਟ ਹੋਣ ਅਤੇ ਜ਼ੁਲਮ ਦੇ ਖਿਲਾਫ਼ ਖੜ੍ਹੇ ਹੋਣ ਲਈ ਵੀ ਪ੍ਰੇਰਿਤ ਕੀਤਾ. ਇਸ ਦੀ ਪਹਿਲੀ ਬੇਮਿਸਾਲ ਉਦਾਹਰਣ ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੁਆਰਾ ਗੁਰੂ ਸਾਹਿਬ ਦੇ ਨਾਲ ਸ਼ਹੀਦ ਹੋਣਾ ਹਨ. ਭਾਈ ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ ਗੁਰੂ ਜੀ ਦੀ ਦੇਹ ਨੂੰ ਟੋਟੇ ਕਰ ਕੇ ਦਿੱਲੀ ਸ਼ਹਿਰ ਦੇ ਮੁੱਖ ਦਰਵਾਜ਼ਿਆਂ 'ਤੇ ਲਟਕਾਉਣ ਦੇ ਸ਼ਾਹੀ ਫ਼ੁਰਮਾਨ ਦੇ ਬਾਵਜੂਦ ਅਤੇ ਸਖ਼ਤ ਪਹਿਰੇ ਦੇ ਹੁੰਦਿਆਂ ਬੇਖੌਫ਼ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਚੁੱਕ ਕੇ ਲੈ ਜਾਣਾ ਵੀ ਇਹ ਸਾਬਿਤ ਕਰਦਾ ਹੈ ਕਿ ਗੁਰੂ ਜੀ ਆਮ ਲੋਕਾਂ ਤੇ ਸਿੱਖਾਂ ਵਿਚ ਬਦਲਾਅ ਲਿਆਉਣ ਦਾ ਕਾਰਜ ਪਹਿਲਾਂ ਹੀ ਸ਼ੁਰੂ ਕਰ ਚੁੱਕੇ ਸਨ, ਜਿਸ ਦਾ ਅਸਰ ਦਿੱਖਣਾ ਆਰੰਭ ਹੋ ਚੁੱਕਿਆ ਸੀ.

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੱਕ ਸਿੱਖਾਂ ਅਤੇ ਮੁਗਲਾਂ ਦੇ ਆਪਸੀ ਸਬੰਧ ਤਕਰੀਬਨ ਸ਼ਾਂਤੀਪੂਰਵਕ ਰਹੇ. ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਮੁਗ਼ਲਾਂ ਤੇ ਸਿੱਖਾਂ ਵਿਚਕਾਰ ਟਕਰਾਅ ਹੋਣਾ ਨਿਸ਼ਚਿਤ ਕਰ ਦਿੱਤਾ. ਇਸ ਸ਼ਹਾਦਤ ਦਾ ਅਸਰ ਗੁਰੂ ਜੀ ਦੇ ਪਰਿਵਾਰ ਅਤੇ ਸਿੱਖ ਸੰਗਤਾਂ ਵਿਚ ਅਗਾਊਂ ਕਈ ਦਹਾਕਿਆਂ ਤੱਕ ਦੇਖਣ ਨੂੰ ਮਿਲਿਆ. ਗੁਰੂ ਤੇਗ਼ ਬਹਾਦਰ ਜੀ ਨੇ ਸਿੱਖਾਂ ਨੂੰ ਅਜਿਹੀ ਦਿਸ਼ਾ ਪ੍ਰਦਾਨ ਕੀਤੀ ਕਿ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅਤੇ ਆਪਣਾ ਸਾਰਾ ਪਰਿਵਾਰ ਪੰਥ ਦੇ ਲੇਖੇ ਲਾ ਦਿੱਤਾ. ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਬਾਬਾ ਦੀਪ ਸਿੰਘ



[19] ਸਰੂਪ ਸਿੰਘ ਕੌਸ਼ਿਸ਼, *ਉ. ਰ.*, ਪੰਨਾ 78.

ਵਰਗੇ ਅਨੇਕਾਂ ਹੀ ਹੋਰ ਸਿੰਘਾਂ ਦੀਆਂ ਉਦਾਹਰਨਾਂ ਮਿਲਦੀਆਂ ਹਨ, ਜਿਨ੍ਹਾਂ ਨੇ ਪੰਜਵੇ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਜੀ ਦੇ ਨਕਸ਼ ਕਦਮਾਂ 'ਤੇ ਚੱਲਦੇ ਹੋਏ ਨੌਵੇਂ ਪਾਤਸ਼ਾਹ ਵੱਲੋਂ ਮੁੜ ਸ਼ੁਰੂ ਕੀਤੇ ਸ਼ਹਾਦਤ ਦੇ ਸਫ਼ਰ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਗੁਰੂ ਸਾਹਿਬਾਨ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਮਘਾਈ ਚਿਣਗ ਨੂੰ ਕਦੇ ਬੁਝਣ ਨਹੀਂ ਦਿੱਤਾ.

ਖ਼ਾਲਸਾ ਪੰਥ ਦੀ ਸਾਜਨਾ ਵੀ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਵਿੱਚੋਂ ਹੀ ਉਪਜੇ ਰੋਹ ਦਾ ਨਤੀਜਾ ਮੰਨ ਲਈ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ. ਜੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ 'ਤੇ ਪੰਛੀ ਝਾਤ ਮਾਰੀਏ ਤਾਂ ਮਾਲੂਮ ਪੈਂਦਾ ਹੈ ਕਿ ਉਨ੍ਹਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਅਤੇ ਦੇਸ਼-ਦੇਸ਼ਾਂਤਰ ਦੀਆਂ ਸਿੱਖ ਸੰਗਤਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਸਮਾਂ ਹੀ ਨਹੀਂ ਮਿਲਿਆ, ਕਿਉਂ ਜੋ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਇਕ ਤਾਂ ਮੁਗਲਾਂ ਨਾਲ ਹਾਲਾਤ ਟਕਰਾਅਪੂਰਨ ਬਣ ਗਏ ਸਨ. ਦੂਸਰਾ ਗੁਰਗੱਦੀ ਦਾ ਦਾਰੋਮਦਾਰ ਇੱਕੋ ਦਮ ਦਸਮੇਸ਼ ਪਿਤਾ ਜੀ ਉੱਪਰ ਆ ਗਿਆ ਸੀ ਤੇ ਤੀਜਾ ਪ੍ਰਸਥਿਤੀਆਂ ਬਹੁਤ ਤੇਜੀ ਨਾਲ ਬਦਲ ਰਹੀਆਂ ਸਨ, ਜਿਨ੍ਹਾਂ ਦਾ ਟਾਕਰਾ ਕਰਨ ਲਈ ਗੁਰੂ ਸਾਹਿਬ ਅਗਾਊਂ ਤਿਆਰੀਆਂ ਵਿਚ ਰੁੱਝ ਗਏ. ਖੋਜ ਪੜਤਾਲ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਕੋਲ ਆਨੰਦਪੁਰ ਸੰਗਤਾਂ ਦੇ ਰੂਪ ਵਿਚ ਜ਼ਿਆਦਾਤਰ ਉਨ੍ਹਾਂ ਇਲਾਕਿਆਂ ਦੀ ਸਿੱਖ ਸੰਗਤ ਹੀ ਅੱਪੜਦੀ ਰਹੀ, ਜਿੱਥੇ ਪਹਿਲਾਂ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਗਏ. ਇਸ ਲਈ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਦੱਬੇ ਕੁਚਲੇ ਲੋਕਾਂ ਨੂੰ ਇਕ ਮੁੱਠ ਕਰਨ ਦਾ ਉਪਰਾਲਾ ਨੌਵੇਂ ਪਾਤਸ਼ਾਹ ਵੱਲੋਂ ਹੀ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਇਹੀ ਲੋਕ ਖ਼ਾਲਸਾ ਪੰਥ ਦੀ ਸਾਜਨਾ ਮੌਕੇ ਸਿੰਘ ਸਜ ਕੇ ਸਮੇਂ ਦੀਆਂ ਜ਼ਾਲਮ ਸਲਤਨਤਾਂ ਨੂੰ ਟੱਕਰ ਦੇਣ ਦੇ ਯੋਗ ਬਣੇ.

ਗੁਰੂ ਜੀ ਦੀ ਸ਼ਹਾਦਤ ਨੇ ਹਰੇਕ ਮਨੁੱਖ ਨੂੰ ਜੀਵਨ ਦੇ ਹਰੇਕ ਖੇਤਰ ਵਿਚ ਨਿਰਭਰ ਹੋ ਕੇ ਜਿਊਣ ਦਾ ਅਤੇ ਨਾਲ ਹੀ ਦੂਜਿਆਂ ਦੀ ਰਾਖੀ ਕਰਨ ਦੀ ਪ੍ਰੇਰਿਤ ਕੀਤਾ. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਪੈਦਾ ਹੋਏ ਲੋਕ ਰੋਹ ਨੂੰ ਹੀ ਯੋਜਨਾਬੱਧ ਤਰੀਕੇ ਨਾਲ ਸੰਗਠਿਤ ਕਰ ਕੇ ਦਸਮ ਪਿਤਾ ਨੇ ਅਨੇਕਾਂ ਲੜਾਈਆਂ ਵਿਚ ਮੁਗ਼ਲ ਸੈਨਾ ਨੂੰ ਸ਼ਿਕਸਤ ਦਿੱਤੀ. ਬਾਅਦ ਵਿਚ ਇਸੇ ਲੋਕ ਰੋਹ ਦੀ ਸੁਚੱਜੀ ਵਰਤੋਂ ਦੀ ਬਦੌਲਤ ਬਾਬਾ ਬੰਦਾ ਸਿੰਘ ਬਹਾਦਰ ਦੇ ਅਧੀਨ ਸਿੱਖ ਆਪਣਾ ਸੁਤੰਤਰ ਰਾਜ ਕਾਇਮ ਕਰਨ ਸਫ਼ਲ ਹੋਏ.

ਗੁਰੂ ਜੀ ਦੀ ਸ਼ਹੀਦੀ ਨੇ ਲੋਕਾਂ ਵਿਚ ਆਪਣੇ ਹੱਕਾਂ ਲਈ ਲੜਨ ਦਾ ਜਜ਼ਬਾ ਪੈਦਾ ਕੀਤਾ. ਰਤਨ ਸਿੰਘ ਭੰਗੂ ਬਿਲਕੁਲ ਸਹੀ ਲਿਖਦਾ ਹੈ ਕਿ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਨੇ ਮੁਗਲ ਤਾਕਤ ਅਤੇ ਸਾਮਰਾਜ ਦੋਨਾਂ ਨੂੰ ਹੀ ਕਮਜ਼ੋਰ ਕਰ ਦਿੱਤਾ.[20] ਮੁਗ਼ਲ ਸਾਮਰਾਜ ਖ਼ਿਲਾਫ਼ ਦੇਸ਼ ਦੇ ਵੱਖ ਵੱਖ ਇਲਾਕਿਆਂ ਵਿਚ ਬਗਾਵਤਾਂ ਉੱਠਣੀਆਂ ਸ਼ੁਰੂ ਹੋ ਗਈਆਂ. ਦੱਖਣ ਵਿਚ ਮਰਾਠੇ, ਮੱਧ ਭਾਰਤ ਵਿਚ ਰੁਹੇਲੇ ਤੇ ਪਿੰਡਾਰੀ ਅਤੇ ਉੱਤਰੀ ਹਿੰਦੁਸਤਾਨ ਦਾ ਗੰਗਾ ਯਮਨਾ ਦੁਆਬ ਦੇ ਇਲਾਕੇ ਤੋਂ ਲੈ ਕੇ ਸਿੰਧ ਦਰਿਆ ਤੱਕ ਦਾ ਸਾਰਾ ਇਲਾਕਾ ਬੰਦਾ ਸਿੰਘ ਬਹਾਦਰ ਦੀ ਕਮਾਂਡ ਹੇਠ ਸਿੱਖਾਂ ਨੇ ਮੁਗ਼ਲਾਂ ਕੋਲੋਂ ਖੋਹ ਲਿਆ.

ਉਪਰੋਕਤ ਅਧਿਐਨ ਦੇ ਨਿਚੋੜ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਤੋਂ ਬਾਅਦ ਸਮਾਜ ਦੀ ਦਸ਼ਾ ਅਤੇ ਦਿਸ਼ਾ ਵਿਚ ਆਏ ਬਦਲਾਅ ਦਾ ਨਤੀਜਾ ਉਨ੍ਹਾਂ ਦੀ ਸ਼ਹਾਦਤ ਉਪਰੰਤ ਮੁਗਲ ਸਲਤਨਤ ਦੇ ਨਕਸ਼ਿਆਂ ਵਿਚ ਸ਼ੁਰੂ ਹੋਏ ਬਦਲਾਅ ਤੋਂ ਭਲੀ ਭਾਂਤ ਲਗਾਇਆ ਜਾ ਸਕਦਾ ਹੈ, ਜੋ ਜਿਉਂ ਹੀ ਸੁੰਗੜਨੇ ਸ਼ੁਰੂ ਹੋਏ, ਦੁਬਾਰਾ ਫ਼ੈਲਣ ਦੀ ਸਥਿਤੀ ਵਿਚ ਹੀ ਨਹੀਂ ਆ ਸਕੇ. ਇਸ ਕੁਰਬਾਨੀ ਨਾਲ ਭਾਰਤੀ ਸਮਾਜ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਦਿੰਦਿਆਂ ਸਦੀਆਂ ਤੋਂ ਗੂੜ੍ਹੀ ਨੀਂਦੇ ਸੁੱਤੀ ਪਈ ਮਨੁੱਖਤਾ ਵਿਚ ਨਵੀਂ ਰੂਹ ਫੂਕੀ. ਜੋ ਲੋਕ ਸਦੀਆਂ ਤੋਂ ਗੁਲਾਮੀ ਦੇ ਜੂਲੇ ਹੇਠ ਸਿਰ ਸੁੱਟ ਕੇ ਜੁੜੇ ਹੋਏ ਸਨ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਉਨ੍ਹਾਂ ਦੱਬੇ ਕੁਚਲੇ ਤੇ ਲਤਾੜੇ ਜਾ ਰਹੇ ਲੋਕਾਂ ਵਿਚ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਜੋਸ਼ ਅਤੇ ਜਜ਼ਬਾ ਪੈਦਾ ਕੀਤਾ. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਦਕਾ ਪੈਦਾ ਹੋਏ ਜੋਸ਼ ਅਤੇ ਜਜ਼ਬੇ ਕਾਰਨ ਹੀ ਇਹ ਲੋਕ ਇਕਮੁੱਠ ਹੋ ਕੇ ਮੁੱਠੀ ਭਰ ਸਾਧਨਾਂ ਦੇ ਬਾਵਜੂਦ ਵੀ ਆਪਣੇ ਸਮੇਂ ਦੀ ਸਭ ਤੋਂ ਤਾਕਤਵਰ ਮੁਗਲ ਸਲਤਨਤ ਦੀਆਂ ਜੜ੍ਹਾਂ ਪੁੱਟਣ ਵਿਚ ਕਾਮਯਾਬ ਹੋਏ. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਛੱਤਰ ਛਾਇਆ ਹੇਠ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਅਜਿਹੀ ਕੌਮ ਪੈਦਾ ਕੀਤੀ, ਜਿਨ੍ਹਾਂ ਦੇ ਸਿਦਕ, ਸਿਰੜ ਬਹਾਦਰੀ, ਸੂਰਬੀਰਤਾ ਤੇ ਸ਼ਹਾਦਤਾਂ ਦਾ ਅੱਜ ਤੱਕ ਕੋਈ ਸਾਨੀ ਨਹੀਂ ਹੋ ਸਕਿਆ.

***

[20] ਰਤਨ ਸਿੰਘ ਭੰਗੂ, *ਉ. ਰ.*, ਪੰਨਾ 29.

# ਸਿੱਖ ਅਧਿਐਨ

## ਸਿਧਾਂਤ, ਇਤਿਹਾਸ ਅਤੇ ਵਿਆਖਿਆਕਾਰੀ
## ਲੇਖ ਸੰਗ੍ਰਹਿ

ਸੰਪਾਦਕ
ਲਖਵਿੰਦਰ ਸਿੰਘ

# ਸਿੱਖ ਅਧਿਐਨ

## ਸਿਧਾਂਤ, ਇਤਿਹਾਸ ਅਤੇ ਵਿਆਖਿਆਕਾਰੀ

## ਲੇਖ ਸੰਗ੍ਰਹਿ

ਸੰਪਾਦਕ

ਲਖਵਿੰਦਰ ਸਿੰਘ

©
Author

**Sikh Adhyain**

**Sidhant, Itihas ate Viakhiakari**

By

**Lakhwinder Singh**
VPO : Kalehri, City and Distt. Mansa.
+919464044798
lakhwindersingh251@gmail.com

ISBN : 978-93-85670-55-8
Year : 2017
Price : 200 □

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : D. K. Fine Art Press

# ਤਤਕਰਾ

ਭੂਮਿਕਾ i-ii

**ਸਿਧਾਂਤ**

1 ਸਿੱਖ ਸੂਰਬੀਰਤਾ ਦਾ ਮੂਲ ਸਰੋਤ ਅਕਾਲਪੁਰਖ
- ਸ਼ੁਭਕਰਨ ਸਿੰਘ 1-9

2 Sikh Ideology of Social Responsibility
- *Gurveer Singh* 10-31

**ਇਤਿਹਾਸ**

3 Banda Singh Bahadur: A Great Commander of Sikh Military - *Devinder Singh* 32-44

4 ਸਿੱਖ ਰਿਆਸਤਾਂ ਦਾ ਆਰੰਭ ਅਤੇ ਵਿਕਾਸ
- ਕਰਮਜੀਤ ਸਿੰਘ 45-70

5 ਸਿੱਖ ਅਧਿਐਨ ਅਤੇ ਅਧਿਆਪਨ ਦੇ ਪ੍ਰਮੁਖ ਅਦਾਰੇ: ਸੰਖੇਪ ਜਾਣ-ਪਛਾਣ - ਲਖਵਿੰਦਰ ਸਿੰਘ 71-135

6 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਦੇ ਖੇਤਰ ਵਿਚ ਮਹੱਤਵਪੂਰਨ ਫੈਸਲੇ - ਹਰਕੰਵਲਦੀਪ ਸਿੰਘ 136-152

**ਵਿਆਖਿਆਕਾਰੀ**

7 ਖ਼ਾਲਸਾ ਸਿਰਜਣਾ ਦਾ ਸਮਾਜਿਕ ਮਹੱਤਵ
- ਰਾਜਵਿੰਦਰਪਾਲ ਸਿੰਘ 153-166

8 ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ: ਇਕਤੁਲਨਾਤਮਿਕ ਅਧਿਐਨ - ਅਜੈ ਸਿੰਘ 167-191

9 Guru Nanak: From Birth till Attaining Supreme Knowledge - *Simerjit Kaur* 192-213

# 9 GURU NANAK: FROM BIRTH TILL ATTAINING SUPREME KNOWLEDGE

*Simerjit Kaur**

The prophets appearing in different periods have spoken of the truth. It was their mission to cure the sickness of the soul of humanity. Guru Nanak has a unique place among the spiritual leaders, preceptors, revolutionaries, reformers and saints of India. He was the founder of Sikhism. Guru Nanak is one of those great men of history whose memory is enshrined in the hearts of men and whose fame transcends the boundaries of time and space. Guru Nanak presented to mankind a very comprehensive and yet firmly integrated vision of life. The universality of his message combined with a dynamic approach to religion, deep humanism and concern raised his stature in the eyes of his contemporaries, who flocked around him in large numbers in search of spiritual solace, which is the deepest longing human hearts.

Rattan Singh Bhangu describes about the political condition while quoting from the *Bani* of the Guru Nanak, *'The Dark Age is the scalpel the kings are the butchers and righteousness has*

* **Assistant Professor (Adhoc), Dept. of History, Khalsa College, Patiala and Research Scholar at Dept. of Sri Guru Granth Sahib Studies, Punjabi University, Patiala.**

*taken wings and flown. In this no-moon night of false hood. The moon of truth is not seen to rise anywhere.'*[228] One can easily get an idea about the contemporary political condition from these lines.

In the same way, GianiGian Singh writes in his famous-book *Twarikh Guru Khalsa* about Sultan SikanderLodhi. He refers to Sultan's biography *Tuzk-i-Sikandri.* In this book,SikanderLodhi boasts about his achievement related to the conversion of their infidels into Muslim religion. The Sultan describes how he converted four lakhs thirty-two thousand infidels into Muslim fold. He says, now he was hopeful of getting entry into heaven due to *Allahs grace*. He also hopes that due to this achievement even his relatives would find the doors of heaven open. [229]

About the tyranny and corruption of upper class, the Guru explores,*'The kings are tigers and the courtiers are dogs, they go and (harars) or (awaken) the sitting and the sleeping ones. The king's servants inflict wounds with their nails and lick up the blood and bile of the poor subjects.*"[230] It has been remarked that Guru Nanak had first-hand knowledge about the conditions of the people under the Sultan Lodhi and the behaviour of the ruling class towards the subject people.[231]

---

228ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਰ ਚੜ੍ਹਿਆ॥

**Shri Guru Granth Sahib,*Slok M-I*, Vol. I, 2004,p. 145.**

**229Giani Gian Singh (ed.), Kirpal Singh, *Twarikh Guru Khalsa,* S.G.P.C. Amritsar, 1969, p. 110.**

**230**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ ਘਾਉ ਰਤੁ ਪਿਤੁ ਕੁਤਹਿ ਚਟਿ ਜਾਹੁ॥

**Sri Guru Granth Sahib,*M-I*, Vol. 7, p. 1288.**

231**Ganda Singh, *Punjab History Conference,* Punjabi University,**

Guru Nanak's denunciation of contemporary politics was frank but general. He does not appear to condemn individuals or their specific acts; but there can be no mistake about the condemnation itself. Keeping the *Jaziya** and the pilgrimage tax in mind he disapproved of discrimination but significantly on moral grounds.[232] In fact, the rulers laid great stress on proselytizing activities. This was done by forcing the common man to change their religion to Islam. Those who refused to convert to Muslim religion had to suffer punishments like grinding one and quarter mounds of grain. Numerous of *Brahmans* and *Sadhus* continued to grind the grains in Jails. The invalids and weak that couldn't do this had to pay *Jaziya.* The rate of this oppression was one and quarter *aannas**per person. Daughters of Hindus had to work in homes of Turks home for eighteen hours in a day.[233] The kings had given up truth and justice and leaving aside their duty towards their subjects, they were busy with wine and women. [234]

As, we have seen both Rattan Singh Bhangu and GianiGian Singh narrate about the political condition of Guru Nanak's time. Both agree that the absence of a strong central

---

**Patiala, 1969, p. 77.**

****Jaziya* was a tax, which was levied on the non-muslim people by Muslim rulers.**

**232 G.J.S. Grewal, *Guru Nanak in History,* Panjab University, Chandigarh, 1969, p. 166.**

****Aanna,* a small fraction of old Indian currency.The 16 *aannas* was equal to one rupee.**

**233Giani Gian Singh, *Twarikh Guru Khalsa,* p. 110.**

**234Gurmeet Singh, *Guru Nanak's Relationship with the Lodhis and Mughals,* Atlantic Publishers and Distributors B-2, Vishal Enclave, Najafgarh Road, New Delhi, 1987, p. 33.**

power had weakened the political structure of country. But Rattan Singh Bhangu gives little information about the political conditions of Guru Nanak's period.

Rattan Singh Bhangu says, "Guru Nanak was born in *Sammat 1526 Bikarmi* (1469-A.D.). His birth place was village *Talwandi*, which is situated in the vicinity of Lahore towards Kasur (Pakistan). His father's name was Mehta Kalu and mother's name was Tripta."[235] On the other hand, Giani Gian Singh says, "Guru Nanak was born on *Kattak 15, Sammat 1526 Bikarmi*(1469 A.D.) he was born at Talwandi. It was also called RaiBhoe di Talwandi. This place is now called *Nankana Sahib* in the Sheikhupra district of West Pakistan. His father was Kalu Chand Mehta and mother's name was Tripta."[236]

Regarding the date of birth of Guru Nanak different scholars have given different views. The *Janamsakhi* dates Guru's birth of *Vaisakh 3, Sammat 1526 Bikarmi. Puratan Janamsakhi's* page number ten also refers the same.[237] Bhai

---

235 **Rattan Singh Bhangu, *Gur Panth Parkash,* Translated by Kulwant Singh, Institute of Sikh Studies, Chandigarh, 2006, p. 19.**

**236Giani Gian Singh *Twarikh Guru Khalsa,* p. 20.**

**237ਸੰਮਤ ਪੰਦਰਾ ਸੈ ਛਬੀਆਂ ਬਰਖੇ**

**ਮਾਹਿ ਮਿਤੀ ਬੈਸਾਖੁ ਸੁਦੀ ਤੀਜ**

**ਅੰਮ੍ਰਿਤ ਵੇਲਾ ਪਹਰੁ ਰਾਤਿ ਪਿਛਲੀ ਰਹਦੀ**

**ਆਇ ਜਨਮੁ ਲਾਇਆ।**

**Sewa Singh, Sewak (ed), *Puratan Janamsakhi,* New Book Company, Mai Heeran Gate Jalandhar, 1969, p. 10.**

- ***Mehma Parkash,* describes that Guru was born 3 Sudi, 1526, Bakarmi (ed.) Shamser Singh**

Mani Singh, Bhai Kahn Singh Nabha, Khushwant Singh, Professor Kartar Singh, Professor Sahib Singh and Mcauliffe also opine that this date is correct. Dr. Trump, McLeod and other foreign scholars also provided that *Vaisakh 3, Sammat 1526 Bikarmi* is a correct date of Guru Nanak's birth. *Bala's Janamsakhi* shows Guru Nanak's birth on *Purnmashi** of *Kattak, Sammat 1526 Bikrami*. Due to this, the Guru's birth is celebrated on this date. This difference in views about the date of birth of the founder of Sikhismis a matter of controversy.

Teja Singh and Ganda Singh write, "The movement began with Guru Nanak who was born on *Vaisakh 3, Sammat 1526 Bikarmi* (April 15, 1469 A.D.)." Only *Bala's Janamsakhi* describes it as on *Purnmashi* of *Kattak*.[238] No scholar has been

---

Ashok and Gobind Singh Lamba, Language Department Patiala, 1970, p. 1.

- *Puratan janamSakhi,* describes that Guru was born on 3 Sudi of Vaisk, 1526, Bikarm (Bhai Singh Khalsa Samachar Amritsar), 1970, p. 1
- *Giyan ratnavali* tells same date of Guru's birth (ed.) Jasbir Singh Sabar (Guru Nanak University, Amritsar), 1993, 41.
- *Meharban Janamsakhi* also gave same date about Guru's birth (ed.) Kirpal Singh, Khalsa College, Amritsar), 1962, p. 9.

**Purnmashi* is a day with full moon night.

238Teja and Ganda Singh, *Short History of the Sikhs,* Publication Bureau, Punjabi University, Patiala, 1989, p. 2.

able to give a final or last date of Guru's birth.[239] The *Janamsakhis* agree with regard to the year of Guru Nanak's birth, but there is difference concerning the actual month and it is one which has resulted in a protracted controversy.

The controversy concerns which of these two dates should be accepted as the birthday of the Guru. A third is given in the *Mahima Parkash Kavita.*[240] This gives the third day of the light, half of *Vaisakh, Sammat 1525 Bikrami*, exactly one year earlier than the date given in the *Puratan Janamsakhi.* From the other side of controversy claims that first couplet of Bhai Gurdas's *Kabit Savayya 345 points* to *Kattak Puranmasi.* It is the month of *Kattak*, and the season of winter with full moon night. In these eight watches, here is your chance to meet your beloved at any time.

Thus, it is referred to Guru Nanak's turn to enter the world, and on the basis of this interpretations, it has been

---

239 Gurbachan Singh Rahi, *Guru Nanak Bani Vivechan,* New Range Book Centre, Amritsar, 1977, p. 11.

- *Puratan Janamsakhi,* p. 1, *Meharban Janamsakhi,* p. 9, and *Giyanrtnavali,* p. 41 are supported by that Guru Nanak was born on the third day of the light half of the month of Vaisakh, 1526, a date which corresponds to 15 April A.D. 1469.
- The *Bala Janamsakhi* on the other hand give the date as Kattak Puranmashi, S. 1526, the full moon day of the month of Kattak, or Kartik, more than six months later.

240 Dr. Uttam Singh Bhatiya, *Mehma Parkash* (ed.), Bhasha Vibagh, Patiala, 1999, p. 69.

"Samat Bikrami Virap Ko Pandrah Sahos pachis
Vaisakh Sudi Thit Tija Ko Parau Sudi bap is".

claimed that BhaiGurdas here testifies *Kattak Puranmasi* as the date of the Guru's birth.[241] It is true that this couplet may be interpreted as a reference to a particular person's birth, but it is also true that it may be interpreted as a conventional reference to the month of Kattak, the traditional style of the *Barah-Maha*, the 'twelve month' or calendar poem.[242]

The balance of probability must be held to favour the latter. In the first place, there is no reference to Guru Nanak. Secondly, the form is a common one is Punjabi literature and it would have been an entry natural one for Bhai Gurdas to have used. Thirdly as one would expect in this particular poetic, the references is to the present not to a past event. And fourthly, as we have already observed, the *Janamsakhis* which belong to the period of Bhai Gurdas or soon after all specify *Vaisakh*. In the light of this fourth point, the couplet could be admissible as contrary evidence only if it were to point unambiguously to the *Kattak* date, and this it certainly does not do. The fact is that the poem stands in isolation and is not set in the context of a complete *Barah-Maha* does not affect this conclusion.[243]

It is accordingly impossible to give any satisfactory explanation for the introduction of *Kattak Puranmasi*. There remains a possibility that it entered the tradition for the very good reason that it was the actual date of Guru Nanak's birth, but it is a remote possibility. There can be no doubt that its claims to authenticity, is much inferior to those, who claims *Vaisakh*.[244]

Rattan Singh Bhangu describes that Guru Nanak's birth was under the constellation of auspicious stars in *Satyuga* that the Prophet *Narsimaah* had taken human birth. In the age (*Yuga*)

---

**241 W.H. McLeod, *Guru Nanak and The Sikh Religion,* Oxford University, Delhi, 1996, p.95.**

**242Ibid.**

**243Ibid.**

**244 W.H. McLeod, *Guru Nanak and Sikh Religion,* p. 97.**

of *Treta* under a similar constellation of stars, *Lord Rama* had taken a human birth in that age. As *Lord Krishna* was born under a similar dispensation in *Duapar Yuga*, so Guru Nanak was born in *Kalyuga* in the same order.[245]

Gaini Gian Singh writes, as rain gives solace in the scarcity, brings relief from the scorching heat in the country.[246] Similary mercy and religion emerged in the hearts of the people on Guru Nanak's birth. As regards his stars and future Giani Gian Singh says that his contemporary *Pandit Hardiyal* predicted some extra ordinary miracle on the birth of Guru Nanak.[247] After seeing his horoscope, He forecasts, his birth enlightened the whole universe as sun excels the darkness. Every inch of the earth was enchanting and enjoying Guru's birth. This was the onset of the miracle.[248]

Another interesting fact that Giani Gian Singh brings to us is the name of the midwife *Daulta'n* during Guru Nanak's birth. She explains to *Pandit Hardayal* that the newborn child is heavier more than other newborns. The whole room illuminates suddenly, as the Sun rise. '*Tulsa'n*' was the name of the maid. He also describes how *Tulsa'n* prophesized Guru Nanak's greatness. She also told about the rectitude of Guru Nanak at the time of his birth.[249] In this way, the midwife and maid endorsed and experienced the divine feeling on the birth of Guru Nanak as *Pandit Hardiyal* predicted earlier. But Rattan Singh Bhangu is silent on this point and has not given any name of the midwife and maid.[250]

---

245 **Rattan Singh Bhangu, *Sri Guru PanthParkash*, p. 21.**

246 **Giani Gian Singh, *Twarikh Guru Khalsa*, p. 120.**

247 **Ibid, p. 20.**

248 **Ibid.**

249 **Ibid.**

250 ***Bala's Janamsakhi* also mentioned that midwife name**

Regarding the parents of Guru Nanak, the two scholars have expressed almost identical views. Rattan Singh Bhangu refers to Guru's father's name as Kalu Das and mother's name as Tripta.[251] Giani Gian Singh refers Guru Nanak's father's name as Kalu Chand Mehta and mother's name as Tripta.[252] Rattan Singh Bhangu has been discussed the caste and sub-caste of Guru Nanak too. According to Rattan Singh Bhangu, Guru Nanak's caste was *Kshatriya* and sub-caste was *Bedi.*[253] But Giani Gian Singh hasn't mentioned caste and sub-caste of Guru Nanak. But illustrates so profoundly that Guru Nanak's ancestry was linked with Lord Shri Rama in past.[254] He just writes Guru Nanak's birth was on *Kattak15, Sammat 1526 Bikrami* (1469 A.D.).[255]

---

**Daulta'n p. 4, But *Purtan Janamsakhi, Giyan ratnavali* and *Meharban Janamsaki* are not mentioned it.**

**251 Rattan Singh Bhangu, *Sri Gur Panth Parkash,* p. 20.**

**252Giani Gian Singh, *Twarikh Guru Khalsa,* p. 120.**

- ***Marban Janamsakhi* writes father name Kalu and mother Tripta, p. 21, *Giyan ratnavali* writes same, p. 8, *Bala's Janamsakhi* also refer same name, p. 16, but *Puratan Janamsakhi* writes father name Kalu and mother not raftered, p. 4.**

**253 Rattan Singh Bhangu, *Sri Gur Panth Parkash,* p. 20.**

**254Giani Gian Singh, *Twarikh Guru Khalsa,* 1897, p. 48.**

**255Giani Gian Singh, *Twarikh Guru Khalsa,* p. 120.**

- ***Puratan Janamsakhi* refer caste Kashtriyas and Subcaste Bedi, p. 1, *Meharban Janamsakhi,* p. 9, *Giyan ratnavali,* p. 45, *Bala,* p. 14 and *Mehma Parkash* also referred same caste and subscate, p. 5.**

Giani Gian Singh writes that *Pandit Hardayal* felt extremely pleased with his tabulation when the horoscope was shown to his. He declared that the child would be a great person. He would be known as true king of the world. Everyone in this world would obey him. He would be the supreme controller of the world.256 Giani Gian Singh writes that when Guru Nanak attained the age of three, he started talking about God even to his fellow toddlers. He wants to convey that he was mature from his very early young age.257

Giani Gian Singh further writes that when Guru Nanak attained the age of five, his maternal Aunt *Lakho* came to meet her Sister (*Tripta*). She complained to her sister Tripta that, Nanak seemed a mad child who distributed everything to the poor and needy. When Guru Nanak heard this, according to Giani Gian Singh, he told his maternal Aunt that her son would be madder than him. She was astonished to hear this and the prophecy came out to be true, when the famous Saint *Ram Thaman* was born to her. His fair is held every year near Kasur City (Pakistan), *Baba Ram Thaman* was one of the greatest Vairagi Saints of his time.258 Rattan Singh Bhangu writes that some predicted, he would be a *Sidh*, other predicted that he would be *Prophet*. Still others made predictions about his being a king with all the regalia of an enthroned sovereign.259

Rattan Singh Bhangu and Giani Gian Singh both agree that when Nanak was seven years old, he was sent to study to *Pandha* (Local School Teacher). People of the village usually sent their children to *Pandhas* and *Maulvees* to impart them knowledge

---

256 Giani Gian Singh, *Twarikh Guru Khalsa*, p. 122.

257 Ibid, p. 122.

258 Ibid, p. 123.

259 Rattan Singh Bhangu, *Sri Gur Panth Parkash*, p. 23.

of alphabets and basic mathematics.[260]

Rattan Singh Bhangu writes that when Guru Nanak grew up and gained more awareness. He was sent to a Priest for getting education. How Guru Nanak taught his priestly teacher is mentioned by Rattan Singh Bhangu. [261] Rattan Singh Bhangu as usual also refers to performing of miracles by Guru at his school while Giani Gian Singh doesn't mention this.

Giani Gian Singh narrates an incident of Guru's life when Guru was asked to learn alphabets of Hindi by his *Pandha.* Guru asked *Pandha* in a serious tone which was much serious for him if these alphabets could help him in his next world. *Pandha* denied that he had knowledge about the other world. Then Guru spoke this *Shabad* to *Pandha*, *"Burn, wordly love and pound it into ink and turn thy intelligence into superior paper. Make lord's love thy pen, mind the scribe and write God's deliberation after consulting the Guru. Pen down the praises of God's name and continuously write that he has no and limit O' brother! learn how to write this account, so that where an account is called for, there, thou may have a true mark."*[262]

Rattan Singh Bhangu does not mention about the Guru's going to *Mulla Qutubdin* to learn Persian. But Giani Gian

---

260 **As for as *Janmsakhis* are concerned there is a variety of opinions; *Puratan Janamsakhi* refers Nanak started his education at the age Seven p. 18, *Bhai Bala's Janamsakhi* refers same age his education, p. 52, *Meharban's* also mentioned same age, p. 11, but *Mani Singh's Janamsakhi* says, he started his education at the age of five years, p. 20.**

261 **Rattan Singh Bhangu, *Sri Gur Panth Parkash,* p. 27.**

262ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰ॥.......

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨ ਸਚਾ ਨਾਉ॥

***Sri Guru Granth Sahib,Siri Rag M-I,* Vol. I, p. 16.**

Singh writes that after few months Guru was taken to *Mulla Qutubdin* in order to learn Persian. There too Guru impressed Mulla with his knowledge.[263] Guru Nanak used Persian words in his own *Bani** which show that Guru had the knowledge of Persian. *Mulla* was astonished and he told Mehta Kalu that his son was omniscient and hence required no education.[264]

As Guru Nanak's fame and reputation spread in the *Kalyuga*, more and more flocked to have glimpse of the Guru. Whosoever visited to him; shared his heart's desires with him and listened to his discussions about the unknown and the future. GianiGian Singh further writes that when a *Brahmin** wanted Guru to wear the sacred thread, Guru replied, *"Comparing the Cotton to mercy the thread to contentment, the Knot and truth to the twist. This is the sacred thread of the soul and if thou hast it, O' Brahmin, then, put it on me. It breaks not, nor it is filled with filth, nor it is burnt, nor lost. Blessed are the mortals, O' Nanak, who go wearing*

---

263 Giani Gian Singh, *Twarikh Guru Khalsa,* p. 125.

- Though name of Mullan are not mentioned *Meharban, Bala's* and *Puratan Janamsakhi, Giyan ratnavali*is mentioned Mullan name's Qutubdin, p. 192.

* *Bani* is known as *Gurbani* also. The word *Gurbani* consists of two roots - *Guru* and *Bani.* The word *Guru* means spiritual teacher and here refers to *Sikh Gurus,* other *Bhagats*and writerswhose writings are registered in *Sri Guru Granth Sahib.* The word *Bani* refers to their utterances and writings.

264 Ibid, p. 126.

* *Brahmin or Brahman* is a member of the highest priestly Hindu caste. Brahmin is known as a *Pandit* also.

*such a thread on their neck.*"[265] Rattan Singh Bhangu does not mention the incident regarding the sacred thread. While Giani Gian Singh says that the Goat was sacrificed before the sacred thread ceremony.[266]

Once a day, *Pandit Birjnath* assured Mehta Kalu that he has understood the condition of Child Nanak. Child Nanak ignores the study as all other languages are raw in form. He would have learnt Sanskrit definitely, because Sanskrit is a perfect language. He was sent to *Pandit Birjnath* to learn Sanskrit. Guru Nanak astonished *Pandit Birjnath* in the same way. Guru sang verses in *Ramkali Dakhni*, *"Brahma was created through the one lord. That Brahma cherished one lord in the mind. It is from the one lord, that mountains and ages have emerged. It is the lord who created the Vedas. It is through the one lord, that the world is saved. It is through the lord, that the God conscious beings are emancipated. Hear thou the account of the imperishable lord, worthy of obeisance. The eternal lord is the essence of the three worlds.*"[267]

Thus, *Pandit* was impressed with his verses.[268] Rattan Singh Bhangu does not mention this incident. He gives little

---

**265ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥......**

**ਓਹੁ ਮੁਆ ਓਹੁ ਝੜਿ ਪਇਆ ਵੇ ਤਗਾ ਗਇਆ॥**

**Sri Guru Granth Sahib, *Asa Di War,* Salok*M-I*, p. 471.**

- **All the *Janamsakhi* are mentioned this incident;*Puratan Janamsakhi* p.22, *Merharban's* p.20, *Giyan ratnavali*, p. 290.**

**266Giani Gian Singh, *Twarikh Guru Khalsa,* p. 126.**

**267ਓਅੰਕਾਰਿ ਬ੍ਰਹਮਾ ਉਤਪਤਿ॥.....**

**ਓਨਮ ਅਖਰੁ ਤ੍ਰਿਭਵਣ ਸਾਰੁ॥**

**Sri Guru Granth Sahib*, Ramkali M-I, DakhamiOnkar*, p. 92**

**268Giani Gian Singh, *Twarikh Guru Khalsa,* p. 129.**

information about Guru Nanak's education, while Giani Gian Singh has given more details as compared to Rattan Sing Bhangu. The Guru's father saw that Guru was reluctant to study, he asked him to manage a cowherd. The Guru was so observed in his meditation that he didn't care for daily chores like eating and sleeping.[269] Once upon the cows destroyed the crop of another landlord. The landlord apprehended all boys along with cows to *Hakam's* (custodian) Court. When the Hakam began to announce punishment, Guru Nanak objected and said to investigate the fields first. The Hakam surveyed the fields; he founds everything in its original look.[270]

The Guru's father called a *Vaid Hardas* to cure him. Guru Nanak on the contrary asked *Vaid* to cure himself first, when *Vaid* asked about cure of his own disease, Guru explained him with this *Shabad**, '*Pain is arsenic and the God's name an antidote, Grind it up the mortar of contentment, with the pestle of thine hand's gift (charitable giving). Ever, ever take thou this medicine and thy body shall not waste away. Otherwise death shall kill thee at the final hour. O' ignorant (fool) man, take thou such medicine, by eating which thou shall be cured of the sins.*"[271]

At this, *Vaid* told Mehta Kaalu that he should stop wandering in search of cure for his son's disease, as he was not ill, because Nanak was great man who would cure illness of thousands. He asked Kalu to treat Nanak as an image of the

---

**[269]Ibid, p. 130.**

**[270]Giani Gian Singh, *Twarikh Guru Khalsa(edt.)*, 1897, p. 60**

****Shabad* is sacred song or hymn selected from Sikh Scripture Sri Guru Granth Sahib.**

**[271]ਦੁਖ ਮਹੁਰਾ ਮਾਰਣ ਹਰਿ ਨਾਮੁ॥........**

**ਜਿਤੁ ਖਾਧੈ ਤੇਰੇ ਜਾਹਿ ਵਿਕਾਰ॥**

**Sri Guru Granth Sahib, Vol. 7, *Malar M-I*, Amritsar, 2007, p. 1256.**

God.[272]

Rattan Singh Bhangu has nowhere mentioned such an incident. Rattan Singh Bhangu states once Guru engaged his fellow mates in a game, and how he restored a grazed crop to its original luxurious state. How *Balwand* saw Guru Nanak's face as being shadowed with the spread-out hood of a snake with his own eyes.[273] Giani Gian Singh also mentioned it.[274] Although Rattan Singh Bhangu uses the name "*Balwand*" [275] but Giani Gian Singh mentions the name *Rai Bullar*. All Janamsakhi mentioned *Rai Bullar*. So, it is not clear, why Rattan Singh Bhangu mentions the name, *Balwand*.

Giani Gian Singh mentions the incident in which the shadow of a tree remained on Guru's head despite the passage of many hours.[276] Rattan Singh Bhangu does not mention this incident. Even then both *Giyan Ratnawali* and *Meharban Janamsakhi* versions also give the incident of tree keeping its shadow fixed. Rattan Singh Bhangu and Giani Gian Singh both mention that Guru once went to *Pakpatan* along with Bhai Mardana to watch the fair of *Baba Farid*. *Sheik Ibrahim* asked the Guru many questions, the answer to those have described in '*Asa Di War*'. Giani Gian Singh hints, Guru Nanak was thirteen years old at that time.[277]

---

**272Giani Gian Singh, *Twarikh Guru Khalsa*, p. 132.**

- ***Puratan Janamsakhi*, p. 34, *Meharban Janamsakhi*, p. 45, and *Giyan ratnavali* also mentioned this incident, p. 296.**

**273 Rattan Singh Bhangu, *Sri Gur Panth Parkash*, p. 25.**

**274Giani Gian Singh, *Twarikh Guru Khalsa*, p. 133.**

**275 Rattan Singh Bhangu, *Sri Gur Panth Parkash*, p. 25.**

**276Giani Gian Singh, *Twarikh Guru Khalsa*, p. 133.**

**277Giani Gian Singh, *Twarikh Guru Khalsa* (*edt.*),1897,p. 63.**

When the Guru started attending religious fairs and meeting holy men, Mehta Kaalu had an apprehension that the Guru would become a *Faqir.* That's why; he thought that he should arrange a shop for Nanak. He tried to persuade Guru Nanak, so that he may do some useful worldly work and also gave him twenty rupees so that he could do a great bargain or *Khraa Sauda (Sacha Souda).*278

Giani Gian Singh mentions twenty rupees. Without mentioning the *'Sacha Souda'* incident in detail, Bhangu writes that his father Mehta Kaalu wanted his son to do business and wished his son to earn a fortune for himself. But Guru Nanak refused to work on the family line. Guru Nanak had no interests in the business dealings and spent much of his time with his companion Bhai Mardana in spiritual discussions.279

On the other hand, Giani Gian Singh writes that Guru went to do *Khraa Sauda* on horse along with Bhai Bala when he reached *'Chuhrkana'* village he met hungry Sadhus. He asked Bhai Bala, we should have to arrange food for hungry *Sadhus.* This is the best means to do a great bargain. Then, Guru Nanak spent the money for arranging food for the *Sadhus.* He returned to his house empty-handed and because of the father's fear, hides himself under the Peelu tree. The *'Gurdawara Tambu Sahib'* has now been constructed at this site, which is situated in

---

**278Giani Gian Singh, *Twarikh Guru Khalsa,* p. 134.**

- ***Janamsakhi Tradition,* p. 8.,*Bala's Janamsakhi,* p.58,*Giyan ratnavali* p.20 and *Purtan Janamsakhi,* p. 45 are mentioned twenty rupees but *Meharban Janamsakhi* mentions this bargain but not tells rupees, p. 68.**

**279 Rattan Singh Bhangu, *Sri Gur Panth Parkash,* p. 27.**

Pakistan, near *Nankana Sahib.*[280]

Bibi Nanki was born in *Sammat 1521 Bikrami* and she was the elder sister of Guru Nanak. BibiNanki was married to *Deewan* of Daulat Khan Lodhi whose name was *Jai Ram.* In the *Phagun* month of *Sammat 1541 Bikrami,* Jai Ram took Guru Nanak to *Sultanpur Lodhi.* He helped Guru Nanak to get a Job in *Modikhana.* Giani Giani Singh mentions that it was the day of *Vaisakh 5, Sammat 1542 Bikrami,* when Guru Nanak started his job in *Modikhana.* Bhai Bala started to assist him at *Modikhana.* Here too the Guru continued with same principles. He saw no difference between Muslim and Hindus. He distributed grains equally among *Faqirs, Beggars* and the *Poor.* He usually recited the *Shabads* while doing his work.[281]

When in the course of weighing out grain to customers, he come to the number 13, which is pronounced as '*tera*' and which also means '*thine*' he would enter into a trance and go on repeating *'Tera-Tera'(Thine – Thine)* until his attention was drawn back to the mathematical meaning of the word.[282] Then somebody poisoned the ears of *Nawab* that Guru Nanak was indulging in such practices. *Nawab* himself examined the matter and everything was found to be correct. Giani Gian Singh goes to the extent of saying that Nawab had even imprisoned Guru Nanak. The place where Guru was imprisoned, now Gurdwara called Kothi Sahib stands there.[283]

Rattan Singh Bhangu does not give any information about Date, Bhai Bala and the Guru's imprisonment at *Sultanpur.* He, narrowly, discusses about Sultanpur. Rattan Singh Bhangu describes to a little extent the marriage of Guru Nanak while Giani Gian Singh has all the details of Guru's marriage.

---

**280Giani Gian Singh, *Twarikh Guru Khalsa,* p. 135.**

**281Ibid, p. 135.**

**282Teja Singh and Ganda Singh, *Short History of the Sikhs,* p.**

**2**

**283Giani Gian Singh, *Twarikh Guru Khalsa,* p. 137.**

He writes that when Guru attained the age of nineteen years, he was married to daughter of *Mool Chand Chone Khatri* of *Pakho* village of *Gurdaspur* district, on *Jeth 7 Sammat 1545 Bikrami*. The name of Guru's wife was *Sulakhani*. The *Sri Chand*, elder son of the Guru was born on *Savan 5, Sammat 1551 Bikrami* and the younger son *Lakhmi Chand* was born on *Phagun 19, Sammat 1553 Bikrami* at Sultanpur.[284]

Giani Gian Singh gives the age of Nanak at the time of his marriage as 19 years.[285] But Rattan Singh Bhangu is almost silent on this aspect. He only says that Guru Nanak was married and had two sons out of this wedlock. He did not tell the time period of Guru's marriage, the names of Guru's wife, sons and father-in-law.[286] All are consistent in their descriptions of Guru Nanak's father in law and it may accordingly accept that he was *Moola*, a *Khatri* caste and *Chone* was sub-caste, originally from the village *Pakho Di Randhavi*, but resident in *Batala* at the time of Guru's marriage.[287] Giani Gian Singh writes about the Nanak's sister, her name *Nanaki*.[288] But Rattan Singh Bhangu has not referred any name.

About Guru Nanak it is normally said that he always

---

284 **Ibid.**

- ***Puratan Janamsakhi* give the age of married 12 year. *Giyan ratnavali* 14 years, *Meharban* gives 16 years and the name of Nanak's wife *Meharban* writes Ghumi, p. 9, Bala's writes Sulkhani, p. 6, *Puratan Janamsakhi* and *Giyan ratnavali* does *not* referred wife's name.**

**285 Giani Gian Singh, *Twarikh Guru Khalsa*, p. 137.**

**286 Rattan Singh Bhangu, *Sri Guru Panth Parkash*, p. 27.**

**287 W.H. McLeod, *Guru Nanak and the Sikh Religion*, p. 105.**

**288 Giani Gian Singh, *Twarikh Guru Khalsa*, p. 135.**

propagated the idea of supremacy of God. He had not attraction for the worldly things. The writer of *Siar-ul-Mutakhrin* writes that Guru Nanak never went to his home; he spent his days either at *Modikhana* or in religious discussions with *Saints.* He had no desire to enjoy the material things of this world and had no attraction for his children even.[289]

Rattan Singh Bhangu tells that Guru Nanak used to go to the river *Vei'een* for daily morning ablutions, where he was always accompanied by a servant.[290] One day, he dived deep into the river and did not come out for a very long time. The servant, losing all hopes of Guru Nanak's survival, raised an alarm and a lot of hue and cry. Hearing these cries that Guru Nanak had drowned, Nawab Daulat Khan, the custodian of *Sultanpur*, also came running. The foot tracers and astrologer failed to trace him.[291]

Giani Gian Singh writes that when Guru Nanak dived deep into water, he met '*Varuna*' the God of Sea. Here, Guru achieved the knowledge about Supreme Being and attained an ultimate knowledge. He was told to break this worldly attraction and attain salvation and free the people from all types of vices.[292] While this suspense continued for one or two days. Guru Nanak emerged out of the river on the third day, with a rag, wrapped around his waist and towel on his shoulders. He stood still and silent like a scarecrow in a field.[293]

Bhai Mani Singh writes that Guru come out after eight days which doesn't seem correct. In other *Janamsakhis*, the time period is three days. *Mehma Parkash* also described three days. Even that Rattan Singh Bhangu writes that Guru lived inside

---

**289Ibid, p. 137.**

**290 Rattan Singh Bhangu, *Sri Gur Panth Parkash*, p. 29.**

**291Ibid.**

**292Giani Gian Singh, *Twarikh Guru Khalsa*, p. 138.**

**293 Rattan Singh Bhangu, *Sri Gur Panth Parkash*, p. 29.**

water for three days but Giani Gian Singh is silent on this aspect. Giani Gian Singh says that when Guru attained knowledge he started wearing dress of *Saints* and *Acharyas*. He says when Guru came out of the rivulet the first words that he spoke were, *'There is no Hindu, and there is no Muslim"*. This call for equality among all religions created hue and cry. In *Sultanpur* because it was a Muslim dominated city. It required great guts to say this as it was under a Muslim Kingdom.294

Both Ratttan Singh Bhangu and Giani Gian Singh say that the Guru's popularity increased much after this. He started removing superstitions and rituals out of society. People spoke of him on this day as, *'The revered Nanak is the king of Faqirs. He is the Guru of the Hindus and Pir of the Muslims.'*'295

Rattan Sing Bhangu also writes that Daulat Khan had two wives. But both the wives had no child. Guru Nanak blessed both of them, with two sons each and grew to be as brave as lion. The twoof them were Gazi Khan, and Gazi Mast Khan and another two were Mir Khan and Zolakh Khan.296

But Giani Gian Singh does not give any information; the *Janamsakhis* also does not mention this incident.

Giani Giani Singh mentions the details of Guru Nanak's dialogue with *Shaama Pandit*. The Guru taught the lesson to *Shaama Pandit* as,*"The king is just a boy, and his city is vulnerable. He is in love with his wicked enemies. He reads of his two mothers and two fathers; O' Pandit reflect on this. O' Master Pandit, teach me about this. How can I obtain the Lord of life? Pause. There is fire within the plants which bloom; the ocean is tied into a bundle. The sun and the moon dwell*

---

**294 Dr. Kirpal Singh, *Janamsakhi Tradition: An Analytical Study*,**

**Singh Brothers, Amritsar, 2004, p. 21.**

**295 Narain Singh, *The Life of Guru Nanak*, BhagatPuran Singh,**

***Amritsar*, 1966, p. 26.**

**296 Rattan Singh Bhangu, *Sri GurPanthParkash*, p. 31.**

*in the same home in the sky. You have not obtained this knowledge. One who knows the All-pervading Lord, eats up the one mother-Maya. Know that sign of Such a person is that he gathers the wealth of compassion. The mind lives with those who do not listen, and do not admit what they eat. Prays Nanak, the slave of the Lord's slave: one instant the mind is huge, and the next instant, it is tiny."*[297] *ShaamaPandit* felt surprise whilst heard these words from the Guru's mouth, but could not understand the meaning. Silently, he shirked and went on his way.[298]

Giani Gian Singh also described an incidence when Guru told Muslims congregation that nobody was offering the *Nmaaz*. When Muslims who were offering *Nmaaz* objected to this, Guru said that they were only physically present there and had their minds elsewhere. He told both the *Nawab* and the *Qazi* that they were thinking of horses while offering *Nmaaz*. Guru spoke this *Shabad* to *Qazi*, *'There are five prayers and five times of day for prayer; the five prayers have five names. Let the first be truthfulness, the second honest living and earning, and the third charity in God's name. Let the fourth is pure intent and mind (be good will to all) and the fifth the Lord's admiration and praise. Repeat thou, the prayer of good deeds and then calls thyself a Moslem. O' Nanak false obtain falsehood, and only falsehood."*[299]

To hear about this new way of offering *Nmaaz*, the *Nawab* and *Qazi* felt so happy. But Rattan Singh Bhangu does not mention this incident. Rattan Singh Bhangu's narrative is based more on miracles. He believes Guru Nanak had performed miracles narrating than on real and concrete facts.

---

[297]ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥.....

ਪ੍ਰਣਵਤਿ ਨਾਨਕੁ ਦਾਸਨਿ ਦਾਸਾਖਿਨੁ ਤੋਲਾ ਖਿਨੁ ਮਾਸਾ॥

**Sri Guru Granth Sahib, *BasantHindol M-1,* p. 1171.**

[298]**Giani Gian Singh, *Twarikh Guru Khalsa,* (edt) 1897,p. 74.**

[299]ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥.....

ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ॥

**Sri Guru Granth Sahib, Vol. I, *M-I,* Amritsar, 2004, p. 141.**

In a nutshell, we can say that as compared to Rattan Singh Bhangu, Giani Gian Singh has given detailed and comprehensive information about Nanak's birth, marriage, *Janeu*, *Sacha-Souda* or entry into *Vei'een* River and *Modikhana* incident. Giani Gian Singh's version is more objective than Bhangu because it is more nearer to facts and sources than myths and anecdotes. As absolute objectivity is impossible in history, Giani Gian Singh's more successful in achieving relative objectivity, than Rattan Singh Bhangu. Another loophole in narration of Rattan Singh Bhangu is that he lays stress on oral traditions. Rattan Singh Bhangu lays more stress on mythical accounts and tries to link the birth of Guru Nanak with birth of *Narsimaah*, *Rama* and *Krishna* in various ages.

Near about a one and half century back Giani Gian Singh wrote the Sikh history. The combined influences of the old tradition and modern thinking can be seen in his collection. He observed the past as well as the future. The field of research was narrow and undeveloped during the times of Giani Gian Singh. He completed *Twarikh Guru Khalsa*, being as a devoted Sikh, not as a research scholar of History. An endless effort of Giani Gian Singh outshines others historians in inscribing such a comprehensive Sikh history.

# ਪੰਜਾਬੀ ਦੁਨੀਆ

ਸਾਲ : 69 ਮਾਰਚ-ਅਪ੍ਰੈਲ-2018 ਅੰਕ : 3-4

ਮੁੱਖ ਸੰਪਾਦਕ :
**ਗੁਰਸ਼ਰਨ ਕੌਰ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਸੰਪਾਦਕ :
**ਡਾ. ਵੀਰਪਾਲ ਕੌਰ**
ਡਿਪਟੀ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ :
ਕੰਟਰੋਲਰ
ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

ਪ੍ਰਕਾਸ਼ਕ :
**ਡਾਇਰੈਕਟਰ**
ਭਾਸ਼ਾ ਵਿਭਾਗ, ਪੰਜਾਬ

ਫੋਟੋ ਕੰਪੋਜ਼ਿੰਗ :
**ਕੰਪਿਊਟਰ ਵਿੰਗ**
ਭਾਸ਼ਾ ਵਿਭਾਗ, ਪੰਜਾਬ

ਸਾਲਾਨਾ ਚੰਦਾ : 36 ਰੁਪਏ
ਇਹ ਅੰਕ : 6 ਰੁਪਏ

ਪਰਚੇ ਵਿਚ ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

1. ਸੰਪਾਦਕੀ 05
2. ਲੋਕ ਕਾਵਿ ਰੂਪ ਵਿਚ ਪੇਸ਼ ਧਾਰਮਿਕਤਾ
- ਸਤਵੰਤ ਸਿੰਘ 06
3. ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ : ਇਤਿਹਾਸਕ ਮਹੱਤਤਾ
- ਸਿਮਰਜੀਤ ਕੌਰ 16
4. ਸੰਤ ਸਿੰਘ ਸੇਖੋਂ ਦੇ ਇਤਿਹਾਸਕ ਨਾਟਕਾਂ ਦੀ ਪਛਾਣ
- ਵੀਰਪਾਲ ਕੌਰ 30
5. ਸੁਖਦੇਵ ਮਾਦਪੁਰੀ ਦੁਆਰਾ ਰਚਿਤ 'ਲੋਕ ਸਭਿਆਚਾਰ : ਵਿਰਾਸਤੀ ਤਿਉਹਾਰ' ਪੁਸਤਕ ਦਾ ਇਕ ਅਧਿਐਨ
- ਪੁਨੀਤ ਕੌਰ 44
6. ਵਿਆਹ ਦੀਆਂ ਰਸਮਾਂ ਵਿਚ ਖਾਣ-ਪੀਣ : ਪਰੰਪਰਾ ਅਤੇ ਰੂਪਾਂਤਰਣ
- ਰਜਿੰਦਰ ਕੌਰ 64
7. ਪੰਜਾਬੀ ਸਾਹਿਤ ਅਤੇ ਆਲੋਚਨਾ ਦੇ ਬਦਲਦੇ ਰੁਝਾਨ: ਚੁਣੌਤੀਆਂ ਅਤੇ ਸੰਭਾਵਨਾਵਾਂ
- ਡਾ. ਇਕਬਾਲ ਸੋਮੀਆਂ 68
8. ਡੁੱਗਰ ਖਿੱਤੇ ਦੇ ਵਿਆਹ ਵਿਚ ਸਬੰਧਤ ਰਸਮ-ਰਿਵਾਜ (ਚੰਦਨ ਨੇਗੀ ਦੇ ਨਾਵਲ 'ਜਲ ਬਿਨੁ ਕੁੰਭੁ' ਦੇ ਸੰਦਰਭ ਵਿਚ)
- ਡਾ. ਸੁਰਿੰਦਰ ਕੌਰ ਥਿੰਦ 85
9. ਮਾਝੇ ਦਾ ਲੀਲ੍ਹਾ ਨਾਟਕ : ਇਕ ਅਧਿਐਨ
- ਹਰਵੀਰ ਕੌਰ 94
10. ਪੰਜਾਬੀ ਭਾਸ਼ਾ ਅਤੇ ਇਸ ਦਾ ਅਧਿਐਨ
- ਸੁਖਵੰਤ ਕੌਰ 110